# ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦਾ ਚਿਤ੍ਰਨ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਪੀ. ਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

## ਖੋਜ ਪ੍ਰਬੰਧ

1979


ਨਿਗਰਾ
ਡਾ. ਸੁ ਸਿੰਘ ਕੋਹਲੀ
ਪ੍ਰੋਫੈਸਰ ਅਤੇ ਮੁਖੀ
ਪੰਜਾਬੀ, ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ

ਖੋਜ ਕਰਤਾ :—
ਦਵਿੰਦਰ ਬਤਰਾ
ਐਮ. ਏ. (ਪੰਜਾਬੀ, ਇਤਿਹਾਸ)

# ਤਤਕਰਾ


ਪੰਨਾ

ਅਧਿਆਇ ਪਹਿਲਾ

ਭੂਮਿਕਾ 1

ਅਧਿਆਇ ਦੂਜਾ

ਸਭਿਆਚਾਰ ਅਤੇ ਉਸਦੀ ਪਰਿਭਾਸ਼ਾ 8
ਸਭਿਅਤਾ ਅਤੇ ਸਭਿਆਚਾਰ ਦਾ ਅੰਤਰ 15
ਸਭਿਆਚਾਰ ਅਤੇ ਲੋਕਰਾਜ 18
ਸਭਿਆਚਾਰ ਦਾ ਮੂਲ 19
ਭਾਰਤੀ ਸਭਿਆਚਾਰ ਦੀ ਵਿਸ਼ੇਸ਼ਤਾ 21

ਅਧਿਆਇ ਤੀਜਾ

ਪੂਰਵ ਵੈਦਿਕ ਸਭਿਆਚਾਰ 37
ਵੈਦਿਕ ਸਭਿਆਚਾਰ 47
ਪੂਰਿ ਵੈਦਿਕ ਸਭਿਆਚਾਰ 58
ਇਸਲਾਮੀ ਸਭਿਆਚਾਰ 73

ਅਧਿਆਇ ਚੌਥਾ

ਆਸਤਕ ਹਿੰਦੂ ਸਭਿਆਚਾਰ ਦਾ ਚਿਤ੍ਰਨ
ਹਿੰਦੂ 91
ਹਿੰਦੂ ਦਰਸ਼ਨ ਜਾਂ ਧਰਮ 93
ਹਿੰਦੂ ਵਿਚਾਰਧਾਰਾ 99
ਸਮਾਜਿਕ ਜੀਵਨ 165

ਅਧਿਆਇ ਪੰਜਵਾਂ

ਨਾਸਤਕ ਭਾਰਤੀ ਸਭਿਆਚਾਰ ਦਾ ਚਿਤ੍ਰਨ
ਚਾਰ ਵਾਕ 202
ਜੈਨ ਮੱਤ 206
ਬੁੱਧ ਮੱਤ 223

ਅਧਿਆਇ ਛੇਵਾਂ

ਇਸਲਾਮੀ ਸਭਿਆਚਾਰ ਦਾ ਚਿਤ੍ਰਨ 239
ਵਿਚਾਰਧਾਰਾ 240
ਸਮਾਜਿਕ ਅਤੇ ਰਾਜਨੀਤਕ ਵਿਵਹਾਰ 268
ਸੂਫ਼ੀ ਜੀਵਨ ਅਤੇ ਮੁਖ ਵਿਚਾਰਧਾਰਾਂ ਦਾ ਚਿਤ੍ਰਨ 271

## ਅਧਿਆਇ ਸੱਤਵਾਂ


ਸਮਕਾਲੀਨ ਸਭਿਆਚਾਰਕ ਸਥਿਤੀ ਬਾਰੇ
ਗੁਰੂ ਨਾਨਕ ਦੇ ਵਿਚਾਰ

ਸਮਕਾਲੀਨ ਵਿਸ਼ਵ 292

ਸਮਕਾਲੀਨ ਭਾਰਤ, ਧਾਰਮਿਕ ਸਥਿਤੀ 293

ਸਮਾਜਿਕ ਸਥਿਤੀ 302

ਆਰਥਕ ਸਥਿਤੀ 307

ਰਾਜਸਕ ਸਥਿਤੀ 309

ਸਭਿਆਚਾਰਕ ਪਤਨ 315


## ਅਧਿਆਇ ਅੱਠਵਾਂ


ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਉਸਦਾ ਭਾਰਤੀ 317
ਸਭਿਆਚਾਰ ਉਤੇ ਪ੍ਰਭਾਵ

ਅਧਿਆਤਮਕ ਖੇਤਰ ਵਿਚ ਪ੍ਰਭਾਵ 327

ਨੈਤਿਕ ਪ੍ਰਭਾਵ 333

ਸਮਾਜਿਕ ਜੀਵਨ ਤੇ ਪ੍ਰਭਾਵ 335

ਰਾਜਸਕ ਚੇਤਨਤਾ 339

ਇਸਤ੍ਰੀ ਦੀ ਸੁੰਦਰਤਾ ਬਾਰੇ ਵਤੀਰਾ 341

ਕੁਦਰਤ ਦੀ ਸੁੰਦਰਤਾ ਬਾਰੇ ਵਤੀਰਾ 343

ਕਲਾ ਦੀ ਸੁੰਦਰਤਾ ਬਾਰੇ ਵਤੀਰਾ 344

ਸਭਿਆਚਾਰਕ ਮਨੁੱਖ ਦਾ ਸੰਕਲਪ 348

ਨਿਸਕਰਸ਼ 354

ਪੁਸਤਕ ਸੂਚੀ 360

ਅਦਿਕ'

## ਆਦਿਕਾਂ

ਗੁਰਬਾਣੀ ਦੀ ਲਗਨ ਮੈਨੂੰ ਵਿਰਸੇ ਵਿਚ ਮਿਲੀ। ਮੇਰੇ ਨਾਨਕੇ ਦਾਦਕੇ ਦੋਹਾਂ ਪਰਿਵਾਰਾਂ ਦੇ ਬਜ਼ੁਰਗ ਨਾਮ ਰੰਗ ਵਿਚ ਰੰਗੇ ਹੋਏ ਪੁਰਸ਼ ਸਨ। ਗੁਰੂ ਗ੍ਰੰਥ ਸਾਹਿਬ ਦੀ ਬਹੁਤ ਸਾਰੀ ਬਾਣੀ ਉਨ੍ਹਾਂ ਨੂੰ ਕੰਠ ਸੀ, ਜਿਨ੍ਹਾਂ ਜਿਨ੍ਹਾਂ ਵਿਚ ਉਹ ਨਾਮ ਸਿਮਰਨ ਅਤੇ ਕੀਰਤਨ ਕਰਦੇ ਰਹਿੰਦੇ। ਘਰ ਵਿਚ ਕੋਈ ਬੱਚਾ ਨਿਤਨੇਮ ਕੀਤੇ ਬਿਨਾਂ ਮੂੰਹ ਨਹੀਂ ਸੀ ਜੁਠਾਲ ਸਕਦਾ। ਛੋਟੇ ਹੁੰਦਿਆਂ ਮੈਂ ਵੀ ਕਈ ਬਾਣੀਆਂ ਕੰਠ ਕੀਤੀਆਂ। ਉਦੋਂ ਪਾਠ ਨੂੰ ਰਟਣ ਅਤੇ ਕੰਠ ਕਰਨ ਵਿਚ ਖੁਸ਼ੀ ਮਹਿਸੂਸ ਹੁੰਦੀ ਸੀ। ਨਾ ਕਿਸੇ ਤੁਕ ਦੇ ਪਿਛੋਕੜ ਦਾ ਪਤਾ ਸੀ ਅਤੇ ਨਾ ਹੀ ਕਦੀ ਕਿਸੇ ਸ਼ਬਦ ਦੇ ਅਰਥ ਦਾ ਆਨੰਦ ਮਹਿਸੂਸ ਕੀਤਾ ਸੀ। ਸ਼ਹਿਰ ਵਿਚ ਮੁਸਲਮਾਨ ਵੀ ਸਨ, ਹਿੰਦੂ ਵੀ ਸਨ, ਮਸੀਤਾਂ ਵੀ ਸਨ ਅਤੇ ਮੰਦਰ ਵੀ ਸਨ। ਬਾਂਗ (ਅਜ਼ਾਨ) ਸੁਣੀਦੀ ਸੀ, ਨਮਾਜ਼ ਪੜ੍ਹਦਿਆਂ ਨੂੰ ਅਤੇ ਨਮਾਜ਼ ਦੀ ਪ੍ਰਕ੍ਰਿਆ ਨੂੰ ਵੇਖੀਦਾ ਸੀ। ਮੰਦਰ ਵਿਚ ਪੰਡਤ ਜੀ ਨੂੰ ਆਰਤੀ ਕਰਦਿਆਂ, ਪੁਰਾਣਾਂ ਦੀਆਂ ਕਥਾਵਾਂ ਸੁਣਾਂਦਿਆਂ, ਸੁਣੀਦਾ ਸੀ। ਗੁਰਬਾਣੀ ਵਿਚ ਅੱਲਾ, ਰੱਬ, ਖੁਦਾ, ਮਸੀਤ, ਰੋਜ਼ੇ, ਨਮਾਜ਼ ਅਤੇ ਪਰਮਾਤਮਾ, ਈਸ਼ਵਰ, ਅਵਤਾਰਾਂ ਦੇ ਨਾਂ, ਪੁਰਾਣਾਂ ਦੀਆਂ ਮਿਥਕ ਕਹਾਣੀਆਂ ਦੇ ਹਵਾਲੇ ਵੇਖ ਕੇ ਹੈਰਾਨੀ ਹੁੰਦੀ ਸੀ ਕਿ ਇਹ ਕਿਹੋ ਜਿਹੀ ਬਾਣੀ ਹੈ ਜਿਸ ਵਿਚ ਸਾਰੇ ਧਰਮ ਸਮਾਏ ਹੋਏ ਹਨ? ਕਈ ਵਾਰੀ ਮਨ ਸੋਚਦਾ। ਫਿਰ ਹਿੰਦੂਆਂ ਨੂੰ ਜੰਞੂ ਪਹਿਨਦਿਆਂ, ਚੋਕਾ ਬਣਦਿਆਂ, ਗੋਹੇ ਦੀ ਲਿਪਾਈ ਕਰਦਿਆਂ, ਬਾਹਰ ਆਉਣ ਜਾਣ ਵੇਲੇ ਸ਼ਗਨ ਕਰਦਿਆਂ, ਚੰਗੇ ਮੰਦੇ ਦਿਨਾਂ ਦਾ, ਸੂਤਕ ਅਸੂਤਕ ਦਾ ਭਰਮ ਕਰਦਿਆਂ, ਵਿਆਹ ਅਤੇ ਮਰਨੇ ਪਰਨੇ ਆਦਿ ਸਮੇਂ ਕਈ ਸੰਸਕਾਰ ਜਾਂ ਰੀਤਾਂ ਆਦਿ ਕਰਦਿਆਂ ਵੇਖੀਦਾ ਸੀ ਅਤੇ ਹੈਰਾਨੀ ਵਿਚ ਹੋਰ ਵੀ ਵਾਧਾ ਹੁੰਦਾ ਜਦ ਇਨ੍ਹਾਂ ਸਾਰਿਆਂ ਦੇ ਹਵਾਲੇ ਗੁਰਬਾਣੀ ਵਿਚ ਨਜ਼ਰ ਆਉਂਦੇ। ਵੱਡੇ ਵਡੇਰੇ ਜਾਂ ਵਿਦਵਾਨ ਕਹਿ ਦਿੰਦੇ ਕਿ ਇਹ 'ਸਰਬ ਸਾਂਝਾ ਗ੍ਰੰਥ' ਹੈ। ਪਰ ਇਸ ਉੱਤਰ ਨਾਲ ਸੰਤੁਸ਼ਟਤਾ ਨਾ ਹੁੰਦੀ ਅਤੇ ਇਸ ਸਾਂਝ ਨੂੰ ਵੇਖਣ, ਪੜਚੋਲਣ ਦੀ ਅਚੇਤ ਕਾਮਨਾ ਬਣੀ ਰਹਿੰਦੀ।

ਜਦ ਮੈਂ ਐਮ.ਏ.ਪੰਜਾਬੀ ਦੀ ਵਿਦਿਆਰਥਣ ਬਣੀ ਤਾਂ ਗੁਰਬਾਣੀ, ਵਿਸ਼ੇਸ਼ ਕਰਕੇ ਗੁਰੂ ਨਾਨਕ ਬਾਣੀ ਦਾ ਦਾਰਸ਼ਨਿਕ ਅਤੇ ਸਾਹਿਤਕ ਅਧਿਐਨ ਕਰਨ ਦਾ ਚੰਗਾ ਅਵਸਰ ਮਿਲਿਆ। ਇਸ ਵਿਚ ਭਾਰਤ ਦੀਆਂ ਵੱਖ ਵੱਖ ਬੋਲੀਆਂ ਦੀ ਸ਼ਬਦਾਵਲੀ, ਵੱਖ ਵੱਖ ਧਰਮਾਂ ਦੀ ਵਿਚਾਰਧਾਰਾ ਅਤੇ ਲੋਕਾਂ ਦੇ ਮਨੋਭਾਵਾਤਮਕ ਹਾਵ ਭਾਵ ਕਿਵੇਂ ਇਕ ਅਨੋਖਾ ਸੰਗਮ ਬਣੇ ਹੋਏ ਹਨ? ਅਸਚਰਜਤਾ ਵਿਚ ਵਾਧਾ ਕਰਦੇ ਰਹੇ। ਸੰਸਾਰ ਦਾ ਕੋਈ ਵੀ ਐਸਾ ਧਰਮ ਗ੍ਰੰਥ ਨਹੀਂ,

ਜਿਸ ਵਿਚ ਇਸ ਪ੍ਰਕਾਰ ਦੀ ਸਭਿਆਚਾਰਕ ਸਾਂਝ ਹੋਵੇ। ਫਿਰ ਕਈ ਖੋਜ ਕਿਰਤਾਂ ਪੜ੍ਹੀਆਂ ਜਿਨ੍ਹਾਂ ਵਿਚ ਵੇਦਾਂ ਉਪਨਿਸ਼ਦਾਂ, ਗੀਤਾ, ਸਿਮਰਤੀਆਂ, ਸ਼ਾਸਤਰਾਂ, ਬੋਧ, ਜੈਨ ਅਤੇ ਇਸਲਾਮ ਆਦਿ ਮਤਾਂ ਦੀ ਤੁਲਨਾ ਗੁਰਬਾਣੀ ਨਾਲ ਕੀਤੀ ਹੋਈ ਸੀ। ਇੰਜ ਪ੍ਰਤੀਤ ਹੁੰਦਾ ਸੀ ਕਿ ਜਿਵੇਂ ਭਾਰਤ ਦੇ ਸਮੁੱਚੇ ਸਭਿਆਚਾਰਕ ਇਤਿਹਾਸ ਨੂੰ ਗੁਰੂ ਨਾਨਕ ਬਾਣੀ ਵਿਚ ਸੰਗ੍ਰਹਿਆ ਹੋਵੇ।

ਇਤਿਹਾਸ ਵਿਚ ਮੈਨੂੰ ਦਿਲਚਸਪੀ ਕੁਦਰਤੀ ਸੀ। ਭਾਵੇਂ ਮੈਟ੍ਰਿਕ ਤੋਂ ਬਾਅਦ ਇਹ ਮੇਰਾ ਪੜ੍ਹਾਈ ਦਾ ਮਜ਼ਮੂਨ ਨਹੀਂ ਸੀ ਰਿਹਾ। ਸਾਲ 1973 ਦੀ ਗੱਲ ਹੈ ਕਿ ਇਤਿਹਾਸ ਦੀ ਐਮ.ਏ.ਕਰਨ ਦਾ ਸ਼ੌਕ ਹੋਇਆ। ਦੋ ਸਾਲਾਂ ਪਿਛੋਂ ਐਮ.ਏ.ਕਰ ਲੈਣ ਦੀ ਇੰਨੀ ਖੁਸ਼ੀ ਨਹੀਂ ਸੀ ਹੋਈ ਜਿੰਨੀ ਕਿ ਇਸਦੇ ਕੁਝ ਪੇਪਰਾਂ ਲਈ ਸਾਮਗਰੀ ਪੜ੍ਹਨ ਤੇ ਹੋਈ। ਭਾਰਤ ਦੇ ਪੁਰਾਤਨ ਇਤਿਹਾਸ ਨੂੰ ਪੜ੍ਹਦਿਆਂ ਗੁਰਬਾਣੀ ਦੀ ਵਿਸ਼ਾਲਤਾ ਦਾ ਹੋਰ ਵੀ ਵਧੇਰੇ ਗਿਆਨ ਹੋਇਆ। ਗੁਰਬਾਣੀ ਪੜ੍ਹਨ ਦਾ ਹੋਰ ਵੀ ਵਧੇਰੇ ਆਨੰਦ ਆਉਣ ਲੱਗਾ। ਭਾਰਤ ਦੇ ਪੁਰਾਤਨ ਸਭਿਆਚਾਰ ਨੂੰ ਇੰਨੀ ਖੂਬਸੂਰਤੀ ਨਾਲ ਇਸ ਵਿਚ ਸੰਭਾਲਿਆ ਹੋਇਆ ਹੈ। ਇੰਜ ਲਗਦਾ ਹੈ ਜਿਵੇਂ ਇਹ ਭਾਰਤੀ ਸਭਿਆਚਾਰ ਦਾ ਇਕ ਅਦੁੱਤੀ ਅਤੇ ਅਨੂਪਮ ਗ੍ਰੰਥ ਹੋਵੇ।

ਐਮ.ਏ.ਕਰਨ ਤੋਂ ਬਾਅਦ ਖਿਆਲ ਬਣਿਆ ਕਿ ਭਾਰਤੀ ਸਭਿਆਚਾਰ ਦਾ ਜੋ ਸਮੁੱਚਾ ਚਿਤ੍ਰਨ ਗੁਰੂ ਨਾਨਕ ਬਾਣੀ ਵਿਚ ਹੋਇਆ ਹੈ ਉਸਦਾ ਅਧਿਐਨ ਕੀਤਾ ਜਾਵੇ। ਆਪਣੇ ਸਤਿਕਾਰ ਯੋਗ ਪ੍ਰੋਫੈਸਰ ਡਾ:ਸੁਰਿੰਦਰ ਸਿੰਘ ਜੀ ਕੋਹਲੀ ਨਾਲ ਜਦ ਇਸ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੇ ਇਸ ਖਿਆਲ ਨੂੰ ਬਹੁਤ ਪਸੰਦ ਕੀਤਾ ਅਤੇ ਖੋਜ ਕਰਨ ਲਈ ਉਤਸ਼ਾਹ ਦਿੱਤਾ।

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ: ਨੂੰ ਹੋਇਆ ਅਤੇ ਆਪ 1539 ਨੂੰ ਜੋਤੀ ਜੋਤ ਸਮਾ ਗਏ ਸਨ। ਉਨ੍ਹਾਂ ਨੇ 70 ਸਾਲ ਦੀ ਆਯੂ ਵਿਚ ਦੁਨਿਆਵੀ ਵਿਦਿਆ ਵੀ ਚੰਗੀ ਤਰ੍ਹਾਂ ਹਾਸਲ ਕੀਤੀ, 12 ਸਾਲ ਮੋਦੀਖਾਨੇ ਦੀ ਜ਼ਿਮੇਵਾਰੀ ਨੂੰ ਬੜੀ ਸੁਘੜਤਾ ਨਾਲ ਨਿਭਾਇਆ, ਲੋਕਾਂ ਦੇ ਜੀਵਨ, ਜੀਵਨ ਵਿਵਹਾਰ, ਰੀਤਾਂ ਰਸਮਾਂ, ਘਰੋਗੀ ਕੰਮ, ਰਹਿਣ ਸਹਿਣ ਅਤੇ ਵੱਖ ਵੱਖ ਕਿੱਤਿਆਂ ਅਤੇ ਕੰਮਾਂ ਦੀਆਂ ਪ੍ਰਕ੍ਰਿਆਵਾਂ ਨੂੰ ਵੀ ਬੜਾ ਨੇੜਿਉਂ ਵੇਖਿਆ। ਫਿਰ ਆਪ ਨੇ ਦੇਸ਼ ਦੇ ਲਗਭਗ ਸਾਰੇ ਮੁੱਖ ਇਲਾਕੇ ਅਤੇ ਬਦੇਸ਼ ਦੇ ਵੀ ਕੁਝ ਹਿੱਸੇ ਦੀ ਯਾਤਰਾ ਕੀਤੀ। ਮੇਲਿਆਂ ਜਾਂ ਪੁਰਬਾਂ ਦੇ ਅਵਸਰਾਂ ਤੇ ਆਪ ਹਿੰਦੂਆਂ ਦੇ ਪ੍ਰਸਿੱਧ ਤੀਰਥ ਅਸਥਾਨਾਂ ਅਤੇ ਮੰਦਰਾਂ ਵਿਚ ਗਏ, ਹਿੰਦੂ ਆਗੂਆਂ ਦੇ ਬਹੁਪਰਕਾਰੀ ਢੰਗ ਅਤੇ ਲੋਕਾਂ ਦੀ ਕਰਮਕਾਂਡੀ ਜਕੜ ਅਤੇ ਉਨ੍ਹਾਂ ਦੀਆਂ ਨਿਰਮੂਲ ਅਤੇ ਹਾਸੋ ਹੀਣੀਆਂ ਰਸਮਾਂ ਨੂੰ ਵੇਖਿਆ। ਉਨ੍ਹਾਂ ਦਾ ਪਹਿਰਾਵਾ, ਉਨ੍ਹਾਂ ਦੀ ਖੁਰਾਕ ਅਤੇ ਉਨ੍ਹਾਂ ਦੀ ਪੂਜਾ ਵਿਧੀ ਦੀ ਪ੍ਰਕ੍ਰਿਆ, ਉਨ੍ਹਾਂ ਦੀ ਦ੍ਰਿਸ਼ਟੀ ਅਤੇ ਪਰਸਪਰ ਵਤੀਰਾ ਉਨ੍ਹਾਂ ਦੀਆਂ ਅੱਖਾਂ ਸਾਹਮਣਿਉਂ ਲੰਘਿਆ। ਵੇਦਾਂ ਸ਼ਾਸਤਰਾਂ ਦੀ ਸਿਖਿਆ ਉਨ੍ਹਾਂ ਨੇ

ਸੁਣੀ ਵਿਚਾਰੀ। ਬੋਧੀਆਂ ਜੈਨੀਆਂ ਦਾ ਜੀਵਨ ਉਨ੍ਹਾਂ ਨੇ ਵੇਖਿਆ। ਉਨ੍ਹਾਂ ਦੇ ਮੱਤਾਂ ਦੇ ਮੂਲ ਸ੍ਰੋਤ ਅਤੇ ਉਨ੍ਹਾਂ ਦੇ ਅਰਥ ਵਿਹੂਣੇ ਰਹਿਣ ਸਹਿਣ ਨੂੰ ਵੀ ਜਾਣਿਆ। ਜੋਗੀਆਂ ਦੇ ਭੇਖ,ਜੀਵਨ ਰਸ ਤੋਂ ਸਖਣੇ,ਦਿਖਾਵੇ ਵਾਲੇ ਪਰ ਸਮਾਜ ਤੇ ਭਾਰੂ ਜੀਵਨ ਵਿਵਹਾਰ ਨੂੰ ਰਿਧੀਆਂ ਸਿਧੀਆਂ ਨਾਲ ਲੋਕਾਂ ਨੂੰ ਭਰਮਾ ਕੇ ਜਾਂ ਡਰਾ ਕੇ ਆਪਣੀ ਵਡਿਆਈ ਕਰਦਿਆਂ ਵੇਖਿਆ,ਸੁਆਰਥ-ਗ੍ਰਸਤ ਲੋਕਾਂ ਨੂੰ ਗੁਮਰਾਹ ਕਰ ਰਹੇ ਆਗੂਆਂ ਦੀਆਂ ਕਰਤੂਤਾਂ ਅਤੇ ਅਣਜਾਣ ਪਰਜਾ ਦਾ ਉਨ੍ਹਾਂ ਦੇ ਪਿੱਛੇ ਲਗ ਕੇ ਭਟਕਣਾ ਵੀ ਉਹ ਵੇਖਦੇ ਰਹੇ। ਬਹਿਲੋਲ ਲੋਧੀ ਅਤੇ ਸਿਕੰਦਰ ਲੋਧੀ ਦੇ ਰਾਜ ਪ੍ਰਬੰਧ ਦੀਆਂ ਖਰਾਬੀਆਂ ਅਤੇ ਬਾਬਰ ਦੇ ਹੱਲੇ ਵੇਲੇ ਮਾਸੂਮ ਜਨਤਾ ਦੀ ਕਤਲੇਆਮ, ਚੀਖੋ ਪੁਕਾਰ,ਮਨੁੱਖਤਾ ਦਾ ਘਾਤ ਅਤੇ ਹਾਕਮਾਂ ਦੇ ਜ਼ੁਲਮ ਨੇ ਉਨ੍ਹਾਂ ਦੇ ਕੋਮਲ ਕਵੀ-ਦਿਲ ਨੂੰ ਛੂਹਿਆ ਸੀ। ਹਾਕਮ ਸ਼੍ਰੇਣੀ ਮੁਸਲਮਾਨ ਦੇ ਧਰਮ ਨੂੰ ਉਨ੍ਹਾਂ ਨੇ ਪੜ੍ਹਿਆ ਸੁਣਿਆ ਸੀ, ਉਨ੍ਹਾਂ ਦੇ ਮੁਕੱਦਸ ਅਸਥਾਨਾਂ ਤੇ ਆਪ ਗਏ ਸਨ। ਉਨ੍ਹਾਂ ਦੇ 'ਸ਼ੁਭ ਅਮਲਾਂ' ਤੋਂ ਕੋਰੇ ਜੀਵਨ ਦਾ ਉਨ੍ਹਾਂ ਨੂੰ ਅਹਿਸਾਸ ਕਰਾਇਆ ਸੀ। ਆਪ ਨੇ ਜਿਥੇ ਭਾਰਤ ਦੀਆਂ ਉਚੇਰੀਆਂ ਕੀਮਤਾਂ ਕਦਰਾਂ ਨੂੰ ਪੜ੍ਹਿਆ ਸੁਣਿਆ ਸੀ, ਉਥੇ ਆਪਣੇ ਸਮੇਂ ਵਿਚ ਉਸਦੇ ਪੱਤਨ ਨੂੰ ਚਾਰੇ ਪਾਸੇ ਵੇਖਿਆ ਵੀ ਸੀ।

ਆਯੂ ਦੇ ਅਖੀਰਲੇ ਅਠਾਰਾਂ ਸਾਲ ਆਪ ਨੇ ਆਪਣੇ ਵਸਾਏ ਨਗਰ ਕਰਤਾਰਪੁਰ ਵਿਚ ਨਿਵਾਸ ਕੀਤਾ ਸੀ। ਉਥੇ ਆਪ ਨੇ ਖੇਤੀਬਾੜੀ ਕੀਤੀ,ਲੋਕਾਂ ਨੂੰ ਨਾਮ ਜਪਣ,ਕਿਰਤ ਕਰਨ ਅਤੇ ਵੰਡ ਕੇ ਛਕਣ ਦਾ ਅਮਲੀ ਅਭਿਆਸ ਕਰਾਇਆ। ਆਪ ਨੇ ਇਕ ਅਜਿਹੀ ਵਿਚਾਰਧਾਰਾ ਦਿੱਤੀ ਅਤੇ ਇਕ ਅਜਿਹਾ ਭਾਈਚਾਰਾ ਸਥਾਪਿਤ ਕੀਤਾ,ਜਿਸ ਵਿਚ ਭਾਰਤ ਦੀ ਬੋਦੀ ਹੋ ਚੁੱਕੀ ਪਰੰਪਰਾਗਤ ਜ਼ਿੰਦਗੀ ਨੂੰ ਨਵੀਂ ਅਨੋਖੀ ਨੁਹਾਰ ਮਿਲੀ। ਬਾਕੀ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨੇ ਗੁਰੂ ਨਾਨਕ ਦੀ ਵਿਚਾਰਧਾਰਾ ਅਤੇ ਨਵੀਆਂ ਲੀਹਾਂ ਨੂੰ ਪਰਪੱਕ ਕੀਤਾ। ਆਪ ਨੇ 19 ਰਾਗਾਂ ਵਿਚ 947 ਸ਼ਬਦ ਲਿਖੇ,ਜਿਨ੍ਹਾਂ ਵਿਚ ਸਮੁੱਚੇ ਭਾਰਤੀ ਸਭਿਆਚਾਰ ਦੀ ਸਮਗ੍ਰੀ ਮਿਲਦੀ ਹੈ,ਜਿਸਦੇ ਨਰੋਏ ਅੰਸ਼ਾਂ ਨੂੰ ਆਪ ਨੇ ਅਪਣਾਇਆ,ਕੁਝ ਨੂੰ ਸੋਧਿਆ,ਨਵਾਂ ਰੂਪ ਦਿੱਤਾ ਅਤੇ ਅਰੋਚਕ ਜਾਂ ਮੁਰਦਾ ਤੱਤਾਂ ਨੂੰ ਤਿਆਗਿਆ।

ਇਸ ਖੋਜ ਪ੍ਰਬੰਧ ਨੂੰ ਇਤਿਹਾਸਕ ਕ੍ਰਮ ਅਨੁਸਾਰ ਆਦਿਕਾ-ਅਧਿਆਇ ਤੋਂ ਬਿਨਾਂ ਹੋਰ ਸੱਤ ਅਧਿਆਵਾਂ ਵਿਚ ਵੰਡਿਆ ਗਿਆ ਹੈ। ਸਭਿਆਚਾਰ ਜਾਂ ਕਲਚਰ ਦੀ ਨਿਸ਼ਚਿਤ ਪਰਿਭਾਸ਼ਾ ਦੇਣੀ ਬਹੁਤ ਹੀ ਕਠਨ ਹੈ। ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਅਨੇਕਾਂ ਹੀ ਇਸਦੀਆਂ ਪਰਿਭਾਸ਼ਾਵਾਂ ਦਿੱਤੀਆਂ ਹਨ। ਉਨ੍ਹਾਂ ਦੇ ਮੱਤਾਂ ਵਿਚ ਸਾਂਝ ਵੀ ਹੈ ਅਤੇ ਅੰਤਰ ਵੀ ਹੈ। ਸਭਿਆਚਾਰ ਦੇ ਕੋਸ਼ਗਤ ਅਰਥ ਵੀ ਕਈ ਹਨ। ਇਸਦੇ ਵੱਖ ਵੱਖ ਸਮੇਂ,ਵੱਖ ਵੱਖ ਥਾਵਾਂ ਤੇ ਵੱਖ ਵੱਖ ਲੋਕਾਂ ਲਈ ਵੱਖ ਵੱਖ ਅਰਥ ਹਨ। ਭੌਤਿਕ ਅਤੇ ਮਾਨਸਿਕ ਸਭਿਆਚਾਰ ਦਾ ਨਿਖੇੜ ਵੀ ਕੀਤਾ ਜਾਂਦਾ ਹੈ। ਆਮ ਤੌਰ ਤੇ ਸਭਿਅਤਾ ਅਤੇ ਸਭਿਆਚਾਰ ਨੂੰ ਇਕੋ ਅਰਥਾਂ

ਵਿਚ ਵਰਤ ਲਿਆ ਜਾਂਦਾ ਹੈ। ਇਨ੍ਹਾਂ ਵਿਚ ਪਰਸਪਰ ਸਾਂਝ ਹੁੰਦਿਆਂ ਵੀ ਭਾਰੀ ਅੰਤਰ ਹੈ। ਵਿਸ਼ਵ ਦੇ ਪ੍ਰਮੁੱਖ ਅਤੇ ਵਿਸ਼ੇਸ਼ ਕਰਕੇ ਭਾਰਤੀ ਸਭਿਆਚਾਰ ਦਾ ਮੁੱਢ ਕਦੋਂ ਬੱਝਾ? ਆਰੰਭਕ ਮਨੁੱਖ ਦੇ ਰਹਿਣ ਸਹਿਣ ਅਤੇ ਭਾਈਚਾਰੇ ਦੀਆਂ ਰੋਜ਼ਾਨੀ ਜੀਵਨ ਨਾਲੋ ਕੀ ਵਿਸ਼ੇਸ਼ਤਾਵਾਂ ਸਨ? ਵਿਸ਼ਵ ਦੇ ਕਈ ਪੁਰਾਤਨ ਸਭਿਆਚਾਰ ਕਿਵੇਂ ਲੁਪਤ ਹੋ ਗਏ ਅਤੇ ਭਾਰਤੀ ਸਭਿਆਚਾਰ ਦੀ ਹੋਂਦ ਕਿਵੇਂ ਕਾਇਮ ਰਹੀ? ਇਸ ਸਭਿਆਚਾਰ ਦੀਆਂ ਕੀ ਕੀ ਵਿਸ਼ੇਸ਼ਤਾਵਾਂ ਹਨ? ਦੂਜੇ ਸਭਿਆਚਾਰਾਂ ਨਾਲੋਂ ਇਸਦੀ ਕੀ ਵਿਲੱਖਣਤਾ ਹੈ? ਇਨ੍ਹਾਂ ਸਾਰੇ ਪਹਿਲੂਆਂ ਤੇ ਦੂਜੇ ਅਧਿਆਇ ਵਿਚ ਵਿਚਾਰ ਕੀਤੀ ਗਈ ਹੈ।

ਭਾਵੇਂ ਭਾਰਤ ਦੇ ਹਿੰਦੂ ਸਭਿਆਚਾਰ ਦਾ ਆਰੰਭ ਵੈਦਿਕ ਕਾਲ ਤੋਂ ਹੀ ਹੁੰਦਾ ਹੈ, ਪਰ ਆਰੀਆਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਜੋ ਦਰਾਵੜੀ ਜਾਂ ਅਣਆਰੀਆ ਲੋਕ ਭਾਰਤ ਵਿਚ ਰਹਿੰਦੇ ਸਨ, ਉਨ੍ਹਾਂ ਦਾ ਆਪਣਾ ਸਭਿਆਚਾਰ ਸੀ। ਪੁਰਾਣੇ ਥੇਹਾਂ ਦੀ ਖੁਦਾਈ ਨੇ ਉਨ੍ਹਾਂ ਦੇ ਸਭਿਆਚਾਰ ਦੇ ਕਈ ਮਹੱਤਵ ਪੂਰਣ ਪੱਖ ਦ੍ਰਿਸ਼ਟੀਗਤ ਕੀਤੇ ਹਨ। ਆਰੀਆਂ ਨੇ ਭਾਵੇਂ ਇਨ੍ਹਾਂ ਦੇ ਸਭਿਆਚਾਰ ਨੂੰ ਨਸ਼ਟ ਕਰਨ ਦਾ ਉਪਰਾਲਾ ਕੀਤਾ ਪਰ ਉਹ ਆਪ ਵੀ ਇਸ ਦੇ ਪ੍ਰਭਾਵ ਤੋਂ ਬਚ ਨਾ ਸਕੇ, ਜੋ ਭਾਰਤੀ ਨਸਾਂ ਵਿਚ ਸੁਰੱਖਿਅਤ ਰਿਹਾ। ਪੂਰਵ ਵੈਦਿਕ ਕਾਲ ਦੇ ਵਸਨੀਕਾਂ ਨੇ ਭਾਰਤੀ ਸਭਿਆਚਾਰ ਦੀ ਪਕੇਰੀ ਬੁਨਿਆਦ ਹੀ ਨਹੀਂ ਰੱਖੀ, ਸਗੋਂ ਇਸ ਦੇ ਮਹਿਲ ਦੀ ਸੁੰਦਰ ਉਸਾਰੀ ਵੀ ਕੀਤੀ। ਵੇਦਾਂ ਦੇ ਰਚਨ ਕਾਲ ਨਾਲ ਵੈਦਿਕ ਕਾਲ ਦਾ ਆਰੰਭ ਹੁੰਦਾ ਹੈ। ਆਰੀਆ ਸਭਿਆਚਾਰ ਦਾ ਪਤਾ ਸਾਨੂੰ ਵੇਦਾਂ ਤੋਂ ਹੀ ਲਗਦਾ ਹੈ। ਪੰਜਾਬ ਇਸ ਸਭਿਆਚਾਰ ਦਾ ਘਰ ਮੰਨਿਆ ਗਿਆ ਹੈ। ਲੋਕ-ਵਿਸ਼ਵਾਸ ਉਪਜ, ਵਪਾਰ, ਰਹਿਣ ਸਹਿਣ, ਆਉਣ ਜਾਣ ਦੇ ਸਾਧਨਾਂ ਅਤੇ ਵਰਤਣ ਵਰਤਾਵ ਆਦਿ ਵਿਚ ਕਈ ਤਬਦੀਲੀਆਂ ਹੋਈਆਂ। ਕਲਾ ਅਤੇ ਸਾਹਿੱਤ ਨੇ ਗੌਰਵ-ਮਈ ਸਥਾਨ ਗ੍ਰਹਿਣ ਕੀਤਾ। ਪ੍ਰਤੀ ਵੈਦਿਕ ਕਾਲ ਵਿਚ ਲੋਕਾਂ ਦੇ ਰਹਿਣ ਸਹਿਣ ਅਤੇ ਵਤੀਰੇ ਵਿਚ ਹੋਰ ਵੀ ਫਰਕ ਆਇਆ। ਜਾਤ ਪਾਤ ਉਘੜਵੇਂ ਰੂਪ ਵਿਚ ਸਾਹਮਣੇ ਆਈ, ਬ੍ਰਾਹਮਣ, ਉਪਨਿਸ਼ਦ, ਆਰਣਯਕ ਅਤੇ ਵੇਦਾਂਗ ਆਦਿ ਸਾਹਿੱਤ ਇਸੇ ਕਾਲ ਵਿਚ ਹੀ ਰਚਿਆ ਗਿਆ। ਫਿਰ ਸੰਨ 711 ਤੋਂ ਭਾਰਤ ਤੇ ਮੁਹੰਮਦ-ਬਿਨ-ਕਾਸਮ ਦੇ ਹਮਲੇ ਨਾਲ ਇਸਲਾਮੀ ਸਭਿਆਚਾਰ ਦਾ ਪ੍ਰਵੇਸ਼ ਹਿੰਦੁਸਤਾਨ ਵਿਚ ਹੋਣਾ ਸ਼ੁਰੂ ਹੋਇਆ। ਲਗਭਗ ਗਿਆਰਾਂ ਸੌ ਸਾਲ ਮੁਸਲਮਾਨਾਂ ਨੇ ਆਪਣੇ ਸਭਿਆਚਾਰ ਦਾ ਪ੍ਰਭਾਵ ਪਾਇਆ ਅਤੇ ਪੂਰਬ ਭਾਰਤੀ ਸਭਿਆਚਾਰ ਗ੍ਰਹਿਣ ਵੀ ਕੀਤਾ। ਕਈ ਪੱਖਾਂ ਦਾ ਮਿਸ਼ਰਣ ਹੁੰਦਿਆਂ ਵੀ ਹਿੰਦੂ ਅਤੇ ਇਸਲਾਮੀ ਸਭਿਆਚਾਰ ਨੇ ਆਪਣੀ ਆਪਣੀ ਵਿਲੱਖਣਤਾ (entity ) ਕਾਇਮ ਰੱਖੀ। ਮੁਸਲਮਾਨਾਂ ਨੇ ਕੀ ਕੁਝ ਨਵਾਂ ਲਿਆਂਦਾ ਅਤੇ ਦਿੱਤਾ ਅਤੇ ਕੀ ਕੁਝ ਅਪਣਾਇਆ ਇਸਦਾ ਇਤਿਹਾਸਕ ਵਿਵੇਚਨ ਤੀਜੇ ਅਧਿਆਇ ਵਿਚ ਦਿੱਤਾ ਗਿਆ ਹੈ।

ਹਿੰਦੂ ਸਭਿਆਚਾਰ ਇਕ ਅਜਿਹਾ ਵਿਸ਼ਾਲ ਸਾਗਰ ਹੈ, ਜਿਸ ਵਿਚ ਕਈ ਪ੍ਰਕਾਰ ਦੇ ਵਿਸ਼ਵਾਸਾਂ ਅਤੇ ਕਈ ਤਰ੍ਹਾਂ ਦੀਆਂ ਕ੍ਰਿਆਵਾਂ ਦਾ ਮਿਸ਼ਰਣ ਹੈ। ਵਿਸ਼ਵਾਸਾਂ ਅਤੇ ਕ੍ਰਿਆਵਾਂ ਵਿਚ ਪਰਸਪਰ ਵਿਰੋਧ ਹੁੰਦਿਆਂ ਵੀ ਸਭ ਕੁਝ ਹਿੰਦੂ ਵਲਗਣ ਵਿਚ ਆ ਜਾਂਦਾ ਹੈ। ਮੋਟੇ ਤੌਰ ਤੇ ਇਸ ਸਭਿਆਚਾਰ ਨੂੰ ਦੋ ਮੁਖ ਭਾਗਾਂ ਵਿਚ ਵੰਡਿਆ ਗਿਆ ਹੈ - ਆਸਤਕ ਹਿੰਦੂ ਸਭਿਆਚਾਰ ਅਤੇ ਨਾਸਤਕ ਹਿੰਦੂ ਸਭਿਆਚਾਰ। ਆਸਤਕ ਹਿੰਦੂ ਸਭਿਆਚਾਰ ਇਸ ਖੋਜ ਪ੍ਰਬੰਧ ਦਾ ਮੁੱਖ ਭਾਗ ਹੈ। ਵੈਦਿਕ ਕਾਲ ਤੋਂ ਗੁਰੂ ਨਾਨਕ ਸਮੇਂ ਤੱਕ ਇਸ ਸਭਿਆਚਾਰ ਨੇ ਜਿਵੇਂ ਜਿਵੇਂ ਰੂਪ ਵਟਾਇਆ, ਉਸਦੇ ਸਰਬ-ਪੱਖੀ ਪਹਿਲੂਆਂ ਦਾ ਚਿਤ੍ਰਨ ਗੁਰੂ ਨਾਨਕ ਬਾਣੀ ਵਿਚ ਹੋਇਆ ਹੈ ਜਿਸ ਤੇ ਸਵਿਸਥਾਰ ਵਿਚਾਰ ਚੌਥੇ ਅਧਿਆਇ ਵਿਚ ਕੀਤੀ ਗਈ ਹੈ।

ਚਾਰਵਾਕੀਏ, ਜੈਨੀ ਅਤੇ ਬੋਧੀ ਪ੍ਰਮੁੱਖ ਤੌਰ ਤੇ ਨਾਸਤਕ ਸਨ। ਭਾਵੇਂ ਅਖਵਾਉਂਦੇ ਤਾਂ ਇਹ ਵੀ ਹਿੰਦੂ ਸਨ, ਪਰ ਇਨ੍ਹਾਂ ਦੀ ਵਿਚਾਰਧਾਰਾ, ਇਨ੍ਹਾਂ ਦੇ ਵਿਸ਼ਵਾਸਾਂ ਅਤੇ ਕਾਰਜਾਂ ਵਿਚ ਢੇਰ ਅੰਤਰ ਹੋਣ ਕਰਕੇ ਇਹ ਵਖਰੇ ਸਭਿਆਚਾਰ ਦੇ ਧਾਰਨੀ ਸਨ। ਇਨ੍ਹਾਂ ਮੱਤਾਂ ਦੇ ਆਰੰਭ ਤੋਂ ਬਾਅਦ ਸਮੇ ਸਮੇਂ ਇਨ੍ਹਾਂ ਨੂੰ ਮੰਨਣ ਵਾਲਿਆਂ ਦੇ ਜੀਵਨ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਆਉਂਦੀਆਂ ਰਹੀਆਂ। ਚਾਰਵਾਕੀ ਵਿਚਾਰਧਾਰਾ ਇਥੇ ਹੀ ਸਮੇਟੀ ਗਈ, ਬੁੱਧ ਮੱਤ ਬਾਹਰ ਜਾ ਕੇ ਪ੍ਰਚਲਤ ਹੋਇਆ, ਜੈਨ ਮਤ ਦੀਆਂ ਅੱਗੋਂ ਦੋ ਸ਼ਾਖਾਵਾਂ ਚਲ ਪਈਆਂ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਦੇ ਜੀਵਨ ਨੂੰ ਕਾਫ਼ੀ ਨੇੜਿਓਂ ਹੋ ਕੇ ਵੇਖਿਆ ਅਤੇ ਉਸਦਾ ਆਪਣੀ ਬਾਣੀ ਵਿਚ ਚਿਤ੍ਰਨ ਕੀਤਾ ਜਿਸਦਾ ਵਰਣਨ ਪੰਜਵੇਂ ਅਧਿਆਇ ਵਿਚ ਕੀਤਾ ਗਿਆ ਹੈ।

ਇਸਲਾਮ ਕੀ ਹੈ? ਅਤੇ ਇਸ ਦੇ ਪੈਰੋਕਾਰਾਂ, ਵਿਸ਼ੇਸ਼ ਕਰਕੇ ਭਾਰਤੀ ਮੁਸਲਮਾਨਾਂ ਨਾਲ ਕਿਸ ਪ੍ਰਕਾਰ ਦਾ ਸਭਿਆਚਾਰ ਹੋਂਦ ਵਿਚ ਆਇਆ। ਉਸ ਦੀਆਂ ਕੀ ਕੀ ਵਿਸ਼ੇਸ਼ਤਾਵਾਂ ਹਨ ਅਤੇ ਰਾਜ ਸੱਤਾ ਦੇ ਨਸ਼ੇ ਵਿਚ ਉਸ ਵਿਚ ਕੀ ਕੀ ਪੱਤਨ ਆਇਆ ਅਤੇ ਕਿਹੋ ਜਿਹਾ ਰੂਪ ਧਾਰਨ ਕੀਤਾ। ਫਿਰ ਸੂਫ਼ੀ ਦਰਵੇਸ਼ਾਂ ਨੇ ਭਾਰਤ ਵਿਚ ਇਸਲਾਮ ਨੂੰ ਕਿਵੇਂ ਪਿਆਰ ਨਾਲ ਸਹੀ ਰੂਪ ਵਿਚ ਫੈਲਾਇਆ ਅਤੇ ਉਸ ਵਿਚਲੀ ਕਠ ਧਰਮੀ ਵਿਚ ਲਚਕ ਅਤੇ ਸੁਹਿਰਦਤਾ ਲਿਆਂਦੀ ਅਤੇ ਉਨ੍ਹਾਂ ਦੇ ਵਿਚਾਰਾਂ ਨੇ ਰਹਿਣ ਸਹਿਣ, ਪਹਿਨਣ ਖਾਣ ਨੇ ਜੋ ਸਭਿਆਚਾਰ ਦਾ ਵੱਖਰਾ ਰੂਪ ਧਾਰਿਆ ਉਸਦੇ ਗੁਰੂ ਨਾਨਕ ਬਾਣੀ ਵਿਚ ਚਿਤ੍ਰਨ ਦਾ ਤੁਲਨਾਤਮਕ ਅਧਿਐਨ ਛੇਵੇਂ ਅਧਿਆਇ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਯੁਗ ਦੇ ਸਭ ਤੋਂ ਅਧਿਕ ਚੇਤੰਨ ਅਤੇ ਸਾਹਸੀ ਮਹਾਂਪੁਰਸ਼ ਸਨ। ਪਹਿਲਾਂ ਵਰਣਨ ਕੀਤੇ ਗਏ ਮੱਤਾਂ ਦੇ ਅਨੁਯਾਈਆਂ ਵਿਚ ਉਨ੍ਹਾਂ ਨੇ ਜੋ ਸਰਬ ਪੱਖੀ ਗਿਰਾਵਟ ਵੇਖੀ, ਵਿਚਾਰ ਅਤੇ ਅਮਲ ਵਿਚ ਜੋ ਵਿਰੋਧ ਵੇਖਿਆ, ਉਸ ਨੂੰ ਨਿਰਸੰਕੋਚ ਅਤੇ ਨਿਧੜਕ

ਸ਼ਬਦਾਂ ਵਿਚ ਅੰਕਿਤ ਕੀਤਾ। ਸਮਕਾਲੀ ਜੀਵਨ ਦੀ ਸਥਿਤੀ ਦਾ ਭਰਪੂਰ ਚਿਤ੍ਰਨ ਗੁਰੂ ਨਾਨਕ ਬਾਣੀ ਤੋਂ ਬਿਨਾਂ ਸ਼ਾਇਦ ਹੀ ਕਿਧਰੇ ਹੋਰ ਮਿਲ ਸਕੇ। ਖੋਜ ਪ੍ਰਬੰਧ ਦੇ ਸਤਵੇਂ ਅਧਿਆਇ ਵਿਚ ਇਸ ਦਾ ਉਲੇਖ ਕੀਤਾ ਗਿਆ ਹੈ।

ਕੀ ਗੁਰੂ ਨਾਨਕ ਦੇਵ ਜੀ ਦਾ ਮੱਤ ਪੂਰਬ-ਮੱਤਾਂ ਦਾ ਸਮਨਵੈ ਸੀ, ਜਾਂ ਉਨ੍ਹਾਂ ਦੀ ਸਾਂਝੀ ਭੂਮੀ ਤੇ ਉਸਾਰਿਆ ਨਵਾਂ ਮਹਲ? ਕੀ ਉਨ੍ਹਾਂ ਨੇ ਦੋਹਾਂ ਮੱਤਾਂ ਦੇ ਵਖੇਵਿਆਂ ਉਤੇ ਪੁਲ ਹੀ ਬਣਾਇਆ ਜਾਂ ਨਵਾਂ ਵਿਲੱਖਣ ਮਾਰਗ ਦੱਸਿਆ? ਅਥਵਾ ਕੀ ਉਹ ਆਪ ਸੁਧਾਰਕ ਹੀ ਸਨ ਜਾਂ ਨਵ-ਪਥ ਪਰਦਰਸ਼ਕ? ਉਨ੍ਹਾਂ ਦੀ ਵਿਚਾਰਧਾਰਾ ਨੇ ਲੋਕ ਜੀਵਨ ਤੇ ਕੀ ਪ੍ਰਭਾਵ ਪਾਇਆ ਅਤੇ ਉਨ੍ਹਾਂ ਦੇ ਸਿੱਖ ਸਮਾਜ ਨੇ ਕਿਹੋ ਜਿਹਾ ਰੂਪ ਧਾਰਨ ਕੀਤਾ? ਇਸਦੀ ਦੀਰਘ ਵਿਚਾਰ ਅਠਵੇਂ ਅਧਿਆਇ ਵਿਚ ਕੀਤੀ ਗਈ ਹੈ। ਅੰਤ ਵਿਚ ਸਾਰੇ ਵਿਵੇਚਨ ਦਾ ਸੰਖੇਪ ਵਿਚ ਨਿਚੋੜ ਦਿੱਤਾ ਗਿਆ ਹੈ।

ਖੋਜ ਪ੍ਰਬੰਧ ਦੇ ਵਿਸ਼ੇ ਦਾ ਖੇਤਰ ਬੜਾ ਵਿਸ਼ਾਲ ਹੈ। ਆਕਾਰ ਦਾ ਵਧ ਜਾਣਾ ਸੁਭਾਵਕ ਸੀ, ਭਾਵੇਂ ਸੰਬੰਧਤ ਲਗਭਗ ਸਾਰੇ ਪਹਿਲੂਆਂ ਤੇ ਸੰਖੇਪ ਵਿਚ ਵਿਚਾਰ ਪੇਸ਼ ਕਰਨ ਦਾ ਹੀ ਜਤਨ ਕੀਤਾ ਗਿਆ ਹੈ। ਵਿਚਾਰ ਅਨੁਸਾਰ ਸਪਸ਼ਟਤਾ ਲਈ ਵੱਖ ਵੱਖ ਅਧਿਆਵਾਂ ਵਿਚ ਗੁਰੂ ਨਾਨਕ ਬਾਣੀ ਦੀਆਂ ਕੁਝ ਇਕ ਤੁਕਾਂ ਦਾ ਦੁਹਰਾ ਵੀ ਆਵੱਸ਼ਕ ਸਮਝ ਕੇ ਕੀਤਾ ਗਿਆ ਹੈ

ਮੈਂ ਆਪਣੇ ਸਤਿਕਾਰ ਯੋਗ ਨਿਗਰਾਨ ਡਾ:ਸੁਰਿੰਦਰ ਸਿੰਘ ਕੋਹਲੀ ਜੀ ਦੀ ਬੜੀ ਕ੍ਰਿਤੱਗ ਹਾਂ ਜਿਨ੍ਹਾਂ ਨੇ ਪਹਿਲਾਂ ਐਮ.ਏ.ਵੇਲੇ ਅਤੇ ਹੁਣ ਇਸ ਮਹਾਨ ਅਤੇ ਔਖੇ ਕੰਮ ਵਿਚ ਪਥ-ਪ੍ਰਦਰਸ਼ਨ ਕਰਕੇ ਇਸ ਨੂੰ ਨੇਪਰੇ ਚੜ੍ਹਾਇਆ ਹੈ। ਮੈਂ ਉਨ੍ਹਾਂ ਸਾਰੇ ਵਿਦਵਾਨਾਂ ਦੀ ਵੀ ਰਿਣੀ ਹਾਂ, ਜਿਨ੍ਹਾਂ ਦੀਆਂ ਖੋਜ/ਕਿਰਤਾਂ ਨੇ ਮੈਨੂੰ ਸਪਸ਼ਟਤਾ ਅਤੇ ਅਗਵਾਈ ਦਿੱਤੀ ਹੈ।

ਰਵਿੰਦਰ ਬਤਰਾ

- ਰਵਿੰਦਰ ਬਤਰਾ

# ਅਧਿਆਇ ਦੂਜਾ

ਸਭਿਆਚਾਰ ਅਤੇ ਉਸ ਦੀ ਪਰਿਭਾਸ਼ਾ
ਸਭਿਆਚਾਰ ਦਾ ਮੂਲ
ਭਾਰਤੀ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ

## ਸਭਿਆਚਾਰ ਅਤੇ ਉਸਦੀ ਪਰਿਭਾਸ਼ਾ

ਸਭਿਆਚਾਰ ਕਿਸੇ ਦੇਸ਼ ਜਾਂ ਜਾਤੀ ਦੀ ਆਤਮਾ ਹੈ। ਹਰ ਦੇਸ਼, ਕੌਮ ਜਾਂ ਸਮਾਜ ਆਪਣੇ ਸਭਿਆਚਾਰ ਤੇ ਗੌਰਵ ਮਹਿਸੂਸ ਕਰਦਾ ਹੈ। ਕਿਸੇ ਦੇਸ਼ ਦੀ ਸਥਿਤੀ ਅਤੇ ਉਥੋਂ ਦੇ ਨਿਵਾਸੀਆਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਰਿਵਿਰਤੀਆਂ ਦੀ ਵਿਲੱਖਣਤਾ ਉਸ ਨੂੰ ਦੂਜਿਆਂ ਤੋਂ ਨਿਖੇੜਦੀ ਹੈ। ਇਸ ਤਰ੍ਹਾਂ ਸਭਿਆਚਾਰ ਹਰ ਦੇਸ਼ ਦੇ ਲੋਕਾਂ ਦੀ ਵਿਭਿੰਨਤਾ ਅਤੇ ਉਸਦਾ ਅਲੋਕਾਪਨ ਦੂਸਰਿਆਂ ਨਾਲੋਂ ਵਖ ਦਸ ਕੇ ਉਨ੍ਹਾਂ ਦੀ ਨਿੱਜਤਾ ਨੂੰ ਬਹਾਲ ਕਰਦਾ ਹੈ। ਕੇ.ਐਮ. ਪਾਨੀਕਰ ਅਨੁਸਾਰ ਕਿਸੇ ਕੌਮ ਦੇ ਵਿਅਕਤੀਆਂ ਦੇ ਵਿਕਾਸ ਦੇ ਆਧਾਰ ਸਾਂਝੇ ਹੁੰਦੇ ਹਨ, ਜ਼ਰੂਰੀ ਸਮੱਸਿਆਵਾਂ ਵੱਲ ਉਨ੍ਹਾਂ ਦਾ ਰਵੱਈਆ ਵਤੀਰਾ ਤੇ ਨਜ਼ਰੀਆ ਇਕੋ ਜਿਹਾ ਹੁੰਦਾ ਹੈ, ਜੋ ਕਿ ਸਾਂਝੀਆਂ ਰਵਾਇਤਾਂ ਤੇ ਵਿਚਾਰਾਂ ਤੋਂ ਉਤਪੰਨ ਹੁੰਦਾ ਹੈ।[1] ਇਸ ਸਾਂਝੇ ਦ੍ਰਿਸ਼ਟੀਕੋਣ ਨੂੰ ਆਮ ਤੌਰ ਤੇ ਕਿਸੇ ਦੇਸ਼ ਦਾ ਸਭਿਆਚਾਰ ਕਿਹਾ ਜਾ ਸਕਦਾ ਹੈ।

ਮਨੁੱਖੀ ਸਭਿਆਚਾਰ ਦਾ ਇਤਿਹਾਸ ਉਤਨਾ ਹੀ ਪੁਰਾਣਾ ਹੈ ਜਿਤਨਾ ਕਿ ਮਨੁੱਖ ਆਪ। ਮਨੁੱਖ ਆਰੰਭ ਤੋਂ ਹੀ ਇਸ ਤਰ੍ਹਾਂ ਉਨੱਤ ਤੇ ਸਭਯ ਨਹੀਂ ਸੀ ਜਿਹੋ ਜਿਹਾ ਕਿ ਅਸੀਂ ਅੱਜ ਉਸ ਨੂੰ ਵੇਖ ਰਹੇ ਹਾਂ। ਇਹ ਉਨਤੀ ਮਨੁੱਖ ਨੇ ਪੀੜ੍ਹੀ ਦਰ ਪੀੜ੍ਹੀ ਚਲ ਕੇ ਪ੍ਰਾਪਤ ਕੀਤੀ। ਮਨੁੱਖ ਦਿਨ ਬਦਿਨ ਗਿਆਨ ਦੇ ਵਾਧੇ ਨਾਲ 'ਸਮਾਜਕ ਪਸ਼ੂ' ਅਖਵਾਉਂਦਾ ਹੋਇਆ ਵੀ ਉੱਤਮ ਪ੍ਰਾਣੀ ਬਣ ਗਿਆ ਹੈ।[2] ਜਿਉਂ ਜਿਉਂ ਉਸਦਾ ਗਿਆਨ ਵਧਦਾ ਰਹਿਆ ਮਨੁੱਖੀ ਪ੍ਰਵਿਰਤੀ ਅਤੇ ਆਲੇ ਦੁਆਲੇ ਵਿਚ ਪਰਿਵਰਤਨ ਆਉਂਦਾ ਰਹਿਆ। ਸਭਿਆਚਾਰ ਦਾ ਮੂੰਹ ਮੁਹਾਂਦਰਾ ਵੱਟਦਾ ਰਹਿਆ। ਕਈ ਪੁਰਾਤਨ ਨੇਮ ਨਕਸ਼ ਬਦਲ ਗਏ ਹਨ। ਕਈਆਂ ਨੇ ਉਨ੍ਹਾਂ ਦੇ ਮਲਬੇ ਤੇ ਨਵੇਂ ਮਹਿਲ ਉਸਾਰੇ ਹਨ।

ਸਭਿਆਚਾਰ ਸੰਸਕ੍ਰਿਤੀ ਅਤੇ ਕਲਚਰ ਮੁੱਖ ਤੌਰ ਤੇ ਇਕੋ ਭਾਵ ਦੇ ਲਖਾਇਕ ਹਨ। ਇਸਦਾ ਘੇਰਾ ਬੜਾ ਵਿਸ਼ਾਲ ਹੈ। ਇਸ ਨੂੰ ਪਰਿਭਾਸ਼ਤ ਕਰਨਾ ਸਮੁੰਦਰ ਨੂੰ ਕੁੱਜੇ ਵਿਚ ਬੰਦ

---

1. ਭਾਰਤੀ ਸਭਿਆਚਾਰ ਦਾ ਆਧਾਰ (ਭਾਸ਼ਾ ਵਿਭਾਗ), ਪੰਨਾ 1.
2. ਜਿਹੜੀ ਸ੍ਰਿਸ਼ਟੀ ਤੋਂ ਉਹ ਵਿਕਸਤ ਹੋਇਆ, ਗੁਰੂ ਸਾਹਿਬ ਅਨੁਸਾਰ ਉਹ ਉਸਦੇ ਅਧੀਨ ਰਹਿ ਕੇ ਉਸਦੀ ਸੇਵਕ ਬਣ ਗਈ ਅਤੇ ਉਹ ਸਾਰੀ ਕਾਇਨਾਤ ਦਾ ਸਰਦਾਰ ਬਣ ਗਿਆ ਹੈ;

   ਅਵਰ ਜੋਨਿ ਤੇਰੀ ਪਨਿਹਾਰੀ।
   ਇਸੁ ਧਰਤੀ ਮਹਿ ਤੇਰੀ ਸਿਕਦਾਰੀ। (ਆਸਾ ਮ:5, 374.

ਕਰਨ ਦਾ ਬੋਧ ਹੈ। ਸ਼ਬਦ 'ਸਭਿਆਚਾਰ' ਦਾ ਸੰਧੀ ਛੇਦ ਕੀਤਾ ਗਿਆ ਹੈ: 'ਸਭਿਆ' ਅਤੇ 'ਆਚਾਰ'। ਇਸ ਦਾ ਭਾਵ ਹੋਇਆ ਸਾਊ ਸਾਊ ਅਤੇ ਸੁਚੱਜਾ ਵਿਹਾਰ। ਭਾਈ ਕਾਨ੍ਹ ਸਿੰਘ ਨਾਭਾ ਨੇ 'ਸਭਿਅਤਾ' ਸ਼ਬਦ ਨੂੰ ਸਭਿਆਚਾਰ ਦੀ ਥਾਂ ਵਰਤਿਆ ਹੈ ਅਤੇ ਅਰਥ ਕੀਤੇ ਹਨ ਭਲਮਣਸਊ, ਸ਼ਰਾਫ਼ਤ ਅਤੇ ਤਹਿਜ਼ੀਬ। ਇਹ ਇਕ ਵਿਅਕਤੀ ਦੇ ਗੁਣ ਹਨ ਅਤੇ ਹਰ ਵਿਅਕਤੀ ਸਮਾਜ ਦਾ ਇਕ ਅੰਗ ਹੈ ਅਤੇ ਸਮਾਜ ਸਾਰੀ ਕਮਿਊਨਟੀ ਦਾ ਅੰਗ ਹੁੰਦਿਆਂ ਹੋਇਆਂ ਉਸ ਦੀ ਉੱਨਤੀ ਨਾਲ ਸੰਬੰਧਿਤ ਹੈ। ਟੀ.ਐਸ. ਈਲੀਅਟ ਅਨੁਸਾਰ ਜਦ ਅਸੀਂ ਕਲਚਰ ਦੀ ਗੱਲ ਕਰਦੇ ਹਾਂ ਤਾਂ ਸਾਡੇ ਮਨ ਵਿਚ ਵਿਅਕਤੀ, ਟੋਲੀ ਜਾਂ ਸਮਾਜ ਦੀ ਉੱਨਤੀ ਦਾ ਖ਼ਿਆਲ ਆਉਂਦਾ ਹੈ। ਪਰ ਵਿਅਕਤੀ ਦੇ ਸਭਿਆਚਾਰ ਦਾ ਨਿਰਭਰ ਟੋਲੀ ਦੇ ਸਭਿਆਚਾਰ ਅਤੇ ਟੋਲੀ ਦੇ ਸਭਿਆਚਾਰ ਦਾ ਨਿਰਭਰ ਸਮਾਜ ਦੀ ਕਲਚਰ ਤੇ ਹੈ, ਇਸ ਕਰਕੇ ਸਮਾਜ ਦੀ ਕਲਚਰ ਹੀ ਬੁਨਿਆਦ ਹੈ।[1]

ਸੰਸਕ੍ਰਿਤੀ (ਸਮ+ਕ੍ਰਿ+ਕਿਤਨ) ਦੇ ਕੋਸ਼ ਅਨੁਸਾਰ ਅਰਥ ਹਨ: ਪਰਿਸ਼ਕਾਰ, ਤਿਆਰੀ, ਪੂਰਣਤਾ, ਮਨੋਵਿਕਾਸ।[2]

ਅੰਗ੍ਰੇਜ਼ੀ ਦਾ ਸ਼ਬਦ 'ਕਲਚਰ' (Culture) ਅਨੇਕਾਂ, ਵਾਦ ਵਿਵਾਦ ਜਾਂ ਲਿਖਤ ਵਿਚ ਪਹਿਲਾਂ ਆ ਚੁੱਕਾ ਸੀ। 'ਕਲਚਰ' ਦਾ ਸੰਕਲਪ ਹਿੰਦੁਸਤਾਨੀਆਂ ਲਈ ਬਿਲਕੁਲ ਨਵਾਂ ਸੀ, ਜਿਸ ਕਰਕੇ ਇਹ ਪਹਿਲਾਂ ਅੰਗਰੇਜ਼ਾਂ ਵੀ ਜਾਂ ਚੁੱਕਾ ਸੀ। ਇਸ ਲਈ ਇਸਦੇ ਬਦਲ ਹਿੰਦੀ ਤੇ ਪੰਜਾਬੀ ਵਿਚ ਪਹਿਲੀ ਵਾਰ ਲੱਭੇ ਜਾਂ ਘੜੇ ਗਏ। ਮਿਸ਼੍ਰਤ ਸ਼ਬਦਾਂ ਵਿਚ 'ਕਲਚਰ' ਸ਼ਬਦ ਅਨੇਕ ਰੂਪਨ ਵਿਚ ਆਉਂਦਾ ਹੈ, ਜਿਵੇਂ ਕਿ ਐਗਰੀਕਲਚਰ, ਸੈਰੀਕਲਚਰ, ਹਾਰਟੀਕਲਚਰ, ਬੈਕਟੀਰੀਆ ਕਲਚਰ (Agriculture, Sericulture, Horticulture, Bacteria culture)[3] ਵਿਚ। 'ਕਲਚਰ' (Culture) ਦੇ ਸ਼ਾਬਦਿਕ ਅਰਥ ਕੀਤੇ ਗਏ ਹਨ: ਕਲਟੀਵੇਟ (Cultivate) ਕਰਨਾ ਅਰਥਾਤ ਉੱਨਤੀ ਅਤੇ ਵਿਕਾਸ ਵੱਲ ਲਗਾਤਾਰ ਵਾਹੁਣਾ ਜਾਂ ਗੁੱਡਣਾ ਬਣਨਾ, ਤਰੱਕੀ ਕਰਨਾ ਜਾਂ ਫੈਲਣਾ।

ਪ੍ਰੋਫੈਸਰ ਨੇ.ਹੇ.ਨੇ ਕਲਚਰ ਦਾ ਸਮਾਨਾਰਥਕ ਸ਼ਬਦ 'ਕ੍ਰਿਸ਼ਟੀ' ਦਿੱਤਾ ਹੈ, ਜੋ ਕ੍ਰਿਸ਼ੀ (ਖੇਤੀ) ਤੋਂ ਬਣਾਇਆ ਗਿਆ ਹੈ।[4] ਜੋ ਲੋਕ ਕੋਈ ਸਮੂਹਕ ਬਨਾਵਟ, ਵਿਕਾਸ ਅਤੇ ਉੱਨਤੀ ਨੂੰ ਆਪਣਾ ਆਦਰਸ਼ ਮੰਨਦੇ ਹਨ ਉਨ੍ਹਾਂ ਦੀ ਕਲਚਰ ਸ਼੍ਰੇਸ਼ਟ ਕਲਚਰ ਹੈ, ਜੋ ਬੁੱਧੀ ਦੇ ਵਿਕਾਸ

---

1. Notes towards Definition of Culture, p.21.
2. ਵੀ.ਐਸ.ਆਪਟੇ, ਸੰਸਕ੍ਰਿਤ ਹਿੰਦੀ ਕੋਸ਼
3. ਡਾ: ਮੋਹਨ ਲਾਲ ਆਹੂਜਾ, ਧਨੀ ਰਾਮ ਚਾਤ੍ਰਿਕ ਦੀ ਸਭਿਆਚਾਰਕ ਦੇਣ, ਪੰਨਾ 2.
4. ਡਾ: ਮੋਹਨ ਲਾਲ ਆਹੂਜਾ, ਧਨੀ ਰਾਮ ਚਾਤ੍ਰਿਕ ਦੀ ਸਭਿਆਚਾਰਕ ਦੇਣ ਉਤੇ ਦ੍ਰਿਸ਼ਟੀ, ਪੰਨਾ 3.

ਵਿਚ ਯਕੀਨ ਰਖਦੇ ਹਨ ਉਨ੍ਹਾਂ ਲਈ ਭੌਤਿਕ ਸਭਿਆਚਾਰ ਹੈ। ਜਦੋਂ ਸਾਡੇ ਜੀਵਨ ਦੇ ਆਦਰਸ਼ਾਂ ਦਾ ਸੰਬੰਧ ਆਤਮਾ ਤੇ ਉਸਦੀ ਪ੍ਰਾਪਤੀ ਨਾਲ ਹੁੰਦਾ ਹੈ ਤਾਂ ਕਲਚਰ ਅਧਿਆਤਮਕ (spiritual )ਹੋ ਜਾਂਦਾ ਹੈ। ਅੱਜ ਦੇ ਮਨੁੱਖ ਦਾ ਝੁਕਾਅ ਵਧੇਰੇ ਕਰਕੇ ਭੌਤਕਵਾਦੀ ਹੈ ਪਰ ਪੁਰਾਤਨ ਭਾਰਤ ਦਾ ਸਭਿਆਚਾਰ ਜੋ ਅਧਿਆਤਮਕ ਸੀ ਅਜੇ ਵੀ ਆਪਣੀ ਵਿਲੱਖਣ ਹੋਂਦ ਰਖਦਾ ਹੈ।

ਕਲਚਰ ਵਿਸ਼ਵਾਸਾਂ ਅਤੇ ਕਦਰਾਂ (values )ਦਾ ਪਲੰਦਾ ਜਾਂ ਸਮੂਹ ਹੈ,ਜਿਸ ਵਿਚ ਗਿਆਨ, ਵਿਸ਼ਵਾਸ,ਕਾਨੂੰਨ,ਰਸਮਾਂ ਰੀਤ ,ਯੋਗਤਾਵਾਂ ਅਤੇ ਆਦਤਾਂ ਸ਼ਾਮਲ ਹਨ,ਜਿਨ੍ਹਾਂ ਦੀ ਇਕ ਸਮਾਜਿਕ ਪ੍ਰਾਣੀ ਨੂੰ ਲੋੜ ਹੈ।[1] ਪ੍ਰੋ:ਗੁਪਤਾ ਅਨੁਸਾਰ 'ਕਲਚਰ ਜਾਂ ਸੰਸਕ੍ਰਿਤੀ ਉਹ ਕਦਰਾਂ ਜਾਂ ਕੀਮਤਾਂ (values )ਅਤੇ ਆਦਰਸ਼ (ideals )ਹਨ ਜਿਨ੍ਹਾਂ ਨੂੰ ਅਸੀਂ ਵਿਅਕਤੀਗਤ ਜੀਵਨ ਅਤੇ ਸਮਾਜਕ ਜੀਵਨ ਵਿਚ ਲਾਗੂ ਕਰਨਾ ਚਾਹੁੰਦੇ ਹਾਂ। ਕਿਸੇ ਵਿਅਕਤੀ ਜਾਂ ਜਾਤੀ ਦਾ ਕਲਚਰ ਉਹ ਆਦਰਸ਼ ਹਨ ਜਿਨ੍ਹਾਂ ਦੀ ਮਹਾਨਤਾ ਨੂੰ ਮੰਨਦੇ ਹੋਏ ਉਹ ਵਿਅਕਤੀ ਜਾਂ ਜਾਤੀ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਢਾਲਣ ਦਾ ਯਤਨ ਕਰਦਾ ਹੈ।'[2]

ਪ੍ਰੋ:ਕਲਨ ਅਨੁਸਾਰ "ਉਹ ਕੀਮਤਾਂ ਤੇ ਕਦਰਾਂ ਜਿਨ੍ਹਾਂ ਨੂੰ ਅਸੀਂ ਸ਼ਖਸੀਅਤ ਜਾਂ ਸਮਾਜ ਦੀ ਉਨੱਤੀ ਤੇ ਪੂਰਨਤਾ ਲਈ ਸਭ ਤੋਂ ਉੱਤਮ ਸਮਝੀਏ ਉਹ ਸਾਡਾ ਸਭਿਆਚਾਰ ਹਨ।"[3] ਜਾਂ ਜਿਸ ਵਸਤੂ ਨੂੰ ਅਸੀਂ/ਆਪਣੀ ਉਨੱਤੀ ਜਾਂ ਮਨੋਰਥ ਦੀ ਪੂਰਤੀ ਲਈ ਉਚੇ ਤੋਂ ਉਚਾ ਆਦਰਸ਼ ਖਿਆਲ ਕਰੀਏ ਉਹ ਸਾਡਾ ਸਭਿਆਚਾਰ ਹੈ।

ਫੈਰਚਾਈਲਡ ਸਮਿਥ ਅਨੁਸਾਰ 'ਸੰਸਕ੍ਰਿਤੀ ਦਾ ਅਰਥ ਕਿਸੇ ਸਮਾਜ ਦੀ ਜੀਵਨ ਪੱਧਤੀ ਹੈ ਜਿਸ ਵਿਚ ਉਸਦੀ ਸ਼ਿਲਪ ਕਲਾ,ਵਿਸ਼ਵਾਸ ਅਤੇ ਮਾਨਤਾਵਾਂ,ਸੰਚਤ ਗਿਆਨ ਅਤੇ ਉਹ ਕੀਮਤਾਂ ਵੀ ਆ ਜਾਂਦੀਆਂ ਹਨ ਜਿਨ੍ਹਾਂ ਲਈ ਉਹ ਸਮਾਜ ਦੇ ਮੈਂਬਰ ਜੀਉਂਦੇ ਹਨ। ਇਸ ਤੋਂ ਇਲਾਵਾ ਉਸ ਦੀਆਂ ਵਿਰਾਸਤ ਰਵਾਇਤਾਂ,ਪਰਿਵਾਰਕ ਜੀਵਨ,ਸੰਤਾਨ ਪਾਲਣ,ਵਿਆਹ ਅਤੇ ਪੂਜਾ ਦੀ ਰੀਤੀ,ਸਿੱਖਿਆ,ਕਾਰੋਬਾਰ,ਰਾਜਨ-ਅਰਥਚਾਰਾ ਬਾਕੀ ਸਮੁੱਚੀ ਵਿਰਾਸਤ ਵੀ ਜੋ ਉਸਦੇ ਮੈਂਬਰਾਂ ਨੂੰ ਪ੍ਰਾਪਤ ਹੈ ਜਾਂ ਹੋ ਸਕਦੀ ਹੈ, ਉਸ ਵਿਚ ਆ ਜਾਂਦੀ ਹੈ।[4]

ਮਾਲੀਨੋਵਸਕੀ ਦੇ ਅਨੁਸਾਰ,"ਸਭਿਆਚਾਰ ਉਹ ਯੰਤਰ ਹੈ ਜਿਸ ਦੁਆਰਾ ਮਾਨਵ ਆਪਣੀਆਂ ਸਰੀਰਕ ਲੋੜਾਂ (organic needs )ਨੂੰ ਪੂਰਾ ਕਰਦਾ ਹੈ। ਭੁੱਖ ਪਿਆਸ,

---

1. ਡਾ:ਰੋਸ਼ਨ ਲਾਲ ਆਹੂਜਾ,ਧਨੀ ਰਾਮ ਚਾਤ੍ਰਿਕ ਦੀ ਸਭਿਆਚਾਰਕ ਦੇਣ ਉਤੇ ਉਧਰਿਤ,ਪੰਨਾ 3.
2. Intermediate Indian Culture,p.3.
3. ਹਿੰਦੁਸਤਾਨੀ ਸਭਿਆਚਾਰ ਦੀ ਰੂਪ ਰੇਖਾ,ਪੰਨੇ 2,3.
4. ਡਾ:ਮਨਮੋਹਨ ਸਹਿਗਲ ਦੀ ਪੁਸਤਕ ਗੁਰੂ ਗ੍ਰੰਥ ਸਾਹਿਬ:ਇਕ ਸਾਂਸਕ੍ਰਿਤਕ ਸਰਵੇਖਣ ਉਤੇ ਉਧਰਿਤ,ਪੰਨਾ 79.

ਸ੍ਵੈ-ਰੱਖਿਆ ਅਤੇ ਕਾਮ-ਤ੍ਰਿਪਤੀ ਉਹ ਮੁਢਲੀਆਂ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਦੇ ਯਤਨ ਵਿਚ ਦੂਜੀਆਂ ਲੋੜਾਂ ਦਾ ਜਨਮ ਹੁੰਦਾ ਹੈ। ਇਹ ਲੋੜਾਂ ਸਰਵ-ਭੌਮਿਕ ਹਨ, ਇਸ ਲਈ ਸਭਿਆਚਾਰ ਵੀ ਸਰਵ ਭੌਮਿਕ ਹੈ। ਇਨ੍ਹਾਂ ਅਵੱਸ਼ਕਤਾਵਾਂ ਦੇ ਯਤਨਾਂ ਵਿਚੋਂ ਹੀ ਸੰਸਥਾਵਾਂ ਦਾ ਜਨਮ ਹੁੰਦਾ ਹੈ ਜਿਨ੍ਹਾਂ ਦੁਆਰਾ ਮਾਨਵ ਵਿਹਾਰ ਦੇ ਆਦਰਸ਼ਕ ਮਾਪਦੰਡ ਨਿਰਧਾਰਿਤ ਹੁੰਦੇ ਹਨ। ਇਸ ਲਈ ਇਸ ਦ੍ਰਿਸ਼ਟੀਕੋਣ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਮੁਢਲੀਆਂ ਅਤੇ ਦੂਜੀਆਂ ਲੋੜਾਂ ਦੀ ਸੰਤੁਸ਼ਟੀ ਦੇ ਯਤਨ ਵਿਚ ਨਿਰਮਿਤ ਸੰਸਥਾਵਾਂ ਦੀ ਪਰਮਪਰਿਕ ਸੰਗਠਿਤ ਪ੍ਰਣਾਲੀ ਹੀ ਸਭਿਆਚਾਰ ਹੈ।[1]

ਹਜ਼ਾਰੀ ਪ੍ਰਸਾਦ ਦ੍ਵਿਵੇਦੀ ਦੇ ਕਹਿਣ ਅਨੁਸਾਰ ਮਨੁੱਖ ਦੀਆਂ ਸ੍ਰੇਸ਼ਟ ਸਾਧਨਾਵਾਂ ਹੀ ਸੰਸਕ੍ਰਿਤੀ ਹਨ ਕਿਉਂਕਿ ਕਈ ਤਰ੍ਹਾਂ ਦੀਆਂ ਧਾਰਮਿਕ ਸਾਧਨਾਵਾਂ, ਕਲਾਤਮਕ ਯਤਨਾਂ ਅਤੇ ਸੇਵਾ, ਭਗਤੀ ਅਤੇ ਯੋਗ ਮੂਲਕ ਅਨੁਭੂਤੀਆਂ ਦੇ ਅੰਦਰ ਮਨੁੱਖ ਉਸ ਮਹਾਨ ਸੱਚ ਦੇ ਵਿਆਪਕ ਅਤੇ ਪੂਰਨ ਰੂਪ ਨੂੰ ਪ੍ਰਾਪਤ ਕਰਦਾ ਜਾ ਰਿਹਾ ਹੈ ਜਿਸ ਨੂੰ ਅਸੀਂ ਸੰਸਕ੍ਰਿਤੀ ਸ਼ਬਦ ਕਹਿੰਦੇ ਹਾਂ।[2]

ਹਰਿੰਦਰ ਨਾਥ ਨੇ ਲੋਕਾਂ ਦੇ ਅੰਦਰਲੇ ਗੁਣ'( genius ) ਦੇ ਬਾਹਰੀ ਰੂਪ ਨੂੰ ਸੰਸਕ੍ਰਿਤੀ ਕਿਹਾ ਹੈ।[3] ਅਤੇ ਰਾਬਿੰਦਰ ਨਾਥ ਟੈਗੋਰ ਅਨੁਸਾਰ 'ਮਾਨਸਿਕ ਜੀਵਨ ਦੇ ਸਰੂਪ ਦਾ ਨਾਮ ਸੰਸਕ੍ਰਿਤੀ ਹੈ।'[4]

ਮਨੁੱਖ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਆਪਣੀਆਂ ਪਰੰਪਰਾਵਾਂ ਨਾਲ ਸੰਬੰਧਿਤ ਰਹਿੰਦਾ ਹੈ ਜਿਨ੍ਹਾਂ ਤੇ ਉਸਦਾ ਵਰਤਮਾਨ ਅਤੇ ਭਵਿੱਖ ਉਸਰਦਾ ਹੈ। ਉਹ ਇਕ ਸਭਿਆਚਾਰ ਵਿਚ ਜਨਮ ਲੈਂਦਾ ਹੈ ਅਤੇ ਜਿਥੇ ਵੀ ਜਾਂਦਾ ਹੈ ਆਪਣੇ ਸਭਿਆਚਾਰ ਨੂੰ ਨਾਲ ਲੈ ਕੇ ਜਾਂਦਾ ਹੈ।[5]

ਪਰਮਾਣਿਕ ਹਿੰਦੀ ਕੋਸ਼ ਵਿਚ ਸ੍ਰੀ ਰਾਮ ਚੰਦਰ ਵਰਮਾ ਦਾ ਕਥਨ ਹੈ ਕਿ "ਸੰਸਕ੍ਰਿਤੀ ਦੇ ਅੰਤਰਗਤ ਮਨ, ਰੁਚੀ, ਆਚਾਰ ਵਿਚਾਰ, ਕਲਾ ਕੌਸ਼ਲ ਅਤੇ ਸਭਿਅਤਾ ਦੇ ਖੇਤਰ ਵਿਚ ਬੌਧਿਕ ਵਿਕਾਸ ਸੂਚਕ ਗੱਲਾਂ ਆਉਂਦੀਆਂ ਹਨ। ਕਿਸੇ ਦੇਸ਼ ਜਾਂ ਸਮਾਜ ਦੇ ਅਨੇਕ ਤਰ੍ਹਾਂ ਦੇ ਜੀਵਨ ਵਿਹਾਰਾਂ, ਸਮਾਜਕ ਸੰਬੰਧਾਂ ਅਤੇ ਮਾਨਵੀ ਦ੍ਰਿਸ਼ਟੀ ਤੋਂ ਪ੍ਰੇਰਕ ਕਾਰਨਾਂ ਦੀ ਸਮਸ਼ਟੀ ਨੂੰ ਸੰਸਕ੍ਰਿਤੀ ਕਿਹਾ ਗਿਆ ਹੈ।

ਮੈਥੀਉ ਆਰਨਲਡ ਨੇ ਸਭਿਆਚਾਰ ਦੇ ਭਾਵ ਨੂੰ ਇਨ੍ਹਾਂ ਕੁਝ ਸ਼ਬਦਾਂ ਵਿਚ ਸਪਸ਼ਟ

---

1. ਡਾ: ਮਨਮੋਹਨ ਸਹਿਗਲ ਦੀ ਪੁਸਤਕ ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਖਣ ਉਤੇ ਉਧ੍ਰਿਤ, ਪੰਨਾ 79.
2. ਉਹੀ, ਪੰਨਾ 77.
3. 'Culture is the outer expression of the inner genius of the people'-Harinder Nath Dutta; Indian Culture, p.4.
4. Towards the universal Man, p.209.
5. D.P.Chattopadhyaya, Societies and Culture, p.103.

ਕੀਤਾ ਹੈ: "ਜੀਵਨ-ਗਤ ਪਰਿਪੂਰਨਤਾ ਅਤੇ ਉਸਦੀ ਸੁੰਦਰਤਾ ਤੇ ਪ੍ਰਕਾਸ਼।"[1] ਉਸਦੇ ਮੱਤ ਅਨੁਸਾਰ ਮਾਨਵ ਪ੍ਰਕ੍ਰਿਤੀ ਦੀ ਪਰੀਪੂਰਨਤਾ ਹੀ ਜੀਵਨ ਗਤ ਸੁੰਦਰਤਾ ਅਤੇ ਪ੍ਰਕਾਸ਼ ਹੈ। ਸੰਸਕ੍ਰਿਤੀ ਮਸ਼ੀਨਰੀ ਤੋਂ ਪਰ੍ਹੇ ਤਕਦੀ ਹੋਈ ਵਿਵੇਕਾਤਮਕ ਪ੍ਰਕ੍ਰਿਆਵਾਂ ਦੀ ਵਿਰੋਧੀ ਬਣ ਕੇ ਉਕਤ ਸੁੰਦਰਤਾ ਤਥਾ ਪ੍ਰਕਾਸ਼ ਦੀ ਕਾਮਨਾ ਰਖਦੀ ਹੈ।[2]

ਡਾ: ਆਰੀਆ ਪ੍ਰਸਾਦਿ ਤ੍ਰਿਪਾਠੀ ਅਨੁਸਾਰ ਵਿਵੇਚਨਾ ਦੁਆਰਾ ਸੰਸਕ੍ਰਿਤੀ ਦਾ ਜੋ ਸਰੂਪ ਨਿਰੂਪਤ ਹੋਇਆ ਹੈ, ਉਸਦੇ ਅਨੁਸਾਰ ਉਹ ਮਾਨਵ ਜੀਵਨ ਨੂੰ ਨਿਰਾਪਦ ਤਥਾ ਸਹਾਈ ਹੀ ਨਹੀਂ ਪ੍ਰਤੂ ਅਨੇਕਾਂ ਮਹੱਤਵ ਪੂਰਨ ਉਪਾਦਾਨਾਂ ਦੁਆਰਾ ਉਤਕ੍ਰਿਸ਼ਟ ਬਣਾਉਣ ਵਾਲੇ ਸਾਰੇ ਵਿਅਕਤੀਗਤ ਅਤੇ ਸਮਾਜਕ ਵਿਵਹਾਰਾਂ, ਰੀਤਾਂ, ਵਿਚਾਰਾਂ, ਅਨੁਭੂਤੀਆਂ ਅਤੇ ਆਦਰਸ਼ਾਂ ਆਦਿ ਦਾ ਇਕ ਸ਼ਕਤੀਸ਼ਾਲੀ ਪੁੰਜ ਹੈ।[3]

ਰੇਮੰਡ ਵਿਲੀਅਮ ਅਨੁਸਾਰ ਸਭਿਆਚਾਰ ਮਨ ਦੀ ਇਕ ਅਵਸਥਾ ਹੈ ਜਾਂ ਬੌਧਿਕ ਅਤੇ ਸਦਾਚਾਰਕ ਗਤੀ ਵਿਧੀਆਂ ਦਾ ਇਕੱਠ ਜਾਂ ਜੀਵਨ ਦਾ ਇਕ ਢੰਗ ਹੈ।[4]

ਕਈ ਤਾਂ ਸਭਿਆਚਾਰ ਤੋਂ ਸਿਰਫ਼ ਕਲਾ, ਨਾਚ ਅਤੇ ਨਾਟਕ ਦਾ ਭਾਵ ਹੀ ਲੈਂਦੇ ਹਨ ਪਰ ਸਭਿਆਚਾਰ ਸਿਰਫ਼ ਕਲਾ, ਨਾਚ ਅਤੇ ਨਾਟਕ ਹੀ ਨਹੀਂ ਹੈ ਸਗੋਂ ਇਕ ਜੀਵਨ ਜਾਚ ਹੈ। ਇਸ ਵਿਚ ਬੋਲਣ ਢੰਗ, ਖੁਰਾਕ, ਪੁਸ਼ਾਕ, ਪਿਆਰ ਅਤੇ ਦੋਸਤੀ, ਸੁੰਦਰਤਾ ਅਤੇ ਮਨ ਪਰਚਾਵਾ, ਖੇਡਾਂ ਅਤੇ ਰੁਝੇਵੇਂ, ਗਿਆਨ ਦੀ ਭੁੱਖ ਅਤੇ ਖੁਸ਼ੀ ਅਤੇ ਜੀਵਨ ਦਾ ਅਰਥ ਲੱਭਣ ਦੀ ਖੋਜ, ਮਨੁੱਖ ਜਿਵੇਂ ਆਪਣਾ ਪ੍ਰਗਟਾਵਾ ਕਰਦਾ ਹੈ ਅਤੇ ਜਿਵੇਂ ਸਮਾਜ ਦੇ ਸਾਰੇ ਮਨੁੱਖ ਆਪਣੇ ਆਪ ਦਾ ਪ੍ਰਗਟਾਵਾ ਕਰਦੇ ਹਨ ਉਹ ਸਭਿਆਚਾਰ ਹੈ। ਇਸ ਦਾ ਅਰਥ ਪੂਰਨਤਾ ਵੀ ਹੈ।[5]

ਟੀ.ਐਸ. ਈਲੀਅਟ ਨੇ ਕਲਚਰ ਦੇ ਵੱਖ ਵੱਖ ਪੱਖਾਂ ਬਾਰੇ ਵਿਚਾਰ ਕਰਨ ਉਪਰੰਤ ਲਿਖਿਆ ਹੈ ਕਿ ਕਲਚਰ ਤੋਂ ਮੇਰਾ ਭਾਵ ਹੈ, ਜਿਵੇਂ ਕਿ ਮਾਨਵ ਵਿਗਿਆਨੀ ਕਹਿੰਦੇ ਹਨ ਕਿਸੇ ਇਕ ਥਾਂ ਇਕੱਠੇ ਰਹਿ ਰਹੇ ਤਬਕੇ ਦਾ ਜੀਵਨ ਢੰਗ। ਕਲਚਰ ਉਨ੍ਹਾਂ ਦੀ ਕਲਾ, ਉਨ੍ਹਾਂ ਦੀ ਸਮਾਜ ਪ੍ਰਣਾਲੀ, ਉਨ੍ਹਾਂ ਦੀਆਂ ਆਦਤਾਂ ਅਤੇ ਰਸਮਾਂ ਅਤੇ ਉਨ੍ਹਾਂ ਦੇ ਧਰਮ ਤੋਂ ਪ੍ਰਤੱਖ ਹੁੰਦੀ ਹੈ। ਪਰ ਸਭਿਆਚਾਰ ਇਨ੍ਹਾਂ ਸਾਰੀਆਂ ਗੱਲਾਂ ਦਾ ਸਮੂਹ ਜਾਂ ਜੋੜ ਨਹੀਂ ਹੈ, ਭਾਵੇਂ ਕਿਹਾ ਇਸ ਤਰ੍ਹਾਂ ਹੀ ਜਾਂਦਾ ਹੈ। ਇਹ ਸਾਰੀਆਂ ਗੱਲਾਂ ਮਨੁੱਖੀ ਸਰੀਰ ਵਾਂਙ ਸਭਿਆਚਾਰ ਦਾ ਭਾਗ ਹਨ।

---

1. ਕਲਚਰ ਐਂਡ ਐਨਾਰਕੀ (ਅਨੁਵਾਦ) ਪੰਨਾ 45.
2. ਵਹੀ, ਪੰਨਾ 69.
3. ਕਬੀਰ ਸਾਹਿੱਤ ਕਾ ਸਾਂਸਕ੍ਰਿਤਿਕ ਅਧਿਐਨ, ਪੰਨਾ 10.
4. Raymond William, Culture and Society, p.XVIII.
5. A.G.K. Anessay, Culture and Anarchy, Illustrated Weekly of India, August 14, 1977.

ਪਰ ਜਿਸ ਤਰ੍ਹਾਂ ਕਿ ਮਨੁੱਖ ਸਰੀਰ ਦੇ ਵੱਖ ਵੱਖ ਅੰਗਾਂ ਦੇ ਜੋੜ ਤੋਂ ਬਿਨਾਂ ਵੀ ਕੁਝ ਹੋਰ ਹੈ, ਇਸ ਤਰ੍ਹਾਂ ਸਭਿਆਚਾਰ ਵੀ ਕਲਾਵਾਂ, ਰਿਵਾਜਾਂ ਅਤੇ ਧਾਰਮਿਕ ਵਿਸ਼ਵਾਸਾਂ ਤੋਂ ਬਿਨਾਂ ਕੁਝ ਹੋਰ ਹੈ। ਇਨ੍ਹਾਂ ਸਾਰਿਆਂ ਅੰਗਾਂ ਦਾ ਪਰਸਪਰ ਸੰਬੰਧ ਹੈ। ਕਿਸੇ ਇਕ ਨੂੰ ਸਮਝਣ ਲਈ ਸਾਰਿਆਂ ਨੂੰ ਸਮਝਣਾ ਪੈਂਦਾ ਹੈ। ਸਭਿਆਚਾਰ ਨਿਰਸੰਦੇਹ ਦੋ ਹਨ: ਉਚੇਰੇ ਸਭਿਆਚਾਰ ਅਤੇ ਨੀਵੇਂ ਸਭਿਆਚਾਰ। ਉਚੇਰੇ ਸਭਿਆਚਾਰ ਕ੍ਰਿਆ ਦੇ ਅੰਤਰ ਕਰਕੇ ਵਿਲੱਖਣ ਹਨ। ਇਸ ਕਰਕੇ ਸਮਾਜ ਵਿਚ ਵੱਧ ਸਭਿਅਕ ਅਤੇ ਘਟ ਸਭਿਅਕ ਲੋਕ ਹਨ ਅਤੇ ਕਈ ਬਹੁਤ ਹੀ ਸਭਿਅਕ। ਇਕ ਕਲਾਕਾਰ ਜਾਂ ਫਿਲਾਸਫਰ ਦਾ ਸਭਿਆਚਾਰ ਖਾਨ ਵਿਚ ਕੰਮ ਕਰਨ ਵਾਲੇ ਵਰਕਰ ਜਾਂ ਖੇਤੀ ਕਰਨ ਵਾਲੇ ਮਜ਼ਦੂਰ ਤੋਂ ਵਿਲੱਖਣ ਹੈ, ਇਕ ਕਵੀ ਦਾ ਸਭਿਆਚਾਰ ਇਕ ਰਾਜਨੀਤਕ ਤੋਂ ਅੰਤਰ ਰਖਦਾ ਹੈ। ਪਰ ਇਕ ਨਰੋਏ ਸਮਾਜ ਵਿਚ ਇਹ ਇਕੋ ਸਭਿਆਚਾਰ ਦੇ ਅੰਗ ਹਨ। ਇਕ ਕਲਾਕਾਰ, ਇਕ ਕਵੀ, ਇਕ ਫਿਲਾਸਫਰ, ਇਕ ਸਿਆਸਤਦਾਨ ਅਤੇ ਇਕ ਮਜ਼ਦੂਰ ਦਾ ਸਾਂਝਾ ਸਭਿਆਚਾਰ ਹੈ, ਜਿਹੜਾ ਕਿ ਦੂਜਿਆਂ ਮੁਲਕਾਂ ਦੇ ਉਹੋ ਜਿਹੇ ਬੰਦਿਆਂ ਤੋਂ ਵੱਖਰਾ ਹੈ।[1]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਮਨੁੱਖੀ ਜੀਵਨ ਦੀਆਂ ਵੱਖ ਵੱਖ ਕੀਮਤਾਂ ਦੀ ਸਮਾਨਤਾ ਹੀ ਸਭਿਆਚਾਰ ਦਾ ਪਿਛੋਕੜ ਹੈ। ਜ਼ਿੰਦਗੀ ਦਾ ਹਰ ਛੋਟਾ ਮੋਟਾ ਕਰਤੱਵ ਸਾਂਝੇ ਸਭਿਆਚਾਰ ਰਾਹੀਂ ਨਿਸ਼ਚਿਤ ਹੁੰਦਾ ਹੈ। ਸਭਿਆਚਾਰ ਸਾਂਝੇ ਵਤੀਰੇ ਵਿਚ ਪ੍ਰਗਟ ਹੁੰਦਾ ਹੈ ਤੇ ਵਿਕਾਸ ਕਰਦਾ ਹੈ। ਕਿਸੇ ਸਮੂਹ ਦਾ ਵਤੀਰਾ ਉਸਦੇ ਤਮਾਮ ਰਿਵਾਜ ਕਾਨੂੰਨ ਤੇ ਸਰਕਾਰ, ਧਰਮ, ਲਲਿਤ ਕਲਾਵਾਂ, ਮਨੋਰੰਜਨ ਤੇ ਰਵਾਇਤਾਂ, ਨਾਟ-ਸ਼ਾਸਤਰ, ਸਾਹਿਤ, ਵਿਆਹ, ਪਰਿਵਾਰਕ ਜੀਵਨ, ਸੰਤਾਨ ਉਤਪਤੀ, ਪਾਲਣ ਪੋਸਣ, ਵਿਦਿਆ, ਕਾਰੋਬਾਰ, ਪਹਿਰਾਵਾ, ਖੁਰਾਕ, ਵਰਣ ਆਸ਼ਰਮ ਆਦਿ ਸਾਰੀਆਂ ਸੰਸਥਾਵਾਂ ਸਭਿਆਚਾਰ ਦੇ ਦਾਇਰੇ ਵਿਚ ਆ ਜਾਂਦੀਆਂ ਹਨ। ਕਿਸੇ ਇਕ ਸਭਿਆਚਾਰ ਵਿਚ ਲੋਕ ਇਕੱਠੇ ਰਹਿੰਦੇ ਹਨ ਅਤੇ ਇਕੋ ਬੋਲੀ ਬੋਲਦੇ ਹਨ। ਇਕ ਬੋਲੀ ਬੋਲਣ ਵਾਲੇ ਲੋਕਾਂ ਦੀ ਸੋਚਣੀ, ਜਜ਼ਬੇ ਉਨ੍ਹਾਂ ਲੋਕਾਂ ਨਾਲੋਂ ਵੱਖਰੇ ਹੁੰਦੇ ਹਨ, ਜਿਹੜੇ ਦੂਜੀ ਬੋਲੀ ਬੋਲਦੇ ਹਨ। ਭਾਵੇਂ ਵੱਖ ਵੱਖ ਲੋਕਾਂ ਦੇ ਸਭਿਆਚਾਰ ਇਕ ਦੂਜੇ ਤੇ ਅਸਰ ਪਾਉਂਦੇ ਹਨ ਅਤੇ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਜਗਤ ਦਾ ਇਕ ਹਿੱਸਾ ਦੂਜੇ ਹਰ ਇਕ ਹਿੱਸੇ ਤੇ ਅਸਰ ਪਾਵੇਗਾ। ਵੱਖ ਵੱਖ ਬੋਲੀਆਂ ਬੋਲਣ ਵਾਲੇ ਵੀ ਇਕ ਦੂਜੇ ਦੇ ਨੇੜੇ ਹੋ ਸਕਦੇ ਹਨ ਅਤੇ ਕਈ ਵਾਰੀ ਇੰਨੇ ਨੇੜੇ ਹੁੰਦੇ ਹਨ ਕਿ ਇਸ ਤਰ੍ਹਾਂ ਜਾਪਦਾ ਹੈ ਕਿ ਉਹ ਸਭਿਆਚਾਰਕ ਤੌਰ ਤੇ ਇਕ ਦੂਜੇ ਦੇ ਕਾਫ਼ੀ ਨੇੜੇ ਹਨ।[2]

---

1. Notes towards the Definition of Culture, p.120.

2. Ibid, p.120-21.

## ਭੌਤਿਕ ਅਤੇ ਮਾਨਸਿਕ ਸਭਿਆਚਾਰ

ਸਭਿਆਚਾਰ ਦੇ ਮੁੱਖ ਦੋ ਅੰਗ ਹਨ: ਪਦਾਰਥਕ ਜਾਂ ਭੌਤਿਕ ਅਤੇ ਮਾਨਸਿਕ। ਪਦਾਰਥਕ ਜਾਂ ਭੌਤਿਕ ਕਲਚਰ ਉਹ ਹੈ ਜੋ ਵਸਤਾਂ, ਬਨਸਪਤੀ ਜਾਂ ਸਰੀਰ ਨਾਲ ਸੰਬੰਧ ਰੱਖੇ। ਇਸ ਨੂੰ ਭੂਗੋਲਿਕ ਕਲਚਰ ਵੀ ਕਹਿ ਸਕਦੇ ਹਾਂ, ਕਿਉਂਕਿ ਇਸਦਾ ਆਧਾਰ ਧਰਤੀ ਅਤੇ ਪੌਣ ਪਾਣੀ ਤੇ ਹੈ।[1] ਭੂਗੋਲਿਕ ਸਥਿਤੀ ਦੇ ਅੰਤਰ ਕਰਕੇ ਵੱਖ ਵੱਖ ਦੇਸ਼ਾਂ ਦੇ ਸਭਿਆਚਾਰ ਵਿਚ ਹੀ ਅੰਤਰ ਨਹੀਂ, ਸਗੋਂ ਇਕ ਦੇਸ਼ ਦੇ ਵੱਖ ਵੱਖ ਇਲਾਕਿਆਂ ਦੇ ਸਭਿਆਚਾਰ ਵਿਚ ਵੀ ਅੰਤਰ ਆ ਜਾਂਦਾ ਹੈ। ਪ੍ਰਕਿਰਤਕ ਆਲਾ ਦੁਆਲਾ ਅਤੇ ਉਸ ਨਾਲ ਮਨੁੱਖ ਦੇ ਸੰਬੰਧ ਉਸਦੇ ਦਿਲ ਦਿਮਾਗ਼ ਤੇ ਅਸਰ ਪਾਉਂਦੇ ਹਨ, ਮਨੁੱਖ ਦੇ ਸੁਭਾਅ ਅਤੇ ਬੋਲੀ ਨੂੰ ਪ੍ਰਭਾਵਿਤ ਕਰਦੇ ਹਨ। ਕਿਸੇ ਇਲਾਕੇ ਦੇ ਲੋਕਾਂ ਅੰਦਰ ਆਪਣੇ ਭੂਗੋਲਿਕ ਸਭਿਆਚਾਰ ਨਾਲ ਵਿਸ਼ੇਸ਼ ਪਿਆਰ ਹੁੰਦਾ ਹੈ। ਉਸ ਇਲਾਕੇ ਦੇ ਭੂਗੋਲਿਕ ਸਭਿਆਚਾਰ ਦੀ ਵਿਲੱਖਣਤਾ ਉਥੋਂ ਦੇ ਸਾਹਿਤ ਵਿਚੋਂ ਵੇਖੀ ਜਾ ਸਕਦੀ ਹੈ। ਗੁਰੂ ਨਾਨਕ ਦਾ ਬਾਰਾਮਾਹ ਇਸਦੀ ਇਕ ਉੱਤਮ ਉਦਾਹਰਣ ਹੈ।

ਧਰਤੀ ਅਤੇ ਉਸ ਤੋਂ ਉਪਜਦੀਆਂ ਵਸਤਾਂ ਕਿਸੇ ਇਲਾਕੇ ਦੇ ਲੋਕਾਂ ਦੇ ਵਿਅਕਤਿਤ੍ਵ ਨੂੰ ਘੜਦੀਆਂ ਹਨ। ਉਸਦੇ ਖਾਣ ਪੀਣ, ਪਹਿਰਾਵੇ, ਵਰਤਣ ਆਦਿ ਦੀ ਵਿਸ਼ੇਸ਼ਤਾਵਾਂ ਪ੍ਰਗਟਾਉਂਦੀਆਂ ਹਨ। ਭੌਤਕ ਤਬਦੀਲੀ ਨਾਲ, ਭਾਵੇਂ ਉਹ ਕੁਦਰਤੀ ਹੋਵੇ ਜਾਂ ਮਨੁੱਖ ਵਲੋਂ ਲਿਆਂਦੀ, ਮਨੁੱਖੀ ਸਭਿਆਚਾਰ ਵਿਚ ਵੀ ਪਰਿਵਰਤਨ ਆ ਜਾਂਦਾ ਹੈ। ਜੋ ਕਿਸੇ ਇਲਾਕੇ ਦੀ ਭੌਤਿਕ ਕਲਚਰ ਪਹਿਲਾਂ ਸੀ ਉਹ ਹੁਣ ਨਹੀਂ ਰਹੀ ਅਤੇ ਜੋ ਹੁਣ ਹੈ ਉਹ ਭਵਿੱਖਤ ਵਿਚ ਨਹੀਂ ਰਹਿਣੀ। ਇਹ ਬਦਲਦੀ ਭੌਤਿਕ ਸਥਿਤੀ ਕਰਕੇ ਗਤੀਸ਼ੀਲ ਹੈ। ਲੋਕ ਮਨ ਵੀ ਸਥਿਤੀ ਨਾਲ ਬਦਲਦੇ ਰਹਿੰਦੇ ਹਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਭੂਗੋਲਿਕ ਸਥਿਤੀ ਦਾ ਮਨੁੱਖੀ ਮਨ ਤੇ ਅਸਰ ਹੁੰਦਾ ਹੈ ਜੋ ਉਸਦੇ ਆਚਾਰ ਅਤੇ ਵਿਵਹਾਰ ਦਾ ਇਕ ਕਾਰਨ ਬਣਦਾ ਹੈ। ਦੂਜੇ, ਵਿਦਿਆ ਵੀ ਮਨੁੱਖ ਦੀ ਸੋਚਣੀ ਅਤੇ ਕਰਨੀ ਤੇ ਅਸਰ ਪਾਂਦੀ ਹੈ। ਜਿਵੇਂ ਜਿਵੇਂ ਵਿਦਿਆ ਦਾ ਪਾਸਾਰ ਹੁੰਦਾ ਹੈ, ਵਿਅਕਤੀ ਦੇ ਵਿਚਾਰ, ਉਸਦਾ ਰਹਿਣ ਸਹਿਣ, ਵਰਤਣ ਵਰਤਾਵ ਅਤੇ ਸੁਭਾਅ ਬਦਲਦਾ ਹੈ। ਵਿਦਿਆ, ਭਾਵੇਂ ਅਧਿਆਤਮਕ ਜਾਂ ਪਰਾ ਹੈ ਭਾਵੇਂ ਸੰਸਾਰਕ ਜਾਂ ਅਪਰਾ ਮਨੁੱਖੀ ਸ਼ਖ਼ਸੀਅਤ ਨੂੰ ਘੜਦੀ ਹੈ। ਕਿਸੇ ਕੌਮ ਜਾਂ ਦੇਸ਼ ਦੀ ਵਿਚਾਰਧਾਰਾ ਉਸਦੇ ਸਭਿਆਚਾਰ ਦੀ ਵਿਸ਼ੇਸ਼ਤਾ ਦਰਸਾਂਦੀ ਹੈ।

## ਸਭਿਆਚਾਰ ਦਾ ਉਦੇਸ਼

ਮਨੁੱਖ ਦੀਆਂ ਕੁਦਰਤੀ ਪਰਵਿਰਤੀਆਂ ਦਾ ਵਿਕਾਸ ਅਤੇ ਪੂਰਨਤਾ ਹੀ ਸਭਿਆਚਾਰ ਦਾ ਆਦਰਸ਼ ਹੈ। ਮਨੁੱਖ ਦੇ ਅੰਦਰ ਜੋ ਮਾਨਵ ਤੱਤ ਹਨ ਉਨ੍ਹਾਂ ਨੂੰ ਵਿਕਸਤ ਕਰਕੇ ਮਨੁੱਖ ਨੂੰ

---

1. ਡਾ: ਮੋਹਨ ਲਾਲ ਆਹੂਜਾ, ਧਨੀ ਰਾਮ ਚਾਤ੍ਰਿਕ ਦੀ ਸਭਿਆਚਾਰਕ ਦੇਣ, ਪੰਨਾ 3.

ਉੱਤਮ ਪ੍ਰਾਣੀ ਬਣਾ ਦੇਣਾ ਸਭਿਆਚਾਰ ਦਾ ਆਸ਼ਾ ਜਾਂ ਉਦੇਸ਼ ਹੈ। ਮੈਥਿਊ ਆਰਨਲਡ ਅਨੁਸਾਰ ਸਭਿਆਚਾਰ ਇਕ ਤਾਂ ਮਨੁੱਖ ਨੂੰ ਪਸ਼ੂ ਬਿਰਤੀਆਂ ਤੋਂ ਅਲੱਗ ਕਰਨ ਵਾਲੀ ਪੂਰਨ ਮਾਨਵਤਾ ਦੀ ਪ੍ਰਤਿਸ਼ਠਾ ਕਰਦਾ ਹੈ, ਦੂਜੇ ਭੌਤਿਕ ਵਿਕਾਸ ਦੇ ਨਾਲ ਨਾਲ ਮਾਨਸਿਕ ਵਿਕਾਸ ਕਰਕੇ ਮਾਨਵ ਪ੍ਰਕ੍ਰਿਤੀ ਨੂੰ ਸੁੰਦਰ ਬਣਾਉਂਦਾ ਹੈ ਅਤੇ ਤੀਜੇ ਮਨੁੱਖ ਵਿਚ ਸਮਾਜਿਕ ਭਾਵਨਾ ਉਤਪੰਨ ਕਰਕੇ ਉਸ ਨੂੰ ਲੋਕ ਕਲਿਆਣ ਦੇ ਮਾਰਗ ਤੇ ਚਲਣ ਦੀ ਪ੍ਰੇਰਨਾ ਦਿੰਦਾ ਹੈ।[1] ਸ੍ਰੀ ਅਰਬਿੰਦੋ ਘੋਸ਼ ਅਨੁਸਾਰ ਕਿਸੇ ਵੀ ਮਹਾਨ ਸਭਿਆਚਾਰ ਦਾ ਉਦੇਸ਼ ਇਹ ਹੈ ਕਿ ਉਹ ਮਨੁੱਖ ਨੂੰ ਉਹ ਕੁਝ ਬਣਾਵੇ ਜੋ ਉਹ ਪਹਿਲਾਂ ਨਹੀਂ ਹੈ। ਅਗਿਆਨਤਾ ਵਿਚੋਂ ਕੱਢ ਕੇ ਗਿਆਨ ਰੂਪ ਪ੍ਰਕਾਸ਼ ਵੱਲ ਲਿਜਾਣਾ, ਬੁੱਧੀ ਅਨੁਸਾਰ ਜੀਵਨ ਜਿਊਣਾ ਜਦ ਕਿ ਉਹ ਕਬੁੱਧੀ ਨਾਲ ਜੀ ਰਿਹਾ ਹੈ, ਸਦਾਚਾਰਕ ਨਿਯਮਾਂ ਅਤੇ ਏਕਤਾ ਵਲ ਲਿਜਾਣਾ ਜਦ ਕਿ ਉਹ ਬੁਰਾਈਆਂ ਵਿਚ ਰਹਿ ਰਿਹਾ ਹੈ ਅਤੇ ਕੁਦਰਤੀ ਦੇ ਪਿੰਜਰ ਵਿਚੋਂ ਕੱਢ ਕੇ ਸੁੰਦਰ ਬਣਾਉਣਾ ਸਭਿਆਚਾਰ ਦਾ ਆਸ਼ਾ ਹੈ।[2] ਟੀ.ਐਸ.ਈਲੀਅਟ ਅਨੁਸਾਰ ਸਭਿਆਚਾਰ ਜੀਵਨ ਨੂੰ ਜੀਉਣ ਯੋਗ ਬਣਾਉਂਦਾ ਹੈ।[3]

<u>ਸਭਿਅਤਾ ਅਤੇ ਸਭਿਆਚਾਰ ਦਾ ਅੰਤਰ</u>

ਉਪਰਲੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਆਮ ਤੌਰ ਤੇ ਸਭਿਅਤਾ ਅਤੇ ਸਭਿਆਚਾਰ ਵਿਚ ਕੋਈ ਖਾਸ ਫ਼ਰਕ ਨਹੀਂ ਸਮਝਿਆ ਜਾਂਦਾ। ਇਥੋਂ ਤਕ ਕਿ ਕਈ ਵਾਰੀ ਦੋਵੇਂ ਸ਼ਬਦ ਅਦਲ ਬਦਲ ਕੇ ਇਕ ਦੂਜੇ ਲਈ ਵਰਤੇ ਜਾਂਦੇ ਦੇਖੇ ਗਏ ਹਨ। ਵਾਸਤਵ ਵਿਚ ਦੋਹਾਂ ਵਿਚ ਪਰਸਪਰ ਗੂੜ੍ਹਾ ਸੰਬੰਧ ਹੁੰਦਿਆਂ ਹੋਇਆਂ ਵੀ ਫ਼ਰਕ ਹੈ। ਕਈ ਵਾਰੀ ਇਕ ਸਭਿਯ ਮਨੁੱਖ ਸਭਿਅਤਾ ਵਿਚ ਪਿਛੇ ਰਹਿ ਸਕਦਾ ਹੈ ਅਤੇ ਸਭਿਅਤਾ ਵਿਚ ਉੱਨਤ ਮਨੁੱਖ ਸਭਿਆਚਾਰਕ ਪੱਖ ਤੋਂ ਸਭਿਯ ਨਹੀਂ ਹੁੰਦਾ।

ਸਭਿਅਤਾ ਬਾਹਰਮੁਖੀ( objective )ਅਤੇ ਸਭਿਆਚਾਰ ਅੰਦਰ ਮੁਖੀ ( subjective )ਹੈ। ਸਭਿਅਤਾ ਮਨੁੱਖ ਦੀਆਂ ਉਹ ਪ੍ਰਾਪਤੀਆਂ ਹਨ, ਜਿਨ੍ਹਾਂ ਦਾ ਸੰਬੰਧ ਉਸ ਦੀਆਂ ਬਾਹਰਲੀਆਂ ਲੋੜਾਂ ਦੀ ਪੂਰਤੀ ਤੋਂ ਹੈ। ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਮਨੁੱਖ ਆਪਣੇ ਆਲੇ ਦੁਆਲੇ ਵਿਚੋਂ ਸਾਜ਼ ਸਾਮਾਨ ਲੱਭਦਾ ਰਹਿੰਦਾ ਹੈ, ਕਈ ਪ੍ਰਕਾਰ ਦੇ ਤਜਰਬੇ ਕਰਦਾ ਅਤੇ ਨਵੀਆਂ ਨਵੀਆਂ ਵਸਤਾਂ ਨੂੰ ਜਾਚਦਾ ਰਹਿੰਦਾ ਹੈ ਤਾਂ ਜੋ ਉਸਦਾ ਜੀਵਨ ਸੁਖਮਈ ਬਣ ਸਕੇ। ਮਨੁੱਖ ਦੀ ਸਭਿਅਤਾ ਦਾ ਆਰੰਭ ਉਸ ਦਿਨ ਤੋਂ ਨਿਸਚਿਤ ਕੀਤਾ ਜਾ ਸਕਦਾ ਹੈ,

---

1. Culture and Anarchy,p.69.
2. Foundation of Indian Culture,p.184.
3. Notes towards the Definition of Culture,p.27.

ਜਿਸ ਦਿਨ ਤੋਂ ਉਸ ਨੇ ਪਹਿਲਾ ਹਥਿਆਰ ਜਾਂ ਸੰਦ ਬਣਾਇਆ। ਫਿਰ ਹੌਲੀ ਹੌਲੀ ਉਸ ਨੇ ਆਪਣੇ ਸੁਖ ਦੇ ਇਤਨੇ ਸਾਧਨ ਬਣਾ ਲਏ ਕਿ ਮਨੁੱਖੀ ਦਿਮਾਗ ਦੇ ਕ੍ਰਿਸ਼ਮੇ ਨੂੰ ਵੇਖ ਕੇ ਹੈਰਾਨ ਰਹਿ ਜਾਈਦਾ ਹੈ। ਗਰਮੀ ਸਰਦੀ ਤੋਂ ਬਚਣ ਲਈ ਠੰਢੇ ਤੇ ਗਰਮ ਯੰਤਰ, ਬਿਜਲੀ ਦੇ ਪੱਖੇ, ਹੀਟਰ, ਰੇਡੀਓ, ਟੈਲੀਵੀਜ਼ਨ, ਗੱਡੀਆਂ, ਜਹਾਜ਼ ਆਦਿ ਸਾਧਨ ਸਾਡੀ ਸਭਿਅਤਾ ਦੇ ਰਚਨਹਾਰੇ ਹਨ। ਇਨ੍ਹਾਂ ਸਾਧਨਾਂ ਵਿਚ ਵਾਧਾ ਤੇ ਤਰੱਕੀ ਹੀ ਸਾਡੀ ਸਭਿਅਤਾ ਦੀ ਤਰੱਕੀ ਹੈ।

ਦੂਜੇ ਪਾਸੇ ਸਭਿਆਚਾਰ ਇਕ ਅੰਦਰਲੀ( Inward )ਵਸਤੂ ਹੈ। ਇਹ ਮਨ ਅਤੇ ਬੁੱਧੀ ਦਾ ਮੈਦਾਨ ਹੈ। ਸੰਗੀਤ, ਕਵਿਤਾ, ਸਾਹਿਤ ਦਰਸ਼ਨ, ਧਰਮ ਅਤੇ ਹੋਰ ਕਲਾਵਾਂ ਮਨ ਦੀ ਸੁੰਦਰਤਾ ਦਾ ਨਤੀਜਾ ਹਨ। ਪ੍ਰਤਿਭਾ ਅਤੇ ਸੰਵੇਦਨਾ ਦਾ ਵਿਕਾਸ ਮਨੁੱਖ ਦੇ ਮਨ ਦੀਆਂ ਡੂੰਘਾਈਆਂ ਵਿਚ ਹੁੰਦਾ ਹੈ। ਜੇ ਕੋਈ ਦੇਸ਼ ਸਭਿਅਤਾ ਵਿਚ ਕਿਸੇ ਦੂਜੇ ਦੇਸ਼ ਤੋਂ ਪਿਛੇ ਹੈ ਤਾਂ ਇਸਦਾ ਇਹ ਅਰਥ ਨਹੀਂ ਕਿ ਉਹ ਸਭਿਆਚਾਰਕ ਪੱਖ ਤੋਂ ਵੀ ਪਛੜਿਆ ਹੋਇਆ ਹੈ। ਇਸ ਲਈ ਸਪਸ਼ਟ ਹੈ ਕਿ ਸਭਿਅਤਾ ਸਾਡੀ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਹਨ ਅਤੇ ਸਭਿਆਚਾਰ ਸਾਡਾ ਆਪਣਾ ਵਿਅਕਤਿਤ੍ਵ ਹੈ। ਸਭਿਆਚਾਰ ਨੂੰ ਅਸੀਂ ਵਿਅਕਤੀਗਤ ਅਤੇ ਸਭਿਅਤਾ ਨੂੰ ਸਮੂਹਿਕਤਾ ਵੀ ਕਹਿ ਸਕਦੇ ਹਾਂ। ਸਭਿਆਚਾਰ ਵਿਅਕਤੀਗਤ ਹੈ ਕਿਉਂ ਜੋ ਇਸਦਾ ਸੰਬੰਧ ਸੂਝ ਅਤੇ ਸੰਵੇਦਨਸ਼ੀਲਤਾ ਤੋਂ ਹੈ ਅਤੇ ਇਹ ਵਿਅਕਤੀ ਦੀ ਆਪਣੀ ਸੰਪਤੀ ਹੈ ਜੋ ਉਹ ਦੂਸਰਿਆਂ ਨੂੰ ਨਹੀਂ ਦੇ ਸਕਦਾ ਪਰ ਸਭਿਅਤਾ ਸਮੂਹਕ ਇਸ ਤਰ੍ਹਾਂ ਹੈ ਕਿ ਜਿਸ ਚੀਜ਼ ਦੀ ਵੀ ਈਜਾਦ ਹੁੰਦੀ ਹੈ ਉਸ ਤੋਂ ਸਾਰੇ ਦੇਸ਼ਾਂ ਨੂੰ ਇਕੋ ਜਿਹਾ ਲਾਭ ਮਿਲਦਾ ਹੈ।

ਇਤਨਾ ਅੰਤਰ ਹੋਣ ਦੇ ਬਾਵਜੂਦ ਵੀ ਸਭਿਆਚਾਰ ਅਤੇ ਸਭਿਅਤਾ ਮਾਨਵਤਾ ਦੀ ਵਿਸ਼ਾਲ ਭੂਮੀ ਦੇ ਦੋ ਫੁੱਲ ਹਨ, ਦੋਹਾਂ ਦੀ ਜੜ੍ਹ ਇਕ ਹੈ ਪਰ ਰੰਗ ਵੱਖ ਵੱਖ ਹਨ। ਇਕ ਦਾ ਸੰਬੰਧ ਅੰਦਰਲੀ ਗਹਿਰਾਈ ਨਾਲ ਹੈ ਅਤੇ ਦੂਸਰੇ ਦਾ ਬਾਹਰਲੀ ਵਿਆਪਕਤਾ ਨਾਲ। ਪਰ ਸਭਿਯ, ਸ੍ਰੇਸ਼ਟ ਅਤੇ ਵਿਕਾਸਸ਼ੀਲ ਸਮਾਜ ਲਈ ਦੋਹਾਂ ਦਾ ਹੋਣਾ ਜ਼ਰੂਰੀ ਹੈ।[1]

ਜਿਸ ਤਰ੍ਹਾਂ ਮਨੁੱਖ ਨੇ ਆਰੰਭ ਵਿਚ ਸਭਿਅਤਾ ਦੇ ਖੇਤਰ ਵਿਚ ਪ੍ਰਵੇਸ਼ ਕੀਤਾ, ਠੀਕ ਉਸੇ ਤਰ੍ਹਾਂ ਉਹ ਸਭਿਆਚਾਰਕ ਖੇਤਰ ਵਿਚ ਵੀ ਉਤਰਿਆ। ਆਦਿ ਕਾਲੀਨ ਮਨੁੱਖ ਜੋ ਸ਼ਿਕਾਰੀ ਦੇ ਰੂਪ ਵਿਚ ਜੀਵਨ ਬਿਤਾ ਰਿਹਾ ਸੀ, ਸ਼ਿਕਾਰ ਤੋਂ ਬਚੇ ਖਾਲੀ ਸਮੇਂ ਵਿਚ ਜਦੋਂ ਉਹ ਆਪਣੇ ਪੱਥਰਾਂ ਦੇ ਹਥਿਆਰਾਂ ਦੀ ਮੁੱਠ ਤੇ ਰੇਖਾਵਾਂ ਅਤੇ ਚਿਤਰ ਖਿੱਚ ਕੇ ਉਨ੍ਹਾਂ ਨੂੰ ਆਕਰਸ਼ਕ ਬਣਾ ਦਿੰਦਾ ਸੀ ਤਾਂ ਉਹ ਸੰਸਕ੍ਰਿਤੀ ਦਾ ਰੂਪ ਸਿਰਜਦਾ ਸੀ - ਜਦੋਂ ਆਦਮੀ ਆਪਣੀ ਗੁਫ਼ਾ ਦੀਆਂ ਦੀਵਾਰਾਂ ਤੇ ਜੰਗਲ ਦੇ ਪਸ਼ੂਆਂ ਦੇ ਚਿਤਰ ਬਣਾ ਕੇ ਉਨ੍ਹਾਂ ਵਿਚ ਰੰਗ ਭਰਦਾ ਸੀ ਤਾਂ ਉਹ

---

1. ਆਰੀਆ ਪ੍ਰਸਾਦਿ ਤ੍ਰਿਪਾਠੀ, ਕਬੀਰ ਸਾਹਿਤ ਕਾ ਸੰਸਕ੍ਰਿਤਕ ਅਧਿਐਨ, ਪੰਨਾ 10.

ਕਲਾ ਦੀ ਦਿਸ਼ਾ ਵਿਚ ਪ੍ਰਵੇਸ਼ ਕਰਦਾ ਸੀ। ਜਦੋਂ ਖੁਸ਼ੀ ਵਿਚ ਆ ਕੇ ਆਨੰਦ ਮਗਨ ਅਵਸਥਾ ਵਿਚ ਉਹ ਗਾ ਉਠਦਾ ਸੀ ਤਾਂ ਉਹ ਸੰਗੀਤ ਦੀ ਭੂਮੀ ਤੇ ਕਦਮ ਰਖਦਾ ਸੀ।[1]

ਸਭਿਆਚਾਰ ਅਤੇ ਸਭਿਅਤਾ ਦੋਹਾਂ ਦੇ ਵਿਕਾਸ ਤੇ ਇਕ ਮਹੱਤਵ ਪੂਰਨ ਤੱਤ ਉਤੇ ਰੋਸ਼ਨੀ ਪੈਂਦੀ ਹੈ ਕਿ ਇਹ ਦੋਨੋਂ ਹੀ ਮਾਨਵ ਵਿਕਾਸ ਦੇ ਦੋ ਪਹਿਲੂ ਹਨ। ਸਭਿਆਚਾਰ ਦਾ ਸੰਬੰਧ ਮਨੁੱਖ ਦੀ ਅੰਦਰਲੀ ਚੇਤਨਾ ਨਾਲ ਹੈ ਜਦ ਕਿ ਸਭਿਅਤਾ ਸਮਾਜਕ ਅਤੇ ਆਰਥਕ ਪਰਸਥਿਤੀਆਂ ਨਾਲ ਸੰਬੰਧਤ ਹੈ। ਡਾ: ਪ੍ਰਸੰਨ ਕੁਮਾਰ ਆਚਾਰੀਆ ਅਨੁਸਾਰ ਸੰਸਕ੍ਰਿਤੀ ਬੌਧਿਕ ਵਿਕਾਸ ਦੀਆਂ ਅਵਸਥਾਵਾਂ ਨੂੰ ਸੂਚਿਤ ਕਰਦੀ ਹੈ ਅਤੇ ਸਭਿਅਤਾ ਦੇ ਪਰਿਣਾਮ ਸਰੂਪ ਸਰੀਰਕ ਅਤੇ ਭੌਤਿਕ ਵਿਕਾਸ ਹੁੰਦਾ ਹੈ। ਸਭਿਆਚਾਰ ਦਾ ਸੰਬੰਧ ਆਤਮਾ ਅਤੇ ਸਭਿਅਤਾ ਦਾ ਸੰਬੰਧ ਕਾਯਾ ਨਾਲ ਮੰਨਿਆ ਹੈ। ਸਭਿਅਤਾ ਸਾਂਸਕ੍ਰਿਤਕ ਵਿਚਾਰਧਾਰਾ ਦਾ ਬਾਹਰਲਾ ਕ੍ਰਿਆਤਮਕ ਰੂਪ ਹੈ।[2] ਸਭਿਅਤਾ ਅਧਿਕ ਉਨੱਤ ਸਭਿਆਚਾਰ ਦਾ ਵਿਸ਼ਿਸ਼ਟ ਤੱਤ ਹੈ।[3]

ਦਿਨਕਰ ਨੇ ਸਭਿਅਤਾ ਅਤੇ ਸਭਿਆਚਾਰ ਦੇ ਸੰਬੰਧ ਨੂੰ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕੀਤਾ ਹੈ, "ਸਭਿਆਚਾਰ ਸਭਿਅਤਾ ਨਾਲੋਂ ਸੂਖਮ ਵਸਤੂ ਹੁੰਦੀ ਹੈ। ਇਹ ਸਭਿਅਤਾ ਵਿਚ ਉਸੇ ਤਰ੍ਹਾਂ ਵਿਆਪਕ ਹੈ ਜਿਵੇਂ ਦੁੱਧ ਵਿਚ ਮੱਖਣ ਜਾਂ ਫੁੱਲਾਂ ਵਿਚ ਸੁਗੰਧੀ।[4] ਡਾ: ਰੋਸ਼ਨ ਲਾਲ ਆਹੂਜਾ[5] ਅਨੁਸਾਰ ਫੁਰਸਤ(ਵਿਹਲ)ਸਭਿਅਤਾ ਦੀ ਸੂਚਕ ਹੈ ਪਰ ਮਨੋਰੰਜਨ ਸਭਿਆਚਾਰ ਦੀ। ਡਾ: ਹਜ਼ਾਰੀ ਪ੍ਰਸਾਦ ਦਿਵੇਦੀ ਅਨੁਸਾਰ, "ਸਭਿਅਤਾ ਉਹ ਦੁਆਰ ਹੈ ਜਿਸ ਵਿਚੋਂ ਹੋ ਕੇ ਮਨੁੱਖ ਸਮਾਜਕ ਜੀਵਨ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ, ਪ੍ਰੰਤੂ ਸਭਿਆਚਾਰ ਉਪਯੁਕਤ ਵਿਸ਼ੇਸ਼ਤਾ ਦੇ ਕਾਰਨ ਮਨੁੱਖ ਦੀਆਂ ਸਾਰੀਆਂ ਸਾਧਨਾਂ ਦਾ ਸਰਬੋਤਮ ਪਰਿਣਿਤ(ਸੁਚਾਰਿਆ ਰੂਪ) ਹੈ।[6]

ਲਗਭਗ ਸਾਰੇ ਵਿਦਵਾਨਾਂ ਨੇ ਸਭਿਆਚਾਰ ਨੂੰ ਉਸ ਸ਼ਕਤੀ ਦੇ ਰੂਪ ਵਿਚ ਸਵੀਕਾਰ ਕੀਤਾ ਜਿਸ ਨੂੰ ਮਨੁੱਖ ਨੇ ਆਪਣੇ ਸੰਸਕਾਰਾਂ ਅਤੇ ਵਾਤਾਵਰਣ ਵਿਚੋਂ ਪ੍ਰਾਪਤ ਕੀਤਾ ਹੈ, ਪ੍ਰੰਤੂ ਸਭਿਅਤਾ ਮਨੁੱਖ ਨੂੰ ਉਨੱਤੀ ਦੇ ਰਾਹ ਵਲ ਲੈ ਜਾਣ ਦਾ ਸੰਕੇਤ ਕਰਦੀ ਹੈ।

ਸੋ ਇਹ ਸਪਸ਼ਟ ਹੈ ਕਿ ਸਭਿਆਚਾਰ ਅਤੇ ਸਭਿਅਤਾ ਮਨੁੱਖੀ ਜੀਵਨ ਦੇ ਵਿਕਾਸ ਦੇ ਦੋ ਪਹਿਲੂ ਹਨ। ਇਕ ਅੰਦਰਲੀ ਸੁੰਦਰਤਾ, ਆਨੰਦ, ਹੁਲਾਸ ਨਾਲ ਸੰਬੰਧਤ ਹੈ ਜਦ ਕਿ ਦੂਸਰਾ

---

1. ਡਾ: ਭਗਵਤ ਸ਼ਰਨ - ਸਾਂਸਕ੍ਰਿਤਕ ਭਾਰਤ - ਪੰਨਾ 12.
2. ਡਾ: ਪ੍ਰਸੰਨ ਕੁਮਾਰ ਆਚਾਰਯ, ਭਾਰਤੀਯ ਸੰਸਕ੍ਰਿਤੀ ਏਵੰ ਸਭਿਅਤਾ, ਪੰਨਾ 4.
3. Encyclopaedia of Social Sciences, Vol. IV.
4. ਸੰਸਕ੍ਰਿਤੀ ਕੇ ਚਾਰ ਅਧਿਆਇ, ਪੰਨਾ 652.
5. ਧਨੀ ਰਾਮ ਚਾਤ੍ਰਿਕ ਦੀ ਸਭਿਆਚਾਰਕ ਦੇਣ, ਪੰਨਾ 19.
6. ਅਸ਼ੋਕ ਕੇ ਫੂਲ, ਪੰਨਾ 63.

ਬਾਹਰਲੇ ਸਥੂਲ ਅਤੇ ਭੌਤਿਕ ਹਾਲਾਤਾਂ ਨਾਲ ਪ੍ਰੇਰਦਾ ਹੈ। ਪਰ ਅਜਿਹਾ ਅੰਤਰ ਹੋਣ ਦੇ ਬਾਵਜੂਦ ਵੀ ਦੋਹਾਂ ਦਾ ਆਪਸ ਵਿਚ ਡੂੰਘਾ ਸੰਬੰਧ ਹੈ। ਕੁਝ ਵਿਦਵਾਨਾਂ ਨੇ ਇਸ ਨੂੰ ਆਤਮਾ ਤੇ ਸਰੀਰ ਨਾਲ ਤੁਲਨਾ ਦਿੱਤੀ ਹੈ, ਜਿਸ ਤੋਂ ਸਪਸ਼ਟ ਹੈ ਕਿ ਇਨ੍ਹਾਂ ਦਾ ਸੰਬੰਧ ਵੀ ਆਤਮਾ ਅਤੇ ਸਰੀਰ ਦੀ ਤਰ੍ਹਾਂ ਹੈ। ਜਿਵੇਂ ਆਤਮਾ ਤੋਂ ਬਿਨਾਂ ਸਰੀਰ ਦਾ ਕੋਈ ਮਹੱਤਵ ਨਹੀਂ ਅਤੇ ਸਰੀਰ ਤੋਂ ਬਿਨਾਂ ਆਤਮਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸਭਿਅਤਾ ਸੀਮਿਤ ਹੈ ਅਤੇ ਸਭਿਆਚਾਰ ਅਸੀਮਤ ਪਰ ਇਹ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਵੱਖ ਵੱਖ ਸਭਿਅਤਾਵਾਂ ਦੇ ਯੋਗ ਨਾਲ ਹੀ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ। ਜਿਵੇਂ ਭਵਨ ਉਸਾਰੀ ਇਕ ਪ੍ਰਕਾਰ ਦੀ ਸਭਿਅਤਾ ਹੈ ਪਰ ਉਸਦੇ ਉਪਰ ਚਿਤਰਕਾਰੀ ਅਤੇ ਸਜਾਵਟ ਸਾਡੀ ਸੰਸਕ੍ਰਿਤੀ ਦਾ ਹਿੱਸਾ ਹਨ।

ਭਾਰਤੀ ਸੰਸਕ੍ਰਿਤੀ ਕਈ ਸਭਿਆਚਾਰਾਂ, ਜਿਹਾ ਕਿ ਜੈਨ, ਬੁੱਧ, ਆਰੀਆ, ਦ੍ਰਾਵੜ, ਹਿੰਦੂ, ਮੁਸਲਮ ਆਦਿ ਦਾ ਸਮੂਹ ਹੈ। ਇਹ ਵੱਖ ਵੱਖ ਜਾਂ ਅਨੇਕ ਹੋ ਕੇ ਵੀ ਇਕ ਹਨ।

ਸੋ ਸਭਿਆਚਾਰ ਅਤੇ ਸਭਿਅਤਾ ਕਿਸੇ ਵੀ ਕੌਮ ਦੀ ਉਨੱਤੀ ਦੇ ਦੋ ਅਖੰਡ ਪਹਿਲੂ ਹਨ। ਜਿਹੜਾ ਦੇਸ਼ ਸਭਿਅਤਾ ਦੇ ਪੱਖ ਤੋਂ ਜਿੰਨੀ ਤਰੱਕੀ ਕਰੇਗਾ ਉਹ ਉਤਨਾ ਹੀ ਸਭਯ ਮੰਨਿਆ ਜਾਏਗਾ। ਸਭਿਆਚਾਰ ਹਰੇਕ ਦੇਸ਼ ਦਾ ਆਪਣਾ ਹੁੰਦਾ ਹੈ ਜਿਸ ਤੇ ਸਦਾ ਹੀ ਉਹ ਦੇਸ਼ ਮਾਣ ਕਰਦਾ ਹੈ ਅਤੇ ਮਨੁੱਖ ਦਾ ਵਿਅਕਤਿਤਵ ਵੀ ਉਸ ਤੇ ਨਿਰਭਰ ਕਰਦਾ ਹੈ। ਮੰਗਲ ਦੇਵ ਸ਼ਾਸਤਰੀ ਅਨੁਸਾਰ ਕਿਸੇ ਦੇਸ਼ ਜਾਂ ਸਮਾਜ ਦੇ ਅਨੇਕ ਤਰ੍ਹਾਂ ਦੇ ਜੀਵਨ ਵਪਾਰਾਂ, ਸਮਾਜਕ ਸੰਬੰਧਾਂ ਅਤੇ ਮਾਨਵੀ ਦ੍ਰਿਸ਼ਟੀ ਤੋਂ ਪ੍ਰੇਰਕ ਕਾਰਨਾਂ ਦੀ ਸਮਸ਼ਟੀ ਨੂੰ ਹੀ ਸੰਸਕ੍ਰਿਤੀ ਕਿਹਾ ਗਿਆ ਹੈ।[1] ਇਸ ਤਰ੍ਹਾਂ ਹਰੇਕ ਦੇਸ਼ ਦੇ ਸਭਿਆਚਾਰ ਦੀਆਂ ਆਪਣੀਆਂ ਵਿਸ਼ੇਸ਼ਤਾਈਆਂ ਹਨ ਅਤੇ ਭਾਰਤੀ ਸਭਿਆਚਾਰ ਵੀ ਆਪਣੇ ਆਪ ਵਿਚ ਵਿਲੱਖਣ ਹੈ ਜੋ ਆਪਣੀਆਂ ਖਾਸ ਵਿਸ਼ੇਸ਼ਤਾਈਆਂ ਰਖਦਾ ਹੈ।

## ਸਭਿਆਚਾਰ ਅਤੇ ਲੋਕਯਾਨ

ਸਭਿਆਚਾਰ ਅਤੇ ਲੋਕਯਾਨ ਵੀ ਪਰਸਪਰ ਸੰਬੰਧਿਤ ਹਨ। ਮਾਨਵ ਵਿਗਿਆਨੀ ਲੋਕਯਾਨ ਨੂੰ ਮਨੁੱਖੀ ਸਭਿਆਚਾਰ ਦਾ ਇਕ ਭਾਗ ਸਮਝਦੇ ਹਨ, ਭਾਵੇਂ ਕਈ ਲੋਕਯਾਨ ਸ਼ਾਸਤ੍ਰੀਆਂ ਅਨੁਸਾਰ ਲੋਕ ਸੰਸਕ੍ਰਿਤੀ ਲੋਕਯਾਨ ਦਾ ਇਕ ਵਿਸ਼ੇਸ਼ ਤੱਤ ਹੈ।[2] ਸਭਿਆਚਾਰ ਵਰਗ ਇਸ ਵਿਚ ਵੀ ਸਾਹਿੱਤ, ਕਲਾ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ, ਰੀਤੀ, ਮਨੋਰੰਜਨ ਆਦਿ ਲੋਕ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਾਮਗ੍ਰੀ ਸ਼ਾਮਿਲ ਹੋ ਸਕਦੀ ਹੈ।[3]

---

1. ਡਾ: ਮਨਮੋਹਨ ਸਹਿਗਲ ਦੀ ਪੁਸਤਕ ਗੁਰੂ ਗ੍ਰੰਥ ਸਾਹਿਬ-ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 77 ਉਤੇ ਉਦਧ੍ਰਿਤ.
2. ਡਾ: ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿੱਤ-ਪੰਨਾ 24.
3. ਉਹੀ, ਪੰਨਾ 26.

## ਸਭਿਆਚਾਰ ਦਾ ਮੁੱਢ

ਆਰੰਭਕ ਮਨੁੱਖ ਪਸ਼ੂਆਂ ਵਾਂਗ ਜੰਗਲਾਂ ਵਿਚ ਵਿਚਰਦਾ ਜਾਨਵਰਾਂ ਵਰਗਾ ਸੁਭਾਅ ਰਖਦਾ ਸੀ। ਮਾਸ ਖਾ ਕੇ ਗੁਜ਼ਾਰਾ ਕਰਦਾ। ਕੰਦਰਾਂ ਜਾਂ ਹੋਰ ਕੁਦਰਤੀ ਥਾਵਾਂ ਦਾ ਸਹਾਰਾ ਲੈ ਕੇ ਜੀਵਨ ਬਸਰ ਕਰਦਾ। ਹੌਲੀ ਹੌਲੀ ਉਸਦੀ ਬੁੱਧੀ ਵਿਕਸਤ ਹੋਣ ਲੱਗੀ। ਉਸ ਨੇ ਧਰਤੀ ਅਤੇ ਪ੍ਰਕ੍ਰਿਤੀ ਤੋਂ ਆਪਣੇ ਖਾਣ ਦੀਆਂ ਵਸਤਾਂ ਸਹਿਜੇ ਹੀ ਪ੍ਰਾਪਤ ਕਰਨੀਆਂ ਸ਼ੁਰੂ ਕਰ ਦਿੱਤੀਆਂ। ਘਾਹ ਜਾਂ ਪੱਤਿਆਂ ਨਾਲ ਆਪਣੇ ਗੁਪਤ ਅੰਗ ਢਕਦਾ ਅਤੇ ਫਿਰ ਜਾਨਵਰਾਂ ਦੀਆਂ ਖੱਲਾਂ ਨਾਲ ਉਸ ਨੇ ਤਨ ਢਕਿਆ। ਭਾਵੇਂ ਮਨੁੱਖ ਨੂੰ ਅੱਜ ਵੀ ਉਸ ਦੀਆਂ ਕੁਝ ਬਿਰਤੀਆਂ ਕਰਕੇ ਸਮਾਜਕ ਪਸ਼ੂ ਕਿਹਾ ਜਾਂਦਾ ਹੈ ਪਰ ਉਸਦੀ ਸੋਚ-ਵਿਲੱਖਣਤਾ ਨੇ ਉਸ ਨੂੰ ਪਸ਼ੂ ਜੀਵਨ ਤੋਂ ਵਖਰਿਆਂ ਦਿੱਤਾ ਹੈ। ਸਭਿਆਚਾਰ ਦੇ ਵਿਕਾਸ ਵਿਚ ਕੁਦਰਤ ਦਾ ਕਾਫ਼ੀ ਹੱਥ ਹੈ। ਡਾ: ਹਰਦਿੱਤ ਸਿੰਘ ਅਨੁਸਾਰ ਜਿਸ ਸਮੇਂ ਬਾਕੀ ਦੁਨੀਆਂ ਦੇ ਲੋਕ ਜੰਗਲੀ ਜਾਨਵਰਾਂ ਦੀ ਜ਼ਿੰਦਗੀ ਬਸਰ ਕਰ ਰਹੇ ਸਨ ਤਾਂ ਕਈ ਥਾਈਂ ਰੌਣਕੇ ਜੰਗਲਾਂ ਵਿਚ ਹਰਿਆਵਲੀਆਂ ਘਾਟੀਆਂ ਵਿਚ ਆਦਮੀ ਨੇ ਸਭ੍ਯ-ਜ਼ਿੰਦਗੀ ਖਿਤਾਬੂਟ ਦੇ ਸਾਧਨ ਧਾਰਨ ਕੀਤੇ। ਦੁਨੀਆਂ ਦੀ ਵਰਤਮਾਨ ਸਭਯਤਾ ਦਾ ਮੁੱਢ ਇਨ੍ਹਾਂ ਹੀ ਘਾਟੀਆਂ ਵਿਚ ਬੱਝਾ।[1] ਹੌਲੀ ਹੌਲੀ ਇਕ ਥਾਂ ਦੇ ਮਨੁੱਖਾਂ ਨੇ ਆਪਣਾ ਇਕ ਸਮਾਜ ਬਣਾਇਆ ਅਤੇ ਸੁਰੱਖਿਆ ਤੇ ਵਿਕਾਸ ਲਈ ਵਿਧਾਨ ਬਣਾ ਲਏ।

ਪੁਰਾਣੀ ਸਭਿਆਚਾਰ ਦੇ ਛੇ ਸੱਤ ਕੇਂਦਰ ਸਾਰੀ ਦੁਨੀਆਂ ਵਿਚ ਸਨ ਅਤੇ ਇਹ ਸਾਰੇ ਇਕ ਦੂਸਰੇ ਤੋਂ ਬਹੁਤ ਦੁਰਾਡੇ ਸਨ ਇਤਨੇ ਦੁਰਾਡੇ ਕਿ ਇਨ੍ਹਾਂ ਦੇ ਵਸਨੀਕਾਂ ਨੂੰ ਇਕ ਦੂਸਰੇ ਦੀ ਬਾਬਤ ਕੋਈ ਪਤਾ ਨਹੀਂ ਸੀ ਅਤੇ ਹਰ ਇਕ ਕੇਂਦਰ ਦੇ ਵਸਨੀਕ ਆਪਣੇ ਕੇਂਦਰ ਨੂੰ ਹੀ ਸਾਰੀ ਦੁਨੀਆਂ ਸਮਝਦੇ ਸਨ। ਮੈਸੋਪੋਟੇਮੀਆਂ, ਮਿਸਰ, ਈਰਾਨ, ਕਰਾਸ, ਹਿੰਦੁਸਤਾਨ, ਚੀਨ, ਮੈਕਸੀਕੋ ਅਤੇ ਪੀਰੂ ਦੇ ਮੁਲਕਾਂ ਵਿਚ ਪ੍ਰਾਚੀਨ ਸਭਿਅਤਾ ਦੇ ਕੇਂਦਰ ਸਨ, ਇਨ੍ਹਾਂ ਸਭ ਥਾਵਾਂ ਦੀਆਂ ਜ਼ਮੀਨਾਂ ਬਹੁਤ ਉਪਜਾਊ ਤੇ ਪੀਣ ਪਾਣੀ ਬੜਾ ਚੰਗਾ ਸੀ। ਇਥੇ ਵਸੋਂ ਆਮ ਤੌਰ ਤੇ ਦਰਿਆਵਾਂ ਜਾਂ ਝੀਲਾਂ ਦੇ ਕੰਢਿਆਂ ਦੇ ਨਾਲ ਨਾਲ ਹੁੰਦੀ ਸੀ - ਮਿਸਰ ਵਿਚ ਦਰਿਆ ਨੀਲ ਦੇ ਆਸ ਪਾਸ, ਈਰਾਨ ਵਿਚ ਦਜਲਾ ਅਤੇ ਫ਼ਰਾਤ ਦਰਿਆਵਾਂ ਦੇ ਕੰਢਿਆਂ ਤੇ, ਹਿੰਦੁਸਤਾਨ ਵਿਚ ਗੰਗਾ, ਸਿੰਧ ਅਤੇ ਇਨ੍ਹਾਂ ਦੇ ਸਹਾਇਕ ਦਰਿਆਵਾਂ ਤੇ, ਮੱਧੇ ਪਾਸੇ ਅਤੇ ਚੀਨ ਵਿਚ ਹਵਾਂਗਹੂ ਅਤੇ ਯੰਗਸੀ ਕਿਆਂਗ ਦਰਿਆਵਾਂ ਦੀਆਂ ਵਾਦੀਆਂ ਵਿਚ। ਇਨ੍ਹਾਂ ਇਲਾਕਿਆਂ ਵਿਚ ਸਭਿਆਚਾਰ ਦਾ ਮੁੱਢ ਲਗਭਗ ਛੇ ਹਜ਼ਾਰ ਸਾਲ ਪਹਿਲਾਂ ਬੱਝਾ। ਮੈਸੋਪੋਟੇਮੀਆ ਅਤੇ ਮਿਸਰ ਦੀਆਂ ਸਭਿਅਤਾਵਾਂ ਜਾਂ ਉਨ੍ਹਾਂ ਦੇ ਸਭਿਆਚਾਰ ਸਭ ਤੋਂ ਵਧੇਰੇ ਪੁਰਾਣੇ ਹਨ। ਹੜੱਪਾ ਆਦਿ ਦੀ ਖੁਦਾਈ ਤੋਂ ਪਤਾ

---

1. ਪੂਰਬ ਤੇ ਪੱਛਮ, ਪੰਨਾ 13.

ਲੱਗਾ ਹੈ ਕਿ ਭਾਰਤ ਦੀ ਸਭਿਅਤਾ ਵੀ ਲਗਭਗ ਉਨੀ ਹੀ ਪੁਰਾਣੀ ਹੈ।[1]

ਇਨ੍ਹਾਂ ਇਲਾਕਿਆਂ ਵਿਚ ਵੱਖ ਵੱਖ ਨਸਲਾਂ ਦੇ ਲੋਕ ਪਹਿਲਾਂ ਤਾਂ ਉਥੇ ਪ੍ਰਾਪਤ ਵਸਤਾਂ ਤੇ ਗੁਜ਼ਾਰਾ ਕਰਦੇ ਸਨ, ਜਦ ਉਨ੍ਹਾਂ ਦੀ ਜਨ ਸੰਖਿਆ ਵਧ ਗਈ ਤਾਂ ਥੋੜ੍ਹੀ ਥਾਂ ਤੇ ਗੁਜ਼ਾਰਾ ਹੋਣਾ ਅਸੰਭਵ ਹੋ ਗਿਆ। ਉਹ ਆਸ ਪਾਸ ਦੇ ਇਲਾਕਿਆਂ ਨੂੰ ਤੁਰ ਪਏ। ਨਵਿਆਂ ਥਾਵਾਂ ਦੇ ਵਸਨੀਕਾਂ ਨਾਲ ਉਨ੍ਹਾਂ ਨੇ ਲੜਾਈਆਂ ਕੀਤੀਆਂ ਅਤੇ ਵਧੇਰੇ ਪ੍ਰਬੀਨ ਹੋਣ ਕਰਕੇ ਵਿਜਈ ਹੋਏ। ਸਾਡੇ ਵਡੇਰੇ ਆਰੀਆ ਨਸਲ ਦੇ ਉਨ੍ਹਾਂ ਆਦਮੀਆਂ ਵਿਚੋਂ ਸਨ, ਜੋ ਮੱਧ ਏਸ਼ੀਆ ਤੋਂ ਚਲ ਕੇ ਜਿਧਰ ਨੂੰ ਮੂੰਹ ਹੋਇਆ ਤੁਰ ਪਏ ਸਨ। ਉਨ੍ਹਾਂ ਵਿਚੋਂ ਇਕ ਦੇ ਈਰਾਨ ਤੇ ਅਰਬ ਵਲ, ਦੂਜੀ ਯੂਰਪੀਨ ਮੁਲਕਾਂ ਵਲ ਅਤੇ ਤੀਜੀ ਹਿੰਦੁਸਤਾਨ ਵਲ ਆਈ। ਉਨ੍ਹਾਂ ਨੇ ਇਥੋਂ ਦੇ ਆਦਿ ਵਾਸੀ ਦਰਾਵੜ ਆਦਿ ਲੋਕਾਂ ਨੂੰ ਦੱਖਣ ਵਲ ਭਜਾ ਦਿੱਤਾ ਅਤੇ ਆਪ ਸਿੰਧ ਅਤੇ ਗੰਗਾ ਦੇ ਮੈਦਾਨ ਸਾਂਭ ਬੈਠੇ। ਫਿਰ ਉਹ ਹੌਲੀ ਹੌਲੀ ਸਾਰੇ ਦੇਸ਼ ਵਿਚ ਫੈਲ ਗਏ।

ਮਨੁੱਖ ਨੇ ਹੌਲੀ ਹੌਲੀ ਟੋਲੇ ਮਕਾਨ ਬਣਾ ਕੇ ਰਹਿਣਾ ਸ਼ੁਰੂ ਕੀਤਾ। ਕੁਝ ਘਰਾਂ ਦਾ ਇਕ ਪਿੰਡ ਹੁੰਦਾ ਜੋ ਇਕ ਦੂਜੇ ਦੀ ਖੁਸ਼ੀ ਗ਼ਮੀ ਵਿਚ ਹਿੱਸਾ ਲੈਂਦੇ। ਖੇਤੀਬਾੜੀ ਕਰਕੇ ਉਹ ਲੋੜ ਦੀ ਖੁਰਾਕ ਪੈਦਾ ਕਰਦੇ। ਫਿਰ ਦਸਤਕਾਰੀ ਅਤੇ ਤਜਾਰਤ ਵੀ ਸ਼ੁਰੂ ਹੋਈ। ਫੁਨੇਸ਼ੀਆ, ਬੇਬੀਲੋਨੀਆ ਤਜਾਰਤ ਵਿਚ ਸਭ ਤੋਂ ਅੱਗੇ ਸਨ। ਭਾਰਤੀ ਵੀ ਸਮੁੰਦਰੀ ਅਤੇ ਖੁਸ਼ਕੀ ਦੇ ਰਸਤੇ ਉਨ੍ਹਾਂ ਨਾਲ ਵਪਾਰ ਕਰਦੇ ਸਨ।[2]

ਪ੍ਰਾਚੀਨ ਲੋਕਾਂ ਦੇ ਕਈ ਅਜੀਬ ਰਿਵਾਜ ਸਨ। ਜਿਹੜਾ ਸ਼ਤਰੂ ਹਾਰ ਜਾਂਦਾ ਸੀ ਉਸ ਨੂੰ ਮਾਰ ਕੇ ਖਾ ਲਿਆ ਜਾਂਦਾ ਸੀ। ਬਾਅਦ ਵਿਚ ਜਦ ਇਹ ਸੋਝੀ ਹੋਈ ਕਿ ਉਨ੍ਹਾਂ ਨੂੰ ਗੁਲਾਮ ਬਣਾ ਕੇ ਲਾਭ ਉਠਾਇਆ ਜਾ ਸਕਦਾ ਹੈ ਤਾਂ ਮਾਰ ਕੇ ਖਾਣ ਦਾ ਰਿਵਾਜ ਹਟ ਗਿਆ।[3] ਮੁਰਦੇ ਨੂੰ ਦੱਬ ਦਿੱਤਾ ਜਾਂਦਾ ਸੀ। ਉਸ ਸਮੇਂ ਭੇਡਾਂ ਬਕਰਾਂ ਨੂੰ ਛੱਡ ਕੇ ਫਿਰਦਿਆਂ ਫਿਰਦਿਆਂ ਜੋੜੀਆਂ ਮੁਸ਼ਕਲ ਹੀ ਬਣ ਜਾਈਆਂ ਸਨ। ਹਰ ਇਕ ਪਿੰਡ ਆਪਣੇ ਆਪ ਵਿਚ ਸੁਤੰਤਰ ਹੁੰਦਾ ਸੀ, ਜਿਸਦੀ ਰੱਖਿਆ ਅਤੇ ਸੁਤੰਤਰਤਾ ਲਈ ਪਿੰਡ ਨਿਵਾਸੀ ਜਾਨ ਤਕ ਕੁਰਬਾਨ ਕਰ ਦਿੰਦਾ ਸੀ। ਯੁੱਧ ਕਰਨਾ ਉਸਦੇ ਸੁਭਾਅ ਵਿਚ ਸੀ। ਇਕ ਪਿੰਡ ਦੂਜੇ ਤੇ ਹੱਲਾ ਬੋਲ ਕੇ ਉਸ ਨੂੰ ਕਬਜ਼ੇ ਵਿਚ ਕਰਨ ਲਈ ਸੋਚਦਾ ਰਹਿੰਦਾ ਸੀ। ਤੀਰ ਕਮਾਨ, ਭਾਲਾ, ਤਲਵਾਰ ਯੁੱਧ ਦੇ ਹਥਿਆਰ ਸਨ। ਪਹਿਲਾਂ ਘੋੜੇ ਖੱਚਰਾਂ ਅਤੇ ਫਿਰ ਗੱਡੀਆਂ ਰੱਥ ਵੀ ਯੁੱਧ ਵਿਚ ਲਿਆਂਦੇ ਗਏ। ਯੁੱਧ ਸਮੇਂ

---

1. ਪੂਰਬ ਤੇ ਪੱਛਮ, ਪੰਨਾ 15.
2. ਉਹੀ, ਪੰਨੇ 15-16.
3. ਮਿਸਰ ਵਿਚ ਦੱਬਣ ਤੋਂ ਪਹਿਲਾਂ ਮੁਰਦੇ ਦੇ ਸਰੀਰ ਦੇ ਟੋਟੇ ਕੀਤੇ ਜਾਂਦੇ ਸਨ ਅਤੇ ਮਾਸ ਦਾ ਕੁਝ ਹਿੱਸਾ ਖਾ ਲੈਂਦੇ ਸਨ। ਇਸ ਨੂੰ ਮੁਰਦੇ ਲਈ ਸਤਿਕਾਰ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਉਹ ਲੋਕ ਮੁਰਦੇ ਦਾ ਮਾਸ ਬੜੇ ਅਦਬ ਤੇ ਇੱਜ਼ਤ ਨਾਲ ਖਾਂਦੇ ਸਨ। ਉਹੀ, ਪੰਨਾ 16.

ਦੋਵੇਂ ਧਿਰਾਂ ਆਪਣੇ ਇਸ਼ਟ-ਦੇਵ ਦੇ ਬੁੱਤ ਨੂੰ ਅੱਗੇ ਰਖਦੀਆਂ ਸਨ। ਜਿਸ ਧਿਰ ਦਾ ਬੁੱਤ ਖੋਹ ਲਿਆ ਜਾਂਦਾ, ਉਹ ਹਾਰੀ ਸਮਝੀ ਜਾਂਦੀ ਸੀ। ਹਾਰੀ ਹੋਈ ਧਿਰ ਜਦ ਤਕ ਉਸ (ਇਸ਼ਟ ਬੁੱਤ) ਨੂੰ ਦੁਸ਼ਮਨ ਦੇ ਕਬਜ਼ੇ ਵਿਚੋਂ ਛੁਡਾ ਨਾ ਲੈਂਦੀ ਚੈਨ ਨਾਲ ਨਹੀਂ ਸੀ ਬੈਠਦੀ।[1]

ਹੌਲੀ ਹੌਲੀ ਮਨੁੱਖ ਦੇ ਖਾਣ ਪੀਣ, ਰਹਿਣ ਸਹਿਣ, ਸੋਚਣ ਵਿਚਰਨ ਵਿਚ ਪਰਿਵਰਤਨ ਆਉਂਦਾ ਗਿਆ। ਵੱਖ ਵੱਖ ਪੱਖਾਂ ਦੀ ਵਿਦਿਆ, ਸੂਖਮ ਕੋਮਲ ਕਲਾਵਾਂ ਨੇ ਜਨਮ ਲਿਆ। ਉਸਦੀ ਸੋਚਣੀ ਅਤੇ ਕੋਮਲ ਭਾਵਾਂ ਸਦਕਾ ਮਨੁੱਖੀ ਜੀਵਨ ਵਿਚ ਵੰਨ ਸੁਵੰਨਤਾ ਅਤੇ ਰੰਗੀਨੀ ਆਈ। ਹਰ ਇਕ ਦੇਸ਼ ਦੀ ਸਭਿਅਤਾ ਅਤੇ ਉਸਦਾ ਸਭਿਆਚਾਰ ਵਿਲੱਖਣ ਰੂਪ ਧਾਰ ਗਿਆ। ਨਵੀਨ ਸਭਿਆਚਾਰ ਦੀ ਆਮਦ ਨਾਲ ਬਹੁਤੇ ਮੁਲਕਾਂ ਵਿਚ ਪੁਰਾਤਨਤਾ ਦੇ ਨਕਸ਼ ਗਵਾਚ ਗਏ ਹਨ। ਹਿੰਦੁਸਤਾਨ ਦੀ ਇਸ ਪੱਖ ਤੋਂ ਵਿਲੱਖਣਤਾ ਹੈ ਕਿ ਉਹ ਸਮੇਂ ਸਮੇਂ ਹੋਏ ਕਈ ਹਮਲਿਆਂ ਦੇ ਬਾਵਜੂਦ ਵੀ ਆਪਣੀ ਪੁਰਾਤਨ ਗੌਰਵਤਾ ਨੂੰ ਕਾਇਮ ਰਖ ਸਕਿਆ ਹੈ। ਇਕਬਾਲ ਨੇ ਠੀਕ ਹੀ ਕਿਹਾ ਸੀ:

ਯੂਨਾਨੋ ਮਿਸਰੋ ਰੋਮਾਂ ਸਭ ਮਿਟ ਗਏ ਜਹਾਂ ਸੇ,
ਅਬ ਤਕ ਮਗਰ ਹੈ ਬਾਕੀ, ਨਾਮੋ ਨਿਸ਼ਾਂ ਹਮਾਰਾ।
ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ।
ਸਦੀਉਂ ਰਹਾ ਹੈ ਦੁਸ਼ਮਨ, ਦੌਰੇ ਜਹਾਂ ਹਮਾਰਾ।

## ਭਾਰਤੀ ਸਭਿਆਚਾਰ ਦੀ ਵਿਸ਼ੇਸ਼ਤਾ

ਭਾਰਤੀ ਸਭਿਆਚਾਰ ਕੀ ਹੈ? ਇਸ ਦਾ ਕੁਝ ਸ਼ਬਦਾਂ ਵਿਚ ਉੱਤਰ ਦੇਣਾ ਜਾਂ ਇਸ ਨੂੰ ਪਰਿਭਾਸ਼ਤ ਕਰ ਸਕਣਾ ਕੋਈ ਸੌਖਾ ਨਹੀਂ। ਹਮਾਯੂੰ ਕਬੀਰ ਨੇ ਠੀਕ ਹੀ ਕਿਹਾ ਹੈ ਕਿ ਭਾਰਤੀ ਸਭਿਆਚਾਰ ਇੰਨਾ ਅਮੀਰ ਤੇ ਗੁੰਝਲਦਾਰ ਹੈ ਕਿ ਇਸ ਨੂੰ ਕਿਸੇ ਇਕ ਫਾਰਮੂਲੇ ਵਿਚ ਨਹੀਂ ਦੱਸਿਆ ਜਾ ਸਕਦਾ। ਇੰਨੀ ਵਿਸ਼ਾਲ ਤੇ ਪੁਰਾਤਨ ਭੂਮੀ ਵਿਚ ਕੁਦਰਤ ਤੇ ਭਿੰਨਤਾ ਹੋਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਭਾਰਤ ਯੁਗਾਂ ਤੋਂ ਹਰ ਪ੍ਰਕਾਰ ਦੀ ਮਨੁੱਖੀ ਵਿਚਾਰ ਤੇ ਉਦਮ ਦੀ ਭਿੰਨਤਾ ਨੂੰ ਪਨਾਹ ਦੇਣ ਵਿਚ ਖੁਸ਼ੀ ਮਹਿਸੂਸ ਕਰਦਾ ਰਿਹਾ ਹੈ। ਭਾਰਤੀ ਸਭਿਆਚਾਰ ਦਾ ਮੁੱਖ ਲੱਛਣ ਇਸ ਦੀ ਅਮੀਰੀ ਅਤੇ ਵੰਨ ਸੁਵੰਨਤਾ ਹੈ।[1]

ਭਾਰਤੀ ਸਭਿਆਚਾਰ ਸੰਸਾਰ ਦੇ ਸਾਰੇ ਸਭਿਆਚਾਰਾਂ ਨਾਲੋਂ ਵਿਲੱਖਣ ਅਤੇ ਪੁਰਾਤਨ ਹੈ ਜੋ ਸਮੇਂ ਦੀਆਂ ਲਹਿਰਾਂ ਨਾਲ ਟਕਰਾਉਂਦਾ ਹੋਇਆ ਵੀ ਆਪਣੇ ਪੁਰਾਤਨ ਰੂਪ ਨੂੰ ਕਾਇਮ ਰਖ ਸਕਿਆ ਹੈ। ਇਸ ਸਭਿਆਚਾਰ ਦਾ ਆਰੰਭ ਆਰੀਆ ਲੋਕਾਂ ਨਾਲ ਹੋਇਆ ਹੁੰਦਾ ਹੈ, ਜਦੋਂ ਉਹ

1. ਭਾਰਤੀ ਸਭਿਆਚਾਰ ਦਾ ਆਧਾਰ, ਪੰਨਾ 9.

ਭਾਰਤੀ ਭੂਖੰਡ ਵਿਚ ਆ ਕੇ ਦਰਾਵੜੀ ਸੰਸਕ੍ਰਿਤੀ ਨੂੰ ਆਪਣੇ ਨਾਲ ਮਿਲਾ ਲੈਂਦੇ ਰਹੇ। ਇਸ ਸੰਜੋਗ ਨਾਲ ਜੋ ਰੂਪ ਉਘੜਦਾ ਹੈ ਉਹੀ ਭਾਰਤ ਦੀ ਸੰਸਕ੍ਰਿਤੀ ਦਾ ਪ੍ਰਾਚੀਨ ਰੂਪ ਹੈ। ਇਸ ਨੂੰ ਸਨਾਤਨੀ ਵੀ ਕਿਹਾ ਗਿਆ ਹੈ ਅਤੇ ਵੈਦਿਕ ਵੀ, ਕਿਉਂਕਿ ਸਭ ਤੋਂ ਪਹਿਲਾਂ ਇਸ ਦੀ ਅਭਿਵਿਅਕਤੀ ਸਭ ਤੋਂ ਪ੍ਰਾਚੀਨ ਸਾਹਿਤ ਰਿਗ ਵੇਦ ਵਿਚ ਹੋਈ ਹੈ।

ਬਹੁ-ਜਾਤੀਨਤਾ ਉਦਾਰਤਾ

ਜਿਥਾਂ ਦੇਸ਼ ਅਨੇਕਾਂ ਜਾਤੀਆਂ ਅਤੇ ਅਨੇਕਾਂ ਵੰਸ਼ਾਂ ਦੇ ਲੋਕਾਂ ਦਾ ਮਿਲਾਪ ਸਥਾਨ ਬਣਿਆ ਰਿਹਾ ਹੋਵੇ ਉਥੇ ਕੋਈ ਇਹ ਨਹੀਂ ਕਹਿ ਸਕਦਾ ਕਿ ਉਸ ਦੀਆਂ ਰਗਾਂ ਵਿਚ ਕਿਸੇ ਹੋਰ ਜਾਤ ਦਾ ਖੂਨ ਨਹੀਂ। ਭਾਰਤੀ ਜਨਤਾ ਨਾ ਤਾਂ ਸ਼ੁੱਧ ਆਰੀਆ ਹੈ ਤੇ ਨਾ ਹੀ ਦ੍ਰਾਵੜ। ਉਹ ਉਨ੍ਹਾਂ ਜਾਤਾਂ ਦੇ ਸਮੂਹ ਤੋਂ ਬਣੀ ਹੈ ਜੋ ਸਮੇਂ ਸਮੇਂ ਸਾਡੇ ਦੇਸ਼ ਵਿਚ ਆਈਆਂ ਅਤੇ ਇਥੇ ਦੀਆਂ ਹੋ ਕੇ ਰਹਿ ਗਈਆਂ। ਰਾਮਧਾਰੀ ਸਿੰਘ ਦਿਨਕਰ ਅਨੁਸਾਰ, "ਭਾਰਤੀ ਸੰਸਕ੍ਰਿਤੀ ਅਨੇਕਾਂ ਸੰਸਕ੍ਰਿਤੀਆਂ ਦੇ ਮੇਲ ਤੋਂ ਬਣਿਆ ਹੋਇਆ ਮਾਖਿਉਂ ਹੈ ਅਤੇ ਉਸ ਉਪਰ ਆਰੀਆਂ ਲੋਕਾਂ ਦਾ ਮਹੱਤਵ ਉਤਨਾ ਹੀ ਹੈ ਜਿਤਨਾ ਸ਼ਹਿਦ ਨੂੰ ਬਣਾਉਣ ਵਿਚ ਮਧੂ ਮੱਖੀਆਂ ਦਾ ਹੁੰਦਾ ਹੈ।[1]

ਉਂਜ ਤਾਂ ਸਾਰੇ ਦੇਸ਼ ਅੰਦਰ ਵੱਖ ਵੱਖ ਸਭਿਆਚਾਰਾਂ ਦਾ ਆਪਸ ਵਿਚ ਮੇਲ ਮਿਲਾਪ ਰਹਿੰਦਾ ਹੈ ਪਰ ਭਾਰਤੀ ਸਭਿਆਚਾਰ ਇਕ ਅਜਿਹਾ ਮਿਸ਼ਰਣ ਹੈ ਜੋ ਵੱਧ ਤੋਂ ਵੱਧ ਵੱਖ ਵੱਖ ਜਾਤੀਆਂ ਦੀ ਮਾਨਸਿਕ ਅਤੇ ਅਧਿਆਤਮਕ ਲੋੜਾਂ ਦੀ ਪ੍ਰਤੀਨਿਧਤਾ ਕਰਦੀ ਹੈ। ਰਾਮਧਾਰੀ ਸਿੰਘ ਦਿਨਕਰ ਅਨੁਸਾਰ ਇਸ ਨੂੰ ਅਸੀਂ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ 'ਭਾਰਤ ਵਿਚ ਸਮਨਵਯ (ਬਰਾਬਰਤਾ) ਦੀ ਪ੍ਰਕ੍ਰਿਆ ਕੀੜੀਆਂ ਦੀ ਪ੍ਰਕ੍ਰਿਆ ਨਹੀਂ, ਮਧੂ ਮੱਖੀਆਂ ਦੀ ਪ੍ਰਕ੍ਰਿਆ ਹੈ। ਕੀੜੀਆਂ ਅਨਾਜ ਦੇ ਕਣਾਂ ਨੂੰ ਇਕੱਠਿਆਂ ਤਾਂ ਕਰ ਲੈਂਦੀਆਂ ਹਨ ਪਰ ਉਨ੍ਹਾਂ ਨੂੰ ਇਕ ਦੂਸਰੇ ਵਿਚ ਮਿਲਾ ਨਹੀਂ ਸਕਦੀਆਂ ਪਰ ਮਧੂ ਮੱਖੀਆਂ ਅਨੇਕਾਂ ਫੁੱਲਾਂ ਦਾ ਰਸ ਜਮ੍ਹਾਂ ਕੇ ਉਸ ਨੂੰ ਅਜਿਹਾ ਰੂਪ ਦੇ ਦਿੰਦੀਆਂ ਹਨ ਕਿ ਕੋਈ ਵੀ ਫੁੱਲ ਆਪਣਾ ਵੱਖਰਾਪਨ ਨਹੀਂ ਪ੍ਰਗਟਾ ਸਕਦਾ'।[2]

ਭਾਰਤ ਦੇ ਸਮਾਜ-ਵਿਗਿਆਨ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਇਸ ਦੀ ਮਿੱਟੀ ਬਹੁ-ਜਾਤੀਨਤਾ ਲਈ ਬੜੀ ਉਪਜਾਊ ਹੈ। ਭਾਰਤੀ ਮਨ ਨੇ ਹਜ਼ਮ ਕਰਨ ਯੋਗ ਹਰ ਉਸ ਸਭਿਆਚਾਰ ਨੂੰ ਪਚਾਇਆ ਜਿਹੜਾ ਕਿ ਇਥੇ ਆਇਆ। ਹਰ ਉਸ ਤੱਤ ਨੂੰ ਜਰਿਆ ਜਿਸ ਨੇ

1. ਸੰਸਕ੍ਰਿਤੀ ਕੇ ਚਾਰ ਅਧਿਆਇ, ਪੰਨਾ 5.
2. ਉਹੀ, ਪੰਨਾ 5.

ਇਸ ਤੇ ਹਮਲਾ ਕੀਤਾ। ਡਾ: ਰਾਧਾ ਕ੍ਰਿਸ਼ਨਨ ਅਨੁਸਾਰ ਜਦ ਅਸੀਂ ਇਸਦੇ ਭੂਤ ਦਾ ਇਤਿਹਾਸ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਕਿਵੇਂ ਇਕ ਤੋਂ ਬਾਅਦ ਦੂਜੀ ਕੌਮ ਦੇ ਹਮਲੇ ਇਸ ਤੇ ਹੁੰਦੇ ਰਹੇ। ਇਤਿਹਾਸ ਦੇ ਆਰੰਭ ਵਿਚ ਵੀ ਭਾਰਤ ਵਿਚ ਕਈ ਜਾਤੀ ਸਮੂਹ, ਕਾਲੇ ਰੰਗ ਦੇ ਆਦਿ ਵਾਸੀ, ਤਕੜੇ ਦਰਾਵੜ, ਪੀਲੀ ਚਮੜੀ ਵਾਲੇ ਮੰਗੋਲ ਅਤੇ ਖੁਸ਼ ਰਹਿਣੇ ਤਾਕਤਵਰ ਆਰੀਆ ਲੋਕ ਇਕੱਠੇ ਰਹਿੰਦੇ ਸਨ। ਛੇਤੀ ਹੀ ਇਨ੍ਹਾਂ ਨੇ ਪਾਰਸੀ, ਯੂਨਾਨੀ ਅਤੇ ਇਨ੍ਹਾਂ ਵਿਚੋਂ ਕੁਝ ਲੋਕ ਫਿਰ ਭਾਰਤ ਵਿਚ ਹੀ ਵਸ ਗਏ। ਸੰਸਾਰ ਦੇ ਕਿਸੇ ਵੀ ਹੋਰ ਦੇਸ਼ ਵਿਚ ਅਜਿਹੀ ਜਾਤੀ ਸਮੱਸਿਆ ਨਹੀਂ ਹੈ।[1]

ਪੁਰਾਤਨ ਭਾਰਤੀ ਸਭਿਆਚਾਰ ਨੂੰ ਪਿਆਰ ਦੀਆਂ ਨਜ਼ਰਾਂ ਨਾਲ ਵੀ ਵੇਖਿਆ ਜਾਂਦਾ ਹੈ ਤੇ ਘਿਰਨਾ ਨਾਲ ਵੀ, ਇਸ ਨੂੰ ਵਡਿਆਇਆਂ ਵੀ ਜਾਂਦਾ ਹੈ ਤੇ ਛੁਟਿਆਇਆਂ ਵੀ ਜਾਂਦਾ ਹੈ, ਪਰ ਇਸ ਨੂੰ ਸਮਝਣ ਦੀ ਪੂਰੀ ਕੋਸ਼ਿਸ਼ ਬਹੁਤ ਘੱਟ ਕੀਤੀ ਗਈ ਹੈ। ਜਿਸ ਨੂੰ ਇਸ ਦਾ ਜੋ ਵੀ ਪੱਖ ਚੰਗਾ ਲੱਗਿਆ ਹੈ ਉਸ ਨੇ ਉਹੀ ਸਲਾਹਿਆ ਹੈ। ਯੂਰਪੀਨਾਂ ਨੂੰ ਭਾਰਤੀ ਸਭਿਆਚਾਰ ਅਸੰਸਾਰਕ, ਆਪਣੇ ਆਪ ਤੋਂ ਬੇਮੁਖ ਅਤੇ ਪ੍ਰਿਤੀ ਵਿਚ ਨਕਾਰਾਤਮਕ ਲੱਗਾ ਹੈ। ਪਰ ਵਾਸਤਵ ਵਿਚ ਅਜਿਹੀ ਗੱਲ ਨਹੀਂ ਜੇ ਅਸੀਂ ਇਸਦਾ ਅਧਿਐਨ ਧਿਆਨ ਨਾਲ ਕਰੀਏ ਤਾਂ ਸਭ ਤੋਂ ਪਹਿਲਾਂ ਜੋ ਰੂਪ ਇਸ ਦਾ ਸਾਡੇ ਸਾਹਮਣੇ ਆਉਂਦਾ ਹੈ ਉਸ ਤੋਂ ਸਪਸ਼ਟ ਹੈ ਕਿ ਭਾਰਤੀ ਸਭਿਆਚਾਰ ਮਾਨਵੀ ਸਭਿਆਚਾਰ ਹੈ।[2]

ਭਾਰਤੀ ਸਭਿਆਚਾਰ ਦਾ ਬੁਨਿਆਦੀ ਰੂਪ ਇਸ ਦੀ ਅਧਿਆਤਮਕਤਾ ਹੈ। ਇਸ ਦਾ ਮੁੱਖ ਆਧਾਰ ਹੀ ਅਧਿਆਤਮਕ ਹੈ। ਇਸ ਦੀ ਤੁਲਨਾ ਉਸ ਰੁੱਖ ਨਾਲ ਕੀਤੀ ਜਾ ਸਕਦੀ ਹੈ, ਜਿਸ ਦੀਆਂ ਜੜ੍ਹਾਂ ਸਵਰਗ ਵਿਚ ਹੋਣ ਅਤੇ ਟਾਹਣੀਆਂ ਪ੍ਰਿਥਵੀ ਵੱਲ। ਭਾਰਤੀ ਲੋਕ ਸੰਸਾਰ ਉਤੇ ਰਹਿੰਦਿਆਂ ਹੋਇਆਂ ਵੀ ਇਸ ਲੋਕ ਨਾਲੋਂ ਪਰਲੋਕ ਦੀ ਕਿਤੇ ਵਧੇਰੇ ਕਰਦੇ ਹਨ। ਇਸ ਲਈ ਅਧਿਆਤਮਕਤਾ ਹੀ ਭਾਰਤੀ ਸੰਸਕ੍ਰਿਤੀ ਦੀ ਆਤਮਾ ਹੈ।

ਪੂਰਵ ਇਤਿਹਾਸਕ ਭਾਰਤੀ ਸੰਸਕ੍ਰਿਤੀ ਵੈਦਿਕ ਕਾਲ ਅਤੇ ਹੜੱਪਾ ਤੋਂ ਪਹਿਲਾਂ ਦੀ ਹੈ ਜਿਸ ਨੂੰ ਪੂਰਵ ਇਤਿਹਾਸਕ ਕਾਲ ਦੀਆਂ ਹੋਰ ਸੰਸਕ੍ਰਿਤੀਆਂ ਨਾਲ ਵੀ ਜੋੜਿਆ ਗਿਆ ਹੈ। ਸੰਸਾਰ ਦੀਆਂ ਸਾਰੀਆਂ ਸੰਸਕ੍ਰਿਤੀਆਂ ਵਿਚੋਂ ਭਾਰਤੀ ਸੰਸਕ੍ਰਿਤੀ ਵਧੇਰੇ ਪਵਿੱਤਰ ਪੁਰਾਣੀ ਹੈ ਅਤੇ ਇਸ ਦਾ ਦੂਜੇ ਸਭਿਆਚਾਰਾਂ ਉਤੇ ਅਸਰ ਵੀ ਬਹੁਤ ਮਿਲਦਾ ਹੈ। ਯੂਨਾਨ ਦਾ ਸਭਿਆਚਾਰ

---

1. Quoted by Dr. Sher Singh in Social & Political Philosophy of Guru Gobind Singh, p.63.
2. S. Chatterjee, B.L. Atreya & A. Danielou, Indian Culture, p.2.

ਜੋ ਕਿ ਬਹੁਤ ਪੁਰਾਣਾ ਮੰਨਿਆ ਗਿਆ ਹੈ ਖੁਦਾਈ ਦੀ ਖੋਜ ਅਨੁਸਾਰ ਉਸਦੀ ਮੂਰਤੀ ਕਲਾ ਤੇ ਭਾਰਤ ਦੀ ਗੰਧਾਰਾ ਮੂਰਤੀ ਕਲਾ ਦਾ ਹੀ ਅਸਰ ਹੈ।

ਸ੍ਰੀ ਅਰਬਿੰਦੋ ਘੋਸ਼ ਅਨੁਸਾਰ ਫ਼ਿਲਾਸਫ਼ੀ ਅਤੇ ਧਰਮ ਭਾਰਤੀ ਸਭਿਆਚਾਰ ਦੀ ਅੰਤਰ ਆਤਮਾ ਹਨ ਜੋ ਇਕ ਦੂਸਰੇ ਤੋਂ ਵੱਖ ਨਹੀਂ ਕੀਤੀਆਂ ਜਾ ਸਕਦੀਆਂ।[1] ਭਾਰਤੀ ਸਭਿਆਚਾਰ ਆਰੰਭ ਤੋਂ ਹੀ ਆਤਮਿਕ ਹੈ। ਇਸ ਦੇ ਬਾਕੀ ਦੇ ਸਾਰੇ ਤੱਤ ਇਸੇ ਧੁਰੇ ਤੇ ਹੀ ਆਧਾਰਤ ਹਨ। ਇਥੋਂ ਤਕ ਕਿ ਬਾਹਰਮੁਖੀ ਜੀਵਨ ਦਾ ਆਧਾਰ ਵੀ ਇਹੀ ਹੈ।[2] ਭਾਰਤੀ ਧਰਮ ਵਿਚ 'ਅਰਥ' ਮਨੋਰਥ ਜਾਂ ਲਕਸ਼ ਨਹੀਂ, ਜਿਸ ਕਰਕੇ ਇਸ ਨੂੰ ਮਹੱਤਵ ਨਹੀਂ ਦਿੱਤਾ ਗਿਆ। ਧਰਮ, ਅਰਥ ਤੇ ਕਾਮ ਮੋਖ ਦੀ ਸਿੱਧੀ ਦੇ ਸਾਧਨ ਮਾਤਰ ਹਨ। ਇਸ ਵਿਚ ਤਿਆਗ ਤੇ ਤਪੱਸਿਆ ਤੇ ਵਧੇਰੇ ਬਲ ਹੈ।

<u>ਅਨੇਕਤਾ ਅਤੇ ਏਕਤਾ</u>

ਭਾਰਤੀ ਸਭਿਆਚਾਰ ਦਾ ਖੇਤਰ ਬੜਾ ਵਿਸ਼ਾਲ ਹੈ। ਇਹ ਉਹ ਦੇਸ਼ ਹੈ ਜਿਸ ਵਿਚ ਕਈ ਤਰ੍ਹਾਂ ਦੇ, ਕਈ ਜਾਤਾਂ ਦੇ, ਕਈ ਧਰਮਾਂ ਦੇ, ਕਈ ਵਿਸ਼ਵਾਸਾਂ ਦੇ ਅਤੇ ਕਈ ਰੰਗਾਂ ਦੇ ਜਨ ਸਮੂਹ ਵਸਦੇ ਹਨ ਪਰ ਵੱਖ ਵੱਖ ਹੁੰਦੇ ਹੋਏ ਸਭਿਆਚਾਰਕ ਤੌਰ ਤੇ ਉਹ ਇਕ ਹਨ।[3] ਇਸ ਲਈ ਭਾਰਤੀ ਸਭਿਆਚਾਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਅਨੇਕਤਾ ਵਿਚ ਏਕਤਾ ਅਤੇ ਭਿੰਨਤਾ ਵਿਚ ਸਮਾਨਤਾ ਮਿਲਦੀ ਹੈ। ਭਾਰਤੀ ਸਭਿਆਚਾਰ ਗੰਗਾ ਨਦੀ ਦੀ ਤਰ੍ਹਾਂ ਹੈ ਜਿਸ ਵਿਚ ਰਸਤੇ ਵਿਚ ਆਉਣ ਵਾਲੀਆਂ ਕਈ ਧਾਰਾਵਾਂ ਦਾ ਪਾਣੀ ਪੈਂਦਾ ਹੈ ਪਰ ਗੰਗਾ ਜਲ ਵਿਚ ਰਲ ਕੇ ਉਹ ਪਵਿੱਤਰ ਹੀ ਬਣ ਜਾਂਦਾ ਹੈ। ਇਹੀ ਇਸਦੀ ਸਹਿਣਸ਼ੀਲਤਾ, ਸੰਗ੍ਰਹਿਕਤਾ, ਉਦਾਰਤਾ ਅਤੇ ਵਿਆਪਕਤਾ ਦਾ ਪਤਾ ਦਿੰਦੀ ਹੈ।

<u>ਭੂਤ ਅਤੇ ਗੌਰਵ</u>

ਭਾਰਤੀ ਸਭਿਆਚਾਰ ਦੀ ਇਕ ਇਹ ਵੀ ਵਿਲੱਖਣਤਾ ਹੈ ਕਿ ਇਹ ਅਤੀਤ ਨਾਲੋਂ

---

1. Foundations of Indian Culture, p.58.
2. Ibid, p.56.
3. ਇਥੇ ਅਸੀਂ ਪੁਰਾਤਨ ਜਾਦੂ ਪੂਜਾ ਤੋਂ ਲੈ ਕੇ ਅਤਿ ਸੂਖਮ ਕੇਵਲ-ਅਦਵੈਤਵਾਦ ਤਕ ਹਰੇਕ ਪ੍ਰਕਾਰ ਦਾ ਧਾਰਮਿਕ ਵਿਸ਼ਵਾਸ ਵੇਖ ਸਕਦੇ ਹਾਂ, ਇਥੇ ਅਜਿਹੇ ਲੋਕ ਵੀ ਹਨ, ਜਿਹੜੇ ਕਿ ਪਰਮਾਤਮਾ ਦੀ ਉਸਦੇ ਵੱਖ ਵੱਖ ਰੂਪਕ-ਆਕਾਰਾਂ ਦੇ ਰੂਪ ਵਿਚ ਪੂਜਾ ਕਰਦੇ ਹਨ, ਅਤੇ ਅਜਿਹੇ ਵੀ ਹਨ ਜਿਹੜੇ ਕਿ ਪਰਮਾਤਮਾ ਨੂੰ ਨਿਰਾਕਾਰ ਤੇ ਅਸੀਮ ਨਾ ਕਹਿਕੇ ਵੀ ਸਮਝਦੇ ਹਨ... ਅਜ ਜੋ ਕੁਝ ਵੀ ਭਾਰਤ ਦਾ ਹੈ, ਭਾਵੇਂ ਇਹ ਕੋਈ ਵਿਚਾਰ ਜਾਂ ਸ਼ਬਦ ਜਾਂ ਕਲਾ ਦਾ ਰੂਪ ਜਾਂ ਰਾਜਨੀਤਕ ਸੰਸਥਾ ਜਾਂ ਸਮਾਜਕ ਰਹੁਰੀਤ ਹੈ, ਇਹ ਵੱਖ ਵੱਖ ਰੁਚੀਆਂ ਤੇ ਤੱਤਾਂ ਦਾ ਮੇਲ ਹੈ, ਫਿਰ ਵੀ, ਇਸ ਸਾਰੀ ਅਨੇਕਤਾ ਤੇ ਅਮੀਰੀ ਦੇ ਬਾਵਜੂਦ ਇਸ ਦਾ ਇਕ ਵਿਸ਼ੇਸ਼ ਲੱਛਣ ਹੈ ਜਿਹੜਾ ਸਾਰਿਆਂ ਉਤੇ ਭਾਰਤੀਪਨ ਦੀ ਮੋਹਰ ਲਾਉਂਦਾ ਹੈ(ਹਮਾਯੂੰ ਕਬੀਰ, ਭਾਰਤੀ ਸਭਿਆਚਾਰ ਦਾ ਆਧਾਰ, ਪੰਨੇ 9-10)।

ਟੁੱਟਿਆ ਨਹੀਂ, ਸਗੋਂ ਆਪਣੇ ਮੂਲ ਤੇ ਗੌਰਵ ਮਹਿਸੂਸ ਕਰਕੇ ਪ੍ਰੇਰਨਾ ਲੈਂਦਾ ਰਿਹਾ ਹੈ। ਹਮਾਯੂੰ ਕਬੀਰ ਅਨੁਸਾਰ ਪ੍ਰਾਚੀਨ ਸੰਸਾਰ ਨੇ ਸਭਿਆਚਾਰ ਤੇ ਸਭਿਅਤਾ ਦੇ ਕਈ ਵਧੀਆ ਰੂਪ ਪੈਦਾ ਕੀਤੇ ਹਨ, ਪਰੰਤੂ ਕੁਝ ਕੁ ਨੂੰ ਛੱਡ ਕੇ ਉਹ ਸਾਰੇ ਖ਼ਤਮ ਹੋ ਗਏ ਹਨ। ਇਨ੍ਹਾਂ ਕੁਝ ਪੁਰਾਤਨ ਭੂਮੀਆਂ ਵਿਚ ਨਵੀਆਂ ਸਭਿਅਤਾਵਾਂ ਪ੍ਰਫੁਲਤ ਹੋਈਆਂ ਹੋਣਗੀਆਂ, ਪਰੰਤੂ ਉਹ ਨਵੀਆਂ ਉਪਜਾਂ ਹਨ। ਭਾਰਤ ਵਿਚ ਭੂਤਕਾਲ ਦਾ ਸੰਬੰਧ ਵਰਤਮਾਨ ਨਾਲੋਂ ਕਦੇ ਵੀ ਨਹੀਂ ਟੁੱਟਿਆ। ਪੁਰਾਣੇ ਸਭਿਆਚਾਰ ਵਿਚ ਅਦਲਾ ਬਦਲੀ ਤੇ ਵਿਕਾਸ ਵੀ ਜ਼ਰੂਰ ਹੁੰਦਾ ਰਿਹਾ ਹੈ, ਪਰੰਤੂ ਇਸ ਸਭ ਕੁਝ ਨਾਲ ਇਸ ਦੀ ਅੰਤਰੀਵ ਏਕਤਾ ਅਟੁੱਟ ਰਹੀ ਹੈ।

<u>ਪਰਲੋਕਿਕ ਅਤੇ ਲੋਕਿਕ</u>
(ਅਧਿਆਤਮਕ ਅਤੇ ਭੌਤਕ)

ਭਾਰਤੀ ਸਭਿਆਚਾਰ ਜਿਸਦਾ ਦੇਸ਼ਾਂ ਵਿਦੇਸ਼ਾਂ ਵਿਚ ਦੂਰ ਤਕ ਮਾਨ ਹੁੰਦਾ ਰਹਿੰਦਾ ਹੈ ਉਹ ਹੈ ਭਾਰਤੀ ਦਰਸ਼ਨ, ਧਰਮ, ਸਾਹਿਤ ਸੁੰਦਰਤਾ ਦੀ ਸੂਖਮਤਾ ਜਿਨ੍ਹਾਂ ਦੇ ਅਧਿਆਤਮਵਾਦੀ ਅੰਸ਼ ਨੇ ਇਸ ਨੂੰ ਸਰਬ ਸਨਮਾਨ ਪ੍ਰਦਾਨ ਕੀਤਾ ਹੈ। ਇਹੀ ਇਸ ਸਭਿਆਚਾਰ ਦੀ ਇਕ ਵਿਸ਼ੇਸ਼ਤਾ ਹੈ ਜੋ ਸਭ ਲਈ ਖਿੱਚ ਰਖਦੀ ਹੈ। ਭਾਰਤੀ ਸਭਿਆਚਾਰ ਵਿਚ ਜੀਵਨ ਦੇ ਲੋਕਿਕ ਅਤੇ ਪਰਲੋਕਿਕ ਦੋਵੇਂ ਹੀ ਪੱਖ ਲਏ ਗਏ ਹਨ ਕਿਉਂਕਿ ਲੋਕਿਕ ਪੱਖ ਹੀ ਅਧਿਆਤਮਕ ਉੱਨਤੀ ਦੇ ਲਈ ਸਾਧਨ ਬਣ ਕੇ ਸਹਾਇਕ ਸਿੱਧ ਹੁੰਦਾ ਹੈ। ਗੀਤਾ ਦਾ ਮੁਖ ਵਿਚਾਰ ਹੈ ਕਿ ਕਰਮ ਕਰੋ ਪਰ ਫਲ ਦੀ ਆਸ ਨਾ ਕਰੋ। ਇਹੀ ਕਰਮਯੋਗ ਜਾਂ ਨਿਸ਼ਕਾਮ ਕਰਮ ਹੈ। ਕਿਤਨਾ ਮਹਾਨ ਦਰਸ਼ਨ ਹੈ ਕਿ ਕਰਮ ਫਲ ਦਾ ਜਿਤਨਾ ਅੰਸ਼ ਪ੍ਰਾਪਤ ਹੋ ਗਿਆ ਉਹ ਲੋਕਿਕ ਦ੍ਰਿਸ਼ਟੀ ਤੋਂ ਸੰਤੋਖ ਪੂਰਨ ਹੋਇਆ ਜੋ ਨਹੀਂ ਪ੍ਰਾਪਤ ਹੋਇਆ ਉਸਦਾ ਕੋਈ ਦੁਖ ਨਹੀਂ ਹੋਵੇਗਾ। ਇਸੇ ਲਈ ਭਾਰਤੀ ਸਭਿਆਚਾਰ ਜੀਵਨ ਨਾਟਕ ਨੂੰ ਕਦੀ ਵੀ ਦੁਖਦਾਈ ਬਣਾਉਣ ਦੇ ਪੱਖ ਵਿਚ ਨਹੀਂ। ਇਹੀ ਕਾਰਨ ਹੈ ਕਿ ਭਾਰਤੀ ਨਾਟਕ ਪਰੰਪਰਾ ਵਿਚ ਦੁਖਾਂਤ-ਰਚਨਾਵਾਂ ਘਟ ਹੀ ਨਹੀਂ ਸਗੋਂ ਨਾ ਦੇ ਬਰਾਬਰ ਮਿਲਦੀਆਂ ਹਨ।

ਭਾਰਤੀ ਸਭਿਆਚਾਰ ਵਿਚ ਇੱਕ ਹੀ ਰੂਪ ਵਿਚ ਰਹਿਣ ਵਾਲੀ ਸਥਿਰਤੀ ਸ੍ਰੇਸ਼ਟਤਾ ਵੀ ਮਿਲਦੀ ਹੈ। ਭਾਰਤ ਦਾ ਧਰਮ ਅੱਜ ਵੀ ਵੈਦਿਕ ਕਿਹਾ ਜਾ ਸਕਦਾ ਹੈ। ਕਈ ਥਾਵਾਂ ਤੇ ਯੱਗਾਂ ਵਿਚ ਵੇਦ ਮੰਤ੍ਰਾਂ ਦੇ ਨਾਲ ਦੇਵਤਿਆਂ ਨੂੰ ਆਹੂਤੀਆਂ ਦਿੱਤੀਆਂ ਜਾਂਦੀਆਂ ਹਨ। ਵੇਦਾਂ, ਉਪਨਿਸ਼ਦਾਂ ਅਤੇ ਗੀਤਾ ਆਦਿ ਧਰਮ ਗ੍ਰੰਥਾਂ ਦੀ ਵਿਆਖਿਆਵਾਂ ਅਜ ਕਲ੍ਹ ਵੀ ਭਾਰਤੀਆਂ ਦੇ ਹਿਰਦਿਆਂ ਨੂੰ ਸੰਤੁਸ਼ਟਤਾ ਬਖਸ਼ਦੀ ਹੈ। ਬੁੱਧ ਅਤੇ ਮਹਾਵੀਰ ਦੇ 'ਅਹਿੰਸਾ' ਪਰਮੋਧਰਮ' ਜਿਹੇ ਉਪਦੇਸ਼ ਅਜ ਵੀ ਭਾਰਤੀ ਆਪਣੇ ਜੀਵਨ ਵਿਚ ਉਤਾਰ ਰਹੇ ਹਨ। ਰਾਮ ਅਤੇ ਕ੍ਰਿਸ਼ਨ ਅੱਜ ਵੀ ਇਸ ਦੇ ਆਦਰਸ਼ ਹਨ। ਸੀਤਾ ਅਤੇ ਸਾਵਿਤ੍ਰੀ ਅਜ ਵੀ ਭਾਰਤੀ ਇਸਤ੍ਰੀਆਂ ਦੀ ਦ੍ਰਿਸ਼ਟੀ

ਵਿਚ ਮਹਾਨ ਹਨ। ਇਹ ਧਾਰਮਕ ਵਿਸ਼ਵਾਸ ਹੀ ਹਿੰਦੂਆਂ ਦੇ ਜੀਵਨ ਦਾ ਆਧਾਰ ਬਣ ਕੇ ਉਸ ਨੂੰ ਵਿਪਰੀਤ ਹਾਲਤਾਂ ਵਿਚ ਵੀ ਸੁਰੱਖਿਅਤ ਰਖ ਸਕਿਆ ਹੈ।[1] ਅਨੇਕ ਮੋੜਾਂ ਦੇ ਸਮਿਆਂ ਵਿਚ, ਵਿਦੇਸ਼ੀ ਸਭਿਆਚਾਰਾਂ ਤੋਂ ਆਏ ਹੋਏ ਅਸਥਾਈ ਤੱਤਾਂ ਤੋਂ ਭਾਰਤੀ ਸੰਸਕ੍ਰਿਤੀ ਨੇ ਆਪ ਨੂੰ ਬਚਾਉਣ ਦਾ ਜਤਨ ਕੀਤਾ ਅਤੇ ਆਪਣੀਆਂ ਮਾਨਤਾਵਾਂ ਦਾ ਗਿਆਨ ਏਕਾਤਮਤਾ ਤਥਾ ਸਰਵ ਸ਼ਕਤੀਮਾਨ ਦੀ ਅਨੰਤ ਸ਼ਕਤੀ ਦੀ ਨੀਂਹ ਤੇ ਖੜਾ ਕੀਤਾ ਹੈ।[2]

ਭਾਰਤੀ ਸਭਿਆਚਾਰ ਦੀ ਮੂਲ ਪ੍ਰਵਿਰਤੀ ਆਪਣੇ ਤੱਤਾਂ ਨੂੰ ਸੰਭਾਲਦਿਆਂ ਹੋਇਆਂ ਸਮੇਂ ਅਨੁਸਾਰ ਵਿਕਸਤ ਹੋ ਰਹੀ ਹੈ। ਮੂਲ ਵਿਚਾਰ ਅਤੇ ਆਦਰਸ਼ ਹੀ ਉਸ ਨੂੰ ਚਿਰਜੀਵੀ ਬਣਾਈ ਰਹੇ ਹਨ ਅਤੇ ਬਣਾਈ ਰਖਣਗੇ।

ਅਧਿਆਤਮਕਤਾ ਭਾਰਤੀ ਜੀਵਨ ਦਾ ਕੇਵਲ ਉਦੇਸ਼ ਹੀ ਨਹੀਂ ਸਗੋਂ ਜ਼ਿੰਦਗੀ ਨੂੰ ਉਸੇ ਪਾਸੇ ਮੋੜਨ ਦੇ ਜਤਨ ਵੀ ਕੀਤੇ ਗਏ ਹਨ। ਅਧਿਆਤਮਕਤਾ ਹੀ ਭਾਰਤੀ ਮਨ ਦੀ ਕੁੰਜੀ ਹੈ ਅਤੇ ਅਨੰਤਤਾ ਦੀ ਭਾਵਨਾ ਹੀ ਉਸਦੀ ਮੂਲ ਭਾਵਨਾ ਹੈ।[3] ਪਰ ਇਸ ਵਿਚ ਭੌਤਿਕ ਜੀਵਨ ਨੂੰ ਆਦਰ ਯੋਗ ਸਥਾਨ ਦਿੱਤਾ ਗਿਆ ਹੈ। ਮਹਰਿਸ਼ੀ ਅਰਬਿੰਦੋ ਅਨੁਸਾਰ ਭਾਰਤ ਸਦਾ ਹੀ ਭੌਤਿਕ ਨਿਯਮਾਂ ਅਤੇ ਸ਼ਕਤੀਆਂ ਵਲ ਸਚੇਸ਼ਟ ਰਹਿ ਕੇ ਭੌਤਿਕ-ਵਿਗਿਆਨਾਂ ਦੇ ਵਿਕਾਸ ਵੱਲ ਤਿੱਖਾ ਦ੍ਰਿਸ਼ਟੀਕੋਣ ਅਪਣਾਉਂਦਾ ਰਿਹਾ ਹੈ ਅਤੇ ਆਮ ਜੀਵਨ ਦੀ ਸਮੁੱਚੀ ਵਿਵਸਥਾ ਦੀ ਕਲਾ ਨਾਲ ਪਰਿਚਤ ਰਹੀ ਹੈ। ਪਰ ਇਸਦੇ ਨਾਲ ਨਾਲ ਇਸ ਤੋਂ ਇਹ ਵੀ ਗੁੱਝਾ ਨਹੀਂ ਕਿ ਭੌਤਿਕ ਜਥਾਰਥਕਤਾ ਪਰਾ-ਭੌਤਿਕਤਾ ਤੋਂ ਅਧੂਰੀ ਹੈ। ਇਸਤੋਂ ਇਲਾਵਾ ਮਨੁੱਖ ਦੇ ਅੰਦਰ ਵੀ ਕੁਝ ਅਜਿਹੀਆਂ ਸ਼ਕਤੀਆਂ ਹਨ ਜਿਨ੍ਹਾਂ ਤੋਂ ਉਹ ਜਾਣੂ ਨਹੀਂ, ਅਰਥਾਤ ਉਹ ਆਪਣੇ ਬਹੁਤ ਘਟ ਹਿੱਸੇ ਨੂੰ ਜਾਣਦਾ ਹੈ। ਇਹ ਦ੍ਰਿਸ਼ਟਮਾਨ ਅੰਗ ਜਗਤ, ਅਦ੍ਰਿਸ਼ਟ ਅਤੇ ਅਨੰਤ ਸ਼ਕਤੀ ਨਾਲ ਸੰਬੰਧਤ ਹਨ।[4]

ਇਸ ਤੋਂ ਸਪਸ਼ਟ ਹੈ ਕਿ ਭਾਰਤੀਆਂ ਨੇ ਭੌਤਿਕ ਖੇਤਰ ਵਿਚ ਚੁਣੌਤੀ ਕਰਨੇ ਦੀ ਜੀਵਨਸਾਰ ਚਰਮ ਸਾਧਕ ਅਧਿਆਤਮਕ ਖੇਤਰ ਨੂੰ ਹੀ ਸਵੀਕਾਰ ਕੀਤਾ ਹੈ। ਇਹ ਭਾਰਤੀ ਸਭਿਆਚਾਰ ਦੀ ਇਕ ਮਹੱਤਵ ਪੂਰਨ ਵਿਸ਼ੇਸ਼ਤਾ ਹੈ।

ਕੇ.ਐਮ.ਪਨੀਕਰ ਦਾ ਮਤ ਹੈ ਕਿ ਅਧਿਆਤਮਕਤਾ ਭਾਰਤੀ ਸਭਿਆਚਾਰ ਦਾ

---

1. ਆਰੀਆ ਪ੍ਰਸਾਦ ਤ੍ਰਿਪਾਠੀ, ਕਬੀਰ ਸਾਹਿਤਯ ਕਾ ਸਾਂਸਕ੍ਰਿਤਿਕ ਅਧਿਐਨ, ਪੰਨਾ 14.
2. India, A Synthesis of Culture, p.17.
3. Aurbindo, Foundation of Indian Culture, p.138.
4. India:A Synkhesis of Cultures, pp.174,175.

ਵਿਲੱਖਣ ਗੁਣ ਨਹੀਂ ਹੈ ਕਿਉਂਕਿ ਅਧਿਆਤਮਕਤਾ ਜਾਂ ਧਰਮ ਹਰ ਇਕ ਸਭਿਆਚਾਰ ਦਾ ਆਧਾਰ ਹੈ। ਉਸ ਅਨੁਸਾਰ ਜ਼ਰੂਰੀ ਨੁਕਤਾ ਇਹ ਨਹੀਂ ਕਿ ਇਕ ਸਭਿਆਚਾਰ ਦੂਜੇ ਸਭਿਆਚਾਰ ਨਾਲੋਂ ਵਧੇਰੇ ਅਧਿਆਤਮਕ ਹੈ, ਪ੍ਰੰਤੂ ਇਹ ਹੈ ਕਿ ਧਰਮ ਦੇ ਕਰਮਕਾਂਡ ਜਿਹੜੇ ਸਾਡਾ ਜੀਵਨ ਚਲਾਉਂਦੇ ਹਨ, ਵੱਖ ਵੱਖ ਹਨ।[1] ਪਾਣੀਕਰ ਦੇ ਉਕਤ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ ਹੈ। ਭਾਰਤ ਵਿਚ ਅਧਿਆਤਮਕਤਾ ਜੀਵਨ ਦੇ ਹਰ ਖੇਤਰ ਦਾ ਜਿਸ ਤਰ੍ਹਾਂ ਅੰਗ ਹੈ ਹੋਰ ਕਿਸੇ ਦੇਸ਼ ਦਾ ਨਹੀਂ। ਇਕ ਭਾਰਤੀ ਲਈ ਅਧਿਆਤਮਕਤਾ ਜੀਵਨ ਦਾ ਆਧਾਰ ਵੀ ਹੈ ਅਤੇ ਨਿਸ਼ਾਨਾ ਵੀ। ਉਸਦੀ ਵਿਚਾਰਧਾਰਾ ਦੀ ਧੁਨ ਵੀ ਅਧਿਆਤਮਕਤਾ ਹੀ ਹੈ।

<u>ਜੀਵਨ ਦੇ ਪੜਾਂ</u>

ਭਾਰਤੀ ਸਮਾਜ ਦੇ ਸ਼ਾਸਤ੍ਰੀਆਂ ਨੇ ਜੀਵਨ ਨੂੰ ਕ੍ਰਮ ਅਨੁਸਾਰ ਚਾਰ ਹਿੱਸਿਆਂ ਵਿਚ ਵੰਡਿਆ ਹੈ ਜੋ ਕਿ ਭਾਰਤੀ ਸਭਿਆਚਾਰ ਦੀ ਇਕ ਨਿਜੀ ਅਤੇ ਖਾਸ ਵਿਸ਼ੇਸ਼ਤਾ ਹੈ। ਪੁਰਾਣੇ ਰਿਸ਼ੀਆਂ ਮੁਨੀਆਂ ਨੇ ਮਨੁੱਖੀ ਆਯੂ 100 ਸਾਲ ਦੀ ਮੰਨੀ ਸੀ ਜਿਸ ਨੂੰ ਮਨੁੱਖੀ ਜੀਵਨ ਦੀਆਂ ਲੋੜਾਂ ਅਨੁਸਾਰ 25,25 ਸਾਲ ਦੇ ਚਾਰ ਆਸ਼ਰਮਾਂ ਵਿਚ ਵੰਡਿਆ ਹੈ, ਜਿਨ੍ਹਾਂ ਦਾ ਉਦੇਸ਼ ਜੀਵਨ ਦਾ ਸਰਬਅੰਗੀ ਵਿਕਾਸ ਕਰਨਾ ਹੈ।

ਪਹਿਲਾ ਆਸ਼ਰਮ ਬ੍ਰਹਮਚਾਰਯ ਆਸ਼ਰਮ ਹੈ ਜੋ ਜੀਵਨ ਨਿਰਮਾਣ ਲਈ ਸਰੀਰਕ ਅਤੇ ਮਾਨਸਿਕ ਸ਼ਕਤੀਆਂ ਦੇ ਨਿਰਮਾਣ ਦਾ ਹੈ। ਇਸ ਵਿਚ ਚਰਿਤ੍ਰ, ਨੈਤਿਕਤਾ, ਸੰਜਮ ਅਤੇ ਜੀਵਨ ਕਰ ਪਵਿੱਤ੍ਰਤਾ ਦੇ ਸੰਸਕਾਰਾਂ ਵਲ ਧਿਆਨ ਦਿੱਤਾ ਜਾਂਦਾ ਹੈ ਜੋ ਆਉਣ ਵਾਲੇ ਜੀਵਨ ਮਹੱਲ ਲਈ ਨੀਂਹ ਬਣਦੇ ਹਨ। ਇਕ ਨਿਸਚਿਤ ਉਮਰ ਪਿਛੋਂ ਬੱਚੇ ਨੂੰ ਕਿਸੇ ਅਜਿਹੇ ਆਦਰਸ਼ਕ ਗੁਰੂ ਦੇ ਹਵਾਲੇ ਕਰ ਦਿੱਤਾ ਜਾਂਦਾ ਸੀ ਜੋ ਹਰ ਸੰਭਵ ਤਰੀਕੇ ਨਾਲ ਉਸਦੇ ਜੀਵਨ ਦਾ ਮਾਨਸਿਕ, ਸਰੀਰਕ ਅਤੇ ਰੂਹਾਨੀ ਵਿਕਾਸ ਕਰਾ ਸਕਣ ਦੇ ਯੋਗ ਹੋਵੇ।

ਅਗਲੇ ਪੜਾਂ ਵਿਚ ਵਿਅਕਤੀ ਨੂੰ ਗ੍ਰਿਹਸਥ ਆਸ਼ਰਮ ਵਿਚ ਪ੍ਰਵੇਸ਼ ਕਰਾਇਆ ਜਾਂਦਾ ਸੀ। ਗ੍ਰਿਹਸਥ ਆਸ਼ਰਮ ਜੀਵਨ ਦਾ ਇਕ ਬਹੁਤ ਹੀ ਮਹੱਤਵ ਪੂਰਨ ਸਮਾਂ ਹੈ। ਹੋਣ ਵਾਲੀ ਸੰਤਾਨ ਦਾ ਜੀਵਨ ਇਸੇ ਸਮੇਂ ਤੇ ਨਿਰਭਰ ਕਰਦਾ ਹੈ। ਗ੍ਰਿਹਸਥੀ ਦੇ ਨੈਤਿਕ ਸਿਧਾਂਤਾਂ ਅਤੇ ਨਿਸਚਿਤ ਅਨੁਸ਼ਾਸਨ ਦੀ ਪਾਲਣਾ ਕਰਨੀ ਵੀ ਇਸ ਸਮੇਂ ਵਿਚ ਬਹੁਤ ਆਵੱਸ਼ਕ ਹੈ। ਇਸ ਕਾਲ ਵਿਚ ਕਾਰੋਬਾਰ ਕਰਨਾ ਅਤੇ ਸੰਪਤੀ ਬਣਾਉਣਾ ਵੀ ਜ਼ਰੂਰੀ ਹੈ ਤਾਂ ਜੋ ਪਰਿਵਾਰ ਦਾ ਪਾਲਣ ਪੋਸ਼ਣ ਹੋ ਸਕੇ।

---

1. ਭਾਰਤੀ ਸਭਿਆਚਾਰ ਦਾ ਆਧਾਰ, (ਭਾਸ਼ਾ ਵਿਭਾਗ), ਪੰਨਾ 2.

ਇਸ ਤੋਂ ਪਿਛੋਂ ਤੀਜਾ ਪੜਾ ਬਾਨ ਪ੍ਰਸਥ ਆਸ਼੍ਰਮ ਹੈ ਜਿਸਵਿਚ ਮਨੁੱਖ ਪਰਿਵਾਰਕ ਜੀਵਨ ਦੀ ਸੀਮਾ ਤੋਂ ਉਪਰ ਉਠ ਕੇ ਸਮਾਜ ਸੇਵਾ ਤੇ ਅਧਿਆਤਮਕ ਸਾਧਨਾ ਵੱਲ ਲਗ ਜਾਂਦਾ ਸੀ।

ਚੌਥੀ ਅਵਸਥਾ ਸੰਨਿਆਸ ਆਸ਼੍ਰਮ ਦੀ ਹੈ। ਇਸ ਵਿਚ ਭੌਤਕ ਸੁਆਰਥਾਂ ਦਾ ਤਿਆਗ ਕਰਕੇ ਲੋਕ ਕਲਿਆਣ ਹਿਤ ਸੱਚੇ ਅਰਥਾਂ ਵਿਚ ਉਹ ਸੰਨਿਆਸੀ ਅਥਵਾ ਤਿਆਗ ਕਰਨ ਵਾਲਾ ਮਾਨਵ ਬਣ ਜਾਂਦਾ ਹੈ। ਇਸ ਤਰ੍ਹਾਂ ਅਨੁਸ਼ਾਸਨ ਵਿਚ ਰਹਿੰਦਿਆਂ ਹੋਇਆਂ ਮਨੁੱਖ ਸੰਸਾਰਰੂਪੀ ਤੀਰਥ ਯਾਤਰਾ ਨੂੰ ਸੰਪੂਰਨ ਕਰ ਲੈਂਦਾ ਸੀ।

<u>ਵਿਅਕਤੀ ਅਤੇ ਸਰਬਤ ਦੇ ਭਲੇ ਦਾ ਸੰਕਲਪ</u>

ਵਿਅਕਤੀ ਮਹੱਤਵ ਵਿਚ ਅਟੁੱਟ ਵਿਸ਼ਵਾਸ ਭਾਰਤੀ ਸਦਾਚਾਰ ਦਾ ਮਹੱਤਵ ਪੂਰਣ ਗੁਣ ਹੈ। ਵਿਅਕਤੀ ਦੀ ਸਿੱਧੀ ਜਾਂ ਪੂਰਣਤਾ ਤੇ ਬਹੁਤ ਬਲ ਦਿੱਤਾ ਜਾਂਦਾ ਹੈ। ਭਾਰਤੀ ਸਿਧਾਂਤ ਰਾਜ ਦੇ ਅਧਿਕਾਰਾਂ ਨੂੰ ਨਿਸਚਿਤ ਹੱਦਾਂ ਅੰਦਰ ਰੱਖਣ ਦਾ ਹਾਮੀ ਹੈ। ਧਰਮ, ਵਿਅਕਤੀ ਦੇ ਅਧਿਕਾਰਾਂ ਦੀ ਪ੍ਰਤਿਨਿਧਤਾ ਕਰਦਿਆਂ ਰਾਜ ਤੋਂ ਉਚੇਰਾ ਸਮਝਿਆ ਜਾਂਦਾ ਹੈ। ਵਿਅਕਤੀ ਦੀ ਭਲਾਈ ਹੀ ਧਰਮ ਦਾ ਮੁੱਖ ਉਦੇਸ਼ ਹੈ ਅਤੇ ਇਹ ਧਰਮ ਹੀ ਵਿਅਕਤੀ ਨੂੰ ਰਾਜ ਦੇ ਅਯੋਗ ਦਖ਼ਲ ਤੋਂ ਬਚਾਉਂਦਾ ਰਿਹਾ ਹੈ। ਭਾਰਤੀ ਸਦਾਚਾਰ ਦੇ ਵਿਅਕਤੀਵਾਦ ਦੀ ਬੁਨਿਆਦ ਇਸ ਗੱਲ ਉਤੇ ਹੈ ਕਿ ਹਰੇਕ ਵਿਅਕਤੀਗਤ ਆਤਮ ਪੂਰਨਤਾ ਤਕ ਪਹੁੰਚ ਸਕਦੀ ਹੈ, ਹਰੇਕ ਆਤਮਾ ਅਪਣੀ ਥਾਂ ਤੇ ਵਿਸ਼ੇਸ਼ ਮਹੱਤਤਾ ਰਖਦੀ ਹੈ ਅਤੇ ਆਤਮ ਖੋਜ ਰਾਹੀਂ ਪਰੇ ਅੰਤਿਮ ਲਕਸ਼ ਤਕ ਪਹੁੰਚ ਸਕਦੀ ਹੈ। ਪਨੀਕਰ ਨੇ ਇਸ ਟਿੱਪਣੀ ਨੂੰ ਨਿਰਮੂਲ ਦੱਸਿਆ ਹੈ, ਜੋ ਇਹ ਕਹਿੰਦੇ ਹਨ ਕਿ ਵਿਅਕਤੀਵਾਦ ਦਾ ਵਿਚਾਰ ਅਰਾਜਕਤਾ ਦਾ ਖ਼ਿਆਲ ਬਣਦਾ ਹੈ। ਉਸ ਅਨੁਸਾਰ ਇਹ ਦਲੀਲ ਬਿਲਕੁਲ ਠੀਕ ਹੁੰਦੀ ਜੇ ਵਿਅਕਤੀ ਦੇ ਅਧਿਕਾਰ ਨੂੰ ਸੀਮਤ ਕਰਨ ਵਾਲੀਆਂ ਹੋਰ ਗੱਲਾਂ ਨਾ ਹੁੰਦੀਆਂ। ਭਾਰਤ ਦਾ ਲੋਕ ਸੰਗ੍ਰਹਿ ਦਾ ਸਿਧਾਂਤ ਅਰਥਾਤ ਇਹ ਵਿਚਾਰ ਕਿ ਸਰਬੱਤ ਦੇ ਭਲੇ ਲਈ ਕੰਮ ਕਰਨਾ ਮਨੁੱਖ ਦਾ ਸਭ ਤੋਂ ਸ੍ਰੇਸ਼ਟ ਧਰਮ ਹੈ, ਉਸਦੇ ਅਰਾਜਕਤਾਵਾਦੀ ਵਿਚਾਰ ਦੇ ਲੱਛਣ ਨੂੰ ਬਦਲ ਦੇਂਦਾ ਹੈ ਅਤੇ ਰਾਜ ਲਈ ਇਕ ਅਜਿਹਾ ਆਧਾਰ ਮੁਹੱਈਆ ਕਰਦਾ ਹੈ, ਜਿਸ ਰਾਹੀਂ ਸਮੁੱਚੇ ਸਮਾਜ ਤੇ ਇਸਦੇ ਵਿਅਕਤੀਗਤ ਅੰਗਾਂ, ਦੋਹਾਂ ਦੇ ਭਲੇ ਵਿਚ ਪੂਰਨ ਮੇਲ ਪੈਦਾ ਹੋ ਜਾਂਦਾ ਹੈ। ਲੋਕ ਸੰਗ੍ਰਹਿ ਦਾ ਇਹ ਸਿਧਾਂਤ ਵਿਅਕਤੀ ਦੀ ਕਾਰਵਾਈ ਨੂੰ ਸੰਬੰਧਿਤ ਸਮਾਜ ਦੇ ਮੰਤਵਾਂ ਨਾਲ ਜੋੜਦਾ ਹੈ ਅਤੇ ਇਸ ਤਰ੍ਹਾਂ ਯਕੀਨ ਦਿਵਾਉਂਦਾ ਹੈ ਕਿ ਵਿਅਕਤੀਗਤ ਸੁਤੰਤਰਤਾ ਨੂੰ ਸਾਂਝੀ ਭਲਾਈ ਦੇ ਵਿਰੁੱਧ ਨਹੀਂ ਵਰਤਿਆ ਜਾਵੇਗਾ।[1]

---

1. ਕੇ.ਐਮ.ਪਨੀਕਰ, ਭਾਰਤੀ ਸਦਾਚਾਰ ਦਾ ਆਧਾਰ, ਪੰਨਾ 7.

ਜਦੋਂ ਮਨੁੱਖ ਆਪਣੇ ਆਪਤੋਂ ਜਾਂ ਆਪਣੇ ਸੁਆਰਥਾਂ ਤੋਂ ਥੋੜ੍ਹਾ ਉਤੇਂ ਉਠਦਾ ਹੈ ਤਾਂ ਸੁਭਾਵਕ ਹੀ ਉਸ ਵਿਚ ਦੂਸਰੇ ਪ੍ਰਾਣੀਆਂ ਲਈ ਸਦ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਭਾਵਨਾ ਰਾਹੀਂ ਮਨੁੱਖ ਦੂਸਰਿਆਂ ਨੂੰ ਖੁਸ਼ ਦੇਖ ਕੇ ਅਨੰਦਿਤ ਹੋ ਉਠਦਾ ਹੈ ਤੇ ਦੂਸਰੇ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਉਸ ਦੀ ਨਿਵਿਰਤੀ ਦੀ ਕਾਮਨਾ ਕਰਦਾ ਹੈ ਤਾਂ ਜੋ ਸਾਰੇ ਸੁਖੀ ਜੀਵਨ ਬਿਤਾਉਣ।

ਭਾਰਤੀ ਸਭਿਆਚਾਰ ਵਿਚ ਇਹ ਲੋਕ ਮੰਗਲ ਭਾਵਨਾ ਇਤਨੀ ਪ੍ਰਬਲ ਰਹੀ ਹੈ ਕਿ ਸਾਡੇ ਮਹਾਂ ਪੁਰਸ਼ਾਂ ਨੇ ਦੁਸ਼ਟਾਂ ਦਾ ਨਾਸ਼ ਕਰਨਾ ਤੇ ਸੰਤਾਂ ਨੂੰ ਦੁਸ਼ਟਾਂ ਜਾਂ ਦੈਂਤਾਂ ਦੇ ਪੰਜੇ ਵਿਚੋਂ ਛੁਡਾਉਣਾ ਪਰਮ ਧਰਮ ਮੰਨਿਆ ਸੀ। ਲੋਕ ਕਲਿਆਣ ਦੀ ਭਾਵਨਾ ਦੇ ਇਸ ਸੰਸਕ੍ਰਿਤਕ ਤੌਰ ਦੁਆਰਾ ਹੀ ਦੇਸ਼ ਤੇ ਸਮਾਜ ਦੀ ਸੇਵਾ, ਪਰਉਪਕਾਰ, ਤਿਆਗ, ਉਦਾਰਤਾ ਆਦਿ ਸਿਧਾਂਤਾਂ ਦਾ ਨਿਰਮਾਣ ਹੋਇਆ ਹੈ ਜੋ ਅੱਜ ਵੀ ਸਮਾਜ ਵਿਚ ਸਰਵੋਤਮ ਮੰਨੇ ਜਾਂਦੇ ਹਨ। ਭਾਰਤੀ ਵਿਚਾਰਧਾਰਾ ਅਨੁਸਾਰ ਲੋਕ ਕਲਿਆਣ ਦੀ ਭਾਵਨਾ ਸਿਰਫ਼ ਸਮਾਜਕ ਹੀ ਨਹੀਂ, ਇਸ ਨੂੰ ਅਧਿਆਤਮਕ ਮਹੱਤਵ ਵੀ ਪ੍ਰਾਪਤ ਹੈ। ਇਸ ਸੰਬੰਧ ਵਿਚ ਸੁਆਮੀ ਵਿਵੇਕਾਨੰਦ ਦੇ ਸ਼ਬਦ ਉਲੇਖਯੋਗ ਹਨ, "ਸੰਸਾਰ ਨਹੀਂ, ਅਸੀਂ ਹੀ ਸੰਸਾਰ ਦੇ ਰਿਣੀ ਹਾਂ। ਇਹ ਸਾਡੀ ਖੁਸ਼ਕਿਸਮਤੀ ਹੈ ਕਿ ਸਾਨੂੰ ਸੰਸਾਰ ਵਿਚ ਕੁਝ ਕੰਮ ਕਰਨ ਦਾ ਮੌਕਾ ਮਿਲਿਆ ਹੈ। ਸੰਸਾਰ ਦੀ ਸਹਾਇਤਾ ਕਰਨ ਨਾਲ ਅਸੀਂ ਆਪਣਾ ਹੀ ਕਲਿਆਣ ਕਰਦੇ ਹਾਂ।"[1] ਦੂਸਰਿਆਂ ਦੇ ਲਈ ਕੀਤੇ ਕੰਮ ਦਾ ਮੁੱਖ ਫਲ ਆਪਣੀ ਆਤਮਾ ਦੀ ਸ਼ੁੱਧੀ ਹੈ। ਪਰਉਪਕਾਰ ਦਾ ਹਰੇਕ ਕੰਮ, ਹਮਦਰਦੀ ਦਾ ਹਰੇਕ ਵਿਚਾਰ, ਸਹਾਇਤਾ ਲਈ ਕੀਤਾ ਗਿਆ ਹਰੇਕ ਆਤਮ ਤਿਆਗ ਹੀ ਸਾਡੀ ਸਾਰੀ ਨੀਤੀ ਦੀ ਨੀਂਹ ਹੈ ਜੋ ਸਾਡੇ ਸ੍ਰੇਸ਼ਠ ਆਦਰਸ਼ਾਂ ਵਿਚ ਵਿਆਪਕ ਹੈ ਅਤੇ ਭਾਰਤੀ ਸਭਿਆਚਾਰ ਦੀ ਮੁੱਖ ਵਿਸ਼ੇਸ਼ਤਾ ਹੈ।[2]

ਵਿਸ਼ਵ ਇਕ ਵਿਸ਼ਾਲ ਪਰਿਵਾਰ ਹੈ ਅਤੇ ਇਸ ਵਿਚ ਰਹਿਣ ਵਾਲੇ ਸਾਰੇ ਪ੍ਰਾਣੀ ਇਕ ਸਮਾਨ ਹਨ ਇਸ ਲਈ ਆਪਣੇ ਪਰਾਏ ਦੀ ਚਰਚਾ ਕਰਨੀ ਤੁੱਛ ਵਿਚਾਰ ਹਨ। ਭਾਰਤੀ ਸਭਿਆਚਾਰ ਅਨੁਸਾਰ ਧਰਮ ਦਾ ਉਦੇਸ਼ ਹੀ ਇਹ ਹੈ ਕਿ ਕਿਸੇ ਨੂੰ ਕਿਸੇ ਕਿਸਮ ਦਾ ਕਸ਼ਟ ਨ ਪਹੁੰਚਾਉ। ਕਦੀ ਕਿਸੇ ਪ੍ਰਤਿ ਕੋਈ ਅਜਿਹੀ ਗੱਲ ਨਾ ਕਰੋ, ਨਾ ਅਜਿਹਾ ਵਿਚਾਰ ਕਰੋ, ਨਾ ਅਜਿਹਾ ਕੰਮ ਕਰੋ ਜੋ ਆਪਣੇ ਆਪ ਨੂੰ ਬੁਰਾ ਲਗਦਾ ਹੋਵੇ।

ਸਮਾਜਕ ਜੀਵਨ ਦੀ ਰਤੀ ਵਿਧੀ ਦਾ ਕ੍ਰਮ ਵੀ ਇਸੇ ਪ੍ਰੇਮ ਭਾਵਨਾ ਤੇ ਆਧਾਰਤ ਸੀ। ਪਰਮਾਤਮਾ ਸਭ ਜੀਵਾਂ ਦਾ ਮਾਤਾ ਪਿਤਾ ਹੈ ਅਤੇ ਸਾਰੇ ਆਪਸ ਵਿਚ ਭਰਾਵਾਂ ਦੀ ਤਰ੍ਹਾਂ

---

1. Karmayoga, pp. 85-86.
2. ਕਬੀਰ ਸਾਹਿਤ ਕਾ ਸਾਂਸਕ੍ਰਿਤਕ ਅਧਿਐਨ, ਪੰਨਾ 18.

ਹਨ ਤੇ ਸਦਾ ਹਰੇਕ ਦਾ ਭਲਾ ਮੰਗਣਾ ਚਾਹੀਦਾ ਹੈ। ਆਬਿਦ ਹੁਸੈਨ ਦੇ ਕਹਿਣ ਅਨੁਸਾਰ ਬਜਾਏ ਇਸਦੇ ਕਿ ਅਸੀਂ ਪਰਮਾਤਮਾ ਅੱਗੇ ਦੁਸ਼ਮਣਾਂ ਨੂੰ ਖ਼ਤਮ ਕਰਨ ਲਈ ਅਰਦਾਸ ਕਰੀਏ ਸਾਨੂੰ ਚਾਹੀਦਾ ਹੈ ਕਿ ਅਸੀਂ ਸਭ ਦੇ ਭਲੇ ਲਈ ਅਰਦਾਸ ਕਰੀਏ।[1]

ਭਾਰਤੀ ਸਭਿਆਚਾਰ ਵਿਚ ਵਿਅਕਤੀ ਦੇ ਸੁਧਾਰ ਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ। ਭਾਰਤੀ ਸਭਿਆਚਾਰ ਸਦਾਚਾਰ ਪ੍ਰਧਾਨ ਹੈ ਜਿਸ ਵਿਚ ਮਨੁੱਖ ਦੀਆਂ ਪ੍ਰਵਿਰਤੀਆਂ ਦੇ ਸੁਧਾਰ ਨੂੰ ਮਹੱਤਵ ਦਿੱਤਾ ਗਿਆ ਹੈ, ਕਿਉਂਕਿ ਜੇ ਮਨੁੱਖ ਠੀਕ ਹੋਣਗੇ ਤਾਂ ਸਾਰਾ ਸਮਾਜ ਹੀ ਠੀਕ ਰਹੇਗਾ। ਇਸੇ ਲਈ ਵਿਅਕਤਿਤ੍ਵ ਦੇ ਨਿਰਮਾਣ ਲਈ ਤਪੱਸਿਆ ਆਦਿ ਦੇ ਨਾਲ ਨਾਲ ਵਿਵਹਾਰਕ ਗੁਣ ਵੀ ਜ਼ਰੂਰੀ ਦੱਸੇ ਗਏ ਹਨ।

<u>ਆਸ਼ਾਵਾਦ</u>

ਭਾਰਤੀ ਸਭਿਆਚਾਰ ਵਿਚ ਇਸ ਗੱਲ ਨੂੰ ਵੀ ਮਹਾਨਤਾ ਦਿੱਤੀ ਜਾਂਦੀ ਹੈ ਕਿ ਮਨੁੱਖ ਸੰਜਮ ਵਿਚ ਰਹੇ ਅਤੇ ਨਿਰਾਸ਼ਾਵਾਦੀ ਨਾ ਬਣੇ। ਭਾਰਤੀ ਫਲਸਫ਼ੇ ਅਨੁਸਾਰ ਮਨੁੱਖ ਨੂੰ ਕਰਮਾਂ ਅਨੁਸਾਰ ਜਨਮ ਮਰਨ ਦੇ ਗੇੜ ਵਿਚ ਪੈਣਾ ਪੈਂਦਾ ਹੈ। ਇਸ ਲਈ ਪਾਪ ਕਰਨ ਲੱਗਿਆਂ ਵੀ ਉਸ ਨੂੰ ਸੋਚਣਾ ਚਾਹੀਦਾ ਹੈ ਇਸ ਕਰਮ ਦਾ ਫਲ ਭੁਗਤਣ ਲਈ ਕੀ ਪਤਾ ਅਗਲੇ ਜਨਮ ਵਿਚ ਉਸ ਨੂੰ ਕੀ ਕੀ ਦੁੱਖ ਸਹਿਣੇ ਪੈਣਗੇ। ਇਸ ਨਾਲ ਉਹ ਚੇਤੰਨ ਅਤੇ ਆਸ਼ਾਵਾਦੀ ਬਣਿਆ ਰਹਿੰਦਾ ਹੈ ਤੇ ਅਗਲੇ ਜਨਮ ਦੇ ਸੁਖ ਮਾਨਣ ਖ਼ਾਤਰ ਵਰਤਮਾਨ ਜੀਵਨ ਵਿਚ ਚੰਗੇ ਕਰਮਾਂ ਵਲ ਪ੍ਰੇਰਿਤ ਹੁੰਦਾ ਹੈ।

<u>ਭਾਗਵਾਦ, ਸੰਤੋਖ, ਸਾਦਗੀ</u>

ਭਾਰਤੀ ਸਭਿਆਚਾਰ ਤੋਂ ਇਹ ਵੀ ਪਤਾ ਲਗਦਾ ਹੈ ਕਿ ਭਾਰਤੀ ਲੋਕ ਮਿਹਨਤ ਤੇ ਖੋਜ ਘਟ ਕਰਦੇ ਸਨ ਅਤੇ ਕੁਦਰਤ ਤੇ ਵਧੇਰੇ ਨਿਰਭਰ ਰਹਿੰਦੇ ਹਨ। ਆਪਣੀਆਂ ਲੋੜਾਂ ਲਈ ਦੇਵ-ਆਰਾਧਨਾ ਵਧੇਰੇ ਜ਼ਰੂਰੀ ਸਮਝੀ ਜਾਂਦੀ ਹੈ ਅਤੇ ਜੇ ਉਨ੍ਹਾਂ ਦੀ ਆਰਾਧਨਾ ਫਲ ਨਾ ਲਿਆਵੇ ਤਾਂ ਉਹ ਭਾਗਾਂ ਤੇ ਹੀ ਸਭ ਕੁਛ ਸੁੱਟ ਦਿੰਦੇ ਹਨ ਤੇ ਪਰਮਾਤਮਾ ਦੀ ਰਜ਼ਾ ਅੱਗੇ ਸਿਰ ਝੁਕਾ ਦਿੰਦੇ ਹਨ।[2] ਇਸ ਕਰਕੇ ਅਸੀਂ ਉਨ੍ਹਾਂ ਨੂੰ ਭਾਗਵਾਦੀ ਕਹਿ ਸਕਦੇ ਹਾਂ। ਉਹ ਕੁਦਰਤ ਵਿਰੁੱਧ ਸੰਘਰਸ਼ ਨਹੀਂ ਕਰਦੇ ਬਲਕਿ ਕੁਦਰਤ ਅਨੁਸਾਰ ਉਸ ਦੀ ਰਜ਼ਾ ਵਿਚ ਹੀ ਰਹਿੰਦੇ ਹਨ। ਦੂਜੇ, ਉਹ ਸੰਤੋਖੀ ਹਨ। ਰੱਬ ਨੇ ਜੋ ਕੁਛ ਦਿੱਤਾ ਹੈ ਉਸ ਤੇ ਸ਼ੁਕਰ ਕਰਨਾ ਠੀਕ ਸਮਝਦੇ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਣ ਪਦਾਰਥਵਾਦੀ ਨਹੀਂ। ਹਮਾਯੂੰ ਕਬੀਰ ਅਨੁਸਾਰ ਭਾਰਤ ਵਿਚ

---

1. Abid Hussain, Indian Culture, p.71
2. Ibid, p.2

ਜੀਵਨ ਦੀਆਂ ਮੰਜ਼ਿਲਾਂ ਘੱਟ ਹਨ ਅਤੇ ਉਨ੍ਹਾਂ ਦੀ ਸੰਪੂਰਨਤਾ ਆਸਾਨੀ ਨਾਲ ਹੋ ਜਾਂਦੀ ਹੈ।[1] ਸਾਦੀ ਰਹਿਣੀ ਪਰ ਉਚੇਰੀ ਸੋਚਣੀ ਭਾਰਤ ਦੇ ਸਭ ਤੋਂ ਵੱਡੇ ਸਪੁੱਤਰਾਂ ਤੇ ਸਪੁੱਤਰੀਆਂ ਦਾ ਆਦਰਸ਼ ਰਿਹਾ ਹੈ।[2]

## ਮਨੁੱਖੀ ਚਰਿੱਤ੍ਰ

ਭਾਰਤੀ ਸਭਿਆਚਾਰ ਮਾਨਵੀ ਸਭਿਆਚਾਰ ਹੋਣ ਕਰਕੇ ਮਨੁੱਖੀ ਚਰਿੱਤਰ ਦੀ ਉਚੱਤਾ ਤੇ ਬਹੁਤ ਜ਼ੋਰ ਦਿੰਦਾ ਹੈ। ਭਾਰਤੀ ਸਭਿਆਚਾਰ ਅਨੁਸਾਰ ਜਿਥੇ ਬਸਤਰ ਸਾਫ਼ ਹੋਣੇ ਜ਼ਰੂਰੀ ਹਨ, ਉਥੇ ਚਰਿਤਰ ਦਾ ਚੰਗਾ ਤੇ ਉਚਾ ਹੋਣਾ ਉਸ ਤੋਂ ਵੀ ਵਧ ਜ਼ਰੂਰੀ ਹੈ। ਅਮਰੀਕਾ ਦੀ ਇਸਤ੍ਰੀ ਨੂੰ ਸਭਿਅ ਹੋਣ ਦੇ ਨੁੱਕਤ ਦਸਦੇ ਹੋਏ ਸੁਆਮੀ ਵਿਵੇਕਾ ਨੰਦ ਨੇ ਕਿਹਾ ਹੈ ਕਿ ਅਮਰੀਕਾ ਵਿਚ ਦਰਜ਼ੀ ਕਿਸੇ ਨੂੰ ਵੀ ਸੁ-ਸਭਿਆ ਬਣਾ ਸਕਦਾ ਹੈ ਪਰ ਜਿਸ ਦੇਸ਼(ਭਾਰਤ) ਵਿਚੋਂ ਮੈਂ ਆਇਆ ਹਾਂ ਉਥੇ ਚਰਿੱਤ੍ਰ ਹੀ ਮਨੁੱਖ ਨੂੰ ਮਹਾਨ ਬਣਾਉਂਦਾ ਹੈ। ਜਿਥੇ ਸਿਰਫ਼ ਬਾਹਰਲਾ ਦਿਖਾਵਾ ਆ ਗਿਆ, ਚਾਹੇ ਉਹ ਜੀਵਨ ਦਾ ਕੋਈ ਵੀ ਪਹਿਲੂ ਹੋਵੇ ਉਥੇ ਪਤਨ ਆਰੰਭ ਹੋ ਜਾਂਦਾ ਹੈ। ਜੀਵਨ ਵਿਚ ਚਰਿਤ੍ਰਕ ਬਣਾਉਣ ਲਈ ਸਾਡੇ ਸਾਰੇ ਧਰਮ ਕਰਮ ਪਵਿੱਤ੍ਰਤਾ ਦੇ ਲਈ ਹੀ ਹਨ। ਤੀਰਥ ਇਸ਼ਨਾਨ, ਪੂਜਾ, ਵਰਤ ਇਹ ਸਭ ਕੁਝ ਅੰਤਹਕਰਣ ਦੀ ਪਵਿੱਤ੍ਰਤਾ ਲਈ ਹੀ ਹਨ।[3] ਜੇ ਇਨ੍ਹਾਂ ਨਾਲ ਪਵਿੱਤ੍ਰਤਾ ਨਹੀਂ ਆਉਂਦੀ ਤਾਂ ਇਸ ਦਿਖਾਵੇ ਦਾ ਕੋਈ ਲਾਭ ਨਹੀਂ। ਇਸ ਲਈ ਇਨ੍ਹਾਂ ਤੋਂ ਵੀ ਵਧ ਕੇ ਸੇਵਾ, ਸਾਧਨਾ ਆਦਿ ਦਾ ਮਹੱਤਵ ਭਾਰਤੀ ਸਭਿਆਚਾਰ ਵਿਚ ਬਹੁਤ ਹੈ ਕਿਉਂਕਿ ਅੰਦਰਲੀ ਪਵਿੱਤ੍ਰਤਾ ਨਾਲ ਹੀ ਆਚਰਨ ਉੱਚਾ ਬਣਦਾ ਹੈ ਅਤੇ ਉੱਚੇ ਆਚਰਨ ਵਾਲਾ ਮਨੁੱਖ ਹੀ ਸਭ ਥਾਂ ਤੇ ਆਦਰ ਪ੍ਰਾਪਤ ਕਰਦਾ ਹੈ। ਭਾਰਤ ਵਿਚ ਨੈਤਿਕਤਾ ਜਾਂ ਸਦਾਚਾਰ ਦੀ ਦੂਜੇ ਦੇਸ਼ਾਂ ਨਾਲੋਂ ਵਿਲੱਖਣਤਾ ਇਹ ਹੈ ਕਿ ਇਥੇ ਕਾਮ ਸੰਜਮ ਨੂੰ ਪ੍ਰਮੁੱਖ ਸਮਝਿਆ ਜਾਂਦਾ ਹੈ। ਕਾਮੀ ਨੂੰ ਸਭ ਤੋਂ ਵੱਧ ਗਿਰਿਆ ਹੋਇਆ ਮਨੁੱਖ ਸਮਝਿਆ ਜਾਂਦਾ ਹੈ। ਪੱਛਮੀ ਪ੍ਰਭਾਵ ਅਨੁਸਾਰ ਹੁਣ ਭਾਵੇਂ ਕਾਮੀ ਉਸ ਤਰ੍ਹਾਂ ਦੰਡ, ਕਰੋਪੀ ਅਤੇ ਘਿਰਣਾ ਦਾ ਪਾਤਰ ਨਹੀਂ ਰਿਹਾ ਪਰ ਇਸ ਨੂੰ ਦੂਜੇ ਕਰਮਾਂ ਨਾਲੋਂ ਅਜੇ ਵੀ ਸਭ ਤੋਂ ਵੱਧ ਮੰਦਾ ਸਮਝਿਆ ਜਾਂਦਾ ਹੈ।

## ਕਰਮਸ਼ੀਲਤਾ

ਭਾਰਤੀ ਸਭਿਆਚਾਰ ਸਦਾ ਅੱਗੇ ਵਧਣ ਦਾ ਸੰਦੇਸ਼ ਦਿੰਦਾ ਹੈ। 'ਅਗਾਹਾਂ ਕੂ ਤ੍ਰਾਘ' ਹੀ ਇਸ ਦਾ ਮੂਲ ਮੰਤਰ ਹੈ। ਮਨੁੱਖ ਦੇ ਜੀਵਨ ਦੀ ਨਿਰੰਤਰ ਗਤੀ ਹੀ ਉਸਦਾ ਵਰਦਾਨ ਹੈ।

---

1. ਭਾਰਤੀ ਸਭਿਆਚਾਰ ਦਾ ਆਧਾਰ, ਪੰਨਾ 13.
2. ਉਹੀ, ਪੰਨਾ 15.
3. ਡਾ: ਧਰਮਪਾਲ ਸੈਣੀ, ਗੁਰੂ ਗੋਬਿੰਦ ਸਿੰਘ ਕੇ ਸਾਹਿਤਯ ਮੇਂ ਭਾਰਤੀ ਸੰਸਕ੍ਰਿਤੀ ਕੇ ਤਤਵ, ਪੰਨਾ 26.

ਵਿਅਕਤੀ ਹੋਵੇ ਜਾਂ ਰਾਸ਼ਟਰ ਹਰੇਕ ਲਈ ਅੱਗੇ ਵਧਣਾ ਜ਼ਰੂਰੀ ਹੈ। ਨਹੀਂ ਤਾਂ ਟਿਕੇ ਰਹਿਣ ਨਾਲ ਜੀਵਨ ਚਲਣ ਰੁਕ ਜਾਏਗਾ ਅਤੇ ਜੀਵਨ ਉਸ ਖਲੋਤੇ ਪਾਣੀ ਵਾਂਗ ਹੋ ਜਾਏਗਾ ਜਿਸ ਵਿਚੋਂ ਸੜ੍ਹਿਆਂਦ ਦੀ ਬੂ ਆਉਣ ਲਗ ਜਾਂਦੀ ਹੈ। ਇਸ ਲਈ 'ਚਰੈਵੇਤੀ ਚਰੈਵੇਤੀ' ਦੀ ਧੁਨ ਜਦ ਤਕ ਕਿਸੇ ਰਾਸ਼ਟਰ ਦੇ ਕਣਕਣਾਂ ਵਿਚ ਗੂੰਜਦੀ ਰਹਿੰਦੀ ਹੈ, ਤਦ ਤਕ ਹੀ ਉਸਦੀ ਪ੍ਰਗਤੀ ਅਤੇ ਉਨੱਤੀ ਹੁੰਦੀ ਹੈ।[1] ਭਾਰਤੀ ਸਭਿਆਚਾਰ ਦਾ ਅੱਗੇ ਵਧਣ ਦਾ ਸੰਦੇਸ਼ ਸਰਵਪ੍ਰਿਯ ਸੰਦੇਸ਼ ਹੈ।

ਉਦਾਰਤਾ ਅਤੇ ਗ੍ਰਹਿਣਸ਼ੀਲਤਾ

ਉਦਾਰਤਾ ਅਤੇ ਗ੍ਰਹਿਣਸ਼ੀਲਤਾ ਭਾਰਤੀ ਸਭਿਆਚਾਰ ਦਾ ਇਕ ਹੋਰ ਵਿਸ਼ੇਸ਼ ਲੱਛਣ ਹੈ। ਭਾਰਤੀ ਸਭਿਆਚਾਰ ਦੇ ਲੰਮੇਰੇ ਤੇ ਲਗਾਤਾਰ ਜੀਵਨ ਦਾ ਭੇਦ ਇਸ ਗੱਲ ਵਿਚ ਹੈ ਕਿ ਭਾਰਤੀ ਸਮਾਜ ਨੇ ਆਪਣੇ ਆਪ ਨੂੰ ਬਦਲਦੇ ਹਾਲਾਤ ਦੇ ਅਨੁਸਾਰ ਅਜਿਹੀ ਲਚਕ ਨਾਲ ਬਾਰ ਬਾਰ ਢਾਲਿਆ ਹੈ ਜਿਸਦੀ ਬਰਾਬਰੀ ਕੋਈ ਵੀ ਨਹੀਂ ਹੋ ਸਕਦੀ। ਜਦੋਂ ਭਾਰਤੀ ਸਭਿਆਚਾਰ ਪੂਰੇ ਜੋਬਨ ਵਿਚ ਸੀ ਤਾਂ ਭਾਰਤ ਨੇ ਖੁਲ੍ਹੇ ਦਿਲ ਨਾਲ ਦੂਜੇ ਲੋਕਾਂ ਦੀਆਂ ਲਿਆਈਆਂ ਹੋਈਆਂ ਭੇਟਾਵਾਂ ਕਬੂਲ ਕੀਤੀਆਂ। ਉਸ ਨੇ ਯੂਨਾਨੀਆਂ ਦੀ ਮੂਰਤੀ ਵਿਦਿਆ ਅਤੇ ਚੀਨੀਆਂ ਦੀਆਂ ਕਈ ਵਿਵਹਾਰਕ ਕਲਾਵਾਂ ਤੋਂ ਲਾਭ ਉਠਾਇਆ। ਸਗੋਂ ਇਸ ਨੇ ਦੂਸਰਿਆਂ ਦੇ ਸਭਿਆਚਾਰ ਨੂੰ ਆਪਣੇ ਵਿਚ ਇਸ ਤਰ੍ਹਾਂ ਮਿਲਾ ਲਿਆ ਹੈ ਜਿਵੇਂ ਦੁੱਧ ਵਿਚ ਪਾਣੀ। ਮੈਕਾਲਫ਼ ਹੈਰਾਨ ਹੋਇਆ ਲਿਖਦਾ ਹੈ, "ਹਿੰਦੂ ਸਭਿਆਚਾਰ ਦੀ ਚੇਤਨਾ ਅਤੇ ਸਜੀਵਤਾ ਸਚਮੁੱਚ ਬੜੀ ਹੈਰਾਨ ਕਰਨ ਵਾਲੀ ਹੈ। ਇਹ ਭਾਰਤੀ ਜੰਗਲਾਂ ਵਿਚ ਮਿਲਦੇ ਉਸ ਅਜਗਰ ਦੀ ਤਰ੍ਹਾਂ ਹੈ ਜਿਸ ਨੂੰ ਜਦੋਂ ਕੋਈ ਛੋਟਾ ਦੁਸ਼ਮਣ ਤੰਗ ਕਰਦਾ ਹੈ ਤਾਂ ਉਹ ਉਸ ਨੂੰ ਆਪਣੀ ਲਪੇਟ ਵਿਚ ਲੈ ਕੇ ਕੁਚਲ ਦਿੰਦਾ ਹੈ ਅਤੇ ਫਿਰ ਉਸ ਨੂੰ ਆਪਣੇ ਵਿਸ਼ਾਲ ਪੇਟ ਵਿਚ ਛੁਪਾ ਲੈਂਦਾ ਹੈ।[2] ਭਾਰਤੀ ਸਭਿਆਚਾਰ ਦਾ ਹਾਜ਼ਮਾ ਤੇਜ਼ ਹੈ। ਇਸਦੇ ਬਾਹਰਮੁਖੀ ਰੂਪਾਂ ਵਿਚ ਕਈ ਸਭਿਆਚਾਰਾਂ ਦੀ ਵੰਨ ਸੁਵੰਨਤਾ ਨਜ਼ਰ ਆਉਂਦੀ ਹੈ, ਵਿਸ਼ੇਸ਼ ਤੌਰ ਤੇ ਸ਼ਹਿਰੀ ਜੀਵਨ ਵਿਚ, ਪਰ ਗਰਾਮੀਣ ਜੀਵਨ ਨੇ ਬਹੁਤ ਘਟ ਅਸਰ ਕਬੂਲਿਆ ਹੈ। ਦੂਜੇ ਸਭਿਆਚਾਰਾਂ ਦੇ ਕਈ ਪੱਖਾਂ ਨੂੰ ਆਪਣੇ ਵਿਚ ਜਜ਼ਬ ਕਰ ਲਿਆ ਹੈ।

ਪਰਿਵਾਰਕ ਜੀਵਨ

ਭਾਰਤੀ ਸਭਿਆਚਾਰ ਵਿਚ ਪਰਿਵਾਰਕ ਜੀਵਨ ਦੀ ਬਹੁਤ ਮਹਾਨਤਾ ਹੈ। ਇਸ ਵਿਚ ਗ੍ਰਿਹਸਥ ਆਸ਼ਰਮ ਨੂੰ ਸ੍ਰੇਸ਼ਟ ਮੰਨਿਆ ਹੈ। ਮਾਪਿਆਂ ਨੂੰ ਬੜਾ ਉੱਚਾ ਦਰਜਾ ਦਿੱਤਾ ਹੈ। ਮਾਂ ਨੂੰ ਸਭ ਤੋਂ ਵੱਡਾ ਗੁਰੂ ਮੰਨਿਆ ਹੈ। ਇਸ ਤੋਂ ਇਹ ਵੀ ਸਪਸ਼ਟ ਹੈ ਕਿ ਇਸਤ੍ਰੀਆਂ ਨੂੰ ਉੱਚਾ ਸਥਾਨ ਦੇਣਾ ਚੰਗੇ ਸਭਯ ਲੋਕਾਂ ਲਈ ਧਰਮ ਮੰਨਿਆ ਗਿਆ ਹੈ। ਦੇਸ਼ ਨੂੰ ਮਾਤ ਭੂਮੀ ਕਿਹਾ ਹੈ, ਬੋਲੀ ਨੂੰ ਮਾਤ-ਭਾਸ਼ਾ ਕਿਹਾ ਹੈ। ਜਿਥੇ ਇਸਤ੍ਰੀਆਂ ਦਾ ਆਦਰ ਨਹੀਂ ਉਥੇ ਸੁਖ ਤੇ ਕਲਿਆਣ ਨਹੀਂ

---

1. ਡਾ; ਵਾਸੁਦੇਵ ਸ਼ਰਨ ਅਗਰਵਾਲ; ਕਲਪਵ੍ਰਿਕਸ਼ (ਸੰਸਕ੍ਰਿਤੀ ਕਾ ਸਰੂਪ) ਪੰਨਾ 28.

2. M.A.Macaullife: The Sikh Religion, Part I, Introduction 5

ਭਾਰਤੀ ਪਰੰਪਰਾ ਅਨੁਸਾਰ ਇਸਤ੍ਰੀ ਨੂੰ ਲਛਮੀ ਕਹਿ ਕੇ ਸਤਿਕਾਰਿਆ ਵੀ ਗਿਆ ਹੈ। ਚਾਹੇ ਸਮੇਂ ਦੇ ਫੇਰ ਨਾਲ ਇਸਤ੍ਰੀ ਦਾ ਉਹ ਸਤਿਕਾਰ ਭਾਰਤੀ ਸਮਾਜ ਵਿਚ ਨਹੀਂ ਸੀ ਰਿਹਾ, ਪਰ ਹੁਣ ਉਸ ਦੀ ਉਚਿਤਤਾ ਫਿਰ ਮਹਿਸੂਸ ਕਰਕੇ ਮਰਦ ਦੇ ਬਰਾਬਰ ਸਥਾਨ ਅਤੇ ਅਧਿਕਾਰ ਦਿੱਤੇ ਜਾ ਰਹੇ ਹਨ।

<u>ਸੰਸਕਾਰ</u>

ਭਾਰਤੀ ਸਭਿਆਚਾਰ ਵਿਚ ਸੰਸਕਾਰਾਂ ਦਾ ਵੀ ਬਹੁਤ ਮਹੱਤਵ ਮੰਨਿਆ ਗਿਆ ਹੈ। ਗਰਭ ਅਵਸਥਾ ਤੋਂ ਲੈ ਕੇ ਮਰਨ ਤਕ ਸਾਰਾ ਜੀਵਨ ਸੰਸਕਾਰਾਂ ਦੇ ਸਹਾਰੇ ਚਲਦਾ ਹੈ। ਭਾਰਤੀ ਸਭਿਆਚਾਰ ਅਨੁਸਾਰ ਜੀਵਨ ਦੇ ਔਖੇ ਮੋੜਾਂ ਤੇ ਸੰਸਕਾਰ ਹੀ ਉਸ ਨੂੰ ਸਫਲ ਬਣਾਉਂਦੇ ਹਨ ਤੇ ਆਪਣੇ ਕਰਤੱਵਾਂ ਤੇ ਅਧਿਕਾਰਾਂ ਵਲ ਜਾਗ੍ਰਤ ਕਰਦੇ ਹਨ।[1] ਇਸ ਲਈ ਸੰਸਕਾਰ ਭਾਰਤੀ ਸੰਸਕ੍ਰਿਤੀ ਦਾ ਅੰਗ ਹਨ। ਸੰਸਕਾਰਾਂ ਨੂੰ ਮੰਨਣਾ ਤੇ ਫਿਰ ਉਨ੍ਹਾਂ ਨੂੰ ਅਮਲੀ ਰੂਪ ਦੇਣਾ ਵੀ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਭਾਰਤੀ ਸਭਿਆਚਾਰ ਕ੍ਰਿਆਸ਼ੀਲ ਜੀਵਨ ਦਾ ਮਹੱਤਵ ਦਸਦਾ ਹੈ।

<u>ਸਹਿਨਸ਼ੀਲਤਾ</u>

ਭਾਰਤੀ ਸਭਿਆਚਾਰ ਵਿਚ ਸਹਿਨਸ਼ੀਲਤਾ ਉਸ ਦਾ ਇਕ ਉਘੜਵਾਂ ਗੁਣ ਹੈ। ਇਹ ਦੇਸ਼ ਧਰਮ ਨਿਰਪੱਖ ਦੇਸ਼ ਹੈ ਜਿਸ ਵਿਚ ਸਾਰੇ ਧਰਮਾਂ ਨੂੰ ਬਰਾਬਰਤਾ ਅਤੇ ਮਾਣ ਪ੍ਰਾਪਤ ਹੈ। ਇਥੇ ਹੀ ਧਰਤੀ ਤੇ ਕਈ ਧਰਮ ਵਧ ਫੁਲ ਰਹੇ ਹਨ। ਸ੍ਰੀ ਕੇ.ਐਮ.ਪਾਨੀਕਰ ਅਨੁਸਾਰ ਹਿੰਦੂ ਵਿਚਾਰ ਦੀ ਬੁਨਿਆਦ ਇਹ ਸਿਧਾਂਤ ਹੈ ਕਿ ਧਰਮ ਕੇਵਲ ਨਿਸਚੇ ਦਾ ਹੀ ਨਾਂ ਨਹੀਂ, ਸਗੋਂ ਇਹ ਇਕ ਵਿਸ਼ਾਲ ਸਹਿਨਸ਼ੀਲਤਾ ਹੈ, ਇਕ ਇਹਸਾਸ ਹੈ ਕਿ ਜਿਹੜੇ ਵੀ ਦੂਜੇ ਅਪਣਾਉਂਦੇ ਹਨ ਉਹ ਵੀ ਓਨੇ ਹੀ ਠੀਕ ਹੋ ਸਕਦੇ ਹਨ। ਇਹ ਹਿੰਦੂ ਸਿਖਿਆ ਦਾ ਸਾਰ ਹੈ। ਇਸ ਗੱਲ ਨੇ ਹਿੰਦੂ ਜੀਵਨ ਨੂੰ ਇਥੋਂ ਹੱਦ ਤਕ ਰੰਗਿਆ ਹੈ ਕਿ ਇਸ ਨੂੰ ਅਸਲੋਂ ਹੀ ਭਾਰਤੀ ਸਭਿਆਚਾਰ ਦਾ ਵੱਖਰਾ ਚਿੰਨ੍ਹ ਖਿਆਲ ਕੀਤਾ ਜਾ ਸਕਦਾ ਹੈ। ਸਹਿਨਸ਼ੀਲਤਾ ਅਤੇ ਉਦਾਰਤਾ ਦੀ ਇਹ ਭਾਵਨਾ ਸਭਿਆਚਾਰਸ਼ੀਲ ਭਾਰਤੀ ਦੇ ਅੰਦਰੂਨੀ ਜੀਵਨ ਨੂੰ ਇਕਸੁਰਤਾ ਪਰਦਾਨ ਕਰਦੀ ਹੈ।[2]

<u>ਗੁਰੂ</u>

ਭਾਰਤੀ ਸਭਿਆਚਾਰ ਅਨੁਸਾਰ ਗੁਰੂ ਦੀ ਲੋੜ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਪ੍ਰਭੂ ਨਾਲ ਮੇਲ ਕਰਾਉਣ ਵਾਲਾ ਵਿਚੋਲਾ ਹੋਣ ਕਰਕੇ ਗੁਰੂ ਦਾ ਵਿਸ਼ੇਸ਼ ਤੌਰ ਤੇ ਆਦਰ ਕੀਤਾ

---

1. ਧਰਮਪਾਲ ਸੈਨੀ - ਗੁਰੂ ਗੋਬਿੰਦ ਸਿੰਘ ਕੇ ਸਾਹਿਤ੍ਯ ਮੇਂ ਭਾਰਤੀ ਸੰਸਕ੍ਰਿਤੀ ਕੇ ਤਤ੍ਵ, ਪੰਨਾ 34.
2. ਭਾਰਤੀ ਸਭਿਆਚਾਰ ਦਾ ਆਧਾਰ, ਪੰਨਾ 3.

ਜਾਂਦਾ ਹੈ। ਇਸੇ ਕਰਕੇ ਗੁਰੂ ਪ੍ਰਤਿ ਸ਼ਰਧਾ ਦਾ ਵਿਸ਼ੇਸ਼ ਆਦੇਸ਼ ਹੈ। ਜਗਿਆਸੂ ਲਕਸ਼ ਦੀ ਪ੍ਰਾਪਤੀ ਲਈ ਗੁਰੂ ਅੱਗੇ ਆਪਾ ਸਮਰਪਣ ਕਰਦਾ ਹੋਇਆ ਉਸ ਦੀ ਸੇਵਾ ਕਰਦਾ ਹੈ। ਗੁਰੂ ਭਗਤੀ ਪ੍ਰਭੂ ਭਗਤੀ ਬਣ ਜਾਂਦੀ ਹੈ।

## ਨਿੱਤ ਦਾ ਜੀਵਨ

ਭਾਰਤੀ ਸਭਿਆਚਾਰ ਵਿਚ ਛੇਤੀ ਸੌਣਾ, ਤੜਕੇ ਜਾਂ ਅੰਮ੍ਰਿਤ ਵੇਲੇ ਉਠਣਾ, ਸਾਦਾ ਖਾਣਾ ਤੇ ਸਾਦਾ ਪਹਿਨਣਾ ਜ਼ਰੂਰੀ ਮੰਨਿਆ ਗਿਆ ਹੈ। ਭਾਰਤੀ ਸਭਿਆਚਾਰ ਅਨੁਸਾਰ ਅੰਮ੍ਰਿਤ ਵੇਲੇ ਨੂੰ ਬਹੁਤ ਮਹਾਨਤਾ ਦਿੱਤੀ ਗਈ ਹੈ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਪ੍ਰਭੂ ਦਾ ਸਿਮਰਨ ਕਰਨਾ ਅਤੇ ਫਿਰ ਸੰਸਾਰ ਦੇ ਕੰਮਾਂ ਵਿਚ ਲਗਣਾ ਜੀਵਨ ਦੀ ਸਹੀ ਜੁਗਤੀ ਮੰਨੀ ਗਈ ਹੈ, ਅਜਿਹਾ ਭੋਜਨ ਜਿਸ ਨਾਲ ਮਨ ਵਿਚ ਵਿਕਾਰ ਪੈਦਾ ਹੋਣ, ਅਜਿਹਾ ਪਹਿਨਣ ਜੋ ਬੁਰਾਈ ਵਲ ਲਿਜਾਏ, ਤੋਂ ਪਰਹੇਜ਼ ਕਰਨ ਦਾ ਆਦੇਸ਼ ਹੈ। ਇਸ ਲਈ ਸਾਦਾ ਜੀਵਨ ਅਤੇ ਉਚੇ ਵਿਚਾਰਾਂ ਵਾਲੀ ਰਹਿਣੀ ਉਤੇ ਹੀ ਭਾਰਤੀ ਸਭਿਆਚਾਰ ਜ਼ੋਰ ਦਿੰਦਾ ਹੈ। ਘਟ ਬੋਲਣਾ ਤੇ ਮਿੱਠਾ ਬੋਲਣਾ ਚੰਗੇ ਆਚਰਨ ਜਾਂ ਚੰਗੇ ਸਭਿਆਚਾਰ ਦੀ ਨਿਸ਼ਾਨੀ ਮੰਨਿਆ ਹੈ।

## ਅਤਿਥੀ ਸਤਿਕਾਰ

ਅਤਿਥੀ ਸਤਿਕਾਰ ਜਾਂ ਪ੍ਰਾਹੁਣਚਾਰੀ ਦੀ ਭਾਰਤੀ ਸਭਿਆਚਾਰ ਵਿਚ ਵਿਸ਼ੇਸ਼ਤਾ ਹੈ। ਭਾਰਤੀ ਪ੍ਰਾਹੁਣਚਾਰੀ ਰਸਮੀ ਨਹੀਂ ਸਗੋਂ ਦਿਲੋਂ ਪ੍ਰੇਮ ਅਤੇ ਸ਼ਰਧਾ ਨਾਲ ਕਰਦਾ ਹੈ। ਅਤਿਥੀ ਸੇਵਾ ਉਹ ਆਪਣਾ ਧਰਮ ਸਮਝਦਾ ਹੈ। ਭਾਰਤੀ ਸਭਿਆਚਾਰ ਅਨੁਸਾਰ ਮਨੁੱਖ ਨੂੰ ਉਸੇ ਘਰ ਹੀ ਜਾਣਾ ਚਾਹੀਦਾ ਹੈ, ਜਿਥੇ ਉਸਦਾ ਸਤਿਕਾਰ ਹੋਵੇ। ਜਿਥੇ ਸੇਵਾ ਭਾਵਨਾ ਨਹੀਂ ਉਥੇ ਜਾਣਾ ਹੀ ਨਹੀਂ ਚਾਹੀਦਾ। ਜਿਥੇ ਸੇਵਾ ਕਰਨ ਵਾਲੇ ਵਿਚ ਹੰਕਾਰ ਹੈ ਉਸ ਦਾ ਵੀ ਭਾਰਤੀ ਸਭਿਆਚਾਰ ਅਨੁਸਾਰ ਕੋਈ ਲਾਭ ਨਹੀਂ, ਕਿਉਂਕਿ ਉਸਦਾ ਨਾ ਗੁਣ ਹੈ ਨਾ ਉਪਕਾਰ।

## ਦਾਨ

ਦਾਨ ਦੇਣਾ ਵੀ ਭਾਰਤੀ ਸਭਿਆਚਾਰ ਵਿਚ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਨਾਲ ਦਇਆ ਦੀ ਭਾਵਨਾ ਉਪਜਦੀ ਹੈ ਅਤੇ ਦਇਆ ਧਰਮ ਦਾ ਮੂਲ ਹੈ। ਭਾਰਤੀ ਸਭਿਆਚਾਰ ਇਹ ਦ੍ਰਿੜ੍ਹ ਕਰਵਾਉਂਦਾ ਹੈ ਕਿ ਦਾਨ ਦਿੱਤਿਆਂ ਧਨ ਘਟਦਾ ਨਹੀਂ ਹੈ, ਸਗੋਂ ਵਧਦਾ ਹੈ ਅਤੇ ਅੱਗੋਂ ਪ੍ਰਫੁੱਲਤ ਹੁੰਦਾ ਹੈ। ਇਹ ਦਾਨ ਲੋੜਵੰਦ ਪਾਤਰ ਨੂੰ ਦੇਣਾ ਉਚਿੱਤ ਹੈ। ਦਾਨ ਧਨ ਜਾਂ ਪਦਾਰਥ ਰੂਪ ਵਿਚ ਹੀ ਨਹੀਂ ਦਿੱਤਾ ਜਾਂਦਾ। ਵਿਦਿਆ ਆਦਿ ਦਾਨ ਵੀ ਉੱਤਮ ਹਨ।

ਇਸ ਤਰ੍ਹਾਂ ਈਸ਼ਵਰ ਵਿਚ ਵਿਸ਼ਵਾਸ, ਉਸ ਦੀ ਪ੍ਰਾਪਤੀ ਲਈ ਗੁਰੂ ਧਾਰਨ ਕਰਨਾ, ਵਿਕਾਰ ਨਿਵਿਰਤੀ, ਕਾਮ ਵਿਚ ਸੰਜਮ, ਤਪ ਭਾਵ, ਦੁਖ ਸੁਖ ਵਿਚ ਸਮਾਨ ਰਹਿਣਾ ਕੇ ਕਲਿਆਣ

ਦੀ ਭਾਵਨਾ ਅਤੇ ਆਤਮ ਬਲ ਭਾਰਤੀ ਸਭਿਆਚਾਰ ਦੇ ਪ੍ਰਾਣ ਹਨ। ਇਸ ਸਭਿਆਚਾਰ ਦਾ ਮੁਖ ਤੌਰ ਤੇ ਮੋਖ ਪ੍ਰਾਪਤੀ ਦੀਆਂ ਭਾਵਨਾਵਾਂ ਦੁਆਰਾ ਹੀ ਨਿਰਮਾਣ ਹੋਇਆ ਹੈ। ਇਹੀ ਕਾਰਨ ਹੈ ਕਿ ਕਿਸੇ ਸਮੇਂ ਆਰੀਆ ਸੰਸਕ੍ਰਿਤੀ ਦਾ ਸੂਰਜ ਸਾਰੇ ਸੰਸਾਰ ਨੂੰ ਗਿਆਨ ਰੂਪੀ ਰੌਸ਼ਨੀ ਦੀਆਂ ਕਿਰਨਾਂ ਨਾਲ ਪ੍ਰਕਾਸ਼ਤ ਕਰ ਰਿਹਾ ਸੀ।

- 0 -

# ਅਧਿਆਇ ਤੀਜਾ

ਪੂਰਵ ਵੈਦਿਕ ਸਭਿਆਚਾਰ
ਵੈਦਿਕ ਸਭਿਆਚਾਰ
ਪ੍ਰਤਿ ਵੈਦਿਕ ਸਭਿਆਚਾਰ
ਇਸਲਾਮੀ ਸਭਿਆਚਾਰ

## ਪੂਰਵ ਵੈਦਿਕ ਸਭਿਆਚਾਰ

ਇਤਿਹਾਸ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਸਾਰਾ ਇਤਿਹਾਸ ਮਨੁੱਖ ਦੀਆਂ ਕਿਸੇ ਨਾ ਕਿਸੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਨਾਲ ਭਰਿਆ ਪਿਆ ਹੈ। ਮਨੁੱਖ ਦਾ ਆਰੰਭ ਤੋਂ ਹੀ ਇਹ ਮੁਤਾਲਾ ਰਿਹਾ ਹੈ ਕਿ ਉਹ ਆਪਣੇ ਜੀਵਨ ਵਿਚ ਸੁਖ ਪ੍ਰਾਪਤ ਕਰਨ ਲਈ ਅਤੇ ਆਪਣੀ ਸੁਖਸਮਿਅਤ ਨੂੰ ਉਭਾਰਨ ਲਈ ਆਪਣੇ ਆਲੇ ਦੁਆਲੇ ਵਿਚੋਂ ਕੁਝ ਲੱਭੇ। ਇਹ ਲੱਭਤਾਂ ਉਸ ਦੀ ਰੁਚੀ ਨੂੰ ਕੇਂਦ੍ਰਿਤ ਕਰਦੀਆਂ ਹਨ ਅਤੇ ਜਿਸ ਪਖ ਵਿਚ ਵੀ ਉਸ ਨੂੰ ਕੁਝ ਪ੍ਰਾਪਤ ਹੁੰਦਾ ਹੈ ਉਹੀ ਉਸ ਦੀ ਸੁਖਸਮਿਅਤ ਨੂੰ ਉਭਾਰਨ ਵਿਚ ਸਹਾਈ ਹੁੰਦਾ ਹੈ। ਪਹਿਲਾਂ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ ਅਤੇ ਉਥੇ ਹੀ ਆਪਣੀਆਂ ਲੋੜਾਂ ਪੂਰੀਆਂ ਕਰਦਾ ਸੀ। ਉਸਦੇ ਰਹਿਣ ਲਈ ਕੋਈ ਘਰ, ਪਾਉਣ ਲਈ ਕਪੜੇ ਤੇ ਖਾਣ ਲਈ ਰੋਟੀ ਨਹੀਂ ਸੀ ਹੁੰਦੀ। ਭਿਆਨਕ ਜਾਨਵਰਾਂ ਦਾ ਡਰ ਸਦਾ ਹੀ ਉਸ ਨੂੰ ਸਤਾਉਂਦਾ ਰਹਿੰਦਾ ਸੀ ਜਿਨ੍ਹਾਂ ਤੋਂ ਬਚਣ ਲਈ ਉਸ ਨੇ ਰੁੱਖਾਂ ਤੇ ਚੜ੍ਹਨਾ ਸਿੱਖਿਆ, ਅੱਗ ਦੀ ਕਾਢ ਕੱਢੀ ਤਾਂ ਜੋ ਉਹ ਆਪਣੇ ਜੀਵਨ ਨੂੰ ਸੁਰੱਖਿਅਤ ਰਖ ਸਕੇ। ਉਸ ਨੇ ਫਲ ਪੱਤੇ ਖਾ ਕੇ ਜਾਂ ਜਾਨਵਰਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾ ਕੇ ਆਪਣੀ ਭੁੱਖ ਨੂੰ ਮਿਟਾਉਣ ਦੇ ਯਤਨ ਕੀਤੇ ਅਤੇ ਗਰਮੀ ਅਤੇ ਸਰਦੀ ਤੋਂ ਬਚਣ ਲਈ ਜਾਨਵਰਾਂ ਦੀਆਂ ਖੱਲਾਂ ਜਾਂ ਰੁੱਖਾਂ ਦੀ ਛਾਲ ਨਾਲ ਸਰੀਰ ਨੂੰ ਢਕਿਆ। ਆਰੰਭਕ ਮਨੁੱਖ ਜੰਗਲੀ ਜੀਵਨ ਬਤੀਤ ਕਰਦਾ ਸੀ। ਜਾਨਵਰਾਂ ਅਤੇ ਉਨ੍ਹਾਂ ਦੇ ਜੀਵਨ ਵਿਚ ਕੋਈ ਖਾਸ ਭਿੰਨਤਾ ਨਹੀਂ ਸੀ। ਮਨੁੱਖ ਨੂੰ ਬੌਧਿਕ ਜਾਨਵਰ ਕਿਹਾ ਗਿਆ ਹੈ ਅਤੇ ਇਹੀ ਵਿਸ਼ੇਸ਼ਤਾ ਹੈ ਉਸ ਦੀ ਜੋ ਉਸ ਨੂੰ ਦੂਸਰੇ ਜਾਨਵਰਾਂ ਤੋਂ ਨਿਖੇੜਦੀ ਹੈ।

ਹਜ਼ਾਰਾਂ ਸਾਲਾਂ ਦੀ ਮਿਹਨਤ ਅਤੇ ਸੋਚ ਸਮਝ ਪਿਛੋਂ ਮਨੁੱਖ ਪੱਥਰ ਕਾਲ ਵਿਚ ਪਹੁੰਚਿਆ। ਉਸ ਨੇ ਪੱਥਰਾਂ ਦੇ ਹਥਿਆਰ ਬਣਾਏ, ਉਨ੍ਹਾਂ ਨਾਲ ਸ਼ਿਕਾਰ ਕੀਤੇ, ਆਪਣੇ ਆਪ ਦੀ ਰੱਖਿਆ ਕੀਤੀ ਅਤੇ ਇਸ ਤਰ੍ਹਾਂ ਪ੍ਰਕ੍ਰਤੀ ਦੀ ਇਕ ਪੌੜੀ ਚੜ੍ਹਿਆ। ਇਹ ਕਾਲ ਰਿਗ ਵੇਦ ਤੋਂ ਬਹੁਤ ਪਹਿਲਾਂ ਹੀ ਆਰੰਭ ਹੋ ਚੁੱਕਿਆ ਸੀ।

ਭਾਰਤ ਦੀ ਪ੍ਰਥਮ ਅਤੇ ਪ੍ਰਮੁੱਖ ਦਰਾਵੜ ਜਾਤੀ ਸਭਿਆਚਾਰਕ ਪੱਖ ਤੋਂ ਭਾਰਤ ਦੇ ਇਤਿਹਾਸ ਵਿਚ ਆਪਣਾ ਨਿੱਗਰ ਹਿੱਸਾ ਪਾਉਂਦੀ ਹੈ। ਉਹ ਲੋਕ ਬੜੇ ਸਿੱਧੇ ਸਾਦੇ ਅਤੇ ਅਮਨ ਪਸੰਦ ਸਨ, ਜਿਨ੍ਹਾਂ ਦਾ ਕੰਮ ਖੇਤੀਬਾੜੀ ਕਰਨਾ ਸੀ। ਉਨ੍ਹਾਂ ਨੇ ਸਿੰਚਾਈ ਲਈ ਦਰਿਆਵਾਂ ਉਤੇ ਬੰਨ੍ਹ ਮਾਰੇ ਅਤੇ ਕਈ ਨਵੇਂ ਸ਼ਹਿਰ ਵੀ ਬਣਾਏ ਅਤੇ ਨੇੜੇ ਤੇੜੇ ਦੇ ਮੁਲਕਾਂ ਨਾਲ ਵਪਾਰਕ

ਸੰਬੰਧ ਪੈਦਾ ਕੀਤੇ। ਦਰਾਵੜ ਕਾਫ਼ੀ ਸਭਿਅਕ ਲੋਕ ਸਨ। ਉਨ੍ਹਾਂ ਨੇ ਸ਼ਹਿਰ ਵਸਾਏ ਜਿਥੇ ਜੀਵਨ ਦੇ ਬਹੁਤ ਸਾਰੇ ਸੁਖ ਮਿਲ ਸਕਦੇ ਸਨ। ਅਜੋਕੇ ਹਿੰਦੂ ਧਰਮ ਵਿਚ ਦਰਾਵੜਾਂ ਦੇ ਧਾਰਮਿਕ ਸੰਸਕਾਰ ਵੀ ਸਾਨੂੰ ਮਿਲਦੇ ਹਨ। ਮੂਰਤੀ ਪੂਜਾ, ਪੂਜਾ ਸਮੇਂ ਫੁੱਲ ਅਤੇ ਜਲ ਚੜ੍ਹਾਉਣਾ, ਦੇਵਤਿਆਂ ਅਤੇ ਦੇਵੀਆਂ ਲਈ ਮੰਦਰ ਅਤੇ ਬਲਦ ਦੇ ਚਿੰਨ੍ਹ, ਸ਼ਿਵ ਅਤੇ ਸ਼ਕਤੀ ਦੀ ਪੂਜਾ ਆਦਿ ਸਭ ਦਰਾਵੜੀਆਂ ਦੇ ਕਰਮ ਹਨ ਜੋ ਹਿੰਦੂ ਧਰਮ ਦਾ ਅੰਗ ਬਣ ਚੁੱਕੇ ਹਨ।

ਦਰਾਵੜ ਲੋਕਾਂ ਦੇ ਸਭਿਆਚਾਰ ਦਾ ਕਈ ਤਰ੍ਹਾਂ ਨਾਲ ਪ੍ਰਭਾਵ ਮਿਲਦਾ ਹੈ ਜਿਹਾ ਕਿ ਇਸਤਰੀ ਦਾ ਆਪਣੇ ਦੇਵਰ ਵਲ ਝੁਕਾਅ, ਅਣਸੀਤਾ ਸੂਤੀ ਕਪੜਾ ਅਤੇ ਉਸ ਨੂੰ ਪਹਿਨਣ ਦਾ ਢੰਗ, ਦੁੱਧ ਦੀਆਂ ਵਸਤਾਂ, ਮੱਖਣ, ਦਹੀਂ ਆਦਿ ਬਣਾਉਣਾ, ਕਣਕ, ਚਾਵਲ ਤੇ ਬਾਜਰੇ ਦੀ ਖੁਰਾਕ, ਸ਼ਾਦੀ ਸਮੇਂ ਹਲਦੀ ਅਤੇ ਕੇਸਰ ਦੀ ਵਰਤੋਂ ਆਦਿ। ਕਿਸ਼ਤੀਆਂ ਬਣਾਉਣ ਦੀ ਕਲਾ ਵੀ ਉਨ੍ਹਾਂ ਤੋਂ ਹੀ ਆਈ। ਇਹ ਵੀ ਸਾਬਤ ਹੋ ਚੁਕਿਆ ਹੈ ਕਿ ਦਰਾਵੜ ਭਾਸ਼ਾ ਦਾ ਸਾਫ਼ ਅਸਰ ਸਾਨੂੰ ਸੰਸਕ੍ਰਿਤ ਵਿਚ ਮਿਲਦਾ ਹੈ। ਆਰੀਆ ਲੋਕਾਂ ਨੇ ਸੁਚੇਤ ਅਤੇ ਅਚੇਤ ਤੌਰ ਤੇ ਧਰਮ, ਸਮਾਜ ਅਤੇ ਭਾਸ਼ਾ ਦਾ ਖਾਸਾ ਅਸਰ ਕਬੂਲ ਕੀਤਾ ਹੈ।[1]

ਸਭ ਤੋਂ ਪ੍ਰਾਚੀਨ ਸਭਿਆਚਾਰ ਦੇ ਜੋ ਚਿੰਨ੍ਹ ਵਿਗਿਆਨੀਆਂ ਨੇ ਲੱਭੇ ਹਨ ਉਸ ਨੂੰ ਸਿੰਧ ਘਾਟੀ ਦੀ ਸਭਿਅਤਾ, ਪੂਰਵ ਇਤਿਹਾਸਕ ਕਾਲ ਦੀ ਸਭਿਅਤਾ ਜਾਂ ਪੂਰਵ ਵੈਦਿਕ ਕਾਲ ਦੀ ਸਭਿਅਤਾ ਦਾ ਨਾਮ ਦਿੱਤਾ ਗਿਆ ਹੈ। ਇਸ ਦੇ ਚਿੰਨ੍ਹ ਹੜੱਪਾ ਅਤੇ ਮਹਿੰਜੋਦੜੋ ਦੇ ਸਥਾਨਾਂ, ਜੋ ਪੰਜਾਬ ਅਤੇ ਸਿੰਧ ਦੇ ਇਲਾਕੇ ਵਿਚ ਹਨ, ਦੀ ਖੁਦਾਈ ਤੋਂ ਬਾਅਦ ਮਿਲੇ ਹਨ। ਇਨ੍ਹਾਂ ਚਿੰਨ੍ਹਾਂ ਬਾਰੇ ਪੁਰਾ-ਵਿਗਿਆਨੀ ਦਾ ਕਹਿਣਾ ਹੈ ਕਿ ਇਹ ਪੰਜ ਹਜ਼ਾਰ ਸਾਲ ਪੁਰਾਣੀ ਸਭਿਅਤਾ ਦੇ ਚਿੰਨ੍ਹ ਹਨ।[2] ਇਹ ਸਭਿਅਤਾ ਸਮੁੱਚੇ ਪੱਛਮੀ ਭਾਰਤ ਵਿਚ ਅਤੇ ਸਿੰਧ-ਸਤਲੁਜ ਦੇ ਸਮੁੱਚੇ ਮੈਦਾਨ ਵਿਚ ਫੈਲੀ ਹੋਈ ਸੀ। ਕਈ ਵਿਗਿਆਨੀਆਂ ਨੇ ਇਸ ਨੂੰ 'ਹੜੱਪਾ ਸਭਿਅਤਾ' ਦਾ ਨਾਮ ਦੇਣਾ ਵੀ ਠੀਕ ਸਮਝਿਆ ਹੈ।[3] ਹੜੱਪਾ ਅਤੇ ਮਹਿੰਜੋਦੜੋ ਦੇ ਥੇਹਾਂ ਵਿਚੋਂ ਹੋਈਆਂ ਪ੍ਰਾਪਤੀਆਂ ਕਰਕੇ ਹੀ ਭਾਰਤੀ ਸਭਿਅਤਾ ਸੰਸਾਰ ਦੀਆਂ ਅਤਿ ਪ੍ਰਾਚੀਨ ਸਭਿਅਤਾਵਾਂ ਜਿਹਾ ਕਿ ਮੈਸੋਪੋਟੇਮੀਆ, ਮਿਸਰ ਅਤੇ ਈਰਾਨ ਦੀਆਂ ਸਭਿਅਤਾਵਾਂ ਦੇ ਨਾਲ ਜਾ ਖੜੀ ਹੋਈ। ਸਰ ਜੋਨ ਮਾਰਸ਼ਲ ਨੇ ਇਸ ਨੂੰ ਸੰਸਾਰ ਦੀ ਸਭ ਤੋਂ ਪਹਿਲੀ ਸਭਿਅਤਾ ਕਿਹਾ ਹੈ। ਉਸਦੇ ਕਹਿਣ ਅਨੁਸਾਰ ਕਦੇ ਪਲ ਭਰ ਲਈ ਵੀ ਕਿਸੇ ਦੇ ਸੁਪਨੇ ਵਿਚ ਇਹ ਕਿਆਸ ਨਹੀਂ ਸੀ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਜਦੋਂ ਕਿ ਆਰੀਆ ਲੋਕਾਂ ਬਾਰੇ ਕੋਈ ਜਾਣਦਾ ਤਕ ਨਹੀਂ ਸੀ, ਜਦੋਂ ਕਿ ਯੂਰਪ

---

1. B.N.Luniya, Evolution of Indian Culture, p.28.
2. ਪ੍ਰਾਚੀਨ ਪੰਜਾਬ ਅਤੇ ਉਸਦਾ ਆਮ ਢੁਆਲਾ, ਪੰਨਾ 21.
3. The Cultural Heritage of India, V.I, p.110.

ਦੀਆਂ ਕੌਮਾਂ ਅਜੇ ਜੰਗਲੀ ਵਾਸ ਦੀ ਅਵਸਥਾ ਵਿਚ ਸਨ, ਪੰਜਾਬ ਅਤੇ ਸਿੰਧ ਪ੍ਰਦੇਸ਼ ਦੇ ਲੋਕ ਇਕ ਅਤੀ ਉੱਨਤ ਅਤੇ ਗੌਰਵ ਭਰੀ ਸਭਿਅਤਾ ਦੀਆਂ ਸਹੂਲਤਾਂ ਮਾਣ ਰਹੇ ਸਨ, ਜਿਹੜੀ ਕਈ ਗੱਲਾਂ ਵਿਚ ਮੈਸੋਪੋਟੇਮੀਆਂ ਅਤੇ ਮਿਸਰ ਦੀ ਸਮਕਾਲੀ ਸਭਿਅਤਾਂ ਨਾਲੋਂ ਵਧੇਰੇ ਮਹੱਤਵ ਪੂਰਨ ਸੀ। ਹੜੱਪਾ (ਜ਼ਿਲਾ ਮਿੰਟਗੁਮਰੀ) ਤੇ ਮਹਿੰਜੋਦੜੋ ਦੀਆਂ ਖਸਤਾਕਾਰ ਲਭਤਾਂ ਨੇ ਇਸ ਵਿਚ ਕੋਈ ਸੰਦੇਹ ਨਹੀਂ ਰਹਿਣ ਦਿੱਤਾ।[1] ਸੰਸਾਰ ਦੀ ਸਭ ਤੋਂ ਪਹਿਲੀ ਸਭਿਅਤਾ ਦਾ ਰੂਪ ਭਾਰਤ ਦੀ ਪੰਜਾਬ ਭੂਮੀ ਤੇ ਹੀ ਮੰਨਿਆ ਗਿਆ ਹੈ। ਡਾ: ਹਰਚਰਨ ਸਿੰਘ ਅਨੁਸਾਰ ਹੜੱਪਾ ਦੇ ਅਤੀ ਪੁਰਾਣੇ ਥੇਹ ਦੀ ਖੁਦਾਈ, ਉਸ ਵਿਚੋਂ ਪ੍ਰਾਪਤ ਅਨਮੋਲ ਵਸਤੂਆਂ ਨੇ ਸਿੱਧ ਕਰ ਦਿੱਤਾ ਹੈ ਕਿ ਪੰਜਾਂ ਦਰਿਆਵਾਂ ਦੀ ਇਸ ਧਰਤੀ ਉੱਤੇ ਆਰੀਆ ਲੋਕ ਦੇ ਪੈਰ ਧਰਨ ਤੋਂ ਪਹਿਲੋਂ ਸਭਿਅਤਾ ਦਾ ਚਾਨਣ ਪਸਰ ਚੁੱਕਾ ਸੀ।[2] ਡਾ: ਰਾਬਿੰਦਰ ਨਾਥ ਟੈਗੋਰ ਅਨੁਸਾਰ 'ਸਾਡਾ ਪੰਜਾਬ ਧਰਤੀ ਦਾ ਉਹ ਸੁੰਦਰ ਟੋਟਾ ਹੈ ਜਿਥੇ ਭਾਰਤ ਦੀ ਸਭਿਅਤਾ ਦੀ ਸਵੇਰ ਦਾ ਚਾਨਣ ਪਸਰਿਆ ਸੀ, ਜਿਸਦੇ ਜੰਗਲਾਂ ਵਿਚ ਪਵਿੱਤਰ ਵੇਦਾਂ ਦੇ ਮੰਤਰ ਗਾਏ ਗਏ ਸਨ, ਜਿਥੇ ਸਭ ਤੋਂ ਪਹਿਲਾਂ ਸਭਿਅਕ ਮਨੁੱਖ ਪੈਦਾ ਹੋਇਆ ਸੀ, ਜਿਥੇ ਭਾਰਤੀ ਸੰਸਕ੍ਰਿਤੀ ਦਾ ਮੁਢ ਬੱਝਾ ਸੀ।'[3]

ਇਨ੍ਹਾਂ ਥੇਹਾਂ ਵਿਚੋਂ ਪੱਥਰਾਂ ਦੇ ਸੰਦ ਅਤੇ ਰੂਪ ਨੂੰ ਤਾਂਬੇ ਅਤੇ ਪਿੱਤਲ ਦੇ ਸੰਦ ਵੀ ਮਿਲੇ ਹਨ ਜਿਨ੍ਹਾਂ ਦੀ ਵਰਤੋਂ ਸਭ ਥਾਵਾਂ ਤੇ ਇਕੋ ਜਿਹੀ ਕੀਤੀ ਜਾਂਦੀ ਰਹੀ ਹੈ। ਪਸ਼ੂਆਂ ਦਾ ਪਾਲਣਾ, ਖੇਤੀ ਕਰਨੀ ਅਤੇ ਸ਼ਹਿਰ ਵਸਾਣੇ, ਇਹ ਸਾਰਾ ਕੁਝ ਆਪਸ ਵਿਚ ਮਿਲਦਾ ਹੈ। ਸਿੰਧ ਦੀ ਵਾਦੀ ਵਿਚ ਜਿਥੇ ਰੂੰ ਦੀ ਵਰਤੋਂ ਕੀਤੀ ਜਾਂਦੀ ਸੀ ਉਥੇ ਮੈਸੋਪੋਟੇਮੀਆਂ ਵਿਚ ਬਰੀਕ ਕਪੜੇ ਲਈ ਸਣ ਵਰਤਿਆ ਜਾਂਦਾ ਸੀ। ਮਹਿੰਜੋਦੜੋ ਅਤੇ ਹੜੱਪਾ ਦੇ ਥੇਹਾਂ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਸਾਡੀ ਸਭਿਅਤਾ ਕਾਫ਼ੀ ਵਿਕਾਸ ਕਰ ਚੁੱਕੀ ਸੀ। ਉਹ ਸ਼ਹਿਰ ਬੜੇ ਸੁੰਦਰ ਸ਼ਹਿਰ ਸਨ ਜਿਨ੍ਹਾਂ ਨੂੰ ਬੜੀ ਵਿਉਂਤ ਨਾਲ ਬਣਾਇਆ ਗਿਆ ਸੀ। ਉਨ੍ਹਾਂ ਸ਼ਹਿਰਾਂ ਦਾ ਘੇਰਾ ਲਗਭਗ ਤਿੰਨ ਮੀਲ ਮੰਨਿਆ ਗਿਆ ਹੈ। ਉਸ ਵਿਚ ਬਣੇ ਹੋਏ ਘਰ ਕਈ ਤਰ੍ਹਾਂ ਦੇ ਛੋਟੇ ਅਤੇ ਵੱਡੇ ਦੋ ਕਮਰਿਆਂ ਤੋਂ ਲੈ ਕੇ ਵੱਡੇ ਵੱਡੇ ਮਹੱਲਾਂ ਤਕ ਮਿਲਦੇ ਹਨ। ਉਨ੍ਹਾਂ ਨੂੰ ਬਣਾਉਣ ਲਈ ਪੱਕੀਆਂ ਇੱਟਾਂ ਇਸਤੇਮਾਲ ਕੀਤੀਆਂ ਗਈਆਂ। ਉਨ੍ਹਾਂ ਵਿਚ ਵਿਹੜਾ, ਰਸੋਈ, ਸੁੰਦਰ ਦਰਵਾਜ਼ੇ, ਖਿੜਕੀਆਂ, ਗੁਸਲਖਾਨੇ ਆਦਿ ਬਣੇ ਹੋਏ ਸਨ। ਪਾਣੀ ਦੇ ਨਿਕਾਸ ਦਾ ਵੀ ਪੂਰਾ ਇੰਤਜ਼ਾਮ ਕੀਤਾ ਜਾਂਦਾ ਸੀ। ਛੋਟੀਆਂ ਛੋਟੀਆਂ ਨਾਲੀਆਂ ਘਰਾਂ ਵਿਚੋਂ ਨਿਕਲ ਕੇ ਬਾਹਰਲੀ ਵੱਡੀ ਨਾਲੀ ਨਾਲ ਮਿਲਦੀਆਂ ਸਨ। ਬਹੁਤ ਸਾਰੇ ਘਰਾਂ ਵਿਚ ਆਪਣੇ ਖੂਹ ਵੀ ਲੱਗੇ ਹੋਏ ਸਨ ਅਤੇ ਸਾਂਝੇ ਖੂਹ ਵੀ ਸਨ। ਘਰ ਖੁਲ੍ਹੇ ਅਤੇ ਹਵਾਦਾਰ ਸਨ, ਜਿਨ੍ਹਾਂ ਦੇ ਦੋਹੀਂ ਪਾਸੀਂ ਜਾਂ ਚਹੁੰਆਂ ਪਾਸਿਆਂ ਤੇ ਬਾਰੀਆਂ ਲੱਗੀਆਂ ਹੋਈਆਂ ਸਨ।

---

1. ਡਾ: ਹਰਚਰਨ ਸਿੰਘ ਦੇ 'ਦੇਸ਼ ਪੰਜਾਬ', ਜਨਵਰੀ, 1979 ਵਿਚ ਛਪੇ ਲੇਖ ਪੰਜਾਬ ਦਾ ਪ੍ਰਾਚੀਨ ਸਭਿਆਚਾਰਕ ਵਿਰਸਾ', ਪੰਨਾ 11 ਉਤੇ ਉਦਧ੍ਰਿਤ.
2. ਉਹੀ
3. ਉਹੀ

ਕਈ ਪਬਲਿਕ ਸਥਾਨ ਵੀ ਸਨ, ਜਿਹਾ ਕਿ 'ਵੱਡਾ ਸਾਂਝਾ ਗੁਸਲਖਾਨਾ' ਅਤੇ ਇਕ ਮੱਠ ਜਿਸ ਵਿਚ ਦੋ ਲਾਈਨਾਂ ਗੁਸਲਖਾਨਿਆਂ ਦੀਆਂ ਸਨ, ਇਕ ਵੱਡਾ ਹਾਲ ਕਮਰਾ ਜਿਸ ਨਾਲ ਇਕ ਕਾਫ਼ੀ ਵੱਡਾ ਸਤੂਨਮੰਦ ਬਣਿਆ ਹੋਇਆ ਮਿਲਿਆ ਹੈ, ਜਿਸ ਤੇ ਪ੍ਰਸਿੱਧ ਦੁਕਾਨਾਂ ਲਗਦੀਆਂ ਹੋਣ। ਇਹ ਸਾਰਾ ਕੁਝ ਮੋਹਿੰਜੋਦਾੜੋ ਦੇ ਥੇਹ ਵਿਚੋਂ ਮਿਲਿਆ ਹੈ। ਹੜੱਪਾ ਵਿਚ ਵੀ ਇਕ ਬੜਾ ਵੱਡਾ ਗੁਦਾਮ, ਗੋਲ ਚਬੂਤਰੇ ਆਦਿ ਵੀ ਮਿਲੇ ਹਨ ਜਿਨ੍ਹਾਂ ਤੋਂ ਉਸ ਸਮੇਂ ਦੇ ਲੋਕਾਂ ਦੇ ਸਮਾਜਿਕ ਜੀਵਨ ਅਤੇ ਰਸਮਾਂ ਰਿਵਾਜਾਂ ਦਾ ਵੀ ਪਤਾ ਲਗਦਾ ਹੈ।

ਉਨ੍ਹਾਂ ਸ਼ਹਿਰਾਂ ਦੇ ਖੰਡਰਾਂ ਤੋਂ ਇਹ ਸਾਫ਼ ਪ੍ਰਤੀਤ ਹੁੰਦਾ ਹੈ ਕਿ ਇਸ ਥਾਂ ਤੇ ਇਕ ਚੰਗੀ ਆਬਾਦੀ ਵਾਲਾ ਖੁਸ਼ਹਾਲ ਸ਼ਹਿਰ ਵਸਦਾ ਸੀ, ਜਿਸ ਦੇ ਲੋਕ ਜੀਵਨ ਦਾ ਇਤਨਾ ਜ਼ਿਆਦਾ ਆਨੰਦ ਮਾਣਦੇ ਸਨ ਕਿ ਸ਼ਾਇਦ ਪੁਰਾਤਨ ਸਮੇਂ ਵਿਚ ਸੰਸਾਰ ਵਿਚ ਹੋਰ ਕਿਸੇ ਨੂੰ ਪਤਾ ਵੀ ਨਾ ਹੋਵੇ। ਸਿਰਫ਼ ਸਫ਼ਾਈ ਸੰਬੰਧੀ ਹੀ ਨਹੀਂ ਨਾਗਰਿਕਤਾ ਦੇ ਹੋਰ ਵੀ ਸਾਰੇ ਸੁਖ ਉਨ੍ਹਾਂ ਨੂੰ ਮਿਲੇ ਹੋਏ ਸਨ।[1]

## ਆਰਥਕ ਅਤੇ ਸਮਾਜਕ ਜੀਵਨ

ਹੜੱਪਾ ਅਤੇ ਮੋਹਿੰਜੋਦਾੜੋ ਦੇ ਥੇਹਾਂ ਦੀ ਖੋਜ ਪੜਤਾਲ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਥੇ ਕਈ ਤਰ੍ਹਾਂ ਦੇ ਲੋਕ ਰਹਿੰਦੇ ਸਨ। ਉਨ੍ਹਾਂ ਨੂੰ ਚਾਰ ਗੁੱਟਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਵਿਦਵਾਨ ਲੋਕ ਜਿਨ੍ਹਾਂ ਵਿਚ ਪੰਡਿਤ, ਹਕੀਮ, ਜੋਤਸ਼ੀ, ਜਾਦੂਗਰ ਆਦਿ ਆ ਜਾਂਦੇ ਹਨ। ਦੂਜੇ, ਯੋਧੇ ਜੋ ਦੇਸ਼ ਤੇ ਜਨਤਾ ਦੀ ਰੱਖਿਆ ਕਰਦੇ ਸਨ, ਜਿਵੇਂ ਕਿ ਖੱਤਰੀ। ਤੀਜੇ, ਵਪਾਰੀ ਲੋਕ ਜਿਨ੍ਹਾਂ ਵਿਚ ਕਾਰੀਗਰ, ਰਾਜ, ਲੁਹਾਰ, ਸੁਨਿਆਰ ਆਦਿ ਵੀ ਆ ਜਾਂਦੇ ਅਤੇ ਚੌਥੇ ਮਿਹਨਤੀ ਲੋਕ ਜਿਨ੍ਹਾਂ ਵਿਚ ਘਰਾਂ ਦਾ ਕੰਮ ਕਰਨ ਵਾਲੇ, ਮੋਚੀ, ਨਾਈ, ਕਿਸਾਨ, ਮਜ਼ਦੂਰ ਆਦਿ[2] ਆ ਜਾਂਦੇ ਹਨ। ਇਹ ਚਾਰ ਸਮੂਹ ਵੈਦਿਕ ਕਾਲ ਦੇ ਚਾਰ ਵਰਨਾਂ ਨਾਲ ਮੇਲ ਖਾਂਦੇ ਹਨ।

## ਭਾਂਡੇ

ਭਾਂਡੇ ਮਿੱਟੀ, ਪੱਥਰ, ਚਾਂਦੀ, ਤਾਂਬੇ ਅਤੇ ਹਾਥੀ ਦੰਦ ਦੇ ਬਣੇ ਮਿਲਦੇ ਸਨ ਪਰ ਵਧੇਰੇ ਕਰਕੇ ਮਿੱਟੀ ਦੇ ਭਾਂਡੇ ਹੀ ਵਰਤੇ ਜਾਂਦੇ ਸਨ। ਸੁਰਾਹੀ ਦੀ ਤਰ੍ਹਾਂ ਦੇ ਭਾਂਡੇ ਵੀ ਮਿਲੇ ਹਨ। ਗਹਿਣੇ ਰੱਖਣ ਦੀ ਸੰਦੂਕੜੀ ਵੀ ਮਿਲਦੀ ਹੈ। ਪਲੇਟਾਂ, ਪਿਆਲੇ, ਗਲਾਸ ਆਦਿ ਹਰ ਤਰ੍ਹਾਂ ਦੇ ਭਾਂਡੇ ਮਿਲਦੇ ਹਨ। ਹੜੱਪਾ ਲੋਕਾਂ ਦੇ ਵਰਤੇ ਭਾਂਡੇ ਸਾਦੇ ਵੀ ਹਨ ਤੇ ਰੋਗਨ ਕੀਤੇ ਹੋਏ ਵੀ। ਇਹ ਤਕਰੀਬਨ ਸਾਰੇ ਹੀ ਚੱਕ ਤੇ ਬਣੇ ਹੋਏ ਹਨ। ਵਧੇਰੇ ਕਰਕੇ ਭਾਂਡੇ ਗੁਲਾਬੀ ਰੰਗ ਦੇ

---

1. Majumdar, An Advanced History of India, p.16
2. B.N.Luniya, Evolution of Indian Culture, p.30.

ਨਾਲ ਲਾਈਨ ਵਾਲੇ ਹਨ ਅਤੇ ਕਾਲੇ ਰੰਗ ਨਾਲ ਸਜਾਏ ਹੋਏ ਹਨ। ਭਾਂਡੇ ਕਈ ਕਿਸਮਾਂ ਦੇ ਹਨ। ਖਾਣ ਪੀਣ ਦੇ ਅਲੱਗ, ਖਾਣਾ ਪਕਾਉਣ ਦੇ ਵੱਖ ਤੇ ਸਟੋਰ ਕਰਨ ਦੇ ਵੱਖ।

ਸ਼ਿੰਗਾਰ

ਇਸ ਸਮੇਂ ਦੇ ਲੋਕ ਹਾਰ ਸ਼ਿੰਗਾਰ ਦੀਆਂ ਵਸਤਾਂ ਤੋਂ ਵੀ ਜਾਣੂ ਸਨ। ਪਿੱਤਲ ਦੀ ਹੱਥੀ ਵਾਲੇ ਸ਼ੀਸ਼ੇ, ਹਾਥੀ ਦੰਦ ਦੀਆਂ ਕੰਘੀਆਂ ਜਿਨ੍ਹਾਂ ਦੇ ਹੱਥੇ ਵੀ ਹੁੰਦੇ ਸਨ ਅਤੇ ਦੋਹਾਂ ਪਾਸਿਆਂ ਤੇ ਦੰਦੇ ਹੁੰਦੇ ਸਨ। ਸੁਰਮਾ, ਜਾਨਵਰਾਂ ਦੇ ਸਿਰਾਂ ਵਾਲੇ ਸ਼ੀਸ਼ੇ, ਪਿੱਤਲ ਦੇ ਬਣੇ ਹਾਰ ਸ਼ਿੰਗਾਰ ਦੇ ਸੈੱਟ ਜਿਸ ਵਿਚ ਕੰਨ ਖੋਤਰਨੀ, ਸੂਆ ਅਤੇ ਦੰਦ ਖੋਤਰਨੀ ਹੁੰਦੇ ਸਨ।[1] ਇਸਤ੍ਰੀਆਂ ਕਜਲਾ ਪਾਉਣ, ਵਾਲਾਂ ਨੂੰ ਸੋਹਣੇ ਢੰਗ ਨਾਲ ਸਜਾਉਣ, ਚਿਹਰੇ ਨੂੰ ਪੌਡਰ ਆਦਿ ਕਲਾਂ ਨੂੰ ਭਲੀ ਭਾਂਤੀ ਜਾਣਦੀਆਂ ਸਨ।[2]

ਪੁਸ਼ਾਕ ਅਤੇ ਗਹਿਣੇ

ਆਮ ਤੌਰ ਤੇ ਲੋਕੀਂ ਸਾਦੀ ਪੁਸ਼ਾਕ ਪਹਿਨਦੇ ਸਨ। ਊਨੀ ਕਪੜੇ ਵੀ ਵਰਤੇ ਜਾਂਦੇ ਸਨ, ਪਰ ਵਧੇਰੇ ਕਰਕੇ ਸੂਤੀ ਕਪੜਿਆਂ ਦਾ ਰਿਵਾਜ ਹੀ ਸੀ। ਮਰਦ ਸ਼ਾਲ ਲੈਂਦੇ ਸਨ ਜੋ ਖੱਬੇ ਮੋਢੇ ਦੇ ਉਪਰੋਂ ਦੀ ਹੋ ਕੇ ਸੱਜੀ ਬਾਂਹ ਦੇ ਹੇਠਾਂ ਲਿਆਂਦੇ ਸਨ ਅਤੇ ਜਦ ਬੈਠਦੇ ਸਨ ਤਾਂ ਲੱਤਾਂ ਵੀ ਢਕੀਆਂ ਜਾਂਦੀਆਂ ਸਨ। ਇਕ ਉਪਰ ਵਾਲਾ ਕਪੜਾ ਹੁੰਦਾ ਸੀ। ਥੱਲੇ ਧੋਤੀ ਹੁੰਦੀ ਸੀ। ਮਰਦ ਛੋਟੀ ਛੋਟੀ ਦਾੜ੍ਹੀ ਤੇ ਮੁੱਛਾਂ ਰਖਦੇ ਸਨ। ਉਨ੍ਹਾਂ ਦੇ ਵਾਲ ਪਿੱਛੇ ਵਲ ਨੂੰ ਕੰਘੀ ਕੀਤੇ ਹੁੰਦੇ ਸਨ।

ਆਦਮੀ ਅਤੇ ਇਸਤ੍ਰੀਆਂ ਦੋਵੇਂ ਹੀ ਗਹਿਣੇ ਪਾਉਂਦੇ ਹੁੰਦੇ ਸਨ। ਨੇਕਲਸ, ਪੱਟੀ, ਬਾਜ਼ੂਬੰਦ, ਮੁੰਦਰੀਆਂ ਅਤੇ ਚੂੜੀਆਂ ਮਰਦ ਤੇ ਇਸਤ੍ਰੀਆਂ ਦੋਵੇਂ ਹੀ ਪਾਉਂਦੇ ਸਨ। ਕਮਰਬੰਦ, ਬੁੰਦੇ, ਨੱਥ ਅਤੇ ਪੰਜੇਬਾਂ ਕੇਵਲ ਇਸਤ੍ਰੀਆਂ ਪਾਉਂਦੀਆਂ ਸਨ। ਇਨ੍ਹਾਂ ਜ਼ੇਵਰਾਂ ਦੇ ਵਿਚ ਕਈ ਤਰ੍ਹਾਂ ਦੇ ਬੜੇ ਸੁੰਦਰ ਨਮੂਨੇ ਮਿਲਦੇ ਸਨ। ਅਮੀਰ ਲੋਕ ਸੋਨੇ, ਚਾਂਦੀ, ਹਾਥੀ ਦੰਦ ਅਤੇ ਕੀਮਤੀ ਪੱਥਰਾਂ ਦੇ ਗਹਿਣੇ ਪਾਉਂਦੇ ਸਨ ਅਤੇ ਗਰੀਬ ਲੋਕ ਪਿੱਤਲ ਅਤੇ ਸਿੱਪੀਆਂ ਆਦਿ ਦੇ ਗਹਿਣੇ ਹੀ ਪਾ ਲੈਂਦੇ ਸਨ।

ਮਨ ਪਰਚਾਵਾ

ਮਨ ਪਰਚਾਵੇ ਦੇ ਸਾਧਨਾਂ ਵਿਚੋਂ ਲੋਕਾਂ ਵਿਚ ਢੋਲਕ ਦੇ ਨਾਲ ਨੱਚਣਾ ਬਹੁਤ ਪਸੰਦ ਕੀਤਾ ਜਾਂਦਾ ਸੀ। ਸ਼ਤਰੰਜ ਵਰਗੀ ਕੋਈ ਖੇਡ ਖੇਡੀ ਜਾਂਦੀ ਸੀ। ਲੋਕੀਂ ਸ਼ਿਕਾਰ ਖੇਡਦੇ ਸਨ ਅਤੇ ਮੱਛੀਆਂ ਪਕੜਨ ਦੇ ਵੀ ਸ਼ੌਕੀਨ ਸਨ।

---

1. Cultural Heritage of India, Vol. I, p.117.
2. B.N. Luniya, Evolution of Indian History, p.31

ਖਿਡਾਉਣੇ

ਬੱਚਿਆਂ ਦੇ ਖੇਡਣ ਲਈ ਖਿਡਾਉਣੇ ਵੀ ਕਈ ਤਰ੍ਹਾਂ ਦੇ ਬੜੇ ਦਿਲਚਸਪ ਹੁੰਦੇ ਸਨ। ਇਹ ਆਮ ਤੌਰ ਤੇ ਮਿੱਟੀ ਦੇ ਜਾਨਵਰ, ਸੀਟੀਆਂ, ਪੰਛੀ, ਛਣਕਣੇ, ਗਿਲਹਰੀਆਂ ਤੇ ਮਰਦ ਹੁੰਦੇ ਸਨ। ਪਹੀਆਂ ਵਾਲੀਆਂ ਗੱਡੀਆਂ ਅਤੇ ਕੁਰਸੀਆਂ ਵੀ ਹੁੰਦੀਆਂ ਸਨ।

ਧਾਤ ਦੀ ਵਰਤੋਂ

ਸਿੰਧ ਵਾਦੀ ਦੇ ਲੋਕਾਂ ਨੂੰ ਧਾਤ ਵਿਦਿਆ ਦਾ ਵੀ ਪਤਾ ਸੀ। ਇਸ ਗੱਲ ਦੀ ਗਵਾਹੀ ਤਾਂਬੇ ਅਤੇ ਟੀਨ ਦੇ ਬਣੇ ਸ਼ਸਤਰਾਂ ਤੋਂ ਹੁੰਦੀ ਹੈ। ਟੀਨ ਤੇ ਤਾਂਬੇ ਨੂੰ ਮਿਸ਼ਰਤ ਇਸ ਤਰ੍ਹਾਂ ਮਿਲਾਉਣਾ ਧਾਤ ਵਿਦਿਆ ਦੀ ਜਾਣਕਾਰੀ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ, ਕਿਉਂਕਿ ਅਜਿਹਾ ਕਰਕੇ ਹੀ ਉਨ੍ਹਾਂ ਨੇ ਲੋੜੀਂਦੀ ਸ਼ਕਤੀ, ਲਚਕ ਅਤੇ ਵਾਰ ਸਹਿਣ ਦੀ ਯੋਗਤਾ ਆਪਣੇ ਹਥਿਆਰਾਂ ਵਿਚ ਪ੍ਰਾਪਤ ਕੀਤੀ ਸੀ। 8 ਤੋਂ 11 ਪ੍ਰਤੀਸ਼ਤ ਟੀਨ ਦੀ ਮਿਲਾਵਟ ਤਾਂਬੇ ਲਈ ਬਹੁਤ ਚੰਗੀ ਮੰਨੀ ਜਾਂਦੀ ਹੈ ਅਤੇ ਹੜੱਪਾ ਤੇ ਮਹਿੰਜੋਦੜੋ ਦੇ ਸ਼ਸਤਰਾਂ ਵਿਚ ਕੋਈ ਵਿਰਲਾ ਹੀ ਹਥਿਆਰ ਇਸ ਤੋਂ ਘਟ ਜਾਂ ਵਧ ਮਿਲਾਵਟ ਵਾਲਾ ਹੋਵੇਗਾ। ਸੋਨੇ ਅਤੇ ਚਾਂਦੀ ਦੇ ਗਹਿਣਿਆਂ ਦੇ ਨਮੂਨੇ ਆਦਿ ਵੀ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਉਹ ਲੋਕ ਕਿਤਨੇ ਚੰਗੇ ਕਾਰੀਗਰ ਸਨ।

ਖੇਤੀਬਾੜੀ ਅਤੇ ਖੁਰਾਕ

ਹੜੱਪਾ ਅਤੇ ਮਹਿੰਜੋਦੜੋ ਦੇ ਲੋਕ ਕਣਕ ਅਤੇ ਜੌਂ ਦੀ ਖੇਤੀ ਤੋਂ ਇਲਾਵਾ ਮਟਰ ਅਤੇ ਤਿਲ ਵੀ ਬੀਜਦੇ ਸਨ। ਨਿੰਬੂ ਦੇ ਪੱਤੇ ਦੀ ਸ਼ਕਲ ਦੇ ਨੈਕਲੇਸ, ਨਾਰੀਅਲ ਅਤੇ ਅਨਾਰ ਦੀ ਸ਼ਕਲ ਦੇ ਫੁੱਲਦਾਨ ਅਤੇ ਤਰਬੂਜ਼ ਦੇ ਛਿਲਕੇ ਤੋਂ ਪਤਾ ਲਗਦਾ ਹੈ ਕਿ ਇਹ ਇਨ੍ਹਾਂ ਫਲਾਂ ਦੀ ਵਰਤੋਂ ਵੀ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਮਾਸ ਅਤੇ ਮੱਛੀ ਵੀ ਆਮ ਖਾਂਦੇ ਸਨ। ਹੜੱਪਾ ਵਿਚ ਸ਼ਾਇਦ ਹੀ ਕੋਈ ਐਸਾ ਸਥਾਨ ਹੋਵੇ ਜਿਥੇ ਮੱਛੀ ਅਤੇ ਪਸ਼ੂਆਂ ਦੀਆਂ ਹੱਡੀਆਂ ਨਾ ਮਿਲਦੀਆਂ ਹੋਣ।

ਪਸ਼ੂ ਪਾਲਣਾ

ਪਸ਼ੂ ਪਾਲਣ ਦੀ ਜਾਚ ਵੀ ਪੂਰਵ ਵੈਦਿਕ ਕਾਲ ਦੇ ਲੋਕਾਂ ਨੂੰ ਆਉਂਦੀ ਸੀ। ਇਹ ਪਸ਼ੂ ਆਮ ਤੌਰ ਤੇ ਬਿੱਲੀਆਂ, ਕੁਬੜੂ ਜਾਨਵਰਾਂ ਜਿਹਾ ਕਿ ਬਲਦ ਆਦਿ, ਬੱਕਰੀਆਂ, ਭੇਡਾਂ, ਮੱਝਾਂ ਅਤੇ ਸੂਰ ਹੁੰਦੇ ਸਨ, ਕਿਉਂਕਿ ਇਨ੍ਹਾਂ ਦੀਆਂ ਹੱਡੀਆਂ ਕਾਫ਼ੀ ਬਹੁਤਾਤ ਵਿਚ ਮਿਲੀਆਂ ਹਨ। ਉਨ੍ਹਾਂ ਦੀਆਂ ਮੋਹਰਾਂ ਆਦਿ ਤੋਂ ਵੀ ਬਹੁਤ ਸਾਰੇ ਪਸ਼ੂਆਂ ਅਤੇ ਪੰਛੀਆਂ ਦਾ ਪਤਾ ਲਗਦਾ ਹੈ ਜਿਹਾ ਕਿ ਬਾਂਦਰ, ਹਾਥੀ, ਖਰਗੋਸ਼, ਘੁੱਗੀਆਂ, ਤੋਤੇ, ਸ਼ੇਰ, ਚੀਤਾ, ਹਿਰਨ, ਮੋਰ, ਉੱਲੂ, ਸੱਪ, ਗੈਂਡਾ, ਕੱਛੂਕੁੰਮੇ ਆਦਿ ਤੋਂ ਵੀ ਉਹ ਲੋਕ ਜਾਣੂ ਸਨ। ਘੋੜੇ, ਊਠ ਅਤੇ ਬਿੱਲੀਆਂ ਦੇ ਕੋਈ ਨਿਸ਼ਾਨ ਨਹੀਂ ਮਿਲਦੇ।

ਗੱਡੀਆਂ ਦੀ ਵਰਤੋਂ ਵੀ ਕੀਤੀ ਜਾਂਦੀ ਸੀ ਜਿਨ੍ਹਾਂ ਨੂੰ ਬਲਦ ਖਿੱਚਦੇ ਸਨ।

ਦੁਆਈਆਂ

ਦੁਆਈਆਂ ਦੇ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਕਾਲੇ ਕੋਲੇ ਦੀ ਤਰ੍ਹਾਂ ਦੀ ਕੋਈ ਵਸਤੂ ਜੋ ਪਿਘਲ ਕੇ ਨਸਵਾਰੀ ਰੰਗ ਦੀ ਹੋ ਜਾਂਦੀ ਹੈ, ਸ਼ਾਇਦ ਸਿਲਾਜੀਤ ਹੋਵੇ ਅਤੇ ਹਿਰਨ ਦੇ ਸਿੰਗ ਅਤੇ ਨਿੰਮ ਦੇ ਪੱਤੇ ਆਦਿ ਮਿਲਦੇ ਹਨ ਜੋ ਦੁਆਈਆਂ ਦੇ ਕੰਮ ਆਉਂਦੇ ਸਨ।

ਲੜਾਈ ਦੇ ਸੰਦ

ਲੜਾਈ ਦੇ ਸੰਦ ਵੀ ਕੋਈ ਖਾਸ ਨਹੀਂ ਮਿਲਦੇ। ਇਸ ਤੋਂ ਕਿਹਾ ਜਾ ਸਕਦਾ ਹੈ ਕਿ ਲੋਕ ਅਮਨ ਪਸੰਦ ਸਨ ਤੇ ਲੜਾਈਆਂ ਵਿਚ ਘਟ ਹੀ ਦਿਲਚਸਪੀ ਲੈਂਦੇ ਸਨ। ਖਾਸ ਕਰਕੇ ਬਚਾਅ ਵਾਲੇ ਸੰਦ ਕੋਈ ਨਹੀਂ ਮਿਲਦੇ। ਜੋ ਮਿਲਦੇ ਹਨ ਉਹ ਸਿਰਫ਼ ਕੁਹਾੜੀ, ਛੁਰਾ, ਬਰਛਾ, ਖੰਜਰ, ਗੁਰਜ ਅਤੇ ਕੁਝ ਤੀਰ ਤੇ ਕਮਾਨ ਮਿਲਦੇ ਹਨ। ਤਲਵਾਰ, ਢਾਲ, ਲੋਹ ਟੋਪ ਆਦਿ ਨਹੀਂ ਮਿਲਦੇ।

ਮੋਹਰਾਂ

550 ਤੋਂ ਵੀ ਉਪਰ ਮੁਹਰਾਂ ਲੱਭੀਆਂ ਹਨ। ਉਹ ਮੈਸਟ ਤੇ ਪੱਥਰ ਆਦਿ ਦੀਆਂ ਕਈ ਰੰਗਾਂ ਦੀਆਂ ਬਣੀਆਂ ਹੋਈਆਂ ਹਨ। ਕਈਆਂ ਤੇ ਜਾਨਵਰਾਂ ਦੀਆਂ ਮੂਰਤਾਂ ਵਾਹੀਆਂ ਹੋਈਆਂ ਹਨ। ਆਮ ਤੌਰ ਤੇ ਬਲਦ ਹਾਥੀ ਆਦਿ ਦੀਆਂ ਮੂਰਤਾਂ ਹਨ ਪਰ ਗਾਂ ਤੇ ਘੋੜਾ ਨਹੀਂ ਮਿਲਦੇ। ਉਸ ਦੇ ਉਪਰ ਕੁਝ ਲਿਖਿਆ ਹੋਇਆ ਹੈ ਪਰ ਇਹ ਭਾਸ਼ਾ ਅਜੇ ਤਕ ਕੋਈ ਪੜ੍ਹ ਨਹੀਂ ਸਕਿਆ।

ਕਲਾ

ਖੇਤੀਬਾੜੀ ਤੋਂ ਉਪਰੰਤ ਉਦਯੋਗਿਕ ਸਿਖਿਆ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ, ਜਿਨ੍ਹਾਂ ਦੀਆਂ ਬਾਕਾਇਦਾ ਕਲਾਸਾਂ ਲਗਦੀਆਂ ਸਨ ਜਿਵੇਂ ਕਿ ਬਰਤਨ ਬਣਾਉਣੇ, ਤਰਖਾਣਾ ਕੰਮ, ਰਾਜਗੀਰੀ, ਲੋਹਾਰਾ ਕੰਮ, ਸੁਨਿਆਰਾ ਕੰਮ, ਹਾਥੀ ਦੰਦ ਦਾ ਕੰਮ, ਕਤਾਈ ਬੁਣਾਈ ਆਦਿ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਔਜ਼ਾਰ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਸਾਰੀਆਂ ਕਲਾਵਾਂ ਉਸ ਸਮੇਂ ਪ੍ਰਚਲਤ ਸਨ।

ਲਿਖਣ ਦਾ ਗਿਆਨ

ਭਾਵੇਂ ਪੱਥਰਾਂ ਆਦਿ ਤੇ ਲਿਖਤੀ ਰੂਪ ਵਿਚ ਉਕਰਿਆ ਉਸ ਸਮੇਂ ਦਾ ਕੋਈ ਚਿੰਨ੍ਹ ਨਹੀਂ ਮਿਲਦਾ ਪਰ ਮੋਹਰਾਂ ਆਦਿ ਤੇ ਉਕਰੇ ਜਾਨਵਰਾਂ ਆਦਿ ਦੇ ਚਿੰਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਦੇ ਲੋਕ ਮੂਰਤਕਾਰੀ ਲਿਪੀ ਤੋਂ ਜਾਣੂ ਸਨ। ਹਰੇਕ ਚਿੰਨ੍ਹ ਕਿਸੇ ਨਾ ਕਿਸੇ

ਸੁਖਦ ਦਾ ਪ੍ਰਤੀਕ ਹੁੰਦਾ ਸੀ। ਲਿਖਤ ਸੱਜੇ ਤੋਂ ਖੱਬੇ ਵਲ ਨੂੰ ਜਾਂਦੀ ਸੀ ਪਰ ਕਈ ਥਾਵਾਂ ਤੇ ਪਹਿਲੀ ਸਤਰ ਵਿਚ ਖੱਬੇ ਤੋਂ ਸੱਜੇ ਵਲ ਸੀ ਤੇ ਦੂਜੀ ਸਤਰ ਵਿਚ ਸੱਜੇ ਤੋਂ ਖੱਬੇ।

ਕੋਮਲ ਕਲਾਵਾਂ

ਮੋਹਰਾਂ ਉਪਰ ਉਕਰੀਆਂ ਹੋਈਆਂ ਪਸ਼ੂਆਂ ਦੀਆਂ ਤਸਵੀਰਾਂ ਤੋਂ ਉਸ ਸਮੇਂ ਦੀਆਂ ਕੋਮਲ ਕਲਾਵਾਂ ਦੀ ਸ੍ਰੇਸ਼ਟਤਾ ਦਾ ਵੀ ਪਤਾ ਲਗਦਾ ਹੈ। ਹੜੱਪਾ ਵਿਚ ਪੱਥਰ ਦੀਆਂ ਕੁਝ ਮੂਰਤੀਆਂ ਵੀ ਮਿਲਦੀਆਂ ਹਨ, ਜਿਨ੍ਹਾਂ ਦੀ ਤੁਲਨਾ ਯੂਨਾਨ ਦੀਆਂ ਮੂਰਤੀਆਂ ਨਾਲ ਕੀਤੀ ਜਾ ਸਕਦੀ ਹੈ। ਭਾਂਡਿਆਂ ਦੀ ਚਿਤਰਕਾਰੀ ਅਤੇ ਗਹਿਣਿਆਂ ਦੇ ਨਮੂਨਿਆਂ ਆਦਿ ਤੋਂ ਲੋਕਾਂ ਦੀਆਂ ਕਲਾਮਈ ਤੇ ਸੁਹਜਵਾਦੀ ਰੁਚੀਆਂ ਦਾ ਪਤਾ ਲਗਦਾ ਹੈ।

ਧਰਮ

ਪੂਰਵ ਵੈਦਿਕ ਕਾਲ ਦੇ ਲੋਕਾਂ ਦੇ ਧਰਮ ਬਾਰੇ ਪੱਕੇ ਤੌਰ ਤੇ ਕੁਝ ਵੀ ਕਿਹਾ ਨਹੀਂ ਜਾ ਸਕਦਾ ਕਿ ਉਨ੍ਹਾਂ ਦਾ ਧਰਮ ਕੀ ਸੀ। ਪੁਰਾਣੇ ਥੇਹਾਂ ਦੀ ਖੋਜ ਤੋਂ ਵੀ ਕੁਝ ਠੋਸ ਸਮਗ੍ਰੀ ਨਾ ਮਿਲਣ ਕਰਕੇ ਇਤਿਹਾਸ ਇਸ ਬਾਰੇ ਪੱਕੀ ਗਵਾਹੀ ਦੇਣ ਤੋਂ ਇਨਕਾਰੀ ਹੈ। ਕੁਝ ਚਿੰਨ੍ਹਾਂ ਤੋਂ ਕੇਵਲ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਇਸ ਆਰੰਭਕ ਸਭਿਆਚਾਰ ਦੇ ਧਾਰਮਿਕ ਸਿਧਾਂਤਾਂ ਨੂੰ ਸਮਝਣ ਦੀ ਕੋਸ਼ਿਸ਼ ਮਹਿੰਜੋਦਾੜੋ ਅਤੇ ਹੜੱਪਾ ਤੋਂ ਮਿਲੇ ਕੁਝ ਚਿੰਨ੍ਹਾਂ ਰਾਹੀਂ ਹੀ ਕੀਤੀ ਜਾ ਸਕੀ ਹੈ।[1]

ਉਸ ਸਮੇਂ ਦੀਆਂ ਪੱਕੀ ਮਿੱਟੀ ਦੀਆਂ ਮਾਦਾ (female) ਰੂਪ ਵਿਚ ਕੁਝ ਮੂਰਤੀਆਂ ਮਿਲੀਆਂ ਹਨ ਜੋ ਬਲੋਚਿਸਤਾਨ ਦੀਆਂ ਮੂਰਤੀਆਂ ਨਾਲ ਮਿਲਦੀਆਂ ਜੁਲਦੀਆਂ ਹਨ। ਅਜਿਹੀਆਂ ਹੀ ਮੂਰਤਾਂ ਈਰਾਨ, ਏਸ਼ੀਆ, ਮੈਸੋਪੋਟੇਮੀਆ, ਸੀਰੀਆ ਅਤੇ ਫਲਸਤੀਨ ਵਿਚ ਵੀ ਮਿਲਦੀਆਂ ਹਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਉਹ ਲੋਕ 'ਕੁਦਰਤ ਮਾਂ' ਦੀ ਪੂਜਾ ਕਰਦੇ ਸਨ ਜੋ ਹੁਣ ਤਕ ਭਾਰਤ ਵਿਚ ਪ੍ਰਚਲਤ ਹੈ।[2] ਹਮਾਯੂੰ ਕਬੀਰ ਅਨੁਸਾਰ ਯੋਗ ਦਾ ਸਤਿਕਾਰ ਅਤੇ ਸ਼ਿਵ-ਪੂਜਾ ਵੀ ਇਸੇ ਸਭਿਆਚਾਰ ਦਾ ਅੰਗ ਸਨ। ਇਨ੍ਹਾਂ ਵਿਚ ਕੁਝ ਵਿਸ਼ਵਾਸ ਹੁਣ ਤਕ ਚਲਦੇ ਆ ਰਹੇ ਹਨ।[3] ਜੈ ਚੰਦ ਵਿਦਿਆਲੰਕਾਰ ਦਾ ਵਿਸ਼ਵਾਸ ਹੈ ਕਿ ਲਿੰਗ ਪੂਜਾ ਅਤੇ ਯੋਗ-ਅਭਿਆਸ ਉਨ੍ਹਾਂ ਦੇ ਧਰਮ ਕਰਮ ਵਿਚ ਸ਼ਾਮਲ ਸੀ।[4] ਲੋਕੀਂ ਦੇਵੀ ਮਾਤਾ ਦੀ ਸ਼ਕਤੀ ਨੂੰ ਸੰਸਾਰ ਦੀ ਰਚਨਾ ਦਾ ਸੋਮਾ ਮੰਨਦੇ ਸਨ। ਸ਼ਿਵ ਜੀ ਨੂੰ ਮਹਾਂਯੋਗੀ ਤੇ ਪਸ਼ੂਪਤੀ ਦੇ ਰੂਪ ਵਿਚ ਚਿਤ੍ਰਿਆ ਗਿਆ। ਮਹਿੰਜੋਦੜੋ ਦੀਆਂ ਮੋਹਰਾਂ ਤੇ ਇਸ ਮਹਾਂਯੋਗੀ ਦੀ ਤਸਵੀਰ ਜਿਸਦੇ

---

1. **Cultural Heritage of India, V. I, p.121.**
2. **Ibid, p.122**
3. **The Indian Heritage, p.2.**
4. ਪ੍ਰਾਚੀਨ ਪੰਜਾਬ ਤੇ ਉਸਦਾ ਆਲਾ ਦੁਆਲਾ, ਪੰਨਾ 22.

ਦੁਆਰੇ ਪਸ਼ੂ ਬਲ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਉਹ ਪਸ਼ੂਪਤੀ ਸਨ। ਇਸ ਪੂਜਾ ਦਾ ਵਿਚਾਰ ਹੋਰ ਵੀ ਪੱਕਾ ਹੋ ਜਾਂਦਾ ਹੈ ਜਦ ਕਿ ਪੱਥਰ ਦੇ ਕੁਝ ਐਸੇ ਟੁਕੜੇ ਮਿਲਦੇ ਹਨ ਜੋ ਬਿਲਕੁਲ ਸ਼ਿਵਲਿੰਗ ਨਾਲ ਮੇਲ ਖਾਏ ਹਨ।[1]

ਇਨ੍ਹਾਂ ਤੋਂ ਇਹਨਾਂ ਪੱਥਰ, ਰੁਖ ਅਤੇ ਪਸ਼ੂ ਵੀ ਪੂਜੇ ਜਾਂਦੇ ਸਨ, ਜੋ ਦੈਵੀਆਂ ਤੇ ਸਾਂਝੀਆਂ ਰੂਹਾਂ ਦੇ ਚਿੰਨ੍ਹ ਸਨ। ਉਨ੍ਹਾਂ ਲੋਕਾਂ ਦਾ ਵਿਚਾਰ ਸੀ ਕਿ ਕੁਝ ਰੁਖ ਖੁਸ਼ੀ ਅਤੇ ਜੀਵਨ ਪਰਦਾਨ ਕਰਦੇ ਹਨ। ਰੁਖ ਪੂਜਾ ਦੇ ਦੋ ਰੂਪ ਮਿਲਦੇ ਹਨ। ਇਕ ਉਹ ਜਿਸ ਵਿਚ ਰੁਖ ਦੀ ਪਦਾਰਥਕ ਰੂਪ ਵਿਚ ਪੂਜਾ ਕੀਤੀ ਜਾਂਦੀ ਸੀ ਤੇ ਦੂਜਾ ਜਿਸ ਵਿਚ ਰੁਖ ਦਾ ਮਨੁੱਖੀ ਕਰਨ ਕਰਕੇ ਉਸ ਨੂੰ ਮਨੁੱਖੀ ਰੂਪ ਅਤੇ ਗੁਣ ਦਿੱਤੇ ਗਏ ਸਨ। ਪਿੱਪਲ ਦਾ ਰੁਖ ਪਵਿੱਤਰ ਮੰਨਿਆ ਗਿਆ ਹੈ। ਸਭ ਤੋਂ ਪੁਰਾਤਨ ਰੂਪ ਕੇਵਲ ਪਿੱਪਲ ਦੇ ਪੱਤੇ ਦੇ ਰੂਪ ਵਿਚ ਮਿਲਦਾ ਹੈ, ਜਿਸ ਨੂੰ ਰੁਖ ਦਾ ਚਿੰਨ੍ਹ ਮੰਨਿਆ ਗਿਆ, ਫਿਰ ਪਿੱਪਲ ਦੀਆਂ ਟਾਹਣੀਆਂ ਨੂੰ ਆਰਕ ਦੇ ਰੂਪ ਵਿਚ ਵਿਖਾਇਆ ਅਤੇ ਉਸ ਤੋਂ ਪਿਛੋਂ ਦੇਵਤਾ ਨੂੰ ਪਿੱਪਲ ਦੇ ਰੁਖ ਵਿਚ ਖੜ੍ਹਾ ਵਿਖਾਇਆ ਗਿਆ ਹੈ। ਹੜੱਪਾ ਦੀਆਂ ਕਈ ਮੋਹਰਾਂ ਤੇ ਪਿੱਪਲ ਤੋਂ ਇਲਾਵਾ ਬਬੂਲ ਦੇ ਰੁਖ ਦੇ ਚਿਤਰ ਵੀ ਮਿਲਦੇ ਹਨ। ਇਕ ਹੋਰ ਨਮਾਨ ਦੀ ਚੀਜ਼ ਜੋ ਇਨ੍ਹਾਂ ਛੋਟੀਆਂ ਮੋਹਰਾਂ ਤੇ ਮਿਲਦੀ ਹੈ ਉਹ ਇਹ ਹੈ ਕਿ ਧੂਪਦਾਨ ਵੀ ਮਿਲਦੇ ਹਨ ਜਾਂ ਤੇ ਉਹ ਹੀ ਪਏ ਹੋਏ ਹਨ ਜਾਂ ਦੇਵੀਆਂ ਨੇ ਪਕੜੇ ਹੋਏ ਹਨ।[2] ਭਾਵ ਇਹ ਕਿ ਉਹ ਆਪਣੇ ਦੇਵਤਾ ਨੂੰ ਧੂਪ ਧੁਖਾ ਕੇ ਉਨ੍ਹਾਂ ਦੀ ਸੁਗੰਧਤ ਆਰਤੀ ਵੀ ਉਤਾਰਦੇ ਸਨ। ਮਹਿੰਜੋਦਾੜੋ ਦੀ ਇਕ ਮੋਹਰ ਤੇ ਇਕ ਦੇਵਤਾ ਯੋਗੀ ਦੇ ਆਸਣ ਦੇ ਰੂਪ ਵਿਚ ਬਿਰਾਜਮਾਨ ਮਿਲਦੇ ਹਨ, ਜਿਸਦੇ ਦੋਹੀਂ ਪਾਸੀਂ ਭਗਤਾਂ ਜਾਂ ਨਮਸਕਾਰ ਦੀ ਮੁਦਰਾ ਵਿਚ ਸੱਪ ਦਾ ਫਨ ਹੈ। ਇਸ ਤੋਂ ਨਾਗ ਦੇਵਤਾ ਦੇ ਇਤਿਹਾਸਕ ਵਰਨਣ ਦੀ ਪੁਰਾਤਨਤਾ ਦਾ ਪਤਾ ਲਗਦਾ ਹੈ।

<u>ਮੁਰਦਿਆਂ ਦਾ ਨਿਪਟਾਰਾ</u>

ਹੜੱਪਾ ਨਗਰ ਵਿਚ ਦੋ ਕਬਰਸਤਾਨ ਮਿਲੇ ਹਨ ਜਿਨ੍ਹਾਂ ਵਿਚੋਂ ਇਕ ਨੂੰ ਹੜੱਪਾ ਕਾਲ ਦਾ ਅਤੇ ਦੂਸਰਾ ਪ੍ਰਤਿ ਹੜੱਪਾ ਕਾਲ ਦਾ ਮੰਨਿਆ ਗਿਆ ਹੈ। ਉਸ ਵਿਚੋਂ ਕੋਈ 57 ਕਬਰਾਂ ਪੁੱਟ ਕੇ ਦੇਖੀਆਂ ਗਈਆਂ ਹਨ। ਆਮ ਤੌਰ ਤੇ ਸਿਰ ਉੱਤਰ ਵੱਲ ਕਰਕੇ ਹੀ ਮੁਰਦੇ ਨੂੰ ਦਫ਼ਨਾਇਆ ਜਾਂਦਾ ਸੀ ਤੇ ਨਾਲ ਮਿੱਟੀ ਦੇ ਭਾਂਡੇ ਵੀ ਦੱਬੇ ਹੋਏ ਮਿਲੇ ਹਨ ਜਿਸ ਤੋਂ ਜ਼ਾਹਰ ਹੈ ਕਿ ਦਫ਼ਨਾਉਣ ਲੱਗਿਆਂ ਮਿੱਟੀ ਦੇ ਭਾਂਡੇ ਵੀ ਮੁਰਦੇ ਦੇ ਨਾਲ ਦਬਾਉਣੇ ਉਸ ਸਮੇਂ ਦਾ ਰਿਵਾਜ ਸੀ। ਭਾਂਡਿਆਂ ਤੋਂ ਇਲਾਵਾ ਕੁਝ ਗਹਿਣੇ ਅਤੇ ਹਾਰ ਸ਼ਿੰਗਾਰ ਦਾ ਸਮਾਨ ਵੀ ਕਬਰਾਂ ਵਿਚੋਂ

---

1. Majumdar, An Advanced History of India, p.21.
2. Cultural Heritage of India V.I, p.123.

ਮਿਲਿਆ ਹੈ। ਇਕ ਕਬਰ ਦੇ ਵਿਚੋਂ ਲਕੜੀ ਦਾ ਤਾਬੂਤ ਤੇ ਗਹਿਣਿਆਂ ਦਾ ਡੱਬਾ ਵੀ ਮਿਲਿਆ ਹੈ ਜੋ ਸੁਮੇਰੀਅਨ ਕਬਰਸਤਾਨ ਨਾਲ ਮਿਲਦਾ ਜੁਲਦਾ ਹੈ।[1] ਕਈ ਕਬਰਾਂ ਵਿਚੋਂ ਜੋੜਿਆਂ ਦੇ ਇਕੱਠੇ ਪਿੰਜਰ ਵੀ ਮਿਲੇ ਹਨ, ਜਿਸ ਤੋਂ ਸਤੀ ਦੀ ਰਸਮ ਦਾ ਸੰਕੇਤ ਮਿਲਦਾ ਹੈ,ਜੋ ਬਾਅਦ ਵਿਚ ਭਾਰਤ ਵਿਚ ਪ੍ਰਚਲਤ ਹੋਈ।[2] ਬੀ.ਐਨ.ਲੂਨੀਆਂ ਅਨੁਸਾਰ ਦਫ਼ਨਾਉਣ ਦੇ ਕਈ ਢੰਗ ਉਦੋਂ ਪ੍ਰਚਲਤ ਸਨ ਜੋ ਕਿ ਵੱਖ ਵੱਖ ਕਬੀਲਿਆਂ ਦੇ ਲੋਕਾਂ ਦੇ ਸਨ। ਇਨ੍ਹਾਂ ਵਿਚੋਂ ਤਿੰਨ ਵਧੇਰੇ ਪ੍ਰਚਲਤ ਸਨ,ਪੂਰਾ ਦਫ਼ਨਾਉਣਾ,ਅੰਸ਼ਕ ਦਫ਼ਨਾਉਣਾ ਅਤੇ ਪਹਿਲਾਂ ਜਲਾ ਕੇ ਫਿਰ ਦਫ਼ਨਾਉਣਾ।[3] ਮਹਿੰਜੋਦੜੋ ਵਿਚ ਕੋਈ ਵੀ ਕਬਰਸਤਾਨ ਨਾ ਮਿਲਣ ਦਾ ਅਰਥ ਹੈ ਕਿ ਉਥੇ ਮੁਰਦੇ ਦਫ਼ਨਾਏ ਨਹੀਂ ਜਲਾਏ ਜਾਂਦੇ ਸਨ। ਕਈ ਵਾਰ ਤਾਂ ਫੁਲ-ਭਸਮ ਪਾਤਰ ਵਿਚ ਪਾਏ ਜਾਂਦੇ ਸਨ ਤੇ ਕਈ ਵਾਰੀ ਹੱਡੀਆਂ ਹੀ ਹੱਡੀਆਂ ਚੁਣ ਕੇ ਮਰਤਬਾਨ ਵਿਚ ਪਾ ਕੇ ਦਬਾ ਦਿੱਤਾ ਜਾਂਦਾ ਸੀ। ਇਨ੍ਹਾਂ ਭਾਂਡਿਆਂ ਦੇ ਉਪਰ ਮੋਰ,ਹਿਰਨ,ਬਲਦ,ਬੱਕਰੀ,ਕਿਰਲ,ਮੱਛੀ,ਰੁੱਖ,ਬੂਟੇ ਅਤੇ ਸਿਤਾਰੇ ਆਦਿ ਚਿਤਰੇ ਹੁੰਦੇ ਸਨ। ਕਈ ਚਿਤਰ ਤਾਂ ਬੜੇ ਦਿਲਚਸਪ ਹੁੰਦੇ ਸਨ ਜਿਵੇਂ ਕਿ ਇਕ ਮਰਤਬਾਨ ਉਤੇ ਤਿੰਨ ਉਡਦੇ ਹੋਏ ਮੋਰ ਵਿਖਾਏ ਹਨ, ਜਿਨ੍ਹਾਂ ਨੇ ਕੋਈ ਆਕਾਰ ਚੁੱਕਿਆ ਹੈ। ਇਸ ਦਾ ਭਾਵ ਇਹ ਹੋ ਸਕਦਾ ਹੈ ਕਿ ਮੁਰਦਾ ਸਵਰਗ ਨੂੰ ਲਿਜਾਇਆ ਜਾ ਰਿਹਾ ਹੈ। ਦਫ਼ਨਾਉਣ ਵਾਲੇ ਬਰਤਨਾਂ ਉਤੇ ਮੋਰ ਦਾ ਚਿਤਰ ਅਕਸਰ ਬਣਿਆ ਹੁੰਦਾ ਹੈ। ਆਰੀਆਂ ਨੇ ਭਾਵੇਂ ਦ੍ਰਾਵੜਾਂ ਦੇ ਸਭਿਆਚਾਰ ਨੂੰ ਨਸ਼ਟ ਕਰਨ ਦੀ ਕੋਈ ਕਸਰ ਨਾ ਛੱਡੀ ਪਰ ਇਨ੍ਹਾਂ ਦਾ ਅਸਰ ਮੁਢਲਾ ਹੀ ਆਰੀਆਂ ਤੇ ਪਿਆ, ਜੋ ਅੱਜ ਵੀ ਭਾਰਤੀ ਸਭਿਆਚਾਰ ਦਾ ਅੰਗ ਹੈ। ਡਾ:ਹਰਚਰਨ ਸਿੰਘ ਅਨੁਸਾਰ ਅਣਆਰੀਆਂ ਲੋਕ ਰਾਜਸੀ ਤੌਰ ਤੇ ਜਰੂਰ ਹਾਰ ਗਏ,ਪਰ ਉਨ੍ਹਾਂ ਨੇ ਆਰੀਆਂ ਨੂੰ ਸਭਿਆਚਾਰਕ ਤੌਰ ਤੇ ਜਿੱਤ ਲਿਆ। ਉਨ੍ਹਾਂ ਦੀ ਇਸ ਅਸਚਰਜ ਜਿੱਤ ਦੀ ਵਧੀਆ ਉਦਾਹਰਣ ਇਹ ਤੱਥ ਹੈ ਕਿ ਆਰੀਆਂ ਲੋਕਾਂ ਨੇ ਆਪਣੇ ਮੁਖ ਦੇਵਤਾ ਇੰਦਰ ਨੂੰ ਕੁਝ ਸਮੇਂ ਪਿਛੋਂ ਸ਼ੈਨ੍ਹਵਰਜ ਦੇ ਸਵਰਗ ਵਿਚ ਮੌਜ ਲੈਣ ਲਈ ਰੀਟਾਇਰ ਕਰ ਦਿੱਤਾ ਅਤੇ ਉਸ ਦੀ ਥਾਂ ਪੰਜਾਂ ਦਰਿਆਵਾਂ ਦੀ ਧਰਤੀ ਦਾ ਸੁਦੇਸੀ ਤੇ ਵਧੇਰੇ ਵਿਚਾਰਵਾਨ ਦੇਵਤਾ ਸ਼ਿਵ ਜੀ ਅਪਣਾ ਲਿਆ। ਵਿਦਵਾਨਾਂ ਦੀ ਤਾਂ ਇਥੋਂ ਤਕ ਰਾਏ ਬਣ ਗਈ ਹੈ ਕਿ ਵਰਤਮਾਨ ਭਾਰਤੀ ਸੰਸਕ੍ਰਿਤੀ ਵਿਚ ਸਿੰਧ ਘਾਟੀ ਦੀ ਸਭਿਅਤਾ ਦਾ ਅੱਸੀ ਫੀ ਸਦੀ ਭਾਗ ਹੈ।[4]

---

1. Cultural Heritage of India – P. 124 ~~Evolution of Indian Culture,p.~~

2. Harbans Singh Lal Mani Joshi, An Introduction to Indian Religions, p.11

3. B.N.Luniya, Evolution of Indian Culture, p. 33

4. ਪੰਜਾਬ ਦਾ ਪ੍ਰਾਚੀਨ ਸਭਿਆਚਾਰਕ ਵਿਰਸਾ, ਦੇਸ ਪੰਜਾਬ, ਪੰਨਾ 12.

## ਵੈਦਿਕ ਸਭਿਆਚਾਰ

ਵੈਦਿਕ ਸਭਿਆਚਾਰ ਵੇਦਾਂ ਦੇ ਰਚਨ ਕਾਲ ਦੇ ਨਾਲ ਹੀ ਆਰੰਭ ਹੁੰਦਾ ਹੈ। ਆਰੀਆ ਲੋਕਾਂ ਦੀ ਸਭਿਅਤਾ ਦਾ ਸਿੰਧ ਘਾਟੀ ਦੀ ਸਭਿਅਤਾ ਨਾਲੋਂ ਬਹੁਤਾ ਫਰਕ ਹੈ, ਕਿਉਂਕਿ ਇਹ ਸਭਿਅਤਾ ਆਰੀਆ ਲੋਕ ਆਪਣੇ ਨਾਲ ਲੈ ਕੇ ਆਏ ਸਨ। ਇਸ ਵਿਚ ਕੁਝ ਤੱਤ ਜਦ ਪੁਰਾਤਨ ਸਭਿਅਤਾ ਦੇ ਰਲ ਗਏ ਤਾਂ ਇਹ ਨਵੀਨ ਸਭਿਅਤਾ ਕਹਿਲਾਣ ਲੱਗੀ।

ਆਰੀਆ ਲੋਕਾਂ ਬਾਰੇ ਜਾਣਕਾਰੀ ਸਾਨੂੰ ਵੇਦਾਂ ਤੋਂ ਹੀ ਮਿਲਦੀ ਹੈ। ਵੇਦ ਸ਼ਬਦ 'ਵਿਦ' ਸ਼ਬਦ ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਗਿਆਨ'। ਇਹ ਵੇਦ ਆਰੀਆ ਦੀਆਂ ਧਾਰਮਿਕ ਪੁਸਤਕਾਂ ਹਨ। ਇਨ੍ਹਾਂ ਵਿਚੋਂ ਰਿਗ ਵੇਦ ਸਭ ਤੋਂ ਪੁਰਾਣਾ ਹੈ। ਰਿਗ ਵੇਦ ਵਿਚੋਂ ਸਾਨੂੰ ਵੈਦਿਕ ਕਾਲ ਦੇ ਸਮਾਜਕ, ਆਰਥਕ ਤੇ ਰਾਜਸੀ ਜੀਵਨ ਦੀ ਤਸਵੀਰ ਮਿਲਦੀ ਹੈ। ਇਥੋਂ ਤਕ ਕਿ ਇਕ ਅਮਰੀਕਨ ਇਸਤ੍ਰੀ ਸ੍ਰੀਮਤੀ ਵਹੀਲਰ ਵਿਲਕੋਕਸ ਤਾਂ ਇਹ ਕਹਿੰਦੀ ਹੈ ਕਿ ਭਾਰਤ ਵੇਦਾਂ ਦੀ ਧਰਤੀ ਹੈ ਜੋ ਨਾ ਕੇਵਲ ਜੀਵਨ ਨੂੰ ਪੂਰਨ ਬਣਾਣ ਵਾਲੇ ਉਚੇ ਧਾਰਮਿਕ ਵਿਚਾਰਾਂ ਨਾਲ ਹੀ ਭਰਪੂਰ ਹਨ ਸਗੋਂ ਉਹ ਤਤ ਵੀ ਸਾਰੇ ਮਿਲਦੇ ਹਨ ਜੋ ਵਿਗਿਆਨ ਨੇ ਹੁਣ ਸੱਚ ਸਿੱਧ ਕੀਤੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਬਿਜਲੀ, ਰੇਡੀਅਮ, ਇਲੈਕਟ੍ਰੋਨ, ਹਵਾਈ ਜਹਾਜ਼ ਆਦਿ ਸਭ ਤੋਂ ਵੈਦਿਕ ਰਿਸ਼ੀ ਪਰਿਚਿਤ ਸਨ।[1]

ਉੱਤਰ ਪੱਛਮ ਅਤੇ ਪੰਜਾਬ ਨੂੰ ਵੈਦਿਕ ਸਭਿਆਚਾਰ ਦਾ ਘਰ ਮੰਨਿਆ ਗਿਆ ਹੈ, ਕਿਉਂਕਿ ਆਰੀਆ ਲੋਕ ਸਭ ਤੋਂ ਪਹਿਲਾਂ ਪੰਜਾਬ ਵਿਚ ਹੀ ਆ ਕੇ ਵਸੇ ਅਤੇ ਇਸ ਧਰਤੀ ਨੂੰ ਪਵਿੱਤਰ ਮੰਨਦਿਆਂ ਹੋਇਆਂ ਇਸ ਨੂੰ ਹੀ ਆਪਣਾ ਘਰ ਬਣਾਇਆ। ਰਿਸ਼ੀਆਂ ਮੁਨੀਆਂ ਨੇ ਵੇਦਾਂ ਦੇ ਮੰਤਰ ਉਚਾਰੇ, ਗੁਰੂਆਂ ਨੇ ਵਿਦਿਆਰਥੀਆਂ ਨੂੰ ਵੈਦਿਕ ਵਿਦਿਆ ਦਾ ਗਿਆਨ ਦਿੱਤਾ ਅਤੇ ਪਿਤਰਾਂ ਨੇ ਵੈਦਿਕ ਜ਼ਿੰਦਗੀ ਨੂੰ ਪੋਖਿਆ ਪਰਤਾਇਆ। ਪੰਡਤਾਂ ਨੇ ਇਸ ਦੇ ਅਨੁਸਾਰ ਰਸਮ ਰਿਵਾਜ ਕੀਤੇ, ਰਾਜਿਆਂ ਅਤੇ ਜਨਤਾ ਨੇ ਵੈਦਿਕ ਕਾਲ ਦੇ ਆਰੀਆ ਸਭਿਆਚਾਰ ਅਨੁਸਾਰ ਆਪਣਾ ਜੀਵਨ ਉਚੇ ਆਦਰਸ਼ਾਂ ਤੇ ਚਲ ਕੇ ਬਣਾਇਆ।[2]

ਇਸ ਗੱਲ ਦੀ ਗਵਾਹੀ ਇਥੋਂ ਵੀ ਮਿਲਦੀ ਹੈ ਕਿ ਵੇਦਾਂ ਵਿਚ ਪੰਜਾਬ ਨੂੰ ਸਪਤ ਸਿੰਧੂ ਵੀ ਕਿਹਾ ਗਿਆ ਹੈ, ਜਿਸਦਾ ਅਰਥ ਹੈ ਸੱਤ ਦਰਿਆਵਾਂ ਦੀ ਧਰਤੀ। ਪੰਜਾਬ ਅਤੇ ਭਾਰਤ ਦੀਆਂ ਕੁਝ ਹੋਰ ਨਦੀਆਂ ਦੇ ਨਾਮ ਵੀ ਸਾਨੂੰ ਰਿਗ ਵੇਦ ਵਿਚ ਮਿਲਦੇ ਹਨ ਜੋ ਉਤਰੀ ਭਾਰਤ ਦੀਆਂ ਹੀ ਹਨ।[3] ਇਸ ਦਾ ਭਾਵ ਇਹ ਹੀ ਹੈ ਕਿ ਆਰੀਆ ਲੋਕ ਪਹਿਲਾਂ ਉਤਰ ਭਾਰਤ

---

1. ਡਾ: ਰਤਨ ਚੰਦ ਸ਼ਰਮਾ, ਵੈਦਿਕ ਜੀਵਨ ਪੱਧਤੀ, ਪੰਨਾ 11.
2. Buddha Parkash-Political and Social Movements in Ancient Punjab, p.217.
3. B.N. Luniya, Evolution of Indian Culture, p.42.

ਵਿਚ ਹੀ ਆਏ ਅਤੇ ਬਹੁਤ ਪਿਛੋਂ ਦੱਖਣ ਪੂਰਬ ਵਲ ਗਏ।

<u>ਸਮਾਜਿਕ ਜੀਵਨ</u>

<u>ਪਰਿਵਾਰ</u>

ਆਰੀਆਂ ਲੋਕਾਂ ਦਾ ਸਮਾਜਿਕ ਜੀਵਨ ਨਰੋਆ ਸੀ। ਸਾਰਾ ਪਰਿਵਾਰ ਇਕੱਠਾ ਇਕ ਘਰ ਵਿਚ ਰਹਿੰਦਾ ਸੀ। ਸ਼ਾਦੀ ਦੀ ਰਸਮ ਵੀ ਪਵਿੱਤਰਤਾ ਨੂੰ ਮੰਨਿਆ ਜਾਂਦਾ ਸੀ। ਭਾਵੇਂ ਇਸਤ੍ਰੀ ਦਾ ਦਰਜਾ ਪੁਰਖ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ ਪਰ ਰਿਗ ਵੇਦ ਵਿਚ ਕਿਤੇ ਕਿਤੇ ਇਹ ਜ਼ਰੂਰ ਮਿਲਦਾ ਹੈ ਕਿ ਪੁਰਖ ਦੀ ਨਿਗਰਾਨੀ ਤੋਂ ਬਿਨਾਂ ਇਸਤ੍ਰੀਆਂ ਕਈ ਵਾਰੀ ਭਟਕ ਜਾਂਦੀਆਂ ਹਨ। ਸ਼ਾਦੀ ਦਾ ਬੰਧਨ ਪਰਿਵਾਰਕ ਜੀਵਨ ਨੂੰ ਇਕੱਠਿਆਂ ਰਖਣ ਲਈ ਅਵੱਸ਼ਕ ਮੰਨਿਆ ਗਿਆ ਹੈ।

ਤਲਾਕ ਦੇ ਬਾਰੇ ਵਿਚ ਕੁਝ ਵੀ ਵੇਦਾਂ ਵਿਚ ਲਿਖਿਆ ਨਹੀਂ ਮਿਲਦਾ, ਪਰ ਵਿਧਵਾ ਵਿਆਹ ਦਾ ਜ਼ਿਕਰ ਜ਼ਰੂਰ ਮਿਲਦਾ ਹੈ।[1] ਇਸ ਤੋਂ ਸਪਸ਼ਟ ਹੈ ਕਿ ਸਤੀ ਦੀ ਰਸਮ ਉਸ ਵੇਲੇ ਨਹੀਂ ਸੀ ਹਾਲਾਂ ਕਿ ਪੂਰਵ-ਵੈਦਿਕ ਕਾਲ ਵਿਚ ਕ੍ਰਿਆ ਕਰਮ ਦੀਆਂ ਰਸਮਾਂ ਤੋਂ ਇਸਦੀਆਂ ਕੁਝ ਨਿਸ਼ਾਨੀਆਂ ਮਿਲਦੀਆਂ ਹਨ। ਇਕ-ਪਤਨੀ ਵਿਆਹ ਹੀ ਪ੍ਰਚਲਤ ਸੀ, ਬਹੁ-ਪਤਨੀ ਵਿਆਹ ਦਾ ਜ਼ਿਕਰ ਨਹੀਂ ਮਿਲਦਾ। ਸ਼ਾਦੀ ਇਕ ਧਾਰਮਿਕ ਤੇ ਪਵਿੱਤਰ ਰਸਮ ਮੰਨੀ ਜਾਂਦੀ ਸੀ ਜਿਸ ਵਿਚ ਪਤੀ ਨੂੰ ਪਤਨੀ ਪਰਮਾਤਮਾ ਵਲੋਂ ਦਿੱਤਾ ਗਿਆ ਇਕ ਤੋਹਫ਼ਾ ਮੰਨਿਆ ਗਿਆ ਹੈ। ਪਤਨੀਆਂ ਖਰੀਦਣ ਦੀ ਗੱਲ ਤਾਂ ਹੀ ਕਿਸੇ ਨੂੰ ਪਤਾ ਨਹੀਂ ਸੀ ਪਰ ਜੇ ਕੋਈ ਇਕਾ ਦੁਕਾ ਅਜਿਹੀ ਘਟਨਾ ਵਾਪਰੇ ਤਾਂ ਲਾੜੇ ਨੂੰ ਬਹੁਤ ਨੀਵਾਂ ਮੰਨਿਆ ਜਾਂਦਾ ਸੀ। ਲੜਾਈ ਵਿਚੋਂ ਜਿੱਤ ਉਪਰੰਤ ਜਾਂ ਉਧਾਲ ਕੇ ਪਤਨੀ ਨੂੰ ਲੈ ਜਾਣ ਦਾ ਜ਼ਿਕਰ ਕੁਝ ਥਾਵਾਂ ਤੇ ਮਿਲਦਾ ਹੈ। ਪਿਆਰ ਵਿਆਹ ਵੀ ਉਸ ਸਮੇਂ ਹੁੰਦੇ ਸਨ। ਵੈਦਿਕ ਸਾਹਿਤ ਵਿਚ ਕਈ ਮੰਤਰ ਮਿਲਦੇ ਹਨ ਜਿਨ੍ਹਾਂ ਨੂੰ ਪਿਆਰ ਕਰਨ ਦੀ ਸਫਲਤਾ ਲਈ ਉਚਾਰਿਆ ਜਾਂਦਾ ਸੀ।[2]

ਬਾਲ ਵਿਆਹ ਦਾ ਰਿਵਾਜ ਵੈਦਿਕ ਕਾਲ ਵਿਚ ਨਹੀਂ ਸੀ। ਦੁਲਹਨ ਸ਼ਾਦੀ ਦੇ ਸਮੇਂ ਆਪਣੇ ਪੂਰੇ ਜੋਬਨ ਵਿਚ ਹੁੰਦੀ ਸੀ ਅਤੇ ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਲਈ ਪੂਰੀ ਤਰ੍ਹਾਂ ਯੋਗ ਅਤੇ ਸੁਸਿੱਖਿਅਤ ਹੁੰਦੀ ਸੀ। ਕਈ ਵਾਰੀ ਵਰ ਅਤੇ ਕੰਨਿਆਂ ਆਪਣਾ ਸਾਥੀ ਆਪ ਵੀ ਲਭ ਲੈਂਦੇ ਸਨ। ਰਿਗ ਵੇਦ ਵਿਚ ਅਜਿਹਾ ਜ਼ਿਕਰ ਮਿਲਦਾ ਹੈ ਕਿ ਲੜਕੀਆਂ ਆਪਣੀ ਸੁੰਦਰਤਾ ਅਤੇ ਸ਼ੋਭਾ ਕਰਕੇ ਆਪਣਾ ਵਰ ਆਪ ਲਭਣ ਵਿਚ ਸਫਲ ਹੋਈਆਂ।[3] ਪਰ ਸ਼ਾਦੀ

---

1. The Cultural Heritage of India, Vol. I, p. 221.
2. ibid.
3. ibid., p. 222

ਦੀ ਪਰਪੱਕਤਾ ਸ਼ਾਦੀ ਦੀ ਰਸਮ ਪੂਰੀ ਹੋਣ ਵਿਚ ਹੀ ਮੰਨੀ ਜਾਂਦੀ ਸੀ।

ਵੈਦਿਕ ਪਰਵਾਰ ਪੁਰਖ ਪ੍ਰਧਾਨ ਅਤੇ ਸਾਂਝਾ ਪਰਿਵਾਰ ਸੀ। ਇਸ ਵਿਚ ਘਰ ਦਾ ਸਭ ਤੋਂ ਵੱਡਾ ਮਰਦ ਘਰ ਦਾ ਮੁਖੀਆ ਹੁੰਦਾ ਸੀ, ਜਿਸ ਨੂੰ ਗ੍ਰਿਹ ਪਤੀ ਜਾਂ ਕੁਲਪਾ ਕਿਹਾ ਜਾਂਦਾ ਸੀ। ਘਰ ਦੇ ਬਾਕੀ ਮੈਂਬਰਾਂ ਉਤੇ ਉਸਦਾ ਪੂਰਾ ਕਾਬੂ ਹੁੰਦਾ ਸੀ। ਗ੍ਰਿਹ ਪਤੀ ਨੂੰ ਹੀ ਜਾਇਦਾਦ ਆਦਿ ਦੇ ਮਾਮਲਿਆਂ ਦਾ ਨਿਬੇੜਾ ਜਾਂ ਵੰਡ ਕਰਨ ਦਾ ਹੱਕਦਾਰ ਹੁੰਦਾ ਸੀ। ਬੱਚਿਆਂ ਦੀ ਵਿਦਿਆ ਪਿਤਾ ਦੀ ਜ਼ਿੰਮੇਵਾਰੀ ਹੁੰਦੀ ਸੀ ਅਤੇ ਪਰਿਵਾਰਕ ਸੰਬੰਧਾਂ ਲਈ ਵਿਚਾਰ ਵੀ ਪਿਤਾ ਹੀ ਕਰਦਾ ਸੀ। ਪਿਤਾ ਲਈ ਬੱਚਿਆਂ ਦਾ ਆਗਿਆਕਾਰੀ ਹੋਣਾ ਵੀ ਜ਼ਰੂਰੀ ਸੀ। ਗ੍ਰਿਹ ਪਤੀ ਆਪਣੀ ਪਤਨੀ ਦੀ ਸਹਾਇਤਾ ਨਾਲ ਸਾਰੀਆਂ ਘਰੇਲੂ ਧਾਰਮਿਕ ਰਸਮਾਂ ਦੀ ਅਤੇ ਘਰ ਦੇ ਪ੍ਰਬੰਧ ਦੀ ਪੂਰਤੀ ਕਰਦਾ ਸੀ।

## ਇਸਤ੍ਰੀ ਦਾ ਦਰਜਾ

ਵੈਦਿਕ-ਕਾਲ ਵਿਚ ਇਸਤ੍ਰੀ ਦਾ ਦਰਜਾ ਉਸ ਤੋਂ ਪਿਛੋਂ ਆਉਣ ਵਾਲੇ ਸਮੇਂ ਨਾਲੋਂ ਕਾਫੀ ਤਸੱਲੀ ਬਖਸ਼ ਸੀ। ਚਾਹੇ ਲੜਕੀ ਦੇ ਜਨਮ ਦਾ ਸਵਾਗਤ ਲੜਕੇ ਦੀ ਤਰ੍ਹਾਂ ਨਹੀਂ ਸੀ ਕੀਤਾ ਜਾਂਦਾ, ਪਰ ਫਿਰ ਵੀ ਅਜਿਹਾ ਜ਼ਿਕਰ ਕਿਤੇ ਨਹੀਂ ਮਿਲਦਾ ਕਿ ਲੜਕੀਆਂ ਨੂੰ ਬੋਝ ਸਮਝਿਆ ਜਾਂਦਾ ਹੋਵੇ। ਲੜਕੀਆਂ ਨੂੰ ਨਾਗਰਿਕਤਾ ਦੇ ਪੂਰੇ ਹੱਕ ਪ੍ਰਾਪਤ ਸਨ, ਉਹ ਰਾਣੀਆਂ ਵੀ ਸਨ। ਲੜਾਈ ਦੇ ਮੈਦਾਨ ਵਿਚ ਵੀ ਅੱਗੇ ਆਉਂਦੀਆਂ ਸਨ। ਲੜਕੀਆਂ ਦਾ ਪਾਲਣ ਪੋਸਣ ਅਤੇ ਉਨ੍ਹਾਂ ਦੀ ਵਿਦਿਆ ਦਾ ਪ੍ਰਬੰਧ ਲੜਕਿਆਂ ਦੀ ਤਰ੍ਹਾਂ ਹੀ ਕੀਤਾ ਜਾਂਦਾ ਸੀ। ਅਥਰਵ ਵੇਦ ਵਿਚ ਵੀ ਇਸਦਾ ਜ਼ਿਕਰ ਆਉਂਦਾ ਹੈ ਕਿ ਅਨਪੜ੍ਹ ਲੜਕੀ ਲਈ ਚੰਗਾ ਵਰ ਲੱਭਣਾ ਬੜਾ ਮੁਸ਼ਕਿਲ ਹੋ ਜਾਂਦਾ ਸੀ। ਇਸਤ੍ਰੀਆਂ ਵੇਦਾਂ ਦਾ ਅਧਿਅਨ ਕਰਦੀਆਂ ਸਨ ਅਤੇ ਵੇਦਾਂ ਦੀਆਂ ਕਰਤਾ ਹੋਣ ਦਾ ਮਾਣ ਵੀ ਕੁਝ ਇਸਤ੍ਰੀਆਂ ਨੂੰ ਪ੍ਰਾਪਤ ਸੀ, ਜਿਵੇਂ ਕਿ ਲੋਪਾ, ਮੁਦਰਾ, ਘੋਸ਼ਾ, ਵਿਸ਼ਵਾਵਰਾ, ਅਪਾਲਾ ਅਤੇ ਸਿਕਤਾ ਨਿਵਾਵਰੀ। ਇਨ੍ਹਾਂ ਨੂੰ ਰਿਸ਼ੀ ਹੋਣ ਦਾ ਮਹਾਨ ਮਾਣ ਮਿਲਿਆ ਹੋਇਆ ਸੀ।[1] ਇਸਤ੍ਰੀਆਂ ਨੂੰ ਵੇਦਾਂ ਦੀਆਂ ਰਸਮਾਂ ਕਰਨ ਦਾ ਹੱਕ ਵੀ ਸੀ।

ਵੈਦਿਕ ਬਲੀ ਵੀ ਪਤੀ ਅਤੇ ਪਤਨੀ ਇਕੱਠੇ ਦਿੰਦੇ ਸਨ ਅਤੇ ਪਤਨੀ ਹੀ ਵੈਦਿਕ ਮੰਤਰਾਂ ਦਾ ਉਚਾਰਨ ਕਰਦੀ ਹੁੰਦੀ ਸੀ ਅਤੇ ਇਕੱਲਿਆਂ ਹੀ ਸੰਧਿਆ ਦਾ ਉਚਾਰਨ ਕਰਨ ਦੇ ਯੋਗ ਸਮਝੀ ਜਾਂਦੀ ਸੀ। ਰਿਗ ਵੇਦ ਵਿਚ ਕੋਈ ਅਜਿਹੀ ਘਟਨਾ ਨਹੀਂ ਮਿਲਦੀ ਜਿਥੇ ਕਿਸੇ ਰਸਮ ਜਾਂ ਤਿਉਹਾਰ ਵਿਚ ਇਸਤ੍ਰੀਆਂ ਨੂੰ ਅਲੱਗ ਕੀਤਾ ਜਾਂਦਾ ਹੋਵੇ।

ਇਸਤ੍ਰੀ ਲਈ ਵੈਦਿਕ ਸਮਾਜ ਵਿਚ ਪਰਦੇ ਦਾ ਕੋਈ ਰਿਵਾਜ ਨਹੀਂ ਸੀ। ਉਹ ਆਪਣੇ ਪਤੀ ਅਤੇ ਪਿਆਰੇ ਦੇ ਸਾਥ ਵਿਚ ਖੁਲ੍ਹਮ-ਖੁਲ੍ਹਾ ਘੁੰਮ ਫਿਰ ਸਕਦੀ ਸੀ। ਸ਼ਾਦੀ ਦੇ ਮੰਤਰਾਂ

---

1. D.N.Luniya, Evolution of Indian Culture, p.46.

ਵਿਚ ਇਹ ਵੀ ਆਇਆ ਹੈ ਕਿ ਲੜਕੀ ਵਾਦ ਵਿਵਾਦ ਵਿਚ ਵੀ ਨਿਪੁੰਨ ਹੋ ਕੇ ਰਸਮੀ ਅਤੇ ਆਮ ਜਨਤਕ ਜਲਸਿਆਂ ਵਿਚ ਵੀ ਹਿੱਸਾ ਲਵੇ।[1] ਜਨਤਕ ਸਮਾਗਮਾਂ ਵਿਚ ਉਸ ਨੂੰ ਮਹੱਤਵ ਪੂਰਨ ਸਥਾਨ ਵੀ ਪ੍ਰਾਪਤ ਸੀ। ਰੰਗ ਬਰੰਗੀ ਪੁਸ਼ਾਕ ਨਾਲ ਉਹ ਸਮਾਗਮਾਂ ਦੀ ਰੌਣਕ ਨੂੰ ਵਧਾਉਂਦੀਆਂ ਸਨ।

ਇਸਤ੍ਰੀਆਂ ਕਈ ਤਰ੍ਹਾਂ ਦੇ ਧੰਦੇ ਵੀ ਕਰਦੀਆਂ ਹੁੰਦੀਆਂ ਸਨ ਜਿਵੇਂ ਕਿ ਰੰਗਾਈ, ਕਢਾਈ, ਟੋਕਰੀਆਂ ਬਣਾਉਣਾ ਆਦਿ। ਇਸਤ੍ਰੀਆਂ ਪਸ਼ੂਆਂ ਦਾ ਕੰਮ ਵੀ ਕਰਦੀਆਂ ਸਨ। ਗਾਰਗੀ ਵਰਗੀਆਂ ਇਸਤ੍ਰੀਆਂ ਖੁਲ੍ਹੇ ਤੌਰ ਤੇ ਵਾਦ ਵਿਵਾਦ ਵਿਚ ਵੀ ਹਿੱਸਾ ਲੈਂਦੀਆਂ ਸਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਸਤ੍ਰੀਆਂ ਉਤੇ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ ਸੀ, ਪਰ ਉਤਰ ਵੈਦਿਕ ਕਾਲ ਵਿਚ ਅਜਿਹੇ ਵਾਦ ਵਿਵਾਦ ਘਟਦੇ ਗਏ।[2]

<u>ਜਾਤੀ ਵੰਡ</u>

ਆਰੀਆ ਲੋਕਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਦੇ ਇਤਿਹਾਸ ਨੂੰ ਵਾਚਣ ਤੋਂ ਪਤਾ ਲਗਦਾ ਹੈ ਕਿ ਇਹ ਚਾਰ ਸ਼੍ਰੇਣੀਆਂ ਵਿਚ ਵੰਡੇ ਹੋਏ ਸਨ - ਯੋਧੇ, ਪੰਡਤ, ਕਿਸਾਨ ਅਤੇ ਕਲਾਕਾਰ। ਪਰ ਸੂਦਰ ਨਾਂ ਦੀ ਕੋਈ ਵੰਡ ਇਹਨਾਂ ਵਿਚ ਨਹੀਂ ਮਿਲਦੀ। ਜਦੋਂ ਆਰੀਆ ਲੋਕ ਭਾਰਤ ਦੀ ਧਰਤੀ ਤੇ ਵਸ ਗਏ ਤਾਂ ਵੀ ਇਤਿਹਾਸ ਦਸਦਾ ਹੈ ਕਿ ਦੋ ਪ੍ਰਕਾਰ ਦੀ ਵੰਡ ਮਿਲਦੀ ਸੀ; ਇਕ ਆਰੀਆ ਜੋ ਗੋਰੇ ਰੰਗ ਦੇ ਸਨ ਅਤੇ ਦੂਜੇ ਦਾਸੂ ਜੋ ਆਦਿ ਵਾਸੀ ਸਨ ਅਤੇ ਕਾਲੇ ਰੰਗ ਦੇ ਸਨ। ਰਿਗ ਵੇਦ ਵਿਚ ਇਹ ਵੀ ਹਵਾਲਾ ਮਿਲਦਾ ਹੈ ਕਿ ਇੰਦਰ ਨੇ ਆਰੀਆ ਦੀ ਰੱਖਿਆ ਦਾਸਾਂ ਨੂੰ ਮਾਰ ਕੇ ਕੀਤੀ। ਆਰੀਆ ਲੋਕਾਂ ਦੇ ਨੈਣ ਨਕਸ਼ਾਂ ਵਿਚ ਦਾਸੂ ਲੋਕਾਂ ਨਾਲੋਂ ਫਰਕ ਸੀ। ਦਾਸੂ ਲੋਕਾਂ ਦੇ ਨੱਕ ਚਪਟੇ ਸਨ। ਉਨ੍ਹਾਂ ਦਾ ਧਰਮ ਵੀ ਇਕ ਦੂਜੇ ਨਾਲੋਂ ਫਰਕ ਸੀ। ਦਾਸੂ ਲੋਕ ਸ਼ਿਵਲਿੰਗ ਦੀ ਪੂਜਾ ਕਰਦੇ ਸਨ ਪਰ ਆਰੀਆ ਲੋਕ ਅਗਨੀ ਦੇ ਪੁਜਾਰੀ ਸਨ ਅਤੇ ਬਲੀ ਦੇਣ ਵਿਚ ਵਿਸ਼ਵਾਸ ਰਖਦੇ ਸਨ, ਜਿਸ ਤੋਂ ਦਾਸੂ ਲੋਕ ਅਣਜਾਣ ਸਨ। ਆਰੀਆ ਲੋਕ ਦਾਸੂਆਂ ਨਾਲ ਬਹੁਤ ਦੇਰ ਤਕ ਲੜਦੇ ਰਹੇ ਪਰ ਸਮਾਂ ਪਾ ਕੇ ਉਹ ਆਪਸ ਵਿਚ ਮੇਲ ਮਿਲਾਪ ਵੀ ਰਖਣ ਲਗ ਪਏ। ਭਾਵੇਂ ਆਰੀਆ ਲੋਕ ਦਾਸੂ ਇਸਤ੍ਰੀਆਂ ਨਾਲ ਸ਼ਾਦੀ ਨਹੀਂ ਸਨ ਕਰਾਉਂਦੇ ਪਰ ਉਨ੍ਹਾਂ ਨੂੰ ਰਖੇਲ ਦੇ ਤੌਰ ਤੇ ਰਖਣ ਲਗ ਪਏ ਸਨ।

ਹੌਲੀ ਹੌਲੀ ਆਰੀਆ ਲੋਕਾਂ ਵਿਚ ਜਾਤਾਂ ਬਣਨ ਲਗ ਪਈਆਂ। ਖੇਤੀ ਬਾੜੀ ਅਤੇ ਪਸ਼ੂ ਪਾਲਣਾ ਇਨ੍ਹਾਂ ਦੇ ਮੁੱਖ ਕਿੱਤੇ ਸਨ। ਰਿਗ ਵੇਦ ਦੇ ਮੁਤਾਬਕ ਇਨ੍ਹਾਂ ਤੋਂ ਇਲਾਵਾ ਯੋਧੇ, ਬ੍ਰਾਹਮਣ

---

1. Taittarya Samhita, VI 5.8.2. Quoted in Cultural Heritage of India, Vol. I, p.223.
2. Maitrayani Samhita, IV.7.4, Quoted in Cultural Heritage of India, Vol. I, p.223.

ਲੋਹਾਰ, ਤਰਖਾਣ, ਸੁਨਿਆਰ, ਹਕੀਮ, ਜੁਲਾਹੇ, ਪੱਥਰ-ਘਾੜੇ, ਚਮੜਾ ਰੰਗਣ ਅਤੇ ਟੋਕਰੀਆਂ ਬਣਾਉਣ ਵਾਲੇ ਵੀ ਵੈਦਿਕ ਕਾਲ ਦੇ ਸਮਾਜ ਵਿਚ ਮਿਲਦੇ ਸਨ। ਕਿੱਤੇ ਜੱਦੀ ਨਹੀਂ ਸਨ ਹੁੰਦੇ, ਜਿਹਾ ਕਿ ਇਕ ਰਿਸ਼ੀ ਦੇ ਕਹਿਣ ਅਨੁਸਾਰ ਉਹ ਖੁਦ ਇਕ ਕਵੀ ਹੈ, ਉਸਦਾ ਪਿਤਾ ਹਕੀਮ ਸੀ ਅਤੇ ਮਾਤਾ ਪੱਥਰ-ਘਾੜਾ ਸੀ। ਇਸ ਲਈ ਸਚਾਈ ਇਹ ਹੈ ਕਿ ਰਿਗ ਵੈਦਿਕ ਕਾਲ ਵਿਚ ਇਨ੍ਹਾਂ ਜਾਤਾਂ ਦੀ ਹੋਂਦ ਮੌਜੂਦ ਸੀ ਪਰ ਪੱਕੇ ਤੌਰ ਤੇ ਜਾਤਾਂ ਦੀ ਵੰਡ ਨਹੀਂ ਸੀ ਹੋਈ।

<u>ਪਹਿਰਾਵਾ ਤੇ ਗਹਿਣੇ</u>

ਵੱਖ ਵੱਖ ਰੰਗਾਂ ਦੇ ਕਪੜੇ, ਰੂੰ, ਹਿਰਨ ਦੀ ਖੱਲ ਅਤੇ ਊਨ ਤੋਂ ਬਣਾਏ ਜਾਂਦੇ ਸਨ। ਪੁਸ਼ਾਕ ਦੇ ਤਿੰਨ ਹਿੱਸੇ ਹੁੰਦੇ ਸਨ- ਇਕ ਥੱਲੇ ਪਾਣ ਵਾਲਾ, ਜਿਸ ਨੂੰ 'ਨਿਵੀ' ਕਹਿੰਦੇ ਸਨ, ਇਕ ਕਪੜਾ ਜਿਸ ਨੂੰ 'ਵਾਸ' ਕਿਹਾ ਜਾਂਦਾ ਸੀ। ਇਕ ਚੋਗਾ ਜਿਸ ਨੂੰ ਅਧਿਵਾਸ, ਅਟਕਾ ਜਾਂ ਦਰੋਪੀ ਕਿਹਾ ਜਾਂਦਾ ਸੀ। ਆਮ ਤੌਰ ਤੇ ਕਪੜਿਆਂ ਉੱਤੇ ਤਿੱਲੇ ਦਾ ਕੰਮ ਹੁੰਦਾ ਸੀ। ਲੋਕੀ ਸੋਨੇ ਤੇ ਫੁੱਲਾਂ ਦੇ ਗਹਿਣੇ ਆਮ ਪਹਿਨਦੇ ਸਨ। ਆਦਮੀ ਅਤੇ ਇਸਤ੍ਰੀਆਂ ਦੋਨੋਂ ਹੀ ਪਗੜੀ ਬੰਨਦੇ ਸਨ। ਵਾਲ ਲੰਬੇ ਅਤੇ ਕੰਘੀ ਕਰਕੇ ਰੱਖੇ ਜਾਂਦੇ ਸਨ। ਇਸਤ੍ਰੀਆਂ ਵਾਲਾਂ ਦਾ ਜੂੜਾ ਬਣਾਉਂਦੀਆਂ ਸਨ। ਕਪੜਿਆਂ ਤੇ ਅਤੇ ਜਿਸਮ ਤੇ ਸੁਗੰਧੀ ਲਗਾਈ ਜਾਂਦੀ ਸੀ। ਅੱਖਾਂ ਵਿਚ ਕੱਜਲ ਵੀ ਪਾਇਆ ਜਾਂਦਾ ਸੀ। ਹੋਠਾਂ ਤੇ ਸੁਰਖੀ ਵੀ ਲਗਾਈ ਜਾਂਦੀ ਸੀ। ਜੇ ਪੁਰਾਣੇ ਬੁੱਤਾਂ ਨੂੰ ਧਿਆਨ ਨਾਲ ਵੇਖੀਏ ਤਾਂ ਗਹਿਣਿਆਂ ਵਿਚ ਕਈ ਪ੍ਰਕਾਰ ਦੀ ਭਿੰਨਤਾ ਮਿਲਦੀ ਹੈ। ਇਸਤ੍ਰੀਆਂ ਵਾਲਾਂ ਵਿਚ ਮੋਤੀਆਂ ਦੀਆਂ ਲੜੀਆਂ ਗੁੰਦਦੀਆਂ ਸਨ, ਮੱਥੇ ਤੇ ਟਿੱਕਾ, ਕੰਨਾਂ ਵਿਚ ਬੁੰਦੇ, ਗਲ ਵਿਚ ਨੈਕਲਸ, ਬਾਹਾਂ ਵਿਚ ਵੰਗਾਂ, ਕਮਰਬੰਦ ਤੇ ਪੰਜੇਬਾਂ ਅਤੇ ਮੁੰਦਰੀਆਂ ਵੀ ਹੁੰਦੀਆਂ ਸਨ। ਸੋਨੇ ਅਤੇ ਚਾਂਦੀ ਦੇ ਬਣੇ ਹੋਏ ਗਹਿਣਿਆਂ ਵਿਚ ਕੀਮਤੀ ਪੱਥਰ ਵੀ ਲੱਗੇ ਹੁੰਦੇ ਸਨ। ਇਹ ਇਸ ਗੱਲ ਦੀ ਸੂਚਕ ਹੈ ਕਿ ਉਸ ਸਮੇਂ ਦੇ ਲੋਕ ਬੜਾ ਖੁਸ਼ਹਾਲ ਜੀਵਨ ਬਿਤਾਉਂਦੇ ਸਨ।

<u>ਖੁਰਾਕ</u>

ਵੈਦਿਕ ਕਾਲ ਵਿਚ ਉਸ ਸਮੇਂ ਦੇ ਲੋਕਾਂ ਦੀ ਖਾਸ ਖੁਰਾਕ ਕਣਕ ਅਤੇ ਜੌਂ ਹੀ ਸਨ। ਦੁੱਧ, ਦਹੀਂ ਅਤੇ ਮੱਖਣ ਆਮ ਵਰਤੇ ਜਾਂਦੇ ਸਨ। ਕਈ ਪ੍ਰਕਾਰ ਦੀਆਂ ਸਬਜ਼ੀਆਂ ਅਤੇ ਫਲ ਵੀ ਖਾਧੇ ਜਾਂਦੇ ਸਨ। ਉਹ ਲੋਕ ਮਾਸ ਵੀ ਖਾਂਦੇ ਸਨ ਪਰ ਖਾਸ ਸਮਿਆਂ ਸਮੇਂ ਜਾਂ ਵਿਆਹ ਸ਼ਾਦੀਆਂ ਤੇ ਗਾਂ ਦਾ ਮਾਸ ਵਿਵਰਜਿਤ ਸੀ ਪਰ ਗਊ-ਹੱਤਿਆ ਬਾਰੇ ਜ਼ਿਕਰ ਕਈ ਸਲੋਕਾਂ ਵਿਚ ਮਿਲਦਾ ਹੈ। ਪੀਣ ਲਈ ਪਾਣੀ, ਨਦੀਆਂ ਚਸ਼ਮਿਆਂ ਅਤੇ ਖੂਹਾਂ ਤੋਂ ਲਿਆ ਜਾਂਦਾ ਸੀ। ਖੂਹਾਂ ਤੋਂ ਪਾਣੀ ਪੱਥਰ ਦੀ ਚਰਖੜੀ ਅਤੇ ਰੱਸੀ ਦੀ ਮਦਦ ਨਾਲ ਕੱਢਿਆ ਜਾਂਦਾ ਸੀ। ਬਾਲਟੀਆਂ ਲੱਕੜ ਦੀਆਂ ਹੁੰਦੀਆਂ ਸਨ। ਆਮ ਮੌਕਿਆਂ ਤੇ ਆਮ ਘੜੀਆਂ ਸ਼ਰਾਬ ਪੀਤੀ ਜਾਂਦੀ

ਸੀ ਪਰ ਧਾਰਮਿਕ ਸਮਾਗਮਾਂ ਅਤੇ ਬਲੀਦਾਨ ਸਮੇਂ ਸੋਮ ਰਸ ਖੁੱਲ੍ਹਾ ਵਰਤਾਇਆ ਜਾਂਦਾ ਸੀ। ਸ਼ਰਾਬ ਪੀਣ ਦੀ ਆਦਤ ਨੂੰ ਵੇਦ ਮੰਤਰਾਂ ਵਿਚ ਮਾੜੀ ਦੱਸਿਆ ਤੇ ਬਹੁਤ ਬੁਰਾ ਵੀ ਕਿਹਾ ਗਿਆ ਹੈ।[1]

<u>ਮਨ ਪਰਚਾਵਾ</u>

ਵੈਦਿਕ-ਕਾਲ ਦੇ ਲੋਕਾਂ ਦਾ ਆਮ ਮਨ ਪਰਚਾਵਾ ਜੂਆ ਖੇਡਣਾ ਸੀ। ਕੁਝ ਉੱਪਰਲੀ ਪੱਧਰ ਦੇ ਲੋਕਾਂ ਲਈ ਘੋੜ-ਦੌੜ, ਰੱਥ ਦੌੜ ਅਤੇ ਸ਼ਿਕਾਰ ਖੇਡਣਾ ਵਿਹਲੇ ਸਮੇਂ ਦੇ ਖ਼ਾਸ ਸ਼ੁਗਲ ਸਨ। ਇਨ੍ਹਾਂ ਤੋਂ ਇਲਾਵਾ ਨਾਚ, ਗਾਣਾ, ਮੁੱਕਾ ਬਾਜ਼ੀ, ਢੋਲਕ ਦੀ ਤਾਲ ਅਤੇ ਬੰਸਰੀ ਦੀ ਸੁਰ ਦੇ ਨਾਲ ਕੀਤੇ ਜਾਂਦੇ ਸਨ। ਰਿਗ ਵੇਦ ਵਿਚ ਤਿੰਨ ਤਰ੍ਹਾਂ ਦੇ ਸੰਗੀਤਕ ਸਾਜ਼ਾਂ ਦਾ ਜ਼ਿਕਰ ਆਉਂਦਾ ਹੈ; ਚੋਟ ਮਾਰ ਕੇ ਵਜਾਉਣ ਵਾਲਾ, ਜਿਵੇਂ ਕਿ ਢੋਲਕ ਤੇ ਤਬਲਾ ਆਦਿ, ਤਾਰਾਂ ਵਾਲਾ ਅਤੇ ਹਵਾ ਵਾਲਾ। ਰਿਗ ਵੈਦਿਕ ਕਾਲ ਦੇ ਕਵੱਈਏ ਜੀਵਨ ਦੇ ਅਨੰਦ ਜਾਂ ਖੁਸ਼ੀਆਂ ਨੂੰ ਹੀ ਆਪਣੇ ਗੀਤਾਂ ਦਾ ਵਿਸ਼ਾ ਬਣਾਉਂਦੇ ਸਨ। ਉਹ ਜ਼ਿੰਦਗੀ ਨੂੰ ਦੁੱਖਾਂ ਦਾ ਘਰ ਨਹੀਂ ਬਣਾਉਣਾ ਚਾਹੁੰਦੇ ਸਨ।

<u>ਸਦਾਚਾਰ</u>

ਸਾਦਾ ਅਤੇ ਪਵਿੱਤਰ ਜੀਵਨ ਜੀਉਣਾ ਲੋਕਾਂ ਦਾ ਉਦੇਸ਼ ਹੁੰਦਾ ਸੀ। ਚੋਰੀ ਅਤੇ ਹੋਰ ਮਾੜੇ ਕੰਮ ਬਹੁਤ ਘੱਟ ਸੁਣੇ ਜਾਂਦੇ ਸਨ। ਲੋਕਾਂ ਦਾ ਜੀਵਨ ਸੰਤੁਸ਼ਟੀ ਭਰਿਆ ਸੀ। ਅਤਿਥੀ-ਸੇਵਾ ਬੜੇ ਪਿਆਰ ਨਾਲ ਕੀਤੀ ਜਾਂਦੀ ਸੀ। ਘਰ ਆਏ ਮਹਿਮਾਨ ਨੂੰ ਵੱਧ ਤੋਂ ਵੱਧ ਸਤਿਕਾਰ ਅਤੇ ਮਾਣ ਦਿੱਤਾ ਜਾਂਦਾ ਸੀ। ਸੱਚ ਬੋਲਣਾ ਧਰਮ ਅਤੇ ਝੂਠ ਬੋਲਣਾ ਪਾਪ ਮੰਨਿਆ ਜਾਂਦਾ ਸੀ। ਕਿਸੇ ਦਾ ਦਿਲ ਦੁਖਾਣਾ, ਅਪਹਰਨ ਅਤੇ ਬਦਕਾਰੀ ਕਰਨਾ ਬਹੁਤ ਹੀ ਬੁਰਾ ਸਮਝਿਆ ਜਾਂਦਾ ਸੀ। ਲੋਕੀ ਆਪਸ ਵਿਚ ਬੜੇ ਪਿਆਰ ਅਤੇ ਮਿਲਵਰਤਨ ਨਾਲ ਰਹਿੰਦੇ ਸਨ। ਵੱਡਿਆਂ ਦੀ ਸੇਵਾ ਅਤੇ ਮਾਣ ਕਰਨਾ ਉੱਤਮ ਮੰਨਿਆ ਜਾਂਦਾ ਸੀ।

<u>ਵਿਦਿਆ</u>

ਵੈਦਿਕ-ਕਾਲ ਦੀ ਵਿਦਿਆ ਪ੍ਰਣਾਲੀ ਬਾਰੇ ਸਾਨੂੰ ਠੋਸ ਤੱਥ ਤਾਂ ਨਹੀਂ ਮਿਲਦੇ ਪਰ ਇਹ ਗੱਲ ਪੱਕੀ ਹੈ ਕਿ ਉਸ ਸਮੇਂ ਦੇ ਲੋਕ ਚੰਗੇ ਪੜ੍ਹੇ ਲਿਖੇ ਹੋਣਗੇ। ਇਸ ਗੱਲ ਦਾ ਸਬੂਤ ਸਾਡੇ ਪਾਸ ਵੇਦ ਹਨ ਜਿਨ੍ਹਾਂ ਵਿਚ ਮਹਾਨ ਗਿਆਨ ਭਰਿਆ ਪਿਆ ਹੈ।[2]

---

1. B.N.Luniya, Evolution of Indian Culture, p.47.
2. M.L.Bhagi, Ancient India Culture and Thought, p.27.

ਰਿਸ਼ੀ ਮੁਨੀ ਜਿਨ੍ਹਾਂ ਨੇ ਘੋਰ ਤਪੱਸਿਆ ਰਾਹੀਂ ਗਿਆਨ ਪ੍ਰਾਪਤ ਕੀਤਾ ਹੁੰਦਾ ਸੀ ਉਹ ਹੀ ਉਸਤਾਦ ਅਥਵਾ ਗੁਰੂ ਹੁੰਦੇ ਸਨ। ਸ਼ਾਂਤ ਤੇ ਸ਼ੁਧ ਵਾਤਾਵਰਨ ਵਿਚ ਸ਼ਹਿਰੋਂ ਬਾਹਰ ਗੁਰੂ ਕੁਲ ਵਿਚ ਵਿਦਿਆਰਥੀਆਂ ਨੂੰ ਵਿਦਿਆ ਪ੍ਰਾਪਤੀ ਲਈ ਇਨ੍ਹਾਂ ਕੋਲ ਭੇਜਿਆ ਜਾਂਦਾ ਸੀ। ਰਿਵਾਜ ਅਨੁਸਾਰ ਉਸ ਸਮੇਂ ਬੱਚੇ ਲਈ 'ਉਪਨੈਨ'' ਦੀ ਰਸਮ ਕਰਕੇ ਗੁਰੂ ਦੇ ਦੁਆਰ ਭੇਜਿਆ ਜਾਂਦਾ ਸੀ।

ਵਿਦਿਆ ਲਿਖਤੀ ਰੂਪ ਵਿਚ ਨਹੀਂ ਸੀ ਹੁੰਦੀ। ਗੁਰੂ ਆਪਣੇ ਚੇਲਿਆਂ ਨੂੰ ਆਲੇ ਦੁਆਲੇ ਬਿਠਾਕੇ ਜ਼ਬਾਨੀ ਹੀ ਪੜ੍ਹਾਉਂਦਾ ਸੀ ਅਤੇ ਸ਼ਿਸ਼ ਗੁਰੂ ਦੇ ਬੋਲੇ ਹੋਏ ਮੰਤ੍ਰ ਨੂੰ ਉਸੇ ਸੁਰ ਵਿਚ ਪਿਛੇ ਦੁਹਰਾਉਂਦੇ ਸਨ। ਇਸ ਤਰ੍ਹਾਂ ਉਹ ਮੰਤਰ ਉਨ੍ਹਾਂ ਨੂੰ ਕੰਠ ਹੋ ਜਾਂਦੇ ਸਨ।

ਵਿਦਿਆ ਦਾ ਮੰਤਵ ਜੀਵਨ ਦੀ ਪਵਿੱਤ੍ਰਤਾ ਅਤੇ ਆਚਰਨ ਉਸਾਰੀ ਹੁੰਦਾ ਸੀ, ਜੋ ਧਾਰਮਕ ਲੀਹਾਂ ਤੇ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਸ਼ਖਸੀਅਤ ਦੀ ਬਹੁ ਪੱਖੀ ਉਸਾਰੀ ਤੇ ਜ਼ੋਰ ਦਿੱਤਾ ਜਾਂਦਾ ਸੀ। ਗਾਇਤ੍ਰੀ ਦੇ ਮੰਤਰਾਂ ਦਾ ਉਚਾਰਨ ਪ੍ਰਾਰਥਨਾ ਦੇ ਰੂਪ ਵਿਚ ਹੁੰਦਾ ਸੀ। ਸੋ ਰਿਗ ਵੈਦਿਕ ਸਭਿਆਚਾਰ ਵਿਚ ਸੰਸਾਰਕ ਅਤੇ ਰੂਹਾਨੀ ਗਿਆਨ ਦੀ ਪ੍ਰਾਪਤੀ ਮਨੁੱਖ ਦੀ ਚਾਹਨਾ ਹੁੰਦੀ ਸੀ।

ਵੈਦਿਕ ਸਾਹਿੱਤ ਪੜ੍ਹਾਈ ਦਾ ਵਿਸ਼ਾ ਹੁੰਦਾ ਸੀ। ਬਲੀਦਾਨ ਲਈ ਪੂਜਾ ਸਥਾਨ ਬਣਾਉਣ ਲਈ ਰੇਖਾ ਗਣਿਤ ਦਾ ਗਿਆਨ ਜ਼ਰੂਰੀ ਹੁੰਦਾ ਸੀ ਅਤੇ ਯਗ ਦੀ ਪੂਰਤੀ ਲਈ ਵੀ ਟ੍ਰੇਨਿੰਗ ਦਿੱਤੀ ਜਾਂਦੀ ਸੀ। ਵੱਖ ਵੱਖ ਕਿੱਤਿਆਂ ਵਿਚ ਪੈਣ ਲਈ ਜਿਹਾ ਕਿ ਖੇਤੀਬਾੜੀ, ਸੈਨਿਕ ਅਤੇ ਦਸਤਕਾਰੀ ਆਦਿ ਬਾਰੇ ਮੰਤਰ ਰਟਾਏ ਜਾਂਦੇ ਸਨ।

ਜਿਵੇਂ ਕਿ ਲੜਕਿਆਂ ਲਈ ਵਿਦਿਆ ਪ੍ਰਾਪਤੀ ਜ਼ਰੂਰੀ ਸੀ ਉਸੇ ਤਰ੍ਹਾਂ ਲੜਕੀਆਂ ਲਈ ਵੀ ਚੰਗਾ ਅਤੇ ਯੋਗ ਵਰ ਪ੍ਰਾਪਤ ਕਰਨ ਲਈ ਵਿਦਿਆ ਪ੍ਰਾਪਤ ਕਰਨਾ ਜ਼ਰੂਰੀ ਸੀ। ਲੜਕੀਆਂ ਦੀ ਵਿਦਿਆ ਆਮ ਤੌਰ ਤੇ ਘਰਾਂ ਵਿਚ ਹੀ ਹੁੰਦੀ ਸੀ। ਭਾਰਤ ਨੂੰ ਇਸ ਗੱਲ ਤੇ ਮਾਣ ਹੈ ਕਿ ਵੈਦਿਕ ਕਾਲ ਵਿਚ ਉਸ ਨੇ ਮਹਾਨ ਇਸਤ੍ਰੀ ਵਿਦਵਾਨ ਪੈਦਾ ਕੀਤੇ ਹਨ। ਉਸ ਸਮੇਂ ਵਿਚ ਸਾਰੇ ਸੰਸਾਰ ਵਿਚ ਭਾਰਤੀ ਇਸਤ੍ਰੀ ਦੇ ਪੱਧਰ ਤੇ ਹੋਰ ਕਿਸੇ ਦੇਸ਼ ਦੀ ਇਸਤ੍ਰੀ ਨਹੀਂ ਸੀ। ਵੈਦਿਕ ਕਾਲ ਦੀਆਂ ਵਿਦਵਾਨ ਇਸਤ੍ਰੀਆਂ ਦੇ ਲਿਖੇ ਮੰਤਰ ਵੇਦਾਂ ਵਿਚ ਸ਼ਾਮਲ ਸਨ।

ਲੜਕੀਆਂ ਨਾਚ, ਗਾਣਾ ਅਤੇ ਹੋਰ ਕੋਮਲ ਕਲਾਵਾਂ ਵੀ ਸਿਖਦੀਆਂ ਹੁੰਦੀਆਂ ਸਨ ਅਤੇ ਘਰ ਦੇ ਅਤੇ ਬਾਹਰ ਦੇ ਸਾਰੇ ਕੰਮਾਂ ਦੀ ਵੀ ਸਿੱਖਿਆ ਪ੍ਰਾਪਤ ਕਰਦੀਆਂ ਸਨ। ਜੇ ਚਾਹੁਣ ਤਾਂ ਸ਼ਸਤਰ ਵਿਦਿਆ ਵੀ ਸਿਖਾਈ ਜਾਂਦੀ ਸੀ। ਵਾਧਰੀਮਤੀ ਅਤੇ ਵਿਸ਼ਪਾਲਾ ਲੜਾਈ ਦੇ ਮੈਦਾਨ ਵਿਚ ਲੜੀਆਂ ਵੀ ਸਨ ਅਤੇ ਰਿਗ ਵੇਦ ਵਿਚ ਮੁਦ-ਗਾਲਿਨੀ ਦਾ ਜ਼ਿਕਰ ਆਉਂਦਾ ਹੈ ਜੋ ਦੁਸ਼ਮਣਾਂ ਨੂੰ ਪਛਾੜਦੀ ਹੋਈ ਆਪਣੇ ਪਤੀ ਨੂੰ ਰਥ ਵਿਚ ਬਿਠਾਕੇ ਲੜਾਈ ਦੇ ਮੈਦਾਨ ਵਿਚ ਲੈ ਗਈ ਸੀ।

ਆਰਥਿਕ ਅਵਸਥਾ

ਖੇਤੀਬਾੜੀ ਅਤੇ ਪਸ਼ੂ ਪਾਲਣਾ ਵੈਦਿਕ-ਕਾਲ ਦੇ ਸਮਾਜ ਵਿਚ ਲੋਕਾਂ ਦਾ ਮੁੱਖ ਧੰਦਾ ਸੀ। ਪਸ਼ੂ ਪਾਲਣ ਨੂੰ ਵਧੇਰੇ ਮਹੱਤਤਾ ਦਿੱਤੀ ਜਾਂਦੀ ਸੀ। ਅਥਰਵ ਵੇਦ ਦੇ ਇਕ ਸਲੋਕ ਵਿਚ ਲਿਖਿਆ ਹੈ ਕਿ ਜਿਹੜਾ ਗਊਆਂ ਨਹੀਂ ਰਖਦਾ ਉਹ ਬਦਕਿਸਮਤ ਹੈ। ਇਸ ਦਾ ਭਾਵ ਇਹ ਹੋਇਆ ਕਿ ਗਊਆਂ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਪਵਿੱਤਰ ਮੰਨਿਆ ਜਾਂਦਾ ਸੀ। ਆਰੀਆ ਲੋਕਾਂ ਦੀ ਖੁਸ਼ਹਾਲੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾਂਦਾ ਸੀ ਕਿ ਉਨ੍ਹਾਂ ਪਾਸ ਕਿਤਨੇ ਕੁ ਪਸ਼ੂ ਸਨ। ਗਊਆਂ ਤੋਂ ਇਲਾਵਾ ਘੋੜਾ, ਬਲਦ, ਕੁੱਤਾ, ਬੱਕਰੀਆਂ ਤੇ ਭੇਡਾਂ ਪਾਲੀਆਂ ਜਾਂਦੀਆਂ ਸਨ। ਪਿਛਲੇਰੇ ਵੈਦਿਕ ਕਾਲ ਵਿਚ ਹਾਥੀ ਵੀ ਪਾਲੇ ਜਾਣ ਲਗ ਪਏ ਸਨ, ਪਰ ਅਜੇ ਲੜਾਈ ਦੇ ਵਿਚ ਇਨ੍ਹਾਂ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ।

ਖੇਤੀਬਾੜੀ

ਖੇਤੀਬਾੜੀ ਲੋਕਾਂ ਦਾ ਮੁੱਖ ਧੰਦਾ ਸੀ ਅਤੇ ਆਰਥਕ ਹਾਲਤ ਇਸੇ ਤੇ ਨਿਰਭਰ ਸੀ। ਇਹ ਧੰਦਾ ਬੜਾ ਇੱਜ਼ਤਦਾਰ ਮੰਨਿਆ ਜਾਂਦਾ ਸੀ ਅਤੇ ਮਾੜੇ ਲੋਕਾਂ ਜਿਹਾ ਕਿ ਜੁਆਰੀਆਂ ਨੂੰ ਵੀ ਇਹੀ ਧੰਦਾ ਅਪਣਾਉਣ ਦੀ ਸਲਾਹ ਦਿੱਤੀ ਜਾਂਦੀ ਸੀ ਤਾਂ ਜੋ ਉਹ ਆਪਣੀ ਹਾਲਤ ਨੂੰ ਸੁਧਾਰ ਕੇ ਚੰਗੇ ਲੋਕ ਬਣ ਸਕਣ। ਫ਼ਸਲਾਂ ਦੀ ਸਿੰਚਾਈ ਲਈ ਉਸ ਸਮੇਂ ਵੀ ਨਹਿਰਾਂ ਪੁੱਟੀਆਂ ਜਾਂਦੀਆਂ ਸਨ। ਖੇਤੀਬਾੜੀ ਲਈ ਹੱਲ ਦੀ ਵਰਤੋਂ ਹੁੰਦੀ ਸੀ ਅਤੇ ਹਲ ਦੀ ਤਰ੍ਹਾਂ ਹੀ ਕੁਰੀਆਂ ਬਣਾ ਕੇ ਤੇ ਫਿਰ ਕਟਾਈ ਹੁੰਦੀ ਸੀ। ਖੇਤੀਬਾੜੀ ਦੀ ਸਫਲਤਾ ਲਈ ਪ੍ਰਾਰਥਨਾਵਾਂ ਵੀ ਕੀਤੀਆਂ ਜਾਂਦੀਆਂ ਸਨ। ਮੁੱਖ ਫ਼ਸਲਾਂ ਕਣਕ, ਜੌਂ, ਰਵਾਂ ਅਤੇ ਕਿਨਾਂ ਦੀਆਂ ਹੁੰਦੀਆਂ ਸਨ। ਮਹਾਨ ਵਿਦਵਾਨ ਅਪਾਲਾ ਵੀ ਆਪਣੀਆਂ ਰਚਨਾਵਾਂ ਵਿਚ ਆਪਣੇ ਪਿਤਾ ਦੇ ਖੇਤਾਂ ਦਾ ਜ਼ਿਕਰ ਕਰਦੀ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਵਿਅਕਤੀਗਤ ਖੇਤੀ ਵੀ ਉਨ੍ਹਾਂ ਦਿਨਾਂ ਵਿਚ ਪ੍ਰਚਲਤ ਸੀ ਪਰ ਤੋਹਫ਼ੇ ਦੇ ਤੌਰ ਤੇ ਆਪਣੀ ਮਰਜ਼ੀ ਮੁਤਾਬਕ ਜ਼ਮੀਨ ਦਾ ਟੁਕੜਾ ਕਿਸੇ ਦੂਸਰੇ ਦੇ ਨਾਮ ਨਹੀਂ ਸੀ ਕੀਤਾ ਜਾ ਸਕਦਾ।

ਵਪਾਰ

ਵੈਦਿਕ ਕਾਲ ਦੇ ਆਰੀਆ ਲੋਕ ਵਪਾਰ ਕਰਦੇ ਸਨ, ਪਰ ਇਸ ਵਿਚ ਬਹੁਤ ਘਟ ਰੁਚੀ ਰਖਦੇ ਸਨ। ਵਧੇਰੇ ਕਰਕੇ 'ਪਾਣੀ' ਲੋਕ ਹੀ ਵਪਾਰ ਕਰਦੇ ਸਨ ਅਤੇ ਆਰੀਆ ਲੋਕ ਇਨ੍ਹਾਂ ਨਾਲ ਸੌਦਾ ਵੀ ਕਰਦੇ ਸਨ। 'ਪਾਣੀ' ਲੋਕ ਆਮ ਕਰਕੇ ਕੰਜੂਸੀ ਲਈ ਮਸ਼ਹੂਰ ਸਨ। ਵਪਾਰ ਆਮ ਕਰਕੇ ਵੱਟੇ-ਸੱਟੇ ਦਾ ਹੁੰਦਾ ਸੀ। ਵਧੇਰੇ ਕਰਕੇ ਗਊ ਦੇ ਬਦਲੇ ਵਿਚ ਹੀ ਵਪਾਰ ਹੁੰਦਾ ਸੀ। ਸੋਨੇ ਦਾ 'ਨਿਸ਼ਕ' ਵੀ ਤਬਾਦਲੇ ਲਈ ਵਰਤਿਆ ਜਾਂਦਾ ਸੀ। ਪਰ ਉਸ ਸਮੇਂ ਚਾਂਦੀ ਬਾਰੇ ਕੋਈ ਵਾਕਫ਼ੀਅਤ ਨਹੀਂ ਮਿਲਦੀ ਅਤੇ ਨਾ ਹੀ ਚਾਂਦੀ ਅਤੇ ਤਾਂਬੇ ਦੇ ਕੋਈ ਸਿੱਕੇ ਮਿਲਦੇ ਸਨ ਅਤੇ ਨਾ ਹੀ ਇਨ੍ਹਾਂ ਦਾ ਕੋਈ ਜ਼ਿਕਰ ਵੇਦਾਂ ਵਿਚ ਮਿਲਦਾ ਹੈ। ਕਰਜ਼ੇ

ਵੀ ਉਨ੍ਹਾਂ ਦਿਨਾਂ ਵਿਚ ਲਏ ਅਤੇ ਦਿੱਤੇ ਜਾਂਦੇ ਸਨ ਅਤੇ ਜਿਹੜਾ ਕੋਈ ਕਰਜ਼ਾ ਨਹੀਂ ਉਤਾਰ ਸਕਦਾ ਸੀ ਉਸ ਨੂੰ ਗੁਲਾਮ ਬਣਨਾ ਪੈਂਦਾ ਸੀ।

## ਸ਼ਿਲਪਕਾਰੀ ਅਤੇ ਕਿੱਤੇ

ਰਿਗ ਵੇਦ ਵਿਚ ਬਹੁਤ ਸਾਰੇ ਕਿੱਤਿਆਂ ਦਾ ਜ਼ਿਕਰ ਆਉਂਦਾ ਹੈ। ਲੋਹਾਰ, ਸੁਨਿਆਰ, ਤਰਖਾਣ, ਜੁਲਾਹੇ, ਕੁਮਿਆਰ, ਹਕੀਮ, ਚਮੜਾ ਰੰਗਣ ਵਾਲੇ, ਅਨਾਜ ਪੀਹਣ ਵਾਲੇ, ਲੱਕੜਹਾਰੇ ਆਦਿ। ਜੁਲਾਹੇ ਉਂਨੀ ਅਤੇ ਸੂਤੀ ਕਪੜੇ ਬੁਣਦੇ ਸਨ। ਲੱਕੜਹਾਰੇ ਸਿਰਫ਼ ਰਥ, ਗੱਡੇ, ਘਰ ਅਤੇ ਕਿਸ਼ਤੀਆਂ ਹੀ ਨਹੀਂ ਸਨ ਬਣਾਉਂਦੇ ਸਗੋਂ ਲਕੜੀ ਉਤੇ ਖੁਦਾਈ ਦਾ ਕੰਮ ਵੀ ਕਰਦੇ ਸਨ। ਧਾਤ ਦੇ ਕੰਮ ਵਿਚ ਕਈ ਤਰ੍ਹਾਂ ਦੇ ਸ਼ਸਤਰ, ਸੰਦ ਅਤੇ ਜ਼ੇਵਰ ਬਣਾਏ ਜਾਂਦੇ ਸਨ,। ਧਾਤਾਂ ਵਿਚੋਂ ਸੋਨੇ ਅਤੇ 'ਆਇਸ' ਦੀ ਧਾਤ ਦਾ ਜ਼ਿਕਰ ਮਿਲਦਾ ਹੈ, ਪਰ ਪਤਾ ਨਹੀਂ ਲਗ ਸਕਿਆ ਕਿ ਇਹ ਧਾਤ ਕੀ ਚੀਜ਼ ਹੈ। ਕਈ ਵਿਦਵਾਨ ਇਸ ਨੂੰ ਤਾਂਬਾ ਜਾਂ ਪਿੱਤਲ ਮੰਨਦੇ ਸਨ। ਚਮੜਾ ਰੰਗਣ ਵਾਲੇ ਪਾਣੀ ਲਈ ਮਸ਼ਕਾਂ, ਚਾਬਕਾਂ, ਲਗਾਮਾਂ ਅਤੇ ਤੀਰਾਂ ਦੀਆਂ ਨੋਕਾਂ ਬਣਾਉਂਦੇ ਸਨ। ਕੱਤਣਾ ਅਤੇ ਬੁਣਨਾ ਮਰਦ ਅਤੇ ਇਸਤ੍ਰੀਆਂ ਦੋਵੇਂ ਕਰਦੇ ਸਨ। ਇਸਤ੍ਰੀਆਂ ਸਿਲਾਈ ਅਤੇ ਚਟਾਈਆਂ ਆਦਿ ਦੀ ਬੁਣਾਈ ਵਿਚ ਵੀ ਮਾਹਰ ਸਨ। ਇਨ੍ਹਾਂ ਕਿੱਤਿਆਂ ਵਾਲਿਆਂ ਨੂੰ ਨੀਵਾਂ ਨਹੀਂ ਸੀ ਸਮਝਿਆ ਜਾਂਦਾ ਜਿਹਾ ਕਿ ਪਿਛਲੇਰੇ ਵੈਦਿਕ ਕਾਲ ਵਿਚ ਹੋਣ ਲਗ ਪਿਆ ਸੀ।

ਪੰਡਤਾਂ ਅਤੇ ਸੈਨਿਕਾਂ ਦੇ ਕੰਮ ਨੂੰ ਬਹੁਤ ਉਚੋਂ ਮੰਨਿਆ ਜਾਂਦਾ ਸੀ। ਵੈਦਗੀ ਵੀ ਕੀਤੀ ਜਾਂਦੀ ਸੀ ਪਰ ਦਵਾਈਆਂ ਵਧੇਰੇ ਕਰਕੇ ਜੜੀਆਂ ਬੂਟੀਆਂ ਤੋਂ ਹੀ ਬਣਾਈਆਂ ਜਾਂਦੀਆਂ ਸਨ। ਅਥਰਵ ਵੇਦ ਵਿਚ ਬੁਖਾਰ, ਪੀਲੀਆ, ਟੀ.ਬੀ., ਖਾਂਸੀ, ਮਰੋੜ, ਅਲਸਰ, ਅੱਖਾਂ ਦੀਆਂ ਬੀਮਾਰੀਆਂ, ਗਰਭ ਪਾਤ, ਵਿਸ਼ਮ, ਮਾਹਵਾਰੀ ਆਦਿ ਦੇ ਰੋਗਾਂ ਦੇ ਇਲਾਜ ਦਾ ਜ਼ਿਕਰ ਆਉਂਦਾ ਹੈ। ਜਰਾਹੀ( surgery )ਦਾ ਹਵਾਲਾ ਵੀ ਮਿਲਦਾ ਹੈ।

## ਆਵਾਜਾਈ ਦੇ ਸਾਧਨ

ਧਰਤੀ ਤੇ ਆਮ ਆਵਾਜਾਈ ਦੇ ਮੁਖ ਸਾਧਨ ਰਥ, ਗੱਡੇ ਅਤੇ ਘੋੜੇ ਵਰਤੇ ਜਾਂਦੇ ਸਨ। ਬੇਸ਼ਕ ਉਨ੍ਹਾਂ ਸਮਿਆਂ ਵਿਚ ਸੰਘਣੇ ਜੰਗਲ ਹੁੰਦੇ ਸਨ ਅਤੇ ਚੋਰ ਡਾਕੂ ਵੀ ਹੁੰਦੇ ਸਨ ਪਰ ਆਵਾਜਾਈ ਆਮ ਸੀ। ਰਥਾਂ ਅੱਗੇ ਘੋੜੇ ਹੁੰਦੇ ਸਨ ਅਤੇ ਗੱਡਿਆਂ ਨੂੰ ਬਲਦ ਖਿੱਚਦੇ ਸਨ। ਸਮੁੰਦਰੀ ਆਵਾਜਾਈ ਬਾਰੇ ਵੱਖ ਵੱਖ ਵਿਚਾਰ ਮਿਲਦੇ ਹਨ। ਕੁਝ ਵਿਦਵਾਨ ਤਾਂ ਇਹ ਕਹਿੰਦੇ ਹਨ ਕਿ ਬੇੜੀਆਂ ਦੇ ਰਾਹੀਂ ਕੇਵਲ ਦਰਿਆ ਆਦਿ ਹੀ ਪਾਰ ਕੀਤੇ ਜਾਂਦੇ ਸਨ, ਪਰ ਇਹ ਜ਼ਿਕਰ ਵੀ ਮਿਲਦਾ ਹੈ ਕਿ ਸੌ ਚੱਪੂਆਂ ਨਾਲ ਚਲਣ ਵਾਲੇ ਜਹਾਜ਼ ਵੀ ਸਨ ਜੋ ਸਮੁੰਦਰ ਵਿਚ ਚਲਦੇ ਸਨ। ਸਮੁੰਦਰ ਰਾਹੀਂ ਦੂਸਰੇ ਦੇਸ਼ਾਂ ਨਾਲ ਵਪਾਰਕ ਸੰਬੰਧ ਵੀ ਸਨ।

<u>ਧਰਮ</u>

ਜੀਵਨ ਦੇ ਹੋਰ ਪੱਖਾਂ ਦੀ ਤਰ੍ਹਾਂ ਆਰੀਆ ਲੋਕਾਂ ਦਾ ਧਾਰਮਿਕ ਜੀਵਨ ਵੈਦਿਕ ਕਾਲ ਵਿਚ ਬੜਾ ਸਿੱਧਾ ਸਾਦਾ ਸੀ। ਉਹ ਕੁਦਰਤ ਦੀਆਂ ਬਹੁਤ ਸਾਰੀਆਂ ਸ਼ਕਤੀਆਂ ਜਿਹਾ ਕਿ ਵਰੁਣ, ਹਵਾ, ਪਾਣੀ, ਅਗਨੀ, ਬਿਜਲੀ, ਚੰਦ, ਸੂਰਜ, ਧਰਤੀ, ਊਸ਼ਾ ਆਦਿ ਦੀ ਪੂਜਾ ਕਰਦੇ ਸਨ। ਜਿਥੇ ਵੀ ਉਨ੍ਹਾਂ ਲੋਕ ਨੂੰ ਇਹ ਮਹਿਸੂਸ ਹੁੰਦਾ ਕਿ ਕੋਈ ਸ਼ਕਤੀ ਹੈ ਉਹ ਉਸ ਨੂੰ ਹੀ ਇਸ਼ਟ ਰੂਪ ਵਿਚ ਪੂਜਣ ਲਗ ਜਾਂਦੇ ਸਨ। ਯਾਸਕਾ ਦੇ ਮੁਤਾਬਕ ਰਿਗ ਵੈਦਿਕ ਕਾਲ ਵਿਚ ਲਗਭਗ 33 ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਸੀ।[1]

ਵਰੁਣ ਨੂੰ ਸਭ ਤੋਂ ਉਚੇ ਦੇਵਤਾ ਸਰਦਾਰੀ, ਸਦਾਚਾਰ ਆਦਿ ਦਾ ਨਿਗਰਾਨ ਮੰਨਿਆ ਗਿਆ ਹੈ। ਇਸ ਨੂੰ ਸਾਰੇ ਦੇਵਤਿਆਂ ਵਿਚੋਂ ਨੈਤਿਕ-ਗਵਰਨਰ ਕਿਹਾ ਜਾਂਦਾ ਸੀ। ਲੋਕੀ ਆਪਣੇ ਗੁਨਾਹਾਂ ਦੀ ਮੁਆਫ਼ੀ ਲਈ ਇਸੇ ਦੀ ਸ਼ਰਨ ਜਾਂਦੇ ਸਨ। ਇੰਦਰ ਦੇਵਤਾ ਵੀ ਉਸ ਸਮੇਂ ਲੋਕਾਂ ਦਾ ਹਰਮਨ ਪਿਆਰਾ ਦੇਵਤਾ ਸੀ। ਸਭ ਤੋਂ ਵਧੇਰੇ ਸ਼ਲੋਕ ਉਸ ਦੀ ਉਸਤਤ ਵਿਚ ਲਿਖੇ ਹੋਏ ਹਨ। ਰਿਗ ਵੇਦ ਸੰਹਿਤਾ ਦੇ ਲਗਭਗ ਇਕ ਚੁਥਾਈ ਸਲੋਕ ਇਸੇ ਦੀ ਉਸਤਤ ਵਿਚ ਹਨ। ਉਸ ਨੂੰ ਵਰਖਾ ਦਾ ਦੇਵਤਾ ਵੀ ਕਿਹਾ ਜਾਂਦਾ ਸੀ ਜੋ ਧਰਤੀ ਦੇ ਸੋਕੇ ਨੂੰ ਦੂਰ ਕਰਦਾ ਹੈ।

ਅਸਲ ਵਿਚ ਵੈਦਿਕ ਧਰਮ ਦਾ ਜ਼ਰੂਰੀ ਪੱਖ ਦੇਵਤਿਆਂ ਅਤੇ ਮਨੁੱਖਾਂ ਵਿਚ ਸਾਂਝ ਪੈਦਾ ਕਰਨਾ ਸੀ। ਵੇਦਾਂ ਅਨੁਸਾਰ ਦੇਵਤਿਆਂ ਦਾ ਜਨਮ ਵੀ ਮਨੁੱਖਾਂ ਦੀ ਤਰ੍ਹਾਂ ਹੀ ਹੋਇਆ ਹੈ ਅਤੇ ਕਈ ਦੇਵਤੇ ਤਾਂ ਵਿਕਾਸ ਦੇ ਪੜਾਅ ਪੂਰੇ ਕਰਦੇ ਮਨੁੱਖ ਤੋਂ ਦੇਵਤੇ ਬਣੇ ਹਨ ਜੋ ਮਨੁੱਖ ਤੇ ਦੇਵਤਿਆਂ ਦੀ ਸਾਂਝ ਦਾ ਇਕ ਹੋਰ ਕਾਰਣ ਵੀ ਹੈ।[2]

ਅਗਨੀ ਦੇਵਤਾ ਇੰਦਰ ਦੇਵਤੇ ਤੋਂ ਦੂਸਰੇ ਨੰਬਰ ਤੇ ਹੈ। ਇਹ ਬਲੀ ਦੀ ਅੱਗ ਦਾ ਮਨੁੱਖੀਕਰਣ ਹੈ। ਇਸ ਦੀ ਲੋਕੀਂ ਖਾਸ ਮਾਨਤਾ ਕਰਦੇ ਸਨ ਕਿਉਂਕਿ ਇਸ ਤੋਂ ਬਿਨਾਂ ਕੋਈ ਵੀ ਕੁਰਬਾਨੀ ਨਹੀਂ ਸੀ ਦਿੱਤੀ ਜਾ ਸਕਦੀ। ਸੂਰਜ ਦੇਵਤਾ ਦੀ ਵੀ ਕਈ ਰੂਪਾਂ ਵਿਚ ਪੂਜਾ ਕੀਤੀ ਜਾਂਦੀ ਸੀ।

ਉਸ ਸਮੇਂ ਪੁਰਖੀ ਰਾਜ ਪ੍ਰਚਲਤ ਸੀ। ਗ੍ਰਾਮ ਦੇ ਵਿਚ ਕੁਝ ਪਰਿਵਾਰ ਹੁੰਦੇ ਸਨ ਜਿਨ੍ਹਾਂ ਦਾ ਮੁਖੀ 'ਗ੍ਰਾਮਣੀ' ਹੁੰਦਾ ਸੀ। ਲੜਾਈ ਦੇ ਸਮੇਂ ਇਹ ਮੁਖੀਆ ਅੱਗੇ ਹੁੰਦਾ ਸੀ ਅਤੇ ਸਭਾ ਅਤੇ ਸਮਿਤੀ ਦੀਆਂ ਮੀਟਿੰਗਾਂ ਵਿਚ ਜਾਂਦਾ ਸੀ। 'ਵਿਸ਼' ਵਿਚ ਕੁਝ ਪਿੰਡ ਇਕੱਠੇ ਹੁੰਦੇ ਸਨ ਜਿਨ੍ਹਾਂ ਦਾ ਮੁਖੀ 'ਵਿਸ਼ਪਤੀ' ਹੁੰਦਾ ਸੀ ਜੋ ਮੁਖ ਸੈਨਾਪਤੀ ਵੀ ਹੁੰਦਾ ਸੀ। ਫਿਰ 'ਵਿਸ਼' ਕਬੀਲਿਆਂ ਵਿਚ ਵੰਡ ਗਏ। ਹਰੇਕ ਜਾਤੀ ਇਕ ਰਾਜੇ ਦੇ ਅਧੀਨ ਹੁੰਦੀ ਸੀ।

---

1. B.N.Luniya- Evolution of Indan Culture,p.52
2. Cultural Heritage of India,Vol.I,p.205.

ਰਾਜਿਆਂ ਦੇ ਮੂਲ ਬਾਰੇ ਰਿਗ ਵੇਦ ਵਿਚ ਕਈ ਸੰਕੇਤ ਮਿਲਦੇ ਹਨ। ਵੇਦ ਵਿਚ ਜ਼ਿਕਰ ਹੈ ਕਿ ਦੇਵਤੇ ਜਦੋਂ ਲਗਾਤਾਰ ਦੈਤਾਂ ਤੋਂ ਹਾਰਦੇ ਰਹੇ ਉਨ੍ਹਾਂ ਨੇ ਆਪਸ ਵਿਚ ਬੈਠ ਕੇ ਸਲਾਹ ਕੀਤੀ ਅਤੇ ਸੋਚਿਆ ਕਿ ਉਨ੍ਹਾਂ ਦੀ ਹਾਰ ਦਾ ਕਾਰਣ ਇਹ ਹੈ ਕਿ ਉਨ੍ਹਾਂ ਦਾ ਕੋਈ ਰਾਜਾ ਕੋਈ ਨਹੀਂ ਫਿਰ ਉਨ੍ਹਾਂ ਨੇ ਇੰਦਰ ਨੂੰ ਆਪਣਾ ਰਾਜਾ ਬਣਾਇਆ ਤਾਂ ਲੜਾਈ ਵਿਚ ਜਿੱਤ ਪ੍ਰਾਪਤ ਕੀਤੀ।[1]

ਇਸ ਤੋਂ ਪਤਾ ਲਗਦਾ ਹੈ ਕਿ ਰਾਜਾ ਸ਼ਾਹੀ ਆਰੰਭ ਹੋ ਗਈ ਸੀ। ਆਰੀਆ ਲੋਕਾਂ ਨੂੰ ਦਾਸਾਂ ਉਤੇ ਪੂਰਨ ਜਿੱਤ ਪ੍ਰਾਪਤ ਕਰਨ ਲਈ ਵੀ ਐਸੇ ਨੇਤਾ ਦੀ ਲੋੜ ਸੀ। ਇਨ੍ਹਾਂ ਹਾਲਤਾਂ ਕਰਕੇ ਬਾਦਸ਼ਾਹੀ ਜਾਂ ਰਾਜਾਸ਼ਾਹੀ ਦਾ ਜਨਮ ਹੋਇਆ। ਆਰੀਆ ਲੋਕਾਂ ਨੂੰ ਆਪਣੇ ਕੁਲਪਤੀ ਦੀ ਅਗਿਆ ਵਿਚ ਰਹਿਣ ਦੀ ਆਦਤ ਪਹਿਲਾਂ ਹੀ ਸੀ, ਇਸ ਕਰਕੇ ਬਾਦਸ਼ਾਹੀ ਵਿਚ ਕੋਈ ਦਿੱਕਤ ਨਾ ਆਈ। ਰਿਗ ਵੇਦ ਵਿਚ ਸਿੰਧ ਦੇ ਕਿਨਾਰੇ ਤੇ ਰਾਜੇ ਦੇ ਰਹਿਣ ਦਾ ਜ਼ਿਕਰ ਵੀ ਆਉਂਦਾ ਹੈ। ਇਹ ਵੀ ਪਤਾ ਲਗਦਾ ਹੈ ਕਿ ਸਰਸਵਤੀ ਦੇ ਕਿਨਾਰੇ ਤੇ ਰਾਜਾ ਵਿਤ੍ਰ ਅਤੇ ਹੋਰ ਪਤਵੰਤੇ ਰਹਿੰਦੇ ਹੁੰਦੇ ਸਨ। ਰਿਗ ਵੇਦ ਅਤੇ ਅਥਰਵ ਵੇਦ ਵਿਚ ਰਾਜਿਆਂ ਦੇ ਚੁਣੇ ਹੋਏ ਹੋਣ ਬਾਰੇ ਵੀ ਜ਼ਿਕਰ ਆਉਂਦਾ ਹੈ। ਅਥਰਵ ਵੇਦ ਵਿਚ ਉਲੇਖ ਹੈ ਕਿ 'ਅਸੀਂ ਤੈਨੂੰ ਚੁਣ ਲਿਆ ਹੈ ਹੁਣ ਤੂੰ ਦੁਸ਼ਮਣਾਂ ਦੀ ਲਲਕਾਰ ਦਾ ਮੁਕਾਬਲਾ ਕਰ'। ਹੌਲੀ ਹੌਲੀ ਬਾਦਸ਼ਾਹੀ ਵਿਰਸੇ ਵਿਚ ਮਿਲਣ ਲਗ ਪਈ।

ਪਹਿਲਾਂ ਰਾਜ ਸੀਮਾਂ ਕੋਈ ਵਧੇਰੇ ਨਹੀਂ ਸੀ ਹੁੰਦੀ, ਪਰ ਹੌਲੀ ਹੌਲੀ ਰਾਜ ਦੀਆਂ ਹੱਦਾਂ ਵਧਣ ਲਗ ਪਈਆਂ। ਪਹਿਲਾਂ ਜਦੋਂ ਰਾਜਾ ਚੁਣਿਆ ਹੋਇਆ ਹੁੰਦਾ ਸੀ ਤਾਂ ਰਾਜੇ ਦੇ ਅਧਿਕਾਰ ਬਹੁਤੇ ਨਹੀਂ ਹੁੰਦੇ ਸਨ। ਉਹ ਆਪਣੇ ਬਰਾਬਰ ਦਿਆਂ ਵਿਚੋਂ ਇਕ ਹੁੰਦਾ ਸੀ। ਗੱਦੀ ਦੀ ਬਖਸ਼ਿਸ਼ੀ ਨਿਸ਼ਚਤ ਨਹੀਂ ਸੀ। ਜੋ ਦਿੱਤਾ ਜਾਏ ਉਸ ਤੇ ਹੀ ਸੰਤੁਸ਼ਟ ਰਹਿਣਾ ਪੈਂਦਾ ਸੀ। ਹੌਲੀ ਹੌਲੀ ਉਸਦੇ ਅਧਿਕਾਰ ਵਧਦੇ ਗਏ ਅਤੇ ਉਹ ਇਕ ਵੱਡੇ ਰਾਜ ਦਾ ਰਾਜਾ ਬਣ ਗਿਆ। ਉਸ ਦੀਆਂ ਧਾਰਮਿਕ ਰੀਤਾਂ ਰਸਮਾਂ ਦੀ ਪੂਰਤੀ ਲਈ ਇਕ ਪ੍ਰੋਹਤ ਦਾ ਹੋਣਾ ਜ਼ਰੂਰੀ ਸੀ ਜਿਸ ਤੇ ਕਿਸੇ ਰਾਜੇ ਦੀ ਖੁਸ਼ਹਾਲੀ ਨਿਰਭਰ ਕਰਦੀ ਸੀ। ਪਰਜਾ ਦੇ ਸੁੱਖਾਂ ਲਈ ਉਸ ਨੂੰ ਸੌਂਹ ਵੀ ਚੁੱਕਣੀ ਪੈਂਦੀ ਸੀ ਕਿ ਜੇ ਮੈਂ ਤੁਹਾਡੇ ਹੱਕਾਂ ਦੇ ਖਿਲਾਫ਼ ਚੱਲਿਆ ਤਾਂ ਬੇਸ਼ਕ ਮੇਰੀ ਤੇ ਮੇਰੇ ਬੱਚਿਆਂ ਦੀ ਜ਼ਿੰਦਗੀ ਖ਼ਤਮ ਹੋ ਜਾਏ।[2] ਉਹ ਪਰਜਾ ਲਈ ਪਿਤਾ ਦੀ ਨਿਆਈਂ ਸੀ ਜਿਨ੍ਹਾਂ ਦੀ ਰੱਖਿਆ ਕਰਨੀ ਉਸ ਦਾ ਧਰਮ ਸੀ।

---

1. Cultural Heritage of India, V. I, p. 229.
2. B.N. Luniya, Evolution of Indian Culture, p. 44.

ਰਾਜ ਪ੍ਰਬੰਧ ਵਿਚ ਉਸਦੀ ਮਦਦ ਲਈ ਇਕ ਕੌਂਸਲ ਹੁੰਦੀ ਸੀ ਜਿਸ ਨੂੰ 'ਰਤਨੀ' ਕਿਹਾ ਜਾਂਦਾ ਸੀ। ਉਸ ਵਿਚ ਇਕ ਪ੍ਰੋਹਤ, ਇਕ ਸੈਨਾਪਤੀ, ਰਥਵਾਨ, ਖਜ਼ਾਨਚੀ, ਮਾਲ ਅਫ਼ਸਰ ਅਤੇ ਗ੍ਰਾਮਣੀ ਹੁੰਦਾ ਸੀ।

ਆਰੀਆ ਲੋਕ ਕੇਵਲ ਆਦਿ ਵਾਸੀਆਂ ਨਾਲ ਹੀ ਨਹੀਂ ਸਨ ਲੜੇ, ਸਗੋਂ ਉਹ ਕਈ ਵਾਰੀ ਆਪਸ ਵਿਚ ਵੀ ਲੜ ਪੈਂਦੇ ਸਨ। ਘੋੜੇ ਰਥਾਂ ਤੇ ਹੀ ਲੜਾਈ ਕਰਦੇ ਹੁੰਦੇ ਸਨ ਅਤੇ ਘੋੜੇ ਵੀ ਲੜਾਈ ਦੇ ਮੈਦਾਨ ਵਿਚ ਵਰਤੇ ਜਾਂਦੇ ਸਨ। ਲੜਾਈ ਵਿਚ ਤੀਰ ਕਮਾਨ, ਤਲਵਾਰ, ਢਾਲ, ਲੋਹੇ ਦੇ ਟੋਪ ਤੇ ਕਵਚ ਵੀ ਵਰਤੇ ਜਾਂਦੇ ਸਨ। ਢੋਲ ਆਦਿ ਵੀ ਵਜਾਏ ਜਾਂਦੇ ਸਨ। ਲੜਾਈ ਵਿਚ ਦੁਸ਼ਮਣ ਦਾ ਮੁਕਾਬਲਾ ਕਰਨ ਤੋਂ ਪਹਿਲਾਂ ਜਿੱਤ ਲਈ ਪ੍ਰਾਰਥਨਾ ਵੀ ਕੀਤੀ ਜਾਂਦੀ ਸੀ।

ਉਪਰੋਕਤ ਵਿਚਾਰ ਤੋਂ ਪਤਾ ਲਗਦਾ ਹੈ ਕਿ ਵੈਦਿਕ ਕਾਲ ਵਿਚ ਲੋਕੀ ਸਮਾਜਕ, ਧਾਰਮਕ ਤੇ ਆਰਥਕ ਤੌਰ ਤੇ ਕਾਫ਼ੀ ਉੱਨਤੀ ਕਰ ਚੁੱਕੇ ਸਨ ਅਤੇ ਸਭਿਆਚਾਰਕ ਪੱਖ ਤੋਂ ਕਾਫ਼ੀ ਪ੍ਰਗਤੀ ਹੋ ਚੁੱਕੀ ਸੀ।

## ਪ੍ਰਤਿ ਵੈਦਿਕ ~~ਕਾਲ~~ ਸਭਿਆਚਾਰ

ਇਸ ਕਾਲ ਵਿਚ ਸਾਮਵੇਦ, ਯਜੁਰਵੇਦ, ਅਥਰਵਵੇਦ, ਬ੍ਰਾਹਮਣ, ਉਪਨਿਸ਼ਦ, ਰਾਮਾਇਣ ਅਤੇ ਮਹਾਂਭਾਰਤ ਲਿਖੇ ਗਏ। ਉਸ ਸਮੇਂ ਵਿਚ ਹੋਏ ਸਮਾਜਕ, ਰਾਜਸੀ, ਧਾਰਮਿਕ ਅਤੇ ਆਰਥਕ ਵਿਕਾਸ ਅਤੇ ਸਭਿਆਚਾਰ ਦਾ ਇਨ੍ਹਾਂ ਪੁਸਤਕਾਂ ਵਿਚ ਚਿਤ੍ਰਨ ਮਿਲਦਾ ਹੈ।

ਇਸ ਸਮੇਂ ਵਿਚ ਆਰੀਆ ਲੋਕ ਲਗਭਗ ਸਾਰੇ ਭਾਰਤ ਤੇ ਛਾ ਚੁੱਕੇ ਸਨ। ਆਦਿ ਵਾਸੀ ਲੋਕ ਦਾਸਾਂ ਦਾ ਜੀਵਨ ਗੁਜ਼ਾਰਨ ਤੇ ਮਜਬੂਰ ਸਨ ਪ੍ਰੰਤੂ ਆਰੀਆ ਲੋਕਾਂ ਦੇ ਨਾਲ ਮੇਲ ਜੋਲ ਕਰਕੇ ਉਨ੍ਹਾਂ ਦੇ ਨਿਤਾਂ ਪ੍ਰਤੀ ਜੀਵਨ ਵਿਚ ਕਈ ਤਬਦੀਲੀਆਂ ਆਈਆਂ ਜੋ ਸਾਂਝੇ ਸਭਿਆਚਾਰ ਦੀ ਰੂਪ ਰੇਖਾ ਉਲੀਕਦੀਆਂ ਰਹੀਆਂ।

### ਸਮਾਜਕ

### ਪਰਿਵਾਰਕ ਜੀਵਨ

ਵੈਦਿਕ ਕਾਲ ਨਾਲੋਂ ਇਸ ਕਾਲ ਵਿਚ ਕੋਈ ਵਿਸ਼ੇਸ਼ ਤਬਦੀਲੀਆਂ ਪਰਿਵਾਰਕ ਜੀਵਨ ਵਿਚ ਘਟ ਹੀ ਆਈਆਂ ਹਨ। ਪਰ ਫਿਰ ਵੀ ਦੇਖਣ ਵਿਚ ਆਉਂਦਾ ਹੈ ਕਿ ਇਸਤ੍ਰੀ ਪੁਰਸ਼ ਦੇ ਪਵਿੱਤਰ ਸੰਜੋਗਾਂ ਨੂੰ ਹੀ ਮਹੱਤਤਾ ਦਿੱਤੀ ਜਾਂਦੀ ਸੀ। ਮਹਾਂਭਾਰਤ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਲਿੰਗਕ ਜੀਵਨ ਮਰਿਯਾਦਾ ਵਿਚ ਹੀ ਰਹਿਣਾ ਚਾਹੀਦਾ ਹੈ ਤੇ ਬੇਲੋੜੇ ਸੰਜੋਗ ਨਹੀਂ ਹੋਣੇ

ਚਾਹੀਦੇ।[1] ਸ਼ਾਦੀ ਦੀ ਪਵਿੱਤਰਤਾ ਪਹਿਲਾਂ ਹੀ ਮੰਨੀ ਜਾ ਚੁੱਕੀ ਸੀ। ਸ਼ਾਦੀ ਦਾ ਬੰਧਨ ਜੀਵਨ ਭਰ ਦਾ ਬੰਧਨ ਸੀ।

ਇਸ ਕਾਲ ਵਿਚ ਵੀ ਤਲਾਕ ਬਾਰੇ ਕੋਈ ਸੰਕੇਤ ਨਹੀਂ ਮਿਲਦਾ ਪਰ ਵਿਧਵਾ ਵਿਆਹ ਉਸ ਸਮੇਂ ਪ੍ਰਚਲਤ ਸੀ। ਆਮ ਤੌਰ ਤੇ ਇਕ-ਪਤਨੀਵਰਤਾ ਵਿਆਹ ਹੀ ਹੁੰਦੇ ਸਨ, ਪਰੰਤੂ ਅਮੀਰਾਂ ਤੇ ਰਾਜਿਆਂ ਨੂੰ ਬਹੁ-ਪਤਨੀਆਂ ਰਖਣ ਦੀ ਵੀ ਖੁਲ੍ਹ ਸੀ। ਇਸਤ੍ਰੀ ਦਾ ਇਕ ਹੀ ਪਤੀ ਹੁੰਦਾ ਸੀ ਪਰ ਇਕ ਇਸਤ੍ਰੀ ਦੇ ਬਹੁਤੇ ਪਤੀ ਹੋਣ ਦੀ ਉਦਾਹਰਣ ਵੀ ਮਿਲ ਜਾਂਦੀ ਹੈ, ਜਿਵੇਂ ਦ੍ਰੋਪਦੀ ਪੰਜਾਂ ਪਾਂਡਵਾਂ ਦੀ ਇਕੋ ਪਤਨੀ ਸੀ। ਪਵਿੱਤਰਤਾ( chastity )ਇਸਤ੍ਰੀ ਤੇ ਪੁਰਖ ਦੋਹਾਂ ਦਾ ਇਕ ਮਹਾਨ ਗੁਣ ਹੁੰਦਾ ਸੀ।[2]

ਸ਼ਾਦੀ ਇਕ ਧਾਰਮਿਕ ਰਸਮ ਸੀ ਜਿਸ ਅਨੁਸਾਰ ਮੁੰਡਾ ਤੇ ਕੁੜੀ ਇਸ ਪਵਿੱਤਰ ਬੰਧਨ ਵਿਚ ਬੱਝ ਜਾਂਦੇ ਸਨ। ਦਾਜ ਦਾ ਜ਼ਿਕਰ ਵੀ ਮਿਲਦਾ ਹੈ ਪਰੰਤੂ ਦੁਲਹਨ ਨੂੰ ਮੁੱਲ ਖਰੀਦਿਆ ਜਾਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਜੇ ਕੋਈ ਅਜਿਹੀ ਘਟਨਾ ਹੋ ਵੀ ਜਾਏ ਤਾਂ ਲੜਕੇ ਨੂੰ ਚੰਗੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ ਸੀ। ਗੰਧਰਵ ਵਿਆਹ ਵੀ ਉਨ੍ਹਾਂ ਦਿਨਾਂ ਵਿਚ ਹੁੰਦੇ ਸਨ, ਜਿਸ ਦੀ ਪੁਸ਼ਟੀ ਵੈਦਿਕ ਸਾਹਿਤ ਵੀ ਕਰਦਾ ਹੈ।[3]

ਪਰਿਵਾਰ ਪਿਤਰ-ਪ੍ਰਧਾਨ ਅਤੇ ਸਾਂਝੇ ਹੁੰਦੇ ਸਨ ਜਿਸ ਵਿਚ ਪਿਤਾ, ਮਾਤਾ, ਦਾਦਾ, ਦਾਦੀ, ਚਾਚੇ ਆਦਿ ਸਭ ਇਕੱਠੇ ਰਹਿੰਦੇ ਸਨ। ਸਭ ਤੋਂ ਵੱਡਾ ਮਰਦ ਪਰਿਵਾਰ ਦਾ ਮੁਖੀਆ ਹੁੰਦਾ ਸੀ ਜੋ ਸਾਰੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦਾ ਸੀ। ਬਾਕੀ ਪਰਿਵਾਰ ਦੇ ਸਾਰੇ ਹੀ ਮੈਂਬਰ ਉਸ ਨੂੰ ਪੂਰਾ ਮਾਣ ਤੇ ਸਤਿਕਾਰ ਦਿੰਦੇ ਸਨ।[4]

## ਇਸਤ੍ਰੀ ਦਾ ਸਥਾਨ

ਇਸ ਕਾਲ ਨਾਲੋਂ ਵੈਦਿਕ ਕਾਲ ਵਿਚ ਇਸਤ੍ਰੀ ਦੀ ਹਾਲਤ ਚੰਗੀ ਸੀ। ਇਸ ਸਮੇਂ ਬੇਸ਼ਕ ਲੜਕੀ ਦੇ ਜਨਮ ਨੂੰ ਬੁਰਾ ਨਹੀਂ ਸੀ ਮੰਨਿਆ ਜਾਂਦਾ ਪਰੰਤੂ ਜੋ ਖੁਸ਼ੀ ਲੜਕੇ ਦੇ ਜਨਮ ਤੇ ਮਨਾਈ ਜਾਂਦੀ ਸੀ ਉਹ ਲੜਕੀ ਦੇ ਜਨਮ ਸਮੇਂ ਨਹੀਂ ਸੀ ਹੁੰਦੀ। ਲੜਕੀਆਂ ਵੀ ਲੜਕਿਆਂ ਵਾਂਗ ਹੀ ਵਿਦਿਆ ਹਾਸਲ ਕਰ ਸਕਦੀਆਂ ਸਨ। ਅਥਰਵ ਵੇਦ ਵਿਚ ਲਿਖਿਆ ਹੈ ਕਿ ਜੋ

---

1. Cultural Heritage of India, V.I, p.221
2. Pritam Singh Gill, Heritage of Sikh Culture, p.132.
3. Cultural Heritage of India, V.I, p.221
4. B.N.Luniya, Evolution of Indian Culture, p.76.

ਲੜਕੀ ਨੇ ਬ੍ਰਹਮਚਾਰਨੀ ਦੀ ਤਰ੍ਹਾਂ ਉਚੇ ਵਿਦਿਆ ਹਾਸਲ ਨਹੀਂ ਕੀਤੀ ਹੋਈ ਤਾਂ ਉਸ ਲਈ ਚੰਗਾ ਵਰ ਮਿਲਣਾ ਮੁਸ਼ਕਲ ਹੋ ਜਾਂਦਾ ਸੀ।[1] ਇਸਤ੍ਰੀਆਂ ਆਦਮੀਆਂ ਦੀ ਤਰ੍ਹਾਂ ਵੇਦਾਂ ਦਾ ਅਧਿਐਨ ਕਰਦੀਆਂ ਸਨ। ਗਾਰਗੀ ਅਤੇ ਮੈਤ੍ਰੀ ਵਰਗੀਆਂ ਇਸਤ੍ਰੀਆਂ ਸਾਹਿਤਕ ਗੋਸ਼ਟੀਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੀਆਂ ਸਨ। ਪਰੰਤੂ ਹੌਲੀ ਹੌਲੀ ਲੜਕੀਆਂ ਦੀ ਇਸ ਤਰ੍ਹਾਂ ਦੀ ਖੁਲ੍ਹ ਘਟਦੀ ਗਈ।

ਵੇਦ ਮੰਤਰ ਪੜ੍ਹਨੇ ਅਤੇ ਗਾਉਣੇ ਤਾਂ ਇਸਤ੍ਰੀ ਲਈ ਬੜੇ ਮਹੱਤਵ ਪੂਰਨ ਹੁੰਦੇ ਸਨ ਅਤੇ ਨਾਚ ਅਤੇ ਗਾਉਣ ਵਿਚ ਉਸ ਨੂੰ ਖਾਸ ਤੌਰ ਤੇ ਪ੍ਰਬੀਨ ਬਣਾਇਆ ਜਾਂਦਾ ਸੀ। ਇਸਤ੍ਰੀਆਂ ਦਾ ਇਕੱਲਿਆਂ ਹੀ ਸੰਧਿਆ ਕਰਨਾ ਅਤੇ ਕੁਰਬਾਨੀ ਦੇਣੀ ਰਾਮਾਇਣ ਦੇ ਸਮੇਂ ਵਿਚ ਆਰੰਭ ਹੋਈ ਸੀ। ਲੜਕੀ ਦੀ ਸ਼ਾਦੀ ਭਰ ਜਵਾਨੀ ਦੇ ਸਮੇਂ ਹੀ ਕੀਤੀ ਜਾਂਦੀ ਸੀ। ਸਵੰਬਰ ਰਚਾਏ ਜਾਂਦੇ ਸਨ ਜਿਨ੍ਹਾਂ ਵਿਚ ਉਹ ਆਪਣਾ ਪਤੀ ਆਪ ਚੁਣ ਸਕਦੀਆਂ ਸਨ। ਸ਼ਾਦੀ ਦੇ ਸਮੇਂ ਲੜਕੀਆਂ ਪੜ੍ਹੀਆਂ ਲਿਖੀਆਂ ਅਤੇ ਹੋਰ ਕੰਮਾਂ ਵਿਚ ਨਿਪੁੰਨ ਹੋਣ ਕਰਕੇ ਪਤੀ ਦੇ ਬਰਾਬਰ ਦਾ ਦਰਜਾ ਰਖਦੀਆਂ ਸਨ। ਪਤਨੀ ਆਪਣੇ ਪਤੀ ਨਾਲ ਸਮਾਜਿਕ ਅਤੇ ਧਾਰਮਕ ਰਸਮਾਂ ਵਿਚ ਖੁਲ੍ਹੇ ਤੌਰ ਤੇ ਹਿੱਸਾ ਲੈ ਸਕਦੀ ਸੀ। ਸਤੀ ਹੋਣ ਅਤੇ ਪਰਦੇ ਦਾ ਰਿਵਾਜ ਉਨ੍ਹਾਂ ਦਿਨਾਂ ਵਿਚ ਨਹੀਂ ਸੀ। ਬਹੁਤ ਨਜ਼ਦੀਕੀ ਰਿਸ਼ਤੇਦਾਰਾਂ ਵਿਚ ਸ਼ਾਦੀਆਂ ਵਿਵਰਜਤ ਸਨ।

ਪਰੰਤੂ ਇਨ੍ਹਾਂ ਸਤਿਕਾਰ ਮਿਲਣ ਦੇ ਬਾਵਜੂਦ ਵੀ ਇਸਤ੍ਰੀਆਂ ਦੇ ਦਰਜੇ ਵਿਚ ਵੈਦਿਕ ਕਾਲ ਨਾਲੋਂ ਗਿਰਾਵਟ ਆ ਗਈ। ਉਹ ਜਾਇਦਾਦ ਦੀ ਉਤਰਅਧਿਕਾਰੀ ਨਹੀਂ ਬਣ ਸਕਦੀ ਸੀ। ਵਿਧਵਾ ਵਿਆਹ ਦਾ ਕਿਤੇ ਕਿਤੇ ਜ਼ਿਕਰ ਮਿਲਦਾ ਹੈ ਪਰ ਵਿਧਵਾਵਾਂ ਦਾ ਜੀਵਨ ਮਾੜਾ ਮੰਨਣ ਕਰਕੇ ਸ਼ੁਭ ਅਵਸਰਾਂ ਵਿਚ ਉਸ ਦਾ ਹਿੱਸਾ ਲੈਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ।[2] ਇਕ ਤੋਂ ਵੱਧ ਵਿਆਹਾਂ ਦਾ ਰਿਵਾਜ ਆਰੰਭ ਹੋ ਜਾਣ ਕਰਕੇ ਇਸਤ੍ਰੀਆਂ ਆਪਣੀਆਂ ਸੌਕਣਾਂ ਵੇਖ ਵੇਖ ਕੇ ਦੁਖੀ ਹੁੰਦੀਆਂ ਸਨ। ਇਥੋਂ ਤਕ ਕਿ ਰਾਜੇ ਦੀਆਂ ਰਾਣੀਆਂ ਦੀ ਹਾਲਤ ਵੀ ਬੜੀ ਮਾੜੀ ਹੁੰਦੀ ਸੀ। ਮਹਾਰਾਣੀਆਂ ਦਾ ਤਾਂ ਸਤਿਕਾਰ ਕੀਤਾ ਜਾਂਦਾ ਸੀ ਪਰੰਤੂ ਬਾਕੀਆਂ ਦੀ ਪਰਵਾਹ ਨਹੀਂ ਹੁੰਦੀ ਸੀ। ਇਸ ਤਰ੍ਹਾਂ ਨਾਲ ਇਸਤ੍ਰੀ ਆਪਣੇ ਜੀਵਨ ਭਰ ਦੇ ਹਰ ਕੰਮ ਲਈ ਲਗਭਗ ਪੁਰਸ਼ ਤੇ ਨਿਰਭਰ ਰਹਿਣ ਲੱਗੀ ਅਤੇ ਉਸਦੇ ਮਨ ਪਰਚਾਵੇ ਦਾ ਸਾਧਨ ਮਾਤਰ ਹੀ ਬਣ ਗਈ।[3] ਉਸ ਇਸਤ੍ਰੀ ਨੂੰ ਮਾਰਨਾ ਸਭ ਤੋਂ ਵੱਡਾ ਪਾਪ ਮੰਨਿਆ ਜਾਂਦਾ ਸੀ।

ਅਤਿਥੀ ਸਤਿਕਾਰ

ਅਤਿਥੀ ਸਤਿਕਾਰ ਧਾਰਮਿਕ ਫਰਜ਼ ਸਮਝ ਕੇ ਕੀਤਾ ਜਾਂਦਾ ਸੀ।[4] ਚਾਹੇ ਕੋਈ ਕਿੰਨਾ

---

1. Cultural Heritage of India, V. I, p. 222.
2. B.N. Luniya, Evolution of Indian Culture, p. 85.
3. Pritam Singh Gill, Heritage of Sikh Culture, p. 102.
4. B.N. Luniya, Evolution of Indian Culture, p. 76.

ਹੀ ਗਰੀਬ ਕਿਉਂ ਨਾ ਹੋਵੇ ਅਤਿਥੀ ਸਤਿਕਾਰ ਵਿਤੋਂ ਵਧ ਕੇ ਕਰਦਾ ਹੁੰਦਾ ਸੀ। ਆਤਮਿਕ ਪਵਿੱਤਰਤਾ ਤੇ ਸੁਚਤਾ, ਵੱਡਿਆਂ ਦਾ ਸਤਿਕਾਰ, ਚੰਗਾ ਸਲੂਕ ਆਦਿ ਅਪਣਾਉਣ ਤੇ ਜ਼ੋਰ ਦਿੱਤਾ ਜਾਂਦਾ ਸੀ ਅਤੇ ਮਾੜੇ ਕੰਮਾਂ ਤੋਂ ਪਰਹੇਜ਼ ਜ਼ਰੂਰੀ ਦੱਸਿਆ ਜਾਂਦਾ ਸੀ।

<u>ਭੋਜਨ</u>

ਇਸ ਕਾਲ ਵਿਚ ਲੋਕਾਂ ਦੀ ਖ਼ੁਰਾਕ ਆਦਿ ਵਿਚ ਵੀ ਕੁਝ ਤਬਦੀਲੀਆਂ ਆਈਆਂ ਅਤੇ ਇਸ ਦੀਆਂ ਵੰਨਗੀਆਂ ਵੀ ਵਧ ਗਈਆਂ। ਪਹਿਲਾਂ ਜਿੱਥੇ ਕੇਵਲ ਕਣਕ ਜੌਂ ਆਦਿ ਹੀ ਅਨਾਜ ਸਨ, ਕੁਝ ਚਾਵਲ ਅਤੇ ਹੋਰ ਅਨਾਜ ਵੀ ਜਿਨ੍ਹਾਂ ਨੂੰ 'ਖੀਰੋਦਨ', 'ਤਿਲੋਦਨ', 'ਮੁਦਗੋਦਨ', ਉਦਾਨ ਆਦਿ ਕਿਹਾ ਜਾਂਦਾ ਸੀ, ਵਰਤੋਂ ਵਿਚ ਆ ਗਏ ਸਨ।[1] ਸਬਜ਼ੀਆਂ ਅਤੇ ਫਲਾਂ ਦੀ ਵਰਤੋਂ ਵੀ ਆਮ ਕੀਤੀ ਜਾਂਦੀ ਸੀ। ਫਲਾਂ ਵਿਚੋਂ ਅੰਬ ਦਾ ਜ਼ਿਕਰ ਇਸ ਕਾਲ ਦੇ ਮਹਾਂਕਾਵਿ ਵਿਚ ਪਹਿਲੀ ਵਾਰੀ ਮਿਲਦਾ ਹੈ।[2] ਮਾਸ ਅਤੇ ਸ਼ਰਾਬ ਦੀ ਵਰਤੋਂ ਹੁੰਦੀ ਤਾਂ ਸੀ ਪਰ ਲੋਕੀਂ ਇਸ ਨੂੰ ਬਹੁਤਾ ਚੰਗਾ ਨਹੀਂ ਸਮਝਦੇ ਸਨ। ਵੈਸ਼ਨੋ ਭੋਜਨ ਵਧੇਰੇ ਪਸੰਦ ਕੀਤਾ ਜਾਂਦਾ ਸੀ। ਸੋਮ ਰਸ ਬਹੁਤ ਚੰਗਾ ਮੰਨਿਆ ਜਾਂਦਾ ਸੀ। ਲੋਕਾਂ ਵਿਚ ਪਾਰਟੀਆਂ ਅਤੇ ਪਿਕਨਿਕ ਮਨਾਣ ਦਾ ਵੀ ਸ਼ੌਕ ਵਧ ਰਿਹਾ ਸੀ।

<u>ਪਹਿਰਾਵਾ</u>

ਪਹਿਰਾਵਾ ਵੈਦਿਕ ਕਾਲ ਵਾਲਾ ਹੀ ਸੀ। ਕੋਈ ਖ਼ਾਸ ਫ਼ਰਕ ਨਹੀਂ ਸੀ ਪਿਆ। ਦੋ ਜਾਂ ਤਿੰਨ ਅਣਸੀਤੇ ਕਪੜੇ ਹੀ ਹੁੰਦੇ ਸਨ। ਇਕ ਥੱਲੇ ਲਪੇਟਣ ਵਾਲਾ, ਇਕ ਉਪਰ ਲੈਣ ਵਾਲਾ ਅਤੇ ਸਿਰ ਤੇ ਪੱਗ ਹੁੰਦੀ ਸੀ। ਹੋ ਸਕਦਾ ਹੈ ਕਿ ਕਪੜੇ ਸੀਉਣ ਦੀ ਕਲਾ ਅਜੇ ਨਾ ਚੱਲੀ ਹੋਵੇ।

<u>ਗਹਿਣੇ</u>

ਗਹਿਣੇ ਤਕਰੀਬਨ ਵੈਦਿਕ ਕਾਲ ਵਾਲੇ ਹੀ ਪਾਏ ਜਾਂਦੇ ਸਨ। ਸੋਨੇ ਨਾਲੋਂ ਚਾਂਦੀ ਦੇ ਗਹਿਣਿਆਂ ਦਾ ਰਿਵਾਜ ਵਧੇਰੇ ਚੱਲਿਆ ਸੀ।

3312-08

<u>ਮਨਪਰਚਾਵਾ</u>

ਘੋੜ ਦੌੜ, ਰੱਥ ਦੌੜ, ਚੌਪੜ, ਸ਼ਤਰੰਜ, ਆਦਿ ਆਮ ਮਨ ਪਰਚਾਵੇ ਦੇ ਸਾਧਨ ਸਨ। ਕੁਝ ਲੋਕਾਂ ਦਾ ਮਨ ਪਰਚਾਵਾ ਜੂਆ ਖੇਡਣਾ ਵੀ ਸੀ ਜੋ ਵਧੇਰੇ ਕਰਕੇ ਅਮੀਰਾਂ ਦਾ ਮਨ ਪਰਚਾਵਾ ਸੀ। ਸੰਗੀਤ ਅਤੇ ਨਾਚ ਦੀ ਮਹੱਤਤਾ ਵੀ ਇਸ ਕਾਲ ਵਿਚ ਵਧ ਗਈ ਸੀ। ਤਿਉਹਾਰ ਵੀ ਮਨਾਏ ਜਾਂਦੇ ਸਨ ਜਿੱਥੇ ਵੀਣਾ ਦੇ ਨਾਲ ਗਾਥਾਵਾਂ ਵੀ ਗਾਈਆਂ ਜਾਂਦੀਆਂ ਸਨ। ਇਹ ਗਾਥਾਵਾਂ

---

1. V.C.Pandey, K.Singh, Evolution of Indian Culture, p.47
2. B.N.Luniya, Evolution of Indian Culture, p.82.

ਜਿੱਤ ਦੇ ਗੀਤ ਹੁੰਦੇ ਸਨ ਜੋ ਪਿਛੋਂ ਮਹਾਕਾਵਿ ਬਣੇ।[1] ਵੀਣਾ, ਸਾਰੰਗੀ ਅਤੇ ਢੋਲਕ ਵਜਾਣ ਵਾਲੇ ਵੀ ਮਿਲਦੇ ਸਨ।

**ਘਰ ਬਣਾਉਣੇ**

ਇਸ ਕਾਲ ਵਿਚ ਕਾਫ਼ੀ ਖੁੱਲ੍ਹੇ ਖੁੱਲ੍ਹੇ ਤੇ ਵੱਡੇ ਘਰ ਬਣਾਏ ਜਾਂਦੇ ਸਨ ਤਾਂ ਜੋ ਇਕ ਪਰਿਵਾਰ ਚੰਗੀ ਤਰ੍ਹਾਂ ਆਰਾਮ ਨਾਲ ਰਹਿ ਸਕੇ। ਘਰ ਦੇ ਵਿੱਚ ਪਸ਼ੂਆਂ ਲਈ ਵਖਰਾ ਸਥਾਨ ਹੁੰਦਾ ਸੀ। ਘਰ ਦੇ ਕਈ ਕਮਰੇ ਹੁੰਦੇ ਸਨ। ਵੈਦਿਕ ਕਾਲ ਵਿਚ ਘਰ ਲੱਕੜਾਂ ਦੇ ਬਣੇ ਹੋਏ ਹੁੰਦੇ ਸਨ ਪਰੰਤੂ ਇਸ ਕਾਲ ਵਿਚ ਨਾਲ ਨਾਲ ਇੱਟਾਂ, ਮਿੱਟੀ ਅਤੇ ਪਥਰੀ ਵੀ ਵਰਤੀ ਜਾਂਦੀ ਸੀ। ਅਥਰਵ ਵੇਦ ਵਿਚ ਘਰ ਵਿਚ ਔਰਤਾਂ ਲਈ ਵੱਖਰੇ ਸਥਾਨ ਦਾ ਜ਼ਿਕਰ ਵੀ ਆਉਂਦਾ ਹੈ, ਜਿਸ ਨੂੰ ਪਤਨੀ-ਸਦਨ ਕਿਹਾ ਜਾਂਦਾ ਸੀ। ਮਕਾਨ ਕਈ ਮੰਜ਼ਲੇ ਵੀ ਹੁੰਦੇ ਸਨ।

**ਫ਼ਰਨੀਚਰ**

ਘਰਾਂ ਵਿਚ ਫ਼ਰਨੀਚਰ ਆਮ ਤੌਰ ਤੇ ਤਖ਼ਤ ਪੋਸ਼ ਹੀ ਹੁੰਦੇ ਸਨ ਜਿਸ ਉਤੇ ਗੱਦਾ ਵਿਛਾ ਕੇ ਸਿਰਹਾਣਾ ਰਖ ਦਿੰਦੇ ਸਨ।

331208

**ਵਰਨ ਆਸ਼ਰਮ**

ਵਰਣ ਆਸ਼ਰਮ ਅਨੁਸਾਰ ਜੀਵਨ ਨੂੰ ਚਾਰ ਹਿੱਸਿਆਂ ਵਿਚ(ਆਸ਼ਰਮ )ਵਿਚ ਵੰਡਿਆ ਹੋਇਆ ਸੀ। ਬ੍ਰਹਮਚਰਜ, ਗ੍ਰਿਹਸਥ, ਬਾਨਪ੍ਰਸਤ ਅਤੇ ਸੰਨਿਆਸ। ਇਸ ਕਾਲ ਵਿਚ ਹਰੇਕ ਇਨਸਾਨ ਨੂੰ ਵਰਣ ਆਸ਼ਰਮ ਅਨੁਸਾਰ ਜੀਵਨ ਜੀਉਣ ਲਈ ਪ੍ਰੇਰਿਆ ਜਾਂਦਾ ਸੀ ਪਰ ਵਧੇਰੇ ਕਰਕੇ ਉਹ ਬ੍ਰਾਹਮਣਾਂ ਲਈ ਜ਼ਰੂਰ ਮੰਨਿਆ ਗਿਆ ਸੀ। ਵੈਦਿਕ ਕਾਲ ਵਿਚ ਕੁਝ ਸਾਧ ਮਿਲਦੇ ਤਾਂ ਹਨ ਪਰ 'ਤਿਆਗ' ਦੇ ਜੀਵਨ ਦਾ ਆਦਰਸ਼ ਨਹੀਂ ਮੰਨਿਆ ਜਾਂਦਾ ਸੀ। ਮੁਕਤੀ ਨੂੰ ਕੋਈ ਉਚੇਚਾ ਨਹੀਂ ਸਗੋਂ ਧਾਰਮਕ ਕੰਮਾਂ ਵਿਚ ਸਰਵਸ਼੍ਰੇਸ਼ਟ ਮੰਨਿਆ ਜਾਂਦਾ ਸੀ, ਕਿਉਂਕਿ ਵੈਦਿਕ ਕੁਰਬਾਨੀਆਂ ਅਤੇ ਸੰਸਕਾਰ ਪ੍ਰਾਪਤੀ ਮੁਕਤੀ ਤੋਂ ਬਿਨਾਂ ਮੰਤਵ ਨਹੀਂ ਸੀ। ਤ੍ਰੈ-ਪੱਖੀ ਰਿਣ ਦਾ ਸਿਧਾਂਤ ਜੋ ਮਨੁੱਖ ਨੇ ਦੇਵਤਿਆਂ ਪਿਤਰਾਂ ਅਤੇ ਰਿਸ਼ੀਆਂ ਨੂੰ ਦੇਣਾ ਹੈ ਉਹ ਵੀ ਪਿਛਲੇਰੇ ਵੈਦਿਕ ਕਾਲ ਦੀ ਹੀ ਕਾਢ ਹੈ। ਜੀਵਨ ਵਲ ਦ੍ਰਿਸ਼ਟੀਕੋਣ ਵੀ 'ਇਹ ਸੰਸਾਰੀ'( This worldly )ਸੀ। ਵੈਦਿਕ ਰਿਸ਼ੀ ਪੁੱਤਰਾਂ, ਧਨ ਅਤੇ ਜਿੱਤ ਲਈ ਪ੍ਰਾਰਥਨਾ ਕਰਦੇ ਦੱਸੇ ਗਏ ਹਨ। ਉਨ੍ਹਾਂ ਨੇ ਇਸ ਸੰਸਾਰ ਨਾਲ ਕੋਈ ਅਸੰਤੁਸ਼ਟਤਾ ਨਹੀਂ ਜ਼ਾਹਰ ਕੀਤੀ ਜਿਸ ਕਰਕੇ ਉਹ ਸੰਸਾਰ ਤੋਂ [illegible] ਜੀਵਨ ਜੰਗਲਾਂ ਵਿਚ ਜਾ ਕੇ ਬਤੀਤ ਕਰਨਾ ਚਾਹੁੰਦੇ ਹੋਣ। ਭਾਵੇਂ ਕੁਝ ਲੋਕ ਸਨ ਜਿਨ੍ਹਾਂ ਨੇ ਤਪੱਸਿਆ[2] ਵੀ ਕੀਤੀ ਅਤੇ ਤਪੱਸਿਆ ਦੇ ਬਲ ਨਾਲ ਕੁਝ ਸ਼ਕਤੀਆਂ ਵੀ ਪ੍ਰਾਪਤ ਕੀਤੀਆਂ।

---

1. Majumdar, Chaudary & Dutta, An Advanced History of India, p.45.
2. Cultural Heritage of India, V.I, p.224.

## ਜਾਤ ਪਾਤ

ਸੰਹਿਤਾ, ਬ੍ਰਾਹਮਣ ਅਤੇ ਉਪਨਿਸ਼ਦ ਅਤੇ ਮਹਾਂਕਾਵਿਆਂ ਦੇ ਸਮੇਂ ਵਿਚ ਜਾਤ ਪਾਤ ਦਿਨ ਬਦਿਨ ਪਕੇਰੀ ਹੀ ਹੁੰਦੀ ਗਈ। ਇਸ ਕਾਲ ਵਿਚ ਜਾਤੀ ਵੰਡ ਕਈ ਤਰ੍ਹਾਂ ਨਾਲ ਹੋਈ। ਵਡੇਰਿਆਂ ਦੇ ਕਿੱਤਿਆਂ, ਗੋਤਰ ਪ੍ਰਣਾਲੀ, ਆਰੀਆ ਤੇ ਦਾਸਾਂ ਦੇ ਯੁਧ ਤੇ ਅੰਤਰ ਜਾਤੀ ਵਿਆਹ ਆਦਿ ਚਾਰ ਜਾਤਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸੂਦਰਾਂ ਦੇ ਕੰਮਾਂ ਕਰਤੱਵਾਂ ਅਤੇ ਅਧਿਕਾਰਾਂ ਨੂੰ ਸਮਾਜਕ ਅਤੇ ਧਾਰਮਿਕ ਖੇਤਰਾਂ ਵਿਚ ਪੂਰੀ ਤਰ੍ਹਾਂ ਨਿਖੇੜਿਆ ਗਿਆ ਹੈ।

ਵੈਦਿਕ ਕਾਲ ਵਿਚ ਜੱਦੀ ਕਿੱਤਿਆਂ ਅਨੁਸਾਰ ਜਾਤੀ ਵੰਡ ਨਹੀਂ ਮਿਲਦੀ ਪਰੰਤੂ ਪ੍ਰਤਿ ਵੈਦਿਕ ਕਾਲ ਵਿਚ ਇਹ ਵੰਡ ਪਕੇਰੀ ਹੀ ਹੁੰਦੀ ਗਈ ਅਤੇ ਚਾਰ-ਜਾਤੀ-ਸਿਧਾਂਤ ਪੱਕਾ ਹੋ ਗਿਆ। ਬ੍ਰਾਹਮਣ, ਜਿਨ੍ਹਾਂ ਦਾ ਕੰਮ ਪੜ੍ਹਨਾ ਪੜ੍ਹਾਉਣਾ ਤੇ ਧਾਰਮਿਕ ਰਸਮਾਂ ਕਰਾਉਣਾ ਸੀ, ਖੱਤਰੀ ਦੇਸ਼ ਦੀ ਰੱਖਿਆ ਕਰਨ ਵਾਲੇ, ਵੈਸ਼ ਆਰਥਕਤਾ ਨੂੰ ਸੰਭਾਲਣ ਵਾਲੇ ਅਤੇ ਸੂਦਰ ਇਨ੍ਹਾਂ ਦੀ ਸੇਵਾ ਕਰਨ ਵਾਲੇ ਹੁੰਦੇ ਸਨ। ਸੂਦਰ ਆਮ ਕਿਸਾਨ ਆਦਿ ਹੁੰਦੇ ਸਨ ਪਰੰਤੂ ਹੌਲੀ ਹੌਲੀ ਤਰਖਾਣ, ਮਾਲੀ, ਮੋਚੀ ਆਦਿ ਇਹ ਕਈ ਹਿੱਸਿਆਂ ਵਿਚ ਵੰਡੇ ਜਾਣ ਲਗ ਪਏ।

ਉਪਨਿਸ਼ਦ ਕਾਲ ਵਿਚ ਜਾਤੀ ਬੰਧਨਾਂ ਵਿਚ ਕੁਝ ਫਰਕ ਪਿਆ ਸੀ। ਖਾਸਕਰਕੇ ਬ੍ਰਾਹਮਣ ਜਾਤੀ ਦੀ ਉਚਿੱਤਾ ਕੁਝ ਘਟ ਗਈ ਸੀ ਕਿਉਂਕਿ ਬ੍ਰਹਮ ਵਿਦਿਆ ਦੇ ਕਈ ਉਸਤਾਦ ਖੱਤਰੀ ਸਨ ਜੋ ਨਾ ਸਿਰਫ਼ ਖੱਤਰੀਆਂ ਤੇ ਵੈਸ਼ਾਂ ਨੂੰ ਹੀ ਵਿਦਿਆ ਪ੍ਰਦਾਨ ਕਰਦੇ ਸਨ ਸਗੋਂ ਕਈ ਅਵਸਰਾਂ ਤੇ ਬ੍ਰਾਹਮਣਾਂ ਨੂੰ ਵੀ ਵਿਦਿਆ ਦਿੰਦੇ ਸਨ, ਜਿਵੇਂ ਕਿ ਗਾਰਗੀ ਬਲਾਕੀ ਰਾਜੇ ਅਜਾਤਸ਼ਤਰੂ ਤੋਂ ਵਿਦਿਆ ਪ੍ਰਾਪਤ ਕਰਨ ਲਈ ਆਉਂਦਾ ਹੈ। ਗੋਤਮ ਬ੍ਰਾਹਮਣ ਵੀ ਰਾਜੇ ਪਰਵਾਹਨ ਜੈਵਾਲੀ ਦਾ ਚੇਲਾ ਬਣਦਾ ਹੈ ਕਿਉਂਕਿ ਜੋ ਅਧਿਆਤਮਕ ਸਿਧਾਂਤ ਉਸ ਨੂੰ ਪਤਾ ਸਨ ਉਹ ਖੱਤਰੀਆਂ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਦਾ ਸੀ।[1] ਗੋਤਮ ਬੁੱਧ, ਮਹਾਵੀਰ ਅਤੇ ਰੋਮਾਨਾਂ ਵੀ ਖੱਤਰੀ ਰਾਜੇ ਹੀ ਸਨ ਜਿਨ੍ਹਾਂ ਨੇ ਇਤਨੇ ਵੱਡੇ ਧਾਰਮਕ ਮਤ ਚਲਾਏ। ਕੋਈ ਕੋਈ ਵੈਸ਼ ਵੀ ਵੇਦ ਦਾ ਗਿਆਤਾ ਤੇ ਅਧਿਆਪਕ ਬਣ ਸਕਦਾ ਸੀ ਜਿਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਜੱਦੀ ਕਿੱਤਿਆਂ ਅਨੁਸਾਰ ਜਾਤੀ ਵੰਡ ਭਾਵੇਂ ਜ਼ੋਰ ਫੜ ਰਹੀ ਸੀ ਪਰੰਤੂ ਬਹੁਤੀ ਸਖ਼ਤੀ ਨਹੀਂ ਸੀ ਹੁੰਦੀ, ਜਿਸ ਕਰਕੇ ਇਨ੍ਹਾਂ ਨੂੰ ਅਸੀਂ ਸਿਰਫ਼ ਸ਼੍ਰੇਣੀਆਂ ਹੀ ਕਹਿ ਸਕਦੇ ਹਾਂ ਪਰੰਤੂ ਪ੍ਰਤੀ ਵੈਦਿਕ ਕਾਲ ਵਿਚ ਬ੍ਰਾਹਮਣ ਸ਼੍ਰੇਣੀ ਦੀ ਸ੍ਰੇਸ਼ਟਤਾ ਫਿਰ ਵਧਣ ਲਗ ਪਈ। ਰਾਜਿਆਂ ਦੇ ਮੰਤਰੀ ਬ੍ਰਾਹਮਣ ਹੀ ਹੁੰਦੇ ਸਨ ਅਤੇ ਬ੍ਰਾਹਮਣਾਂ ਦੇ ਸਰਾਪ ਤੋਂ ਆਮ ਲੋਕ ਡਰਦੇ ਸਨ।

ਅੰਤਰ ਜਾਤੀ ਸ਼ਾਦੀਆਂ ਆਮ ਹੁੰਦੀਆਂ ਸਨ ਪਰੰਤੂ ਇਨ੍ਹਾਂ ਸ਼ਾਦੀਆਂ ਤੋਂ ਪੈਦਾ ਹੋਏ ਬੱਚਿਆਂ ਦਾ ਦਰਜਾ ਨੀਵਾਂ ਮੰਨਿਆ ਜਾਂਦਾ ਸੀ ਤੇ ਜੇਕਰ ਕੋਈ ਨੀਵੀਂ ਜਾਤੀ ਦਾ ਮਨੁੱਖ ਉੱਚ ਜਾਤੀ ਦੀ

---

1. Cultural Heritage of India, V.I, p.226.

ਇਸਤ੍ਰੀ ਨਾਲ ਸ਼ਾਦੀ ਕਰ ਲਵੇ ਤਾਂ ਉਸਦੇ ਬੱਚੇ ਚੰਡਾਲ ਅਖਵਾਉਂਦੇ ਸਨ।

ਸੰਸਕਾਰ

ਆਰੀਆਂ ਦਾ ਘਰੇਲੂ ਜੀਵਨ ਸੰਸਕਾਰਾਂ ਦੀ ਪੂਰਤੀ ਦੀ ਇਕ ਲੜੀ ਹੁੰਦਾ ਸੀ। ਉਨ੍ਹਾਂ ਨੂੰ ਜਨਮ ਤੋਂ ਲੈ ਕੇ ਮਰਨ ਤਕ ਕਈ ਸੰਸਕਾਰਾਂ ਵਿਚੋਂ ਲੰਘਣਾ ਪੈਂਦਾ ਸੀ। ਹਰੇਕ ਸੰਸਕਾਰ ਨੂੰ ਮਨਾਉਣ ਲਈ ਉਸਦੀ ਰਸਮ ਖਾਸ ਨਿਯਤ ਸਮੇਂ ਤੇ ਕੀਤੀ ਜਾਂਦੀ ਸੀ, ਜਿਵੇਂ ਕਿ ਜਨਮ ਸੰਸਕਾਰ, ਨਾਮ ਕਰਨ ਸੰਸਕਾਰ, ਪਹਿਲਾ ਭੋਜਨ, ਵਿਦਿਆ ਦਾ ਆਰੰਭ, ਸ਼ਾਦੀ ਅਤੇ ਮ੍ਰਿਤੂ ਸੰਸਕਾਰ ਆਦਿ। ਇਕ ਗ੍ਰਿਹਸਥੀ ਨੂੰ ਕਈ ਘਰੇਲੂ ਰਸਮਾਂ ਜਿਹਾ ਕਿ ਦੇਵਤਿਆਂ ਅਤੇ ਮਹਿਮਾਨਾਂ ਨੂੰ ਭੋਜਨ ਖੁਆਣਾ, ਵਿਦਿਆਰਥੀਆਂ ਅਤੇ ਸਾਧਾਂ ਨੂੰ ਦਾਨ ਦੇਣਾ ਅਤੇ ਬਲੀ ਚੜ੍ਹਾਉਣੀ ਆਦਿ ਕਰਨੀਆਂ ਪੈਂਦੀਆਂ ਸਨ। ਇਨ੍ਹਾਂ ਸੰਸਕਾਰਾਂ ਦੀ ਮਹਾਨਤਾ ਇਤਨੀ ਵਧ ਗਈ ਕਿ ਇਹ ਪ੍ਰਾਪਤੀ ਦੇ ਸਾਧਨ ਨਾ ਰਹਿ ਕੇ ਆਪਣੇ ਆਪ ਵਿਚ ਹੀ ਪ੍ਰਾਪਤੀਆਂ ਬਣ ਗਏ।[1] ਗ੍ਰਿਹ ਸੂਤਰ ਵਿਚ ਮਨੁੱਖੀ ਜੀਵਨ ਦੇ ਜਨਮ ਤੋਂ ਮਰਨ ਤਕ ਦੇ ਹਰੇਕ ਆਸ਼ਰਮ ਅਨੁਸਾਰ ਹਰੇਕ ਕਰਤੱਵ ਦਾ ਵਰਨਣ ਕੀਤਾ ਗਿਆ ਜਿਨ੍ਹਾਂ ਅਨੁਸਾਰ ਸਾਰਾ ਸਮਾਜ ਇਕ ਸੂਤਰ ਵਿਚ ਬੱਝਿਆ ਗਿਆ,[2] ਜੋ ਪਿਛੋਂ ਜਾ ਕੇ ਹਿੰਦੂ ਸਮਾਜ ਬਣਿਆ। ਇਹ ਸੰਸਕਾਰ ਹਿੰਦੂ ਸਭਿਆਚਾਰ ਦਾ ਮੁੱਖ ਅੰਗ ਬਣ ਗਏ।[3]

ਵਿਦਿਆ

ਵਿਦਿਆ ਅਤੇ ਸਾਹਿੱਤ ਦੇ ਖੇਤਰ ਵਿਚ ਵੀ ਇਸ ਕਾਲ ਨੇ ਮਹੱਤਵ ਪੂਰਨ ਉਨੱਤੀ ਕੀਤੀ, ਜਿਸ ਕਰਕੇ ਇਸ ਕਾਲ ਨੂੰ ਵਿਦਵਾਨਾਂ ਨੇ ਸਾਹਿੱਤ ਦਾ ਸੁਨਹਿਰੀ ਯੁਗ ਕਿਹਾ ਹੈ। ਵਿਦਿਆ ਦਾ ਮੁੱਖ ਮੰਤਵ ਬ੍ਰਹਮ ਗਿਆਨ ਦੀ ਪ੍ਰਾਪਤੀ ਸੀ ਅਤੇ ਬ੍ਰਹਮ ਗਿਆਨ ਆਤਮਾ ਅਤੇ ਪਰਮਾਤਮਾ ਦਾ ਗਿਆਨ ਸੀ। ਵੇਦਾਂ ਦੇ ਮੰਤਰਾਂ ਦਾ ਉਚਾਰਨ ਕਰਨਾ ਉਸ ਸਮੇਂ ਦੇ ਵਿਦਿਆਰਥੀਆਂ ਦਾ ਨਿਤ ਨੇਮ ਹੁੰਦਾ ਸੀ ਪਰ ਇਹ ਖਿਆਲ ਰਖਕੇ ਕਿ ਉਹ ਉਚਾਰਣ ਕੇਵਲ ਮਸ਼ੀਨੀ ਕ੍ਰਿਆ ਹੀ ਨਾ ਬਣ ਜਾਏ, ਨਾਲ ਨਾਲ ਉਪਾਸਨਾ ਕਰਨੀ ਵੀ ਜਰੂਰੀ ਕਰਾਰ ਦਿੱਤੀ ਗਈ ਸੀ।[4]

ਅਥਰਵ ਵੇਦ ਤੋਂ ਪਤਾ ਲਗਦਾ ਹੈ ਕਿ ਵਿਦਿਆ 'ਉਪਨੈਨ'[5] ਦੀ ਰਸਮ ਤੋਂ ਪਿਛੋਂ ਆਰੰਭ ਹੁੰਦੀ ਹੈ। ਇਸ ਨਾਲ ਬੱਚੇ ਦੇ ਜੀਵਨ ਵਿਚ ਇਕ ਦਮ ਪਰਿਵਰਤਨ ਆ ਜਾਂਦਾ। ਉਹ ਬ੍ਰਹਮਚਰਯ ਦੇ ਨਿਯਮਾਂ ਦੀ ਪਾਲਣਾ ਕਰਦਾ ਅਤੇ ਆਪਣੇ ਗੁਰੂ ਨੂੰ ਰੱਬ ਦੇ ਸਮਾਨ ਸਮਝਦਾ।

---

1. B.S.Tripathi,History of Ancient India,p.52.
2. B.N.Luniya,Evolution of Indian Culture,p.77
3. Pritam Singh,Heritage of Sikh Culture,p.109.
4. Cultural Heritage of India,V.I,p.375.
5. ਬੱਚੇ ਨੂੰ ਜਨੇਊ ਪਾਉਣ ਸਮੇਂ

ਲੋੜ ਦੀ ਪੂਰਤੀ ਲਈ ਭੋਜਨ ਅਤੇ ਹੋਰ ਵਸਤਾਂ ਮੰਗਣ ਲਈ ਜਾਂਦਾ ਸੀ। ਇਹ ਸਾਰਾ ਕੁਝ ਬੱਚੇ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਹੋਤਾ ਜਾਂਦਾ ਸੀ। ਬੱਚੇ ਦਾ ਗੁਰੂ ਦੇ ਕੋਲ ਹੋਣਾ, ਉਸ ਲਈ ਮੰਗਣਾ ਅਤੇ ਉਸਦੇ ਹੋਰ ਘਰੇਲੂ ਕੰਮ ਕਰਨੇ ਜ਼ਰੂਰੀ ਹੁੰਦੇ ਸਨ।

ਵਿਦਿਆ ਦਾ ਮੁੱਖ ਮੰਤਵ ਬੱਚੇ ਨੂੰ ਸੁਚੱਜੀ ਤੇ ਬਾਇੱਜ਼ਤ ਗ੍ਰਹਿਸਤੀ ਬਣਾਉਣਾ ਹੁੰਦਾ ਸੀ, ਪਰ ਪਿੱਛੋਂ ਜਾ ਕੇ ਵੇਦਾਂ ਦਾ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੋ ਗਿਆ ਸੀ। ਵਿਦਿਆ ਦੀ ਪੂਰਤੀ ਪਿੱਛੋਂ ਜਦੋਂ ਵਿਦਿਆਰਥੀ ਘਰ ਮੁੜਦਾ ਸੀ ਤਾਂ ਉਸ ਨੂੰ ਗੁਰੂ ਉਪਦੇਸ਼ ਦਿੰਦਾ ਸੀ ਕਿ ਉਹ ਆਪਣੇ ਅਗਲੇ ਜੀਵਨ ਦੇ ਕਰਤੱਵਾਂ ਦਾ ਪਾਲਣ ਕਰੇ।

ਵਿਦਿਆਰਥੀ ਨੂੰ ਵਿਦਿਆ ਮੁਫ਼ਤ ਦਿੱਤੀ ਜਾਂਦੀ ਸੀ। ਵਿਦਿਅਕ ਆਸ਼ਰਮਾਂ ਨੂੰ ਦਾਨ ਤੇ ਜਾਗੀਰਾਂ ਰਾਜਿਆਂ ਤੇ ਅਮੀਰਾਂ ਵਲੋਂ ਮਿਲਦੀਆਂ ਹੁੰਦੀਆਂ ਸਨ। ਗੁਰੂ ਜਨ ਵਿਦਿਆਰਥੀ ਤੋਂ ਸਿਰਫ਼ ਅਨੁਸ਼ਾਸਨ ਤੇ ਸ਼ਰਧਾਮਈ ਵਿਵਹਾਰ ਹੀ ਚਾਹੁੰਦੇ ਸਨ।[1]

ਉਨ੍ਹਾਂ ਦਿਨਾਂ ਵਿਚ ਪੜ੍ਹਾਉਣ ਦਾ ਕਿੱਤਾ ਬਹੁਤ ਹੀ ਸਤਿਕਾਰਿਆ ਜਾਂਦਾ ਸੀ, ਕਿਉਂਕਿ ਅਧਿਆਪਕ ਹੀ ਕੌਮੀ ਜੀਵਨ ਨੂੰ ਨਿਰਦੇਸ਼ਤ ਕਰਦਾ ਸੀ। ਅਮੀਰੀ ਅਤੇ ਰਾਜਸੀ ਸ਼ਕਤੀ ਦੋਵੇਂ ਹੀ ਇਸਦੇ ਸਾਹਮਣੇ ਝੁਕਦੇ ਸਨ।[2]

**<u>ਭਾਸ਼ਾ</u>**

ਵੇਦਾਂ, ਉਪਨਿਸ਼ਦਾਂ ਅਤੇ ਹੋਰ ਪੁਸਤਕਾਂ ਦੀ ਭਾਸ਼ਾ ਸੰਸਕ੍ਰਿਤ ਹੀ ਸੀ ਪਰੰਤੂ ਆਮ ਲੋਕਾਂ ਦੀ ਭਾਸ਼ਾ ਗੈਰ-ਆਰੀਆ ਲੋਕਾਂ ਦੇ ਮੇਲ ਜੋਲ ਕਰਕੇ ਬਦਲ ਗਈ ਸੀ ਜਿਸ ਕਰਕੇ ਪ੍ਰਾਕ੍ਰਿਤ ਉਪਭਾਸ਼ਾਵਾਂ ਹੋਂਦ ਵਿਚ ਆਈਆਂ ਅਤੇ ਵੱਖ ਵੱਖ ਪ੍ਰਾਂਤਾਂ ਦੀਆਂ ਵੱਖ ਵੱਖ ਪ੍ਰਾਕ੍ਰਿਤਾਂ ਬਣੀਆਂ। ਆਰੰਭ ਵਿਚ ਤਿੰਨ ਪ੍ਰਾਕ੍ਰਿਤਾਂ ਸਨ, ਸ਼ੌਰਸੈਨੀ, ਕੇਂਦਰੀ ਦੁਆਬ ਦੀ, ਮਾਗਧੀ ਮਗਧ ਦੀ ਅਤੇ ਮਹਾਰਾਸ਼ਟਰੀ ਪੱਛਮ ਦੀ। ਹੌਲੀ ਹੌਲੀ ਇਨ੍ਹਾਂ ਦੀਆਂ ਹੋਰ ਉਪ-ਭਾਸ਼ਾਵਾਂ ਵੀ ਬਣ ਗਈਆਂ। ਵੈਦਿਕ ਭਾਸ਼ਾ ਤੋਂ ਦੋ ਭਾਸ਼ਾਵਾਂ ਬਣੀਆਂ, ਇਕ ਪਾਣਿਨੀ ਦੀ ਸੰਸਕ੍ਰਿਤ ਤੇ ਦੂਜੀ ਪ੍ਰਾਕ੍ਰਿਤ ਜੋ ਵਕਤ ਦੀਆਂ ਲੋੜਾਂ ਅਨੁਸਾਰ ਬਦਲਦੀ ਰਹੀ। ਹੋ ਸਕਦਾ ਹੈ ਉਸ ਸਮੇਂ ਸੰਸਕ੍ਰਿਤ ਭਾਸ਼ਾ ਸਭਯ ਲੋਕਾਂ ਅਤੇ ਸਾਹਿਤਕਾਰਾਂ ਦੀ ਬੋਲ ਚਾਲ ਦੀ ਭਾਸ਼ਾ ਵੀ ਰਹੀ ਹੋਵੇ।

**<u>ਸਾਹਿਤ</u>**

ਪਿਛਲੇਰੇ ਵੈਦਿਕ ਕਾਲ ਨੂੰ ਸਾਹਿਤ ਦਾ ਸੁਨਹਿਰੀ ਯੁਗ ਮੰਨਿਆ ਗਿਆ ਹੈ, ਜਿਸ ਵਿਚ ਆਰਣਯਕ ਅਤੇ ਉਪਨਿਸ਼ਦ ਬੜੇ ਉੱਚ ਪਧਰ ਦੇ ਬੌਧਿਕ ਗ੍ਰੰਥ ਲਿਖੇ ਗਏ। ਯਜੁਰਵੇਦ ਸੰਹਿਤਾ, ਸਾਮ ਵੇਦ ਸੰਹਿਤਾ ਅਤੇ ਅਥਰਵ ਵੇਦ ਸੰਹਿਤਾ ਵੀ ਇਸੇ ਕਾਲ ਵਿਚ ਲਿਖੇ ਗਏ। ਇਹ ਵੈਦਿਕ ਸਾਹਿਤ ਉਸ ਸਮੇਂ ਦੇ ਆਰੀਆ ਲੋਕਾਂ ਦੇ ਧਾਰਮਿਕ, ਰਾਜਸੀ, ਸਮਾਜਕ ਅਤੇ ਆਰਥਕ ਜੀਵਨ

---

1. Cultural Heritage of India, V. I, p. 219.
2. ibid. p. 220.

ਬਾਰੇ ਗਿਆਨ ਪ੍ਰਾਪਤੀ ਦੇ ਭੰਡਾਰ ਹਨ।

## ਬ੍ਰਾਹਮਣ

ਇਹ ਪੁਸਤਕਾਂ ਵੇਦ ਮੰਤਰਾਂ ਦੀ ਵਿਆਖਿਆ ਹਨ। ਸਾਧਾਰਨ ਮਨੁੱਖ ਲਈ ਵੇਦਾਂ ਨੂੰ ਸਮਝਣ ਲਈ ਇਨ੍ਹਾਂ ਦਾ ਅਧਿਐਨ ਬੜਾ ਜਰੂਰੀ ਸੀ। ਇਹ ਜ਼ਿਆਦਾ ਤਰ ਗੱਦ ਵਿਚ ਹੀ ਲਿਖੇ ਗਏ ਹਨ।

## ਉਪਨਿਸ਼ਦ

ਉਪਨਿਸ਼ਦ ਵੇਦਾਂਤ ਕਰਕੇ ਪ੍ਰਸਿੱਧ ਹਨ। ਇਨ੍ਹਾਂ ਵਿਚ ਆਰੀਆ ਲੋਕਾਂ ਦੇ ਧਾਰਮਿਕ ਤੇ ਅਧਿਆਤਮਿਕ ਜੀਵਨ ਬਾਰੇ ਵਿਚਾਰ ਦਿੱਤੇ ਗਏ ਹਨ। ਆਤਮਾ, ਪਰਮਾਤਮਾ, ਜਗਤ ਰਚਨਾ, ਕਰਮਾਂ ਦਾ ਸਿਧਾਂਤ ਮੁਕਤੀ ਪ੍ਰਾਪਤੀ ਦੇ ਢੰਗ, ਗਿਆਨ ਆਦਿ ਇਨ੍ਹਾਂ ਦੇ ਮੁੱਖ ਵਿਸ਼ੇ ਹਨ।

## ਆਰਣਯਕ

ਇਹ ਬ੍ਰਾਹਮਣਾਂ ਦੇ ਅੰਤ ਵਿਚ ਮਿਲਦੇ ਹਨ। ਇਹ ਉਨ੍ਹਾਂ ਰਿਸ਼ੀਆਂ ਲਈ ਸਨ ਜੋ ਜੰਗਲਾਂ ਵਿਚ ਰਹਿ ਕੇ ਧਾਰਮਿਕ ਜ਼ਿੰਦਗੀ ਤੇ ਜ਼ੋਰ ਦਿੰਦੇ ਸਨ। ਇਨ੍ਹਾਂ ਵਿਚ ਆਤਮਾ ਅਤੇ ਸੰਸਾਰ ਦੀ ਉਤਪਤੀ ਬਾਰੇ ਵਿਚਾਰ ਦਿੱਤੇ ਗਏ ਹਨ। ਇਨ੍ਹਾਂ ਤੋਂ ਆਰੀਆਂ ਦੀ ਅਧਿਆਤਮਕ ਉਨੱਤੀ ਬਾਰੇ ਵੀ ਜਾਣਕਾਰੀ ਮਿਲਦੀ ਹੈ।

## ਵੇਦਾਂਗ

ਇਸ ਸਮੇਂ ਸਿਕਸ਼ਾ, ਛੰਦ, ਵਿਆਕਰਨ, ਕਲਪ, ਨਿਰੁਕਤੀ ਅਤੇ ਜੋਤਸ਼, ਛੇ ਵੇਦਾਂਗ ਲਿਖੇ ਗਏ। ਸਿਕਸ਼ਾ ਵਿਚ ਵੇਦ ਮੰਤਰਾਂ ਦੇ ਸ਼ੁੱਧ ਉਚਾਰਨ, ਵਿਆਕਰਣ ਵਿਚ ਵੇਦ ਵਿਆਕਰਣ, ਨਿਰੁਕਤ ਵਿਚ ਵੇਦਾਂ ਦੇ ਠੀਕ ਅਰਥ ਦੱਸੇ ਹਨ। ਸਭ ਤੋਂ ਪ੍ਰਸਿੱਧ ਪੁਸਤਕ ਪਿੰਗਲ ਦਾ ਛੰਦ ਸੂਤਰ ਹੈ। ਜੋਤਸ਼ ਤੋਂ ਪਤਾ ਲਗਦਾ ਹੈ ਕਿ ਪੁਰਾਣੇ ਰਿਸ਼ੀ ਮੁਨੀ ਜੋਤਸ਼ ਵਿਗਿਆਨ ਪੜ੍ਹਦੇ ਸਨ ਤੇ ਦਿਨਾਂ, ਮਹੀਨੇ ਅਤੇ ਮੌਸਮਾਂ ਬਾਰੇ ਜਾਣਕਾਰੀ ਦਿੰਦੇ ਸਨ, ਇਹ ਵੀ ਦਸਦੇ ਸਨ ਕਿ ਗ੍ਰਹਿਣਾਂ ਦਾ ਮਨੁੱਖੀ ਜੀਵਨ ਤੇ ਕੀ ਅਸਰ ਪੈਂਦਾ ਹੈ।

ਅਥਰਵ ਵੇਦ ਵਿਚ ਜਾਦੂ ਟੂਣਿਆਂ ਦਾ ਵਰਨਣ ਵੀ ਬਹੁਤ ਮਿਲਦਾ ਹੈ। ਖੇਤੀ ਤੇ ਬਰਖਾ ਲਈ ਵੀ ਮੰਤਰ ਪੜ੍ਹੇ ਜਾਂਦੇ ਸਨ, ਅਨਾਜ ਦੀ ਬਹੁਲਤਾ ਲਈ ਵੀ ਜਾਦੂ ਟੂਣੇ ਕੀਤੇ ਜਾਂਦੇ ਸਨ। ਜਾਦੂ ਵਿਦਿਆ ਬਾਰੇ ਕਈ ਸਲੋਕ ਅਥਰਵ ਵੇਦ ਵਿਚ ਆਏ ਹਨ। ਮਨੁੱਖੀ ਦੁਸ਼ਮਣਾਂ ਦੇ ਵਿਰੁੱਧ, ਸੱਪ ਲੜਣ ਦੇ ਇਲਾਜ ਲਈ ਅਤੇ ਬੀਮਾਰੀਆਂ ਦੂਰ ਕਰਨ ਲਈ ਵੀ ਕਈ ਮੰਤਰ ਮਿਲਦੇ ਹਨ। ਉਸ ਸਮੇਂ ਵਿਚ ਅਜਿਹਾ ਸਮਝਿਆ ਜਾਂਦਾ ਸੀ ਕਿ ਸਭ ਬੀਮਾਰੀਆਂ ਜਾਦੂ ਮੰਤਰਾਂ ਨਾਲ ਦੂਰ

ਹੋ ਸਕਦੀਆਂ ਸਨ। ਅਜਿਹਾ ਲਗਦਾ ਹੈ ਕਿ ਅਥਾਹ ਸੰਸਾਰ ਨੂੰ ਨਿਯੰਤ੍ਰਿਤ ਰਖਣ ਲਈ ਜਾਦੂ ਟੂਣਿਆਂ ਦਾ ਬੜਾ ਅਸਰ ਸੀ।

ਵੈਦਗੀ ਦਾ ਧੰਦਾ ਵੀ ਸਥਾਪਤ ਹੋ ਚੁੱਕਾ ਸੀ। ਅਥਰਵ ਵੇਦ ਵਿਚ ਕਈ ਬੀਮਾਰੀਆਂ ਦੇ ਨਾਮ ਮਿਲਦੇ ਹਨ, ਜਿਨ੍ਹਾਂ ਨੂੰ ਜੜ੍ਹੀਆਂ ਬੂਟੀਆਂ ਨਾਲ ਠੀਕ ਕੀਤਾ ਜਾਂਦਾ ਸੀ।

## ਆਰਥਕ ਜੀਵਨ

ਇਸ ਕਾਲ ਵਿਚ ਲੋਕੀਂ ਪਿੰਡਾਂ ਅਤੇ ਸ਼ਹਿਰਾਂ ਦੋਹਾਂ ਵਿਚ ਹੀ ਰਹਿੰਦੇ ਸਨ ਅਤੇ ਕਈ ਪ੍ਰਕਾਰ ਦੇ ਧੰਦੇ ਕਰਦੇ ਸਨ। ਪੂਰਵ ਵੈਦਿਕ ਕਾਲ ਦੀ ਤਰ੍ਹਾਂ ਮੁੱਖ ਧੰਦਾ ਖੇਤੀਬਾੜੀ ਕਰਨਾ ਹੀ ਸੀ। ਖੇਤੀਬਾੜੀ ਨੇ ਇਸ ਕਾਲ ਵਿਚ ਬੜੀ ਤਰੱਕੀ ਕੀਤੀ ਸੀ ਅਤੇ ਖੇਤੀਬਾੜੀ ਦੇ ਨਵੇਂ ਸੰਦ ਵੀ ਵਰਤੋਂ ਵਿਚ ਆਏ ਸਨ। ਕਾਠਕ ਸੰਹਿਤਾ ਵਿਚ ਜ਼ਿਕਰ ਆਉਂਦਾ ਹੈ ਕਿ 24 ਬਲਦਾਂ ਵਾਲਾ ਹਲ ਵਾਹਿਆ ਜਾਂਦਾ ਸੀ ਅਤੇ ਸ਼ਤਪਥ ਬ੍ਰਾਹਮਣ ਅਨੁਸਾਰ ਹਲ ਵਾਹੁਣਾ, ਬੀਜਾਈ, ਵਾਢੀ ਆਦਿ ਕਰਨ ਦੇ ਢੰਗਾਂ ਤੋਂ ਆਰੀਆ ਲੋਕ ਭਲੀ ਭਾਂਤੀ ਜਾਣੂ ਸਨ। ਸਾਲ ਵਿਚ ਦੋ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਮੁੱਖ ਫ਼ਸਲਾਂ ਕਣਕ, ਜੌਂ, ਚਾਵਲ, ਤਿਲ ਅਤੇ ਮੂੰਗ ਮਸਰ ਹੁੰਦੇ ਸਨ। ਵੱਡੇ ਵੱਡੇ ਜ਼ਿਮੀਂਦਾਰ ਵੀ ਹੋਂਦ ਵਿਚ ਆ ਰਹੇ ਸਨ। ਇਸ ਤਰ੍ਹਾਂ ਜ਼ਿਮੀਂਦਾਰ ਅਤੇ ਕਾਸ਼ਤਕਾਰ ਦੇ ਸ਼੍ਰੇਣੀਆਂ ਬਣਨੀਆਂ ਆਰੰਭ ਹੋ ਗਈਆਂ। ਹਲ ਵਾਹਕ ਕਿਸਾਨਾਂ ਲਈ ਕੁਝ ਮੁਸ਼ਕਲਾਂ ਵੀ ਸਨ। ਉਨ੍ਹਾਂ ਕੋਲ ਚੰਗੀਆਂ ਸਹੂਲਤਾਂ ਨਾ ਹੋਣ ਕਰਕੇ ਕਈ ਵਾਰੀ ਫ਼ਸਲਾਂ ਕਬੂਤਰ ਅਤੇ ਹੋਰ ਜੰਤੂ ਖਰਾਬ ਕਰ ਜਾਂਦੇ ਸਨ।

## ਪਸ਼ੂ ਪਾਲਣਾ

ਪਸ਼ੂ ਪਾਲਣੇ ਖ਼ਾਸ ਕਰਕੇ ਗਊ ਪਾਲਣਾ ਹਰੇਕ ਲਈ ਬੜਾ ਜ਼ਰੂਰੀ ਮੰਨਿਆ ਜਾਂਦਾ ਸੀ। ਅਥਰਵ ਵੇਦ ਅਨੁਸਾਰ ਜੋ ਗਊਆਂ ਨਹੀਂ ਰਖਦਾ ਸੀ ਉਹ ਅਭਾਗਾ ਸਮਝਿਆ ਜਾਂਦਾ ਸੀ ਅਤੇ ਇਸ ਬਦਨਸੀਬੀ ਤੋਂ ਛੁਟਕਾਰਾ ਪਾਉਣ ਲਈ ਮੰਤਰ ਵੀ ਮਿਲਦੇ ਸਨ।[2] ਗਊਆਂ, ਬਲਦਾਂ ਤੇ ਘੋੜਿਆਂ ਤੋਂ ਇਲਾਵਾ ਭੇਡਾਂ ਅਤੇ ਬੱਕਰੀਆਂ ਵੀ ਪਾਲੀਆਂ ਜਾਂਦੀਆਂ ਸਨ। ਅਥਰਵ ਵੇਦ ਵਿਚ ਹਾਥੀ ਪਾਲਣ ਦਾ ਜ਼ਿਕਰ ਵੀ ਮਿਲਦਾ ਹੈ।

## ਧਾਤ ਦਾ ਕੰਮ

ਹਥਿਆਰਾਂ ਦੀ ਵਧਦੀ ਵਰਤੋਂ ਅਤੇ ਧਾਤਾਂ ਦੀਆਂ ਹੋਰ ਵਸਤੂਆਂ ਵੀ ਬਣਨ ਕਰਕੇ ਕਈ ਤਰ੍ਹਾਂ ਦੇ ਉਦਯੋਗ ਚਾਲੂ ਹੋਏ। ਵਾਜਸਨੇਈ ਸੰਹਿਤਾ ਵਿਚ ਸੋਨੇ ਚਾਂਦੀ, ਤਾਂਬੇ, ਪਿੱਤਲ, ਲੋਹੇ, ਸਿੱਕੇ

---

1. Pandey & Singh, Evolution of Indian Culture, p.47.
2. Cultural Heritage of India, V.I, p.227.

ਅਤੇ ਟੀਨ ਦੀ ਵਰਤੋਂ ਦਾ ਜ਼ਿਕਰ ਆਉਂਦਾ ਹੈ। ਜਿਸ ਕਰਕੇ ਸੁਨਿਆਰ, ਲੋਹਾਰ ਅਤੇ ਠਠਿਆਰ ਆਦਿ ਕਿੱਤੇ ਹੋਂਦ ਵਿਚ ਆਏ।

<u>ਹੋਰ ਕਿੱਤੇ</u>

ਵੈਦਿਕ ਕਾਲ ਨਾਲ ਮੁਕਾਬਲਾ ਕੀਤਿਆਂ ਅਸੀਂ ਦੇਖਦੇ ਹਾਂ ਕਿ ਇਸ ਕਾਲ ਵਿਚ ਕਈ ਨਵੇਂ ਧੰਦੇ ਚਾਲੂ ਹੋਏ। ਇਸ ਸਮੇਂ ਮਛੇਰੇ, ਕਸਾਈ, ਧੋਬੀ, ਨਾਈ, ਮੋਚੀ, ਜੜਾਊ ਗਹਿਣੇ ਬਣਾਉਣ ਵਾਲੇ, ਟੋਕਰੀਆਂ ਤੇ ਰੱਸੀਆਂ ਬਣਾਉਣ ਵਾਲੇ, ਲਲਾਰੀ, ਰਥ ਤੇ ਤੀਰ ਕਮਾਨ ਬਣਾਉਣ ਵਾਲੇ, ਧਾਤਾਂ ਗਾਲਣ ਵਾਲੇ ਅਤੇ ਕੁਮਿਆਰ ਆਦਿ ਵੀ ਮਿਲਦੇ ਹਨ। ਸੂਤੀ ਕਪੜੇ ਬਣਾਉਣ ਦਾ ਕੰਮ ਕਾਫੀ ਚੰਗਾ ਸੀ। ਇਸਤ੍ਰੀਆਂ ਕਪੜਿਆਂ ਤੇ ਕਢਾਈ, ਛਪਾਈ, ਰੰਗਣਾਂ ਅਤੇ ਟੋਕਰੀਆਂ ਬਣਾਉਣ ਦਾ ਕੰਮ ਕਰਦੀਆਂ ਸਨ। ਪੁਜਾਰੀ ਅਤੇ ਸਿਪਾਹੀ ਦੀ ਸਮਾਜ ਵਿਚ ਬਹੁਤ ਇੱਜ਼ਤ ਕੀਤੀ ਜਾਂਦੀ ਸੀ।

ਡਾਕਟਰੀ ਜਾਂ ਵੈਦਗੀ ਦਾ ਧੰਦਾ ਵੀ ਆਰੰਭ ਹੋ ਚੁੱਕਾ ਸੀ। ਕੁਝ ਬੀਮਾਰੀਆਂ ਦਾ ਇਲਾਜ ਜੜੀਆਂ ਬੂਟੀਆਂ ਅਤੇ ਕੁਝ ਜਾਦੂ ਟੂਣਿਆਂ ਨਾਲ ਕੀਤਾ ਜਾਂਦਾ ਸੀ। ਅਥਰਵ ਵੇਦ ਵਿਚ ਬੁਖਾਰ, ਪੀਲੀਆ, ਤਪਦਿਕ, ਪੇਚਸ਼, ਫੋੜੇ, ਅੱਖਾਂ ਦੀ ਬੀਮਾਰੀ, ਗਰਭਪਾਤ ਆਦਿ ਬੀਮਾਰੀਆਂ ਦੇ ਇਲਾਜ ਦਾ ਜ਼ਿਕਰ ਮਿਲਦਾ ਹੈ। ਜਰਾਹੀ ਦਾ ਵਰਣਨ ਵੀ ਮਿਲਦਾ ਹੈ।

<u>ਵਪਾਰ</u>

ਵਪਾਰਕ ਅਤੇ ਸਨਅਤੀ ਤਰੱਕੀ ਵੀ ਇਸ ਕਾਲ ਵਿਚ ਬਹੁਤ ਹੋਈ ਹੈ। ਵਪਾਰੀ ਇਕ ਸਥਾਨ ਤੋਂ ਦੂਜੇ ਸਥਾਨ ਤੇ ਵਪਾਰ ਕਰਨ ਲਈ ਜਾਂਦੇ ਸਨ। ਵਪਾਰ ਆਮ ਤੌਰ ਤੇ ਵੈਸ਼ ਜਾਤੀ ਦੇ ਲੋਕ ਹੀ ਕਰਦੇ ਸਨ ਅਤੇ ਇਹ ਆਮ ਕਰਕੇ ਵੱਟੇ ਸੱਟੇ ਦਾ ਹੀ ਹੁੰਦਾ ਸੀ। ਸੋਨੇ, ਚਾਂਦੀ ਅਤੇ ਤਾਂਬੇ ਦੇ ਸਿੱਕੇ ਵੀ ਚਲਦੇ ਸਨ। ਕੀਮਤਾਂ ਸਰਕਾਰ ਵਲੋਂ ਨਿਯਤ ਕੀਤੀਆਂ ਜਾਂਦੀਆਂ ਸਨ ਅਤੇ ਘਟ ਨਾਪਣ ਤੇ ਘਟ ਤੋਲਣ ਵਾਲੇ ਨੂੰ ਸਜ਼ਾ ਦਿੱਤੀ ਜਾਂਦੀ ਸੀ। ਦੇਸ਼ ਵਿਚ ਅਤੇ ਅੰਤਰ ਦੇਸੀ ਵਪਾਰ ਵੀ ਹੁੰਦਾ ਸੀ। ਖੁਸ਼ਕੀ ਦੇ ਰਸਤੇ ਅਤੇ ਪਾਣੀ ਦੇ ਰਸਤੇ ਵਸਤਾਂ ਬਾਹਰ ਭੇਜੀਆਂ ਅਤੇ ਬਾਹਰੋਂ ਲਿਆਂਦੀਆਂ ਜਾਂਦੀਆਂ ਸਨ।

ਪਹਾੜੀ ਲੋਕ ਪਹਾੜਾਂ ਤੋਂ ਪੁੱਟੀਆਂ ਜੜੀਆਂ ਬੂਟੀਆਂ ਤੇ ਹੋਰ ਦਵਾਈਆਂ ਦੇ ਬਦਲੇ ਵਿਚ ਕਪੜੇ, ਚਟਾਈਆਂ ਅਤੇ ਖੱਲਾਂ ਖਰੀਦਦੇ ਸਨ। ਸਮੁੰਦਰ ਦੇ ਬਾਰੇ ਵਿਚ ਵੀ ਲੋਕਾਂ ਨੂੰ ਜਾਣਕਾਰੀ ਸੀ। ਸ਼ਤਪਥ ਬ੍ਰਾਹਮਣ ਵਿਚ ਹੜ੍ਹ ਦੀ ਕਹਾਣੀ ਦੇ ਜ਼ਿਕਰ ਤੋਂ ਲਗਦਾ ਹੈ ਕਿ ਬੇਬੀਲੋਨੀਆ ਨਾਲ ਵੀ ਮੇਲ ਜੋਲ ਸੀ।

ਵਪਾਰ ਲਈ ਸੂਦ ਤੇ ਪੈਸਾ ਵੀ ਦਿੱਤਾ ਜਾਂਦਾ ਸੀ। ਸਰਕਾਰ ਵਪਾਰੀਆਂ ਨੂੰ ਕਰ ਵੀ ਲਗਾਉਂਦੀ ਸੀ। ਇਸ ਅਨੁਸਾਰ ਵਪਾਰੀ ਆਪਣੇ ਲਾਭ ਦਾ ਪੰਜਵਾਂ ਹਿੱਸਾ ਕਰ ਦੇ ਰੂਪ ਵਿਚ

ਸਰਕਾਰ ਨੂੰ ਦਿੰਦਾ ਸੀ। ਕਿਸਾਨ ਛੋਟੇ ਤੋਂ ਲੈ ਕੇ ਬਾਹਰਵੇਂ ਹਿੱਸੇ ਤਕ ਅਤੇ ਦਸਤਕਾਰ ਮਹੀਨੇ ਵਿਚੋਂ ਇਕ ਦਿਨ ਦੀ ਕਮਾਈ ਸਰਕਾਰ ਨੂੰ ਦਿੰਦੇ ਸਨ। ਇਸ ਕਾਲ ਵਿਚ ਵਪਾਰੀਆਂ ਦੀਆਂ ਸਭਾਵਾਂ ਬਣ ਗਈਆਂ ਸਨ ਜਿਨ੍ਹਾਂ ਦੇ ਮੁਖੀ ਮਹਾਜਨ ਹੁੰਦੇ ਸਨ। ਪ੍ਰੋਹਤਾਂ ਤੋਂ ਪਿਛੋਂ ਦੂਜਾ ਆਦਰਯੋਗ ਦਰਜਾ ਮਹਾਜਨ ਦਾ ਹੁੰਦਾ ਸੀ। ਖੇਤੀ ਅਤੇ ਸਨਅਤ ਨੂੰ ਰਾਜਸੀ ਸਰਪ੍ਰਸਤੀ ਵੀ ਮਿਲਣ ਲਗ ਪਈ ਸੀ।

ਪੇਂਡੂ ਜੀਵਨ

ਆਰੀਆ ਲੋਕ ਸ਼ੁਰੂ ਤੋਂ ਹੀ ਪਸ਼ੂ ਪਾਲਣ ਅਤੇ ਪਿੰਡਾਂ ਵਿਚ ਰਹਿਣ ਵਾਲੇ ਸਨ, ਇਸ ਕਰਕੇ ਉਨ੍ਹਾਂ ਨੇ ਬਹੁਤ ਸਾਰੇ ਪਿੰਡ ਸਥਾਪਤ ਕੀਤੇ। ਕੁਝ ਸਮਾਂ ਪਾ ਕੇ ਉਹ ਪਿੰਡ ਹੀ ਆਰੀਆ ਲੋਕਾਂ ਦੇ ਸਮਾਜਕ, ਰਾਜਸੀ ਤੇ ਆਰਥਕ ਜੀਵਨ ਦੇ ਕੇਂਦਰ ਬਣ ਗਏ, ਜਿਸਦੇ ਫਲ ਸਰੂਪ ਸਥਾਨਕ ਸਵੈਸ਼ਾਸਨ ਦਾ ਪਿੰਡਾਂ ਤੋਂ ਹੀ ਵਿਕਾਸ ਹੋਇਆ। ਇਸ ਲਈ ਚਾਹੇ ਸਦੀਆਂ ਬੀਤ ਗਈਆਂ ਹਨ ਪ੍ਰੰਤੂ ਆਰੀਆ ਸਭਿਆਚਾਰ ਅਜੇ ਵੀ ਅਸਲੀ ਰੂਪ ਵਿਚ ਪਿੰਡਾਂ ਵਿਚ ਹੀ ਵੇਖਣ ਨੂੰ ਮਿਲਦਾ ਹੈ।

ਆਵਾਜਾਈ ਦੇ ਸਾਧਨ

ਆਵਾਜਾਈ ਦੇ ਆਮ ਸਾਧਨ ਗੱਡੇ, ਰਥ ਅਤੇ ਘੋੜੇ ਦੀ ਸਵਾਰੀ ਹੀ ਹੁੰਦੇ ਸਨ। ਰਾਜੇ ਅਤੇ ਅਮੀਰ ਕਈ ਵਾਰੀ ਹਾਥੀ ਦੀ ਸਵਾਰੀ ਵੀ ਕਰਦੇ ਸਨ। ਦਰਿਆਵਾਂ ਤੇ ਸਮੁੰਦਰਾਂ ਵਿਚ ਬੇੜੀਆਂ ਅਤੇ ਜਹਾਜ਼ ਵੀ ਚਲਦੇ ਸਨ।

ਕਲਾ

ਇਸ ਕਾਲ ਦੇ ਲੋਕੀ ਕਾਫੀ ਕਲਾ ਪ੍ਰੇਮੀ ਸਨ। ਇਕ ਪੁਰਾਣੀ ਜਪਾਨੀ ਹੱਥ ਲਿਖਤ ਪੁਸਤਕ ਵਿਚ ਜੋ ਭਾਰਤੀ ਪਰੰਪਰਾ ਤੇ ਆਧਾਰਤ ਹੈ, ਵੈਦਿਕ ਰਿਸ਼ੀਆਂ ਦੇ ਚਿਤ੍ਰ ਵੀ ਮਿਲਦੇ ਹਨ। ਰਾਮਾਇਣ ਵਿਚ ਵੀ ਤਤਕਾਲੀਨ ਸਮਾਜ ਨੂੰ ਬਹੁਤ ਕਲਾਪ੍ਰੇਮੀ ਦੱਸਿਆ ਹੈ। ਅਯੁੱਧਿਆ ਵਾਸੀਆਂ ਨਾਲ ਵਾਰਤੀ ਕਰਾਉਂਦਿਆਂ ਮੁਨੀ ਜੀ ਨੇ ਲਿਖਿਆ ਹੈ ਕਿ ਉਹ ਲੋਕ ਬਹੁਤ ਕਲਾਪ੍ਰੇਮੀ ਅਤੇ ਸੁੰਦਰਤਾ ਪ੍ਰੇਮੀ ਸਨ। ਇਸਤ੍ਰੀਆਂ ਆਪਣੇ ਕੇਸਾਂ ਅਤੇ ਅੰਗਾਂ ਨੂੰ ਸਜਾਉਂਦੀਆਂ ਸਨ। ਉਹ ਆਪਣੀਆਂ ਗੱਲ੍ਹਾਂ ਉਤੇ ਪੱਤੀਆਂ ਚਿਤ੍ਰਦੀਆਂ ਸਨ। ਮਹਿਲਾਂ, ਰਥਾਂ, ਪਸ਼ੂਆਂ ਅਤੇ ਹੋਰ ਵਸਤਾਂ ਨੂੰ ਕਲਾਮਈ ਢੰਗ ਨਾਲ ਸਜਾਇਆ ਜਾਂਦਾ ਸੀ। ਇਸ ਤੋਂ ਸਪਸ਼ਟ ਹੈ ਕਿ ਇਸ ਕਾਲ ਵਿਚ ਜ਼ਰੂਰ ਚਿਤਰਾਂ ਅਤੇ ਮੂਰਤੀਆਂ ਦੀ ਸਿਰਜਨਾ ਕੀਤੀ ਗਈ ਹੋਵੇਗੀ।[1]

---

1. ਇੰਦਰਪਾਲ ਸਿੰਘ ਸੇਖੋਂ - ਭਾਰਤੀ ਕਲਾ ਦਾ ਇਤਿਹਾਸ - ਪੰਨਾ 11.

## ਧਰਮ

ਇਸ ਕਾਲ ਵਿਚ ਧਰਮ ਦੇ ਖੇਤਰ ਵਿਚ ਵੀ ਕਾਫ਼ੀ ਤਬਦੀਲੀਆਂ ਆਈਆਂ। ਦੇਵਤਿਆਂ ਦੀ ਪੂਜਾ ਵਿਚ ਵੀ ਲੋਕਾਂ ਦੇ ਵਿਚਾਰ ਬਦਲਣੇ ਆਰੰਭ ਹੋ ਗਏ। ਪਹਿਲਾਂ ਕੁਦਰਤੀ ਸ਼ਕਤੀਆਂ ਦੇ ਮਾਲਕ ਵਰੁਣ, ਇੰਦਰ, ਅਗਨੀ ਅਤੇ ਸੂਰਜ ਦੇਵਤਾ ਆਦਿ ਦੀ ਪੂਜਾ ਕੀਤੀ ਜਾਂਦੀ ਸੀ, ਪਰ ਪਿਛਲੇਰੇ ਵੈਦਿਕ ਕਾਲ ਵਿਚ ਇਨ੍ਹਾਂ ਦੇਵਤਿਆਂ ਦੀ ਪੂਜਾ ਬਾਰੇ ਲੋਕਾਂ ਵਿਚ ਉਤਸ਼ਾਹ ਘਟਣਾ ਸ਼ੁਰੂ ਹੋ ਗਿਆ। ਉਨ੍ਹਾਂ ਨੂੰ ਕੇਵਲ 'ਦੁਸ਼ਟਾਂ' ਦਾ ਸੰਘਾਰ ਕਰਨ ਦੇ ਉਦੇਸ਼ ਨਾਲ ਹੀ ਪੂਜਿਆ ਜਾਣ ਲੱਗਾ ਅਤੇ ਉਨ੍ਹਾਂ ਦੀ ਥਾਂ ਨਵੇਂ ਦੇਵਤਿਆਂ ਵਿਸ਼ਨੂੰ, ਸ਼ਿਵ ਜੀ ਅਤੇ ਰੁਦਰ ਜੀ ਪੂਜਾ ਹੋਣ ਲੱਗੀ। ਭਾਵੇਂ ਅਥਰਵ ਵੇਦ ਵਿਚ ਵਰੁਣ ਅਤੇ ਧਰਤੀ ਬਾਰੇ ਕੁਝ ਮੰਤਰ ਮਿਲਦੇ ਹਨ ਪਰ ਇਸ ਕਾਲ ਵਿਚ ਉਨ੍ਹਾਂ ਦਾ ਜਸ ਬਹੁਤ ਹੀ ਘਟ ਗਿਆ ਸੀ। ਰਿਗ ਵੇਦ ਵਿਚ ਵਿਸ਼ਨੂੰ ਅਤੇ ਸ਼ਿਵ ਜੀ ਦਾ ਵਰਣਨ ਤਾਂ ਮਿਲਦਾ ਹੈ ਪਰ ਇਹ ਆਮ ਲੋਕਾਂ ਵਿਚ ਅਜੇ ਹਰਮਨ ਪਿਆਰੇ ਨਹੀਂ ਹੋਏ ਸਨ। ਸ਼ਿਵ ਜੀ ਨੂੰ ਮਹਾਦੇਵ ਅਤੇ ਪਸ਼ੂ ਪਤੀ ਦੇ ਨਾਵਾਂ ਨਾਲ ਪੁਕਾਰਿਆ ਜਾਣ ਲੱਗਾ। ਇਸ ਦੀ ਹਰਮਨ ਪਿਆਰਤਾ ਸ਼ਾਇਦ ਇਸ ਕਰਕੇ ਵਧੇਰੇ ਹੋਈ ਕਿ ਇਸ ਨੂੰ ਪੂਰਵ ਇਤਿਹਾਸਕ ਕਾਲ ਦੇ ਨਰ ਦੇਵਤਾ ਵਰਗਾ ਮੰਨਿਆ ਗਿਆ।

ਰੁਦਰ ਦੇ ਨਾਲ ਨਾਲ ਵਿਸ਼ਨੂੰ ਦੇਵਤਾ ਹੋਂਦ ਵਿਚ ਆਇਆ। ਇਹ ਸੂਰਜੀ ਦੇਵਤਾ ਹੈ ਤੇ ਰਿਗ ਵੇਦ ਵਿਚ ਵੀ ਜਾਣਿਆ ਪਛਾਣਿਆ ਹੈ। ਲੋਕਾਂ ਨੂੰ ਦੁੱਖਾਂ ਤੋਂ ਛੁਟਕਾਰਾ ਦੇਣ ਕਰਕੇ ਇਹ ਲੋਕਾਂ ਵਿਚ ਬੜਾ ਸਤਿਕਾਰਿਆ ਜਾਣ ਲੱਗਾ।[1] ਗੰਧਰਵ, ਅਪਸਰਾ ਆਦਿ ਨੇ ਵੀ ਅਰਧ-ਦੇਵਤਾ ਦਾ ਰੁਤਬਾ ਹਾਸਲ ਕਰ ਲਿਆ ਸੀ। ਇਸ ਤੋਂ ਇਲਾਵਾ ਨਾਗ ਪੂਜਾ ਵੀ ਆਮ ਹੋਣ ਲੱਗ ਪਈ। ਲਗਦਾ ਹੈ ਕਿ ਨਾਗ ਦੇਵਤੇ ਨੂੰ ਆਰੀਆ ਨੇ ਆਦਿ-ਵਾਸੀਆਂ ਤੋਂ ਅਪਣਾਇਆ ਹੈ।

## ਯੱਗ ਅਤੇ ਹੋਰ ਰਸਮਾਂ

ਇਸ ਕਾਲ ਵਿਚ ਯੱਗ ਕਰਨ ਦੀ ਰਸਮ ਕਾਫ਼ੀ ਗੁੰਝਲਦਾਰ ਹੋ ਗਈ ਸੀ। ਜਿਥੇ ਵੈਦਿਕ ਕਾਲ ਵਿਚ ਯੱਗ ਕਰਨ ਵੇਲੇ ਪੁਰੋਹਤ ਸਿਰਫ਼ ਸੱਤ ਹੁੰਦੇ ਸਨ ਹੁਣ ਇਨ੍ਹਾਂ ਦੀ ਗਿਣਤੀ ਸਤਾਰਾਂ ਤਕ ਪੁੱਜ ਗਈ ਸੀ। ਇਨ੍ਹਾਂ ਪੁਰੋਹਤਾਂ ਦੇ ਅੱਗੇ ਸਹਾਇਕ ਪੁਰੋਹਤ ਵੀ ਹੁੰਦੇ ਸਨ, ਜਿਸ ਕਰਕੇ ਇਹ ਆਮ ਮਨੁੱਖ ਲਈ ਯੱਗ ਕਰਾਉਣੇ ਸੌਖੇ ਨਹੀਂ ਸਨ। ਪਹਿਲਾਂ ਯੱਗ ਦੇਵਤਿਆਂ ਨੂੰ ਖੁਸ਼ ਕਰਨ ਲਈ ਕੀਤੇ ਜਾਂਦੇ ਸਨ, ਪਰ ਪਿਛੋਂ ਜਾ ਕੇ ਯੱਗ ਆਪਣੇ ਨਿਜੀ ਲਾਭਾਂ ਹਿਤ ਕੀਤੇ ਜਾਣ ਲੱਗੇ।

---

1. B.N.Luniya, Evolution of Indian Culture, p.72.

ਬਲੀ ਦੇਣਾ ਵੀ ਪੂਜਾ ਦਾ ਅੰਗ ਬਣ ਗਿਆ ਸੀ ਅਤੇ ਇਥੋਂ ਤਕ ਕਿ ਬਲੀਦਾਨ ਦੀ ਪਦਵੀ ਦੇਵਤਿਆਂ ਤੋਂ ਉਚੀ ਮੰਨੀ ਜਾਂਦੀ ਸੀ। ਬਲੀਦਾਨ ਦੇ ਸਮੇਂ ਮੰਤਰ ਵੀ ਪੜ੍ਹੇ ਜਾਂਦੇ ਸਨ। ਕਈ ਤਰ੍ਹਾਂ ਦੇ ਵਹਿਮ ਭਰਮ ਪ੍ਰਚਲਤ ਹੋ ਜਾਣ ਕਰਕੇ ਲੋਕ ਰੂਹਾਂ, ਜਾਦੂ, ਟੂਣੇ ਆਦਿ ਵਿਚ ਵਿਸ਼ਵਾਸ ਆਮ ਰਖਣ ਲਗ ਪਏ ਸਨ, ਜਿਸ ਕਰਕੇ ਆਮ ਲੋਕਾਂ ਦਾ ਜੀਵਨ ਬਲੀਦਾਨਾਂ ਦੀ ਇਕ ਲੜੀ ਹੀ ਬਣ ਗਿਆ ਸੀ, ਜੋ ਬ੍ਰਾਹਮਣ ਪ੍ਰੋਹਤ ਦੀ ਨਿਗਰਾਨੀ ਵਿਚ ਦਿੱਤੇ ਜਾਂਦੇ ਸਨ। ਇਸ ਨਾਲ ਬ੍ਰਾਹਮਣਾਂ ਦੀ ਵਡਿਆਈ ਵੀ ਵਧਣ ਲਗ ਪਈ ਤੇ ਨਾਲ ਨਾਲ ਕਈ ਤਰ੍ਹਾਂ ਦੀਆਂ ਛੋਟੀਆਂ ਛੋਟੀਆਂ ਰਸਮਾਂ ਵੀ ਹੋਣ ਲਗ ਪਈਆਂ। ਰਾਮਾਇਣ ਕਾਲ ਵਿਚ ਤਾਂ ਕੁਰਬਾਨੀਆਂ ਦੇਣ ਦਾ ਬਹੁਤ ਬੋਲ ਬਾਲਾ ਰਿਹਾ, ਪਰ ਮਹਾਂਭਾਰਤ ਕਾਲ ਵੇਲੇ ਇਨ੍ਹਾਂ ਦੀ ਮਹੱਤਤਾ ਘਟਣੀ ਆਰੰਭ ਹੋ ਗਈ। ਇਹ ਵਿਚਾਰਧਾਰਾ ਜ਼ੋਰ ਫੜ ਰਹੀ ਸੀ ਕਿ ਸੱਚੀ ਤੇ ਅਸਲ ਕੁਰਬਾਨੀ ਮਨ ਦੀ ਸ਼ੁੱਧਤਾ, ਸੱਚ, ਅਹਿੰਸਾ, ਇੰਦਰੀਆਂ ਤੇ ਕਾਬੂ, ਤ੍ਰਿਸ਼ਨਾਂ ਦਾ ਤਿਆਗ ਤੇ ਨਿਸ਼ਕਾਮ ਤਪੱਸਿਆ ਕਰਨ ਵਿਚ ਹੀ ਹੈ, ਕਿਉਂਕਿ ਨਿਸ਼ਕਾਮ ਤਪੱਸਿਆ ਹੀ ਮਨ ਅਤੇ ਆਤਮਾ ਨੂੰ ਸ਼ੁੱਧ ਤੇ ਬਲਵਾਨ ਬਣਾਉਂਦੀ ਹੈ।

ਸਦਾਚਾਰ

ਆਪਣੇ ਕਰਤੱਵਾਂ ਨੂੰ ਪਾਲਣਾ ਉਸ ਸਮੇਂ ਦੇ ਨੀਤੀ ਸ਼ਾਸਤਰ (ethical code) ਦਾ ਮੁਖ ਅੰਗ ਸੀ। ਇਸ ਸ਼ਾਸਤਰ ਅਨੁਸਾਰ ਮਨੁੱਖ ਕੁਝ ਰਿਣ ਲੈ ਕੇ ਪੈਦਾ ਹੁੰਦਾ ਹੈ ਅਤੇ ਇਨ੍ਹਾਂ ਰਿਣਾਂ ਨੂੰ ਉਤਾਰਨਾ ਉਸ ਦਾ ਪਰਮ ਫ਼ਰਜ਼ ਹੈ। ਇਹ ਰਿਣ ਦੇਵਤਿਆਂ ਪ੍ਰਤਿ, ਰਿਸ਼ੀਆਂ ਪ੍ਰਤਿ, ਮਨੁੱਖਾਂ ਪ੍ਰਤਿ ਤੇ ਹੋਰ ਜੀਵ ਜੰਤੂਆਂ ਪ੍ਰਤਿ ਹੁੰਦੇ ਸਨ। ਇਹ ਰਿਣ ਤਾਂ ਉਤਰਦੇ ਸਨ ਜੇਕਰ ਉਹ ਦੇਵਤਿਆਂ ਦੀ ਪੂਜਾ ਕਰੇ, ਵੇਦਾਂ ਦਾ ਅਧਿਐਨ ਕਰੇ, ਦਾਹ ਸੰਸਕਾਰ ਕਰੇ, ਮਹਿਮਾਨਾਂ ਦੀ ਟਹਿਲ ਸੇਵਾ ਕਰੇ ਅਤੇ ਭੂਤਾਂ ਨੂੰ ਬਲੀ ਚੜ੍ਹਾਵੇ। ਅਜਿਹਾ ਕਰਨ ਤੇ ਉਥੋਂ ਚਰਿੱਤ੍ਰ ਅਤੇ ਚੰਗੇ ਗੁਣ ਪਰਗਟ ਹੁੰਦੇ ਹਨ। ਪ੍ਰਾਰਥਨਾ ਤੇ ਨੇਕ ਕੰਮ ਮਨੁੱਖ ਵਿਚ ਚੰਗੇ ਗੁਣ ਪੈਦਾ ਕਰਦੇ ਹਨ ਜੋ ਚੰਗੇ ਜੀਵਨ ਦਾ ਮੁਖ ਲੱਛਣ ਹੁੰਦੇ ਹਨ। ਸਚਾਈ, ਕਰਤੱਵ ਪਾਲਣਾ, ਮਾਪਿਆਂ ਦੀ ਇੱਜ਼ਤ ਕਰਨੀ, ਸਾਰੇ ਮਨੁੱਖਾਂ ਨੂੰ ਪਿਆਰ ਕਰਨਾ, ਚੋਰੀ ਤੇ ਕਤਲ ਨਾ ਕਰਨਾ ਆਦਿ ਸਭ ਚੰਗੇ ਜੀਵਨ ਦੇ ਲੱਛਣ ਹਨ।

ਭਾਵੇਂ ਲੋਕ ਹਿੰਸਾ ਵਿਚ ਵਿਸ਼ਵਾਸ ਰਖਦੇ ਸਨ ਪਰ ਅਹਿੰਸਾ ਦਾ ਪਰਚਾਰ ਵੀ ਆਰੰਭ ਹੋ ਗਿਆ ਸੀ। ਗ੍ਰਿਹ ਸੂਤਰ ਅਨੁਸਾਰ ਜਾਨਵਰਾਂ ਦੀ ਬਲੀ ਦੇਣ ਦੀ ਬਜਾਏ ਆਟੇ ਦੀਆਂ ਮੂਰਤਾਂ ਦੀ ਬਲੀ ਦਿੱਤੀ ਜਾਣ ਲੱਗੀ ਸੀ। ਸ੍ਰੀ ਕ੍ਰਿਸ਼ਨ ਜੀ ਦੇ ਆਦੇਸ਼ ਅਨੁਸਾਰ ਗ੍ਰਿਵਰਾਜ ਦੇ ਕਿਲੇ ਵਿਚ ਕੁਰਬਾਨੀ ਚੜ੍ਹਾਉਣ ਲਈ ਬੰਦ ਕੀਤੇ ਸੈਂਕੜੇ ਰਾਜਿਆਂ ਨੂੰ ਅਰਜਨ ਨੇ ਛੁਡਾਇਆ ਸੀ। ਇਹ ਅਹਿੰਸਾ ਦਾ ਅਸਰ ਹੀ ਸੀ।

ਰਾਜਨੀਤੀ

ਇਸ ਕਾਲ ਵਿਚ ਆਰੀਆਂ ਨੇ ਲਗਭਗ ਸਾਰੇ ਭਾਰਤ ਵਿਚ ਛਾ ਗਏ ਸਨ ਤੇ ਛੋਟੇ ਛੋਟੇ ਰਾਜਾਂ ਦੀ ਥਾਂ ਸ਼ਕਤੀਸ਼ਾਲੀ ਰਾਜਾਂ ਨੇ ਮੱਲ ਲਈ ਸੀ। ਉਸ ਸਮੇਂ ਰਾਜ ਦੀ ਸਮਰਾਟਸ਼ਾਹੀ ਪਰੰਪਰਾ ਸੀ ਤੇ ਸਮਰਾਟ ਜਾਂ ਰਾਜਾ ਵੰਸ਼ਗਤ (ਜੱਦੀ) ਹੁੰਦਾ ਸੀ। ਆਮ ਰਿਵਾਜ ਤਾਂ ਸਮਰਾਟਸ਼ਾਹੀ ਦਾ ਹੀ ਸੀ ਪਰ ਗਣਤੰਤਰ ਰਾਜ ਵੀ ਉਸ ਸਮੇਂ ਸੁਣਨ ਵਿਚ ਆਉਂਦੇ ਸਨ। ਆਮ ਤੌਰ ਤੇ ਵੱਡਾ ਪੁੱਤਰ ਹੀ ਰਾਜ ਦਾ ਉੱਤਰ-ਅਧਿਕਾਰੀ ਹੁੰਦਾ ਸੀ ਪਰ ਕਈ ਵਿਦਵਾਨਾਂ ਨੇ ਰਾਜੇ ਦੀ ਚੋਣ ਬਾਰੇ ਵੀ ਵਰਨਣ ਕੀਤਾ ਹੈ। ਬੇਸ਼ਕ ਰਾਜੇ ਦੇ ਹੱਥ ਵਿਚ ਬੜੀ ਸ਼ਕਤੀ ਹੁੰਦੀ ਸੀ ਫਿਰ ਵੀ ਉਹ ਖੁਦਮੁਖਤਿਆਰ ਬਾਦਸ਼ਾਹ ਨਹੀਂ ਹੁੰਦਾ ਸੀ। ਉਸਦੇ ਅਧਿਕਾਰਾਂ ਤੇ ਕੁਝ ਪਾਬੰਦੀਆਂ ਵੀ ਹੁੰਦੀਆਂ ਸਨ। ਅਥਰਵ ਵੇਦ ਵਿਚ ਆਇਆ ਹੈ ਕਿ ਦੂਸਰਾ ਰਾਜਾ ਵੀ ਚੁਣਿਆ ਜਾ ਸਕਦਾ ਸੀ, ਜਿਸ ਕਰਕੇ ਉਸ ਨੂੰ ਡਰ ਹੁੰਦਾ ਸੀ। ਦੂਜੇ ਰਾਜ ਤਿਲਕ ਵੇਲੇ ਰਾਜਾ ਸਹੁੰ ਚੁਕਦਾ ਸੀ ਕਿ ਉਹ ਵਿਧਾਨ ਦਾ ਵਫ਼ਾਦਾਰ ਰਹੇਗਾ ਅਤੇ ਆਪਣੇ ਮੰਤਰੀਆਂ ਦੀ 'ਅਨੁਮਤੀ' ਸਮੇਂ ਸਮੇਂ ਲੋੜ ਅਨੁਸਾਰ ਲੈਂਦਾ ਰਹੇਗਾ। ਸਮਿਤੀਆਂ ਵਲੋਂ ਵੀ ਰਾਜੇ ਤੇ ਕੁਝ ਪਾਬੰਦੀਆਂ ਹੁੰਦੀਆਂ ਸਨ ਅਤੇ ਵਕਤ ਦੀਆਂ ਰਸਮਾਂ ਵੀ ਕੁਝ ਹਦ ਤਕ ਰੁਕਾਵਟ ਬਣਦੀਆਂ ਸਨ ਜਿਵੇਂ ਕਿ ਰਾਜੇ ਲਈ ਸਿੰਘਾਸਣ ਤੋਂ ਉੱਠ ਕੇ ਬ੍ਰਾਹਮਣ ਅੱਗੇ ਸਿਰ ਨਿਵਾਣਾ ਜ਼ਰੂਰੀ ਹੁੰਦਾ ਸੀ। ਸਭ ਤੋਂ ਵੱਡੀ ਰੋਕ 'ਧਰਮ' ਹੁੰਦਾ ਸੀ। ਰਾਜੇ ਦੀ ਖੁਦ ਮੁਖਤਿਆਰੀ ਰੋਕਣ ਲਈ ਹੋਰ ਸਾਧਨ ਵੀ ਹੁੰਦੀਆਂ ਸਨ ਫਿਰ ਯੁੱਧ ਦੇ ਸਮੇਂ ਰਾਜੇ ਨੂੰ ਖੁਦਮੁਖਤਿਆਰੀ ਹਾਸਲ ਹੁੰਦੀ ਸੀ ਅਤੇ ਉਹ ਆਪਣੇ ਆਪ ਨਿਰੰਕੁਸ਼ ਹੋ ਸਕਦਾ ਸੀ। ਰਾਜੇ ਦੀਆਂ ਸ਼ਕਤੀਆਂ ਤੇ ਰੋਕਾਂ ਹੋਣ ਦੇ ਬਾਵਜੂਦ ਵੀ ਰਾਜੇ ਕੋਲ ਬਹੁਤ ਸ਼ਕਤੀ ਹੁੰਦੀ ਸੀ। ਉਹ ਬ੍ਰਾਹਮਣ ਨੂੰ ਵੀ ਆਪਣੀ ਪਦਵੀ ਤੋਂ ਹਟਾ ਸਕਦਾ ਸੀ। ਪਰਜਾ ਕਾਫ਼ੀ ਦੱਬੀ ਹੋਈ ਹੁੰਦੀ ਸੀ ਤੇ ਲੋੜ ਪੈਣ ਤੇ ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਜਾ ਸਕਦੀ ਸੀ। ਚਾਹੇ ਰਾਜਿਆਂ ਦੇ ਰੱਬੀ ਹੱਕ ਤਾਂ ਨਹੀਂ ਮੰਨੇ ਗਏ ਸਨ, ਪਰ ਰਾਜੇ ਵਿਚ ਰੱਬੀ ਗੁਣਾਂ ਦਾ ਹੋਣਾ ਜ਼ਰੂਰੀ ਮੰਨਿਆ ਗਿਆ ਸੀ।

ਮਹਾਂਕਾਵਿ ਕਾਲ ਵਿਚ ਹਰੇਕ ਰਾਜਾ ਇਹੀ ਚਾਹੁੰਦਾ ਸੀ ਕਿ ਵੱਧ ਤੋਂ ਵੱਧ ਰਾਜਾਂ ਨੂੰ ਆਪਣੇ ਅਧੀਨ ਕਰ ਲਵੇ ਤੇ ਵਿਸ਼ਾਲ ਰਾਜ ਕਾਇਮ ਕਰੇ। ਰਾਜੇ ਇਹ ਨਹੀਂ ਚਾਹੁੰਦੇ ਸਨ ਕਿ ਦੁਸ਼ਮਣ ਨੂੰ ਬਿਲਕੁਲ ਹੀ ਖ਼ਤਮ ਕਰ ਦਿੱਤਾ ਜਾਏ ਪਰ ਉਹ ਚੱਕਰਵਰਤੀ ਰਾਜੇ ਬਣਨਾ ਚਾਹੁੰਦੇ ਸਨ ਜਿਸ ਲਈ ਉਹ ਅਸ਼ਵਮੇਧ ਯੱਗ ਕਰਦੇ ਸਨ। ਇੰਦਰ ਪ੍ਰਸਥ ਦੇ ਰਾਜੇ ਯੁਧਿਸ਼ਟਰ ਨੇ ਦੂਜੇ ਰਾਜਿਆਂ ਨੂੰ ਖ਼ਤਮ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਮਜਬੂਰ ਕੀਤਾ ਕਿ ਉਹ ਉਸਦੀ ਸ਼ਕਤੀ ਨੂੰ ਮੰਨ ਕੇ ਉਸ ਦੇ ਅਧੀਨ ਰਹਿਣ। ਇਸੇ ਤਰ੍ਹਾਂ ਰਾਮ ਚੰਦਰ ਨੇ ਬਾਲੀ ਨੂੰ ਮਾਰ ਕੇ ਆਪ ਰਾਜ ਨਹੀਂ ਲਿਆ ਸਗੋਂ ਸੁਗਰੀਵ ਨੂੰ ਰਾਜ ਸੌਂਪ ਦਿੱਤਾ ਤੇ ਬਾਲੀ ਦੇ [illegible]

ਅੰਗਦ ਨੂੰ ਯੁਵਰਾਜ ਬਣਾਇਆ ਅਤੇ ਰਘੁਵਰ ਕੁਮਾਰ ਨੇ ਉਸ ਦੇ ਭਰਾ ਵਿਭੀਸ਼ਣ ਨੂੰ ਰਾਜ ਦਿੱਤਾ। ਫਿਰ ਜਿਥੇ ਸੂਦਰ ਜਾਂ ਅਨ-ਆਰੀਆ ਰਾਜੇ ਸਨ ਉਨ੍ਹਾਂ ਨੂੰ ਖਤਮ ਵੀ ਕਰ ਦਿੱਤਾ ਗਿਆ ਜਿਵੇਂ ਸੂਦਰ ਰਾਜਾ 'ਜਰਾਸੰਧ' ਨੂੰ ਕ੍ਰਿਸ਼ਨ ਜੀ ਨੇ ਪਾਂਡਵਾਂ ਦੀ ਮਦਦ ਨਾਲ ਖਤਮ ਕਰਕੇ ਉਥੋਂ ਦਾ ਰਾਜ ਯੁਧਿਸ਼ਟਰ ਨੂੰ ਦਿੱਤਾ।[1]

ਰਾਜ ਪ੍ਰਬੰਧ ਕਾਫ਼ੀ ਵਿਸ਼ਾਲ ਹੋ ਜਾਣ ਕਰਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਨਿਯੁਕਤ ਕੀਤੇ ਗਏ ਜਿਨ੍ਹਾਂ ਨੂੰ ਮੰਤਰੀ, ਪ੍ਰੋਹਤ, ਦੇਸਪਾਲ, ਕਾਰਬਾਰ ਅਧਿਕਾਰੀ, ਯੁਵਰਾਜ, ਨਗਰ ਅਧਿਅਕਸ਼, ਦੁਰਗਪਾਲ, ਸੈਨਪਾਲ ਆਦਿ ਕਿਹਾ ਜਾਂਦਾ ਸੀ।

ਰਾਜਾ ਸਭ ਤੋਂ ਵੱਡਾ ਮੁਨਸਫ਼ ਹੁੰਦਾ ਸੀ। ਰਾਜੇ ਦੇ ਰਾਜ ਪ੍ਰਬੰਧ ਦੇ ਨਾਲ ਨਾਲ ਅਦਾਲਤੀ ਕੰਮ ਵੀ ਹੁੰਦੇ ਸਨ। ਪਰਜਾ ਦੀ ਰੱਖਿਆ ਕਰਨਾ ਅਤੇ ਅਮਨ ਚੈਨ ਕਾਇਮ ਰਖਣਾ ਉਸ ਦਾ ਮੁੱਖ ਫ਼ਰਜ਼ ਹੁੰਦਾ ਸੀ। ਇਨਸਾਫ਼ ਕਰਨ ਵੇਲੇ ਰਾਜਾ ਪਰਿਵਾਰਕ ਤੇ ਨਸਲੀ ਸਬੰਧਕ ਨਿਯਮਾਂ ਨੂੰ ਵੀ ਦ੍ਰਿਸ਼ਟੀਗੋਚਰੇ ਰਖਦਾ ਸੀ। ਇਨਸਾਫ਼ ਕਰਨਾ ਤੇ ਦੋਸ਼ੀਆਂ ਨੂੰ ਸਜ਼ਾ ਦੇਣੀ ਜ਼ਰੂਰੀ ਹੁੰਦੀ ਸੀ। ਜੁਰਮ ਕਰਨ ਵਾਲੇ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਜੇਕਰ ਕੋਈ ਚੋਰ ਚੋਰੀ ਕਰਦਾ ਪਕੜਿਆ ਜਾਵੇ ਤਾਂ ਉਸ ਨੂੰ ਜਾਂ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ ਜਾਂ ਉਸਦੇ ਹੱਥ ਕੱਟ ਦਿੱਤੇ ਜਾਂਦੇ ਸਨ। ਕਈ ਵਾਰੀ ਦੋਸ਼ੀ ਨੂੰ ਆਪਣੀ ਨਿਰਦੋਸ਼ਤਾ ਸਾਬਤ ਕਰਨ ਲਈ ਅੱਗ ਵਿਚੋਂ ਵੀ ਲੰਘਣਾ ਪੈਂਦਾ ਸੀ ਜਿਵੇਂ ਸੀਤਾ ਨੂੰ ਅਗਨੀ ਪ੍ਰੀਖਿਆ ਦੇਣੀ ਪਈ ਸੀ। ਕਈ ਵਾਰੀ ਸਰੀਰਕ ਸਜ਼ਾ ਤੇ ਦੇਸ਼ ਨਿਕਾਲਾ ਵੀ ਦਿੱਤਾ ਜਾਂਦਾ ਸੀ।

## ਇਸਲਾਮੀ ਸਭਿਆਚਾਰ

ਇਸਲਾਮੀ ਸਭਿਆਚਾਰ ਭਾਰਤ ਨੂੰ ਅਰਬ ਲੋਕਾਂ ਦੀ ਦੇਣ ਹੈ। ਛੇਵੀਂ ਸਤਵੀਂ ਸਦੀ ਵਿਚ ਅਰਬਾਂ ਦੇ ਭਾਰਤ ਵਿਚ ਆਉਣ ਨਾਲ ਜਿਥੇ ਰਾਜਸੀ ਤਬਦੀਲੀਆਂ ਹੋਈਆਂ ਉਥੇ ਭਾਰਤੀ ਸਭਿਆਚਾਰ ਤੇ ਵੀ ਇਸਲਾਮੀ ਸਭਿਆਚਾਰ ਦਾ ਕਾਫ਼ੀ ਪ੍ਰਭਾਵ ਪਿਆ। ਮੁਸਲਮਾਨਾਂ ਨੇ ਇਸਲਾਮੀ ਸਭਿਆਚਾਰ ਨੂੰ ਸ਼ਾਂਤੀ ਪੂਰਵਕ ਢੰਗਾਂ ਨਾਲ ਵੀ ਫੈਲਾਇਆ ਤੇ ਜਬਰਨ ਵੀ। ਪਹਿਲਾ ਢੰਗ ਅਰਬ ਦੇ ਵਪਾਰੀਆਂ, ਮੁਸਲਮਾਨ ਪੀਰਾਂ ਅਤੇ ਦਰਵੇਸ਼ਾਂ ਦਾ ਸੀ ਅਤੇ ਦੂਸਰਾ ਅਰਬੀ ਤੁਰਕੀ ਅਤੇ ਮੁਗ਼ਲ ਹਮਲਾਆਵਰਾਂ ਦਾ। ਪਹਿਲਾ ਪਹਿਲਾ ਅਰਬੀ ਲੋਕ ਵਪਾਰੀਆਂ ਦੇ ਰੂਪ ਵਿਚ ਭਾਰਤ ਆਉਂਦੇ ਰਹੇ ਤੇ ਹੌਲੀ ਹੌਲੀ ਭਾਰਤ ਦੇ ਪੱਛਮੀ ਕੰਢੇ ਤੇ ਵਸਦੇ ਵੀ ਰਹੇ

---

1. Pandy & Singh. Evolution of Indian Culture, p. 56.

ਫਿਰ ਛੇਵੀਂ ਜਾਂ ਸਤਵੀਂ ਸਦੀ ਦੇ ਅੱਧ ਵਿਚ ਮੁਸਲਮਾਨ ਫੌਜਾਂ ਧਾੜਵੀਆਂ ਵਾਂਗ ਭਾਰਤ ਦੇ ਸੁਖਮਈ ਜੀਵਨ ਵਿਚ ਖਲਲ ਪੈਦਾ ਕਰਨ ਲੱਗੀਆਂ ਤੇ ਇਸ ਤੋਂ ਬਾਅਦ ਦੂਸਰਾ ਛੋਟਾ ਵੱਡਾ ਹਮਲਾ ਹੁੰਦਾ ਹੀ ਰਿਹਾ।

ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਦੀ 632 ਵਿਚ ਹੋਈ ਮੌਤ ਤੋਂ ਮਗਰੋਂ ਅਰਬ ਲੋਕ ਕਾਫ਼ੀ ਦੂਰ ਦੂਰ ਤਕ ਫੈਲ ਗਏ। 711 ਵਿਚ ਭਾਰਤ ਤੇ ਇਸ ਤਰਫ਼ਾਂ ਹਮਲਾ ਕਰਕੇ ਮੁਹੰਮਦ ਬਿਨ ਕਾਸਮ ਨੇ ਭਾਰਤ ਦੇ ਦੋ ਸੂਬੇ ਮੁਲਤਾਨ ਅਤੇ ਸਿੰਧ ਆਪਣੇ ਕਬਜ਼ੇ ਵਿਚ ਕਰ ਲਏ। ਫੇਰ ਸੁਬਕਤਗੀਨ(995-1030) ਨੇ ਜੈਪਾਲ ਨੂੰ ਹਰਾ ਕੇ ਉੱਤਰੀ ਭਾਰਤ ਨੂੰ ਆਪਣੇ ਅਧੀਨ ਕਰ ਲਿਆ। ਇਸ ਤੋਂ ਬਾਅਦ ਮਹਿਮੂਦ ਗ਼ਜ਼ਨਵੀ ਨੇ ਹਮਲੇ ਸ਼ੁਰੂ ਕਰ ਦਿੱਤੇ ਅਤੇ ਫਿਰ ਤੁਰਕਾਂ ਅਤੇ ਮੁਗ਼ਲਾਂ ਨੇ ਭਾਰਤ ਤੇ ਧਾਕ ਬਿਠਾਈ ਰੱਖੀ ਅਤੇ ਆਪਣੇ ਮੱਤ ਦਾ ਪਰਚਾਰ ਵੀ ਕਰਦੇ ਰਹੇ। ਇਹ ਲੋਕ ਹੌਲੀ ਹੌਲੀ ਭਾਰਤ ਦਾ ਅੰਗ ਬਣਦੇ ਗਏ ਅਤੇ ਇਨ੍ਹਾਂ ਦਾ ਅਰਬੀ ਅਤੇ ਫ਼ਾਰਸੀ ਸਭਿਆਚਾਰ ਸੁਲਤਾਨਾਂ ਰਾਹੀਂ ਭਾਰਤੀ ਸਭਿਆਚਾਰ ਦੇ ਤਾਣੇ ਬਾਣੇ ਦਾ ਇਕ ਅੰਗ ਹੀ ਬਣ ਗਿਆ।[1]

ਬੇਸ਼ਕ ਇਸਲਾਮੀ ਧਰਮ ਦੀ ਸੰਸਾਰ ਦੀ ਉੱਨਤੀ ਵਿਚ ਕਾਫ਼ੀ ਦੇਣ ਹੈ ਪਰ ਭਾਰਤੀ ਸਭਿਆਚਾਰ ਵਿਚ ਇਸਦਾ ਵਿਸ਼ੇਸ਼ ਸਥਾਨ ਹੈ।[2] ਕਿਉਂਕਿ ਜਿਥੇ ਬਾਕੀ ਕਈ ਦੇਸ਼ਾਂ ਵਿਚ ਜਾ ਕੇ ਇਸਲਾਮ ਨੇ ਉਨ੍ਹਾਂ ਨੂੰ ਮੁਸਲਿਮ ਦੇਸ਼ ਹੀ ਬਣਾ ਲਿਆ ਉਥੇ ਭਾਰਤ ਵਿਚ ਬਾਵਜੂਦ ਇਸ ਕੋਸ਼ਿਸ਼ ਦੇ ਉਹ ਅਜਿਹਾ ਕਰਨ ਵਿਚ ਸਫ਼ਲ ਨਹੀਂ ਹੋ ਸਕਿਆ। ਇਸਲਾਮ ਨੂੰ ਮੰਨਣ ਵਾਲਿਆਂ ਦੇ ਸਮਾਜਕ, ਆਰਥਕ, ਰਾਜਸੀ ਅਤੇ ਧਾਰਮਿਕ ਜੀਵਨ ਦੇ ਸਿਧਾਂਤ ਆਪਣੇ ਹੀ ਹਨ ਜੋ ਕਈ ਗੱਲਾਂ ਵਿਚ ਭਾਰਤੀ ਜੀਵਨ ਨਾਲ ਮਿਲਦੇ ਜੁਲਦੇ ਹਨ ਅਤੇ ਵਿਲੱਖਣਤਾ ਵੀ ਰਖਦੇ ਹਨ।

## ਸਮਾਜਿਕ ਜੀਵਨ

### ਪਰਿਵਾਰ

### ਇਸਤ੍ਰੀ ਦਾ ਦਰਜਾ

ਇਨ੍ਹਾਂ ਦੇ ਪਰਿਵਾਰਕ ਜੀਵਨ ਵਿਚ ਸਾਨੂੰ ਦੋ ਸ਼੍ਰੇਣੀਆਂ ਦੇ ਲੋਕ ਮਿਲਦੇ ਹਨ: ਇਕ ਅਮੀਰ ਅਤੇ ਦੂਜੇ ਆਮ ਲੋਕ। ਅਮੀਰਾਂ ਦਾ ਜੀਵਨ ਆਪਣੇ ਪਰਿਵਾਰ ਪ੍ਰਤਿ ਵਫ਼ਾ ਦਾ ਜੀਵਨ ਨਹੀਂ ਹੁੰਦਾ ਸੀ। ਰਸਮੀ ਤੌਰ ਤੇ ਸ਼ਾਦੀ ਕਰਵਾਉਂਦੇ ਸਨ ਅਤੇ ਸ਼ਾਦੀਆਂ ਵੀ ਉਹ ਸ਼ਰ੍ਹਾ ਅਨੁਸਾਰ

---

1. Punjab's contribution to Indian Culture, M.R. Anand, The Tribune, 12.2.78.

2. Cultural Heritage of India, Vol.IV, p.571.

ਚਾਰ ਚਾਰ ਕਰਵਾ ਸਕਦੇ ਸਨ ਪਰੰਤੂ ਇਸ ਤੋਂ ਇਲਾਵਾ ਵੀ ਗੁਲਾਮ ਲੜਕੀਆਂ ਨੂੰ ਖਰੀਦ ਕੇ ਰਖੇਲਾਂ ਦੇ ਰੂਪ ਵਿਚ ਵੀ ਵੱਧ ਤੋਂ ਵੱਧ ਆਪਣੇ ਜ਼ਨਾਨਖਾਨਿਆਂ ਦਾ ਸ਼ਿੰਗਾਰ ਬਣਾ ਸਕਦੇ ਸਨ ਅਤੇ ਉਨ੍ਹਾਂ ਤੋਂ ਪੈਦਾ ਹੋਏ ਬੱਚਿਆਂ ਨੂੰ ਰਸਮੀ ਸ਼ਾਦੀਆਂ ਤੋਂ ਪੈਦਾ ਹੋਏ ਬੱਚਿਆਂ ਦੇ ਬਰਾਬਰ ਹੱਕ ਹੁੰਦੇ ਸਨ।[1]

ਬੇਸ਼ਕ ਅਮੀਰਾਂ ਦੀਆਂ ਇਸਤ੍ਰੀਆਂ ਨੂੰ ਉਚਾ ਦਰਜਾ ਮਿਲਿਆ ਹੁੰਦਾ ਸੀ ਪਰ ਚਾਰੇ ਪਾਸੇ ਰਖੇਲਾਂ ਨਾਲ ਘਿਰੀਆਂ ਹੋਣ ਕਰਕੇ ਉਨ੍ਹਾਂ ਦੀ ਸ਼ਖਸੀਅਤ ਵਿਚ ਨਿਖਾਰ ਨਹੀਂ ਸੀ ਆ ਸਕਦਾ ਅਤੇ ਸੁੰਦਰ ਗਹਿਣੇ,ਕਪੜੇ ਅਤੇ ਹਾਰ ਸ਼ਿੰਗਾਰ ਉਨ੍ਹਾਂ ਨੂੰ ਮਾਨਸਕ ਖੁਸ਼ੀ ਨਾ ਦੇ ਸਕਦੇ।[2] ਪਰਿਵਾਰਕ ਜੀਵਨ ਵਿਚ ਅਮੀਰਾਂ ਦੀਆਂ ਪਤਨੀਆਂ ਨੂੰ ਇਹੀ ਕੁਝ ਪ੍ਰਾਪਤ ਸੀ।

ਸ਼ਰ੍ਹਾ ਅਨੁਸਾਰ ਇਕ ਤੋਂ ਵੱਧ ਸ਼ਾਦੀਆਂ ਜਾਇਜ਼ ਹੋਣ ਦੇ ਬਾਵਜੂਦ ਵੀ ਆਮ ਲੋਕ ਜਿਨ੍ਹਾਂ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ ਹੁੰਦੀ,ਇਕ ਇਸਤ੍ਰੀ ਨਾਲ ਹੀ ਪਰਿਵਾਰਕ ਜੀਵਨ ਬਿਤਾਉਂਦੇ ਸਨ। ਅਮੀਰਾਂ ਨਾਲੋਂ ਆਮ ਲੋਕਾਂ ਦਾ ਪਰਿਵਾਰਕ ਜੀਵਨ ਵਧੇਰੇ ਸੰਤੁਸ਼ਟ ਜਾਪਦਾ ਸੀ।

ਪੂਰਵ ਇਸਲਾਮੀ ਅਰਬ ਵਿਚ ਇਸਤ੍ਰੀ ਦੀ ਦਸ਼ਾ ਚੰਗੀ ਨਹੀਂ ਸੀ। ਕਈ ਲੋਕ ਤਾਂ ਲੜਕੀਆਂ ਨੂੰ ਜੰਮਦਿਆਂ ਹੀ ਦਫ਼ਨਾ ਦਿੰਦੇ ਸਨ। ਉਂਜ ਇਸਲਾਮ ਵਿਚ ਸਿਧਾਂਤਕ ਤੌਰ ਤੇ ਇਸਤ੍ਰੀ ਅਤੇ ਮਰਦ ਨੂੰ ਬਰਾਬਰ ਦਾ ਦਰਜਾ ਪ੍ਰਾਪਤ ਹੈ। ਅਰਬੀ ਲੋਕਾਂ ਵਿਚ ਤਲਾਕ ਅਤੇ ਦੂਸਰੀ ਸ਼ਾਦੀ ਨੂੰ ਕੋਈ ਖਾਸ ਮਹੱਤਤਾ ਨਹੀਂ ਦਿੱਤੀ ਜਾਂਦੀ ਸੀ। ਉਨ੍ਹਾਂ ਵਿਚ ਪੁਰਸ਼ ਦੀ ਪ੍ਰਧਾਨਤਾ ਮੰਨੀ ਜਾਂਦੀ ਸੀ ਪਰੰਤੂ ਇਸਤ੍ਰੀ ਵੀ ਆਪਣੇ ਹੱਕਾਂ ਦੀ ਰਾਖੀ ਲਈ ਮਰਦ ਦੀ ਸ੍ਰੇਸ਼ਟਤਾ ਦੇ ਖਿਲਾਫ਼ ਆਵਾਜ਼ ਉਠਾ ਸਕਦੀ ਸੀ।[3] ਪਰ ਹੌਲੀ ਹੌਲੀ ਪੁਰਸ਼ ਦੀ ਪ੍ਰਧਾਨਤਾ ਸਮਾਜ ਵਿਚ ਵਧਦੀ ਹੀ ਗਈ।

ਬੇਸ਼ਕ ਪ੍ਰਤੱਖ ਤੌਰ ਤੇ ਇਸਤ੍ਰੀ ਦੇ ਹੱਕਾਂ ਤੇ ਫ਼ਰਜ਼ਾਂ ਦੇ ਕਾਨੂੰਨ ਵਿਚ ਕੋਈ ਖਾਸ ਤਬਦੀਲੀ ਨਹੀਂ ਸੀ ਆਈ,ਪਰੰਤੂ ਇਨ੍ਹਾਂ ਕਾਨੂੰਨਾਂ ਵਲ ਵਤੀਰਾ ਜ਼ਰੂਰ ਬਦਲ ਗਿਆ ਸੀ।ਜਿਥੋਂ ਤਕ ਇਸਤ੍ਰੀ ਦਾ ਸੰਬੰਧ ਸੀ ਉਸ ਲਈ ਇਕ ਵਾਰੀ ਸ਼ਾਦੀ ਹੋ ਜਾਣ ਤੇ ਉਹ ਸੰਬੰਧ ਸਦੀਵੀ ਹੁੰਦਾ ਸੀ। ਕੋਈ ਵੀ ਤਲਾਕ ਜਾਂ ਵਿਧਵਾ ਵਿਆਹ ਦਾ ਹਵਾਲਾ ਨਹੀਂ ਮਿਲਦਾ।ਇਸਤ੍ਰੀ ਨੂੰ ਆਪਣੀ ਇੱਜ਼ਤ ਸੰਭਾਲ ਕੇ ਰਖਣ ਤੇ ਜ਼ੋਰ ਵੀ ਦਿੱਤਾ ਜਾਂਦਾ ਸੀ।

ਲੜਕੀਆਂ ਨੂੰ ਕੇਵਲ ਆਪਣੇ ਹੀ ਘਰ ਦੇ ਮੈਂਬਰਾਂ ਨਾਲ ਮੇਲ ਜੋਲ ਦੀ ਆਗਿਆ ਸੀ। ਇਥੋਂ ਤਕ ਕਿ ਵਡੇਰੀ ਉਮਰ ਦੀਆਂ ਇਸਤ੍ਰੀਆਂ ਵੀ ਕਿਸੇ ਅਜਨਬੀ ਮਨੁੱਖ ਨਾਲ ਗੱਲਬਾਤ

---

1. Cultural Heritage of India,V.IV,p.571.
2. M.Mujeeb,The Indian Muslims,p.222.
3. ibid.,p.223.

ਕਰਨ ਤੋਂ ਪਰਹੇਜ਼ ਹੀ ਕਰਦੀਆਂ ਸਨ।[1] ਵਿਆਹ ਸ਼ਾਦੀਆਂ ਤੋਂ ਇਲਾਵਾ ਸਾਂਝੇ ਇਕੱਠ ਵੀ ਨਹੀਂ ਹੁੰਦੇ ਸਨ। ਇਸਤ੍ਰੀ ਸਜ ਧਜ ਕੇ ਬਾਜ਼ਾਰ ਜਾਂ ਕਿਤੇ ਹੋਰ ਵੀ ਨਹੀਂ ਜਾ ਸਕਦੀ ਸੀ। ਉਹ ਦੋਸਤੀ ਸਿਰਫ਼ ਆਪਣੇ ਬਰਾਬਰ ਦੇ ਦਰਜੇ ਦੀਆਂ ਔਰਤਾਂ ਨਾਲ ਹੀ ਰਖ ਸਕਦੀਆਂ ਸਨ।

ਪਰ ਇਸ ਤੋਂ ਇਹ ਭਾਵ ਨਹੀਂ ਕਿ ਇਸਤ੍ਰੀਆਂ ਸਿਰਫ਼ ਘਰਾਂ ਦੀ ਚਾਰ ਦੀਵਾਰੀ ਵਿਚ ਹੀ ਰਹਿੰਦੀਆਂ ਸਨ ਅਤੇ ਬਾਹਰ ਬਿਲਕੁਲ ਨਹੀਂ ਸਨ ਜਾਂਦੀਆਂ। ਉਹ ਆਪਸ ਵਿਚ ਇਕ ਦੂਸਰੀ ਨੂੰ ਮਿਲਦੀਆਂ ਸਨ, ਮੇਲੇ ਵੀ ਜਾਂਦੀਆਂ ਸਨ, ਪੀਰਾਂ ਦੀਆਂ ਖ਼ਾਨਗਾਹਾਂ ਉਤੇ ਰਿਸ਼ਤੇਦਾਰਾਂ ਦੀਆਂ ਕਬਰਾਂ ਤੇ ਪ੍ਰਾਰਥਨਾ ਕਰਨ ਵੀ ਜਾਂਦੀਆਂ ਹੁੰਦੀਆਂ ਸਨ, ਪਰ ਜਾਂਦੀਆਂ ਉਹ ਡੋਲੀ ਵਿਚ ਬੈਠ ਕੇ ਸਨ। ਤੁਰਕੀ ਪਰਿਵਾਰਾਂ ਦੀਆਂ ਇਸਤ੍ਰੀਆਂ ਘੋੜਿਆਂ ਤੇ ਚੜ੍ਹ ਕੇ ਵੀ ਜਾਂਦੀਆਂ ਸਨ। ਅਕਸਰ ਬਾਹਰ ਜਾਣ ਵੇਲੇ ਉਹ ਬੁਰਕਾ ਪਹਿਨਦੀਆਂ ਸਨ ਜਿਸ ਵਿਚ ਉਹ ਸਿਰ ਤੋਂ ਲੈ ਕੇ ਪੈਰਾਂ ਤਕ ਢਕੀਆਂ ਰਹਿੰਦੀਆਂ ਸਨ। ਇਸਤ੍ਰੀਆਂ ਦੇ ਇਸ ਤਰ੍ਹਾਂ ਇਕੱਲਿਆਂ ਜਾਣ ਨਾਲ ਅਮਨ ਸ਼ਾਂਤੀ ਦੇ ਭੰਗ ਹੋਣ ਦਾ ਡਰ ਰਹਿੰਦਾ ਸੀ ਜਿਸ ਕਰਕੇ ਫ਼ਿਰੋਜ਼ ਤੁਗ਼ਲਕ ਨੇ ਇਸਤ੍ਰੀਆਂ ਦਾ ਇਕੱਲਿਆਂ ਬਾਹਰ ਜਾਣਾ ਬਿਲਕੁਲ ਬੰਦ ਕਰ ਦਿੱਤਾ ਸੀ।[2]

ਸ਼ਾਦੀ ਹਰ ਇਕ ਮੁਸਲਿਮ ਮੁੰਡੇ ਕੁੜੀ ਲਈ ਜ਼ਰੂਰੀ ਕਰਾਰ ਦਿੱਤੀ ਗਈ। ਸ਼ਰ੍ਹਾ ਅਨੁਸਾਰ ਜਦੋਂ ਖ਼ੁਦਾ ਦਾ ਕੋਈ ਸੇਵਕ ਸ਼ਾਦੀ ਕਰਦਾ ਹੈ ਉਹ ਅੱਧਾ ਧਰਮ ਪੂਰਾ ਕਰਦਾ ਹੈ। ਜੋ ਸ਼ਾਦੀ ਨਹੀਂ ਕਰਦਾ ਉਹ ਜਾਂ ਤਾਂ ਅਰੋਗ ਨਹੀਂ ਜਾਂ ਸ਼ੈਤਾਨ ਦਾ ਭਰਾ ਹੈ। ਲੜਕੀ ਬਾਰੇ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਕੁਆਰੀ ਹੀ ਮਰ ਜਾਵੇ ਤਾਂ ਸਿਰਫ਼ ਉਸ ਲਈ ਹੀ ਨਹੀਂ ਸਗੋਂ ਉਸ ਦੇ ਸਾਰੇ ਪਰਿਵਾਰ ਲਈ ਹੀ ਮਾੜਾ ਹੈ।

ਇਸਤ੍ਰੀਆਂ ਲਈ ਵਿਰਾਸਤ ਦਾ ਕਾਨੂੰਨ ਤਾਂ ਜ਼ਰੂਰੀ ਸੀ ਪਰ ਆਮ ਤੌਰ ਤੇ ਵਰਤੋਂ ਵਿਚ ਘਟ ਹੀ ਲਿਆਂਦਾ ਜਾਂਦਾ ਸੀ, ਜਿਸ ਕਰਕੇ ਇਸਤ੍ਰੀ ਨੂੰ ਆਪਣੀ ਸੰਪਤੀ ਦੀ ਦੇਖ ਭਾਲ ਕਰਨ ਦਾ ਕੋਈ ਤਜਰਬਾ ਨਹੀਂ ਸੀ ਹੁੰਦਾ। ਪੂਰਵ ਇਸਲਾਮੀ ਅਰਬ ਵਿਚ ਸ਼ਾਦੀ ਦੇ ਵਕਤ ਪਤੀ ਵਲੋਂ ਇਸਤ੍ਰੀ ਦੀ ਹਿਫ਼ਾਜ਼ਤ ਲਈ ਕੁਝ ਰੁਪਿਆ ਰਖ ਕਰ ਦਿੱਤਾ ਜਾਂਦਾ ਸੀ ਜਿਸ ਤੇ ਇਸਤ੍ਰੀ ਦਾ ਆਪਣਾ ਹੱਕ ਹੁੰਦਾ ਸੀ। ਹੌਲੀ ਹੌਲੀ ਇਸਤ੍ਰੀ ਦਾ ਦਰਜਾ ਸਮਾਜ ਵਿਚ ਡਿਗਦਾ ਹੀ ਗਿਆ। ਇਥੋਂ ਤਕ ਕਿ ਉਸ ਨੂੰ ਨੀਵੀਂ ਨਜ਼ਰ ਨਾਲ ਵੇਖਿਆ ਜਾਣ ਲੱਗਾ। ਨੂ ਮੈਨ ਦੀ ਇਸਤ੍ਰੀ ਬਾਰੇ ਰਾਏ ਬਹੁਤ ਹੀ ਮਾੜੀ ਸੀ ਜਦ ਉਹ ਅਲੀ ਨੂੰ ਕਹਿੰਦਾ ਹੈ, "ਇਸਤ੍ਰੀ ਤੇ ਇਤਬਾਰ ਨਾ ਕਰੋ ਕਿਉਂਕਿ ਉਨ੍ਹਾਂ ਨੇ ਹੀ ਆਦਮ ਨੂੰ ਸਵਰਗਾਂ ਵਿਚੋਂ ਕਢਿਆ ਤੇ ਦੁਨੀਆਂ ਦੇ ਝੰਜਟਾਂ ਵਿਚ ਪਾਇਆ।"[3]

---

1. M.Mujeeb, The Indian Muslims, p.228.
2. ibid, p.228.
3. Asaf A.A.Fyzee, A Modern Approach to Islam, p.50.

## ਸੰਸਕਾਰ

### ਜਨਮ ਸੰਸਕਾਰ

ਕੁਰਾਨ ਦੇ ਵਿਚ ਜਨਮ ਸੰਸਕਾਰਾਂ ਬਾਰੇ ਸਾਨੂੰ ਕੋਈ ਵਰਨਣ ਨਹੀਂ ਮਿਲਦਾ ਪਰੰਤੂ ਫਿਰ ਵੀ ਕੁਝ ਰਸਮਾਂ ਭਾਵੇਂ ਉਹ ਹਿੰਦੂਆਂ ਦੇ ਨਾਲ ਮਿਲਦੀਆਂ ਜੁਲਦੀਆਂ ਹੀ ਹਨ, ਮੁਸਲਮਾਨ ਵੀ ਬੱਚੇ ਦੇ ਜਨਮ ਵੇਲੇ ਕਰਦੇ ਹਨ।

ਜਨਮ ਲੈਣ ਪਿਛੋਂ ਬੱਚੇ ਨੂੰ ਨੁਹਾ ਧੁਆ ਕੇ ਬਾਹਰ ਮਰਦਾਂ ਵਿਚ ਬੈਠੇ ਮੌਲਵੀ ਦੇ ਕੋਲ ਲਿਜਾਇਆ ਜਾਂਦਾ ਸੀ ਜੋ ਬੱਚੇ ਦੇ ਸੱਜੇ ਕੰਨ ਵਿਚ ਅਜ਼ਾਨ (ਸ਼ਬਦ) ਫੂਕਦਾ ਸੀ ਫਿਰ ਸਤਵੇਂ ਦਿਨ ਬੱਚੇ ਦਾ ਨਾਮ ਘਰ ਦੇ ਕਿਸੇ ਵੱਡੇ ਵਡੇਰੇ ਜਾਂ ਪੀਰਾਂ ਫ਼ਕੀਰਾਂ ਦੇ ਨਾਮ ਤੇ ਰੱਖਿਆ ਜਾਂਦਾ ਹੈ। ਸਤਵੇਂ ਦਿਨ ਹੀ ਬੱਚੇ ਦੇ ਨਾਮ ਤੇ ਰੱਬ ਨੂੰ ਕੁਰਬਾਨੀ ਦਿੱਤੀ ਜਾਂਦੀ ਹੈ, ਮੁੰਡਾ ਹੋਵੇ ਤਾਂ ਦੋ ਬੱਕਰੇ ਅਤੇ ਜੇ ਲੜਕੀ ਹੋਵੇ ਤਾਂ ਇਕ ਬੱਕਰਾ। ਇਹ ਬੱਕਰੇ ਇਕ ਸਾਲ ਦੀ ਉਮਰ ਤੋਂ ਵੱਧ ਨਾ ਹੋਣ।

ਚਾਲੀ ਦਿਨਾਂ ਪਿਛੋਂ ਮਾਂ ਨੂੰ ਪਾਕ ਪਵਿੱਤਰ ਹੋ ਕੇ ਅੰਦਰ ਬਾਹਰ ਜਾਣ ਦੀ ਇਜਾਜ਼ਤ ਹੁੰਦੀ ਹੈ ਅਤੇ ਇਸੇ ਦਿਨ ਹੀ ਬੱਚੇ ਨੂੰ ਪੰਘੂੜੇ ਵਿਚ ਪਾਇਆ ਜਾਂਦਾ ਹੈ।

### ਵਿਦਿਆ ਤੇ ਸੁੰਨਤ

ਬੱਚਾ ਜਦੋਂ ਚਾਰ ਸਾਲ, ਚਾਰ ਮਹੀਨੇ ਤੇ ਚਾਰ ਦਿਨਾਂ ਦਾ ਹੋ ਜਾਂਦਾ ਹੈ ਤਾਂ ਉਸ ਨੂੰ 'ਬਿਸਮਿਲਾ' ਸ਼ਬਦ ਸਿਖਾ ਕੇ ਮਦਰੱਸੇ ਭੇਜਿਆ ਜਾਂਦਾ ਹੈ। ਸਤ ਸਾਲ ਦੀ ਉਮਰ ਵਿਚ ਬੱਚੇ ਦੀ ਸੁੰਨਤ ਦੀ ਰਸਮ ਕੀਤੀ ਜਾਂਦੀ ਹੈ। ਹਜ਼ਰਤ ਮੁਹੰਮਦ ਦੀ ਸੁੰਨਤ ਬਾਰੇ ਕੋਈ ਪ੍ਰਮਾਣੀਕ ਵੇਰਵਾ ਨਹੀਂ ਮਿਲਦਾ ਪਰੰਤੂ ਕਿਹਾ ਜਾਂਦਾ ਹੈ ਕਿ ਮੁਹੰਮਦ ਸਾਹਿਬ ਦੀ ਸੁੰਨਤ ਜਨਮ ਤੋਂ ਹੀ ਹੋਈ ਹੋਈ ਸੀ। ਸਿਰਫ਼ ਇਹਨਾਂ ਦੀ ਹੀ ਨਹੀਂ 17 ਹੋਰ ਵੀ ਪੈਗੰਬਰ ਹੋਏ ਹਨ ਜਿਨ੍ਹਾਂ ਦੀ ਸੁੰਨਤ ਜਮਾਂਦਰੂ ਹੀ ਸੀ। ਇਸਤ੍ਰੀਆਂ ਦੀ ਸੁੰਨਤ ਵੀ ਕੀਤੀ ਜਾਂਦੀ ਸੀ ਅਤੇ ਅਰਬ ਵਿਚ ਇਥੇ, ਇਸ ਦਾ ਰਿਵਾਜ ਬਹੁਤ ਸੀ।[1] ਇਸ ਤੋਂ ਕਬੀਰ ਦੇ ਪ੍ਰਸ਼ਨ ਦਾ 'ਔਰਤ ਕਾ ਕਿਆ ਕਰੀਏ' ਦਾ ਉੱਤਰ ਵੀ ਸਪਸ਼ਟ ਹੋ ਜਾਂਦਾ ਹੈ।

### ਵਿਆਹ ਦੀ ਰਸਮ

ਸੰਸਾਰ ਦੀਆਂ ਹੋਰ ਕਈ ਕੌਮਾਂ ਦੀ ਤਰ੍ਹਾਂ ਮੁਸਲਮਾਨਾਂ ਵਿਚ ਵੀ ਸ਼ਾਦੀ (ਨਿਕਾਹ) ਬੜੀ ਧੂਮ ਧਾਮ ਨਾਲ ਕੀਤੀ ਜਾਂਦੀ ਹੈ। ਲੜਕੇ ਅਤੇ ਲੜਕੀ ਨੂੰ ਅਲੱਗ ਅਲੱਗ ਆਪਣੇ ਘਰਾਂ ਵਿਚ ਰੱਖਿਆ ਜਾਂਦਾ ਹੈ। ਦੋਹਾਂ ਦੇ ਹੱਥਾਂ ਤੇ ਪੈਰਾਂ ਤੇ ਮਹਿੰਦੀ ਲਗਾਈ ਜਾਂਦੀ ਹੈ। ਮੁਸਲਿਮ ਕਾਨੂੰਨ ਅਨੁਸਾਰ ਸ਼ਾਦੀ ਲਈ ਚਾਰ ਗਵਾਹ ਚਾਹੀਦੇ ਹੁੰਦੇ ਹਨ। ਦੋ ਲੜਕੇ ਵਲੋਂ ਅਤੇ ਦੋ ਲੜਕੀ ਵਲੋਂ ਦਸਤਖ਼ਤ ਕਰਦੇ ਹਨ। ਸ਼ਾਦੀ ਸਮੇਂ ਲੜਕੇ ਅਤੇ ਲੜਕੀ ਦੋਹਾਂ ਦੀ ਪਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ।

---

1. Thomas Patick Hughes, Dictionary of Islam, p.57

ਵਰ ਬਰਾਤ ਲੈ ਕੇ ਸਿਹਰਾ ਬੰਨ੍ਹ ਕੇ ਲੜਕੀ ਦੇ ਘਰ ਜਾਂਦਾ ਹੈ। ਲੜਕੀ ਵਾਲੇ ਅੱਗੋਂ ਇਸ ਢੰਗ ਨਾਲ ਖੜੇ ਹੁੰਦੇ ਹਨ ਜਿਵੇਂ ਉਹਨਾਂ ਦਾ ਦਾਖਲਾ ਰੋਕ ਰਹੇ ਹੋਣ ਫਿਰ ਉਥੋਂ ਰਸਤਾ ਖਾਂ ਕੇ ਲੜਕਾ ਅਤੇ ਉਸ ਦੇ ਸਨਬੰਧੀ ਅੰਦਰ ਜਾਂਦੇ ਹਨ ਤੇ ਤਿੰਨ ਪੌੜੀਆਂ ਚੜ੍ਹ ਕੇ ਲੜਕਾ ਉਪਰ ਜਾਂਦਾ ਹੈ ਜਿਥੇ ਲੜਕੀ ਆਪਣੀਆਂ ਸਹੇਲੀਆਂ ਨਾਲ ਘਿਰੀ ਬੈਠੀ ਹੁੰਦੀ ਹੈ। ਜਦੋਂ ਲੜਕਾ ਪਹੁੰਚਦਾ ਹੈ ਤਾਂ ਉਹ ਸਾਰੀਆਂ ਉਠ ਕੇ 'ਤਕਬੀਰ' ਕਹਿੰਦੀਆਂ ਹਨ। ਇਸ ਤੋਂ ਪਿਛੋਂ ਲੜਕੀ ਉਠ ਕੇ ਲੜਕੇ ਨੂੰ ਪਾਨ ਪੇਸ਼ ਕਰਦੀ ਹੈ। ਲੜਕਾ ਲੜਕੀ ਤੋਂ ਇਕ ਪਉੜੀ ਨੀਵਾਂ ਬੈਠ ਜਾਂਦਾ ਹੈ। ਦੋਹਾਂ ਉਤੇ ਪੈਸਿਆਂ ਦੀ ਸੁੱਟ ਕੀਤੀ ਜਾਂਦੀ ਹੈ। ਫਿਰ ਲੜਕਾ ਉਠਦਾ ਹੈ ਤੇ ਲੜਕੀ ਦਾ ਹੱਥ ਪਕੜ ਕੇ ਥੱਲੇ ਉਤਰਦਾ ਹੈ ਅਤੇ ਉਸ ਨੂੰ ਡੋਲੀ ਤਕ ਲਿਜਾ ਕੇ ਉਸ ਵਿਚ ਬਿਠਾ ਕੇ ਆਪ ਘੋੜੇ ਤੇ ਚੜ੍ਹ ਕੇ ਆਉਂਦਾ ਹੈ।

ਮੁਸਲਮਾਨਾਂ ਵਿਚ ਸ਼ਾਦੀਆਂ ਅਕਸਰ ਆਪਣੇ ਹੀ ਪਰਿਵਾਰਾਂ ਵਿਚ ਤਹਿ ਕਰ ਲਈਆਂ ਜਾਂਦੀਆਂ ਹਨ ਜਿਹਾ ਕਿ ਚਾਚੇ ਤਾਏ, ਮਾਮੇ, ਭੂਆ, ਮਾਸੀ ਆਦਿ ਦੇ ਬੱਚਿਆਂ ਨਾਲ ਤਾਂ ਜੋ ਲੜਕੀ ਇਸੇ ਪਰਿਵਾਰ ਦੀ ਮੈਂਬਰ ਹੀ ਬਣੀ ਰਹੇ ਅਤੇ ਲੜਕੀ ਮਾਪਿਆਂ ਦੇ ਪਰਿਵਾਰ ਨਾਲੋਂ ਟੁੱਟ ਨਾ ਸਕੇ।

<u>ਮ੍ਰਿਤੂ ਸੰਸਕਾਰ:</u>

ਮੁਸਲਮਾਨਾਂ ਵਿਚ ਮੌਤ ਤੋਂ ਪਿਛੋਂ ਮ੍ਰਿਤਕ ਸਰੀਰ ਨੂੰ ਕਬਰ ਵਿਚ ਦਫ਼ਨਾਇਆ ਜਾਂਦਾ ਹੈ। ਕੁਰਾਨ ਦੇ ਵਿਚ ਇਹ ਕਿਤੇ ਲਿਖਿਆ ਨਹੀਂ ਮਿਲਦਾ ਹੈ ਕਿ ਮੁਰਦੇ ਨੂੰ ਜਲਾਇਆ ਨਾ ਜਾਏ ਪਰੰਤੂ ਇਹ ਕਿਹਾ ਹੈ ਕਿ ਜ਼ਿੰਦਾ ਨਾ ਜਲਾਓ। ਸ਼ਰ੍ਹਾ ਦੇ ਮੁਤਾਬਿਕ ਮਿਰਤਕ ਸਰੀਰ ਉਤਨਾ ਹੀ ਚੇਤੰਨ ਤੇ ਦਰਦ ਮਹਿਸੂਸ ਕਰਦਾ ਹੈ ਜਿੰਨਾ ਕਿ ਜ਼ਿੰਦਾ। ਇਸ ਲਈ 'ਆਇਸ਼ਾ' ਅਨੁਸਾਰ ਮੁਹੰਮਦ ਨੇ ਕਿਹਾ ਹੈ ਕਿ ਮੁਰਦੇ ਦੀਆਂ ਹੱਡੀਆਂ ਤੋੜਨਾ ਜਾਨਦਾਰ ਦੀਆਂ ਹੱਡੀਆਂ ਤੋੜਨ ਦੇ ਬਰਾਬਰ ਹੈ।

<u>ਜਾਤ ਪਾਤ</u>

ਮੁਸਲਮਾਨਾਂ ਵਿਚ ਸ਼ੁਰੂ ਅਨੁਸਾਰ ਜਾਤ ਪਾਤ ਦਾ ਵਿਚਾਰ ਨਹੀਂ। ਸਾਰੇ ਹੀ ਮਨੁੱਖ ਇਕ ਅੱਲਾ ਦੇ ਬੇਟੇ ਮੰਨੇ ਗਏ ਹਨ। ਪਰੰਤੂ ਸਮੇਂ ਦੇ ਨਾਲ ਨਾਲ ਮੁਸਲਮਾਨਾਂ ਵਿਚ ਜਾਤਾਂ ਦੀ ਵੰਡ ਹੋਣੀ ਸ਼ੁਰੂ ਹੋ ਗਈ ਅਤੇ ਕਈ ਇਕੋ ਸ਼ਹਿਰ ਵਿਚ ਹੁੰਦਿਆਂ ਵੀ ਵੱਖ ਵੱਖ ਰਹਿਣ ਲੱਗੇ, ਜਿਹਾ ਕਿ ਸ਼ੇਖ ਅਤੇ ਸੱਯਦ। ਤੁਰਕ, ਪਠਾਣ, ਸੱਯਦ ਅਤੇ ਸ਼ੇਖ ਆਪਣੇ ਤੋਂ ਨੀਵੇਂ ਘਰਾਂ ਵਿਚ ਵਿਆਹ ਸ਼ਾਦੀਆਂ ਵੀ ਨਹੀਂ ਸਨ ਕਰਦੇ। ਬਾਹਰਲੇ ਅਤੇ ਭਾਰਤੀ ਮੁਸਲਮਾਨਾਂ ਵਿਚ ਵੀ ਵੱਖ ਵੱਖ ਜਾਤਾਂ ਵਾਲੇ ਟੋਲੇ ਬਣ ਗਏ। ਇਥੋਂ ਤਕ ਕਿ ਕੁਝ ਨੀਵੇਂ ਲੋਕਾਂ ਨੂੰ ਅਛੂਤਾਂ ਵਾਲਾ ਦਰਜਾ ਵੀ ਦਿੱਤਾ ਜਾਣ ਲੱਗਾ।[1]

---

1. B.N. Luniya, Evolution of Indian Culture, p.355.

**ਗੁਸਲ (ਇਸ਼ਨਾਨ)**

ਮੁਸਲਮਾਨਾਂ ਵਿਚ ਵੀ ਧਾਰਮਿਕ ਪੱਖ ਤੋਂ ਸਰੀਰਕ ਸਫ਼ਾਈ ਤੇ ਜ਼ੋਰ ਦਿੱਤਾ ਜਾਂਦਾ ਹੈ। ਮੁਸਲਮ ਦੇਸ਼ਾਂ ਵਿਚ ਇਸ ਮੰਤਵ ਦੀ ਪੂਰਤੀ ਲਈ ਸਭ ਵੱਡੀਆਂ ਮਸਜਦਾਂ ਨਾਲ ਗੁਸਲਖਾਨੇ ਬਣੇ ਹੁੰਦੇ ਹਨ। ਜਿਸਮ ਦਾ ਹਰ ਅੰਗ ਧੋਣ ਦਾ ਆਦੇਸ਼ ਹੈ। ਅਲੀ ਅਨੁਸਾਰ ਫਰਿਸ਼ਤੇ ਦਾ ਕਹਿਣਾ ਹੈ ਕਿ ਜੇਕਰ ਕੋਈ ਆਪਣੇ ਸਰੀਰ ਦਾ ਇਕ ਵਾਲ ਵੀ ਅਣਧੋਤਾ ਛੱਡੇਗਾ ਤਾਂ ਉਸ ਨੂੰ ਵੀ ਉਸਦੇ ਮੁਤਾਬਕ ਨਰਕਾਂ ਵਿਚ ਸਜ਼ਾ ਮਿਲੇਗੀ। ਹਜ਼ਰਤ ਮੁਹੰਮਦ ਅਨੁਸਾਰ ਨਹਾਉਣ ਲੱਗਿਆਂ ਹੇਠਲੇ ਕਪੜੇ ਪਾ ਕੇ ਹੀ ਨਹਾਉਣਾ ਚਾਹੀਦਾ ਹੈ। ਪਰ ਆਮ ਮੁਸਲਮਾਨ ਅਜਿਹਾ ਨਹੀਂ ਕਰਦੇ।[1]

ਭਾਰਤ ਦੇ ਪੁਰਾਤਨ ਸੰਪ੍ਰਦਾਇ ਅਨੁਸਾਰ ਤੀਵੀਆਂ ਤੇ ਮਰਦ ਦਰਿਆਵਾਂ ਤੇ ਤਲਾਵਾਂ ਵਿਚ ਖੁੱਲ੍ਹੀਆਂ ਤਾਰੀਆਂ ਲਾਉਂਦੇ ਹੁੰਦੇ ਸਨ ਪਰ ਹਮਾਮਾਂ ਦਾ ਰਿਵਾਜ ਹਿੰਦੁਸਤਾਨ ਵਿਚ ਮੁਸਲਮਾਨਾਂ ਨੇ ਹੀ ਲਿਆਂਦਾ। ਜਿੱਥੇ ਉਹ ਵੱਡੀਆਂ ਵੱਡੀਆਂ ਇਮਾਰਤਾਂ ਸ਼ਾਹੀ ਠਾਠ ਦੀਆਂ ਉਸਾਰਦੇ ਸਨ, ਉਥੇ ਨਾਲ ਹੀ ਮਹੱਲਾਂ ਦੇ ਅੰਦਰ ਸੁਹਣੇ ਤੇ ਸੁਖਾਵੇਂ ਤਰੀਕੇ ਨਾਲ ਨਹਾਉਣ ਲਈ ਗੁਸਲਖਾਨੇ ਵੀ ਬਣਾਏ ਸਨ।[2]

**ਪਹਿਰਾਵਾ**

ਮੁਸਲਮਾਨਾਂ ਦੇ ਪਹਿਰਾਵੇ ਬਾਰੇ ਪੱਕੇ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਪੱਗ, ਚੋਗਾ ਅਤੇ ਲੁੰਗੀ ਅਕਸਰ ਪਹਿਨਦੇ ਸਨ। ਇਕ ਛੋਟਾ (short) ਕੋਟ ਜਿਹਾ ਚੋਗਾ ਤੇ ਮੋਢੇ ਤੇ ਸੁੱਟਿਆ ਹੋਇਆ ਵੱਡਾ ਸਾਰਾ ਰੁਮਾਲ (ਪਰਨਾ) ਵੀ ਪਿੱਛੋਂ ਹੋਰ ਵਧਾ ਦਿੱਤੇ ਗਏ।[3] ਵਾਲਾਂ ਨੂੰ ਰਿਬਨਾਂ ਨਾਲ ਬੰਨ੍ਹਣ ਦਾ ਜ਼ਿਕਰ ਵੀ ਆਉਂਦਾ ਹੈ। ਦਾੜ੍ਹੀ ਮੁਸਲਮਾਨਾਂ ਲਈ ਇੱਜ਼ਤ ਦਾ ਚਿੰਨ੍ਹ ਮੰਨਿਆ ਗਿਆ ਹੈ ਅਤੇ ਹਜ਼ਰਤ ਪੈਗੰਬਰ ਨੇ ਦਾੜ੍ਹੀ ਰੱਖੀ ਹੋਈ ਸੀ।[4]

ਤੁਰਕੀ ਲੋਕ ਸਲਵਾਰ, ਕਮੀਜ਼ ਤੇ ਉਪਰ ਅਚਕਨ ਪਾਉਂਦੇ ਸਨ। ਪਗੜੀ ਜਿਸ ਨੂੰ ਫ਼ਾਰਸੀ ਵਿਚ ਦਸਤਾਰ ਕਿਹਾ ਜਾਂਦਾ ਸੀ, ਮੁਸਲਮਾਨਾਂ ਲਈ ਜ਼ਰੂਰੀ ਪਹਿਰਾਵਾ ਤੇ ਇੱਜ਼ਤ ਦਾ ਚਿੰਨ੍ਹ ਮੰਨਿਆ ਗਿਆ ਹੈ। ਕਿਸੇ ਸਤਿਕਾਰ ਯੋਗ ਹਸਤੀ ਦੇ ਸਾਹਮਣੇ ਜਾਂ ਪੂਜਾ ਪਾਠ ਵੇਲੇ ਨੰਗੇ ਸਿਰ ਬਹੁਤ ਹੀ ਬੁਰਾ ਮੰਨਿਆ ਗਿਆ ਹੈ। ਪੂਰਬ ਦੇ ਵਿਚ ਪਗੜੀ ਬੰਨ੍ਹਣ ਦੀਆਂ ਕਈ ਵੰਨਗੀਆਂ ਮਿਲਦੀਆਂ ਹਨ ਤੇ ਕਿਹਾ ਜਾਂਦਾ ਹੈ ਕਿ ਹਜ਼ਾਰ ਤੋਂ ਵੱਧ ਕਿਸਮ ਦੇ ਪੱਗ ਬੰਨ੍ਹਣ ਦੇ ਤਰੀਕੇ ਸਨ। ਔਖੇ, ਸੌਖੇ, ਨਿਮ੍ਰਤਾ ਵਾਲੇ ਤੇ ਹੰਕਾਰੀ ਅਤੇ ਸਮਾਜਕ ਪੱਧਰ ਦੇ ਬੰਦੇ ਦੀ ਪਛਾਣ

---

1. Dictionary of Islam, p.39
2. ਤੇਜਾ ਸਿੰਘ, ਗੁਸਲਖਾਨਾ ਤੇ ਹੋਰ ਲੇਖ, ਪੰਨਾ
3. M. Mujeeb, Indian Muslims, p.220, 221.
4. Thomas Patrick Huges-Dictionary of Ilam, p.40

ਉਸ ਦੀ ਪਗੜੀ ਤੋਂ ਹੀ ਹੋ ਜਾਂਦੀ ਹੈ। ਪੂਰਬ ਦੇ ਵਿਚ ਕੋਈ ਮੁਸਾਫ਼ਰ ਆਪਣੀ ਪਗੜੀ ਤੋਂ ਝਟ ਪਹਿਚਾਣਿਆ ਜਾਂਦਾ ਹੈ ਕਿ ਇਹ ਕਿਸ ਜਾਤੀ ਜਾਂ ਫ਼ਿਰਕੇ ਦਾ ਹੈ।[1]

ਤੁਰਕੀ ਇਸਤ੍ਰੀ ਦਾ ਪਹਿਰਾਵਾ ਵੀ ਮਰਦਾਂ ਵਰਗਾ ਹੀ ਸੀ। ਸਿਰਫ਼ ਕਪੜੇ ਦੇ ਹੀ ਵਧੀਆ ਘਟੀਆ ਹੋਣ ਦਾ ਫ਼ਰਕ ਹੁੰਦਾ ਸੀ। ਮਾਲਾਬਾਰ ਦੀਆਂ ਮੁਸਲਮਾਨ ਇਸਤ੍ਰੀਆਂ ਸਿਰਫ਼ ਇਕ ਲੰਬਾ ਕਪੜਾ ਹੀ ਲਪੇਟਦੀਆਂ ਸਨ। ਸੀਤੇ ਹੋਏ ਕਪੜੇ ਨਹੀਂ ਪਾਉਂਦੀਆਂ ਸਨ। ਪ੍ਰਾਰਥਨਾ ਸਮੇਂ ਚਾਹੇ ਕੁਰਾਨ ਵਿਚ ਮਰਦਾਂ ਦੇ ਸਿਰ ਢਕਣ ਬਾਰੇ ਕੁਝ ਨਹੀਂ ਲਿਖਿਆ ਮਿਲਦਾ ਪਰ ਆਮ ਤੌਰ ਤੇ ਇਸ ਨੂੰ ਚੰਗਾ ਮੰਨਿਆ ਗਿਆ ਹੈ। ਪਰ ਇਸਤ੍ਰੀਆਂ ਦੇ ਬਾਰੇ ਵਿਚ 'ਅਹਾਦੀਸ' ਅਨੁਸਾਰ ਰਬ ਉਸ ਇਸਤ੍ਰੀ ਦੀ ਪ੍ਰਾਰਥਨਾ ਕਬੂਲ ਨਹੀਂ ਕਰਦਾ ਜੋ ਨੰਗੇ ਸਿਰ ਕਰੇ। ਸਿਲਕੀ ਕਪੜੇ ਮਰਦਾਂ ਲਈ ਵਿਵਰਜਤ ਸਨ, ਪਰ ਇਸਤ੍ਰੀਆਂ ਪਾ ਸਕਦੀਆਂ ਸਨ। ਜ਼ਰੂਰੀ ਲੋੜ ਤੋਂ ਇਲਾਵਾ ਮੁਸਲਮਾਨਾਂ ਲਈ ਹੱਥ ਵਿਚ ਰੁਮਾਲ ਫੜਨਾ ਵੀ ਵਿਵਰਜਤ ਸੀ।[2]

<u>ਗਹਿਣੇ</u>

ਮੁਸਲਮਾਨ ਇਸਤ੍ਰੀਆਂ ਵਿਚ ਕੰਨਾਂ ਅਤੇ ਨੱਕ ਵਿਚ ਗਹਿਣੇ ਪਾਉਣ ਦਾ ਆਮ ਰਿਵਾਜ ਸੀ। ਇਹ ਗਹਿਣੇ ਪੈਗੰਬਰ ਅਨੁਸਾਰ ਸੋਨੇ ਦੇ ਨਹੀਂ ਚਾਂਦੀ ਦੇ ਹੋਣੇ ਚਾਹੀਦੇ ਸਨ। ਮਰਦ ਸਿਰਫ਼ ਅੰਗੂਠੀ ਹੀ ਪਾ ਸਕਦੇ ਸਨ।

<u>ਫ਼ਰਨੀਚਰ</u>

ਮੁਸਲਿਮ ਘਰਾਂ ਵਿਚ ਅਕਸਰ ਕਾਲੀਨ ਅਤੇ ਗੱਦੀਆਂ ਨਾਲ ਸਜਾਵਟ ਕੀਤੀ ਜਾਂਦੀ ਸੀ। ਨੀਵੇਂ ਨੀਵੇਂ ਤਖ਼ਤ ਪੋਸ਼ ਵੀ ਕਈ ਸਾਈਜ਼ਾਂ ਦੇ ਬਣਾਏ ਜਾਂਦੇ ਸਨ ਅਤੇ ਚਾਰਪਾਈਆਂ ਵੀ। ਤਲਾਈਆਂ ਸਿਰਹਾਣੇ ਤੇ ਕਾਲੀਨ ਕਈ ਰੰਗਾਂ ਦੇ ਮੋਟੇ ਮੋਟੇ ਆਪਣੇ ਵਿਤ ਅਨੁਸਾਰ ਬਣਾਏ ਜਾਂਦੇ ਸਨ। ਬਿਸਤਰੇ ਵਿਚ ਇਕ ਤਲਾਈ, ਦੋ ਸਿਰਹਾਣੇ, ਇਕ ਰਜਾਈ ਸਭ ਰੇਸ਼ਮੀ ਹੁੰਦੇ ਸਨ। ਤੁਲਾਈ ਅਤੇ ਕੰਬਲਾਂ ਨੂੰ ਸਫ਼ੈਦ ਚਾਦਰਾਂ ਨਾਲ ਢਕਿਆ ਜਾਂਦਾ ਸੀ ਤਾਂ ਜੋ ਮੈਲੇ ਨਾ ਹੋਣ।

<u>ਖ਼ੁਰਾਕ</u>

ਸੁਨਾਂ ਅਨੁਸਾਰ ਖ਼ੁਰਾਕ ਰੱਬ ਦੇ ਨਾਂ ਹੇਠ ਪੇ ਕੇ, ਸੱਜੇ ਹੱਥ ਨਾਲ, ਜੁੱਤੀਆਂ ਉਤਾਰ ਕੇ ਖਾਣੀ ਚਾਹੀਦੀ ਹੈ ਤੇ ਖਾਣਾ ਖ਼ਤਮ ਕਰਨ ਪਿਛੋਂ ਪਲੇਟ ਅਤੇ ਉਂਗਲਾਂ ਚਟਣੀਆਂ ਚਾਹੀਦੀਆਂ ਹਨ। ਮੁਸਲਮਾਨਾਂ ਵਿਚ ਚਾਵਲ, ਰੋਟੀ, ਮਾਸ, ਸਬਜ਼ੀਆਂ, ਦਹੀਂ, ਮੱਖਣ, ਘਿਉ, ਫਲਾਂ, ਸ਼ਹਿਦ ਆਦਿ ਖਾਣ ਲਈ ਵਰਤੋਂ ਵਿਚ ਲਿਆਏ ਜਾਂਦੇ ਸਨ। ਅਮੀਰ ਲੋਕ ਤਾਂ ਦੁੱਧ, ਦਹੀਂ, ਲੱਸੀ, ਮਾਸ ਤੇ ਸਬਜ਼ੀਆਂ ਦੀ ਵਰਤੋਂ ਕਰਦੇ ਸਨ ਪਰ ਗਰੀਬ ਲੋਕ ਕੇਵਲ ਰੋਟੀ ਤੇ ਸਬਜ਼ੀ ਜਾਂ ਕਦੀ ਕਦੀ ਮਾਸ ਖਾ ਕੇ ਗੁਜ਼ਾਰਾ ਕਰਦੇ ਸਨ।

---

1. Dictionary of Islam,p.648.
2. ibid.p.92

ਅਮੀਰ ਘਰਾਣਿਆਂ ਵਿਚ ਖਾਣਾ ਖਾਣ ਵੇਲੇ ਪਹਿਲਾਂ ਇਕ ਦਸਤਰਖ਼ਾਨ ਵਿਛਾਇਆ ਜਾਂਦਾ ਹੈ ਫਿਰ ਹਰੇਕ ਜੀਅ ਲਈ ਪਲੇਟਾਂ ਰਖੀਆਂ ਜਾਂਦੀਆਂ ਹਨ ਤੇ ਵਿਚਕਾਰ ਖਾਣ ਪੀਣ ਦੀਆਂ ਵਸਤਾਂ। ਸਭ ਤੋਂ ਪਹਿਲਾਂ ਸ਼ਰਬਤ ਪੀਤਾ ਜਾਂਦਾ ਹੈ ਤੇ ਫਿਰ ਚਾਵਲ, ਮੁਰਗਾ, ਹਲਵਾ ਆਦਿ। ਇਸ ਤੋਂ ਪਿਛੋਂ ਟੌਸੀ ਤੇ ਅੰਤ ਵਿਚ ਹਾਜ਼ਮਾ ਠੀਕ ਰਖਣ ਲਈ ਇਕ ਗਰਮ ਪਾਣੀ ਦਾ ਗਲਾਸ।

ਬਰਤਨ ਅਕਸਰ ਚੀਨੀ ਦੇ ਵਰਤੇ ਜਾਂਦੇ ਸਨ ਜਿਨ੍ਹਾਂ ਤੇ ਸੋਹਣੀ ਤਰ੍ਹਾਂ ਚਿਤਰਕਾਰੀ ਵੀ ਕੀਤੀ ਹੁੰਦੀ ਸੀ।

ਮੁਸਲਮਾਨੀ ਸ਼ਰ੍ਹਾ ਅਨੁਸਾਰ ਸ਼ਰਾਬ ਪੀਣ ਦੀ ਸਖ਼ਤ ਮਨਾਹੀ ਹੈ। ਜੇਕਰ ਕੋਈ ਸ਼ਰਾਬ ਪੀਂਦਾ ਵੇਖਿਆ ਜਾਏ ਜਾਂ ਉਸਦੀ ਗਵਾਹੀ ਮਿਲ ਜਾਏ ਜਾਂ ਉਸ ਕੋਲੋਂ ਸ਼ਰਾਬ ਦੀ ਬੂ ਆ ਰਹੀ ਹੋਵੇ ਜਾਂ ਸ਼ਰਾਬੀ ਹਾਲਤ ਵਿਚ ਮਿਲੇ ਤਾਂ ਉਸ ਨੂੰ ਚਾਲੀ ਬੈਂਤ ਮਾਰਨ ਦੀ ਸਜ਼ਾ ਦਿੱਤੀ ਜਾਏ ਤੇ ਜੇਕਰ ਉਹ ਗੁਲਾਮ ਹੈ ਤਾਂ ਅੱਸੀ ਬੈਂਤ ਮਾਰੇ ਜਾਣ।[1] ਪ੍ਰੰਤੂ ਫਿਰ ਵੀ ਸ਼ਰਾਬ ਪੀਣ ਦਾ ਰਿਵਾਜ ਮੁਸਲਮਾਨਾਂ ਵਿਚ ਆਮ ਸੀ ਤੇ ਕਈ ਤਰ੍ਹਾਂ ਦੀ ਸ਼ਰਾਬ ਤਿਆਰ ਕੀਤੀ ਜਾਂਦੀ ਸੀ।

ਆਵਾਜਾਈ ਦੇ ਸਾਧਨ

ਸਾਮਾਨ ਆਦਿ ਢੋਣ ਲਈ ਬੋਲੇ ਅਤੇ ਬੈਲ ਗੱਡੀਆਂ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਸਨ। ਸਵਾਰੀ ਲਈ ਘੋੜੇ ਹੁੰਦੇ ਸਨ। ਜੋ ਲੋਕ ਘੋੜਿਆਂ ਤੇ ਨਹੀਂ ਸਨ ਚੜ੍ਹਦੇ, ਉਨ੍ਹਾਂ ਲਈ ਕਈ ਤਰ੍ਹਾਂ ਦੀਆਂ ਪਾਲਕੀਆਂ ਹੁੰਦੀਆਂ ਸਨ। ਮਰਦਾਂ ਲਈ ਖੁਲ੍ਹੀਆਂ ਅਤੇ ਇਸਤ੍ਰੀਆਂ ਲਈ ਬੰਦ ਡੋਲੇ ਅਤੇ ਡੋਲੀਆਂ ਹੁੰਦੀਆਂ ਸਨ। ਸ਼ਾਹੀਆਂ ਲਈ ਅਤੇ ਬੇਗਮਾਂ ਲਈ ਸਜੀਆਂ ਹੋਈਆਂ ਵਧੀਆ ਡੋਲੀਆਂ ਹੁੰਦੀਆਂ ਸਨ। ਗਰੀਬ ਲੋਕ ਆਮ ਤੌਰ ਤੇ ਪੈਦਲ ਹੀ ਸਫ਼ਰ ਕਰਦੇ ਸਨ।

ਮਨ ਪਰਚਾਵਾ

ਮੁਸਲਮਾਨਾਂ ਦਾ ਆਮ ਮਨ-ਪਰਚਾਵਾ ਸ਼ਿਕਾਰ ਖੇਡਣਾ, ਜੂਆ ਖੇਡਣਾ, ਮੁਜਰੇ ਕਰਾਉਣੇ ਤੇ ਸ਼ਿਅਰੋ ਸ਼ਾਇਰੀ ਆਦਿ ਸੀ।

ਵਿਦਿਆ

ਮੁਸਲਮਾਨਾਂ ਦੇ ਸਮੇਂ ਦੀਆਂ ਬਾਰੇ ਵਿਦਿਅਕ ਪ੍ਰਾਪਤੀਆਂ ਕੋਈ ਖਾਸ ਨਹੀਂ ਮਿਲਦੀਆਂ ਪ੍ਰੰਤੂ ਰਾਜ ਵਲੋਂ ਵਿਦਵਾਨਾਂ ਨੂੰ ਕਾਫ਼ੀ ਮਾਨਤਾ ਦਿੱਤੀ ਜਾਂਦੀ ਸੀ। ਉਸਤਾਦਾਂ ਦੀ ਸਮਾਜ ਵਿਚ ਕਾਫ਼ੀ ਇੱਜ਼ਤ ਸੀ ਅਤੇ ਵਿਦਿਆਰਥੀ ਅਧਿਆਪਕ ਸੰਬੰਧ ਬੜੇ ਪਿਆਰ ਤੇ ਸਤਿਕਾਰ ਭਰੇ ਸਨ। ਸ਼ਾਗਿਰਦਾਂ ਕੋਲੋਂ ਉਸਤਾਦਾਂ ਦੀ ਖ਼ਿਦਮਤ (ਸੇਵਾ ਭਾਵਨਾ) ਦੀ ਆਸ ਵੀ ਰੱਖੀ ਜਾਂਦੀ ਸੀ।[2]

---

1. T.P.Hughes, Dictionary of Islam, p.100.
2. B.N.Luniya, Evolution of Indian Culture, p.394

ਬੇਸ਼ਕ ਤਾਲੀਮ ਹਰ ਇਕ ਮੁਸਲਮਾਨ ਲਈ ਜ਼ਰੂਰੀ ਸੀ ਪਰ ਲੜਕੀਆਂ ਲਈ ਵਿਦਿਆ ਦਾ ਕੋਈ ਪ੍ਰਬੰਧ ਨਹੀਂ ਸੀ। ਉਚੇ ਘਰਾਣੇ ਦੀਆਂ ਲੜਕੀਆਂ ਲਈ ਪ੍ਰਾਈਵੇਟ ਤੌਰ ਤੇ ਵਿਦਿਆ ਦਾ ਪ੍ਰਬੰਧ ਕੀਤਾ ਜਾਂਦਾ ਸੀ ਪਰ ਆਮ ਲੜਕੀਆਂ ਦੀ ਵਿਦਿਆ ਵਲ ਧਿਆਨ ਨਹੀਂ ਸੀ ਦਿੱਤਾ ਜਾਂਦਾ।

ਕਈ ਬਾਦਸ਼ਾਹ ਵਿਦਿਆ ਦੀ ਤਰੱਕੀ ਲਈ ਉਚੇਚੀ ਦਿਲਚਸਪੀ ਵੀ ਰਖਦੇ ਸਨ। ਖਿਜ਼ਰ ਖਾਨ, ਮੁਬਾਰਕ ਸ਼ਾਹ, ਸਯਦ ਬਾਦਸ਼ਾਹ, ਬਾਹਲੋਲ ਆਦਿ ਦੇ ਸਮੇਂ ਵਿਚ ਵਿਦਿਆ ਨੇ ਬਹੁਤ ਤਰੱਕੀ ਕੀਤੀ। ਬਹਿਲੋਲ ਲੋਧੀ ਅਤੇ ਸਿਕੰਦਰ ਲੋਧੀ ਨੇ ਇਸ ਪਾਸੇ ਵਿਸ਼ੇਸ਼ ਰੁਚੀ ਦਿਖਾਈ। ਸਿਕੰਦਰ ਲੋਧੀ ਦੇ ਸਮੇਂ ਵਿਚ ਲਿਖਣਾਂ, ਸੰਪਾਦਨਾਂ ਅਤੇ ਉਲਥਾ ਆਦਿ ਕੀਤੇ ਗਏ ਅਤੇ ਉਚੇ ਪੱਧਰ ਦਾ ਸਾਹਿਤ ਲਿਖਿਆ ਗਿਆ ਜਿਸ ਵਿਚੋਂ 'ਤਿਬ-ਏ-ਸਿਕੰਦਰੀ' ਡਾਕਟਰੀ ਵਿਗਿਆਨ ਦੀ ਖਾਸ ਪੁਸਤਕ ਹੈ।

<u>ਕਲਾਂ</u>

ਮੁਸਲਮਾਨ ਬਾਦਸ਼ਾਹ ਕਲਾਂ ਦੇ ਬਹੁਤ ਪ੍ਰੇਮੀ ਸਨ। ਕਢਾਈ, ਭਾਂਡਿਆਂ ਤੇ ਫੁੱਲ ਬੂਟੇ, ਹਾਥੀ ਦੰਦ ਦਾ ਕੰਮ, ਲਕੜੀ ਦਾ ਕੰਮ, ਧਾਤ ਦਾ ਕੰਮ ਆਦਿ ਬਹੁਤ ਪਸੰਦ ਵੀ ਕੀਤਾ ਜਾਂਦਾ ਸੀ ਅਤੇ ਇਸ ਨੂੰ ਉਤਸ਼ਾਹ ਵੀ ਦਿੱਤਾ ਜਾਂਦਾ ਸੀ। ਚਿਤਰਕਾਰੀ ਦੀ ਕਿਉਂਕਿ ਕੁਰਾਨ ਵਿਚ ਮਨਾਹੀ ਸੀ, ਇਸ ਲਈ ਇਸ ਵਲ ਧਿਆਨ ਦੇਣਾ ਜਾਇਜ਼ ਨਹੀਂ ਸੀ ਮੰਨਿਆ ਗਿਆ। ਪਰ ਭਵਨ ਉਸਾਰੀ ਦੀ ਕਲਾ ਮੁਸਲਮਾਨਾਂ ਵਿਚ ਬਹੁਤ ਉਚੀ ਮੰਨੀ ਗਈ ਹੈ।

<u>ਸੰਗੀਤ</u>

ਕੁਰਾਨ ਵਿਚ ਸੰਗੀਤ ਦੀ ਮਨਾਹੀ ਹੋਣ ਕਰਕੇ ਪਹਿਲਾ ਪਹਿਲਾਂ ਤਾਂ ਇਸ ਬਾਰੇ ਸਾਨੂੰ ਕੋਈ ਵਾਕਫੀ ਨਹੀਂ ਮਿਲਦੀ ਪਰੰਤੂ ਬਾਅਦ ਵਿਚ ਸੂਫੀਆਂ ਨੇ ਪ੍ਰੇਮਾ ਭਗਤੀ ਦੇ ਗੀਤ ਗਾ ਕੇ ਸੰਗੀਤ ਵਿਚ ਖਾਸ ਰੁਚੀ ਦਿਖਾਈ। ਮੁਸਲਮਾਨਾਂ ਨੇ ਕਈ ਨਵੇਂ ਰਾਗ ਜਿਹਾ ਕਿ ਕਵਾਲੀ, ਖਿਆਲ, ਗਜ਼ਲ ਆਦਿ ਵੀ ਬਣਾਏ।

<u>ਆਰਥਕ ਅਵਸਥਾ</u>

ਮੁਸਲਿਮ ਸਰਕਾਰ ਦੀ ਖਾਸ ਆਰਥਕ ਨੀਤੀ ਨਹੀਂ ਸੀ ਹੁੰਦੀ। ਆਮ ਤੌਰ ਤੇ ਲੋਕਾਂ ਦਾ ਪੇਸ਼ਾ ਖੇਤੀਬਾੜੀ ਹੀ ਸੀ, ਪਰ ਕੁਝ ਅਮੀਰਾਂ ਨੇ ਰਾਜ ਦੀ ਲੋੜ ਨੂੰ ਪੂਰਾ ਕਰਨ ਲਈ ਦਸਤਕਾਰੀ ਵੀ ਆਰੰਭ ਕੀਤੀ ਹੋਈ ਸੀ ਜਿਨ੍ਹਾਂ ਵਿਚੋਂ ਸੂਤੀ, ਰੇਸ਼ਮੀ ਅਤੇ ਊਨੀ ਕਪੜਾ ਬਣਾਉਣ ਲਈ ਖਾਸ ਧਿਆਨ ਦਿੱਤਾ ਜਾਂਦਾ ਸੀ, ਧਾਤ, ਪੱਥਰ, ਇੱਟਾਂ, ਕਾਗਜ਼, ਰੰਗ ਅਤੇ ਖੰਡ ਦੇ ਕਾਰਖਾਨੇ ਵੀ ਸਨ। ਪਰ ਇਹ ਕਾਰਖਾਨੇ ਕੋਈ ਵੱਡੇ ਪੱਧਰ ਤੇ ਨਹੀਂ ਸੀ ਹੁੰਦੇ, ਆਮ ਛੋਟੇ ਪੱਧਰ ਦੇ ਹੀ ਹੁੰਦੇ ਸਨ। ਕੁਝ ਛੋਟੇ ਕਾਰਖਾਨੇ ਪਿਆਲੇ, ਜੁੱਤੀਆਂ ਅਤੇ ਸ਼ਸਤਰ ਬਣਾਉਣ ਦੇ ਵੀ ਸਨ। ਕਈ ਥਾਵਾਂ ਤੇ ਅਤਰ ਫੁਲੇਲ, ਸ਼ਰਾਬ ਤੇ ਸਪਿਰਟ ਵੀ ਬਣਾਈ ਜਾਂਦੀ ਸੀ।

ਆਰਥਕ ਵੰਡ ਅਨੁਸਾਰ ਦੋ ਸ਼੍ਰੇਣੀਆਂ ਸਨ: ਇਕ ਉਚੀ ਸ਼੍ਰੇਣੀ ਜੋ ਕਿ ਬਹੁਤ ਹੀ ਅਮੀਰ ਸ਼੍ਰੇਣੀ ਸੀ ਅਤੇ ਦੂਜੀ ਕਿਸਾਨ ਸ਼੍ਰੇਣੀ ਜੋ ਮੁਸ਼ਕਲ ਨਾਲ ਗੁਜ਼ਾਰਾ ਹੀ ਕਰਦੀ ਸੀ। ਕਾਲ ਪੈ ਜਾਣ ਕਰਕੇ ਇਨ੍ਹਾਂ ਦੀ ਹਾਲਤ ਹੋਰ ਵੀ ਮਾੜੀ ਹੋ ਜਾਂਦੀ ਸੀ ਤੇ ਕਰ ਨਾ ਦੇ ਸਕਣ ਕਰਕੇ ਜੁਰਮਾਨਾ ਵੀ ਭੁਗਤਣਾ ਪੈਂਦਾ ਸੀ। ਰਾਜਸੀ ਤਬਦੀਲੀਆਂ ਭਾਵੇਂ ਕਿੰਨੀਆਂ ਆਉਂਦੀਆਂ ਰਹੀਆਂ ਪਰ ਪਿੰਡਾਂ ਦੇ ਜੀਵਨ ਤੇ ਇਸ ਦਾ ਕੋਈ ਅਸਰ ਨਹੀਂ ਪਿਆ।[1]

---

1. Majumdar and others, An Advanced History of India, p.393.

ਧਰਮ

ਇਸਲਾਮੀ ਸਭਿਆਚਾਰ ਸਾਰਾ ਹੀ ਧਾਰਮਿਕ ਭਾਵਨਾ ਨਾਲ ਭਰਿਆ ਹੋਇਆ ਹੈ। ਇਸਲਾਮ ਨੂੰ ਮੰਨਣ ਵਾਲੇ ਜਿਥੇ ਵੀ ਜਾਂਦੇ ਸਨ ਇਸਲਾਮ ਨੂੰ ਫੈਲਾਉਣ ਦੇ ਆਸ਼ੇ ਨਾਲ ਹੀ ਜਾਂਦੇ ਸਨ। ਮਿਸਰ, ਅਰਬ, ਈਰਾਨ, ਇਰਾਕ ਆਦਿ ਜਿਸ ਦੇਸ਼ ਵਿਚ ਵੀ ਗਏ ਉਥੇ ਆਪਣੇ ਧਰਮ ਦਾ ਪਰਚਾਰ ਕਰਕੇ ਸਮੁੱਚੇ ਤੌਰ ਤੇ ਲੋਕਾਂ ਨੂੰ ਇਸ ਧਰਮ ਦੇ ਅਨੁਯਾਈ ਬਣਾ ਲਿਆ ਜਿਸ ਦੇ ਫਲ ਸਰੂਪ ਇਹ ਦੇਸ਼ ਅਜ ਮੁਸਲਮ ਦੇਸ਼ ਕਰਾਰ ਦਿੱਤੇ ਗਏ ਹਨ। ਪਰ ਹਿੰਦੂ ਭਾਰਤੀ ਸਭਿਆਚਾਰ ਅਤੇ ਇਸਲਾਮੀ ਸਭਿਆਚਾਰ ਦੇ ਧਾਰਮਿਕ ਤੌਰ ਤੇ ਵਖ ਵਖ ਸਿਧਾਂਤ ਹਨ।

ਮੂਰਤੀ ਪੂਜਾ

ਇਸਲਾਮ ਵਿਚ ਇਕ ਰੱਬ ਨੂੰ ਮੰਨਿਆ ਗਿਆ ਹੈ। ਇਕ ''ਅੱਲਾ'' ਤੋਂ ਬਿਨਾਂ ਕਿਸੇ ਹੋਰ ਤੇ ਵਿਸ਼ਵਾਸ ਕਰਨਾ ਪਾਪ ਸਮਝਿਆ ਜਾਂਦਾ ਹੈ। ਇਸਲਾਮ ਅਨੁਸਾਰ 'ਸਿਰਫ਼ ਇਕ ਅੱਲਾ ਹੈ ਅਤੇ ਮੁਹੰਮਦ ਉਸ ਦਾ ਭੇਜਿਆ ਹੋਇਆ ਦੂਤ ਹੈ।'[1] ਮੂਰਤੀ ਪੂਜਾ ਮੁਹੰਮਦ ਦੇ ਸਮੇਂ ਵਿਚ ਅਤੇ ਉਸ ਤੋਂ ਪਹਿਲਾਂ ਮੁਸਲਮਾਨਾਂ ਵਿਚ ਹੁੰਦੀ ਰਹੀ ਸੀ। ਕਿਹਾ ਜਾਂਦਾ ਹੈ ਕਿ ਕਾਬੇ ਵਿਚ 360 ਮੂਰਤੀਆਂ ਸਨ ਤੇ ਹਰ ਕੋਈ ਆਪਣੀ ਮੂਰਤੀ ਦੀ ਪੂਜਾ ਕਰਦਾ ਸੀ। ਇਨ੍ਹਾਂ ਤੋਂ ਉਪਰ ਅੱਲਾ ਨੂੰ ਸਭ ਤੋਂ ਵੱਡਾ ਮੰਨਿਆ ਜਾਂਦਾ ਸੀ।[2] ਲੋਕ ਕਾਬੇ ਤੋਂ ਪਥਰ ਲੈ ਜਾਂਦੇ ਸਨ ਤੇ ਉਨ੍ਹਾਂ ਨੂੰ ਪੂਜਦੇ ਸਨ। ਪਰੰਤੂ ਹਜ਼ਰਤ ਮੁਹੰਮਦ ਸਾਹਿਬ ਮੂਰਤੀ ਪੂਜਾ ਦੇ ਖਿਲਾਫ਼ ਸਨ। ਕੁਰਾਨ ਅਨੁਸਾਰ ਜਿਹੜੇ ਮਨੁੱਖ ਮੂਰਤੀਆਂ ਵਿਚ ਰਬ ਵਾਲੇ ਗੁਣ ਵੇਖਦੇ ਹਨ ਤੇ ਉਨ੍ਹਾਂ ਦੀ ਪੂਜਾ ਕਰਦੇ ਹਨ ਉਹ ਪਾਪੀ ਹਨ।[3] ਇਸ ਲਈ ਮੁਹੰਮਦ ਸਾਹਿਬ ਨੇ ਕਾਬੇ ਵਿਚੋਂ ਮੂਰਤੀਆਂ ਕਢ ਕੇ ਤੋੜ ਦਿੱਤੀਆਂ, ਤਸਵੀਰਾਂ ਉਤਾਰ ਦਿੱਤੀਆਂ ਅਤੇ ਇਕ ਅੱਲਾ ਨੂੰ ਮੰਨਣ ਲਈ ਕਿਹਾ, ਚਾਹੇ ਇਸ ਲਈ ਉਸ ਨੂੰ ਸਖ਼ਤ ਵਿਰੋਧਤਾ ਦਾ ਸਾਹਮਣਾ ਵੀ ਕਰਨਾ ਪਿਆ।

ਰੱਬੀ ਏਕਤਾ ਤੇ ਸ੍ਰੇਸ਼ਟਤਾ

ਮੁਹੰਮਦ ਨੇ ਕਿਹਾ ਇਕ ''ਅੱਲਾ'' ਹੀ ਸਰਬਸ਼ਕਤੀਮਾਨ ਹੈ। ਇਕੋ ਉਸ ਤੇ ਹੀ ਅਸੀਂ ਨਿਰਭਰ ਹਾਂ। ਉਹ ਰੱਬ ਨਾ ਪੈਦਾ ਕੀਤਾ ਜਾ ਸਕਦਾ ਹੈ ਤੇ ਨਾ ਹੀ ਉਸ ਵਰਗਾ ਕੋਈ ਹੋਰ ਹੈ। ਕੁਰਾਨ ਅਨੁਸਾਰ ਜੇ ਅੱਲਾ ਤੋਂ ਇਲਾਵਾ ਕੋਈ ਹੋਰ ਰੱਬ ਹੁੰਦਾ ਤਾਂ ਸੰਸਾਰ ਵਿਚ ਬਹੁਤ ਗੜਬੜ ਹੁੰਦੀ। ਸਾਰਾ ਕੁਝ ਇਕ ਰੱਬ ਦੇ ਹੁਕਮ ਵਿਚ ਹੀ ਚਲ ਰਿਹਾ ਹੈ। ਇਸ ਲਈ ਉਸ ਰੱਬ ਦੀ ਰਜ਼ਾ ਵਿਚ ਹੀ ਮਨੁੱਖ ਨੂੰ ਰਹਿਣਾ ਚਾਹੀਦਾ ਹੈ ਅਤੇ ਉਸੇ ਦੀ ਹੀ ਸਰਵਸ਼੍ਰੇਸ਼ਟਤਾ ਮੰਨਣੀ ਚਾਹੀਦੀ ਹੈ।[4]

---

1. Cultural Heritage of India, V.IV, p.576.
2. Outlines of Islamic Culture, V.I, p.7
3. Culturàl Heritage of India, V.IV, p.51.
4. Abid Hussain, Muslim Culture, p.28.

**ਫ਼ਰਿਸ਼ਤੇ**

ਇਸਲਾਮ ਅਨੁਸਾਰ ਕਈ ਫ਼ਰਿਸ਼ਤੇ ਹਨ।[1] ਇਨ੍ਹਾਂ ਵਿਚੋਂ ਸ਼ੈਤਾਨ ਇਕ ਸ਼ਕਤੀਸ਼ਾਲੀ ਫ਼ਰਿਸ਼ਤਾ ਹੈ। ਰੱਬ ਦੇ ਬਣਾਏ ਪਹਿਲੇ ਮਨੁੱਖ ਆਦਮ ਅੱਗੇ ਨਾ ਝੁਕਣ ਕਰਕੇ ਰੱਬ ਨੇ ਉਸ ਨੂੰ ਬਹਿਸ਼ਤ ਵਿਚੋਂ ਕੱਢ ਦਿੱਤਾ। ਸ਼ੈਤਾਨ ਨੇ ਗੁੱਸੇ ਵਿਚ ਆ ਕੇ ਰੱਬ ਨੂੰ ਚੁਣੌਤੀ ਦਿੱਤੀ ਕਿ ਉਹ ਆਦਮ ਦੇ ਜਾਇਆਂ ਨੂੰ ਉਸ ਵਲ ਆਉਣ ਤੋਂ ਰੋਕੇਗਾ। ਇਸ ਤੋਂ ਬਿਨਾ ਅਜ਼ਰਾਈਲ, ਮੀਕਾਈਲ, ਜਬਰਾਈਲ ਅਤੇ ਇਸਰਾਫ਼ੀਲ ਆਦਿ ਫ਼ਰਿਸ਼ਤਿਆਂ ਦੀ ਹੋਂਦ ਵੀ ਮੰਨੀ ਗਈ ਹੈ। ਹਜ਼ਰਤ ਮੁਹੰਮਦ ਨੂੰ ਖ਼ੁਦਾ ਵਲੋਂ ਪੈਗ਼ਾਮ ਜਬਰਾਈਲ ਨੇ ਹੀ ਦਿੱਤਾ ਸੀ।

ਕੁਰਾਨ ਦੀ ਸਿਖਿਆ ਇਹ ਵੀ ਦਸਦੀ ਹੈ ਕਿ ਮਨੁੱਖ ਅਤੇ ਉਸ ਦੇ ਕਰਤਾਰ ਦਾ ਸੰਬੰਧ ਪਿਆਰ ਵਾਲਾ ਹੋਣਾ ਚਾਹੀਦਾ ਹੈ, ਸਿਰਫ਼ ਉਸ ਦੀ ਪੂਜਾ ਹੀ ਕਾਫ਼ੀ ਨਹੀਂ ਸਾਨੂੰ ਉਸ ਨਾਲ ਪਿਆਰ ਵੀ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਨੂੰ ਪਿਆਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਉਸ ਦੇ ਬੰਦਿਆਂ ਨੂੰ ਪਿਆਰ ਕਰਨਾ ਹੈ।[2]

**ਮਰਨੋਪਰੰਤ**

ਇਸਲਾਮ ਅਨੁਸਾਰ ਰੂਹ (ਆਤਮਾ) ਕੋਈ ਅੱਡ ਹਸਤੀ ਨਹੀਂ ਜੋ ਸਰੀਰ ਵਿਚ ਆਉਂਦੀ ਹੈ। ਇਹ ਪਹਿਲਾਂ ਹੀ ਸਰੀਰ ਵਿਚ ਮੌਜੂਦ ਹੁੰਦੀ ਹੈ। ਇਹ ਪਹਿਲਾਂ ਹੇਠਲੀ ਚੇਤੰਨਤਾ ਵਿਚ ਲੁਕੀ ਹੁੰਦੀ ਹੈ ਅਤੇ ਪਿਛੋਂ ਉਪਰ ਉਭਰਦੀ ਹੈ ਅਤੇ ਫੇਰ ਇਸ ਦਾ ਵਿਕਾਸ ਇਸ ਨੂੰ ਪੂਰਨ ਬਣਾਉਂਦਾ ਹੈ।[3] ਸਰੀਰ ਦੇ ਨਾਲ ਹੀ ਆਤਮਾ ਵੀ ਕਬਰ ਵਿਚ ਦਫ਼ਨਾਈ ਜਾਂਦੀ ਹੈ ਅਤੇ ਕਿਆਮਤ ਵਾਲੇ ਦਿਨ ਦੋਵੇਂ ਹੀ ਫਿਰ ਉਠ ਖਲੋਂਦੇ ਹਨ। ਦੋਜ਼ਖ਼ ਅਤੇ ਬਹਿਸ਼ਤ ਦੋ ਥਾਵਾਂ ਹਨ ਜਿਥੇ ਅਮਲਾਂ ਅਨੁਸਾਰ ਆਤਮਾਵਾਂ ਨੂੰ ਸਰੀਰਾਂ ਸਮੇਤ ਸੁੱਟਿਆ ਜਾਂਦਾ ਹੈ।[4]

**ਸੁਨ੍ਹਾਂ**

ਸੁਨ੍ਹਾਂ ਦੇ ਅਸੂਲਾਂ ਨੂੰ ਮੰਨਣਾ ਹਰੇਕ ਮੁਸਲਮਾਨ ਲਈ ਜ਼ਰੂਰੀ ਹੈ। ਸੁਨ੍ਹਾਂ ਦੀ ਆਗਿਆ ਹੈ ਕਿ ਦਿਨ ਵਿਚ ਪੰਜ ਵਾਰੀ ਨਮਾਜ਼ ਪੜ੍ਹਨੀ, ਸਾਲ ਵਿਚ ਰਮਜ਼ਾਨ ਦਾ ਇਕ ਪੂਰਾ ਮਹੀਨਾ ਰੋਜ਼ੇ ਰਖਣੇ ਅਤੇ ਜ਼ਿੰਦਗੀ ਵਿਚ ਇਕ ਵਾਰੀ ਹੱਜ ਕਰਨਾ।[5] ਰਮਜ਼ਾਨ ਤੋਂ ਇਲਾਵਾ ਕੁਝ ਹੋਰ ਵਰਤ ਵੀ ਮੁਸਲਮਾਨਾਂ ਵਿਚ ਰੱਖੇ ਜਾਂਦੇ ਹਨ ਜਿਹਾ ਕਿ 'ਅਸ਼ੂਰਾ' ਦਾ ਦਿਨ, ਮੁਹੱਰਮ ਤੋਂ ਦਸਵਾਂ ਦਿਨ, ਈਦ-ਉਲ-ਫ਼ਿਤਰ ਤੋਂ ਪਿਛੋਂ ਛੇ ਦਿਨ ਅਤੇ ਹਰ ਹਫ਼ਤੇ ਦੇ ਸੋਮਵਾਰ ਤੇ ਵੀਰਵਾਰ ਆਦਿ।

---

1. ਇਨ੍ਹਾਂ ਫ਼ਰਿਸ਼ਤਿਆਂ ਦੀ ਗਿਣਤੀ ਸਵਾ ਲੱਖ ਮੰਨੀ ਗਈ ਹੈ। ਇਹ ਖ਼ੁਦਾ ਦੇ ਨੂਰ ਤੋਂ ਪੈਦਾ ਹੋਏ ਹਨ। ਇਨ੍ਹਾਂ ਨੂੰ ਭੁੱਖ ਅਤੇ ਪਿਆਸ ਨਹੀਂ ਲਗਦੀ।

2. Asaf A.A.Fyzee, A Modern Approach to Islam, p.12.
3. B.S.Murthy, Depressed and Oppressed, p.211.
4. Philosophy of Guru Nanak, A Comparative Study by Ishar Singh, p.99.
5. Outlines of Islamic Culture by A.M.A.Shushtery, Vol.I, p.17.

ਬਾਕੀ ਧਰਮਾਂ ਦੀ ਤਰ੍ਹਾਂ ਨਿੰਦਾ ਚੁਗਲੀ ਕਰਨਾ, ਝੂਠ ਬੋਲਣਾ ਅਤੇ ਚੋਰੀ ਕਰਨਾ ਇਸਲਾਮ ਵਿਚ ਵੀ ਬਹੁਤ ਬੁਰਾ ਮੰਨਿਆ ਗਿਆ ਹੈ। ਚੋਰੀ ਕਰਨ ਦੀ ਸਜ਼ਾ ਤਾਂ ਕੁਰਾਨ ਅਨੁਸਾਰ ਬਹੁਤ ਹੀ ਵੱਡੀ ਦਿੱਤੀ ਗਈ ਹੈ। ਇਸਲਾਮ ਅਨੁਸਾਰ ਜੋ ਚੋਰੀ ਕਰਦਾ ਹੈ ਉਸ ਦੇ ਹੱਥ ਹੀ ਕੱਟ ਦੇਣੇ ਚਾਹੀਦੇ ਹਨ।

<u>ਗੁਨਾਹ</u>

ਇਸਲਾਮ ਅਨੁਸਾਰ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਤੇ ਸੁਖ ਦਾ ਰਾਜ ਕਾਇਮ ਕਰਨ ਦੇ ਰਸਤੇ ਵਿਚ 'ਗੁਨਾਹ' ਸਭ ਤੋਂ ਵੱਡੀ ਰੁਕਾਵਟ ਹੈ ਜਿਸ ਦਾ ਮੂਲ ਕਾਰਨ ਸ਼ੈਤਾਨ ਹੈ। ਇਹ ਸ਼ੈਤਾਨ ਬੰਦੇ ਨੂੰ ਗੁਨਾਹ ਕਰਨ ਲਈ ਪ੍ਰੇਰਦਾ ਹੈ। ਇਸਲਾਮ ਕੋਲ ਸ਼ੈਤਾਨ ਦਾ ਕੋਈ ਇਲਾਜ ਨਹੀਂ ਪਰ ਬੰਦੇ ਨੂੰ ਸ਼ੈਤਾਨ ਵਲ ਜਾਣ ਤੋਂ ਰੋਕਣ ਦਾ ਉਪਾ ਹੈ ਤੇ ਉਹ ਹੈ 'ਡਰ'। ਰੱਬ ਦੇ ਗੁੱਸੇ ਤੇ ਕਹਿਰ ਦਾ ਡਰ ਅਤੇ ਮੌਤ ਦਾ ਡਰ। ਬੰਦੇ ਨੂੰ ਇਕ ਪਾਸੇ ਸ਼ੈਤਾਨ ਗੁਨਾਹ ਵਲ ਪ੍ਰੇਰਦਾ ਹੈ ਅਤੇ ਦੂਜੇ ਪਾਸੇ ਰੱਬ ਦੇ ਗੁੱਸੇ ਦਾ ਡਰ ਉਸ ਨੂੰ ਸ਼ੈਤਾਨ ਵਲ ਜਾਣੋ ਰੋਕਦਾ ਹੈ। ਮਨੁੱਖ ਲਈ ਇਹ ਵੀ ਬੜਾ ਵੱਡਾ ਸੰਘਰਸ਼ ਹੈ।[1]

<u>ਰਾਜਨੀਤਕ</u>

ਇਸਲਾਮੀ ਸਤਿਆਚਾਰ ਅਨੁਸਾਰ ਬਾਦਸ਼ਾਹ ਹੀ ਕਿਸੇ ਰਾਜ ਦਾ ਮੁਖੀਆ ਹੁੰਦਾ ਹੈ ਜੋ ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੈ। ਇਸਲਾਮ ਅਨੁਸਾਰ ਬਾਦਸ਼ਾਹ ਬੜੇ ਖੁਲ੍ਹੇ ਦਿਲ ਵਾਲਾ, ਦਾਨੀ ਅਤੇ ਦਇਆਵਾਨ ਹੋਣਾ ਚਾਹੀਦਾ ਹੈ ਜੋ ਪਰਜਾ ਦੇ ਦੁੱਖਾਂ ਤੇ ਸੁੱਖਾਂ ਦਾ ਭਾਈਵਾਲ ਹੋਵੇ।

ਬਾਦਸ਼ਾਹ ਧਰਮ ਦੀ ਰੱਖਿਆ ਕਰਨ ਵਾਲਾ ਵੀ ਮੰਨਿਆ ਜਾਂਦਾ ਹੈ। ਬਾਦਸ਼ਾਹ ਨੂੰ ਮੁਲਾਂ ਦੇ ਮੁਤਾਬਕ ਹਰ ਸ਼ੁਕਰਵਾਰ ਨੂੰ ਅਤੇ ਈਦ ਵਾਲੇ ਦਿਨ ਨਮਾਜ਼ ਵਿਚ ਸ਼ਾਮਲ ਹੋਣਾ ਜ਼ਰੂਰੀ ਹੈ ਅਤੇ ਖ਼ਾਸ ਖ਼ਾਸ ਮੌਕਿਆਂ ਤੇ ਪੀਰਾਂ ਫ਼ਕੀਰਾਂ ਦੀਆਂ ਕਬਰਾਂ ਤੇ ਵੀ ਬਾਦਸ਼ਾਹ ਜਾਇਆ ਕਰਦੇ ਸਨ।[2] ਅਜਿਹੇ ਅਵਸਰਾਂ ਤੇ ਬਾਦਸ਼ਾਹ ਇਕੱਲਾ ਨਹੀਂ ਸਗੋਂ ਆਪਣੇ ਸਾਰੇ ਅਮਲੇ ਸਮੇਤ ਪੂਰੀ ਸ਼ਾਨ ਸ਼ੌਕਤ ਨਾਲ ਹੀ ਖ਼ਾਨਗਾਹਾਂ ਅਤੇ ਮਸਜਦਾਂ ਵਿਚ ਜਾਇਆ ਕਰਦਾ ਸੀ। ਅਜਿਹਾ ਕਰਕੇ ਉਹ ਆਪਣੀ ਪਰਜਾ ਦੇ ਨਜ਼ਦੀਕ ਵੀ ਹੁੰਦਾ ਸੀ।

ਸੁਲਤਾਨ ਆਮ ਤੌਰ ਤੇ ਬਹੁਤ ਵੱਡੀਆਂ ਵੱਡੀਆਂ ਫ਼ੌਜਾਂ ਰੱਖਦੇ ਸਨ ਜਿਨ੍ਹਾਂ ਦੀ ਵੰਡ ਪਿਆਦੇ ਸੈਨਿਕ, ਘੋੜ ਸਵਾਰ, ਊਠ ਸਵਾਰ ਆਦਿ ਕੀਤੀ ਜਾਂਦੀ ਸੀ। ਜੇਤੂ ਸੈਨਾਪਤੀਆਂ ਤੇ ਸੈਨਿਕਾਂ ਨੂੰ ਤਰੱਕੀਆਂ ਦਿੱਤੀਆਂ ਜਾਂਦੀਆਂ ਸਨ। ਕਈ ਵਾਰੀ ਸੁਲਤਾਨ ਆਪ ਵੀ ਲੜਾਈ ਦੇ ਮੈਦਾਨ ਵਿਚ ਜਾਇਆ ਕਰਦਾ ਸੀ।

---

1. ਸ੍ਰਾਪੂ ਰਾਮ ਕੁਰਦਾ, ਗੁਰੂ ਨਾਨਕ: ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਪੰਨਾ 96.

2. M.Mujeeb, The Indian Muslims, p.203.

ਬਾਦਸ਼ਾਹ ਅਕਸਰ ਰੰਗ ਰਲੀਆਂ ਮਾਨਣ ਦੇ ਬਹੁਤ ਚਾਹਵਾਨ ਹੁੰਦੇ ਸਨ। ਬਾਦਸ਼ਾਹਾਂ ਦੇ ਹਰਮ ਇਸਤ੍ਰੀਆਂ ਨਾਲ ਭਰੇ ਹੁੰਦੇ ਸਨ। ਉਨ੍ਹਾਂ ਵੀਆਂ ਕਈ ਵਿਆਹੀਆਂ ਇਸਤ੍ਰੀਆਂ, ਰਖੇਲਾਂ, ਦਾਸੀਆਂ, ਨਾਚੀਆਂ ਆਦਿ ਹੁੰਦੀਆਂ ਸਨ। ਉਨ੍ਹਾਂ ਦੇ ਦਰਬਾਰਾਂ ਵਿਚ ਅਕਸਰ ਨਾਚ ਗਾਣਿਆਂ ਦੇ ਮੁਜਰੇ ਸ਼ਰਾਬਾਂ ਦੇ ਦੌਰ ਨਾਲ ਚਲਦੇ ਹੁੰਦੇ ਸਨ ਅਤੇ ਕਿਸੇ ਵੀ ਸੋਹਣੀ ਇਸਤ੍ਰੀ ਨੂੰ ਉਹ ਆਪਣੇ ਹਰਮ ਦਾ ਸ਼ਿੰਗਾਰ ਬਣਾ ਸਕਦਾ ਸੀ।

## ਸਭਿਆਚਾਰਾਂ ਦਾ ਪ੍ਰਸਪਰ ਪ੍ਰਭਾਵ

ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੂ ਅਤੇ ਇਸਲਾਮ ਮੱਤ ਦੋ ਵੱਖ ਵੱਖ ਮਤ ਹਨ ਤੇ ਇਹ ਦੋਵੇਂ ਇਕ ਦੂਸਰੇ ਨਾਲ ਬਹੁਤ ਸਾਰੇ ਪੱਖਾਂ ਤੋਂ ਨਹੀਂ ਮਿਲ ਸਕਦੇ। ਮਨੋਵਿਗਿਆਨਕ ਪੱਖ ਤੋਂ ਹਿੰਦੂ ਮਤ ਉਦਾਸੀ ਭਰਿਆ, ਭਾਵਕ ਅਤੇ ਮਿਸਾਤਕ ਹੈ ਪਰ ਇਸਲਾਮ ਜੋਸ਼ੀਲਾ ਅਤੇ ਤਿੱਖਾ ਹੈ।[1]

ਮੁਸਲਮਾਨਾਂ ਨੇ ਭਾਰਤ ਵਿਚ ਕੇਵਲ ਰਾਜਸੀ ਸ਼ਕਤੀ ਹੀ ਕਾਇਮ ਨਹੀਂ ਕੀਤੀ ਸਗੋਂ ਧਾਰਮਿਕ ਅਤੇ ਸਭਿਆਚਾਰਕ ਪੱਖ ਤੋਂ ਵੀ ਆਪਣਾ ਅਸਰ ਪਾਇਆ। ਮੁਢਲੇ ਮੱਤ ਭੇਦਾਂ ਨੂੰ ਮਿਟਾ ਕੇ ਦੋਹਾਂ ਨੇ ਇਕ ਦੂਸਰੇ ਦਾ ਅਸਰ ਕਬੂਲਿਆ। ਇਸ ਤਰ੍ਹਾਂ ਦੋਹਾਂ ਦੇ ਪ੍ਰਸਪਰ ਮੇਲ ਨੇ ਇਕ ਸਾਂਝੇ ਸਭਿਆਚਾਰ ਨੂੰ ਜਨਮ ਦਿੱਤਾ।

ਸ਼ੁਰੂ ਸ਼ੁਰੂ ਵਿਚ ਇਸਲਾਮ ਨੇ ਹਿੰਦੂ ਮਤ ਨੂੰ ਕਾਫ਼ੀ ਧੱਕਾ ਪਹੁੰਚਾਇਆ। ਬ੍ਰਾਹਮਣਾਂ ਦੀ ਪ੍ਰਧਾਨਤਾ ਘਟਣ ਲੱਗੀ ਤੇ ਰਾਜਸੀ ਸਰਪ੍ਰਸਤੀ ਵੀ ਨਾ ਰਹੀ। ਇਸਲਾਮ ਸਾਰੇ ਦੇਸ਼ ਤੇ ਛਾ ਗਿਆ। ਹਿੰਦੂਆਂ ਨੇ ਨਾ ਕੇਵਲ ਰਾਜਸੀ ਸ਼ਕਤੀ ਹੀ ਗੁਆ ਲਈ ਸਗੋਂ ਸਮਾਜਕ ਪੱਖ ਤੋਂ ਵੀ ਉਨ੍ਹਾਂ ਵਿਚ ਹੀਣਤਾ ਭਾਵ ਆ ਗਏ। ਉਨ੍ਹਾਂ ਉਪਰ ਕਈ ਤਰ੍ਹਾਂ ਦੇ ਕਰ ਲਗਾਏ ਜਾਣ ਲੱਗੇ। ਜੇ ਉਹ ਆਪਣੇ ਧਰਮ ਅਸਥਾਨਾਂ ਦੀ ਯਾਤਰਾ ਕਰਨਾ ਚਾਹੁਣ ਤਾਂ ਵੀ ਉਨ੍ਹਾਂ ਨੂੰ ਜਜ਼ੀਆ (ਇਕ ਕਰ) ਦੇਣਾ ਪੈਂਦਾ ਸੀ ਜਿਸ ਕਰਕੇ ਹਿੰਦੂ ਲੋਕ ਬਹੁਤ ਔਖੇ ਸਨ।

ਮੁਸਲਮਾਨਾਂ ਵਿਚ ਜਾਤ ਪਾਤ ਦਾ ਕੋਈ ਬੰਧਨ ਨਹੀਂ ਸੀ। ਪਰ ਇਸ ਤੋਂ ਉਲਟ ਹਿੰਦੂਆਂ ਵਿਚ ਨੀਵੀਂ ਜਾਤੀ ਨਾਲ ਭੈੜਾ ਵਰਤਾਉ ਕੀਤਾ ਜਾਂਦਾ ਸੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਮੁਸਲਿਮ ਧਰਮ ਦੀ ਖੂਬਸੂਰਤਾਂ ਦੀ ਭਾਵਨਾ ਨੂੰ ਵੇਖਦਿਆਂ ਬਹੁਤ ਸਾਰੇ ਨੀਵੀਆਂ ਜਾਤਾਂ ਦੇ ਲੋਕ ਮੁਸਲਮਾਨ ਬਣ ਗਏ। ਪਰ ਇਸ ਤੋਂ ਉਲਟ ਮੱਤ ਵੀ ਹੈ, ਉਹ ਇਹ ਕਿ ਬਾਹਰੋਂ ਆਏ ਮੁਸਲਮਾਨ ਭਾਰਤੀ ਮੁਸਲਮਾਨਾਂ ਨੂੰ ਉਸੇ ਤਰ੍ਹਾਂ ਘਟੀਆ ਸਮਝਦੇ ਸਨ, ਜਿਵੇਂ ਉਹ ਹਿੰਦੂਆਂ ਨੂੰ। ਸਮਾਜੀ ਨਾ ਬਰਾਬਰੀ ਤੇ ਉਚਾਂ ਨੀਵਾਂ ਜਨਮ ਭਾਰਤ ਵਿਚ ਆਏ ਮੁਸਲਮਾਨਾਂ ਵਿਚ ਹਿੰਦੂਆਂ ਨਾਲੋਂ ਜ਼ਿਆਦਾ ਦਰਜੇ ਵਿਚ ਸੀ।[2] ਭਾਰਤ ਵਿਚ ਮੁਸਲਿਮ ਸਭਿਅਤਾ ਦੇ ਪ੍ਰਤਿਨਿਧ ਬਾਦਸ਼ਾਹ ਬਲਬਨ ਤੇ ਅਲਤਮਸ਼

---

1. F.W. Thomas, Mutual Influence of Muhammedans and Hindus in India, p.12.
2. ਡਾ. ਸਾਧੂ ਰਾਮ ਸ਼ਾਰਦਾ, ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਲਾ, ਪੰਨਾ 102.

ਦੇ ਯੁਗ ਦੇ ਮੁਸਲਮਾਨ ਇਤਿਹਾਸਕਾਰਾਂ ਦੀ ਗਵਾਹੀ ਮਿਲਦੀ ਹੈ ਕਿ ਉਨ੍ਹਾਂ ਬਾਦਸ਼ਾਹਾਂ ਨੇ ਸਰਕਾਰੀ ਨੌਕਰੀਆਂ ਦੇ ਉਮੀਦਵਾਰਾਂ ਦੇ ਉਚੇ ਤੇ ਨੀਵੇਂ ਜਨਮਾਂ ਦੀ ਪੜਤਾਲ ਲਈ ਮਹਿਕਮਾ ਕਾਇਮ ਕੀਤਾ ਹੋਇਆ ਸੀ ਅਤੇ ਅਲਤਮਸ਼ ਨੇ ਜਮਾਲ ਮਰਜ਼ੂਕ ਨੂੰ ਇਸ ਲਈ ਨੌਕਰੀਓਂ ਬਰਖਾਸਤ ਕਰ ਦਿੱਤਾ ਸੀ ਕਿਉਂਕਿ ਉਹ ਜਾਤ ਦਾ ਜੁਲਾਹਾ ਸੀ। ਫ਼ਿਰੋਜ਼ ਤੁਗ਼ਲਕ ਵਾਲੇ ਅਜ਼ੀਜ਼ ਬਹਰੂਜ਼ ਨੇ ਕਿਹਾ ਸੀ ਕਿ ਕਿਸੇ ਨੀਵੀਂ ਜਾਤ ਦੇ ਆਦਮੀ ਨੂੰ ਉਚਾ ਅਹੁਦਾ ਦੇਣਾ ਕਾਹਬਾ ਦੇ ਪਵਿੱਤਰ ਪੱਥਰ ਨੂੰ ਪਲੀਤ ਕਰਨ ਦੇ ਬਰਾਬਰ ਹੈ।[1] ਉਸ ਨੇ ਅੱਗੇ ਕਿਹਾ ਕਿ ਨੀਵੀਂ ਜਾਤੀ ਵਾਲਿਆਂ ਨੂੰ ਰੱਬ ਨੇ ਘਟੀਆ ਪੈਦਾ ਕੀਤਾ ਹੈ ਅਤੇ ਉਨ੍ਹਾਂ ਵਿਚ ਹਰ ਤਰ੍ਹਾਂ ਦੇ ਦੋਸ਼ ਰੱਬ ਨੇ ਭਰੇ ਹਨ।[2]

ਮੁਸਲਮਾਨਾਂ ਦੇ ਪ੍ਰਭਾਵ ਕਰਕੇ ਹਿੰਦੂ ਸਮਾਜ ਵਿਚ ਇਸਤ੍ਰੀਆਂ ਦੇ ਦਰਜੇ ਵਿਚ ਬਹੁਤ ਗਿਰਾਵਟ ਆਈ। ਇਥੋਂ ਤਕ ਕਿ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਚਲ ਪਿਆ ਤਾਂ ਜੋ ਉਹ ਵੱਡੀਆਂ ਹੋ ਕੇ ਮੁਸਲਮਾਨਾਂ ਦੀ ਹਵਸ ਦਾ ਸ਼ਿਕਾਰ ਨਾ ਬਣ ਸਕਣ ਜਾਂ ਫਿਰ ਉਨ੍ਹਾਂ ਦਾ ਬਚਪਨ ਵਿਚ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਵਿਆਹ ਕਰ ਦਿੱਤਾ ਜਾਵੇ। ਹਿੰਦੂ ਇਸਤ੍ਰੀਆਂ ਲਈ ਪਰਦੇ ਦੀ ਸਖਤੀ ਵੀ ਵਧ ਗਈ ਅਤੇ ਸਤੀ ਤੇ ਜੌਹਰ ਦੀਆਂ ਰਸਮਾਂ ਵੀ ਚਾਲੂ ਹੋ ਗਈਆਂ। ਆਮ ਲੜਕੀਆਂ ਦੀ ਵਿਦਿਆ ਵਲ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ ਸੀ। ਇਹ ਹੱਕ ਕੁਝ ਕੇਵਲ ਰਾਜਕੁਮਾਰੀਆਂ ਤਕ ਹੀ ਸੀਮਿਤ ਰਹਿ ਗਿਆ ਸੀ।

ਹਿੰਦੂ ਮੁਸਲਿਮ ਸੰਬੰਧਾਂ ਦੇ ਅਸਰ ਹੇਠ ਇਕ ਸਾਂਝੀ ਜਿਹੀ ਭਾਸ਼ਾ 'ਉਰਦੂ' ਦਾ ਜਨਮ ਹੋਇਆ। ਹਿੰਦੂ ਤੇ ਮੁਸਲਮਾਨ ਸਾਹਿਤਕਾਰ ਆਪਸ ਵਿਚ ਵਿਚਾਰ ਵਟਾਂਦਰੇ ਕਰਦੇ ਤੇ ਫਿਰ ਆਪਣੇ ਖ਼ਿਆਲ ਹਿੰਦੀ ਤੇ ਉਰਦੂ ਵਿਚ ਪ੍ਰਗਟਾਏ। ਭਾਰਤੀ ਪ੍ਰਭਾਵ ਅਰਬਾਂ ਰਾਹੀਂ ਬਾਹਰ ਦੂਸਰੇ ਦੇਸ਼ਾਂ ਵਿਚ ਵੀ ਫੈਲਿਆ। ਯੂਰਪੀਅਨ ਸਭਿਅਤਾ ਦੇ ਕਈ ਅੰਗ, ਜਿਨ੍ਹਾਂ ਦਾ ਸੰਬੰਧ ਅਰਬਾਂ ਨਾਲ ਜੋੜਿਆ ਜਾਂਦਾ ਹੈ, ਅਸਲ ਵਿਚ ਉਹ ਭਾਰਤੀ ਹਨ। ਜਿਵੇਂ ਗਣਿਤ ਵਿਦਿਆ ਅਰਬਾਂ ਰਾਹੀਂ ਹੀ ਭਾਰਤ ਤੋਂ ਦੂਸਰੇ ਦੇਸ਼ਾਂ ਵਿਚ ਪੁੱਜੀ। 'ਹਿੰਦਸਾ' ਸ਼ਬਦ ਜਿਸ ਨੂੰ ਅਰਬੀ ਮੰਨਿਆ ਗਿਆ ਹੈ ਅਰਬਾਂ ਅਨੁਸਾਰ ਉਹ ਭਾਰਤੀ ਹੀ ਹੈ ਅਤੇ 'ਹਿੰਦ' ਅਤੇ 'ਆਸਾ' ਜੋ ਸਧਾਰਨ ਗਣਿਤ ਵਿਗਿਆਨੀ ਹੋਇਆ ਹੈ, ਦੇ ਮੇਲ ਤੋਂ ਬਣਿਆ ਹੈ।[3] ਅਰਬ ਦੀ ਭੂਗੋਲ ਵਿਦਿਆ ਤੇ ਹਿਕਮਤ ਵੀ ਭਾਰਤ ਤੋਂ ਹੀ ਪ੍ਰਭਾਵਿਤ ਹੋਈ।

ਹਿੰਦੂ ਮੁਸਲਮ ਸਾਂਝੀਵਾਲਤਾ ਦੇ ਪ੍ਰਭਾਵ ਅਧੀਨ ਬਹੁਤ ਸਾਰੇ ਗ੍ਰੰਥਾਂ ਦਾ ਅਨੁਵਾਦ ਵੀ ਕੀਤਾ ਗਿਆ, ਜਿਵੇਂ ਕਿ ਸੰਸਕ੍ਰਿਤ ਦਾ 'ਬ੍ਰਹਮ ਸਿਧਾਂਤ', 'ਪੰਚ ਤੰਤਰ', 'ਸੁਸ਼ਰਤ', ਚਰਕ ਆਦਿ ਉਲਥਾਏ ਗਏ ਅਤੇ ਅਰਬ ਦੀ ਤਰਫ਼ੀ ਤੋਂ ਪੁੱਜੇ ਹੋਏ ਹੋਰ ਦੇਸ਼ਾਂ ਵਿਚ ਵੀ ਪੁੱਜੇ। ਵਿਗਿਆਨ ਅਤੇ ਹਿਕਮਤ

---

1. Nizami, K.A. 'Some Auspects of Religion and Politics in India, p.107.
2. ibid., p.108, 109.
3. Harbans Singh, GuruNanak, p.39

ਵਿਚ ਤਾਂ ਭਾਰਤੀਆਂ ਦੀ ਮੁਸਲਮਾਨਾਂ ਨੂੰ ਬਹੁਤ ਦੇਣ ਹੈ। ਭਾਰਤ ਦੇ ਵੈਦ ਹੀ ਅਰਬ ਵਿਚ ਇਲਾਜ ਲਈ ਬੁਲਾਏ ਜਾਂਦੇ ਰਹੇ ਸਨ ਅਤੇ ਇਥੋਂ ਤਕ ਕਿ 'ਧਨ' ਨਾਮ ਦਾ ਭਾਰਤੀ ਵੈਦ ਹੀ ਬਗਦਾਦ ਵਿਚ ਹਸਪਤਾਲ ਦਾ ਸੰਚਾਲਕ ਸੀ।[1]

ਬਹੁਤ ਸਾਰੇ ਮੁਸਲਮਾਨ ਸਾਹਿਤਕਾਰਾਂ ਨੇ ਭਾਰਤੀ ਸਭਿਆਚਾਰ ਅਤੇ ਧਰਮ ਬਾਰੇ ਲਿਖਿਆ ਹੈ, ਜਿਨ੍ਹਾਂ ਵਿਚੋਂ ਅਮੀਰ ਖੁਸਰੋ, ਜਾਹਿਜ਼ੀ ਆਦਿ ਵਧੇਰੇ ਪ੍ਰਸਿੱਧ ਹੋਏ ਹਨ। ਅਮੀਰ ਖੁਸਰੋ ਨੂੰ ਤਾਂ ਸਾਂਝੀ ਸਭਿਆਚਾਰ ਦਾ ਚਿੰਨ੍ਹ ਹੀ ਮੰਨਿਆ ਗਿਆ ਹੈ। ਇਸ ਨੇ ਆਪਣੀ 'ਕਵਿਤਾ ਨੌ ਸਿਪਿਹਰ' ਵਿਚ ਭਾਰਤ ਨੂੰ ਧਰਤੀ ਤੇ ਸਵਰਗ ਨਾਲ ਤੁਲਨਾ ਦੇ ਕੇ ਆਪਣੇ ਦੇਸ਼ ਪ੍ਰੇਮ ਦਾ ਸਬੂਤ ਦਿੱਤਾ ਹੈ। ਭਾਰਤੀ ਸੰਗੀਤ ਵਿਚ ਵੀ ਨਵੇਂ ਤਾਲ ਆਰੰਭ ਕੀਤੇ। ਦਰਪਣ ਦੀ ਥਾਂ 'ਖਿਆਲ' ਰਾਗ ਅਮੀਰ ਖੁਸਰੋ ਦੀ ਹੀ ਕਾਢ ਹੈ। ਤਰਾਨਾ ਅਤੇ ਕਵਾਲੀ ਵੀ ਅਮੀਰ ਖੁਸਰੋ ਨੇ ਹੀ ਜੋੜੀ। ਈਰਾਨੀ ਤੰਬੂਰ ਅਤੇ ਭਾਰਤੀ ਵੀਣਾ ਦੇ ਸੁਮੇਲ ਤੋਂ ਇਸ ਨੇ ਸਿਤਾਰ ਬਣਾਈ ਅਤੇ ਇਸ ਤਰ੍ਹਾਂ ਸੰਗੀਤ ਦੇ ਖੇਤਰ ਵਿਚ ਵੀ ਦੋ ਸਭਿਆਚਾਰ ਇਕੱਠੇ ਹੋਏ।[2] ਸਿਕੰਦਰ ਲੋਧੀ ਨੇ ਭਾਰਤੀ ਵਿਦਵਾਨਾਂ ਨੂੰ ਫਾਰਸੀ ਪੜ੍ਹਨ ਲਈ ਪ੍ਰੇਰਿਆ ਤੇ ਉਤਸ਼ਾਹ ਵਜੋਂ ਉਨ੍ਹਾਂ ਨੂੰ ਖਿਲਤਾਂ ਤੇ ਜਗੀਰਾਂ ਆਦਿ ਵੀ ਦਿੱਤੀਆਂ।

ਪਹਿਰਾਵੇ ਵਿਚ ਵੀ ਭਾਰਤੀਆਂ ਨੇ ਮੁਸਲਮਾਨੀ ਪ੍ਰਭਾਵ ਨੂੰ ਕਬੂਲਿਆ ਹੈ। ਪਹਿਲਾਂ ਹਿੰਦੂ ਪਹਿਰਾਵਾ ਲਾਂਗੜਾ ਧੋਤੀ ਆਦਿ ਸੀ ਪਰ ਮੁਸਲਮਾਨਾਂ ਦੇ ਆਉਣ ਨਾਲ ਸਲਵਾਰ, ਚੂੜੀਦਾਰ ਪਜਾਮਾ, ਅਚਕਨ ਅਤੇ ਪਗੜੀ ਦਾ ਰਿਵਾਜ ਕਾਫ਼ੀ ਵਧ ਗਿਆ। ਬੀ.ਐਨ.ਲੂਨੀਆ ਅਨੁਸਾਰ ਮੁਸਲਮਾਨ ਪਹਿਲਾਂ ਸਿਰ ਤੇ ਟੋਪੀ ਪਾਉਂਦੇ ਸਨ ਪਰ ਹਿੰਦੂ ਅਸਰ ਹੇਠ ਉਨ੍ਹਾਂ ਨੇ ਪਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਅਤੇ ਅਜੇ ਤਕ ਕਈ ਬਜ਼ੁਰਗ ਮੁਸਲਮਾਨ ਸਿਰ ਤੇ ਪੱਗ ਬੰਨਦੇ ਹਨ।[3] ਪਰ ਇਹ ਵਿਚਾਰ ਹੁਣ ਗਲਤ ਸਾਬਤ ਹੋ ਚੁੱਕਾ ਹੈ ਕਿਉਂਕਿ ਪੱਗ, ਜਿਸ ਨੂੰ ਫਾਰਸੀ ਵਿਚ ਦਸਤਾਰ ਕਹਿੰਦੇ ਹਨ, ਮੁਸਲਮਾਨੀ ਪਹਿਰਾਵਾ ਹੀ ਸੀ ਜੋ ਇੱਜ਼ਤ ਅਤੇ ਸਤਿਕਾਰ ਦਾ ਚਿੰਨ੍ਹ ਮੰਨਿਆ ਜਾਂਦਾ ਸੀ।[4] ਇਹ ਮੁਸਲਮਾਨਾਂ ਨੇ ਹੀ ਭਾਰਤ ਵਿਚ ਪ੍ਰਚਲਤ ਕੀਤਾ। ਇਸ ਗੱਲ ਤੋਂ ਵੀ ਇਹ ਠੀਕ ਸਿੱਧ ਹੁੰਦਾ ਹੈ ਕਿ ਪੁਰਾਤਨ ਭਾਰਤੀ ਚਿਤਰਾਂ ਵਿਚ ਵੀ ਸਾਨੂੰ ਪੱਗ ਕਿਧਰੇ ਨਹੀਂ ਮਿਲਦੀ।

ਮੁਸਲਮਾਨਾਂ ਨੇ ਬਹੁਤ ਸਾਰੇ ਵਿਸ਼ਵਾਸ ਅਤੇ ਰਸਮ ਰਿਵਾਜ ਵੀ ਹਿੰਦੂਆਂ ਵਾਲੇ ਅਪਣਾ ਲਏ। ਇਸ ਦਾ ਸਭ ਤੋਂ ਵੱਡਾ ਕਾਰਣ ਇਹ ਸੀ ਕਿ ਮੁਸਲਮਾਨ ਜੇਤੂਆਂ ਨੇ ਹਿੰਦੂ ਇਸਤ੍ਰੀਆਂ ਨਾਲ ਵਿਆਹ ਸੰਬੰਧ ਕਾਇਮ ਕੀਤੇ, ਜਿਸ ਕਰਕੇ ਉਨ੍ਹਾਂ ਦੇ ਜਨਾਨਖਾਨਿਆਂ ਵਿਚ ਹਿੰਦੂ ਪ੍ਰਭਾਵ ਆਉਣਾ ਸ਼ੁਰੂ ਹੋ ਗਿਆ। ਹਿੰਦੂ ਇਸਤ੍ਰੀ ਮਹੱਲ ਵਿਚ ਰਹਿ ਕੇ ਆਪਣੇ ਵਿਸ਼ਵਾਸ ਅਨੁਸਾਰ ਪੂਜਾ ਪਾਠ ਤੇ ਹੋਰ

---

1. Harbans Singh, Guru Nanak, p.40.
2. ibid, p.48
3. B.N.Luniya, Evolution of Indian Culture, p.357.
4. Dictionary of Islam.

ਰਸਮਾਂ ਕਰਦੀਆਂ, ਜਿਨ੍ਹਾਂ ਦਾ ਅਸਰ ਉਨ੍ਹਾਂ ਦੇ ਆਲੇ ਦੁਆਲੇ ਅਤੇ ਮੁਸਲਮਾਨ ਪਤੀਆਂ ਤੇ ਪੈਂਦਾ, ਜੋ ਹੌਲੀ ਹੌਲੀ ਉਨ੍ਹਾਂ ਦੇ ਜੀਵਨ ਦਾ ਅੰਗ ਬਣਦਾ ਗਿਆ। ਸ਼ਾਦੀ ਦੇ ਸਮੇਂ ਮਹਿੰਦੀ ਲਗਾਉਣੀ, ਸ਼ਾਦੀ ਲਈ ਪੰਡਤ ਤੋਂ ਮਹੂਰਤ ਕਢਵਾਉਣਾ, ਨਜ਼ਰ ਲਗ ਜਾਣ ਦਾ ਵਹਿਮ ਅਤੇ ਆਰਤੀ ਉਤਾਰਨੀ ਆਦਿ ਹਿੰਦੂ ਰਸਮਾਂ ਮੁਸਲਮਾਨ ਵੀ ਕਰਨ ਲਗ ਪਏ। ਆਰਤੀ ਨੂੰ ਮੁਸਲਮਾਨਾਂ ਵਿਚ 'ਨਿਸਾਰ' ਕਿਹਾ ਜਾਂਦਾ ਹੈ।[1]

ਹਿੰਦੂ 'ਪੂਜਾ' ਦੇ ਪ੍ਰਭਾਵ ਹੇਠ ਮੁਸਲਮਾਨਾਂ ਨੇ ਵੀ ਪੀਰਾਂ ਦੀ ਪੂਜਾ ਕਰਨੀ ਆਰੰਭ ਕਰ ਦਿੱਤੀ। ਪੀਰਾਂ ਦੀਆਂ ਕਬਰਾਂ ਤੇ ਕਲੀ ਕਰਨੀ ਤੇ ਦੀਵੇ ਜਗਾਉਣੇ, ਫੁੱਲ ਚੜ੍ਹਾਉਣੇ ਤੇ ਹੋਰ ਚੜ੍ਹਾਵੇ ਚੜ੍ਹਾਉਣੇ ਇਹ ਸਾਰਾ ਹਿੰਦੂ ਪ੍ਰਭਾਵ ਹੀ ਸੀ। ਮੁਸਲਮਾਨਾਂ ਦਾ ਤਿਉਹਾਰ ਸ਼ਬ-ਏ-ਬਰਾਤ ਹਿੰਦੂ ਤਿਉਹਾਰ ਸ਼ਿਵਰਾਤ੍ਰੀ ਨਾਲ ਬਹੁਤ ਮਿਲਦਾ ਜੁਲਦਾ ਹੈ।[2] ਜਿਸ ਤਰ੍ਹਾਂ ਹਿੰਦੂਆਂ ਵਿਚ ਜਗਨਨਾਥ ਜਾਂ ਵਿਸ਼ਨੂੰ ਦੀ ਮੂਰਤੀ ਨੂੰ ਰਥ ਵਿਚ ਸਜਾ ਕੇ ਜਲੂਸ ਕੱਢਿਆ ਜਾਂਦਾ ਹੈ, ਇਸੇ ਤਰ੍ਹਾਂ ਕਰਬਲਾ ਦੇ ਸ਼ਹੀਦਾਂ ਦੀ ਯਾਦਗਾਰ ਵਿਚ ਜਲੂਸ ਵਿਚ ਤਾਜੀਆਂ ਕੱਢਿਆ ਜਾਂਦਾ ਹੈ ਜੋ ਭਾਰਤੀ ਮੁਸਲਮਾਨਾਂ ਦਾ ਹੀ ਮੁਹਰਮ ਮਨਾਉਣ ਦਾ ਢੰਗ ਹੈ।[3] ਇਸ ਤਰ੍ਹਾਂ ਹੋਰ ਕਿਸੇ ਦੇਸ਼ ਵਿਚ ਨਹੀਂ ਹੁੰਦਾ।

ਇਸੇ ਤਰ੍ਹਾਂ ਦਾ ਹਿੰਦੂ ਮੁਸਲਮ ਸਾਂਝਾ ਪ੍ਰਭਾਵ ਭਾਰਤ ਦੀ ਨਵੀਨ ਭਵਨ ਉਸਾਰੀ ਕਲਾ ਵਿਚ ਵੀ ਮਿਲਦਾ ਹੈ। ਮੁਸਲਮਾਨਾਂ ਦੀ ਸਾਦੀ ਤੇ ਪਹੁਸ਼ੀ ਆਕਾਰ ਦੀ ਭਵਨ ਉਸਾਰੀ ਕਲਾ ਉਪਰ ਹਿੰਦੂਆਂ ਦੀ ਸਜਾਵਟ ਸੋਨੇ ਤੇ ਸੁਹਾਗੇ ਦਾ ਕੰਮ ਦੇਣ ਲੱਗੀ, ਕਿਉਂਕਿ ਮੁਸਲਮਾਨ ਬਾਦਸ਼ਾਹਾਂ ਨੂੰ ਹਿੰਦੂ ਕਾਰੀਗਰ ਹੀ ਭਵਨ ਉਸਾਰੀ ਲਈ ਲਗਾਉਣੇ ਪੈਂਦੇ ਸਨ ਅਤੇ ਭਾਰਤੀ ਸੰਗਮਰਮਰ ਹੀ ਵਰਤੋਂ ਵਿਚ ਲਿਆਂਦਾ ਜਾਂਦਾ ਸੀ।[4] ਕਾਰੀਗਰੀ, ਸਜਾਵਟ ਅਤੇ ਨਮੂਨਾ ਤਾਂ ਹਿੰਦੂਆਂ ਦਾ ਹੀ ਰਿਹਾ ਹੈ ਪਰ ਸਾਦੇ ਕਲਸ, ਮੁਨਾਰਿਆਂ ਦੀਵਾਰਾਂ ਤੇ ਖੁਲ੍ਹੇ ਹਾਲ ਮੁਸਲਿਮ ਸਭਿਆਚਾਰ ਦੇ ਰਲਣ ਨਾਲ ਸੁੰਦਰਤਾ ਵਿਚ ਹੋਰ ਵਾਧਾ ਹੋਇਆ।[5]

ਇਸ ਤਰ੍ਹਾਂ ਦੋਹਾਂ ਸਭਿਆਚਾਰਾਂ ਦਾ ਆਪਸ ਵਿਚ ਇਕ ਦੂਜੇ ਤੇ ਕਾਫ਼ੀ ਪ੍ਰਭਾਵ ਪਿਆ ਪਰ ਇਹ ਦੋਵੇਂ ਸਭਿਆਚਾਰ ਇਕ ਦੂਸਰੇ ਨੂੰ ਆਪਸ ਵਿਚ ਮਿਲਾ ਨਾ ਸਕੇ ਅਤੇ ਦੋਹਾਂ ਦੀ ਆਪਣੀ ਆਪਣੀ ਹਸਤੀ ਕਾਇਮ ਰਹੀ।

-0-

---

1. B.N.Luniya, Evolution of Indian Culture, p.356.
2. Harbans Singh, Guru Nanak, p.49
3. Yusuf Hussain, Glimpses of Medieval Indian Culture, p.127.
4. Abid Hussain, Indian Culture, p.34
5. Dr. Tara Chand, Influence of Islam on Indian Culture

# ਅਧਿਆਇ ਚੌਥਾ

## ਗੁਰੂ ਨਾਨਕ ਬਾਣੀ ਵਿਚ
## ਆਸਤਕ ਭਾਰਤੀ (ਹਿੰਦੂ) ਸਭਿਆਚਾਰ ਦਾ ਚਿਤ੍ਰਨ

(ੳ) ਹਿੰਦੂ ਦਰਸ਼ਨ

(ਅ) ਸਮਾਜ

## ਆਸਤਕ ਹਿੰਦੂ ਸਭਿਆਚਾਰ ਦਾ ਚਿਤ੍ਰਨ

### ਹਿੰਦੂ

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਆਸਤਕ ਹਿੰਦੂ ਸਭਿਆਚਾਰ ਦਾ ਜੋ ਚਿਤ੍ਰਨ ਹੋਇਆ ਹੈ ਉਸ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਇਹ ਜਾਣਨਾ ਉਚਿੱਤ ਹੋਵੇਗਾ ਕਿ ਹਿੰਦੂ ਮੱਤ ਕੀ ਹੈ ਜਾਂ ਹਿੰਦੂ ਦਰਸ਼ਨ ਅਤੇ ਧਰਮ ਦਾ ਸੰਕਲਪ ਕੀ ਹੈ? ਇਹ ਬੜੀ ਅਸਚਰਜ ਗੱਲ ਹੈ ਕਿ ਜਿਹੜਾ ਸ਼ਬਦ ਕਰੋੜਾਂ ਦੀ ਜਨ ਸੰਖਿਆ ਲਈ ਵਰਤਿਆ ਜਾਂਦਾ ਹੈ ਅਤੇ ਜੋ ਸੰਸਾਰ ਦੀ ਇਕ ਵਿਸ਼ੇਸ਼ਟ, ਮਹੱਤਵ ਪੂਰਨ ਅਤੇ ਬੁਨਿਆਦੀ ਸੰਸਕ੍ਰਿਤੀ ਅਤੇ ਸਭਿਆਚਾਰ ਨੂੰ ਪ੍ਰਗਟ ਕਰਦਾ ਹੈ, ਉਹ ਸ਼ਬਦ ਉਨ੍ਹਾਂ ਲੋਕਾਂ ਦੀ ਆਪਣੀ ਭਾਸ਼ਾ ਦਾ ਨਹੀਂ ਹੈ। 'ਨਾ ਤਾਂ ਇਸ ਸ਼ਬਦ ਦਾ ਭਾਰਤ ਵਿਚੋਂ ਨਿਕਾਸ ਹੋਇਆ ਹੈ ਅਤੇ ਨਾ ਹੀ ਹਿੰਦੂ ਮੱਤ ਨੂੰ ਹਿੰਦੂਆਂ ਨੇ ਕਦੀ ਆਪਣੇ ਧਰਮ ਦੇ ਨਾਮ ਦੇ ਤੌਰ ਤੇ ਵਰਤਿਆ ਸੀ।'[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਿੰਧ (ਹਿੰਦ) ਨਦੀ ਦੇ ਆਸ ਪਾਸ ਰਹਿਣ ਵਾਲੇ ਉਹ ਪ੍ਰਾਚੀਨ ਲੋਕ, ਜੋ ਆਰਯ ਕਹਾਉਂਦੇ ਸੇ, ਵਿਦੇਸ਼ੀਆਂ ਨੇ ਇਨ੍ਹਾਂ ਨੂੰ ਹਿੰਦੂ ਲਿਖਿਆ ਹੈ। ਪਰ ਵੈਦਿਕ ਧਰਮ ਧਾਰਨ ਵਾਲਾ ਹਿੰਦੂ ਪਦ ਦੀ ਨਿਰਦੋਸ਼ ਵਿਆਖਿਆ ਕੁਝ ਭਾਈ ਨਹੀਂ ਕਰ ਸਕਿਆ, ਇਸ ਲਈ ਸਾਡੀ ਸਮਝ ਤੋਂ ਭੀ ਬਾਹਰ ਹੈ। ਅਰਬੀ ਫ਼ਾਰਸੀ ਦੇ ਕਵੀਆਂ ਨੇ ਚੋਰ, ਗੁਲਾਮ ਅਤੇ ਕਾਲੇ ਲਈ ਭੀ ਹਿੰਦੂ ਸ਼ਬਦ ਵਰਤਿਆ ਹੈ। ਇਸੇ ਲਈ ਕਵੀਆਂ ਨੇ ਕਾਲੇ ਦਾਗ (ਤਿਲ) ਨੂੰ ਹਿੰਦੂ ਰੂਪ ਲਿਖਿਆ।[2] ਡਾ. ਰਾਧਾ ਕ੍ਰਿਸ਼ਨਨ ਦਾ ਭੀ ਵਿਚਾਰ ਹੈ ਕਿ ਹਿੰਦੂ ਨਾਂ ਫ਼ਾਰਸੀ (Persian) ਅਤੇ ਯੂਨਾਨ ਵਿਚ ਪੱਛਮੀ ਹਮਲਾਵਰਾਂ ਨੇ ਸਿੰਧ ਘਾਟੀ ਦੇ ਲੋਕਾਂ ਲਈ ਵਰਤਿਆ।[3] ਡਾ. ਗੰਡਾ ਸਿੰਘ ਸ਼ੇਰੀ ਦੇ ਮੱਤ ਅਨੁਸਾਰ ਸਿੰਧ ਦਾ ਪੁਰਾਣਾ ਉਚਾਰਨ ਇੰਡ (Ind) ਹੈ। ਈਰਾਨੀ ਅਤੇ ਹਿੰਦੁਸਤਾਨੀ (ਭਾਰਤੀ) ਭਾਸ਼ਾਵਾਂ ਦਾ ਵਿਸ਼ਲੇਸ਼ਣ ਦਸਦਾ ਹੈ ਕਿ ਭਾਰਤੀ 'ਸ' ਧੁਨਿ ਈਰਾਨੀ ਧੁਨਿ 'ਹ' ਵਿਚ ਬਦਲ ਜਾਂਦੀ ਹੈ 'ਧ' ਧੁਨਿ, ਈਰਾਨੀ ਧੁਨੀ 'ਦ' ਵਿਚ ਬਦਲ ਜਾਂਦੀ ਹੈ। ਈਰਾਨੀ ਜ਼ੁਬਾਨ ਵਿਚ 'ਧ' ਧੁਨੀ ਨਹੀਂ ਹੈ, ਇਸ ਕਾਰਨ 'ਸਿੰਧ' ਸ਼ਬਦ ਈਰਾਨੀ ਜ਼ੁਬਾਨ ਵਿਚ 'ਹਿੰਦ' ਸ਼ਬਦ ਬਣ ਗਿਆ। ਇਸੇ 'ਹਿੰਦ' ਸ਼ਬਦ ਤੋਂ 'ਹਿੰਦੁਸਤਾਨ' ਪੈਦ ਬਣਿਆ। ਹਿੰਦ ਨਿਵਾਸੀਆਂ ਨੂੰ ਹਿੰਦੂ ਕਿਹਾ ਜਾਣ ਲਗ ਪਿਆ। ਰਾਜਾ ਭਰਤ ਦੇ ਸਮੇਂ ਉਸ ਦੇ ਨਾਂ ਤੇ ਇਸ ਦੇਸ਼ ਦਾ ਨਾਂ 'ਭਾਰਤ' ਰੱਖਿਆ ਗਿਆ। ਉਸਦਾ ਇਹ ਕਹਿਣਾ ਸਾਰਥਕ ਹੈ ਕਿ ਹਿੰਦੂ ਦੇ ਅਰਥ ਚੋਰ ਡਾਕੂ, ਅਤੇ ਰਾਹਜ਼ਨ ਮੁਸਲਮਾਨੀ ਸਾਸ਼ਕਾਂ ਨੇ ਪਿਛੋਂ ਜੋ ਰੱਖੇ ਸਨ[4]। ਇਸ ਨੂੰ

---

1. The Cultural Heritage of India, V.II, p.314.
2. ਮਹਾਨ ਕੋਸ਼
3. The Hindu View of Life, p.12.
4. ਗੁਰੂ ਨਾਨਕ ਸ਼ਬਦ ਰਤਨਾਕਰ, ਪੰਨੇ 119-20, ਹੋਰ ਵੇਖੋ ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 96.

ਇਕ ਗੁੰਝਲਦਾਰ ਸ਼ਬਦ ਵੀ ਕਿਹਾ ਹੈ, ਜੋ ਭਾਰਤ ਵਿਚ ਧਰਮ ਨਹੀਂ ਇਕ ਸੰਸਕ੍ਰਿਤੀ ਹੈ। ਜਿਸ ਵਿਚ ਹਿੰਦੁਸਤਾਨ ਨਾਲ ਸੰਬੰਧ ਰੱਖਣ ਵਾਲੀਆਂ ਨਸਲਾਂ, ਭਾਸ਼ਾਵਾਂ, ਧਰਮ, ਸਾਹਿਤ, ਸਦਾਚਾਰ, ਕਾਨੂੰਨ ਅਤੇ ਸਮਾਜਕ ਸੰਸਥਾਵਾਂ, ਅਨੇਕਾਂ ਸੰਪਰਦਾਵਾਂ ਰੱਖਣ ਵਾਲੇ ਲੋਕ-ਸਮੂਹ, ਵੈਸ਼ਣਵ, ਸ਼ਾਕਤ, ਜੈਨੀ, ਬੋਧੀ ਅਤੇ ਵਾਮ ਮਾਰਗੀ ਆਦਿ ਆ ਜਾਂਦੇ ਹਨ।[1] ਇਹ ਤਾਂ ਇਕ ਜੀਵਨ ਦਾ ਢੰਗ ਹੈ।[2]

ਇਸੇ ਕਰਕੇ 'ਹਿੰਦੂ' ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਦੂਜੇ ਧਰਮਾਂ ਵਾਂਗ ਇਸ ਦਾ ਕੋਈ ਬਾਨੀ ਵੀ ਨਹੀਂ ਹੈ। ਇਹ ਉਨ੍ਹਾਂ ਸਾਰੀਆਂ ਸੰਪਰਦਾਵਾਂ ਦਾ, ਵਿਚਾਰ ਧਾਰਾਵਾਂ ਦਾ ਸਮੂਹ ਹੈ ਜੋ ਹਿੰਦੁਸਤਾਨ ਦੀ ਧਰਤੀ ਤੇ ਲਗਭਗ 30 ਸਦੀਆਂ ਜਨਮੀਆਂ ਤੇ ਪ੍ਰਫੁਲਤ ਹੋਈਆਂ।[3] ਵੱਖ ਵੱਖ ਅਤੇ ਪਰਸਪਰ ਵਿਰੋਧ ਵਾਲੇ ਵਿਚਾਰਾਂ ਨੂੰ ਧਾਰਨ ਵਾਲਾ ਵੀ ਹਿੰਦੂ ਹੀ ਹੈ। ਇਹ ਇਕ ਮਿਸ਼ਰਿਤ (composite) ਸਭਿਆਚਾਰ ਹੈ, ਜਿਸ ਨੂੰ ਕਿ ਵੱਖ ਵੱਖ ਰੰਗਾਂ ਵਾਲੇ ਧਾਗਿਆਂ ਨਾਲ ਬੁਣਿਆਂ ਕਪੜਾ ਕਿਹਾ ਜਾ ਸਕਦਾ ਹੈ।[4] ਜਵਾਹਰ ਲਾਲ ਨਹਿਰੂ ਨੇ ਵੀ ਹਿੰਦੂ ਮਤ ਬਾਰੇ ਲਿਖਦਿਆਂ ਸਿਰਫ਼ ਇਤਨਾ ਹੀ ਕਿਹਾ ਹੈ ਕਿ ਇਹ ਇਕ ਧੁੰਦਲਾ, ਅਸਪਸ਼ਟ, ਬਹੁਪੱਖੀ ਸ਼ਬਦ ਹੈ। ਇਹ ਵੀ ਕਹਿਣਾ ਮੁਸ਼ਕਲ ਹੈ ਕਿ ਇਹ ਧਰਮ ਵੀ ਹੈ ਕਿ ਨਹੀਂ। ਇਸ ਦੇ ਪੁਰਾਤਨ ਅਤੇ ਹੁਣ ਦੇ ਰੂਪ ਵਿਚ ਕਈ ਵਿਸ਼ਵਾਸ, ਕਈ ਕ੍ਰਿਆਵਾਂ ਜੋ ਅਕਸਰ ਪਰਸਪਰ ਵਿਰੋਧੀ ਵੀ ਹਨ ਸ਼ਾਮਿਲ ਹਨ।[5]

ਇਹ ਗੱਲ ਉਲੇਖ ਯੋਗ ਹੈ ਕਿ ਬਾਵਜੂਦ ਅਜਿਹੀ ਅਸਪਸ਼ਟਤਾ ਦੇ ਫਿਰ ਵੀ ਵਧੇਰੇ ਕਰਕੇ ਮੂਰਤੀ-ਪੂਜਕ ਸਨਾਤਨ ਪੰਥੀ ਨੂੰ ਹਿੰਦੂ ਕਿਹਾ ਜਾਂਦਾ ਹੈ।[6] ਗੁਰੂ ਨਾਨਕ ਦੇਵ ਜੀ ਦੀ ਇਸ ਪੰਕਤੀ ਵਿਚ ਉਨ੍ਹਾਂ ਦੇ ਇਸ ਵਿਸ਼ਵਾਸ ਵਲ ਹੀ ਸੰਕੇਤ ਹੈ:

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਂਹੀ।
(ਵਾਰ ਬਿਹਾਗੜਾ) 556

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 96 ਅਤੇ ਮਹਾਨ ਕੋਸ਼
2. The Cultural Heritage of India, Vol. II, p. 314.
3. Harbans Singh, Lal Mani Joshi, An Introduction to Indian Religion, p. 16.
4. The Cultural Heritage of India, Vol. I, p. 90.
5. 'Hinduism as a faith is vague, amorphous, many sided, all things to all men. It is hardly possible to define it, or indeed to say precisely whether it is a religion or not, in the usual sense of the term. In its present form as well as the past, it embraces many beliefs and practices, from the highest to the lowest, often opposed and contradicting each other' (Discovery of India, p. 52).
6. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 96.

## ਹਿੰਦੁਸਤਾਨ

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਜਿਥੇ ਹਿੰਦੂ ਸ਼ਬਦ ਕਈ ਵਾਰੀ ਆਇਆ ਹੈ ਉਥੇ 'ਹਿੰਦੁਸਤਾਨ' ਸ਼ਬਦ ਦੀ ਵਰਤੋਂ ਵੀ ਹੋਈ ਹੈ। ਬਾਬਰ ਦੇ ਹਮਲੇ ਦਾ ਜ਼ਿਕਰ ਕਰਦਿਆਂ ਆਪ ਲਿਖਦੇ ਹਨ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
(ਆਸਾ)360

## ਦਰਸ਼ਨ ਜਾਂ ਧਰਮ?

ਕੀ ਹਿੰਦੂ ਮੱਤ ਦਰਸ਼ਨ ਹੈ ਜਾਂ ਧਰਮ? ਇਸ ਬਾਰੇ ਵਿਦਵਾਨਾਂ ਵਿਚ ਮੱਤ ਭੇਦ ਹੈ। ਕੁਝ ਵਿਦਵਾਨਾਂ ਨੇ ਇਸ ਨੂੰ ਧਰਮ ਮੰਨਿਆ ਹੈ ਅਤੇ ਕੁਝ ਦਾ ਵਿਚਾਰ ਹੈ ਕਿ ਇਹ ਧਰਮ ਨਹੀਂ ਹੈ ਦਰਸ਼ਨ ਹੈ। ਵਿਦਵਾਨਾਂ ਦੇ ਦੋਹਾਂ ਮੱਤਾਂ ਦਾ ਉਲੇਖ ਕਰਨ ਤੋਂ ਪਹਿਲਾਂ ਉਚਿਤ ਹੋਵੇਗਾ ਕਿ ਸ਼ਬਦ 'ਦਰਸ਼ਨ' ਅਤੇ 'ਧਰਮ' ਬਾਰੇ ਵਿਚਾਰ ਕੀਤੀ ਜਾਵੇ।

## ਦਰਸ਼ਨ

ਦਰਸ਼ਨ ਫ਼ਿਲਾਸਫ਼ੀ ਦਾ ਸਮਾਨਾਰਥਕ ਸ਼ਬਦ ਸਵੀਕਾਰ ਕੀਤਾ ਗਿਆ ਹੈ। ਫ਼ਿਲਾਸਫ਼ੀ ਯੂਨਾਨੀ ਸ਼ਬਦ ਹੈ, ਜਿਸ ਤੋਂ ਭਾਵ ਹੈ ਅਕਲ ਲਈ ਪਿਆਰ ਕਰਨਾ ਜਾਂ ਇਲਮ ਲਈ ਪਿਆਰ। ਫ਼ਿਲਾਸਫ਼ੀ ਤੋਂ ਭਾਵ ਗਿਆਨ ਦੀ ਭਾਲ ਵੀ ਲਿਆ ਜਾਂਦਾ ਹੈ। ਪਾਇਥਾਗੋਰਸ ਨੇ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਫ਼ਿਲਾਸਫ਼ਰ ਕਿਹਾ। ਸੁਕਰਾਤ ਨੇ ਫ਼ਿਲਾਸਫ਼ੀ ਸ਼ਬਦ ਭੌਤਿਕ ਸੰਸਾਰ ਦੀ ਪ੍ਰਕਿਰਤੀ ਦੇ ਅਨੁਮਾਨ ਵਜੋਂ ਵਿਸ਼ੇਸ਼ ਤੌਰ ਤੇ ਮਨੁੱਖੀ ਵਤੀਰੇ ਜਾਂ ਮਨੁੱਖੀ ਆਚਰਨ ਦੇ ਸੰਬੰਧ ਵਿਚ ਵਰਤਿਆ। ਪੱਛਮ ਵਿਚ ਅਜ ਕਲ੍ਹ ਇਹ ਤਿੰਨਾਂ ਗੱਲਾਂ ਲਈ ਵਰਤਿਆ ਜਾਂਦਾ ਹੈ। ਇਕ ਤਾਂ ਤਰਕਸੰਗੀ ਦਲੀਲਾਂ ਦੁਆਰਾ ਸੱਚ ਦੀ ਭਾਲ ਲਈ, ਦੂਜੇ ਮੁਢਲੇ ਵਿਸ਼ਵਾਸਾਂ ਨੂੰ ਪ੍ਰਗਟ ਕਰਨ ਵਾਲੇ ਵਿਸ਼ਵਾਸਾਂ ਦੇ ਵਿਸ਼ਲੇਸ਼ਣ ਲਈ ਅਤੇ ਤੀਜੇ ਤਕਨੀਕੀ ਅਧਿਐਨ ਨੂੰ ਛੱਡ ਕੇ ਬਾਕੀ ਸਭ ਤਰ੍ਹਾਂ ਦੀ ਸਿਖਿਆ ਲਈ। ਪੂਰਬ ਵਿਚ ਇਸ ਦੀ ਵਰਤੋਂ ਜੀਵਨ ਅਤੇ ਅਸਤਿਤ੍ਵ, ਰੂਹ ਅਤੇ ਪਦਾਰਥ ਹੋਂਦ ਅਤੇ ਸ੍ਰਿਸ਼ਟੀ ਦੀ ਪ੍ਰਕਿਰਤੀ ਲਈ ਵਰਤਿਆ ਜਾਂਦਾ ਹੈ। ਇਹ ਬ੍ਰਹਿਮੰਡ ਦੇ ਆਰੰਭ, ਮਨੁੱਖ ਦੇ ਸੁਭਾਅ ਅਤੇ ਉਸਦੇ ਇਸ ਧਰਤੀ ਤੇ ਕਰਮ ਨਾਲ ਸੰਬੰਧਤ ਹੈ। ਇਸ ਦਾ ਮੁੱਖ ਤੌਰ ਤੇ ਸੰਬੰਧ ਜੀਵਨ ਦੇ ਪਰਾਭੌਤਿਕਤਾ ਵਿਚ ਮਨੋਰਥ ਦੀ ਕਾਮਨਾ ਹੈ।[1]

ਭਾਰਤੀ ਦਰਸ਼ਨ ਸ਼ਬਦ ਦੀ ਕਈ ਤਰ੍ਹਾਂ ਵਿਆਖਿਆ ਕੀਤੀ ਗਈ ਹੈ। ਕਿਸੇ ਸ਼ਬਦ ਦੇ ਅਰਥ ਹਨ ਵੇਖਣ ਵਾਸਤੇ ਜੋ ਕੁਝ ਵੇਖਿਆ ਗਿਆ ਹੈ ਉਸ ਨੂੰ ਦਰਸ਼ਨ ਦਾ ਨਾਂ ਦਿੱਤਾ ਗਿਆ ਹੈ।[2]

---

1. Guru Nanak And Indian Religious Thought, p. 183.
2. ਭਗਤ ਸਿੰਘ ਹੀਰਾ, ਗੁਰਮਤ ਵਿਚਾਰਧਾਰਾ, ਪੰਨਾ 25.

ਭਾਰਤੀ ਦ੍ਰਿਸ਼ਟੀਕੋਣ ਤੋਂ ਦਰਸ਼ਨ(ਫ਼ਿਲਾਸਫ਼ੀ) ਦਾ ਭਾਵ ਹੈ ਧਰਮ ਜਾਂ ਆਤਮਾ ਪਰਮਾਤਮਾ ਬਾਰੇ ਗਿਆਨ ਰਖਣ ਵਾਲਾ ਸ਼ਾਸਤਰ ਜਾਂ ਤੱਤਵ ਗਿਆਨ ਕਰਾਉਣ ਵਾਲਾ ਸ਼ਾਸਤਰ।[1] ਵਿਚਾਰਧਾਰਾ ਅਤੇ ਦਰਸ਼ਨ ਇਕੋ ਭਾਵ ਵਿਚ ਵਰਤੇ ਜਾਂਦੇ ਹਨ। ਭਾਰਤ ਦੇ ਛੇ ਮੁਖ ਸਕੂਲ ਜਾਂ ਵਿਚਾਰਧਾਰਾਵਾਂ ਨੂੰ ਖਟ ਦਰਸ਼ਨ ਜਾਂ ਖਟ ਸ਼ਾਸਤਰ ਆਖਿਆ ਹੈ। ਇਕ ਹੈ ਗੋਤਮ ਰਿਸ਼ੀ ਦਾ ਲਿਖਿਆ ਨਿਆਇ ਸ਼ਾਸਤਰ, ਦੂਜਾ ਹੈ ਕਣਾਦ ਰਿਸ਼ੀ ਦੇ ਵੈਸ਼ੇਸ਼ਿਕ ਦਰਸ਼ਨ, ਤੀਜਾ ਹੈ ਕਪਲ ਦਾ ਸਾਂਖ, ਚੌਥਾ ਹੈ ਪਤੰਜਲ ਦਾ ਯੋਗ, ਪੰਜਵਾਂ ਹੈ ਜੈਮਨੀ ਦਾ ਮੀਮਾਂਸਾ ਅਤੇ ਛੇਵਾਂ ਹੈ ਬਾਦਰਾਇਣ ਵਿਆਸ ਦਾ ਲਿਖਿਆ ਵੇਦਾਂਤ। ਦਾਰਸ਼ਨਿਕ ਕਾਲ 600 ਤੋਂ 200 ਪੂ.ਈ.ਤਕ ਮੰਨਿਆ ਗਿਆ ਹੈ। ਇਨ੍ਹਾਂ ਛੇ ਦਰਸ਼ਨਾਂ ਦਾ ਇਨ੍ਹਾਂ ਦੇ ਸੰਚਾਲਕਾਂ ਅਤੇ ਇਨ੍ਹਾਂ ਦੇ ਉਪਦੇਸ਼ਾਂ ਦਾ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਵਰਣਨ ਕੀਤਾ ਹੈ, ਜਿਵੇਂ:

ਛਿਅ ਘਰ ਛਿਅ ਗੁਰ ਛਿਅ ਉਪਦੇਸ।ਗੁਰੁ ਗੁਰੁ ਏਕੋ ਵੇਸ ਅਨੇਕ।
(ਆਸਾ)12

ਭਾਵੇਂ ਇਨ੍ਹਾਂ ਪ੍ਰਤਿ ਗੁਰੂ ਸਾਹਿਬਾਨ ਨੇ ਵਿਸ਼ਵਾਸ ਨਹੀਂ ਕੀਤਾ।[2] ਭਾਰਤੀ ਦਰਸ਼ਨ ਨੂੰ ਮੁਖ ਦੋ ਭਾਗਾਂ ਵਿਚ ਵੀ ਵੰਡਿਆ ਗਿਆ ਹੈ - ਬ੍ਰਾਹਮਣੀ ਤੇ ਅਣਬ੍ਰਾਹਮਣੀ ਜਾਂ ਵੈਦਿਕ ਤੇ ਅਵੈਦਿਕ ਜਾਂ ਆਸਤਿਕ ਤੇ ਨਾਸਤਿਕ।[3]

ਪੱਛਮ ਵਿਚ ਦਰਸ਼ਨ ਦੀ ਕਾਫ਼ੀ ਵਿਰੋਧਤਾ ਹੋਈ ਹੈ। ਕਾਂਟ ਨੇ, ਜੋ ਦੁਨੀਆਂ ਦੇ ਚੋਟੀ ਦੇ ਫ਼ਿਲਾਸਫ਼ਰਾਂ ਵਿਚੋਂ ਇਕ ਸੀ, ਕਿਹਾ ਕਿ ਫ਼ਲਸਫ਼ੇ ਦੇ ਸਾਰੇ ਰਾਹ ਕਿਸੇ ਮੰਜ਼ਲ ਨੂੰ ਨਹੀਂ ਪੁੱਜਦੇ। ਫ਼ਿਲਾਸਫ਼ੀ ਨੇ ਮਨੁੱਖ ਜਾਤੀ ਦਾ ਕੋਈ ਵੱਡਾ ਕੰਮ ਨਹੀਂ ਸਾਰਿਆ। ਐਮਰਸਨ ਨੇ ਕਿਹਾ ਹੈ ਕਿ ਵੱਡੇ ਤੋਂ ਵੱਡੇ ਸਿਆਣੇ ਨੂੰ ਹਸਤੀ ਦੀ ਵਿਆਖਿਆ ਕਰਨ ਵਿਚ ਤਿੱਲੀ ਤੇ ਜਿੰਨੀ ਸਫ਼ਲਤਾ ਵੀ ਨਹੀਂ ਹੋਈ। ਸੁਕਰਾਤ ਤੇ ਅਰਸਤੂ ਤੋਂ ਲੈ ਕੇ ਹੇਗਲ ਤੇ ਬਰਗਸਾਨ ਤੀਕ ਸਭ ਵੱਡਿਆਂ, ਛੋਟਿਆਂ ਫ਼ਿਲਾਸਫ਼ਰਾਂ ਦੇ ਅਸਲੀ ਕੰਮ ਤੇ 'ਅਸਫ਼ਲਤਾ' ਦਾ ਸ਼ਬਦ ਮੋਟੇ ਅੱਖਰਾਂ ਵਿਚ ਲਿਖਿਆ ਗਿਆ ਹੈ। ਵੈਬੱਰ ਨੇ ਕਿਹਾ ਸੀ ਕਿ ਫ਼ਿਲਾਸਫ਼ੀ ਅਰਥ ਨੂੰ ਵਧਾਉਂਦੀ ਤਾਂ ਹੈ ਕਰਨੀ ਨਹੀਂ, ਇਹ ਪੁਰਾਣੇ ਮਸਲੇ ਘੋਖਦੀ ਹੀ ਰਹੀ ਜਿਖਦੀ ਹੈ, ਪਰ ਸਚਿਆਈ ਦਾ ਗਿਆਨ ਪ੍ਰਾਪਤ/ਹੀਣ ਹੀ। ਫਲਿੰਟ(Flint )ਦਾ ਵਿਚਾਰ ਹੈ ਕਿ ਫ਼ਿਲਾਸਫ਼ੀ ਨੇ ਨਵੀ ਸਦੀ ਕਈ ਪਤਾ ਕੀਤੀਆਂ ਹਨ, ਪਰ ਅਸਲੀ ਕੌਣ ਨਹੀਂ ਪਤਾ ਕਰ ਸਕੀ। ਇਸ ਨੇ ਪਰਮਾਤਮਾ ਦੀ ਪਵਿੱਤ੍ਰਤਾ ਅਤੇ ਉਸਦਾ ਪ੍ਰੇਮ ਨਹੀਂ ਦਰਸਾਇਆ, ਪਾਪ ਦੇ

---

1. ਡਾ: ਰਤਨ ਸਿੰਘ ਜੱਗੀ, ਵਾਰਾਂ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼, ਪੰਨਾ 327.
2. ਗੁਰੂ ਅਮਰਦਾਸ ਜੀ ਦਾ ਵਿਚਾਰ ਹੈ:

ਖਟੁ ਦਰਸਨ ਵਰਤੈ ਵਰਤਾਰਾ। ਗੁਰ ਕਾ ਦਰਸਨੁ ਅਗਮ ਅਪਾਰਾ।
(ਆਸਾ ਮ:3)360-61.

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ। ਮਾਇਆ ਮੋਹੁ ਪਸਰਿਆ ਪਸਾਰਾ।
(ਮਾਰੂ ਮ:3)1053.

3. The Cultural Heritage of India, Vol. I, p. 389.

ਵਿਸ਼ੇ ਦਾ ਕੋਈ ਇਲਾਜ ਨਹੀਂ ਦੱਸਿਆ ਤੇ ਆਤਮਾ ਨੂੰ, ਆਪਣੇ ਆਪ ਨੂੰ ਖੋਣ ਦਾ ਲੱਭਣ ਕਰਨ ਦਾ ਤੇ ਜੀਵਨ ਦਾ ਸੋਮਾ ਨਹੀਂ ਦੱਸਿਆ। ਗੁਰੂ ਸਾਹਿਬਾਨ ਦੀ ਫਿਲਾਸਫੀ ਬਾਰੇ ਰਾਇ ਇੰਨੀ ਕਰੂਪਤ ਨਹੀਂ[1] ਪਰ ਮੂੰਹੋਂ ਦਰਸ਼ਨ ਨੂੰ ਪਰਵਾਨਿਆ ਵੀ ਨਹੀਂ ਹੈ। ਗੁਰਮੱਤ ਨੂੰ ਦਰਸ਼ਨ ਕਹਿਣਾ ਵੀ ਠੀਕ ਨਹੀਂ। ਸਰਦੂਲ ਸਿੰਘ ਕਵੀਸ਼ਰ ਅਨੁਸਾਰ ਜੇ ਇਸ ਨੂੰ ਫਲਸਫਾ ਕਹਿਣਾ ਵੀ ਹੋਵੇ ਤਾਂ ਨਿਮਰਤਾ ਦਾ ਕਹਿ ਸਕਦੇ ਹਾਂ ਤੇ ਕਿਉਂਕਿ ਇਹ ਨਿਮਰਤਾ ਪੂਰਣ ਫਲਸਫਾ ਹੈ, ਇਸੇ ਕਾਰਨ ਸਚਿਆਈ ਦਾ ਫਲਸਫਾ ਹੈ। ਸਾਹਿਬਾਂ ਨੇ ਇਲਮ ਤੇ ਸੰਸਾਰ ਬਾਰੇ ਅਨੇਕ ਵਿਚਾਰਾਂ ਨੂੰ ਕੋਈ ਬਾਹਲੀ ਅਹਿਮੀਅਤ ਨਹੀਂ ਦਿੱਤੀ, ਉਨ੍ਹਾਂ ਇਹੋ ਖਿਆਲ ਕੀਤਾ ਕਿ ਇਨ੍ਹਾਂ ਅਜੀਬੀ ਗੱਲਾਂ ਨੂੰ ਜਾਣਨ ਲਈ ਮਾਨਸਿਕ ਚਤੁਰਾਈਆਂ, ਉਡਾਰੀਆਂ ਤੇ ਤਰਲੇ ਹਨ।[2]

<u>ਧਰਮ</u>

ਮਹਾਂਭਾਰਤ ਅਨੁਸਾਰ ਧਰਮ 'ਧਰ' ਧਾਤੂ ਤੋਂ ਹੈ, ਜਿਸਤੋਂ ਭਾਵ ਹੈ 'ਇਕੱਠਿਆਂ ਰਖਣਾ'। ਮਹਾਂਭਾਰਤ ਦਾ ਕਥਨ ਹੈ ਕਿ ਧਰਮ ਕਰਕੇ ਲੋਕ ਇਕੱਠੇ ਰਹਿੰਦੇ ਹਨ। ਸੋ ਧਰਮ ਦਾ ਕੰਮ ਹੈ ਜੋੜਨਾ। ਇਸ ਤੋਂ ਬਿਨਾਂ ਧਰਮ ਤੋਂ ਭਾਵ ਹੈ ਸਰਬ ਭਲਿਆਈ। ਜੋ ਸਭ ਨੂੰ ਲਾਭ ਪੁਚਾਂਦਾ ਹੈ ਧਰਮ ਹੈ। ਕਿਸੇ ਨੂੰ ਨੁਕਸਾਨ ਨਾ ਪੁਚਾਣਾ ਜਾਂ ਦੁਖ ਨਾ ਦੇਣਾ ਆਪਣੇ ਆਪ ਵਿਚ ਧਰਮ ਹੈ। ਹਿੰਦੂ ਦੇ ਚਾਰ ਨਿਸ਼ਾਨਿਆਂ - ਧਰਮ, ਅਰਥ, ਕਾਮ ਅਤੇ ਮੋਖ ਵਿਚੋਂ ਇਹ ਪ੍ਰਥਮ ਨਿਸ਼ਾਨਾ ਹੈ।[3] ਗੁਰੂ ਨਾਨਕ ਨੇ ਜਪੁਜੀ ਵਿਚ ਪੰਜ ਖੰਡਾਂ ਧਰਮ, ਸਰਮ, ਕਰਮ ਅਤੇ ਸੱਚ ਦਾ ਜੋ ਵਰਣਨ ਕੀਤਾ ਹੈ ਉਸ ਵਿਚ ਇਹ ਪਹਿਲਾ ਖੰਡ ਜਾਂ ਪੜਾਅ ਹੈ। ਧਰਮ ਧਾਰਨ ਕਰਨ ਦੇ ਅਰਥ ਵਿਚ ਲਿਆ ਜਾਂਦਾ ਹੈ। ਅਰਥਾਤ ਉਹ ਸ਼ਕਤੀ, ਜਿਸਨੇ ਸਭ ਨੂੰ ਧਾਰਨ ਕੀਤਾ ਹੋਇਆ ਹੈ ਧਰਮ ਹੈ। ਮਜ਼ਹਬ, ਦੀਨ, ਕਾਨੂੰਨ, ਕਰਤੱਵ ਅਤੇ ਨਿਆਂ ਵੀ ਇਸ ਦੇ ਅਰਥ ਕੀਤੇ ਜਾਂਦੇ ਹਨ। ਮਨੂ ਸਿਮ੍ਰਤੀ ਵਿਚ ਧੀਰਜ, ਖਿਮਾ, ਮਨ ਸੰਜਮ, ਇੰਦਰੀ ਸੰਜਮ, ਚੋਰੀ ਨਾ ਕਰਨੀ, ਕ੍ਰੋਧ ਨਾ ਕਰਨਾ, ਪਵਿੱਤ੍ਰਤਾ, ਬੁੱਧੀ, ਵਿਦਿਆ, ਗਿਆਨ ਅਤੇ ਸੱਚ ਧਰਮ ਦੇ ਦਸ ਗੁਣ ਦੱਸੇ ਗਏ ਹਨ। ਵਿਦਵਾਨਾਂ ਨੇ ਇਸ ਨੂੰ ਵੱਖ ਵੱਖ ਤਰ੍ਹਾਂ ਪਰਿਭਾਸ਼ਤ ਕੀਤਾ ਹੈ। ਧਰਮ ਨੂੰ ਉਹ ਕਰਮ ਕਿਹਾ ਗਿਆ ਹੈ, ਜਿਸ ਨੂੰ ਕਰਨ ਨਾਲ ਲੋਕ ਵਿਚ ਉੱਨਤੀ ਅਤੇ ਪਰਲੋਕ ਵਿਚ ਮੁਕਤੀ ਮਿਲਦੀ ਹੈ।[4] ਧਰਮ ਮਨੁੱਖ ਦਾ ਸਮਾਜ ਪ੍ਰਤਿ ਤੇ ਆਪਣੇ ਸਿਰਜਨਹਾਰ ਪ੍ਰਤਿ ਕਰਤੱਵ ਦਰਸਾਉਂਦਾ ਹੈ। ਇਸ ਕਰਤੱਵ ਦਾ ਪਾਲਣ ਕਰਦਿਆਂ ਨਿਸ਼ਕਾਮ ਰਹਿਣ ਤੇ ਜ਼ੋਰ ਇਸ ਲਈ ਦਿੱਤਾ ਗਿਆ ਹੈ ਕਿ ਮਨੁੱਖ ਕੋਈ ਕਿਸੇ ਸਵਾਰਥ ਲਈ ਨਾ ਕਰੇ ਸਗੋਂ ਸਹਿਜ

1. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 178-79.
2. ਉਹੀ, ਪੰਨਾ 183.
3. B.S.Murthy, Oppressed and Depressed, p.126.
4. ਡਾ: ਰਤਨ ਸਿੰਘ ਜੱਗੀ, ਵਾਰਾਂ ਭਾਈ ਗੁਰਦਾਸ, ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼, ਪੰਨਾ 351.

ਸ਼ੁਰੂ ਕਰੇ। ਇਹ ਸਹਿਜ ਸੁਭਾਵਕ ਨੇਕੀ ਹੀ ਸੱਚਾ ਧਰਮ ਹੈ।[1] ਗੁਰੂ ਅਰਜਨ ਦੇਵ ਜੀ ਨੇ ਸ੍ਰੇਸ਼ਟ ਧਰਮ ਦੀ ਪਰਿਭਾਸ਼ਾ ਇਸ ਤਰ੍ਹਾਂ ਦੱਸੀ ਹੈ:

ਸਰਬ ਧਰਮ ਮਹਿ ਸ੍ਰੇਸ਼ਟ ਧਰਮ। ਹਰਿ ਕੋ ਨਾਮੁ ਜਪੁ ਨਿਰਮਲੁ ਕਰਮੁ।
(ਗਉੜੀ ਸੁਖਮਨੀ) 266

ਗੀਤਾ ਅਨੁਸਾਰ ਧਰਤੀ ਦੀ ਹੋਂਦ ਅਤੇ ਇਸ ਤੇ ਵਸਦੇ ਲੋਕਾਂ ਦਾ ਵਿਕਾਸ ਧਰਮ ਤੇ ਹੀ ਨਿਰਭਰ ਹੈ। ਜਦੋਂ ਧਰਮ ਦੀ ਹਾਨੀ ਹੁੰਦੀ ਹੈ ਤਾਂ ਧਰਤੀ ਤੇ ਵੀ ਗਿਰਾਵਟ ਆ ਜਾਂਦੀ ਹੈ। ਅਜਿਹੀ ਸਥਿਤੀ ਵਿਚ ਪਰਮਾਤਮਾ ਦਾ ਅਵਤਰਨ ਹੁੰਦਾ ਹੈ। ਧਰਮ ਨੂੰ ਧਰਤੀ ਦਾ ਸਹਾਰਾ ਕਿਹਾ ਹੈ। ਜਦ ਧਰਮ ਰੂਪੀ ਬਲਦ ਦੇ ਪੈਰ ਲੜਖੜਾਏ ਹਨ ਤਾਂ ਸਾਰੀ ਧਰਤੀ ਡੋਲ ਜਾਂਦੀ ਹੈ, ਭੂਚਾਲ ਆ ਜਾਂਦਾ ਹੈ। ਧਰਮ ਦਾ ਸੁਭਾ ਦਇਆ ਹੈ,[2] ਜੋ ਮਨੁੱਖ ਦਾ ਪ੍ਰਮੁੱਖ ਗੁਣ ਹੈ। ਇਹ ਧਰਤੀ ਹੈ ਹੀ ਧਰਮ ਦੀ ਕਮਾਈ ਕਰਨ ਲਈ।[3]

ਧਰਮ ਵਾਸਤਵ ਵਿਚ ਜੀਵਨ ਦਾ ਮਾਰਗ ਹੈ। ਅੰਗ੍ਰੇਜ਼ੀ ਦਾ ਸ਼ਬਦ ਰਿਲੀਜਨ ਇਸਦਾ ਸਮਾਨਾਰਥਕ ਨਹੀਂ ਹੈ। ਧਰਮ ਨੂੰ ਸਾਰੇ ਸਮਿਆਂ ਅਤੇ ਸਾਰੇ ਸਥਾਨਾਂ ਤੇ ਵਿਅਕਤੀਗਤ ਅਤੇ ਸਮਾਜਕ ਜੀਵਨ ਲਈ ਇਕੋ ਇਕ ਵਿਧੀ ਸਮਝਿਆ ਗਿਆ ਹੈ। ਇਸੇ ਕਰਕੇ ਇਸ ਨੂੰ ਸਨਾਤਨ ਧਰਮ ਕਿਹਾ ਜਾਂਦਾ ਹੈ। ਸਨਾਤਨ ਧਰਮ ਨੂੰ ਕਿਸੇ ਸਮੇਂ ਬ੍ਰਾਹਮਣਵਾਦ ਆਖਿਆ ਗਿਆ ਸੀ ਅਤੇ ਹੁਣ ਵੀ ਇਸ ਤਰ੍ਹਾਂ ਆਖਿਆ ਜਾਂਦਾ ਹੈ।[4] ਧਰਮ ਨੂੰ ਉਨਾਂ ਹੀ ਪੁਰਾਣਾ ਸਮਝਿਆ ਗਿਆ ਹੈ, ਜਿੰਨਾ ਕਿ ਮਨੁੱਖ।[5] ਮਨੁੱਖ ਦੇ ਜਨਮ ਨਾਲ ਹੀ ਇਸਦਾ ਜਨਮ ਹੋਇਆ।

ਪੱਛਮ ਵਿਚ ਧਰਮ ਅਤੇ ਦਰਸ਼ਨ ਦੋਵੇਂ ਵੱਖ ਵੱਖ ਮਾਰਗ ਹਨ, ਜਦ ਕਿ ਭਾਰਤ ਵਿਚ ਇਹ ਇਕ ਦੂਜੇ ਦੇ ਵਿਚੋਂ ਨਿਕਲਦੇ ਹੋਏ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ।[6] ਭਾਰਤੀ ਵਿਚਾਰਧਾਰਾ ਨੂੰ ਪੜ੍ਹਨ ਵਾਲੇ ਪੱਛਮੀ ਵਿਦਿਆਰਥੀ ਹੈਰਾਨ ਹਨ ਕਿ ਭਾਰਤ ਵਿਚ ਧਰਮ ਅਤੇ ਦਰਸ਼ਨ ਦੇ ਪਰਸਪਰ ਸੰਬੰਧ ਕਿਵੇਂ ਕਾਇਮ ਹਨ। ਆਮ ਤੌਰ ਤੇ ਪੱਛਮ ਵਿਚ ਪਰਚਾਰਕਾਂ ਅਤੇ ਦਰਸ਼ਨ-ਸ਼ਾਸਤਰੀਆਂ ਨੂੰ ਅਫ਼ਸੋਸ ਹੈ ਕਿ ਦੋਹਾਂ ਦਾ ਬਿਲਕੁਲ ਵਿਰੋਧੀ ਹੋਣ ਕਰਕੇ ਇਨ੍ਹਾਂ ਦਾ ਆਪਸ ਵਿਚ ਮੇਲ ਕਿਵੇਂ ਹੈ। ਪਰਚਾਰਕ ਨੂੰ ਇਹ ਲਗਦਾ ਹੈ ਕਿ ਹਿੰਦੂ ਮੱਤ ਇੰਨਾ ਦਾਰਸ਼ਨਿਕ ਹੈ ਕਿ ਇਹ ਧਰਮ ਨਹੀਂ ਅਖਵਾ ਸਕਦਾ। ਉਹ ਇਸ ਵਿਚ ਕੇਵਲ ਬੁੱਧੀਵਾਦ ਵੇਖਦਾ ਹੈ, ਜਿਸਦੀ ਕਿ ਜੀਵਨ ਦੇ ਸਾਰੇ ਪੱਖਾਂ ਨੂੰ ਅਪੀਲ ਨਹੀਂ ਸਗੋਂ ਤਰਕ ਨੂੰ ਅਪੀਲ ਹੈ। ਫ਼ਿਲਾਸਫ਼ਰ ਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਭਾਰਤੀ ਦਰਸ਼ਨ

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 209.
2. ਧੌਲੁ ਧਰਮੁ ਦਇਆ ਕਾ ਪੂਤੁ। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ। (ਜਪੁਜੀ)
3. ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ। (ਜਪੁਜੀ)
4. The Cultural Heritage of India, V.II, p.314.
5. The Origin and Development of Religion, p.4.
6. Guru Nanak and Indian Religious Thought, p.184.

ਧਰਮ ਨਾਲ ਸੰਬੰਧਿਤ ਹੋਣ ਕਰਕੇ ਅਨੁਭੂਤੀ ਦੇ ਭਾਵ ਛੁਪੇ ਰਖਿਆ ਹੋਇਆ ਹੈ।[1]

ਇਹ ਠੀਕ ਹੈ ਕਿ ਭਾਰਤ ਵਿਚ ਹੋਰ ਥਾਵਾਂ ਵਾਂਗ ਦਰਸ਼ਨ ਅਤੇ ਧਰਮ ਦਾ ਆਰੰਭ ਇਕੱਠਾ ਹੋਇਆ, ਪਰ ਛੇਤੀ ਹੀ ਇਨ੍ਹਾਂ ਵਿਚ ਫਰਕ ਪੈਣਾ ਸ਼ੁਰੂ ਹੋ ਗਿਆ, ਭਾਵੇਂ ਇਸ ਅੰਤਰ ਨੇ ਟਕਰਾਵ ਦਾ ਰੂਪ ਨਹੀਂ ਧਾਰਿਆ। ਉਦਾਹਰਣ ਵਜੋਂ ਭਾਗਵਤ ਅਤੇ ਬ੍ਰਹਮ-ਸੂਤਰਾਂ ਵਿਚ ਫਰਕ ਵੇਖਿਆ ਜਾ ਸਕਦਾ ਹੈ। ਪਹਿਲੀ ਹਿਰਦੇ ਵਿਚ ਭਗਤੀ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਦੂਜੀ ਦਾ ਮਨੋਰਥ ਕੁਦਰਤ ਦੇ ਪਦਾਰਥ ਨੂੰ ਸਮਝਣਾ ਹੈ। ਇਕ ਦੂਜੇ ਨਾਲ ਸੰਬੰਧਿਤ ਹੋਣ ਦਾ ਦੋਹਾਂ ਦਾ ਨਿਸ਼ਾਨਾ ਇਕੋ ਹੋਣਾ ਹੈ ਅਤੇ ਉਹ ਹੈ ਸੰਸਾਰ ਤੋਂ ਮੁਕਤੀ। ਧਰਮ ਦਾ ਮਨੋਰਥ ਮਨੁੱਖੀ ਜਜ਼ਬਿਆਂ ਨੂੰ ਕੇਵਲ ਸ਼ੁੱਧ ਕਰਨਾ ਨਹੀਂ ਹੁੰਦਾ ਸਗੋਂ ਉਸਦੇ ਸਮੁੱਚੇ ਜੀਵਨ ਵਿਚ ਪਰਿਵਰਤਨ ਲਿਆਉਣਾ ਹੈ। ਭਾਰਤੀ ਦਰਸ਼ਨ ਦੇ ਧਰਮ ਨਾਲ ਸੰਬੰਧ ਹੋਣ ਦੀ ਸਚਾਈ ਇਹ ਹੈ ਕਿ ਭਾਰਤੀ ਦਰਸ਼ਨ ਵਿਚ ਕਦਰਾਂ ਦੀ ਭਾਲ ਹੈ। ਇਸ ਵਿਚ ਕੋਈ ਬੌਧਿਕ ਉਤਸੁਕਤਾ ਜਾਂ ਹੈਰਾਨੀ ਨਹੀਂ ਸਗੋਂ ਫਿਲਾਸਫਰਾਂ ਦੀ ਖੋਜ ਪਿਛੇ ਜੀਵਨ ਵਿਚ ਉਚੇਰੀਆਂ ਕਦਰਾਂ ਨੂੰ ਜਾਣਨ ਦੇ ਉਤਸ਼ਾਹ ਦੀ ਮੁਖ ਲੋੜ ਰਹੀ ਹੈ। ਜਾਣਨ ਦੀਆਂ ਤਰਕਮਈ ਵਿਧੀਆਂ ਭਾਵੇਂ ਦਾਰਸ਼ਨਿਕਾਂ ਵਲੋਂ ਅਪਣਾਈਆਂ ਗਈਆਂ ਪਰ ਜੀਵਨ ਦੇ ਉਚੇਰੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਕਾਫੀ ਨਹੀਂ ਹਨ।[2] ਭਾਰਤ ਵਿਚ ਮੁਕਤੀ ਦੀ ਕਾਮਨਾ ਮੁਖ ਧੁਰਾ ਹੈ, ਜਿਸ ਨੇ ਕਿ ਭਾਰਤੀ ਦਰਸ਼ਨ ਅਤੇ ਧਰਮ ਨੂੰ ਇਕੱਠਿਆਂ ਰੱਖਿਆ ਅਤੇ ਜੋ ਫਿਲਾਸਫੀ ਬੰਜਰ ਨਹੀਂ ਹੋ ਗਈ ਜਾਂ ਧਰਮ ਅੰਨ੍ਹਾ ਨਹੀਂ ਹੋਇਆ ਤਾਂ ਇਨ੍ਹਾਂ ਦਾ ਪਰਸਪਰ ਪ੍ਰਭਾਵ ਹੈ। ਇਹ ਪ੍ਰਭਾਵ ਅਸੀਂ ਰਿਗਵੇਦ ਅਤੇ ਉਪਨਿਸ਼ਦਾਂ ਤੋਂ ਲੈ ਕੇ ਭਾਰਤੀ ਸਭਿਆਚਾਰ ਦੀਆਂ ਨਵੀਨ ਰਚਨਾਵਾਂ ਵਿਚ ਵੇਖ ਸਕਦੇ ਹਾਂ। ਉਦਾਹਰਣ ਵਜੋਂ ਅਦ੍ਵੈਤ ਜਾਂ ਰੱਬੀ ਏਕਤਾ ਜੋ ਦਰਸ਼ਨ ਦਾ ਵਿਸ਼ਾ ਹੈ, ਉਸ ਨੂੰ ਸਨਾਤਨ ਰਿਸ਼ੀਆਂ ਨੇ ਪ੍ਰਗਟਾਇਆ ਸੀ।[3]

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬੁੱਧ ਇਕ ਫਿਲਾਸਫਰ ਸੀ। ਉਹ ਇਕ ਬੁੱਧੀ ਜੀਵੀ ਸੀ, ਜਿਸ ਨੂੰ ਕਿ ਬੁਢਾਪੇ, ਮੁਸੀਬਤਾਂ ਅਤੇ ਦੁੱਖਾਂ ਦੀਆਂ ਸਮੱਸਿਆਵਾਂ ਦੀ ਚਿੰਤਾ ਸੀ। ਉਸਨੇ ਰੱਬ ਦੀ ਭਾਲ ਨਹੀਂ ਕੀਤੀ, ਸਗੋਂ ਉਸ ਸਮੇਂ ਪੂਜੇ ਜਾਂਦੇ ਦੇਵਤਿਆਂ ਵਲੋਂ ਉਸ ਨੇ ਮੂੰਹ ਮੋੜਿਆ। ਪਰਮਾਤਮਾ ਜਾਂ ਬ੍ਰਹਿਮੰਡ ਰਚਨਾ ਨੂੰ ਜਾਣਨ ਦੀ ਵੀ ਉਸ ਨੂੰ ਕੋਈ ਉਤਸੁਕਤਾ ਨਹੀਂ ਸੀ। ਜਦ ਉਸ ਨੂੰ ਆਤਮ ਗਿਆਨ ਹੋ ਗਿਆ ਅਤੇ ਉਸ ਨੂੰ ਆਪਣੀਆਂ ਚਿੰਤਾਵਾਂ ਦਾ ਹੱਲ ਲੱਭ ਪਿਆ। ਉਹ ਰੱਬੀ ਹੋਏ ਅਤੇ ਭਾਰਤ ਦੇ ਅਧਿਆਤਮਕ ਜੀਵਨ ਤੇ ਇਨਕਲਾਬੀ ਹੋ ਗਿਆ। ਉਸਦਾ ਅਸ਼ਟਕ

1. The Cultural Heritage of India, V.I, p.164.
2. ਫਿਲਾਸਫਰ ਤਾਂ ਬੁੱਧੀ ਦੀ ਵਲਗਣ ਵਿਚ ਰਹਿ ਜਾਂਦਾ ਹੈ, ਜਦ ਕਿ ਧਾਰਮਿਕ ਮਨੁੱਖ ਉਚੇਰਾ ਉਠ ਜਾਂਦਾ ਹੈ। ਭਾਈ ਵੀਰ ਸਿੰਘ ਦੀਆਂ ਇਹ ਪੰਕਤੀਆਂ ਉਲੇਖ ਯੋਗ ਹਨ:

    ਸੋਚ ਦੇ ਗਿਆਨੀ ਬੁੱਧੀ ਮੰਡਲੇ ਦੀ ਹੱਦ ਵਿਚ
    'ਵਲਵਲੇ ਦੇ ਦੇਸ਼ ਸਾਡੀਆਂ ਲਗ ਰਹੀਆਂ ਯਾਰੀਆਂ।
    (ਵਲਵਲਿਆਂ-ਖਿਆਲੀਆਂ ਦੇ ਹਾਰ)

3. The Cultural Heritage of India, V.I, pp.165-66.

ਮਾਰਗ ਰੋਸ਼ਨ ਜੀਵਨ ਦਿਤੀ ਹੈ, ਜਿਸ ਨਾਲ ਕਿ ਮੋਹ ਅਤੇ ਇੱਛਾਵਾਂ ਤੋਂ ਨਵਿਰਤ ਹੋ ਕੇ ਦੁੱਖਾਂ ਮੁਸੀਬਤਾਂ ਨੂੰ ਘਟਾਇਆ ਜਾ ਸਕਦਾ ਹੈ। ਇਹ ਇਕ ਮਾਨਵਵਾਦੀ ਦਰਸ਼ਨ ਸੀ, ਜਿਹੜਾ ਕਿ ਦਇਆ ਅਤੇ ਅਹਿੰਸਾ ਤੇ ਬਲ ਦਿੰਦਾ ਹੈ। ਪਰ ਉਨ੍ਹਾਂ ਦੀ ਮ੍ਰਿਤੂ ਤੋਂ ਲਗ ਭਗ ਦੋ ਸੌ ਸਾਲ ਬਾਅਦ ਉਸਦੇ ਉਪਾਸ਼ਕਾਂ ਨੇ ਉਸਦੀ ਸਿੱਖਿਆ ਨੂੰ ਪੂਰਨ ਧਰਮ ਵਿਚ ਬਦਲ ਦਿੱਤਾ ਅਤੇ ਬੁੱਧ ਨੂੰ ਪਰਮਾਤਮਾ ਦੀ ਥਾਂ ਦਿੱਤੀ।[1] ਕਈ ਵਿਦਵਾਨਾਂ ਨੇ ਬੁੱਧ ਮੱਤ ਨੂੰ ਵਿਸ਼ਲੇਸ਼ਣ ਅਤੇ ਤਰਕ ਦਾ ਧਰਮ ਕਿਹਾ ਹੈ।

ਗੁਰਬਾਣੀ ਵੀ ਕੋਈ ਦਰਸ਼ਨ ਤਾਂ ਨਹੀਂ ਪਰ ਇਹ ਇਕ ਅਜਿਹਾ ਧਰਮ ਹੈ ਜਿਹੜਾ ਗਿਆਨ ਨੂੰ, ਵਿਵੇਕ ਨੂੰ ਟੀਚੇ ਤੇ ਪਹੁੰਚਣ ਲਈ ਮਾਰਗ ਲਈ ਲੋੜੀਂਦਾ ਸਮਝਦਾ ਹੈ। ਗਿਆਨ ਭਾਵੇਂ ਮੁਖ ਸਾਧਨ ਨਹੀਂ, ਪਰ ਸਹਾਇਤਾ ਲਈ ਇਹ ਜ਼ਰੂਰੀ ਹੈ।[2] ਮਨ ਨੂੰ ਸਹੀ ਰਾਹ ਵਿਖਾਉਣ ਲਈ ਅਵੱਸ਼ਕ ਹੈ ਅਤੇ ਅਜਿਹਾ ਗਿਆਨ ਸੱਚੇ ਗੁਰੂ ਰਾਹੀਂ ਹੀ ਪ੍ਰਾਪਤ ਹੁੰਦਾ ਹੈ।[3] ਸੱਚ ਝੂਠ ਜਾਂ ਚੰਗੇ ਮੰਦੇ ਦਾ ਨਿਤਾਰਾ ਕਰਨ ਲਈ ਜ਼ਰੂਰੀ ਹੈ, ਜਿਸਦੀ ਕਿ ਸਿੱਖ ਮੰਗ ਕਰਦਾ ਹੈ।[4] ਗੁਰੂ ਨਾਨਕ ਨੇ ਆਪਣੀ ਬਾਣੀ, ਵਿਸ਼ੇਸ਼ ਕਰਕੇ ਜਪੁਜੀ ਅਤੇ ਆਸਾ ਦੀ ਵਾਰ ਵਿਚ ਅੰਧ ਵਿਸ਼ਵਾਸ ਵਿਰੁੱਧ ਵਿਚਾਰ ਦਿੱਤੇ ਹਨ। ਪਰ ਉਹ ਬ੍ਰਹਮ ਜੀਵ ਅਤੇ ਜਗਤ ਆਦਿ ਦੇ ਨਿਰਣਿਆਂ ਲਈ ਬੌਧਿਕ ਕਸਰਤ ਜਾਂ ਕਿਆਸ ਆਦਿ ਵਿਚ ਨਹੀਂ ਪਏ। ਸਰਦਾਰ ਸਿੰਘ ਕਵੀਸ਼ਰ ਨੇ ਇਹ ਠੀਕ ਹੀ ਲਿਖਿਆ ਹੈ ਕਿ 'ਅਧਿਆਤਮਕ ਸਵਾਲਾਂ ਬਾਰੇ ਇਹ ਕਹਿਣਾ ਕਿ 'ਅਸੀਂ ਨਹੀਂ ਜਾਣਦੇ' ਸੁਗਿਆਨ ਸਾਡੀ ਖੋਜ ਜਿਗਿਆਸੂਆਂ ਨੂੰ ਭਾਵੇਂ ਸੰਤੁਸ਼ਟ ਨਾ ਕਰ ਸਕੇ, ਪਰ ਇਸ ਦੀ ਸਿਫ਼ਤ ਇਹ ਹੈ ਕਿ ਮੂਲੋਂ ਅਧੋ ਤੇ ਅਸਤਿ ਕਲਪਨਾ ਦਸ ਕੇ ਸਾਨੂੰ ਰਾਹੋਂ ਕੁਰਾਹੇ ਤਾਂ ਨਹੀਂ ਪਾਇਆ। ਸਿੱਖ ਧਰਮ ਨੂੰ ਇਹ ਨਾਜ਼ ਨਹੀਂ ਕਿ ਇਸ ਨੇ ਉਨ੍ਹਾਂ ਜਟੀਲੀ ਪਰ ਅਕੀਮੀ ਬੁਝਾਰਤਾਂ, ਸਮੱਸਿਆਵਾਂ ਦਾ ਹੱਲ ਪੇਸ਼ ਕੀਤਾ ਜੋ ਮਨੁੱਖੀ ਅਕਲ ਛੇੜਦੀ ਹੈ। ਸਿੱਖੀ ਧਰਮ ਦੀ ਸਿਫ਼ਤ ਇਹੋ ਹੀ ਹੈ ਕਿ ਇਸ ਨੇ ਸਭ ਤੋਂ ਵੱਡੇ ਸਵਾਲ ਨੂੰ ਹੱਲ ਕੀਤਾ ਕਿ ਸਾਨੂੰ ਕਿਵੇਂ ਪਰਮਾਤਮਾ ਦੀ ਪ੍ਰਾਪਤੀ ਹੋਵੇ? ਕਿਵੇਂ ਮਨੁੱਖ ਆਤਮਿਕ ਤੇ ਪਦਾਰਥਕ ਸੰਸਾਰ ਵਿਚ ਸਚਿਆਰ ਦੀ ਪ੍ਰਾਪਤੀ ਕਰੇ? ਅਤੇ ਉਨ੍ਹਾਂ ਇਸ ਗੱਲ ਦਾ ਜਵਾਬ ਪੰਨਿਆਂ ਤੇ ਵਿਸਤਾਰ ਪੂਰਬਕ ਦਿੱਤਾ ਹੈ।[5]

---

1. Balwant Singh Anand, Guru Nanak and Indian Religious Thought, p. 185.
2. ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ। (ਗਉੜੀ ਕਬੀਰ) 340
3. ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।
   ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ। (ਵਾਰ ਆਸਾ ਮ:1) 469.
4. ਹਰਿ ਹਰਿ ਮਾਗਉ ਸੁਆਮੀ ਕੇ ਦੁਆਰੈ ਦੀਜੈ ਬੁਧਿ ਬਿਬੇਕਾ। (ਸੋਰਠਿ ਮ:5) 641.
5. ਸਿੱਖ ਧਰਮ ਦਰਸ਼ਨ, ਪੰਨਾ 184.

ਗੁਰੂ ਨਾਨਕ ਨੇ 'ਸੱਚ' ਦੀ ਭਾਲ ਲਈ ਦਾਰਸ਼ਨਿਕ ਵਿਧੀ ਨਹੀਂ ਦੱਸੀ ਸਗੋਂ ਭਗਤੀ ਨੂੰ ਪ੍ਰਮੁੱਖ ਵਿਧੀ ਕਿਹਾ ਹੈ। 'ਸਚਾਈਆਂ' ਦੀ ਸਚਾਈ ਪਿਆਰ ਹੈ। ਜੇ ਤੁਸੀਂ ਰੱਬ ਨੂੰ ਪਿਆਰ ਕਰੋਗੇ ਤਾਂ ਉਸਦਾ ਅਤੇ ਉਸਦੀ ਰਚਨਾ ਦਾ ਰਹੱਸ ਤੁਹਾਨੂੰ ਪ੍ਰਤੱਖ ਹੋਵੇਗਾ।'[1] ਡਾ: ਮਨਮੋਹਨ ਸਹਿਗਲ ਅਨੁਸਾਰ ਗੁਰਬਾਣੀ ਵਿਚ ਤਰਕ ਜਾਂ ਵਿਸ਼ਲੇਸ਼ਣ ਦੀ ਥਾਂ ਵਿਸ਼ਵਾਸ ਅਤੇ ਪ੍ਰੇਮ ਨੂੰ ਉੱਚ ਸਥਾਨ ਪ੍ਰਾਪਤ ਹੈ। ਇਸ ਲਈ ਗੁਰਬਾਣੀ ਨੂੰ ਦਾਰਸ਼ਨਿਕ ਅਭਿਐਨ ਨਾ ਕਹਿ ਕੇ ਧਾਰਮਿਕ ਅਭਿਐਨ ਕਹਿਣਾ ਉਪਯੁਕਤ ਤਥਾ ਨੀਤਿ ਸੰਗਤ ਹੋਵੇਗਾ।[2]

## ਹਿੰਦੂ ਵਿਚਾਰਧਾਰਾ

ਵਿਚਾਰਧਾਰਾ ਸਭਿਆਚਾਰ ਦਾ ਮੁਖ ਅੰਗ ਹੁੰਦਾ ਹੈ। ਵਿਚਾਰਧਾਰਾ ਹੀ ਲੋਕ ਜੀਵਨ ਨੂੰ ਨੁਹਾਰ ਦਿੰਦੀ ਹੈ। ਗੁਰੂ ਨਾਨਕ ਬਾਣੀ ਵਿਚ ਲਗਭਗ ਸਾਰੀ ਹਿੰਦੂ ਵਿਚਾਰਧਾਰਾ ਦਾ ਕਿਸੇ ਨਾ ਕਿਸੇ ਰੂਪ ਵਿਚ ਚਿਤ੍ਰਨ ਮਿਲਦਾ ਹੈ। ਗੁਰੂ ਨਾਨਕ ਨੇ ਕਈ ਪੱਖਾਂ ਨਾਲ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ ਅਤੇ ਕਈਆਂ ਬਾਰੇ ਆਪਣੇ ਵੱਖਰੇ ਵਿਚਾਰ ਵੀ ਦਿੱਤੇ ਹਨ। ਮੁਖ ਵਿਚਾਰ ਨਿਮਨਲਿਖਤ ਹਨ:

### ਮੂਰਤੀ ਅਤੇ ਦੇਵ ਪੂਜਾ

ਪੂਰਵ ਅਤੇ ਵੈਦਿਕ ਕਾਲ ਵਿਚ ਕੁਦਰਤ ਦੀਆਂ ਵੱਖ ਵੱਖ ਸ਼ਕਤੀਆਂ ਦੀ ਪੂਜਾ ਕੀਤੀ ਜਾਂਦੀ ਸੀ, ਜਿਸ ਤੋਂ ਕਿ ਮਨੁੱਖ ਨੂੰ ਸੁਖ ਮਿਲਦਾ ਸੀ ਜਾਂ ਡਰਦਾ ਸੀ, ਪੌਣ, ਪਾਣੀ, ਅਗਨੀ, ਬਿਜਲੀ, ਚੰਦ, ਸੂਰਜ ਅਤੇ ਧਰਤੀ ਆਦਿ ਨੂੰ ਵੱਖ ਵੱਖ ਸ਼ਕਤੀਆਂ ਮੰਨ ਕੇ ਪੂਜਾ ਕੀਤੀ ਜਾਂਦੀ ਸੀ। ਰਿਗ ਵੇਦ ਵਿਚ ਅਗਨੀ ਇੰਦਰ ਅਤੇ ਸੂਰਜ ਤਿੰਨ ਮੁਖ ਦੇਵਤੇ ਮੰਨੇ ਗਏ ਹਨ। ਮੂਰਤੀ ਪੂਜਾ ਦੀ ਇਸ ਅਨੇਕਤਾ ਦਾ ਵਰਣਨ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕੀਤਾ ਹੈ:

> ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
> ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।
> ਫੋਕਟਿ ਧਰਮੀ ਭਰਮਿ ਭੁਲਾਵੈ। (ਵਾਰ 1/19)

ਗੁਰੂ ਨਾਨਕ ਨੇ, ਜਿਵੇਂ ਭਾਈ ਗੁਰਦਾਸ ਦੀ ਉਕਤ ਪੰਕਤੀ ਵਿਚ ਕਥਨ ਹੈ, ਮੂਰਤੀ ਪੂਜਾ ਨੂੰ ਅਕਾਰਥ ਕਰਮ ਕਿਹਾ ਹੈ। ਗੁਰੂ ਨਾਨਕ ਨੇ ਸਾਰੀਆਂ ਪ੍ਰਕ੍ਰਿਤਕ ਸ਼ਕਤੀਆਂ ਦਾ ਮਾਲਕ ਪਰਮਾਤਮਾ ਨੂੰ ਹੀ ਆਖਿਆ ਹੈ। ਜੇ ਕਿਸੇ ਵਿਸ਼ਵਾਸ ਅਨੁਸਾਰ ਇਨ੍ਹਾਂ ਸ਼ਕਤੀਆਂ ਦੀ ਹੋਂਦ ਮੰਨ ਵੀ ਲਈ ਜਾਵੇ ਤਾਂ ਗੁਰੂ ਨਾਨਕ ਦੇ ਵਿਚਾਰ ਅਨੁਸਾਰ ਉਹ ਪਰਮ-ਪੁਰਖ ਪਰਮਾਤਮਾ ਦੇ ਅਧੀਨ ਹਨ।

---

1. T.L.Vaswani, Guru Nanak: Glory of India, p.29.
2. ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 227.

ਪ੍ਰਭੂ ਦੇ ਅਦੁੱਤੀ ਦਰਬਾਰ ਵਿਚ ਇਹੋ ਜਿਹੀਆਂ ਪ੍ਰਕ੍ਰਿਤਕ ਸ਼ਕਤੀਆਂ ਝੂਮਦੀ ਝੂਮਰ ਗਾ ਰਹੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਵਿਚ ਇਸਦਾ ਚਿਤ੍ਰਨ ਇਸ ਤਰ੍ਹਾਂ ਕੀਤਾ ਹੈ:

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰ। ਗਾਵੈ ਰਾਜਾ ਧਰਮੁ ਦੁਆਰੇ।
(ਪਉੜੀ 27)

ਮਨੁੱਖ ਜਦੋਂ ਧਰਮ ਖੰਡ ਤੋਂ ਗਿਆਨ ਖੰਡ ਦੀ ਅਵਸਥਾ ਤੇ ਪੁੱਜਦਾ ਹੈ ਤਾਂ ਇਸ ਅਸਲੀਅਤ ਦਾ ਅਨੁਭਵ ਕਰਦਾ ਹੈ ਕਿ ਪ੍ਰਭੂ ਦੇ ਸਾਜੇ ਹੋਏ ਕਈ ਖੰਡ, ਮੰਡਲ ਅਤੇ ਬ੍ਰਹਿਮੰਡ ਹਨ, ਜਿਵੇਂ ਕਿ ਇਹੋ ਜਿਹੀਆਂ ਪ੍ਰਕ੍ਰਿਤਕ ਸ਼ਕਤੀਆਂ ਵੀ ਕਈ ਹਨ:

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ੍ਹ ਮਹੇਸ।
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।
ਕੇਤੀਆਂ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ। (35)

ਇਹ ਸ਼ਕਤੀਆਂ ਪ੍ਰਭੂ ਦੀ ਆਗਿਆ ਵਿਚ ਆਪਣਾ ਆਪਣਾ ਸੌਂਪਿਆ ਕੰਮ ਨਿਭਾ ਰਹੀਆਂ ਹਨ:

ਭੈ ਵਿਚਿ ਪਵਣੁ ਵਹੈ ਸਦਵਾਉ। ਭੈ ਵਿਚਿ ਚਲਹਿ ਲਖ ਦਰੀਆਉ।
ਭੈ ਵਿਚਿ ਅਗਨਿ ਕਢੈ ਵੇਗਾਰਿ। ਭੈ ਵਿਚਿ ਧਰਤੀ ਦਬੀ ਭਾਰਿ।

...

ਭੈ ਵਿਚਿ ਸੂਰਜ ਭੈ ਵਿਚਿ ਚੰਦੁ। ਕੋਹ ਕਰੋੜੀ ਚਲਤ ਨ ਅੰਤੁ।
(ਵਾਰ ਆਸਾ)464

ਇਸ ਕਥਨ ਪਿਛੇ ਮੂਲ ਭਾਵਨਾ ਸ਼ਕਤੀਆਂ ਦੀ ਆਰਾਧਨਾ ਕਰਨ ਦੀ ਥਾਂ ਸ਼ਕਤੀ-ਸ੍ਰੋਤ(ਪਰਮਾਤਮਾ) ਨਾਲ ਲਿਵ ਜੋੜਨਾ ਹੈ।

ਇਨ੍ਹਾਂ ਅਤੇ ਹੋਰ ਸ਼ਕਤੀਆਂ ਦੀ ਦੇਵ ਰੂਪ ਵਿਚ ਪੂਜਾ ਵੈਦਿਕ ਕਾਲ ਤੋਂ ਖੂਬ ਤੌਰ ਪ੍ਰਚਲਤ ਹੈ। ਹਰ ਇਕ ਨੇ ਆਪਣੀ ਕਲਪਨਾ ਅਤੇ ਇੱਛਾ ਅਨੁਸਾਰ ਦੇਵਾਂ ਦੀ ਕਲਪਨਾ ਕਰ ਲਈ। ਪਹਿਲਾਂ ਤੇਤੀ ਦੇਵਤੇ ਮੰਨੇ ਗਏ ਸਨ। ਨਿਰੁਕਤਕਾਰ ਯਾਸਕ ਨੇ ਗਿਆਰਾਂ ਆਕਾਸ਼ ਵਿਚ, ਗਿਆਰਾਂ ਵਾਯੂ ਵਿਚ ਤੇ ਗਿਆਰਾਂ ਦੇਵਤੇ ਧਰਤੀ ਤੇ ਰਹਿੰਦੇ ਦੱਸੇ ਹਨ।[1] ਕਈ ਗ੍ਰੰਥਾਂ ਵਿਚ ਤੇਤੀਸ ਕੋਟਿ ਦੇਵਤੇ ਗਿਣੇ ਹਨ। ਇਥੇ ਤੇਤੀਸ ਤੋਂ ਭਾਵ ਤੇਤੀ ਕਿਸਮ ਦੇ ਦੇਵਤੇ ਹਨ, ਪਿਛੋਂ ਜਾ ਕੇ ਕੋਟਿ ਦੀ ਥਾਂ ਕ੍ਰੋੜ ਸ਼ਬਦ ਪ੍ਰਚਲਤ ਹੋ ਗਿਆ ਅਤੇ ਦੇਵਤਿਆਂ ਤੋਂ ਇਲਾਵਾ ਦੇਵੀਆਂ ਦੀ ਵੀ ਕਲਪਨਾ ਕੀਤੀ ਗਈ ਹੈ। ਹਿੰਦੂ ਮਨੌਤ ਅਨੁਸਾਰ ਅਮਰਾਪੁਰੀ ਵਿਚ ਵਸਣ ਵਾਲੇ ਦੇਵਤਿਆਂ ਦੀਆਂ

1. ਕੁਝ ਅਜਿਹੇ ਦੇਵ ਹਨ, ਜਿਹੜੇ ਇਨ੍ਹਾਂ ਸ਼੍ਰੇਣੀਆਂ ਵਿਚ ਨਹੀਂ ਆਉਂਦੇ। ਉਹ ਹਨ: ਪਰਜਾਪਤੀ, ਤਵਸ਼ਤਰੀ, ਦਿਤੀ, ਅਦਿੱਤੀ, ਵਿਸ਼ਵਕਰਮਾ, ਗੰਧਰਵ, ਅਪਸਰਾ, ਰੁਖ, ਬੂਟਿਆਂ ਅਤੇ ਪਹਾੜਾਂ ਆਦਿ ਦੀਆਂ ਰੂਹਾਂ

ਸੁਪਤਨੀਆਂ ਦੇਵੀਆਂ ਕਹੀਆਂ ਜਾਂਦੀਆਂ ਹਨ, ਜਿਵੇਂ ਇੰਦਰ ਦੀ ਘਰ ਵਾਲੀ ਸੁੱਚੀ, ਵਿਸ਼ਨੂੰ ਦੀ ਲੱਛਮੀ, ਬ੍ਰਹਮਾ ਦੀ ਸਵਿਤਰੀ ਤੇ ਸ਼ਿਵ ਦੀ ਪਾਰਬਤੀ। ਅੱਗੋਂ ਪਾਰਬਤੀ ਦਾ ਅਵਤਾਰ ਲੈਣ ਵਾਲੀਆਂ ਕਈ ਦੇਵੀਆਂ ਹਨ, ਜਿਵੇਂ ਭਵਾਨੀ, ਦੁਰਗਾ, ਕਾਮਾਖਿਆ, ਚੰਡੀ, ਕਾਲੀ, ਭੈਰਵੀ, ਤਾਰਾ ਦੇਵੀ ਅਤੇ ਜੁਆਲਾਮੁਖੀ ਆਦਿ। ਹਰ ਦੇਵੀ ਕਿਸੇ ਨਾ ਕਿਸੇ ਦੈਵੀ ਸ਼ਕਤੀ ਦੀ ਸੂਚਕ ਹੈ, ਜਿਸਦੀ ਆਰਾਧਨਾ ਕਲਿਆਣਕਾਰੀ ਮੰਨੀ ਗਈ ਹੈ। ਸ਼ਿਵ ਪੂਜਾ ਪਰਚਲਨ ਘੱਟ ਕਰਕੇ ਪਾਰਬਤੀ ਦੀ ਮਾਨਤਾ ਵੀ ਅਧਿਕ ਹੁੰਦੀ ਰਹੀ ਹੈ। ਤੇ ਅਧੀਨ ਕਈ ਕਮਜ਼ੋਰ-ਦਿਲ ਕਰਤਾਨੂ ਚੇਚਕ ਆਦਿ ਬੀਮਾਰੀਆਂ ਨੂੰ ਵੀ 'ਸੀਤਲਾ ਦੇਵੀ' ਦੀ ਕ੍ਰੋਪੀ ਕਹਿ ਕੇ ਪੂਜਦੇ ਰਹੇ ਹਨ।[1]

ਹਿੰਦੂ ਸੰਸਕਾਰਾਂ ਵਿਚ ਉਪਾਸ਼ਕ ਆਪਣੀ ਰੁਚੀ ਅਨੁਸਾਰ ਦੇਵਤਾ ਦੀ ਚੋਣ ਵਿਚ ਸੁਤੰਤਰ ਹੈ। ਸ਼ਾਸਤਰਾਂ ਅਨੁਸਾਰ ਕਾਰਜ ਅਤੇ ਉਦੇਸ਼ ਦੇ ਅਨੁਸਾਰ ਵੀ ਦੇਵ-ਵਿਸ਼ੇਸ਼ ਦੀ ਉਪਾਸ਼ਨਾ ਕੀਤੀ ਜਾ ਸਕਦੀ ਹੈ। ਪੌਰਾਣਿਕ ਦੇਵ-ਪਰਵਾਰ ਦਾ ਉਦਭਵ ਤ੍ਰਿਦੇਵ ਤੋਂ ਮੰਨਿਆ ਜਾਂਦਾ ਹੈ। ਇਸ ਵਿਚ ਬ੍ਰਹਮਾ ਪ੍ਰਥਮ ਹੈ, ਜਿਸ ਨੂੰ ਸਭ ਦਾ ਰਚਣਹਾਰਾ ਮੰਨਿਆ ਗਿਆ ਹੈ, ਵਿਸ਼ਨੂੰ ਸਭ ਦਾ ਪਾਲਕ ਹੈ ਅਤੇ ਮਹੇਸ਼ ਜਾਂ ਸ਼ਿਵ ਸਭ ਦਾ ਸੰਘਾਰ ਕਰਨ ਵਾਲਾ।

ਗੁਰੂ ਨਾਨਕ ਦੇਵ ਜੀ ਦੀ ਬਾਣੀ[2] ਵਿਚ ਹਿੰਦੂ-ਦੇਵਤਾ ਦਾ ਵਰਣਨ ਤਾਂ ਕੀਤਾ ਗਿਆ ਹੈ ਪਰ ਜਾਂ ਤਾਂ ਇਨ੍ਹਾਂ ਦੀ ਹੋਂਦ ਮੰਨੀ ਨਹੀਂ ਅਤੇ ਜਾਂ ਇਨ੍ਹਾਂ ਨੂੰ ਪਰਮਾਤਮਾ ਦੇ ਅਧੀਨ ਮੰਨਿਆ ਹੈ। ਤੇਤੀ ਕਰੋੜ ਦੇਵਤਿਆਂ ਦਾ ਸੰਕੇਤ ਆਪ ਨੇ ਕੀਤਾ ਹੈ:

ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ।
(ਗੂਜਰੀ ਅਸ਼ਟਪਦੀਆਂ)504

ਇਹ ਕਿਸੇ ਤਰ੍ਹਾਂ ਵੀ ਸ੍ਵੈ-ਸਮਰਥ ਨਹੀਂ, ਸਗੋਂ ਇਨ੍ਹਾਂ ਦੀ ਪਹੁੰਚ ਸਰਬ ਸ੍ਰਿਸ਼ਟੀ ਦੇ ਰਚਨਹਾਰੇ ਤਕ ਵੀ ਨਹੀਂ। ਇਨ੍ਹਾਂ ਦੇ ਅਤੇ ਪਰਮਾਤਮਾ ਦੇ ਵਿਚਕਾਰ ਮਾਇਆ ਦਾ ਪਰਦਾ ਤਣਿਆ ਰਹਿੰਦਾ ਹੈ। ਗੁਰੂ ਨਾਨਕ ਦਾ ਵਿਚਾਰ ਹੈ:

ਮਾਇਆ ਮੋਹੇ ਦੇਵੀ ਸਭਿ ਦੇਵਾ। ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ।
(ਗਉੜੀ)227

ਇਹ ਉਸਨੂੰ ਵੇਖ ਵੀ ਨਹੀਂ ਸਕਦੇ। ਜਪੁਜੀ ਵਿਚ ਗੁਰੂ ਨਾਨਕ ਦੇਵ ਜੀ ਲਿਖਦੇ ਹਨ:

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।(ਪਉੜੀ 30)

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 207.
2. ਬ੍ਰਹਮਾ ਬਿਸਨੁ ਮਹੇਸੁ ਨ ਕੋਈ। ਅਵਰੁ ਨ ਦੀਸੈ ਏਕੋ ਸੋਈ।(ਮਾਰੂ ਮ:1)1035.

ਇਹ ਸਾਰੇ ਹੀ ਦੇਵ ਪਰਮਾਤਮਾ ਦੇ ਵਿਸ਼ਾਲ ਦਰਬਾਰ ਵਿਚ ਉਸਦੀ ਉਸਤਤ ਗਾ ਰਹੇ ਹਨ:

ਗਾਵਨਿ ਈਸਰ ਬਰਮਾ ਦੇਵੀ ਸੋਹਨਿ ਸਦਾ ਸਵਾਰੇ।
ਗਾਵਨਿ ਇੰਦ ਇਦਾਸਣਿ ਬੈਠੇ ਦੇਵਤਿਆ ਦਰ ਨਾਲੇ।
(ਜਪੁ - 27)

ਪਰਮਾਤਮਾ ਦਾ ਨਾਮ ਸੁਣਨ ਵਾਲਿਆਂ ਨੂੰ ਹਿੰਦੂ ਦੇਵਾਂ ਦੀ ਪਦਵੀ ਸਹਿਜੇ ਹੀ ਪ੍ਰਾਪਤ ਹੋ ਸਕਦੀ ਹੈ:

ਸੁਣਿਐ ਈਸਰੁ ਬਰਮਾ ਇੰਦੁ। (ਜਪੁ ਜੀ)

ਵਾਸਤਵ ਵਿਚ ਇਹ ਤਿੰਨੇ ਹੀ ਇਕ ਪਰਮਾਤਮਾ ਦੇ ਰੂਪ ਹਨ। ਉਹ ਆਪ ਹੀ ਰਚਨਹਾਰਾ-ਬ੍ਰਹਮਾ ਹੈ, ਆਪ ਹੀ ਪਾਲਣਹਾਰਾ ਵਿਸ਼ਨੂੰ ਅਤੇ ਆਪ ਹੀ ਨਾਸ਼ ਕਰਨ ਵਾਲਾ ਸ਼ਿਵ ਹੈ।[1] ਮੈਤਰੀ ਉਪਨਿਸ਼ਦ(501) ਦੇ ਆਰੰਭ ਵਿਚ ਇਹ ਮੰਗਲਾਚਰਨ ਹੈ:

ਤੂੰ ਹੀ ਬ੍ਰਹਮਾ ਹੈ, ਤੂੰ ਹੀ ਵਿਸ਼ਨੂੰ ਹੈ,
ਤੂੰ ਹੀ ਰੁਦਰ(ਸ਼ਿਵ) ਹੈ।

ਗੁਰੂ ਨਾਨਕ ਨੇ ਵੀ ਇਹ ਰੂਪ ਆਪਣੇ ਵਾਹਿਗੁਰੂ ਵਿਚ ਵਿਦਮਾਨ ਵੇਖੇ ਹਨ:

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।
(ਜਪੁ ਜੀ)

ਹਿੰਦੂ ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਬਣਾ ਕੇ ਪੂਜਿਆ ਜਾਂਦਾ ਹੈ। ਇਨ੍ਹਾਂ ਦੀ ਪੂਜਾ ਬਾਰੇ ਗੁਰੂ ਨਾਨਕ ਬਾਣੀ ਵਿਚ ਇਸ ਤਰ੍ਹਾਂ ਉਲੇਖ ਹੈ:

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ।
(ਸੋਰਠਿ)637

ਦੇਵ ਦੇਵੀਆਂ ਦੀਆਂ ਮੂਰਤੀਆਂ ਨੂੰ ਮਨੁੱਖੀ ਰੂਪ ਦਿੱਤਾ ਜਾਂਦਾ ਹੈ। ਚਿਹਰਾ ਅਤੇ ਅੰਗ ਮਨੁੱਖ ਵਾਂਗ ਹੀ ਘੜੇ ਜਾਂਦੇ ਹਨ। ਵੇਦਾਂ ਦੇ ਕੁਝ ਮੰਤਰਾਂ ਵਿਚ ਦੇਵਾਂ ਨੂੰ ਨਾਸ਼ਮਾਨ ਕਿਹਾ ਗਿਆ ਹੈ। ਬਾਅਦ ਵਿਚ ਜਦ ਇਨ੍ਹਾਂ ਨੇ ਸੋਮਰਸ ਪੀਤਾ ਤਾਂ ਅਬਿਨਾਸ਼ੀ ਬਣੇ।[2] ਗੁਰਬਾਣੀ ਵਿਚ ਵੀ

---

1. The three Brahma, Vishnu and Siva are not to be conceived as independent persons, they are the three-fold manifestation of the one Supreme (Radha Krishnan, The Principal Upanishads, p.815).

2. Harbans Singh, An Introduction to Indian Religion, p.30.

ਦੇਵਾਂ ਨੂੰ ਕਾਲ ਅਧੀਨ ਕਿਹਾ ਗਿਆ ਹੈ। ਗੁਰੂ ਨਾਨਕ ਜੀ ਕਹਿੰਦੇ ਹਨ:

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ। (ਗਉੜੀ)227

ਇਹ ਦੇਵ ਵੀ ਮਨੁੱਖਾਂ ਵਾਂਗ ਵਿਕਾਰਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਦੰਡ ਭੁਗਤਦੇ ਹਨ। ਉਦਾਹਰਣ ਵਜੋਂ ਬ੍ਰਹਮਾ ਬਾਰੇ ਲਿਖਿਆ ਹੈ:

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ। ਬੇਦ ਕੀ ਬਿਪਤਿ ਪੜੀ ਪਛੁਤਾਨਿਆ।
(ਗਉੜੀ ਮ:1)224.

ਜਿਹੜੀ ਵਸਤੂ ਰਚੀ ਜਾਂਦੀ ਹੈ ਉਹ ਬਿਨਸਦੀ ਵੀ ਜ਼ਰੂਰ ਹੈ।[1] ਪ੍ਰਕ੍ਰਿਤਕ ਸ਼ਕਤੀਆਂ ਅਤੇ ਦੇਵਾਂ ਦੀ ਵੀ ਰਚਨਾ ਹੋਈ ਹੈ:

ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ।
(ਗੂਜਰੀ ਮ:1)504.

<u>ਅਵਤਾਰਵਾਦ</u>

ਪੁਰਾਣਿਕ ਮਨੌਤ ਅਨੁਸਾਰ ਕਿਸੇ ਦੇਵ ਆਤਮਾ ਦਾ ਸਰੀਰ ਧਾਰ ਕੇ ਪ੍ਰਗਟ ਹੋਣਾ ਜਾਂ ਬੈਕੁੰਠ ਤੋਂ ਧਰਤੀ ਤੇ ਉਤਰਨਾ ਅਵਤਾਰ ਕਹਾਉਂਦਾ ਹੈ।[2] ਹਿੰਦੂ ਮੱਤ ਵਿਚ ਅਵਤਾਰਵਾਦ ਤੇ ਵਿਸ਼ਵਾਸ ਹੈ। ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ, ਜਾਂ ਅਧਰਮ ਵਧਦਾ ਹੈ ਤਾਂ ਵਿਸ਼ਨੂੰ ਮਨੁੱਖਾਕਾਰ ਵਿਚ ਅਵਤਰਣ ਹੁੰਦਾ ਹੈ। ਕ੍ਰਿਸ਼ਨ ਜੀ ਵੀ ਵਿਸ਼ਨੂੰ ਦੇ ਅਵਤਾਰ ਸਨ। ਉਕਤ ਵਿਚਾਰ ਨੂੰ ਉਹ ਗੀਤਾ ਦੇ ਦੋ ਸਲੋਕ(4.7-8)ਵਿਚ ਦ੍ਰਿੜ੍ਹ ਕਰਾਉਂਦੇ ਹਨ। ਵਿਸ਼ਨੂੰ ਦੇ ਚੌਵੀ ਅਵਤਾਰ ਮੰਨੇ ਗਏ ਹਨ: ਮੱਛ, ਕੱਛ, ਬਰਾਹ, ਮੋਹਨੀ, ਨਰਸਿੰਘ, ਪਰਸਰਾਮ, ਰਾਮਚੰਦ੍ਰ, ਕ੍ਰਿਸ਼ਨ, ਬਲਰਾਮ, ਵਾਮਨ, ਬੁੱਧ, ਨਾਰਦ, ਰਿਸ਼ਭ, ਕਪਿਲ, ਵਿਆਸ, ਹੰਸ, ਪ੍ਰਿਥੂ, ਦਤਾਤ੍ਰੇ, ਨਰ, ਨਾਰਾਇਣ, ਹਯਗ੍ਰੀਵ, ਦੇਵੇਸਰ ਮਨੂ, ਧਨੰਤਰ, ਕਲਕੀ। ਇਨ੍ਹਾਂ ਵਿਚੋਂ ਪ੍ਰਮੁੱਖ ਦਸ ਹਨ, ਜਿਨ੍ਹਾਂ ਦਾ ਗ੍ਰੰਥਾਂ ਵਿਚ ਅਕਸਰ ਜ਼ਿਕਰ ਆਉਂਦਾ ਹੈ। ਗੁਰੂ ਨਾਨਕ ਸਾਹਿਬ ਦਾ ਅਵਤਾਰਵਾਦ ਤੇ ਵਿਸ਼ਵਾਸ ਨਹੀਂ ਪਰ ਹਿੰਦੂ ਨਿਸਚੇ ਵਾਲੇ ਇਨ੍ਹਾਂ ਦਸ ਅਵਤਾਰਾਂ ਦਾ ਸੰਕੇਤ ਉਨ੍ਹਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ। ਇਹ ਅਵਤਾਰ ਪ੍ਰਭੂ ਦੀ ਆਗਿਆ ਅਨੁਸਾਰ ਹੋਂਦ ਵਿਚ ਆਏ ਹਨ:

ਹੁਕਮਿ ਉਪਾਏ ਦਸ ਅਵਤਾਰਾ। ਦੇਵ ਦਾਨਵ ਅਗਣਤ ਅਪਾਰਾ।
(ਮਾਰੂ)1037

ਗੁਰੂ ਨਾਨਕ ਬਾਣੀ ਅਨੁਸਾਰ ਇਹ ਦੇਵ ਜਾਂ ਅਵਤਾਰ ਸੰਸਾਰ ਦੇ ਦੁੱਖਾਂ ਤੋਂ ਮੁਕਤ ਨਹੀਂ ਹਨ। ਇੰਦਰ ਨੂੰ ਗੋਤਮ ਰਿਖੀ ਦੇ ਸਰਾਪ ਕਰਕੇ ਦੁਖ ਭੋਗਿਆ ਅਤੇ ਰਾਮ ਚੰਦਰ ਜੀ ਨੂੰ ਦੇਸ਼ ਨਿਕਾਲੇ ਦਾ ਦੁਖ ਲੱਗਾ:

---

1. ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥ (ਸਲੋਕ ਮ:9)1428.
2. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 44.

ਸਹੰਸਰਦਾਨੁ ਦੇ ਇੰਦ੍ਰ ਰੋਆਇਆ। ਪਰਸਰਾਮੁ ਰੋਵੈ ਘਰਿ ਆਇਆ।

---

ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ।
(ਰਾਮਕਲੀ ਕੀ ਵਾਰ)952.

ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ।
ਹਣਵੰਤਰ ਆਰਾਧਿਆ ਆਇਆ ਕਰਿ ਸੰਜੋਗੁ।
(ਸਲੋਕ)1412

ਅਵਤਾਰਾਂ ਵਿਚੋਂ ਕ੍ਰਿਸ਼ਨ ਜੀ ਨੂੰ ਸੋਲਾਂ ਕਲਾਂ ਸੰਪੂਰਨ ਕਿਹਾ ਹੈ। ਗੁਰੂ ਨਾਨਕ ਅਨੁਸਾਰ ਸਰਬਤ ਦਾ ਕਰਤਾ ਪਰਮਾਤਮਾ ਸਾਰੀਆਂ ਕਲਾਂ ਦਾ ਹੀ ਮਾਲਕ ਹੈ:

ਸਬਦੁ ਬੁਝਾਏ ਸਤਿਗੁਰੁ ਪੂਰਾ। ਸਰਬ ਕਲਾ ਸਾਚੇ ਭਰਪੂਰਾ।
(ਮਾਰੂ)1021.

## ਏਕਦੇਵਵਾਦ (Henotheism), ਇਕੀਸ਼ਵਰਵਾਦ

ਵੱਖ ਵੱਖ ਦੇਵਤਿਆਂ ਦੀ ਹੋਂਦ ਦੇ ਵਿਚਾਰ ਤੋਂ ਉਪਰੰਤ ਇਹ ਸਵੀਕਾਰ ਕੀਤਾ ਗਿਆ ਹੈ ਕਿ ਇਨ੍ਹਾਂ ਦੇਵਤਿਆਂ ਦੇ ਉਪਰ ਵੀ ਕੋਈ ਸਰਬ ਸ਼੍ਰੋਮਣੀ ਦੇਵ ਜਾਂ ਮਹਾਨ ਸ਼ਕਤੀ ਦੀ ਹਸਤੀ ਹੋਵੇਗੀ। ਇਸ ਵਿਚਾਰ ਨੇ ਇਕੀਸ਼ਵਰਵਾਦੀ ਵਿਸ਼ਵਾਸ ਦੀ ਸਥਾਪਨਾ ਕੀਤੀ। ਗੁਰਬਾਣੀ ਵਿਚ ਵੀ ਦੇਵ ਸ਼ਬਦ ਪਰਮਾਤਮਾ ਦੀ ਪ੍ਰਥਾਇ ਵਰਤਿਆ ਗਿਆ ਹੈ।[1] ਕ੍ਰਿਸ਼ਨ ਸ਼ਬਦ ਨੂੰ ਸ਼੍ਰੋਮਣੀ(ਪਰਮਾਤਮਾ)ਦੇ ਰੂਪ ਵਿਚ ਅੰਕਿਤ ਕੀਤਾ ਹੈ, ਜੋ ਕਿ ਦੇਵਾਂ ਦਾ ਦੇਵ ਹੈ:

ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾਨ ਆਤਮਾ।
ਆਤਮਾ ਬਾਸੁਦੇਵਸਿ ਜੇ ਕੋ ਜਾਣੈ ਭੇਉ।
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ।[2]
(ਵਾਰ ਆਸਾ ਮ:2)469.

## ਬ੍ਰਹਮ ਦਾ ਸੰਕਲਪ

ਭਾਰਤੀ ਦਰਸ਼ਨ ਵਿਚ ਅੰਤਿਮ ਸੱਤ ਨੂੰ ਬ੍ਰਹਮ ਕਿਹਾ ਗਿਆ ਹੈ। ਰਿਗ ਵੇਦ ਵਿਚ ਇਹ ਸ਼ਬਦ 200 ਤੋਂ ਵਧ ਵਾਰ ਆਇਆ ਮੰਨਿਆ ਗਿਆ ਹੈ। ਵੇਦਾਂ ਦੇ ਅੰਤਿਮ ਭਾਗ ਉਪਨਿਸ਼ਦ ਵਿਚ ਬ੍ਰਹਮ ਦੇ ਸੰਕਲਪ ਨੂੰ ਦ੍ਰਿੜ੍ਹ ਕਰਾਇਆ ਗਿਆ ਹੈ। ਬ੍ਰਹਮ ਸ਼ਬਦ 'ਬ੍ਰਿਹ' ਧਾਤੂ ਤੋਂ ਨਿਕਲਿਆ ਦੱਸਿਆ ਗਿਆ ਹੈ, ਜਿਸਦਾ ਭਾਵ ਹੈ ਵਧਿਆ ਹੋਇਆ ਜਾਂ ਅਫੁਰ ਵਾਧਾ। ਐਤਰਿਯ ਉਪਨਿਸ਼ਦ ਵਿਚ ਗਿਆਨ ਨੂੰ ਬ੍ਰਹਮ(ਪ੍ਰਗਿਆਨਮ ਬ੍ਰਹਮ) ਕਿਹਾ ਹੈ। ਗੀਤਾ ਵਿਚ ਵੀ ਇਸ ਸ਼ਬਦ ਨੂੰ ਦੁਹਰਾਇਆ

---

1. ਤੁਮ ਠਾਕੁਰੁ ਤੁਮ ਠਾਕੁਰ ਸੇਵ। ਹਮ ਤੇ ਕਛੂ ਨ ਹੋਵੈ ਦੇਵ।
(ਗਉੜੀ ਗੁਆਰੇਰੀ ਮ:5)180

2. ਗੁਰੂ ਗੋਬਿੰਦ ਸਿੰਘ ਜੀ ਨੇ ਜਾਪ ਸਾਹਿਬ ਵਿਚ ਪਰਮਾਤਮਾ ਨੂੰ 'ਦੇਵਨ ਦੇਵ' ਲਿਖਿਆ ਹੈ।

ਕਿਹਾ ਹੈ,ਉਦਾਹਰਣ ਵਜੋਂ ਵੇਖੋ ਇਹ ਪੰਕਤੀ:

ਓਮਿਤਯੇ ਕਾਂਸ਼ਰੰ ਬ੍ਰਹਮ ਵਯਾਹਰਨ੍ ਮਾਮਨੁਸਮਰਨ। (8.13)

ਗੁਰੂ ਨਾਨਕ ਬਾਣੀ ਵਿਚ ਵੀ ਬ੍ਰਹਮ ਦਾ ਉਲੇਖ ਕਈ ਵਾਰੀ ਕੀਤਾ ਗਿਆ ਹੈ। ਬ੍ਰਾਹਮਣ ਦੀ ਪਰਿਭਾਸ਼ਾ ਦਿੰਦਿਆਂ ਆਪ ਨੇ ਲਿਖਿਆ ਹੈ:

ਸੋ ਬ੍ਰਾਹਮਣ ਜੋ ਬ੍ਰਹਮੁ ਬੀਚਾਰੈ। (ਧਨਾਸਰੀ ਮ:1 )662

...

ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ। ਹਰਿ ਗੁਣ ਪੂਜੇ ਪਾਤੀ। (ਮਾਰੂ )992.

ਉਪਨਿਸ਼ਦਾਂ ਅਤੇ ਗੀਤਾ ਵਿਚ ਬ੍ਰਹਮ ਦੀ ਪਰਮੁਖਤਾ ਦਰਸਾਉਣ ਲਈ ਸ਼ਬਦ 'ਪਰਾਬ੍ਰਹਮ' ਵੀ ਵਰਤਿਆ ਗਿਆ ਹੈ। ਗੁਰਬਾਣੀ ਵਿਚ ਪਾਰਬ੍ਰਹਮ ਸ਼ਬਦ ਦੀ ਅਧਿਕਤਰ ਵਰਤੋਂ ਹੋਈ ਹੈ। ਗੁਰੂ ਨਾਨਕ ਬਾਣੀ ਵਿਚ ਵੀ ਇਸਦਾ ਉਲੇਖ ਹੈ। ਭਰਥਰ ਜੋਗੀ ਨੂੰ ਸੰਬੋਧਨ ਕਰਦੇ ਆਪ ਲਿਖਦੇ ਹਨ:

ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕਾ।
(ਆਸਾ )360

<u>ਨੇਤਿ ਨੇਤਿ</u>

ਬ੍ਰਹਮ ਕੀ ਹੈ? ਇਹ ਇਕ ਅਜਿਹਾ ਵਿਸ਼ਾ ਹੈ ਜਿਸ ਬਾਰੇ ਕਥਨ ਕਰਦਿਆਂ ਵੀ 'ਉਹ' ਅਕੱਥ ਹੀ ਰਿਹਾ ਹੈ। ਇਹੀ ਕੁਝ ਗੁਰੂ ਨਾਨਕ ਨੇ ਵੀ ਕਿਹਾ ਹੈ ਕਿ:

ਅਮੁਲੋ ਅਮੁਲੁ ਆਖਿਆ ਨ ਜਾਇ। (ਜਪੁ ਜੀ)

...

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ। (ਜਪੁ ਜੀ)

ਜੋ ਕੁਝ ਅਸੀਂ ਵੇਖਦੇ ਹਾਂ, ਉਹ ਬ੍ਰਹਮ ਨਹੀਂ ਹੈ। ਇਸ ਲਈ 'ਨੇਤਿ ਨੇਤਿ' ਸ਼ਬਦ ਵਰਤੇ ਗਏ ਹਨ। ਜਿਸ ਤਕ ਸਾਡੀ ਪਹੁੰਚ ਨਹੀਂ ਉਸਨੂੰ ਇਸ ਸ਼ਬਦ ਰਾਹੀਂ ਕਹਿਣਾ ਹੀ ਉਚਿਤ ਹੈ। ਡਾ:ਰਾਬਿੰਦਰ ਨਾਥ ਟੈਗੋਰ ਅਨੁਸਾਰ 'ਅਸੀਂ ਇਹ ਆਮ ਸ਼ਿਕਾਇਤ ਸੁਣਦੇ ਹਾਂ ਕਿ ਉਪਨਿਸ਼ਦਾਂ ਦਾ ਬ੍ਰਹਮ ਨਿਸ਼ੇਧ ਅਰਥਕ ਸ਼ਬਦਾਂ ਵਿਚ ਵਧੇਰੇ ਕਰਕੇ ਨਿਰਧਾਰਿਆ ਗਿਆ ਹੈ। ਕੀ ਅਸੀਂ ਵੀ ਅਜਿਹਾ ਨਹੀਂ ਕਰਦੇ ਹਾਂ,ਜਦ ਕਿ ਕੋਈ ਅੰਨ੍ਹਾ ਮਨੁੱਖ ਸਾਨੂੰ ਪੁੱਛਦਾ ਹੈ ਕਿ ਰੋਸ਼ਨੀ ਕਿਹੋ ਜਿਹੀ ਹੈ? ਕੀ ਅਸੀਂ ਉਸਨੂੰ ਇਵੇਂ ਹੀ ਨਹੀਂ ਕਹਿੰਦੇ ਹਾਂ ਕਿ ਰੋਸ਼ਨੀ ਦੀ ਨਾ ਆਵਾਜ਼ ਹੈ,ਨਾ ਸਵਾਦ ਹੈ, ਨਾ ਰੂਪ ਹੈ,ਨਾ ਭਾਰ ਹੈ,ਨਾ ਵਿਰੋਧ ਹੈ,ਨਾ ਕਿਸੇ ਹੋਰ ਵਿਸ਼ੇਸ਼ਣ ਰਾਹੀਂ ਜਾਣੀ ਜਾ ਸਕਦੀ ਹੈ। ਨਿਰਸੰਦੇਹ ਵੇਖੀ ਜਾ ਸਕਦੀ ਹੈ। ਪਰ ਇਸਦਾ ਉਸ ਅੰਨ੍ਹੇ ਕਹਿਣ ਦਾ ਕੀ ਲਾਭ,ਜਿਸਦੀਆਂ ਕਿ ਅੱਖਾਂ ਨਹੀਂ।[1] ਉਪਨਿਸ਼ਦਾਂ ਵਿੱਚ ਕਿਹਾ ਹੈ ਕਿ ਉਹ(ਬ੍ਰਹਮ) ਨਾ ਸਥੂਲ ਹੈ,ਨਾ ਸੂਖਮ,ਨਾ ਛੋਟਾ,

---

1. 'ਜਪੁ ਜੀ - ਇਕ ਤੁਲਨਾਤਮਕ ਅਧਿਐਨ' ਪੰਨਾ 49 ਉਤੇ ਉਧ੍ਰਿਤ.

ਨਾ ਵੱਡਾ, ਨਾ ਚਮਕੀਲਾ, ਨਾ ਦ੍ਰਵਿਤਾ, ਨਾ ਕਾਲਾ, ਨਿਰਲੇਪ ਹੈ, ਸੁਗੰਧੀ ਰਹਿਤ, ਚਾਨਣਾ ਰਹਿਤ, ਨੇਤ੍ਰ ਰਹਿਤ, ਬਾਣੀ ਰਹਿਤ, ਮਨ ਰਹਿਤ, ਨਾ ਕੁਝ ਵਿਚ ਹੈ ਅਤੇ ਨਾ ਕਿਸੇ ਤੋਂ ਭੋਗਿਆ ਜਾ ਸਕਦਾ ਹੈ।[1] ਗੁਰੂ ਨਾਨਕ ਬਾਣੀ ਵਿਚ ਇਸ ਭਾਵ ਦਾ ਸੰਕੇਤ ਇਸ ਤਰ੍ਹਾਂ ਹੈ:

ਨੇਤ ਨੇਤ ਕਥੰਤਿ ਬੇਦਾ ਊਚ ਮੂਚ ਅਪਾਰ ਗੋਬਿੰਦਹ।

(ਸਲੋਕ ਸਹਸਕ੍ਰਿਤੀ) 1359

ਉਹ ਅਗੰਮ ਹੈ, ਜਿਸ ਤਕ ਕਿਸੇ ਦੀ ਪਹੁੰਚ ਨਹੀਂ। ਉਹ ਅਗੋਚਰ ਹੈ, ਜੋ ਦ੍ਰਿਸ਼ਟੀ ਤੋਂ ਪਰ੍ਹੇ ਹੈ। ਉਹ ਬੇਅੰਤ ਹੈ, ਜਿਸਦੀ ਕੋਈ ਸੀਮਾ ਜਾਣ ਨਹੀਂ ਸਕਦਾ। ਗੁਰੂ ਨਾਨਕ ਇਹ ਵਿਚਾਰ ਜਪੁਜੀ ਵਿਚ ਵਿਅਕਤ ਕੀਤਾ ਹੈ:

ਅੰਤ ਕਾਰਣਿ ਕੇਤੇ ਬਿਲਲਾਹਿ। ਤਾ ਕੇ ਅੰਤ ਨ ਪਾਏ ਜਾਹਿ।

(ਪੰਨਾ 24)

ਬ੍ਰਹਮ ਹੈ:

ਨੇਤਿ ਦੇ ਉਕਤ ਵਿਚਾਰ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਬ੍ਰਹਮ ਹੈ ਹੀ ਨਹੀਂ। ਉਪਨਿਸ਼ਦਾਂ ਵਿਚ ਵਰਤਿਆ ਸਤਿ ਸ਼ਬਦ ਉਸਦੀ ਹੋਂਦ ਦਾ ਹੀ ਲਖਾਇਕ ਹੈ। ਤੈਤਰੀ ਉਪਨਿਸ਼ਦ ਵਿਚ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਹੈ ਕਿ ਉਹ ਨਸ਼ਟ ਹੋ ਜਾਂਦਾ ਹੈ, ਜਿਹੜਾ ਕਹਿੰਦਾ ਹੈ ਕਿ ਬ੍ਰਹਮ ਨਹੀਂ ਹੈ। ਕਠ ਉਪਨਿਸ਼ਦ ਵਿਚ ਵੀ ਕਿਹਾ ਹੈ ਕਿ ਉਸ ਬਾਰੇ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਉਹ ਹੈ। ਕ੍ਰਿਸ਼ਨ ਜੀ ਨੇ ਵੀ ਗੀਤਾ ਦੇ 10ਵੇਂ ਅਧਿਆਇ ਵਿਚ ਬ੍ਰਹਮ ਦੀ ਹੋਂਦ ਦ੍ਰਿੜ੍ਹ ਕਰਾਈ ਹੈ।[2] ਗੁਰੂ ਨਾਨਕ ਦੇਵ ਜੀ ਦੀਆਂ ਜਪੁਜੀ ਵਿਚਲੀਆਂ ਇਹ ਪੰਕਤੀਆਂ ਉਸਦੀ ਹੋਂਦ ਦੀਆਂ ਹੀ ਲਖਾਇਕ ਹਨ:

ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।

ਅਤੇ

ਤੂ ਸਦਾ ਸਲਾਮਤਿ ਨਿਰੰਕਾਰ।

ਏਕ

ਗੁਰੂ ਨਾਨਕ ਬਾਣੀ ਵਿਚ ਵਰਤਿਆ 'ਏਕ' ਸ਼ਬਦ ਵੀ ਭਾਰਤੀ ਪਰੰਪਰਾ ਵਿਚੋਂ ਹੀ ਆਇਆ ਹੈ। ਡਾ: ਮਨਮੋਹਨ ਸਹਿਗਲ ਅਨੁਸਾਰ ਬ੍ਰਹਮ ਨੂੰ ਇਕ ਕਿਹਾ ਜਾਣਾ ਤਾਂ ਵੇਦਾਂ ਤੋਂ ਹੀ ਆਰੰਭ ਹੋ ਗਿਆ ਸੀ। ਰਿਗ ਵੇਦ ਵਿਚ ਵੀ ਇਸਦੀ ਏਕਤਾ ਸਵੀਕਾਰ ਕੀਤੀ ਗਈ ਹੈ।[3] 'ਏ' ਜਾਂ 'ਏਕੰਕਾਰ'

---

1. 'ਜਪੁਜੀ-ਇਕ ਤੁਲਨਾਤਮਕ ਅਧਿਐਨ', ਪੰਨਾ 49 ਉਤੇ ਉਦਧ੍ਰਿਤ.
2. ਉਹੀ, ਪੰਨਾ 49.
3. ਗੁਰੂ ਗ੍ਰੰਥ ਸਾਹਿਬ - ਇਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 244.

ਓਮ ਦਾ ਲਖਾਇਕ ਹੈ। ਉਪਨਿਸ਼ਦਾਂ ਵਿਚ ਇਹ ਨਿਰਗੁਣ ਅਤੇ ਸਗੁਣ ਬ੍ਰਹਮ ਦੋਹਾਂ ਲਈ ਵਰਤਿਆ ਗਿਆ ਹੈ। ਗੀਤਾ ਵਿਚ ਵੀ ਕ੍ਰਿਸ਼ਨ ਜੀ ਨੇ ਆਪਣੇ ਆਪ ਨੂੰ ਓਮ ਰੂਪ ਵਿਚ ਪ੍ਰਗਟ ਕੀਤਾ ਹੈ। ਗੁਰੂ ਨਾਨਕ ਬਾਣੀ ਵਿਚ ਓਮ ਦੀ ਥਾਂ ਓਅੰਕਾਰ ਸ਼ਬਦ ਲਿਖਿਆ ਹੈ,ਜਿਸਦੇ ਅਰਥ ਟੀਕਾਕਾਰਾਂ ਨੇ ਕੀਤੇ ਹਨ:ਉਹ ਵਾਹਿਗੁਰੂ ਜੋ ਇਕ ਰਸ ਵਿਆਪਕ ਹੈ,ਜਾਂ ਜਿਸਦਾ ਪ੍ਰਕਾਸ਼ ਲਗਾਤਾਰ ਹੁੰਦਾ ਹੈ। ਕੋਸ਼ਾਂ ਵਿਚ ਇਸਦੇ ਅਰਥ ਹਨ:ਰਚਨ ਵਾਲਾ,ਬਚਾਉਣ ਵਾਲਾ,ਪਤੀ,ਸੁਆਮੀ,ਸ਼ਕਤੀ ਆਦਿ। ਇਹ ਸ਼ਬਦ ਇਸ ਰੂਪ ਵਿਚ ਪਹਿਲਾਂ ਉਪਨਿਸ਼ਦਾਂ ਅਤੇ ਗੀਤਾ ਵਿਚ ਵੀ ਵਰਤਿਆ ਗਿਆ ਹੈ। ਪ੍ਰਸ਼ਨ ਉਪਨਿਸ਼ਦ(5.2) ਵਿਚ 'ਬ੍ਰਹਮਪਦੋਂਕਾਰ'(ਮਤ+ਓਂਕਾਰ) ਅਤੇ ਗੀਤਾ(9.17) ਵਿਚ ਪਵਿਤ੍ਰਮੋਂਕਾਰ (ਪਵਿਤਰਮ+ਓਅੰਕਾਰ) ਸ਼ਬਦ ਅੰਕਿਤ ਹੈ। ਇਹ ਬ੍ਰਹਮ ਦਾ ਨਿਰਗੁਣ ਅਤੇ ਸਗੁਣ ਰੂਪ ਵੀ ਹੈ। ਸ੍ਰਿਜਨ,ਪਾਲਣ ਅਤੇ ਸੰਘਾਰਨ ਤਿੰਨੇ ਰੂਪਾਂ ਦਾ ਵੀ ਇਹ ਲਖਾਇਕ ਹੈ। ਓਂਕਾਰ ਸ਼ਬਦ ਇਸ ਰੂਪ ਵਿਚ ਗੁਰਬਾਣੀ ਵਿਚ ਕਈ ਵਾਰੀ ਆਇਆ ਹੈ।[1] ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ:

ਓਅੰਕਾਰਿ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ।
(ਰਾਮਕਲੀ)929

ਭਾਰਤ ਦੇ ਪ੍ਰਾਚੀਨਤਮ ਗ੍ਰੰਥ ਰਿਗਵੇਦ ਵਿਚ 'ਇਕ' ਦੀ ਵਿਸ਼ੇਸ਼ਤਾ ਸਵੀਕਾਰ ਕੀਤੀ ਗਈ ਹੈ।[2] ਈਸ਼ ਉਪਨਿਸ਼ਦ ਵਿਚ ਓਮ ਸਰਬ ਅੰਤਰਜਾਮੀ ਅਤੇ ਸਰਬ ਸ਼ਕਤੀਮਾਨ ਅਚਲ ਪਰਮੇਸ਼ਰ ਨੂੰ 'ਅਨੇਜਦੇਕੰ'(ਅਨੇਜਤ-ਅਚੱਲ+ਏਕੰ-ਇਕ) ਲਿਖਿਆ ਹੈ। ਗੀਤਾ(8.13) ਵਿਚ ਵੀ ਬ੍ਰਹਮ ਨੂੰ 'ਏਕਅਕਸ਼ਰ' ਕਿਹਾ ਗਿਆ ਹੈ। ਗੁਰੂ ਨਾਨਕ ਸਮੇਂ ਭਾਰਤੀ ਵਿਸ਼ਵਾਸ ਏਕਤਾ ਦੀ ਲੜੀ ਤੋਂ ਟੁੱਟਾ ਹੋਇਆ ਸੀ,ਜਿਸ ਕਰਕੇ ਉਨ੍ਹਾਂ ਨੇ ਪਰੰਪਰਾਗਤੀ 'ਏਕੰ' ਤੇ ਵਿਸ਼ੇਸ਼ ਤੌਰ ਤੇ ਬਲ ਦਿੱਤਾ। ਉਨ੍ਹਾਂ ਨੇ ਮੂਲ ਮੰਤਰ ਦੇ ਆਰੰਭ ਵਿਚ 'ਓ' ਨਾਲ '੧' ਅੰਕਿਤ ਕੀਤਾ ਹੈ। ਉਨ੍ਹਾਂ ਦੀ ਬਾਕੀ ਬਾਣੀ ਵਿਚ ਵੀ 'ਇਕ' ਨੂੰ ਦ੍ਰਿੜ ਕਰਾਇਆ ਗਿਆ ਹੈ। ਕੁਝ ਪੰਕਤੀਆਂ ਨਿਮਨ ਲਿਖਤ ਹਨ:

ਸਾਹਿਬੁ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ। (ਆਸਾ)420

- - -

ਏਕਮ ਏਕੰਕਾਰੁ ਨਿਰਾਲਾ। (ਬਿਲਾਵਲ)838

- - -

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ। (ਜਪੁ ਜੀ)

## ਏਕ-ਅਨੇਕ,ਨਿਰਗੁਣ ਸਗੁਣ

ਪ੍ਰਾਚੀਨ ਭਾਰਤੀ ਗ੍ਰੰਥਾਂ ਵਿਚ ਬ੍ਰਹਮ ਦੇ ਨਿਰਗੁਣ ਅਤੇ ਸਗੁਣ ਦੋਵੇਂ ਹੀ ਰੂਪ ਪ੍ਰਗਟਾਏ ਗਏ ਹਨ। ਨਿਰਗੁਣ ਦਾ ਸ਼ਾਬਦਿਕ ਅਰਥ ਹੈ ਗੁਣ-ਰਹਿਤ,ਪਰ ਆਪਣੇ ਪਾਰਿਭਾਸ਼ਿਕ ਰੂਪ ਵਿਚ ਇਸਦਾ

---

1. ਜਪੁ ਜੀ - ਇਕ ਤੁਲਨਾਤਮਕ ਅਧਿਐਨ,ਪੰਨਾ 69-70.
2. ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਿਕ ਅਧਿਐਨ,ਪੰਨਾ 244.

ਅਰਥ ਗੁਣ-ਅਤੀਤ ਹੈ, ਅਰਥਾਤ ਉਹ ਜੋ ਗੁਣਾਂ ਦੀ ਸੀਮਾ ਵਿਚ ਬੰਨ੍ਹਿਆ ਨਾ ਜਾ ਸਕੇ। ਉਪਾਸਨਾ ਖੇਤਰ ਵਿਚ ਇਹ ਇਕ ਅਜਿਹੀ ਅਨਿਰਵਚਨੀਯ ਸੱਤਾ ਦੀ ਸੰਗਿਆ ਦਾ ਬੋਧਕ ਹੈ ਜੋ ਸਾਂਖ ਦਰਸ਼ਨ ਦੇ ਸਤੋ, ਰਜੋ, ਤਮੋ ਨਾਂ ਦੇ ਤਿੰਨ ਗੁਣਾਂ ਜਾਂ ਵੈਸ਼ੇਸ਼ਿਕ ਦਰਸ਼ਨ ਦੇ ਰੂਪ, ਰਸ, ਗੰਧ, ਸਪਰਸ਼, ਪਰਿਣਾਮ ਆਦਿ 24 ਗੁਣਾਂ ਤੋਂ ਪਰ੍ਹੇ ਸਮਝੀ ਜਾਂਦੀ ਹੈ ਅਤੇ ਜਿਸਨੂੰ ਆਮ ਕਰਕੇ ਪਰਮਾਤਮਾ, ਬ੍ਰਹਮ ਜਾਂ ਪਰਮ ਤੱਤੂ ਨਾਂ ਦਿੱਤਾ ਜਾਂਦਾ ਹੈ।[1] ਵਾਸਤਵ ਵਿਚ ਨਿਰਗੁਣ ਬ੍ਰਹਮ ਦਾ ਵਰਣਨ ਤਾਂ ਅਸੰਭਵ ਹੈ। ਕਿਉਂਕਿ ਉਥੇ ਤਕ ਨਾ ਮਨ ਪਹੁੰਚ ਸਕਦਾ ਹੈ, ਨਾ ਬਾਣੀ, ਨਾ ਇੰਦਰੀਆਂ। ਉਸਦਾ ਵਰਣਨ ਕੇਵਲ ਸੰਕੇਤ ਮਾਤਰ ਕੀਤਾ ਜਾ ਸਕਦਾ ਹੈ।[2] ਉਪਨਿਸ਼ਦਾਂ ਵਿਚ ਇਸਦਾ ਪਹਿਲੀ ਵਾਰ ਉਲੇਖ ਹੋਇਆ ਮਿਲਦਾ ਹੈ। ਸੰਤ ਪਰੰਪਰਾ ਵਿਚੋਂ ਜਿਨ੍ਹਾਂ ਸੰਤਾਂ ਦੀ ਜਾਂ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤੀ ਗਈ ਹੈ, ਉਹ ਨਿਰਗੁਣਵਾਦੀ ਹੀ ਸਨ। ਗੁਰੂ ਨਾਨਕ ਬਾਣੀ ਵਿਚ 'ਇਕ' ਅੰਕ ਉਸਦੇ ਨਿਰਗੁਣ ਰੂਪ ਦਾ ਹੀ ਲਖਾਇਕ ਹੈ। 'ਨਿਰੰਕਾਰ' ਵੀ ਇਸੇ ਭਾਵ ਦਾ ਵਾਚਕ ਹੈ:

ਤੂੰ ਸਦਾ ਸਲਾਮਤਿ ਨਿਰੰਕਾਰ। (ਜਪੁ ਜੀ)

- - -

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ। (ਸੋਰਠਿ)495

ਸਾਰਾ ਆਕਾਰ ਵੀ ਉਸ ਨਿਰਾਕਾਰ ਵਿਚ ਵਿਦਮਾਨ ਹੈ:

ਨਿਰੰਕਾਰ ਮਹਿ ਆਕਾਰੁ ਸਮਾਵੈ। (ਆਸਾ)414

ਨਿਰਗੁਣ ਸ਼ਬਦ ਦਾ ਵੀ ਉਲੇਖ ਹੈ:

ਨਿਰਗੁਣ ਰਾਮੁ ਗੁਣਹ ਵਸਿ ਹੋਇ। (ਗਉੜੀ ਗੁਆਰੇਰੀ)222

ਨਿਰਗੁਣ ਗੁਣ ਬ੍ਰਹਮ ਨੂੰ ਗੁਰੂ ਨਾਨਕ ਬਾਣੀ ਵਿਚ ਜਿਨ੍ਹਾਂ ਨਕਾਰਾਤਮਕ ਸ਼ਬਦਾਂ ਦੁਆਰਾ ਵਿਅਕਤ ਕੀਤਾ ਗਿਆ ਹੈ, ਉਹ ਵੀ ਭਾਰਤੀ ਪਰੰਪਰਾ ਅਨੁਸਾਰ ਹੀ ਹੈ। ਕੁਝ ਅਜਿਹੇ ਨਕਾਰਾਤਮਕ ਵਿਸ਼ੇਸ਼ਣ ਇਹ ਹਨ:

ਨਿਰਭਉ

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਅਭੈ ਅਸ਼ੋਕ ਅਤੇ ਅਨੰਤ ਕਿਹਾ ਗਿਆ ਹੈ। ਗੁਰੂ ਨਾਨਕ ਰਚਿਤ ਮੂਲ ਮੰਤਰ ਤੋਂ ਇਲਾਵਾ ਵੀ ਬਾਕੀ ਬਾਣੀ ਵਿਚ ਨਿਰਭਉ ਸ਼ਬਦ ਲਿਖਿਆ ਗਿਆ ਹੈ। ਆਸਾ ਦੀ ਵਾਰ ਵਿਚ ਇਹ ਪੰਕਤੀਆਂ ਹਨ:

ਨਾਨਕ ਨਿਰਭਉ ਨਿਰੰਕਾਰ ਹੋਰ ਕੇਤੇ ਰਾਮ ਰਵਾਲ। (ਗੁਰੂ ਗ੍ਰੰਥ)464

---

1. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 120.
2. ਡਾ: ਜੈ ਰਾਮ ਮਿਸ਼ਰ, ਸ੍ਰੀ ਗੁਰੂ ਗ੍ਰੰਥ ਦਰਸ਼ਨ(ਹਿੰਦੀ) ਪੰਨਾ 75-76.

ਨਿਰਭਉ ਸ਼ਬਦ ਦਾ ਰੂਪ ਸਪਸ਼ਟ ਕੀਤਾ ਹੈ:

ਨਿਰਭਉ ਸੋ ਸਿਰਿ ਨਾਹੀ ਲੇਖਾ। (ਮਾਰੂ ਸੋਲਹੇ) 1042

## ਨਿਰਵੈਰ

ਇਹ ਨਕਾਰਾਤਮਕ ਗੁਣ ਦਾ ਉਲੇਖ ਸ੍ਰੀ ਮਦ ਭਗਵਤ ਗੀਤਾ ਦੇ ਇਕ ਸਲੋਕ (9/29) ਵਿਚ ਕੀਤਾ ਗਿਆ ਹੈ। ਪਰਮਾਤਮਾ ਨੂੰ ਨਾ ਕੋਈ ਸੁਆਰਥ ਹੈ ਅਤੇ ਨਾ ਹੀ ਉਸ ਤੋਂ ਵੱਡਾ ਹੈ। ਇਸ ਲਈ ਨਾ ਉਸ ਨੂੰ ਕੋਈ ਡਰ ਹੈ, ਨਾ ਈਰਖਾ। ਮੂਲ ਮੰਤ੍ਰ ਵਿਚ ਨਿਰਭਉ ਨਾਲ ਨਿਰਵੈਰ ਸ਼ਬਦ ਅੰਕਿਤ ਹੈ। ਹੋਰ ਬਾਣੀ ਵਿਚ ਵੀ ਇਹ ਵਿਚਾਰ ਦਿੱਤਾ ਗਿਆ ਹੈ:

ਜੁਗਿ ਜੁਗਿ ਥਾਪਿ ਸਦਾ ਨਿਰਵੈਰ ਜਨਮਿ ਮਰਣਿ ਨਹੀ ਧੰਧਾ ਧੋਹੁ।
(ਰਾਮਕਲੀ) 931

## ਅਕਾਲ

ਮਾਂਡੂਕਯ ਉਪਨਿਸ਼ਦ ਵਿਚ ਬ੍ਰਹਮ ਨੂੰ ਅਬਿਨਾਸ਼ੀ ਅਤੇ ਤ੍ਰਿਕਾਲ ਅਤੀਤ ਕਿਹਾ ਗਿਆ ਹੈ। ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ ਬ੍ਰਹਮ ਦੂਰ ਨਾਮ ਵਾਲਾ ਹੈ ਕਿਉਂਕਿ ਕਾਲ (ਮ੍ਰਿਤੂ) ਉਸ ਤੋਂ ਦੂਰ ਰਹਿੰਦਾ ਹੈ। ਗੀਤਾ ਵਿਚ ਵੀ ਪਰਮਾਤਮਾ ਨੂੰ ਅਬਿਨਾਸ਼ੀ ਕਿਹਾ ਹੈ। ਕੋਈ ਵੀ ਉਸ ਦਾ ਨਾਸ਼ ਨਹੀਂ ਕਰ ਸਕਦਾ। ਗੁਰੂ ਨਾਨਕ ਦੇਵ ਜੀ ਜਪੁਜੀ ਦੇ ਆਰੰਭ ਵਿਚ ਬ੍ਰਹਮ ਨੂੰ 'ਅਕਾਲ ਮੂਰਤਿ' ਕਹਿੰਦੇ ਹਨ। ਇਸ ਭਾਵ ਨੂੰ ਹੋਰ ਕਈ ਪੰਕਤੀਆਂ ਵਿਚ ਦੁਹਰਾਇਆ ਹੈ:

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ। (ਮਾਰੂ) 1038

- - -

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।
(ਸੋਰਠਿ) 597

## ਅਜੂਨੀ

ਕਾਲ ਦੇ ਵੱਸ ਵਿਚ ਉਹੋ ਹੀ ਹੋ ਸਕਦਾ ਹੈ, ਜੋ ਜਨਮਦਾ ਹੈ। ਗੁਰੂ ਨਾਨਕ ਦਾ ਕਥਨ ਹੈ:

ਜੋ ਉਪਜੈ ਸੋ ਕਾਲਿ ਸੰਘਾਰਿਆ। (ਗਉੜੀ) 227

ਗੁਰੂ ਨਾਨਕ ਬਾਣੀ ਵਿਚ ਇਸੇ ਕਰਕੇ ਉਸ ਪ੍ਰਭੂ ਨੂੰ ਅਜੂਨੀ (ਅਯੋਨਿ) ਕਿਹਾ ਹੈ। ਉਹ ਬ੍ਰਹਮ ਕਰਕੇ ਜੂਨ ਵਿਚ ਨਹੀਂ ਆਉਂਦਾ। ਇਸ ਵਿਚਾਰ ਨੂੰ ਆਪ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ:

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ।
(ਸੋਰਠਿ, ਪਦੇ) 598

ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।
(ਸੋਰਠਿ) 597

ਕਿਉਂਕਿ ਉਹ ਇਸਤ੍ਰੀ ਦੇ ਗਰਭ ਵਿਚ ਨਹੀਂ ਆਉਂਦਾ, ਇਸ ਲਈ ਉਸਦਾ ਮਨੁੱਖੀ ਰੂਪ ਵਿਚ ਅਵਤਰਨ ਦਾ ਸੁਆਲ ਨਹੀਂ ਉਠਦਾ:

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ। (ਸਲੋਕ) (ਰਾਗ ਆਸਾ) 473

ਸ੍ਵੇਤਾਸ੍ਵਤਰ ਅਤੇ ਬ੍ਰਿਹਦਾਰਣਕ ਉਪਨਿਸ਼ਦ ਵਿਚ ਉਸਨੂੰ 'ਅਜੋਨਿ' ਕਿਹਾ ਹੈ। ਗੀਤਾ (10-3) ਵਿਚ ਕ੍ਰਿਸ਼ਨ ਜੀ ਦਾ ਕਥਨ ਹੈ: 'ਗਿਆਨੀ ਉਹ ਪੁਰਸ਼ ਹੈ ਜੋ ਮੈਨੂੰ ਅਜੋਨਿ, ਆਦਿ ਰਹਿਤ ਸੰਸਾਰ ਦਾ ਮਹਾਨ ਈਸ਼ਵਰ ਜਾਣਦਾ ਹੈ।'

**ਸੈਭੰ**

ਫਿਰ ਉਹ ਕਿਵੇਂ ਹੋਂਦ ਵਿਚ ਆਇਆ? ਇਸਦਾ ਉੱਤਰ ਅਜੂਨੀ ਤੋਂ ਅਗਲਾ ਸ਼ਬਦ 'ਸੈਭੰ' ਦਿੰਦਾ ਹੈ, ਅਰਥਾਤ ਆਪਣੇ ਆਪ ਤੋਂ। ਉਪਨਿਸ਼ਦਾਂ ਵਿਚ ਉਸਨੂੰ 'ਸ੍ਵੈਯੰਭੂ' ਲਿਖਿਆ ਗਿਆ ਹੈ। ਇਸ ਵਿਚਾਰ ਦੀ ਪੁਸ਼ਟੀ ਵਿਚ ਗੁਰੂ ਨਾਨਕ ਬਾਣੀ ਵਿਚੋਂ ਕਈ ਪੰਕਤੀਆਂ ਮਿਲ ਜਾਂਦੀਆਂ ਹਨ, ਜਿਵੇਂ:

ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ। (ਮਾਰੂ) 1042

• • •

ਤੁਧੁ ਆਪੇ ਆਪੁ ਉਪਾਇਆ। (ਸਿਰੀ) 73

**ਅਨੰਤ**

ਸੁਬਾਲ ਉਪਨਿਸ਼ਦ (5) ਵਿਚ ਬ੍ਰਹਮ ਨੂੰ ਅਕਥੰ, ਅਸੀਮ ਅਤੇ ਅਨੰਤ ਕਿਹਾ ਹੈ। ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਦਾ ਇਹ ਅਵਿਅਕਤ ਲੱਛਣ ਪ੍ਰਗਟਾਇਆ ਗਿਆ ਹੈ:

ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ।
ਅਨਤ ਕਉ ਚਾਹਨ ਜੋ ਗਏ ਸੇ ਆਪੇ ਅਨਤ ਸਮਾਇ। (ਗਉੜੀ ਬੈਰਾਗਣਿ) 150

ਇਨ੍ਹਾਂ ਨਕਾਰਾਤਮਕ ਵਿਸ਼ੇਸ਼ਣਾਂ ਤੋਂ ਬਿਨਾਂ ਨਿਰਗੁਣ ਬ੍ਰਹਮ ਦੇ ਹੋਰ ਵੀ ਕਈ ਲੱਛਣ ਦੱਸੇ ਗਏ ਹਨ, ਜਿਨ੍ਹਾਂ ਦੀ ਭਾਰਤੀ ਪਰੰਪਰਾ ਨਾਲ ਸਾਂਝ ਹੈ। ਜਿਵੇਂ ਕੁਝ ਸ਼ਬਦ ਹਨ: ਅਗਮ, ਅਗੋਚਰ, ਅਦ੍ਰਿਸ਼ਟ, ਅਤੁਲ, ਨਿਰੰਜਨ, ਅਪਰੰਪਰ, ਅਨੂਪ, ਅਰੂਪ, ਅਨਾਦਿ, ਅਡੋਲ, ਅਲਖ, ਅਪਾਰ, ਅਗਾਧ, ਅਥਾਹ, ਨਿਰਮਲ ਆਦਿ।

**ਸਰਬ, ਵਿਆਪਕ ਰੂਪ**

ਬ੍ਰਹਮ ਕੇਵਲ ਚਿਹਨ ਚਕਰ ਰਹਿਤ ਹੀ ਨਹੀਂ। ਇਹ ਸਾਰਾ ਜਗਤ ਵੀ ਉਹੋ ਹੀ ਹੈ।[1] ਉਸਦੇ ਵਿਆਪਕ ਰੂਪ ਬਾਰੇ ਸ੍ਵੇਤਾਸ੍ਵਤਰ ਉਪਨਿਸ਼ਦ (4.3) ਵਿਚ ਕਿਹਾ ਹੈ ਕਿ ਤੂੰ ਹੀ ਨਾਰੀ ਹੈਂ,

---

1. Brahman is not merely featureless absolute, it is all this world (Radha Krishanan, Principal Upanishads, p.64)

ਤੂੰ ਹੀ ਪੁਰਖ ਹੈਂ, ਤੂੰ ਹੀ ਕੁਮਾਰ ਤੇ ਕੁਮਾਰੀ ਹੈਂ, ਤੂੰ ਹੀ ਡੰਗੋਰੀ ਲੈ ਕੇ ਚਲਣ ਵਾਲਾ ਬੁੱਢਾ ਹੈਂ। ਸਰਬ ਦਿਸ਼ਾਂ ਵਿਚ ਤੂੰ ਹੀ ਦਿਸਦਾ ਹੈਂ। ਕ੍ਰਿਸ਼ਨ ਜੀ ਗੀਤਾ (7.8) ਵਿਚ ਆਪਣੇ ਇਸ ਰੂਪ ਬਾਰੇ ਦਸਦੇ ਹਨ ਕਿ 'ਹੇ ਅਰਜਨ! ਪਾਣੀ ਵਿਚ ਮੈਂ ਰਸ ਹਾਂ, ਚੰਦ ਸੂਰਜ ਦੇ ਵਿਚ ਮੈਂ ਪ੍ਰਕਾਸ਼ ਹਾਂ। ਆਕਾਸ਼ ਵਿਚ ਮੈਂ ਸ਼ਬਦ ਹਾਂ ਅਤੇ ਪੁਰਖਾਂ ਵਿਚੋਂ ਮੈਂ ਪੁਰਖ ਹਾਂ'। ਗੀਤਾ ਵਿਚ ਕ੍ਰਿਸ਼ਨ ਜੀ ਨੂੰ 'ਕੰਵਲ ਨੈਣਾਂ ਵਾਲਾ' ਅਤੇ ਕੇਸ਼ਵ (ਸੁੰਦਰ ਕੇਸ਼ਾਂ ਵਾਲਾ) ਕਹਿ ਕੇ ਸੰਬੋਧਨ ਕੀਤਾ ਗਿਆ ਹੈ।

ਗੁਰੂ ਨਾਨਕ ਬਾਣੀ ਅਨੁਸਾਰ ਵੀ ਨਿਰਗੁਣ ਜਾਂ ਅਵਿਅਕਤ ਰੂਪ ਸਗੁਣ ਰੂਪ ਧਾਰ ਲੈਂਦਾ ਹੈ। ਸਿਧਾਂ ਨਾਲ ਵਾਰਤਾਲਾਪ ਕਰਦਿਆਂ ਆਪ ਨੇ ਕਿਹਾ ਸੀ:

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ। (ਸਿਧ ਗੋਸਟਿ) 940

ਜਪੁਜੀ ਵਿਚ ਪਰਮਾਤਮਾ ਨੂੰ ਗੁਣੀ ਨਿਧਾਨ (ਗੁਣਾਂ ਦਾ ਖ਼ਜ਼ਾਨਾ) ਆਖਿਆ ਗਿਆ ਹੈ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਗੁਣਾਂ ਕਰਕੇ ਉਸਦੇ ਨਾਮ ਇੰਨੇ ਹਨ ਕਿ ਸਾਰੇ ਕਥਨ ਕੀਤੇ ਹੀ ਨਹੀਂ ਜਾ ਸਕਦੇ:

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ।
(ਆਸਾ ਪਦੇ) 358

ਉਸਦੇ ਸੌਂਦਰਯ ਰੂਪ ਦਾ ਵੀ ਵਰਨਣ ਕਈ ਸ਼ਬਦਾਂ ਵਿਚ ਕੀਤਾ ਗਿਆ ਹੈ, ਜਿਵੇਂ:

ਤੇਰੇ ਬੰਕੇ ਲੋਇਣ ਦੰਤ ਰੀਸਾਲਾ। ਸੋਹਣੇ ਨਕ ਜਿਨ ਲੰਮੜੇ ਵਾਲਾ।
ਕੰਚਨ ਕਾਇਆ ਸੁਇਨੇ ਕੀ ਢਾਲਾ। ਸੋਵੰਨ ਢਾਲਾ ਕ੍ਰਿਸਨ ਮਾਲਾ।
(ਵਡਹੰਸ ਮ: 1) 567

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ। ਕੁਹਕਨਿ ਕੋਕਿਲਾ ਤਰਲ ਜੁਆਣੀ।
(ਵਡਹੰਸ ਮ: 1) 567

ਪੂਰਨ, ਊਚੌ, ਅੰਤਰਜਾਮੀ, ਪੁਰਖੁ, ਸਮਰਥ, ਦਾਤਾ, ਸਚ ਨਵੇਲਾ, ਗਹਿਰ ਗੰਭੀਰ, ਦਇਆਲ, ਬਖਸ਼ਿੰਦ, ਅਖੰਡਨ, ਭਗਤ ਵਛਲ, ਜਗਦੀਸ਼, ਖਸਮ, ਪਾਤਸ਼ਾਹ, ਸੁਲਤਾਨ, ਪਿਰ, ਸੁਆਮੀ, ਮਾਤਾ ਪਿਤਾ, ਬਖਸ਼ਣਹਾਰ, ਪ੍ਰਤਿਪਾਲਕ, ਕਰਣ ਕਾਰਣ ਸਮਰਥ, ਸਜਣ ਮੀਤ ਆਦਿ ਅਨੇਕਾਂ ਹੀ ਉਸਦੇ ਸਿਫ਼ਤੀ ਨਾਮ ਹਨ।

ਗੁਰੂ ਨਾਨਕ ਬਾਣੀ ਵਿਚ ਈਸ਼ਵਰੀ ਗੁਣਾਂ ਨੂੰ ਵਿਅਕਤ ਕਰਨ ਵਾਲੇ ਹੋਰ ਵੀ ਅਨੇਕਾਂ ਨਾਮ ਹਿੰਦੂ ਧਰਮ ਗ੍ਰੰਥਾਂ ਵਿਚੋਂ ਲਏ ਗਏ ਹਨ। ਹਿੰਦੂ ਅਵਤਾਰਾਂ ਦੇ ਨਾਮ ਵੀ ਅਰਥ ਰੂਪ ਵਿਚ ਪਰਮਾਤਮਾ ਲਈ ਵਰਤੇ ਹਨ। ਅਜਿਹੇ ਕੁਝ ਨਾਮ ਇਹ ਹਨ:

ਪ੍ਰਭੂ: ਆਦਿ ਪੁਰਖੁ ਅਪਰੰਪਰ ਸੋ ਪ੍ਰਭੁ। (ਰਾਗ ਰਾਮਕਲੀ) 906

ਜਗਦੀਸ਼: ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ। (ਜਪੁ ਜੀ)

| | | |
|---|---|---|
| ਮੋਹਨ: | ਮੋਹਨਿ ਮੋਹਿ ਲੀਆ ਮਨੁ ਮੋਰਾ। | (ਰਾਗ ਤੁਖਾਰੀ)1112 |
| ਰਾਮ: | ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਜਿਆਰ। | (ਸਿਰੀ ਰਾਗੁ)54 |
| ਨਾਰਾਇਣ: | ਨਰ ਨਾਰਾਇਣ ਅੰਤਰਜਾਮਿ। | (ਰਾਗ ਗਉੜੀ)153 |
| ਦਾਮੋਦਰ: | ਹਰਿ ਹਰਿ ਹਾਰੁ ਕੰਠਿ ਲੇ ਪਹਿਰਉ ਦਾਮੋਦਰ ਦੰਤੁ ਲੇਈ। | (ਆਸਾ ਪਦੇ)359 |
| ਪਰਮੇਸਰ: | ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ। | (ਆਸਾ ਪਦੇ)359 |
| ਮਧੁਸੂਦਨ: | ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਿਆ। | (ਆਸਾ ਪਟੀ)434 |
| ਸ੍ਰੀ ਰੰਗ: | ਧੀਰਜੁ ਧੜੀ ਬੰਧਾਵਉ ਕਾਮਣਿ ਸ੍ਰੀਰੰਗੁ ਸੁਰਮਾ ਦੇਈ। | (ਆਸਾ)359 |
| ਕ੍ਰਿਸਨ: | ਤਨੁ ਮਨੁ ਸਉਪਉ ਕ੍ਰਿਸਨ ਪਰੀਤਿ। | (ਆਸਾ ਅਸਟਪਦੀਆ)413 |
| ਗੋਸਾਈ: | ਜਿਉ ਜਲੁ ਤੇਰਾ ਤੂ ਗੋਸਾਈ। | (ਆਸਾ ਅਸਟਪਦੀਆ)417 |
| ਵਾਸੁਦੇਉ: | ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ। | (ਆਸਾ ਪਟੀ)434 |
| ਬਨਵਾਰੀ: | ਘਟਿ ਘਟਿ ਰਵਿ ਰਹਿਆ ਬਨਵਾਰੀ। | (ਸੋਰਠਿ)597 |
| ਪ੍ਰਾਨਪਤਿ: | ਸਰਵਰ ਮਹਿ ਹੰਸ ਪ੍ਰਾਨਪਤਿ ਪਾਵੈ। | (ਧਨਾਸਰੀ)685 |
| ਧਰਣੀਧਰ: | ਰਸੁ ਨਾਮੁ ਹਰਿ ਕਾ ਸਦਾ ਜਾਚਉ ਵਰੁ ਪ੍ਰਭ ਧਰਣੀਧਰਾ। | (ਧਨਾਸਰੀ)687 |

ਸਤਿਨਾਮ, ਸਤਿ

ਉਪਰੋਕਤ ਨਾਮ ਪਰਮਾਤਮਾ ਦੇ ਗੁਣ ਨਾਮ ਜਾਂ ਸਗੁਣੀ ਨਾਮ/ਜਾਂ ਕਿਰਤਮ ਨਾਮ ਹਨ। ਉਸਦਾ ਜਾਤੀ ਨਾਮ 'ਸਤਿ' ਹੈ, ਜੋ ਸਭ ਤੋਂ ਸ੍ਰੇਸ਼ਟ ਹੈ। ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ:

ਕਿਰਤਮ ਨਾਮ ਕਥੇ ਤੇਰੇ ਜਿਹਬਾ। ਸਤਿਨਾਮ ਤੇਰਾ ਪਰਾਪੂਰਬਲਾ।
(ਮਾਰੂ ਸੋਲਹੇ)1083

ਸਤਿ ਸੰਸਕ੍ਰਿਤ ਦੇ 'ਅਸ' ਧਾਤੂ ਤੋਂ ਹੈ, ਜਿਸ ਤੋਂ ਭਾਵ ਹੈ ਹੋਣਾ। ਪ੍ਰਭੂ ਨੂੰ ਸਤਕ ਸੰਬੋਧਨ ਕਰਨ ਦੀ ਪਰੰਪਰਾ ਮੂਲ ਭਾਰਤੀ ਹੈ। ਛਾਂਦੋਗ ਉਪਨਿਸ਼ਦ ਵਿਚ 'ਏਤਸਯ ਬ੍ਰਹਮਣੋ ਨਾਮ ਸਤਯਮਿਤਿ' (ਉਸ ਬ੍ਰਹਮ ਦਾ ਨਾਮ ਹੀ ਸਤਿ ਹੈ) ਕਿਹਾ ਗਿਆ ਹੈ।[1] ਮਹਾਂਭਾਰਤ ਦੇ ਸ਼ਾਂਤੀ ਪਰਵ ਵਿਚ 'ਸਤਿ' ਨੂੰ ਅਮਰ ਕਿਹਾ ਗਿਆ ਹੈ, ਜੋ ਅਬਿਨਾਸ਼ੀ ਹੈ, ਸਦਾ ਇਕ ਰਸ, ਇਕ ਸਮਾਨ ਰਹਿਣ ਵਾਲਾ ਹੈ, ਕਦੀ ਬਦਲਣ ਵਾਲਾ ਨਹੀਂ। ਗੁਰੂ ਸਾਹਿਬਾਨ ਨੇ 'ਸਤ' ਜਾਂ 'ਸੱਚ' ਦਾ ਸ਼ਬਦ ਪਰਮਾਤਮਾ ਲਈ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ।[2] ਗੁਰੂ ਨਾਨਕ ਬਾਣੀ ਵਿਚ ਸਤਿ ਜਾਂ ਸੱਚ ਦੀ ਵਰਤੋਂ ਦੀਆਂ ਕੁਝ ਪੰਕਤੀਆਂ ਵੇਖੋ:

---

1. ਗੁਰੂ ਗ੍ਰੰਥ ਸਾਹਿਬ, ਏਕ ਸਾਹਿਤਿਕ ਸਰਵੇਖਣ, ਪੰਨਾ 248.
2. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 65.

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥[1] (ਜਪੁ ਜੀ)

• • •

ਸਾਚਾ ਸਚੁ ਸੋਈ ਅਵਰੁ ਨ ਕੋਈ ॥
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥ (ਮਾਰੂ ਸੋਹਲੇ) 1020

## ਸਤਿਅੰ, ਸ਼ਿਵੰ, ਸੁੰਦਰੰ

ਭਾਰਤੀ ਧਰਮ ਪਰੰਪਰਾ ਅਨੁਸਾਰ ਸਤਿ ਤੋਂ ਬਿਨਾਂ ਸ਼ਿਵੰ (ਕਲਿਆਣਕਾਰੀ) ਅਤੇ ਸੁੰਦਰੰ ਗੁਣ ਵੀ ਪਰਮਾਤਮਾ ਵਿਚ ਵਿਦਮਾਨ ਦੇਖੇ ਗਏ ਹਨ। ਗੁਰਬਾਣੀ ਵਿਚ ਪਰਮਾਤਮਾ ਦੇ ਇਨ੍ਹਾਂ ਤਿੰਨਾਂ ਗੁਣਾਂ ਦਾ ਵੀ ਵਰਨਨ ਹੈ:

ਸਤਿ ਸੁਹਾਣੁ ਸਦਾ ਮਨਿ ਚਾਉ ॥ (ਪਉੜੀ 21)

ਸੁਅਸਤ ਸ਼ਬਦ ਸੁੰਦਰਤਾ ਅਤੇ ਕਲਿਆਣ ਦੋਹਾਂ ਭਾਵਾਂ ਦਾ ਲਖਾਇਕ ਹੈ।[2] ਸੁੰਦਰ ਲਈ ਸੁਆਲਿਉ ਅਤੇ ਰੂੜੇ ਸ਼ਬਦ ਵੀ ਵਰਤੇ ਹਨ:

ਕੇਤਾ ਤਾਣੁ ਸੁਆਲਿਹੁ ਰੂਪੁ ॥ (ਜਪੁ ਜੀ - 16)

• • •

ਰੂੜੋ ਰੂੜੋ ਆਖੀਐ ਭਾਈ ਰੂੜੋ ਲਾਲ ਚਲੂਲੁ ॥ (ਸੋਰਠਿ ਮ:1) 637

ਇਕੋ ਹੀ ਮੂਰਤੀ ਨਿਰਗੁਣ ਹੈ ਅਤੇ ਗੁਣਾਂ ਦੀ ਸਰੂਪ, ਇਕ ਵੀ ਹੈ ਅਨੇਕ ਵੀ, ਨਿਰਾਕਾਰ ਵੀ ਹੈ ਸਾਕਾਰ ਵੀ, ਦੂਰ ਵੀ ਹੈ ਅਤੇ ਨੇੜੇ ਵੀ, ਸਭ ਤੋਂ ਪਰ੍ਹੇ ਵੀ ਅਤੇ ਸਭ ਵਿਚ ਵਿਦਮਾਨ ਹੈ। ਗੁਰੂ ਨਾਨਕ ਬਾਣੀ ਵਿਚ ਇਕੋ ਦੇ ਹੀ ਦੋਵੇਂ ਰੂਪ ਪਰੰਪਰਾ ਅਨੁਸਾਰ ਕਥਨ ਕੀਤੇ ਗਏ ਹਨ। ਇਸ ਭਾਵ ਦੀਆਂ ਕੁਝ ਪੰਕਤੀਆਂ ਦੇਖੋ:

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥
(ਧਨਾਸਰੀ) 12

• •

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥
(ਸਿਰੀ ਰਾਗ) 23

• •

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥
(ਧਨਾਸਰੀ) 13

---

1. 'This is a translation of the Rigvedic text, though it is here made to refer to God Himself' (Kapur Singh, Prashara Prasna) p.89.
2. ਡਾ: ਮੋਹਨ ਸਿੰਘ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰਨਾ 59.

## ਜੀਵਾਤਮਾ ਦਾ ਸੰਕਲਪ

ਭਾਵੇਂ ਉਪਨਿਸ਼ਦ-ਕਾਲ ਵਿਚ ਪਹਿਲੀ ਵਾਰੀ ਆਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਨੂੰ ਵਿਚਾਰਿਆ ਅਤੇ ਸਪਸ਼ਟ ਕੀਤਾ ਗਿਆ ਹੈ[1] ਪਰ ਇਸ ਪਰੰਪਰਾ ਦਾ ਮੂਲ ਰਿਗ ਵੇਦ (1/164/20) ਵਿਚ ਵੇਖਿਆ ਜਾ ਸਕਦਾ ਹੈ, ਜਿਥੇ ਬ੍ਰਹਮ ਅਤੇ ਆਤਮਾ ਨੂੰ ਇਕ ਰੁਖ ਤੇ ਬੈਠੇ ਦੋ ਪੰਛੀਆਂ ਨਾਲ ਤੁਲਨਾ ਦਿੱਤੀ ਗਈ ਹੈ। ਇਕ ਉਸ ਰੁਖ ਤੋਂ ਫਲ ਖਾਈ ਜਾਂਦਾ ਹੈ ਅਤੇ ਦੂਜਾ ਸਾਖੀ ਰੂਪ ਵਿਚ ਵੇਖਦਾ ਰਹਿੰਦਾ ਹੈ। ਸ੍ਵੇਤਾਸ਼ਵੇਰ ਸੂਤਰ ਉਪਨਿਸ਼ਦ (4/6) ਵਿਚ ਵੀ ਇਸ ਪ੍ਰਕਾਰ ਦਾ ਚਿਤ੍ਰਨ ਹੈ।

ਆਤਮਾ ਪਰਮਾਤਮਾ ਦਾ ਰੂਪ ਹੈ, ਅੰਸ਼ ਹੈ, ਅਗਨੀ ਵਿਚੋਂ ਉਠਮੀ ਚੰਗਿਆੜੀ ਹੈ, ਜੋ ਉਸਦੇ ਨਿਕਟ ਹੋ ਕੇ ਉਸੇ ਤਰ੍ਹਾਂ ਹੀ ਬਣ ਜਾਂਦੀ ਹੈ। ਇਹ ਪਰਮਾਤਮਾ ਦਾ ਰੂਪ ਹੈ, ਪਰ ਪਰਮਾਤਮਾ ਨਹੀਂ ਹੈ। ਗੋਕਲ ਚੰਦ ਨਾਰੰਗ ਅਨੁਸਾਰ 'ਜਿਥੋਂ ਤਕ ਸਤ੍ਹਾ ਅਤੇ ਚੇਤਨਤਾ ਦਾ ਸੰਬੰਧ ਹੈ ਆਤਮਾ ਪਰਮਾਤਮਾ ਇਕ ਹੀ ਹਨ, ਪਰ ਜਿਥੋਂ ਤਕ ਗਿਆਨ, ਸ਼ਕਤੀ ਅਤੇ ਅਨੰਦ ਦਾ ਸੰਬੰਧ ਹੈ, ਵੱਡਾ ਭੇਦ ਹੈ। ਇਹ ਠੀਕ ਹੈ ਕਿ ਜੀਵ ਸਮੁੰਦਰ ਦਾ ਕਤਰਾ ਹੈ, ਅੱਗ ਦੀ ਚੰਗਿਆੜੀ ਹੈ, ਪਰ ਕਤਰਾ ਇਕ ਕਤਰਾ ਹੀ ਹੈ, ਤੁਪਕਾ ਇਕ ਤੁਪਕਾ ਹੀ ਹੈ। ਸੂਰਜ ਦੀਆਂ ਕਿਰਣਾਂ ਸੂਰਜ ਨਹੀਂ ਹਨ।[2]

ਆਤਮਾ ਪਰਮਾਤਮਾ ਵਾਂਗ ਸਤਿ ਹੈ। ਕਠ ਉਪਨਿਸ਼ਦ (2.18-19) ਅਨੁਸਾਰ ਇਹ ਸਰੀਰ ਦੇ ਖ਼ਤਮ ਹੋਣ ਨਾਲ ਮਰਦੀ ਨਹੀਂ ਹੈ। ਜੋ ਮਾਰਨ ਵਾਲਾ ਕਹਿੰਦਾ ਹੈ ਕਿ ਮੈਂ ਇਸ ਨੂੰ ਮਾਰ ਰਿਹਾ ਹਾਂ ਅਤੇ ਮਾਰ ਖਾਣ ਵਾਲਾ ਕਹਿੰਦਾ ਹੈ ਕਿ ਮੈਂ ਮਰ ਰਿਹਾ ਹਾਂ ਤਾਂ ਉਹ ਦੋਵੇਂ ਹੀ ਆਤਮਾ ਨੂੰ ਨਹੀਂ ਜਾਣਦੇ, ਕਿਉਂਕਿ ਨਾ ਤਾਂ ਇਹ ਆਤਮਾ ਮਰਦੀ ਹੈ ਅਤੇ ਨਾ ਹੀ ਇਸ ਨੂੰ ਮਾਰਿਆ ਜਾਂਦਾ ਹੈ। ਗੀਤਾ ਵਿਚ ਵੀ ਆਤਮਾ ਨੂੰ ਅਬਿਨਾਸ਼ੀ ਕਿਹਾ ਹੈ। ਇਹ ਗੁਣਾਂ ਦਾ ਸੰਗ ਕਰਕੇ ਚੰਗੀਆਂ ਮੰਦੀਆਂ ਜੂਨਾਂ ਵਿਚ ਪੈਂਦੀ ਹੈ (13.21)।

ਗੁਰੂ ਨਾਨਕ ਬਾਣੀ ਅਨੁਸਾਰ ਵੀ ਆਤਮਾ ਪਰਮਾਤਮਾ ਦਾ ਰੂਪ ਹੈ। ਇਸ ਦੀ ਸੋਝੀ ਗੁਰੂ ਦੇ ਸ਼ਬਦ ਜਾਂ ਗੁਰੂ ਦੇ ਦਰਬਾਰ ਤੋਂ ਹੀ ਹੋ ਸਕਦੀ ਹੈ। ਇਸ ਪ੍ਰਸੰਗ ਵਿਚ ਆਪ ਦੀਆਂ ਕੁਝ ਪੰਕਤੀਆਂ ਇਹ ਹਨ:

---

1. Balwant Singh, Guru Nanak and Indian Religious Thought, p.194.
2. Gokal Chand Narang, Real Hinduism, p.72.

ਆਤਮਾ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ।
(ਮਾਰੂ)1030

ਦੋਵੇਂ ਇਕ ਦੂਜੇ ਵਿਚ ਓਤ ਪੋਤ ਹਨ। ਸਾਗਰ ਵਿਚ ਬੂੰਦ ਹੈ ਅਤੇ ਬੂੰਦ ਵਿਚ ਸਾਗਰ:

ਆਤਮਾ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।
(ਭੈਰਉ)1153

...

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ।
(ਰਾਮਕਲੀ)878

ਗੁਰੂ ਨਾਨਕ ਬਾਣੀ ਵਿਚ ਵੀ ਆਤਮਾ ਦੀ ਅਮਰਤਾ ਦਾ ਵਿਚਾਰ ਦ੍ਰਿੜ੍ਹ ਕਰਾਇਆ ਗਿਆ ਹੈ, ਜਿਵੇਂ:

ਨਾ ਜੀਉ ਮਰੈ ਨ ਮਾਰਿਆ ਜਾਈ।
ਕਰਿ ਦੇਖੈ ਸਬਦਿ ਰਜਾਈ ਹੇ। (ਮਾਰੂ)1020

ਆਤਮਾ ਪਰਮਾਤਮਾ ਦਾ ਰੂਪ ਹੈ। ਆਤਮਾ ਨੂੰ ਜਾਣਿਆਂ ਪਰਮਾਤਮਾ ਦੀ ਸੋਝੀ ਹੋ ਜਾਂਦੀ ਹੈ। ਇਸੇ ਤਰ੍ਹਾਂ ਉਪਨਿਸ਼ਦਾਂ ਵਾਂਗ ਗੁਰੂ ਨਾਨਕ ਬਾਣੀ ਵਿਚ ਵੀ ਆਤਮਾ ਨੂੰ ਜਾਣਨ ਤੇ ਬਲ ਦਿੱਤਾ ਗਿਆ ਹੈ:

ਆਤਮੁ ਚੀਨਿ ਪਰਾਤਮੁ ਚੀਨ੍ਹਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ।
(ਮਾਰੂ ਮ:1)1030

...

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।
(ਆਸਾ ਮ:੧)421

ਪਰ ਵੇਦਾਂਤ ਜਿਥੇ ਆਤਮਾ ਨੂੰ ਪਰਮਾਤਮਾ ਮੰਨ ਕੇ ਅਹੰਬ੍ਰਹਮਅਸਮੀ ਦਾ ਨਾਅਰਾ ਲਗਾਉਂਦਾ ਹੈ, ਉਥੇ ਗੁਰੂ ਨਾਨਕ ਬਾਣੀ ਅਨੁਸਾਰ ਅੰਸ਼ ਸੰਪੂਰਨ(ਅੰਸ਼ੀ)ਨਹੀਂ ਹੋ ਸਕਦਾ। ਉਸੇ ਤਰ੍ਹਾਂ ਜਿਵੇਂ ਬੂੰਦਾਂ ਸਮੁੰਦਰ ਨਹੀਂ ਜਾਂ ਕਿਰਨ ਸੰਪੂਰਨ ਸੂਰਜ ਨਹੀਂ। ਮੁਕਤ ਆਤਮਾਵਾਂ ਵੀ ਪ੍ਰਭੂ ਵਿਚ ਅਭੇਦ ਹੋ ਕੇ ਪ੍ਰਭੂ ਦਾ ਰੂਪ ਤਾਂ ਬਣ ਜਾਂਦੀਆਂ ਹਨ ਪਰ ਪ੍ਰਭੂ ਨਹੀਂ। ਵਿਸ਼ਵਾਤਮਾ ਵਿਚ ਆਤਮਾ ਅਭੇਦ ਹੋ ਜਾਂਦੀ ਹੈ। ਵਖਰੇਵੇਂ ਵਾਲਾ ਪਰਦਾ ਨਹੀਂ ਰਹਿੰਦਾ। ਦ੍ਵੈਤ ਭਾਵ ਨਹੀਂ ਰਹਿੰਦਾ। ਉਸ ਅਵਸਥਾ ਬਾਰੇ ਕਿਹਾ ਹੈ:

ਆਤਮਾ ਪਰਾਤਮਾ ਏਕੋ ਕਰੈ। ਅੰਤਰਿ ਕੀ ਦੁਬਿਧਾ ਅੰਤਰਿ ਮਰੈ।
(ਧਨਾਸਰੀ)661

ਗੁਰੂ ਨਾਨਕ ਬਾਣੀ ਵਿਚ ਜਿਥੇ ਵੇਦਾਂਤ ਦੇ 'ਸੋਹੰ' ਸ਼ਬਦ ਦਾ ਉਲੇਖ ਹੈ ਉਥੇ ਇਸ ਤੋਂ ਭਾਵ ਅਭੇਦਤਾ ਦੀ ਅਵਸਥਾ ਦਾ ਵਰਣਨ ਕਰਨਾ ਹੈ। ਇਹ ਸਾਧਨਾਂ ਦੀ ਸਿਖਰ ਹੈ। ਇਸ ਭਾਵ ਨੂੰ ਪ੍ਰਗਟ ਕਰਨ ਵਾਲੀਆਂ ਗੁਰੂ ਨਾਨਕ ਦੀਆਂ ਦੋ ਪੰਕਤੀਆਂ ਇਹ ਹਨ:

ਸੋਹੰ ਆਪੁ ਪਛਾਣੀਐ ਸਬਦਿ ਭੇਦ ਪਤੀਆਇ। (ਸਿਰੀ)60

...

ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ।
(ਮਾਰੂ)1093

**ਸਰੀਰ ਅਤੇ ਆਤਮਾ**

ਆਤਮਾ ਸਰੀਰ ਦਾ ਚੋਲਾ ਪਾ ਕੇ ਜਗਤ ਵਿਚ ਆਉਂਦੀ ਹੈ ਅਤੇ ਪੁਰਾਣਾ ਹੋ ਜਾਣ ਤੇ ਤਿਆਗ ਦਿੰਦੀ ਹੈ ਅਤੇ ਫਿਰ ਨਵਾਂ ਪਹਿਨ ਲੈਂਦੀ ਹੈ। ਸਰੀਰ ਆਤਮਾ ਦਾ ਮੰਦਰ ਹੈ, ਨਿਵਾਸ ਸਥਾਨ ਹੈ। ਸੁਆਮੀ ਵਿਵੇਕਾਨੰਦ ਨੇ ਕਿਹਾ ਸੀ ਕਿ ਹਰ ਆਤਮਾ ਇਕ ਗੋਲਦਾਇਰਾ ਹੈ, ਜਿਸਦਾ ਘੇਰਾ ਕਿਧਰੇ ਵੀ ਨਹੀਂ, ਪਰ ਜਿਸਦਾ ਕੇਂਦਰ ਸਰੀਰ ਵਿਚ ਹੈ ਅਤੇ ਮ੍ਰਿਤੂ ਤੋਂ ਭਾਵ ਹੈ ਇਸ ਕੇਂਦਰ ਦਾ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਜਾਣਾ। ਮੈਤ੍ਰੀਉਪਨਿਸ਼ਦ ਵਿਚ ਸਰੀਰ ਨੂੰ ਰੱਥ ਕਿਹਾ ਹੈ।[1] ਗੁਰੂ ਨਾਨਕ ਬਾਣੀ ਵਿਚ ਵੀ ਸਰੀਰ ਅਤੇ ਆਤਮਾ ਲਈ ਰਥ ਅਤੇ ਰਥਵਾਨ ਦੇ ਰੂਪਕ ਵਰਤੇ ਗਏ ਹਨ:

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ।
(ਵਾਰ ਆਸਾ) 470

ਗੁਰੂ ਨਾਨਕ ਬਾਣੀ ਵਿਚ ਵੀ ਦੱਸਿਆ ਹੈ ਕਿ ਸਰੀਰ ਅਤੇ ਆਤਮਾ ਦਾ ਸੰਜੋਗ ਪਰਮਾਤਮਾ ਆਪ ਬਣਾ ਕੇ ਭੇਜਦਾ ਹੈ ਅਤੇ ਫਿਰ ਆਪ ਹੀ ਵਿਛੋੜਦਾ ਹੈ। ਆਤਮਾ ਲਈ ਹੰਸ ਰੂਪਕ ਵੀ ਪਰੰਪਰਾਗਤ ਹੈ:

ਕਾਇਆ ਹੰਸ ਸੰਜੋਗੁ ਮੇਲਿ ਮਿਲਾਇਆ।
(ਵਾਰ ਮਾਝ ਮ:੧) 139

ਸਰੀਰ ਅਤੇ ਆਤਮਾ ਦੋਵੇਂ ਹੀ ਪ੍ਰਭੂ ਦੇ ਹੁਕਮ ਨਾਲ ਦੇਹ ਵਿਚ ਆਉਂਦੇ ਹਨ:

ਹੁਕਮੀ ਹੋਵਨਿ ਜੀਅ

—

ਹੁਕਮੀ ਹੋਵਨਿ ਆਕਾਰ। (ਜਪੁ ਜੀ)

ਆਤਮਾ ਵਿਚ ਪਰਮਾਤਮਾ ਦਾ ਨਿਵਾਸ ਹੈ ਅਤੇ ਆਤਮਾ ਦਾ ਸਰੀਰ ਵਿਚ। ਇਸ ਤਰ੍ਹਾਂ ਸਰੀਰ ਵੀ ਹਰੀ ਦਾ ਨਿਵਾਸ ਅਸਥਾਨ ਹੈ। ਗੁਰੂ ਨਾਨਕ ਦੇ ਕਥਨ ਅਨੁਸਾਰ:

ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ। (ਸੋਰਠ ਮ:1) 597

ਪਰ ਆਤਮਾ ਸਰੀਰ ਨਹੀਂ। ਆਤਮਾ ਪਰਮਾਤਮਾ ਦਾ ਰੂਪ ਹੈ। ਵੇਦਾਂਤ ਵਿਚ ਇਹ ਚਾਰ ਸ਼ਬਦ ਇਸ ਵਿਸ਼ੇ ਦਾ ਸਾਰ ਹਨ: ਦੇਹੰ ਨਾਹੰ ਅਰਥਾਤ ਮੈਂ (ਆਤਮਾ) ਸਰੀਰ ਨਹੀਂ ਹਾਂ। ਫਿਰ ਪ੍ਰਸ਼ਨ ਹੈ: ਕੋਹੰ-ਅਰਥਾਤ ਕੀ ਹੈ? ਉੱਤਰ ਹੈ: ਸੋਹੰ, ਅਰਥਾਤ 'ਮੈਂ ਉਹ ਹਾਂ' ਅਰਥਾਤ ਆਤਮਾ ਪਰਮਾਤਮਾ ਹੈ।

**ਸਰੀਰ-ਆਤਮਾ ਅਤੇ ਪ੍ਰਾਣ**

ਸਰੀਰ, ਆਤਮਾ ਅਤੇ ਪ੍ਰਾਣ ਦਾ ਅਨਿੱਖੜ ਰਿਸ਼ਤਾ ਹੈ। ਆਤਮਾ ਸਵਾਸ ਦੇ ਪੰਘੂੜੇ ਵਿਚ ਬਹਿ ਕੇ ਸਰੀਰ ਦੇ ਹਿਰਦੇ ਵਿਚ ਪਰਵੇਸ਼ ਕਰਦੀ ਹੈ ਅਤੇ ਜਦ ਤਕ ਸਵਾਸ ਰਹਿੰਦੇ ਹਨ, ਇਕ

---

1. ਜਪੁਜੀ- ਇਕ ਤੁਲਨਾਤਮਕ ਅਧਿਐਨ ਉਤੇ ਉਦਧ੍ਰਿਤ, ਪੰਨਾ

ਸੁਰ ਸਹਿਤ ਰਹਿੰਦੀ ਹੈ ਅਤੇ ਜਾਣ ਲਵਿਆਂ ਸਵਾਸ ਦੀ ਡੋਰੀ ਵਿਚ ਬੱਧ ਹੋ ਹੀ ਜਾਂਦੀ ਹੈ। ਸਵਾਸ ਸਰੀਰ ਦਾ ਜੀਵਨ ਹਨ। ਸਰੀਰ ਅੰਦਰ ਦੇ ਸਾਰੇ ਸਥੂਲ ਤੇ ਸੂਖਮ ਪੁਰਜ਼ੇ ਸਵਾਸ ਨਾਲ ਹੀ ਹਰਕਤ ਵਿਚ ਰਹਿੰਦੇ ਹਨ। ਇਸਦੇ ਨਿਕਲਣ ਨਾਲ ਮਸ਼ੀਨਰੀ ਦੀ ਸਾਰੀ ਹਰਕਤ ਬੰਦ ਹੋ ਜਾਂਦੀ ਹੈ। ਉਪਨਿਸ਼ਦਾਂ ਵਿਚ ਪ੍ਰਾਣੀ ਨੂੰ ਸੋਖੀ ਕਿਹਾ ਹੈ, ਜਦੋਂ ਕੋਈ ਸਉਂਦਾ ਹੈ ਬਾਣੀ ਪ੍ਰਾਣ ਵਿਚ ਚਲੀ ਜਾਂਦੀ ਹੈ। ਦ੍ਰਿਸ਼ਟੀ ਪ੍ਰਾਣ ਵਿਚ, ਸੁਣਨਾ ਪ੍ਰਾਣ ਵਿਚ ਚਲਾ ਜਾਂਦਾ ਹੈ, ਮਨ ਪ੍ਰਾਣ ਵਿਚ ਚਲਾ ਜਾਂਦਾ ਹੈ। ਪ੍ਰਾਣ ਸਭ ਨੂੰ ਆਪਣੇ ਵਿਚ ਸਮਾ ਲੈਂਦਾ ਹੈ। ਜੀਵਨ ਪ੍ਰਾਣ ਹੈ ਅਤੇ ਪ੍ਰਾਣ ਜੀਵਨ।[1]

ਗੁਰੂ ਨਾਨਕ ਬਾਣੀ ਵਿਚ ਵੀ ਪ੍ਰਾਣਾਂ ਨੂੰ ਬੜਾ ਮਹੱਤਵ ਦਿੱਤਾ ਹੈ। ਜਪੁਜੀ ਦੇ ਅੰਤਿਮ ਸਲੋਕ ਵਿਚ ਪਵਨ(ਪ੍ਰਾਣ) ਨੂੰ ਗੁਰੂ ਕਿਹਾ ਹੈ ਅਤੇ ਸਰੀਰ ਇਸੇ ਦੇ ਵੱਸ ਹੀ ਹੈ:

ਪਵਣੈ ਕੈ ਵਸਿ ਦੇਹੁਰੀ। (ਸਿਰੀ ਰਾਗ)63

ਪਰ ਗੁਰੂ ਨਾਨਕ ਨੇ ਸਵਾਸਾਂ ਦੀ ਕ੍ਰਿਆ ਨੂੰ ਮਨੁੱਖ ਜੀਵਨ ਦਾ ਪ੍ਰਯੋਜਨ ਨਹੀਂ ਰਹਿਣ ਦਿੱਤਾ ਜਿਵੇਂ ਕਿ ਜੋਗੀ ਸਵਾਸਾਂ ਨੂੰ ਕਾਬੂ ਕਰਕੇ ਉਮਰ ਲੰਮੀ ਕਰ ਲੈਂਦੇ ਹਨ। ਇਹ ਠੀਕ ਹੈ ਕਿ ਮਨ ਦਾ ਜੀਵਨ ਪਵਨ ਹੈ, ਪਰ ਪਵਨ ਨੂੰ ਰਸ ਜਾਂ ਸ਼ਕਤੀ ਕਿਥੋਂ ਮਿਲਦੀ ਹੈ? ਗੁਰੂ ਨਾਨਕ ਅਨੁਸਾਰ ਸ਼ਬਦ ਹੀ ਇਨ੍ਹਾਂ ਸਵਾਸਾਂ ਦਾ ਆਧਾਰ ਹੈ।[2] ਸਿਧ ਗੋਸਟਿ ਵਿਚ ਪ੍ਰਸ਼ਨ ਹੈ:

ਮਨ ਕਾ ਜੀਉ ਪਵਨੁ ਕਥੀਅਲੇ, ਪਵਨੁ ਕਹਾ ਰਸੁ ਖਾਈ।
(ਗੁਰੂ ਗ੍ਰੰਥ)944

ਉੱਤਰ ਹੈ:

ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ।
(ਗੁਰੂ ਗ੍ਰੰਥ)945

## ਜਗਤ ਰਚਨਾ

ਜਗਤ ਦੀ ਰਚਨਾ ਕਦੋਂ ਅਤੇ ਕਿਵੇਂ ਹੋਈ? ਜਾਨਣ ਤੋਂ ਪਹਿਲਾਂ ਇਹ ਪ੍ਰਸ਼ਨ ਉਠਦਾ ਹੈ ਕਿ ਰਚਨਾ ਤੋਂ ਪਹਿਲਾਂ ਕੀ ਸੀ। ਇਸ ਪ੍ਰਸ਼ਨ ਦਾ ਉੱਤਰ ਪ੍ਰਥਮ ਵੇਦ 'ਰਿਗ' ਵਿਚ ਹੀ ਮਿਲ ਜਾਂਦਾ ਹੈ। ਰਿਗ ਵੇਦ(10/129/3)ਵਿਚ ਲਿਖਿਆ ਹੈ ਕਿ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਇਹ ਸਾਰਾ ਜਗਤ ਹਨੇਰੇ ਨਾਲ ਕਜਿਆ ਹੋਇਆ ਸੀ ਅਤੇ ਸਮਝਿਆ ਨਹੀਂ ਸੀ ਜਾ ਸਕਦਾ। ਪਿਛੋਂ ਪਰਮਾਤਮਾ ਨੇ ਕਾਰਜ ਰੂਪ ਤੋਂ ਕਾਰਨ ਰੂਪ ਕਰ ਦਿੱਤਾ। ਮਨੂੰ ਸਿਮ੍ਰਤੀ(1.5) ਵਿਚ ਵੀ ਇਹ ਵਿਚਾਰ ਦਿੱਤਾ ਹੈ ਕਿ ਇਹ ਸਭ ਜਗਤ ਸ੍ਰਿਸ਼ਟੀ ਤੋਂ ਪਹਿਲਾਂ ਅੰਧਕਾਰ ਹੀ ਸੀ ਅਤੇ ਪਰਲੋ ਹੋਣ ਪਿਛੋਂ ਵੀ ਫਿਰ ਉਹੋ ਜਿਹਾ ਹੀ ਹੁੰਦਾ ਸੀ। ਉਸ ਸਮੇਂ ਨਾ ਕੋਈ ਇਸ ਨੂੰ ਜਾਣ ਸਕਦਾ

---

1. ਜਪੁਜੀ - ਇਕ ਤੁਲਨਾਤਮਕ ਅਧਿਐਨ, ਪੰਨਾ 99.
2. ਉਹੀ, ਪੰਨਾ 101.

ਸੀ, ਨਾ ਤਰਕ ਵਿਚ ਲਿਆ ਸਕਦਾ ਸੀ। ਸਭ ਪਾਸੇ ਘੋਰ ਹਨੇਰੀ ਅਵਸਥਾ ਸੀ।[1] ਗੀਤਾ ਦੇ ਸਲੋਕ(14.3) ਦੀ ਵਿਆਖਿਆ ਕਰਦਿਆਂ ਵੀ ਲਿਖਿਆ ਗਿਆ ਹੈ ਕਿ ਪਹਿਲਾਂ ਹਨੇਰਾ ਜਾਂ ਸੁੰਨੀ ਸੁੰਨ ਸੀ, ਜਿਸ ਪਿਛੋਂ ਇਹ ਸਾਰੇ ਰੂਪ ਹੋਂਦ ਵਿਚ ਆਏ।[2]

ਗੁਰੂ ਨਾਨਕ ਬਾਣੀ ਵਿਚ ਵੀ ਇਹ ਪਰੰਪਰਾਗਤ ਵਿਚਾਰ ਮਿਲਦਾ ਹੈ ਕਿ ਆਰੰਭ ਵਿਚ ਧੁੰਧੂਕਾਰ ਜਾਂ ਹਨੇਰਾ ਸੀ, ਜਿਵੇਂ:

ਕੇਤਿਆ ਜੁਗ ਧੁੰਧੂਕਾਰੈ॥ ਤਾੜੀ ਲਾਈ ਸਿਰਜਣਹਾਰੈ।
ਸਚੁ ਨਾਮੁ ਸਚੀ ਵਡਿਆਈ, ਸਾਚੈ ਤਖਤਿ ਵਡਾਈ ਹੇ॥[2] (ਮਾਰੂ ਸੋਲਹੇ) 1023.

<u>ਰਚਨਾ ਦਾ ਕਾਰਣ</u>

ਪਰਮਾਤਮਾ ਨੇ ਰਚਨਾ ਕਿਉਂ ਕੀਤੀ? ਇਸ ਬਾਰੇ ਵੀ ਗੁਰੂ ਨਾਨਕ ਬਾਣੀ ਦੀ ਪਰੰਪਰਾ ਨਾਲ ਸਾਂਝ ਹੈ। ਪੁਰਾਤਨ ਗ੍ਰੰਥਾਂ ਦੇ ਆਧਾਰ ਤੇ ਵਿਦਵਾਨਾਂ ਨੇ ਇਹ ਨਿਰਣਾ ਕੀਤਾ ਹੈ ਕਿ ਜਗਤ ਦੀ ਰਚਨਾ ਪਰਮਾਤਮਾ ਦਾ ਸੁਭਾਅ ਹੈ, ਜਿਵੇਂ ਕਿ ਅਗਨੀ ਦਾ ਸੁਭਾਅ ਹੈ ਸੇਕ ਅਤੇ ਰੋਸ਼ਨੀ।[3] ਪ੍ਰਸ਼ਨ ਉਪਨਿਸ਼ਦ(4) ਤੈਤਰੀ ਉਪਨਿਸ਼ਦ(2.6) ਅਤੇ ਮੈਤਰੀ ਉਪਨਿਸ਼ਦ(1.1) ਵਿਚ ਦੱਸਿਆ ਹੈ ਕਿ ਏਕ(ਪਰਮਾਤਮਾ) ਨੇ ਅਨੇਕ ਹੋਣ ਦੀ ਇੱਛਾ ਨਾਲ ਜਗਤ ਦੀ ਰਚਨਾ ਕੀਤੀ। ਗੁਰੂ ਨਾਨਕ ਦਾ ਕਥਨ ਹੈ:

ਜਾ ਤਿਸੁ ਭਾਣਾ ਤਾਂ ਜਗਤੁ ਉਪਾਇਆ।
ਬਾਝੁ ਕਲਾ ਆਡਾਣੁ ਰਹਾਇਆ। (ਮਾਰੂ) 1033

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ। (ਆਸਾ ਪੱਟੀ) 433.

<u>ਕਿਵੇਂ ਰਚੀ?</u>

ਉਪਨਿਸ਼ਦਾਂ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਨੇ ਆਪਣੇ ਆਪ ਤੋਂ ਕੀਤੀ ਹੈ। ਮੁੰਡਕ ਉਪਨਿਸ਼ਦ(1.1.7) ਵਿਚ ਦ੍ਰਿਸ਼ਟਾਂਤ ਦੁਆਰਾ ਦੱਸਿਆ ਹੈ ਕਿ ਜਿਵੇਂ ਮਕੜੀ ਆਪਣੇ ਤੋਂ ਜਾਲਾ ਬਣਾ ਲੈਂਦੀ ਹੈ, ਰਚਨਾ ਵੀ ਉਸੇ ਤਰ੍ਹਾਂ ਹੀ ਹੋਈ ਹੈ। ਮੁੰਡਕ ਉਪਨਿਸ਼ਦ(2.1.1) ਅਨੁਸਾਰ ਜੀਵ ਚੰਗਿਆੜੀਆਂ ਵਾਂਗ ਬ੍ਰਹਮ-ਅਗਨੀ ਤੋਂ ਉਪਜ ਕੇ ਉਸੇ ਵਿਚ ਹੀ ਸਮਾ ਜਾਂਦੇ ਹਨ। ਕੁਝ ਉਪਨਿਸ਼ਦਾਂ ਅਤੇ ਗੀਤਾ ਦੇ ਕੁਝ ਸਲੋਕਾਂ ਵਿਚ ਸਮੁੱਚੀ ਰਚਨਾ ਨੂੰ ਅਨਾਦਿ ਵੀ ਮੰਨਿਆ ਹੈ। ਗੁਰਬਾਣੀ ਵਿਚ ਕੇਵਲ ਇਹੋ ਵਿਚਾਰ ਹੀ ਹੈ ਕਿ ਸਾਰੀ ਰਚਨਾ ਦਾ ਕਰਤਾ ਇਕੋ 'ਕਰਤਾ ਪੁਰਖ' ਹੈ। ਉਸ ਨੇ ਕਿਧਰੋਂ ਹੋਰ ਥਾਂ ਤੋਂ ਸਮੱਗ੍ਰੀ ਨਹੀਂ ਲਈ, ਸਗੋਂ ਆਪ ਹੀ ਆਪਣੇ ਆਪ ਨੂੰ

---

1. ਧਰਮਾਨੰਦ ਸਿੰਘ, ਵੈਦਿਕ ਗੁਰਮਤਿ, ਪੰਨੇ x, xi
2. ਹੋਰ ਵੇਖੋ ਗੁਰੂ ਗ੍ਰੰਥ ਸਾਹਿਬ, ਪੰਨੇ 1026 ਅਤੇ 1035.
3. D.S.Sarma, A Primer of Hinduism, p.120.

ਸਾਜਿਆ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ। (ਵਾਰ ਆਸਾ)463

...

ਤੁਧੁ ਸੰਸਾਰੁ ਉਪਾਇਆ। ਸਿਰੇ ਸਿਰਿ ਧੰਧੇ ਲਾਇਆ। (ਸਿਰੀ ਰਾਗੁ)71

ਇਹ ਸ੍ਰਿਸ਼ਟੀ ਉਸ ਨੇ ਕਿਵੇਂ ਰਚੀ, ਇਸ ਬਾਰੇ ਤਾਂ ਸਿਰਜਣਹਾਰ ਆਪ ਹੀ ਜਾਣਦਾ ਹੈ। ਮਨੁੱਖ ਵਿਚ ਸਮਰਥਾ ਨਹੀਂ ਕਿ ਪੂਰਨ ਤੌਰ ਤੇ ਉਸ ਬਾਰੇ ਕਹਿ ਸਕੇ। ਗੁਰੂ ਨਾਨਕ ਦੇਵ ਜੀ ਇਸ ਬਾਰੇ ਇੰਨਾ ਹੀ ਕਹਿਣਾ ਉਚਿਤ ਸਮਝਦੇ ਹਨ:

ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ।
(ਵਾਰ ਆਸਾ)466

ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੈ।
(ਵਡਹੰਸ ਮ:੧)581

ਜਾਂ ਇਹ ਕਿਹਾ ਹੈ ਕਿ ਉਸਦੇ ਇਕੋ ਹੁਕਮ ਨਾਲ ਜਾਂ ਸ਼ਬਦ ਨਾਲ ਪਸਾਰਾ ਹੋਇਆ ਹੈ:

ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ।
(ਜਪੁਜੀ)

...

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।
(ਜਪੁਜੀ)

<u>ਸ਼ਿਵ ਸ਼ਕਤੀ</u>

ਸਾਂਖ ਮੱਤ ਦਾ ਵਿਚਾਰ ਹੈ ਕਿ ਸਾਰੀ ਰਚਨਾ ਸ਼ਿਵ ਅਤੇ ਸ਼ਕਤੀ ਦੇ ਸੰਜੋਗ ਨਾਲ ਹੋਈ ਹੈ। ਸ਼ਿਵ ਅਤੇ ਸ਼ਕਤੀ ਪੁਰਸ਼ ਅਤੇ ਪ੍ਰਕ੍ਰਿਤੀ ਹਨ।[1] ਗੀਤਾ ਵਿਚ ਵੀ ਪੁਰਸ਼ ਪ੍ਰਕ੍ਰਿਤੀ ਦੇ ਮੇਲ ਤੋਂ ਉਤਪਤੀ ਦਾ ਵਿਚਾਰ ਮਿਲਦਾ ਹੈ। ਉਥੇ ਪੁਰਸ਼ ਪਰਮੇਸ਼ਰ ਦੇ ਰੂਪ ਵਿਚ ਆਪ ਕ੍ਰਿਸ਼ਨ ਜੀ ਹਨ। ਪੁਰਸ਼ ਅਤੇ ਪ੍ਰਕ੍ਰਿਤੀ ਲਈ ਸ਼ਬਦ ਕਸ਼ੇਤਰ ਅਤੇ ਕਸ਼ੇਤਰਗਯ ਵੀ ਵਰਤੇ ਹਨ।

ਗੁਰਬਾਣੀ ਵਿਚ ਸ਼ਿਵ ਸ਼ਕਤੀ ਨੂੰ ਸੁਤੰਤਰ ਹਸਤੀਆਂ ਸਵੀਕਾਰ ਨਹੀਂ ਕੀਤਾ ਗਿਆ। ਜੇ ਕਿਸੇ ਮੱਤ ਅਨੁਸਾਰ ਇਨ੍ਹਾਂ ਦੀ ਹੋਂਦ ਹੈ ਵੀ ਤਾਂ ਇਹ ਵੀ ਪਰਮਾਤਮਾ ਦੀ ਆਪਣੀ ਰਚਨਾ ਹੀ ਹੈ।[2] ਕਰਤਾ ਪੁਰਖ ਆਪਣੇ ਤੋਂ ਹੀ ਰਚਨਾ ਕਰਦਾ ਹੈ। ਉਸ ਨੂੰ ਕਿਸੇ ਸ਼ਕਤੀ-ਰੂਪ ਨਾਰੀ ਦੀ ਲੋੜ ਨਹੀਂ। ਗੁਰੂ ਨਾਨਕ ਅਨੁਸਾਰ ਇਹੋ ਹੀ ਤਾਂ ਉਸਦੀ ਵਿਲੱਖਣਤਾ ਹੈ ਕਿ ਉਹ ਨਾਰੀ ਤੋਂ ਰਹਿਤ ਹੈ:

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ। (ਵਾਰ ਆਸਾ)473

---

1. Dr. S.S.Kohli, Outlines of Sikh Thought P.39
2. ਸ਼ਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ। (ਰਾਮਕਲੀ ਮ:3)920.

ਉਹ ਤਾਂ ਆਪੇ ਪੁਰਖ ਆਪੇ ਨਾਰੀ ਹੈ। ਉਸ ਦੇ ਇਨ੍ਹਾਂ ਦੇ ਮੇਲ ਤੋਂ ਉਤਪਤੀ ਦੀ ਖੇਡ ਉਸ ਨੇ ਅੱਗੇ ਚਲਾ ਦਿੱਤੀ ਹੈ। ਗੁਰੂ ਨਾਨਕ ਦੇ ਕਥਨ ਅਨੁਸਾਰ:

ਜਬ ਦੇਖਾਂ ਤਾਂ ਰਵਿ ਰਹੇ ਸਿਵ ਸਕਤੀ ਕਾ ਮੇਲੁ। (ਸਿਰੀ ਰਾਗ) 21

<u>ਪੰਜ ਭੂਤ ਜਾਂ ਤੱਤ</u>

ਸਰੀਰ ਦੀ ਪੰਜ ਤੱਤਾਂ ਤੋਂ ਰਚਨਾ ਦਾ ਸਿਧਾਂਤ ਪੁਰਾਤਨ ਭਾਰਤੀ ਵਿਚਾਰ ਹੈ, ਜਿਸਦਾ ਵਰਣਨ ਵੀ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ, ਜਿਵੇਂ:

ਪੰਚ ਤਤੁ ਮਿਲਿ ਕਾਇਆ ਕੀਨੀ। ਤਿਸਿ ਮਹਿ ਰਾਮ ਰਤਨੁ ਲੈ ਚੀਨੀ।
(ਮਾਰੂ ਮ:੧) 1030

ਇਨ੍ਹਾਂ ਪੰਜਾਂ ਦਾ ਇਕ ਥਾਂ ਇਕੱਠਾ ਹੋਣਾ ਵੀ ਇਕ ਅਜੀਬ ਖੇਲ ਹੈ। ਗੁਰੂ ਨਾਨਕ ਨੇ ਹੇਠਾਂ ਅੰਕਿਤ ਸ਼ਬਦ ਵਿਚ ਇਸ ਨੂੰ ਖੇਡ ਅਤੇ ਤਮਾਸ਼ਾ ਕਿਹਾ ਹੈ:

ਪਉਣ ਪਾਣੀ ਅਗਨੀ ਇਕ ਵਾਸਾ। ਆਪੇ ਕੀਤੋ ਖੇਲੁ ਤਮਾਸਾ।

...

ਧਰਤਿ ਉਪਾਇ ਧਰੀ ਧਰਮਸਾਲਾ। ਉਤਪਤਿ ਪਰਲਉ ਆਪਿ ਨਿਰਾਲਾ।
ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ। (ਮਾਰੂ ਸੋਲਹੇ) 1033.

ਤੈਤਰੀ ਉਪਨਿਸ਼ਦ (2.1.1) ਵਿਚ ਪੰਜ ਤੱਤ ਅਤੇ ਉਸਦੀ ਰਚਨਾ - ਪ੍ਰਕ੍ਰਿਤੀ ਦਾ ਉਲੇਖ ਇਸ ਤਰ੍ਹਾਂ ਕੀਤਾ ਗਿਆ ਹੈ - ਬ੍ਰਹਮ ਤੋਂ ਆਕਾਸ਼ ਹੋਇਆ, ਆਕਾਸ਼ ਤੋਂ ਪਵਨ, ਪਵਨ ਤੋਂ ਅਗਨੀ, ਅਗਨੀ ਤੋਂ ਪਾਣੀ, ਪਾਣੀ ਤੋਂ ਧਰਤੀ, ਧਰਤੀ ਤੋਂ ਬਨਸਪਤੀ, ਬਨਸਪਤੀ ਤੋਂ ਅੰਨ ਅਤੇ ਅੰਨ ਤੋਂ ਪੁਰਖ। 'ਪੰਚ ਮਹਾਂਭੂਤਾਨੀ' ਸ਼ਬਦ ਪਹਿਲੀ ਵਾਰੀ ਐਤਰੇਉਪਨਿਸ਼ਦ (3.1.3) ਵਿਚ ਵਰਤਿਆ ਗਿਆ ਹੈ।

ਗੁਰੂ ਨਾਨਕ ਦਾ ਮੱਤ ਇਸ ਵਿਸ਼ਵਾਸ ਨੂੰ ਦ੍ਰਿੜ੍ਹ ਕਰਵਾਂਦਾ ਹੈ ਕਿ ਜਿਹੜੇ ਵੀ ਤੱਤ ਹਨ ਇਕ ਪਰਮ ਤੱਤ ਤੋਂ ਹੀ ਉਤਪੰਨ ਹੋਏ ਹਨ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।[1]
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।
(ਸਿਰੀ ਰਾਗ) 19

<u>ਚਾਰ ਖਾਣੀਆਂ</u>

ਸਾਰੀ ਉਤਪਤੀ ਚਾਰ ਖਾਣੀਆਂ ਦੁਆਰਾ ਹੋਣ ਦਾ ਵਿਚਾਰ ਵੀ ਪੁਰਾਤਨ ਭਾਰਤੀ

---

1. ਏਕਸੁ ਤੇ ਸਭਿ ਰੂਪ ਹਹਿ ਰੰਗਾ। ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ।
ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ। (ਗਉੜੀ ਗੁਆਰੇਰੀ ਮ:3) 160.

ਵਿਚਾਰ ਹੈ। ਵੱਖ ਵੱਖ ਉਪਨਿਸ਼ਦਾਂ ਵਿਚ ਆਂਡਿਆਂ ਤੋਂ, ਗਰਭ ਤੋਂ, ਪਸੀਨੇ ਤੋਂ ਅਤੇ ਧਰਤੀ ਤੋਂ ਪੈਦਾ ਹੋਈ ਰਚਨਾ ਦਾ ਵਰਣਨ ਮਿਲਦਾ ਹੈ। ਗੁਰੂ ਨਾਨਕ ਨੇ ਚਾਰ ਖਾਣੀਆਂ ਦਾ ਸੰਕੇਤ ਆਪਣੀ ਬਾਣੀ ਵਿਚ ਕੀਤਾ ਹੈ:

ਗਾਵਹਿ ਖਾਣੀ ਚਾਰੇ। (ਜਪੁਜੀ)

...

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ। (ਸੋਰਠ) 595

ਪਰ ਉਨ੍ਹਾਂ ਦੇ ਮੱਤ ਅਨੁਸਾਰ ਖਾਣੀਆਂ ਚਾਰ ਨਹੀਂ ਅਨੇਕਾਂ ਹੀ ਹਨ:

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ। (ਜਪੁਜੀ)

## ਰਚਨਾ ਦਾ ਆਰੰਭ

ਰਚਨਾ ਕਦੋਂ ਹੋਈ? ਇਸ ਬਾਰੇ ਧਰਮ ਸ਼ਾਸਤਰੀਆਂ ਅਤੇ ਵਿਗਿਆਨੀਆਂ ਨੇ ਵੱਖ ਵੱਖ ਅਨੁਮਾਨ ਲਗਾਏ ਹਨ, ਪਰ ਕੋਈ ਅਸਲੀਅਤ ਤਕ ਨਹੀਂ ਪਹੁੰਚ ਸਕਦਾ। ਸੀਮਤ ਸਮਰਥਾ ਵਾਲਾ ਮਨੁੱਖ ਅਸੀਮ ਕੁਦਰਤ ਬਾਰੇ ਜਾਣ ਵੀ ਕਿਵੇਂ ਸਕਦਾ ਹੈ? ਗੁਰੂ ਨਾਨਕ ਨੇ ਜਪੁਜੀ ਵਿਚ ਸਾਮੀ ਅਤੇ ਭਾਰਤੀ ਚਿੰਤਕਾਂ ਦੀ ਅਸਫਲ ਖੋਜ ਅਤੇ ਕਲਪਨਾ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।
(ਜਪੁਜੀ)

ਅਜੇ ਤਕ ਰਚਨਾ ਬਾਰੇ ਜੋ ਵੀ ਕਿਹਾ ਜਾ ਚੁੱਕਾ ਹੈ, ਸੱਚ ਨਹੀਂ ਹੈ। ਸਚਾਈ ਕੀ ਹੈ? ਇਸ ਬਾਰੇ ਝੂਠੀ ਕਲਪਨਾ ਦੀ ਥਾਂ ਇਹੋ ਕਹਿਣਾ ਹੀ ਠੀਕ ਹੈ:

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।
(ਜਪੁਜੀ)

## ਬ੍ਰਹਮੰਡ ਨਿਰਣੈ

ਹਿੰਦੂ ਵਿਸ਼ਵਾਸ ਅਨੁਸਾਰ ਬ੍ਰਹਮੰਡਾਂ ਦੀ ਗਿਣਤੀ ਚੌਦਾਂ ਦੱਸੀ ਗਈ ਹੈ - ਸੱਤ ਪਾਤਾਲ ਅਤੇ ਸੱਤ ਆਕਾਸ਼। ਗੁਰੂ ਨਾਨਕ ਬਾਣੀ ਵਿਚ ਰਚਨਾ ਨੂੰ ਇਸ ਗਿਣਤੀ ਵਿਚ ਸੀਮਤ ਨਹੀਂ ਕੀਤਾ ਸਗੋਂ ਅਣਗਿਣਤ ਹੀ ਪਾਤਾਲ ਅਤੇ ਆਕਾਸ਼ ਦੱਸੇ ਹਨ, ਜਿਸ ਦੇ ਅੰਤ ਦਾ ਅੰਦਾਜ਼ਾ ਲਗਾਇਆ ਨਹੀਂ ਜਾ ਸਕਦਾ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।....
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।
(ਜਪੁਜੀ)

...

ਕੇਤੇ ਕੇਤੇ ਮੰਡਲ ਦੇਸ। (ਜਪੁਜੀ)

ਤਿਥੈ ਖੰਡ ਮੰਡਲ ਵਰਭੰਡ। ਜੇ ਕੋ ਕਥੈ ਤ ਅੰਤ ਨ ਅੰਤ। (ਜਪੁਜੀ)

ਆਧੁਨਿਕ ਵਿਗਿਆਨੀਆਂ ਦਾ ਵੀ ਹੁਣ ਇਹੋ ਹੀ ਵਿਚਾਰ ਹੈ ਕਿ ਸੰਸਾਰ ਦੂਰ ਦੁਰੇਡੇ ਤਾਰਾ ਮੰਡਲ ਤੀਕ ਫੈਲਿਆ ਹੈ, ਜਿਸ ਨੂੰ ਗੁਰੂ ਵਿਚਾਰ ਅਨੁਸਾਰ ਭਾਵੇਂ ਅਸੀਂ ਹੱਦਾਂ ਅੰਦਰ ਮਹਿਦੂਦ ਕਰ ਦੇਈਏ, ਪਰ ਫੇਰ ਵੀ ਇਤਨਾ ਵਿਸ਼ਾਲ ਹੈ ਕਿ ਸਾਡੀਆਂ ਅਨੁਭਵਵਾਦੀਆਂ ਪਹੁੰਚੀਆਂ ਅਰਥਾਤ ਮਨੁੱਖੀ ਵਿਚਾਰਾਂ ਉਥੇ ਤੀਕ ਪੁੱਜ ਨਹੀਂ ਸਕਦੀਆਂ ਸਨ।[1]

ਰਚਨਾ ਨੂੰ ਤਿੰਨ ਭਾਗਾਂ ਵਿਚ ਮੁਖ ਤੌਰ ਤੇ ਵੰਡਿਆ ਹੈ - ਆਕਾਸ਼, ਧਰਤੀ ਤੇ ਪਾਤਾਲ। ਪੌਰਾਣਿਕ ਵਿਚਾਰ ਹੈ ਕਿ ਇਹ ਧਰਤੀ ਧੌਲੇ ਬਲਦ ਦੇ ਸਹਾਰੇ ਖੜ੍ਹੀ ਹੈ, ਜਦ ਧਰਤੀ ਤੇ ਪਾਪ ਨਾਲ ਭਾਰ ਵਧ ਜਾਂਦਾ ਹੈ ਤਾਂ ਬਲਦ ਡੋਲਦਾ ਹੈ। ਜਿਸ ਨਾਲ ਧਰਤੀ ਵੀ ਡੋਲਦੀ ਹੈ। ਗੁਰੂ ਨਾਨਕ ਨੇ ਤਰਕ ਨਾਲ ਇਸ ਵਿਚਾਰ ਨੂੰ ਨਿਰਮੂਲ ਦੱਸਿਆ ਹੈ ਅਤੇ ਧੌਲੇ ਬਲਦ ਨੂੰ ਧਰਮ ਨਾਲ ਅਲੰਕਾਰਕ ਤੌਰ ਤੇ ਵਰਤਿਆ ਹੈ:

ਜੇ ਕੋ ਕਹੈ ਕਰੈ ਵੀਚਾਰੁ। ਕਰਤੇ ਕੈ ਕਰਣੈ ਨਾਹੀ ਸੁਮਾਰੁ।
ਧੌਲੁ ਧਰਮੁ ਦਇਆ ਕਾ ਪੂਤੁ। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।
ਜੇ ਕੋ ਬੁਝੈ ਹੋਵੈ ਸਚਿਆਰੁ। ਧਵਲੈ ਉਪਰਿ ਕੇਤਾ ਭਾਰੁ।
ਧਰਤੀ ਹੋਰੁ ਪਰੈ ਹੋਰੁ ਹੋਰੁ। ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
(ਜਪੁਜੀ)

<u>ਰਚਨਾ ਸਤਿ ਹੈ</u>

ਭਾਰਤੀ ਚਿੰਤਕਾਂ ਨੇ ਰਚਨਾ ਨੂੰ ਸਤਿ ਵੀ ਕਿਹਾ ਹੈ ਅਤੇ ਅਸਤਿ ਵੀ। ਤੈਤਰੀਉਪਨਿਸ਼ਦ (2.6) ਵਿਚ ਕਿਹਾ ਗਿਆ ਹੈ ਕਿ ਬ੍ਰਹਮ ਨੇ ਸੰਸਾਰ ਰਚਿਆ ਅਤੇ ਉਸ ਵਿਚ ਪ੍ਰਵੇਸ਼ ਕੀਤਾ। ਇਸ ਕਰਕੇ ਜੋ ਕੁਝ ਉਸ ਨੇ ਰਚਿਆ ਹੈ ਸਤਿ ਹੈ। ਕਠਉਪਨਿਸ਼ਦ ਦੇ ਇਕ ਮੰਤਰ (2.21) ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ ਬ੍ਰਹਮੰਡ ਜੋ ਬ੍ਰਹਮ ਦਾ ਰੂਪ ਹੈ ਇਕ ਚੇਤੰਨ ਰਚਨਾ ਹੈ ਨਾ ਕਿ ਭਰਮ, ਜਿਵੇਂ ਕਿ ਬਾਅਦ ਦੇ ਵੇਦਾਂਤੀ ਕਹਿੰਦੇ ਹਨ। ਨਾਲੇ ਜੇ ਜਗਤ ਬਿਲਕੁਲ ਅਸਤਿ ਹੋਵੇ ਤਾਂ ਅਸੀਂ ਅਸਤਿ ਤੋਂ ਸਤਿ ਵਲ ਜਾ ਹੀ ਨਹੀਂ ਸਕਦੇ।[2] ਰਾਮਾਨੁਜ ਅਨੁਸਾਰ ਵੀ ਬ੍ਰਹਮ, ਸ੍ਰਿਸ਼ਟੀ ਅਤੇ ਜੀਵ ਸਭ ਸਤਿ ਹਨ।[3] ਭੌਤਿਕ ਸ੍ਰਿਸ਼ਟੀ ਅਤੇ ਜੀਵ-ਸ੍ਰਿਸ਼ਟੀ ਵਾਸਤਵ ਵਿਚ ਬ੍ਰਹਮ ਦੀ ਹੀ ਅਭਿਵਿਅਕਤੀ ਹੈ।

---

1. ਸਰਦੂਲ ਸਿੰਘ ਕਵੀਸ਼ਰ, ਸਿੱਖ ਦਰਸ਼ਨ, ਪੰਨਾ 167.
2. Principal Upanishads, pp. 85, 618.
3. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 336.

ਗੁਰੂ ਨਾਨਕ ਬਾਣੀ ਵਿਚ ਵੀ ਸ੍ਰਿਸ਼ਟੀ ਨੂੰ ਸਤਿ ਕਿਹਾ ਹੈ ਅਤੇ ਇਸ ਵਿਚਾਰ ਨੂੰ ਕਈ ਪੰਕਤੀਆਂ ਵਿਚ ਦੁਹਰਾਇਆ ਹੈ। ਕੁਝ ਪੰਕਤੀਆਂ ਵੇਖੋ:

ਨਾਨਕ ਸਚੇ ਕੀ ਸਾਚੀ ਕਾਰ। (ਜਪੁਜੀ)

...

ਸਚੇ ਤੇਰੇ ਖੰਡ ਸਚੇ ਬ੍ਰਹਮੰਡ। ਸਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ। (ਵਾਰ ਆਸਾ) 463

ਜਿਥੇ ਮਿਥਿਆ, ਝੂਠ ਜਾਂ ਭਰਮ ਸ਼ਬਦ ਵਰਤਿਆ ਹੈ, ਉਥੇ ਇਸ ਦੇ ਨਾਸ਼ਵਾਨ ਜਾਂ ਬਦਲਣ ਦੀ ਸਥਿਤੀ ਕਰਕੇ ਹੈ। ਇਹ ਅਹਿਸਾਸ ਵੀ ਕੇਵਲ ਉਨ੍ਹਾਂ ਵਿਕਾਰੀ ਲੋਕਾਂ ਨੂੰ ਕਰਾਇਆ ਹੈ ਜਿਹੜੇ ਰਚਣਹਾਰੇ ਨੂੰ ਭੁੱਲ ਕੇ ਰਚਨਾ ਨੂੰ ਹੀ ਸਭ ਕੁਝ ਸਮਝ ਲੈਂਦੇ ਹਨ। 'ਜਦੋਂ ਜਗਤ ਅਤੇ ਬ੍ਰਹਮ ਵਿਚ ਏਕਤਾ ਦੀ ਸਾਂਝ ਵੇਖੀਦੀ ਹੈ ਤਾਂ ਜਗਤ ਸੱਚ ਲਗਦਾ ਹੈ ਅਤੇ ਜਦੋਂ ਜਗਤ ਨਾਲ ਕੇਵਲ ਭੌਤਿਕ ਨਜ਼ਰੀਏ ਤੋਂ ਮੋਹ ਪਾਈਦਾ ਹੈ ਤਾਂ ਇਹ ਮਿਥਿਆ ਜਾਪਦਾ ਹੈ।[1] ਜੋ ਉਪਜਦਾ ਹੈ ਉਸ ਨੇ ਬਿਨਸਣਾ ਵੀ ਅਵੱਸ਼ ਹੁੰਦਾ ਹੈ। ਇਸ ਲਈ ਆਸਾ ਦੀ ਵਾਰ ਵਿਚ ਜਿਥੇ ਸੱਚੇ ਦੀ ਰਚਨਾ ਨੂੰ ਸੱਚ ਕਿਹਾ ਹੈ, ਉਥੇ ਨਾਲ ਇਹ ਵੀ ਕਿਹਾ ਹੈ ਕਿ 'ਜੋ ਮਰਿ ਜੰਮੇ ਸੁ ਕਚੁ ਨਿਕਚੁ'। ਡਾ: ਸਨਮੋਖਕ ਸਿਧਾਂਤ ਅਨੁਸਾਰ ਇਹ ਸਤਿ ਹੈ ਕਿ 'ਕਾਰਣ' ਦੇ ਸਤਿ ਹੋਣ ਨਾਲ ਜਗਤ (ਕਾਰਜ) ਵੀ ਸਤਿ ਹੈ ਪਰੰਤੂ ਇਹ ਪਰਮ ਨਾਂ ਹੋ ਕੇ 'ਕਚ ਨਿਕਚੁ' ਹੈ।"[2]

## <u>ਯੁਗ ਚਿਤ੍ਰਨ</u>

ਪ੍ਰਾਚੀਨ ਧਰਮ ਗ੍ਰੰਥਾਂ ਵਿਚ ਸਮੇਂ ਦੀ ਵੰਡ ਯੁਗ ਅਨੁਸਾਰ ਕੀਤੀ ਗਈ ਹੈ, ਜਿਸ ਵਿਚ ਲੋਕਾਂ ਦੇ ਜੀਵਨ ਅਤੇ ਸੁਭਾਅ ਵਿਚ ਵੀ ਫਰਕ ਪੈਂਦਾ ਗਿਆ। ਯੁਗ ਮੁਖ ਤੌਰ ਤੇ ਚਾਰ ਮੰਨੇ ਗਏ ਹਨ - ਸਤਿ ਯੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ। ਇਨ੍ਹਾਂ ਯੁਗਾਂ ਦੀ ਗਿਣਤੀ ਵੇਦਾਂ ਵਿਚ ਨਹੀਂ ਪਰ ਪੁਰਾਣਾਂ, ਮਹਾਂਭਾਰਤ ਅਤੇ ਰਾਮਾਇਣ ਵਿਚ ਵਰਣਨ ਹੈ। ਵਨਚਰਾਂ ਦੇ ਸਰਦਾਰ ਹਨੂਮਾਨ ਨੇ ਚਾਰ ਯੁਗਾਂ ਦਾ ਜ਼ਿਕਰ ਵਾਲਮੀਕਿ ਵਿਚ ਵੱਡੇ ਵਿਸਤਾਰ ਨਾਲ ਕੀਤਾ ਹੈ, ਜਿਸ ਦਾ ਸੰਖੇਪ ਇਹ ਹੈ:

(ੳ) ਸਤਯੁਗ (ਕ੍ਰਿਤ ਯੁਗ) ਵਿਚ ਲੋਕ ਸਦਾ ਹੀ ਭਲੇ ਹੁੰਦੇ ਸਨ। ਧਰਮ ਅਤੇ ਲੋਕਾਂ ਦੀ ਹਾਨੀ ਨਹੀਂ ਸੀ ਹੁੰਦੀ। ਅਭਿਮਾਨ, ਰੋਗਾਂ ਅਤੇ ਈਰਖਾ ਤੋਂ ਰਹਿਤ ਸਨ। ਹਰ ਇਕ ਜਾਤੀ ਦੇ

---

1. ਜਪੁਜੀ- ਇਕ ਤੁਲਨਾਤਮਕ ਅਧਿਐਨ, ਪੰਨਾ 240.
2. ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 306.

ਆਦਮੀ ਆਪੋ ਆਪਣਾ ਧਰਮ ਨਿਭਾਈ ਜਾਂਦੇ ਸਨ, ਭਾਵੇਂ ਇਨ੍ਹਾਂ ਦੇ ਧਰਮ ਕਈ ਸਨ, ਪਰ ਵੇਦ ਅਨੁਸਾਰ ਇਕੋ ਹੀ ਧਰਮ ਸੀ।

(ਅ) ਤ੍ਰੇਤਾ ਯੁਗ ਵਿਚ ਜੱਗ ਆਦਿ ਹੋਣ ਲਗ ਪਏ। ਧਰਮ ਦਾ ਚੌਥਾ ਹਿੱਸਾ ਘਟ ਗਿਆ। ਲੋਕ ਸੱਚ ਤਾਂ ਬੋਲਦੇ ਸਨ, ਪਰ ਕਈ ਆਪਣੇ ਕੁਲ ਦੇ ਨਿਯਮਾਂ ਅਨੁਸਾਰ ਹੀ ਕਰਦੇ ਸਨ। ਲੋਕ ਚਿੱਤ ਵਿਚ ਕਾਮਨਾ ਰਖ ਕੇ ਭਗਤੀ ਕਰਦੇ ਸਨ।

(ੲ) ਦੁਆਪਰ ਯੁਗ ਵਿਚ ਨੇਕੀ ਅੱਧੀ ਰਹਿ ਗਈ। ਕਈ ਲੋਕ ਚਾਰ ਵੇਦ ਪੜ੍ਹਨ, ਕਈ ਤਿੰਨ, ਕਈ ਦੋ ਅਤੇ ਕਈ ਇਕ ਵੀ ਨਾ ਪੜ੍ਹਨ। ਰਸਮਾਂ ਕਈ ਯੁਕਤੀਆਂ ਅਨੁਸਾਰ ਹੋਣ ਲੱਗੀਆਂ। ਨੇਕੀ ਵੀ ਘਟ ਗਈ ਅਤੇ ਕਈ ਝੂਠ ਵੀ ਬੋਲਣ ਲਗ ਪਏ। ਕਾਮਨਾ ਵਧ ਗਈ। ਕਈ ਸਵਰਗ ਦੇ ਸੁਖ ਲਈ ਜੱਗ ਕਰਨ ਲੱਗੇ, ਪਰ ਥੋੜੀ ਲੋਕਾਂ ਦੀ ਮਨੋਹ ਹੀ ਹੁੰਦੀ ਗਈ।

(ਸ) ਕਲਿਯੁਗ ਵਿਚ ਭਲਾਈ ਚੌਥਾ ਹਿੱਸਾ ਰਹਿ ਗਈ। ਨੇਕੀ ਦੇ ਕੰਮ ਬੰਦ ਹੋ ਗਏ। ਮੁਸੀਬਤਾਂ, ਰੋਗ, ਬੁਰਾਈ, ਕ੍ਰੋਧ, ਸੰਤਾਪ, ਦੁੱਖ ਅਤੇ ਡਰ ਨੇ ਲੋਕਾਂ ਨੂੰ ਘੇਰ ਲਿਆ।

ਸਤਿਯੁਗ ਵਿਚ ਲੋਕਾਂ ਦੀ ਉਮਰ 4 ਹਜ਼ਾਰ, ਤ੍ਰੇਤੇ ਵਿਚ ਤਿੰਨ ਹਜ਼ਾਰ, ਦੁਆਪਰ ਵਿਚ ਦੋ ਹਜ਼ਾਰ ਸਾਲ ਦੀ ਸੀ ਅਤੇ ਕਲਿਯੁਗ ਵਿਚ ਉਮਰ ਦਾ ਕੋਈ ਨੇਮ ਨਹੀਂ ਸੀ।[1]

ਯੁਗਾਂ ਦੇ ਸ਼ੁਰੂ ਹੋਣ ਦੇ ਸਮੇਂ ਨੂੰ 'ਸੰਧਿਆ' ਅਤੇ ਸਮਾਪਤੀ ਨੂੰ 'ਸੰਧਿਆਂਸ਼' ਕਿਹਾ ਜਾਂਦਾ ਹੈ। ਯੁਗਾਂ ਦੀ ਆਯੂ ਦੇਵਤਿਆਂ ਦੀ ਆਯੂ ਅਨੁਸਾਰ ਕੀਤੀ ਗਈ ਹੈ। ਸਤਿਯੁਗ ਦੀ 4800 ਸਾਲ, ਤ੍ਰੇਤਾ ਦੀ 3600 ਸਾਲ, ਦੁਆਪਰ ਦੀ 2400 ਸਾਲ ਅਤੇ ਕਲਿਯੁਗ ਦੀ 1200 ਸਾਲ। ਦੇਵਤਿਆਂ ਦਾ ਇਕ ਸਾਲ ਲੋਕਾਂ ਦੇ 360 ਸਾਲਾਂ ਦੇ ਬਰਾਬਰ ਹੁੰਦਾ ਹੈ। ਇਸ ਤਰ੍ਹਾਂ ਮਨੁੱਖਾਂ ਦੇ ਵਰ੍ਹਿਆਂ ਅਨੁਸਾਰ ਸਾਲਾਂ ਦੀ ਗਿਣਤੀ ਇਸ ਤਰ੍ਹਾਂ ਬਣਦੀ ਹੈ: ਸਤਿਯੁਗ 1728000 ਸਾਲ, ਤ੍ਰੇਤਾ ਯੁਗ 1296000 ਸਾਲ, ਦੁਆਪਰ ਯੁਗ 864000 ਸਾਲ ਅਤੇ ਕਲਿਯੁਗ 432000 ਸਾਲ।[2] ਇਨ੍ਹਾਂ ਚੌਹਾਂ ਦੀ ਇਕ ਚੌਕੜੀ ਨੂੰ 'ਮਹਾਂਯੁਗ' ਕਿਹਾ ਜਾਂਦਾ ਹੈ ਅਤੇ ਇਸ ਮਹਾਂਯੁਗ ਦੀ ਕੁਲ ਆਯੂ 4320000 ਬਣਦੀ ਹੈ।

ਗੁਰੂਆਂ ਦਾ ਨਾ ਤਾਂ ਯੁਗਾਂ ਦੀ ਇਸ ਕਾਲ ਵੰਡ ਵਿਚ ਵਿਸ਼ਵਾਸ ਹੈ ਅਤੇ ਨਾ ਹੀ ਯੁਗਾਂ ਦੇ ਉਕਤ ਸੰਕਲਪਾਂ ਅਤੇ ਇਨ੍ਹਾਂ ਦੀਆਂ ਬਿਰਤੀਆਂ ਦਾ। ਗੁਰੂ ਵਿਚਾਰ ਅਨੁਸਾਰ ਚਹੁੰਆਂ ਜੁਗਾਂ ਵਿਚ ਨਾਮ ਅਤੇ ਸੰਗਤ ਦੀ ਮਹਾਨਤਾ ਹੈ।[3] ਉਂਜ ਗੁਰਬਾਣੀ ਵਿਚ, ਵਿਸ਼ੇਸ਼ ਤੌਰ ਤੇ ਗੁਰੂ ਨਾਨਕ

---

1. ਮਹਾਨਕੋਸ਼
2. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 160.
3. ਜੁਗ ਚਾਰੇ ਨਾਮੁ ਉਤਮੁ ਹੋਈ। ਗੁਰਮੁਖਿ ਵਿਰਲਾ ਬੂਝੈ ਕੋਈ। (ਰਾਮਕਲੀ ਮ:3) 880.

ਸਾਹਿਬ ਦੀ ਬਾਣੀ ਵਿਚ ਜੁਗਾਂ ਦਾ ਕਾਫ਼ੀ ਵਰਣਨ ਮਿਲਦਾ ਹੈ। ਜਪੁਜੀ ਦੇ ਆਰੰਭਕ ਸਲੋਕ ਵਿਚ 'ਜੁਗਾਦਿ ਸਚੁ' ਸ਼ਬਦ ਇਸ ਭਾਵ ਦੇ ਲਖਾਇਕ ਹਨ ਕਿ ਜੁਗ ਜਦੋਂ ਤੋਂ ਆਰੰਭ ਹੋਏ ਹਨ ਪਰਮਾਤਮਾ ਉਸ ਤੋਂ ਪਹਿਲਾਂ ਦੀ ਹੋਂਦ ਵਿਚ ਸੀ ਅਤੇ 'ਜੁਗੁ ਜੁਗੁ ਏਕੋ ਵੇਸੁ' ਸ਼ਬਦ ਦਸਦੇ ਹਨ ਕਿ 'ਉਹ' ਸਾਰੇ ਜੁਗਾਂ ਵਿਚ ਇਕੋ ਰੂਪ ਵਿਚ ਹੀ ਵਿਆਪਕ ਹੈ। ਜੁਗਾਂ ਵਿਚ ਵੱਖ ਵੱਖ ਵੇਦ ਦੇ ਉਚਾਰਨ ਦਾ ਉਲੇਖ ਵੀ ਕੀਤਾ ਗਿਆ ਹੈ:

ਕਥਹਿ ਪੰਡਿਤ ਪੜਹਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ।
(ਜਪੁਜੀ)

ਜੁਗ-ਕਾਲ ਉਸ ਤੋਂ ਬਾਅਦ ਵਿਚ ਹੋਂਦ ਵਿਚ ਆਇਆ ਹੈ, ਜਿਨ੍ਹਾਂ ਵਿਚ ਕਿ ਵੇਦਾਂ ਦੀ ਰਚਨਾ ਹੋਈ ਹੈ:

ਓਅੰਕਾਰਿ ਸੈਲ ਜੁਗ ਭਏ। ਓਅੰਕਾਰਿ ਬੇਦ ਨਿਰਮਏ। (ਰਾਮਕਲੀ) 929

ਆਸਾ ਦੀ ਵਾਰ ਦੀ 13ਵੀਂ ਪਉੜੀ ਦੇ ਆਰੰਭਕ ਸਲੋਕ ਵਿਚ ਗੁਰੂ ਨਾਨਕ ਨੇ ਦੱਸਿਆ ਹੈ ਕਿ ਲੋਕਾਂ ਨੇ ਹਰ ਇਕ ਜੁਗ ਦਾ ਆਪੋ ਆਪਣਾ ਵੇਦ, ਆਪੋ ਆਪਣਾ ਅਵਤਾਰ ਤੇ ਆਪੋ ਆਪਣਾ ਧਰਮ ਮੰਨਿਆ ਹੋਇਆ ਸੀ। ਪਰ ਗੁਰੂ ਜੀ ਆਪਣਾ ਮਤ ਇਹ ਦਸਦੇ ਹਨ ਕਿ ਮਨੁੱਖ ਭਾਵੇਂ ਕਿਸ ਜੁਗ ਜਾਂ ਸਮੇਂ ਵਿਚ ਰਹਿੰਦੇ ਹੋਣ, ਜਦ ਵੀ ਕਿਸੇ ਨੂੰ ਮੁਕਤੀ ਮਿਲੀ ਹੈ, 'ਭਾਉ ਭਗਤਿ' ਕਰਨ ਨਾਲ ਅਤੇ ਨੀਚ ਸਦਾਉਣ ਨਾਲ ਮਿਲੀ ਹੈ[1]। ਮਨੁੱਖੀ ਜੀਵਨ ਇਕ ਰੱਥ ਹੈ, ਜਿਸਦਾ ਸੰਚਾਲਕ ਇਸ ਨੂੰ ਹਰ ਇਕ ਜੁਗ ਵਿਚ ਚਲਾਇਆ ਹੈ। ਉਹ ਰਥ ਅਤੇ ਰਥਵਾਨ ਇਹ ਹਨ:

ਸਤਿਜੁਗ ਵਿਚ ਜੀਵਨ ਸੰਤੋਖ ਦਾ ਸੀ, ਜੋ ਧਰਮ ਤੇ ਆਧਾਰਤ ਸੀ:

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ। (ਸਲੋਕ) 470

ਰਾਗ ਮਾਰੂ ਵਿਚ ਕਿਹਾ ਗਿਆ ਹੈ ਕਿ ਸਤਿਜੁਗ ਵਿਚ ਸੱਚ ਦਾ ਵਰਤਾਰਾ ਸੀ:

ਸਤਿਜੁਗੁ ਸਚੁ ਸੰਤੋਖੁ ਸਰੀਰਾ। ਸਤਿ ਸਤਿ ਵਰਤੈ ਗਹਿਰ ਗੰਭੀਰਾ।

...

ਸਤਿਜੁਗਿ ਸਾਚੁ ਕਹੈ ਸਭੁ ਕੋਈ। ਸਚਿ ਵਰਤੈ ਸਾਚਾ ਸੋਈ।
(ਗੁਰੂ ਗ੍ਰੰਥ) 1023

ਤ੍ਰੇਤਾ ਵਿਚ ਜੀਵਨ ਜਤ ਸਤ ਦਾ ਸੀ, ਜਿਸਦੀ ਸੰਚਾਲਕ ਸੀ ਸ਼ਕਤੀ:

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।
(ਸਲੋਕ) 470

---

1. ਸ਼ਬਦਾਰਥ, ਪੰਨਾ 470.

ਦੂਜੇ ਇਸ ਜੁਗ ਵਿਚ ਧਰਮ ਰੂਪੀ ਬਲਦ ਦੇ ਚਾਰ ਪੈਰਾਂ ਵਿਚੋਂ ਇਕ ਖਤਮ ਹੋ ਗਿਆ ਅਰਥਾਤ ਧਰਮ ਦੀ ਇਕ ਕਲਾ (ਸ਼ਕਤੀ) ਦੂਰ ਹੋ ਗਈ ਅਤੇ ਦੂਸਰੀ ਥਾਂ ਦੁਬਿਧਾ ਨੇ ਜ਼ੋਰ ਪਾਇਆ:[1]

ਤ੍ਰੇਤੈ ਧਰਮ ਕਲਾ ਇਕ ਚੂਕੀ। ਤੀਨਿ ਚਰਣ ਇਕ ਦੁਬਿਧਾ ਸੂਕੀ।
(ਮਾਰੂ ਮ:1) 1023

ਦੁਆਪਰ ਵਿਚ ਜੀਵਨ ਤਪ ਸਾਧਨਾਂ ਦਾ ਹੈ, ਜਿਸ ਦਾ ਸੰਕੇਤ ਮਤਿ ਹੈ:

ਦੁਆਪਰਿ ਰਥੁ ਤਪੈ ਕਾ ਸਤੁ ਪਹੈ ਚਲਦਾਉ।
(ਸਲੋਕ) 470

ਰਾਗ ਮਾਰੂ ਵਿਚ ਲਿਖਿਆ ਹੈ ਕਿ ਦੁਆਪਰ ਵਿਚ ਦਇਆ ਦੀ ਇਕ ਹੋਰ ਕਲਾ ਘਟੇ ਜਾਣ ਨਾਲ ਧਰਮ ਦੀ ਸ਼ਕਤੀ ਅੱਧੀ ਰਹਿ ਗਈ।[2] ਅਰਥਾਤ ਧਰਮ-ਧਵਲ ਦੇ ਦੋ ਪੈਰ ਰਹਿ ਗਏ:

ਦਇਆ ਦੁਆਪੁਰਿ ਅਧੀ ਹੋਈ। ਗੁਰਮੁਖਿ ਵਿਰਲਾ ਚੀਨੈ ਕੋਈ।

...

ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ।
(ਉਹੀ) 1024

ਕਲਿਜੁਗ ਸ਼ੈਤਾਨੀ ਦਾ ਜੀਵਨ ਹੈ, ਜਿਸ ਵਿਚ ਕੂੜ ਦਾ ਹੀ ਬੋਲਬਾਲਾ ਹੁੰਦਾ ਹੈ:

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।
(ਵਾਰ ਆਸਾ) 470[3]

ਇਸ ਯੁਗ ਦੀ ਸਥਿਤੀ ਵਿਚ ਧਰਮ ਬੈਲ ਕਲਾਂ ਤੋਂ ਹੀਣਾ ਜਾਪਦਾ ਹੈ। ਇਸ ਜੁਗ ਵਿਚ ਧਰਮ-ਧੌਲ ਦਾ ਇਕ ਹੀ ਪੈਰ ਰਹਿ ਗਿਆ:

ਕਲੀ ਕਾਲ ਮਹਿ ਇਕ ਕਲ ਰਾਖੀ। (ਮਾਰੂ) 1024

'ਬਿਰਧਾਸ਼ਾ' ਦੀ ਵਾਰ ਵਿਚ ਲਿਖਿਆ ਹੈ ਕਿ ਇਸ ਜ਼ਮਾਨੇ ਵਿਚ ਲੋਕ ਵਿਕਾਰ ਤੇ ਕੁਕਰਮ ਬਹੁਤ ਕਰਦੇ ਹਨ। ਇਸ ਜੁਗ ਵਿਚ ਕੁਰੀਤੀਆਂ ਦਾ ਪਸਾਰਾ ਸੀ। ਰਾਜੇ ਪੁੱਤਰ ਵੀ ਕੁਰੀਤੀਆਂ ਕਰਦੇ। ਇਸਤ੍ਰੀ ਧਰਮ ਹੋ ਗਈ ਅਰਥਾਤ ਲੋਕ ਕੁਰਾਹੇ ਪੈ ਗਏ:

---

1. ਗੁਰਬਾਣੀ, ਪੰਨਾ 1023.
2. ਉਹੀ, ਪੰਨਾ 1023.
3. ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ। (ਵਾਰ ਮਾਝ ਮ:1) 145.

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ।
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ।
ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਹੀ।
(ਗੁਰੂ ਗ੍ਰੰਥ)556

## ਮਾਇਆ

ਮਾਇਆ ਦਾ ਉਦਗਮ 'ਮਾ' ਧਾਤੂ ਤੋਂ ਮੰਨਿਆ ਗਿਆ ਹੈ ਜਿਸ ਦਾ ਭਾਵ ਹੈ:ਰਚਨਾ ਸ਼ਕਤੀ। ਸ਼ੰਕਰ ਨੇ ਮਾਇਆ ਦਾ ਪ੍ਰਯੋਗ ਈਸ਼ਵਰ ਦੀ ਸਿਰਜਨ ਸ਼ਕਤੀ ਲਈ ਵੀ ਕੀਤਾ ਹੈ।[1] ਕਬੀਰ ਜੀ ਦੀ ਬਾਣੀ ਵਿਚ ਵੀ ਇਸੇ ਪ੍ਰਕਾਰ ਦਾ ਵਿਚਾਰ ਮਿਲਦਾ ਹੈ।[2]

ਭਾਰਤੀ ਧਰਮ ਗ੍ਰੰਥਾਂ ਵਿਚ ਅਤੇ ਉਨ੍ਹਾਂ ਦੇ ਵਿਆਖਿਆਕਾਰਾਂ ਨੇ ਇਸ ਦਾ ਰੂਪ ਕਈ ਤਰ੍ਹਾਂ ਨਾਲ ਵਿਅਕਤ ਕੀਤਾ ਹੈ। ਮਾਇਆ ਦੀ ਸਭ ਤੋਂ ਪਹਿਲਾਂ ਵਰਤੋਂ ਪ੍ਰਥਮ ਵੇਦ ਰਿਗ ਵਿਚ ਹੋਈ ਮਿਲਦੀ ਹੈ,ਜਿਥੇ ਇਸ ਤੋਂ ਭਾਵ ਹੈ ਇੰਦਰ ਦੀ ਅਨੇਕ ਰੂਪ ਧਾਰਨ ਕਰਨ ਵਾਲੀ ਸ਼ਕਤੀ।

ਉਪਨਿਸ਼ਦ ਵਿਚ ਵੀ ਮਾਇਆ ਦਾ ਉਲੇਖ ਹੈ। ਉਕਤ ਵੇਦ ਦੇ ਅਰਥ ਵਿਚ ਸ਼੍ਵੇਤਾਸ਼ਵਤਰ ਉਪਨਿਸ਼ਦ(4.10)ਵਿਚ ਵੀ ਪ੍ਰਕ੍ਰਿਤੀ ਨੂੰ ਮਾਇਆ ਕਿਹਾ ਹੈ। ਕੈਵਲਯ ਉਪਨਿਸ਼ਦ(12)ਵਿਚ ਕਿਹਾ ਹੈ ਕਿ ਮਾਇਆ ਦੇ ਬੰਧਨ ਵਿਚ ਆਤਮਾ ਸਰੀਰ ਧਾਰਨ ਕਰਦੀ ਹੋਈ ਸਾਰੇ ਕਰਮ ਕਰਦੀ ਹੈ। ਗੀਤਾ ਦੇ ਇਕ ਸਲੋਕ(18.61) ਵਿਚ ਮਾਇਆ ਨੂੰ ਬ੍ਰਹਮ ਦੀ ਸ਼ਕਤੀ ਆਖਿਆ ਗਿਆ ਹੈ,ਜਿਸ ਦੁਆਰਾ ਉਹ ਕਰਮਾਂ ਅਨੁਸਾਰ ਪ੍ਰਾਣੀ ਨੂੰ ਘੁਮਾਂਦਾ ਹੈ। ਇਕ ਹੋਰ ਸਲੋਕ(7.25) ਵਿਚ ਮਾਇਆ ਨੂੰ ਪਰਦਾ ਵੀ ਕਿਹਾ ਹੈ। ਕ੍ਰਿਸ਼ਨ ਜੀ ਦਾ ਕਥਨ ਹੈ ਕਿ ਮੈਂ ਯੋਗ ਮਾਇਆ ਦੇ ਨਾਲ ਲੁਕਿਆ ਹੋਇਆ ਸਭ ਦੇ ਸਾਹਮਣੇ ਨਹੀਂ ਹੁੰਦਾ।

ਕੂਰਮ ਪੁਰਾਣ ਵਿਚ ਭਗਵਾਨ ਦੀ ਮਾਇਆ ਸ਼ਕਤੀ ਨੂੰ ਅਪਰਾ ਸ਼ਕਤੀ ਅਤੇ ਲੋਕ ਵਿਮੋਹਨੀ ਵਿਦਿਆ ਦੱਸਿਆ ਹੈ। ਇਸ ਨੂੰ ਉਹ ਆਪਣੀ ਪਰਾਸ਼ਕਤੀ ਵਿਦਿਆ ਦੇ ਨਾਲ ਹੀ ਦੂਰ ਕਰਦੇ ਹਨ। ਸੂਰਯਪ੍ਰਾਨ ਵਿਚ ਮਾਇਆ ਨੂੰ ਸਤ,ਅਸਤ ਤੇ ਸਦਾ ਸਦ ਤਿੰਨਾਂ ਤੋਂ ਭਿੰਨ ਅਨਿਰਵਚਨੀਯ ਤੇ ਮਿਥਿਆ ਕੂੜ ਸਵੀਕਾਰ ਕੀਤਾ ਗਿਆ ਹੈ। ਇਸ ਤਰ੍ਹਾਂ ਲਗਦਾ ਹੈ ਕਿ ਸ਼ੰਕਰ ਨੇ ਆਪਣੇ ਮਾਇਆਵਾਦ ਦੇ ਵਧੇਰੇ ਤੱਤ ਇਥੋਂ ਹੀ ਲਏ ਹਨ,ਕਿਉਂਕਿ ਉਨ੍ਹਾਂ ਦੇ ਮਾਇਆਵਾਦ ਦਾ ਇਕ ਦਮ ਇਹ ਅਨੁਰੂਪ ਹੈ।[3]

---

1. ਗੁਰੂ ਨਾਨਕ:ਜੀਵਨ ਦਰਸ਼ਨ ਅਤੇ ਕਾਵਿ ਕਲਾ,ਪੰਨਾ 116.
2. ਸਰਪਨੀ ਤੇ ਊਪਰਿ ਨਹੀ ਬਲੀਆ॥ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥

   ਇਹ ਸ੍ਰਪਨੀ ਤਾ ਕੀ ਕੀਤੀ ਹੋਈ॥ ਬਲੁ ਅਬਲੁ ਕਿਆ ਇਸ ਤੇ ਹੋਈ॥
   (ਆਸਾ ਕਬੀਰ)480.
3. ਡਾ:ਧਰਮਪਾਲ ਮੈਨੀ,ਗੁਰੂ ਨਾਨਕ:ਜੀਵਨ,ਦਰਸ਼ਨ ਅਤੇ ਕਾਵਿ ਕਲਾ,ਪੰਨਾ 115.

ਸ਼ੰਕਰ ਨੇ ਵੇਦਾਂਤੀ ਮਾਇਆ ਦੇ ਸੰਕਲਪ ਦਾ ਸੁਵਿਸਥਾਰ ਵਿਸ਼ਲੇਸ਼ਣ ਕੀਤਾ ਹੈ। ਇਸ ਦਾ ਮੱਤ ਹੈ ਕਿ ਜੇ ਪਰਮਾਰਥਿਕ ਸੱਤਾ ਇਕ ਹੈ ਤਾਂ ਸੰਸਾਰ ਦੀ ਸ੍ਰਿਸ਼ਟੀ, ਅਸਲ ਵਿਚ, ਸ੍ਰਿਸ਼ਟੀ ਨਹੀਂ ਹੈ। ਪਰਮਾਤਮਾ ਆਪਣੀ ਮਾਇਆ ਸ਼ਕਤੀ ਰਾਹੀਂ ਸੰਸਾਰ ਦਾ ਇੰਦਰਜਾਲ ਰਚਦਾ ਹੈ। ਕਨ ਸਰੂਪ ਉਹ ਇਕ ਹੁੰਦਾ ਹੋਇਆ ਵੀ ਅਨੇਕ ਰੂਪਾਂ ਵਾਲਾ ਦਿਸ ਪੈਂਦਾ ਹੈ। ਇਸ ਦਾ ਕਾਰਨ ਅਗਿਆਨ ਹੈ। ਅਗਿਆਨ ਦੇ ਅਭਾਵ ਵਿਚ ਬ੍ਰਹਮ ਦੀ ਅਨੇਕਤਾ ਦੇ ਭਰਮ ਵਿਚ ਨਹੀਂ ਪਿਆ ਜਾ ਸਕਦਾ। ਇਸ ਲਈ ਮਾਇਆ, ਅਵਿਦਿਆ ਅਥਵਾ ਅਗਿਆਨ ਇਕੋ ਗੱਲ ਦੇ ਸੂਚਕ ਹਨ। ਸ਼ੰਕਰ ਨੇ ਮਾਇਆ ਨੂੰ ਸ਼ਕਤੀ, ਪ੍ਰਕ੍ਰਿਤੀ ਆਦਿ ਦੇ ਨਾਂ ਵੀ ਦਿੱਤੇ ਹਨ।[1] ਰਾਮਾਨੁਜ ਮਾਇਆ ਨੂੰ ਬ੍ਰਹਮ ਦੀ ਨਿਤਯ ਅਚੇਤਨ ਸ਼ਕਤੀ ਦੇ ਰੂਪ ਵਿਚ ਸਵੀਕਾਰ ਕਰਦਾ ਹੈ, ਜਿਸ ਵਿਚ ਕਿ ਪਰਿਵਰਤਨ ਹੁੰਦਾ ਹੈ। ਗੁਰੂ ਨਾਨਕ ਬਾਣੀ ਵਿਚ ਵੀ ਬ੍ਰਹਮ ਦੀ ਨਿਤਯ ਅਚੇਤਨ ਸ਼ਕਤੀ ਨੂੰ ਰਾਮਾਨੁਜ ਵਾਂਗ ਸਵੀਕਾਰ ਕੀਤਾ ਗਿਆ ਹੈ। ਇਸ ਸ਼ਕਤੀ ਨਾਲ ਸੰਸਾਰ ਦੀ ਵਾਸਤਵਿਕ ਅਤੇ ਨਿਰੰਤਰ ਰਚਨਾ ਹੋ ਰਹੀ ਹੈ। ਪਰਮ-ਸ਼ਕਤੀ ਹੋਣ ਦੇ ਨਾਤੇ ਇਸ ਨੂੰ ਮਿਥਿਆ ਨਹੀਂ ਕਿਹਾ ਗਿਆ।[2] ਜਪੁਜੀ ਵਿਚ ਮਾਇਆ ਅਤੇ ਉਸਦੇ ਤਿੰਨਾਂ ਗੁਣਾਂ ਦੀ ਰਚਨਾ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।

(ਜਪੁਜੀ)

ਇਨ੍ਹਾਂ ਤਿੰਨਾਂ ਗੁਣਾਂ ਦਾ ਵਰਣਨ ਆਪ ਦੀ ਹੋਰ ਬਾਣੀ ਵਿਚ ਵੀ ਮਿਲਦਾ ਹੈ:

ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਹੇ।
(ਗਉੜੀ)156

ਅਤੇ

ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ। (ਮਾਰੂ)1037.

ਡਾ: ਮੈਣੀ ਅਨੁਸਾਰ ਗੁਰੂ ਨਾਨਕ ਨੇ ਵੇਦਾਂਤਾਚਾਰੀਆਂ ਵਾਂਗ ਜਗਤ ਨੂੰ ਸਿਰਜਨ ਵਾਲੀ ਸ਼ਕਤੀ ਦੇ ਅਰਥ ਵਿਚ ਪ੍ਰਕ੍ਰਿਤੀ ਦੇ ਥਾਂ ਆਮ ਤੌਰ ਤੇ ਕੁਦਰਤਿ ਸ਼ਬਦ ਦਾ ਪ੍ਰਯੋਗ ਕੀਤਾ ਹੈ ਅਤੇ ਜੀਵ ਨੂੰ ਮੋਹਣ ਵਾਲੀ ਸ਼ਕਤੀ ਦੇ ਅਰਥ ਵਿਚ ਮਾਇਆ ਦਾ।[3] ਮਾਇਆ ਜੀਵ ਆਤਮਾ ਅਤੇ ਪਰਮਾਤਮਾ ਵਿਚ ਰੁਕਾਵਟ ਬਣਦੀ ਹੈ। ਗੁਰੂ ਨਾਨਕ ਨੇ ਇਸ ਦ੍ਰਿਸ਼ਟੀ ਤੋਂ ਮਾਇਆ ਲਈ ਬਿੰਬ ਭੈੜੀ ਸੱਸ ਦਾ ਵਰਤਿਆ ਹੈ, ਜੋ ਕਿ ਨੂੰਹ ਨੂੰ ਪਤੀ ਨਾਲ ਵਸਣ ਨਹੀਂ ਦਿੰਦੀ।

---

1. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 290.
2. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਅਧਿਐਨ, ਪੰਨਾ 271.
3. ਗੁਰੂ ਨਾਨਕ - ਜੀਵਨ ਦਰਸ਼ਨ ਅਤੇ ਕਾਵਿ ਕਲਾ, ਪੰਨਾ 117.

ਸਾਸੁ ਬੁਰੀ ਘਰਿ ਵਾਸੁ ਨ ਦੇਵੈ
ਪਿਰ ਸਿਉ ਮਿਲਣ ਨ ਦੇਇ ਬੁਰੀ।[1] (ਆਸਾ)355

ਮਾਇਆ ਇਕ ਮਨਮੋਹਣੀ ਦਾਸੀ ਹੈ, ਜਿਸਦੇ ਚੱਕਰ ਵਿਚ ਫਸਿਆ ਮਨੁੱਖ ਪਰਮਾਤਮਾ ਦਾ ਭਉ ਭਾਉ ਵਿਸਾਰ ਦਿੰਦਾ ਹੈ। ਪਰ ਇਸ ਮਾਇਆ ਦੇ ਪਾਣੀ ਕਰਕੇ ਰੇੜਕੇ ਵਿਚੋਂ ਕੁਝ ਨਹੀਂ ਮਿਲਦਾ:

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ।
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ।
(ਗਉੜੀ)229

ਕਈ ਥਾਂਵ ਇਸ ਦੇ ਲਈ ਸੱਪਣੀ ਦਾ ਰੂਪਕ ਵੀ ਵਰਤਿਆ ਹੈ:

ਜਿਉ ਸਰਪਨਿ ਕੈ ਵਸਿ ਜੀਅੜਾ। (ਸਿਰੀ ਰਾਗ ਮ:੧)63

ਮਾਇਆ ਪਰਮਾਤਮਾ ਦੀ ਦਾਤ ਹੈ ਪਰ ਅਗਿਆਨੀ ਦਾਤ ਦੇ ਮੋਹ-ਵਸ ਵਿਚ ਦਾਤੇ ਨੂੰ ਵਿਸਾਰ ਦਿੰਦਾ ਹੈ। ਇਸ ਕਰਕੇ ਪ੍ਰੇਰਨਾ ਕੀਤੀ ਹੈ:

ਮਾਇਆ ਮਮਤਾ ਮੋਹਣੀ। (ਰਾਮਕਲੀ)937

ਗੁਰੂ ਨਾਨਕ ਅਨੁਸਾਰ ਜਿਨ੍ਹਾਂ ਤੇ ਮਾਇਆ ਦਾ ਰੰਗ ਚੜ੍ਹਿਆ ਹੁੰਦਾ ਹੈ, ਉਨ੍ਹਾਂ ਤੇ ਪ੍ਰਭੂ ਦੇ ਨਾਮ ਦਾ ਰੰਗ ਨਹੀਂ ਚੜ੍ਹ ਸਕਦਾ। ਅਜਿਹੇ ਵਿਅਕਤੀ ਪਰਮਾਤਮਾ ਦਾ ਸੰਜੋਗ ਆਨੰਦ ਪ੍ਰਾਪਤ ਨਹੀਂ ਕਰ ਸਕਦੇ:

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ।
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ।
(ਤਿਲੰਗ)721

ਮਾਇਆ ਕਈ ਰੂਪਾਂ ਵਿਚ ਵਿਚਰਦੀ ਹੈ:

ਮਾਇਆ ਮਮਤਾ ਹੈ ਬਹੁਰੰਗੀ। (ਪ੍ਰਭਾਤੀ)1342

ਇਸ ਦਾ ਕੁਝ ਵਿਵਰਣ ਗੁਰੂ ਨਾਨਕ ਦੀਆਂ ਇਨ੍ਹਾਂ ਪੰਕਤੀਆਂ ਵਿਚ ਦਿੱਤਾ ਗਿਆ ਹੈ:

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ।
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ। (ਸਿਰੀ)61

ਇਸ ਪਰੰਪਰਾਗਤ ਵਿਚਾਰ ਦਾ ਵੀ ਉਲੇਖ ਹੋਇਆ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵਿਕਾਰ ਮਾਇਆ ਦੇ ਹੀ ਵੱਖ ਵੱਖ ਰੂਪ ਹਨ। ਜੇ ਮਨੁੱਖ ਇਨ੍ਹਾਂ ਦੇ ਵਸ ਹੋ ਜਾਵੇ ਤਾਂ ਉਚੇਰਾ

---

1. ਗੁਰੂ ਅਮਰਦਾਸ ਜੀ ਨੇ ਮਾਇਆ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ:

ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ।
(ਰਾਮਕਲੀ)911.

ਵੇਖ ਤੇ ਸੋਚ ਵੀ ਨਹੀਂ ਸਕਦਾ। ਕਾਮ ਕ੍ਰੋਧ ਰੂਪ ਵਿਚ ਮਾਇਆ ਤਾਂ ਸਰੀਰ ਨੂੰ ਇਸ ਤਰ੍ਹਾਂ ਖਾ ਜਾਂਦੀ ਹੈ, ਜਿਵੇਂ ਸੋਹਾਗਾ ਸੋਨੇ ਨੂੰ ਗਾਲਦਾ ਹੈ। ਇਹ ਸੰਗਲ ਵਾਂਗ ਜੀਵ ਨੂੰ ਜਕੜ ਲੈਂਦੇ ਹਨ, ਜਿਸ ਨੂੰ ਤੋੜਨ ਲਈ ਇਸ ਤਰ੍ਹਾਂ ਆਦੇਸ਼ ਹੈ:

> ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਜਿਉ ਕੰਚਨ ਸੋਹਾਗਾ ਢਾਲੈ।
> (ਰਾਮਕਲੀ)932.

ਉਂਜ ਤਾਂ ਪੁੱਤਰ ਧੀਆਂ ਅਤੇ ਸਨਬੰਧੀਆਂ ਦੇ ਰਿਸ਼ਤੇ ਰੱਬ ਨੇ ਆਪ ਹੀ ਬਣਾਏ ਹਨ, ਪਰ ਜਦੋਂ ਵਿਅਕਤੀ ਇਨ੍ਹਾਂ ਸੰਬੰਧਾਂ ਵਿਚ ਹੀ ਗਵਾਚ ਜਾਂਦਾ ਹੈ ਤਾਂ ਉਹ ਮਾਇਆ ਬਣ ਜਾਂਦੇ ਹਨ:

> ਪੁਤੁ ਕਲਤੁ ਜਗਿ ਹੇਤੁ ਪਿਆਰਾ। ਮਾਇਆ ਮੋਹੁ ਪਸਰਿਆ ਪਾਸਾਰਾ।
> (ਮਾਰੂ)1029

ਸਮੁੱਚਾ ਜਗਤ ਹੀ ਮਾਇਆ ਦੇ ਵੱਸ ਵਿਚ ਹੈ, ਕੋਈ ਵਿਰਲਾ ਹੀ ਜਾਣਦਾ ਹੈ ਕਿ ਮੋਹਨੀ ਮਾਇਆ ਆਪਣੇ ਨਾਨਾ ਰੂਪਾਂ ਦੁਆਰਾ ਜੀਵ ਨੂੰ ਠਗ ਰਹੀ ਹੈ। ਇਸ ਯਥਾਰਥ ਨੂੰ ਗੁਰੂ ਸਾਹਿਬ ਇਸ ਤਰ੍ਹਾਂ ਕਥਨ ਕਰਦੇ ਹਨ:

> ਇਹਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ।  (ਸੋਰਠ)595.

ਗੁਰੂ ਨਾਨਕ ਦੇ ਮਤ ਅਨੁਸਾਰ ਦੇਵੀ ਅਤੇ ਦੇਵ ਵੀ ਮਾਇਆ ਦੀ ਪਕੜ ਤੋਂ ਬਚੇ ਨਹੀਂ ਹਨ:

> ਮਾਇਆ ਮੋਹਿ ਦੇਵੀ ਸਭਿ ਦੇਵਾ।  (ਗਉੜੀ)227.

ਗੁਰੂ ਨਾਨਕ ਬਾਣੀ ਵਿਚ ਮਾਇਆ ਦੇ ਮਾਰੂ ਪ੍ਰਭਾਵ ਤੋਂ ਬਚਣ ਦੀ ਵਿਧੀ ਵੀ ਦੱਸੀ ਹੈ, ਉਹ ਹੈ ਪਰਮਾਤਮਾ ਦਾ ਨਾਮ ਜਾਂ ਉਸਦਾ ਸ਼ਬਦ ਜਾਂ ਉਸਦਾ ਹੁਕਮ:

> ਮਾਇਆ ਮੋਹ ਗੁਰਸਬਦਿ ਜਲਾਏ
> ਨਿਰਮਲੁ ਨਾਮੁ ਸਦ ਹਿਰਦੈ ਧਿਆਏ।  (ਆਸਾ)412.

## ਚਾਰ ਪਦਾਰਥ

ਭਾਰਤੀ ਸਭਿਆਚਾਰ ਵਿਚ ਚਾਰ ਮੁੱਖ ਪਦਾਰਥਾਂ ਜਾਂ ਕੀਮਤਾਂ ਨੂੰ ਮੰਨਿਆ ਗਿਆ ਹੈ। ਮੰਨੂ ਅਨੁਸਾਰ ਇਹ ਚਾਰ ਲਕਸ਼ ਜਾਂ ਆਦਰਸ਼ ਹਨ: ਕਾਮ, ਅਰਥ, ਧਰਮ ਅਤੇ ਮੋਖ। ਸਰੀਰਕ ਲੋੜਾਂ ਦੀ ਪੂਰਤੀ ਨੂੰ ਕਾਮ ਕਿਹਾ ਗਿਆ ਹੈ, ਤਾਕਤ, ਸੰਪਤੀ ਜਾਂ ਆਰਥਕ ਲੋੜਾਂ ਦੀ ਪੂਰਤੀ ਨੂੰ ਅਰਥ ਅਤੇ ਸਮਾਜਕ ਪ੍ਰਬੰਧ ਦੀ ਲੋੜ-ਪੂਰਤੀ ਧਰਮ। ਇਹ ਤਿੰਨੇ ਇਸ ਦੁਨੀਆਂ ਵਿਚ ਜੀਵਨ ਜੀਊਣ ਲਈ ਅਵੱਸ਼ਕ ਹਨ। ਮੋਖ ਜਾਂ ਮੁਕਤੀ ਜੀਵਨ ਦਾ ਅੰਤਮ ਲਕਸ਼ ਹੈ। ਮੁਕਤੀ ਹੈ ਬੰਧਨ ਤੋਂ ਆਤਮਾ ਨੂੰ ਆਜ਼ਾਦ ਕਰਨਾ, ਆਵਾਗਵਨ ਤੋਂ ਬਚਣਾ ਜਾਂ ਪਰਮਾਤਮਾ ਨਾਲ ਅਭੇਦ ਹੋਣਾ। ਇਨ੍ਹਾਂ ਨੂੰ ਚਾਰ ਪੁਰਸ਼ਾਰਥ ਵੀ ਕਿਹਾ ਗਿਆ ਹੈ। ਭਾਰਤੀ ਜੀਵਨ ਜਾਚ ਵਿਚ ਇਨ੍ਹਾਂ ਚਾਰ ਪਰਮ

ਆਦਰਸ਼ਾਂ ਨੂੰ ਨੈਤਿਕ ਦ੍ਰਿਸ਼ਟੀ ਤੋਂ ਅਤਿਅੰਤ ਸਾਰਥਕ ਮੰਨਿਆ ਗਿਆ ਹੈ।

ਮਨੁੱਖੀ ਜੀਵਨ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ ਅਤੇ ਇਨ੍ਹਾਂ ਪੁਰਸ਼ਾਰਥਾਂ ਦਾ ਇਨ੍ਹਾਂ ਨਾਲ ਸੰਬੰਧ ਸਥਾਪਿਤ ਕੀਤਾ ਗਿਆ ਹੈ। ਬ੍ਰਹਮਚਾਰੀ ਆਸ਼ਰਮ ਵਿਚ ਧਰਮ ਦੀ ਸਿੱਖਿਆ ਗ੍ਰਹਿਣ ਕਰਨ ਉਪਰ ਬਲ ਦਿੱਤਾ ਜਾਂਦਾ ਹੈ ਅਤੇ ਗ੍ਰਿਹਸਥ ਆਸ਼ਰਮ ਵਿਚ ਅਰਥ ਅਤੇ ਕਾਮ ਦੇ ਧਰਮ-ਉਚਿਤ ਭੋਗ ਉਪਰ, ਬਾਨ ਪ੍ਰਸਤ ਆਸ਼੍ਰਮ ਵਿਚ ਸਾਂਸਾਰਿਕਤਾ ਤੋਂ ਮੁਕਤੀ ਪ੍ਰਾਪਤ ਕਰਨ ਦਾ ਅਭਿਆਸ ਚਲਦਾ ਹੈ, ਪਰ ਇਥੇ ਵੀ ਧਰਮ ਨੂੰ ਧਾਰਣ ਕਰਨਾ ਜ਼ਰੂਰੀ ਮੰਨਿਆ ਜਾਂਦਾ ਹੈ। ਜੀਵਨ ਦੇ ਅੰਤਿਮ ਆਸ਼ਰਮ ਸੰਨਿਆਸ ਵਿਚ ਵਿਅਕਤੀ ਸਾਰੇ ਬੰਧਨਾਂ ਕੋਲੋਂ ਮੁਕਤ ਹੋ ਕੇ ਕੇਵਲ ਮੋਖ ਪ੍ਰਾਪਤੀ ਵਿਚ ਜੁਟ ਜਾਂਦਾ ਹੈ, ਜੋ ਕਿ ਜੀਵਨ ਦੀ ਸਰਬ-ਉੱਚ ਪ੍ਰਾਪਤੀ ਮੰਨੀ ਗਈ ਹੈ। ਵਰਣਾਸ਼ਰਮ ਅਤੇ ਪੁਰਸ਼ਾਰਥ ਦੇ ਸੰਕਲਪਾਂ ਵਿਚ ਭਾਰਤੀ ਜੀਵਨ ਢੰਗ ਦਾ ਨੈਤਿਕ ਪੱਖ ਬੜੀ ਸਪਸ਼ਟਤਾ ਨਾਲ ਉਜਾਗਰ ਹੁੰਦਾ ਹੈ।[1]

ਵਾਸਤਵ ਵਿਚ ਕਾਮ ਅਰਥ ਵਿਚ ਵੀ ਧਰਮ ਦਾ ਤੱਤ੍ਵ ਹੋਣਾ ਜ਼ਰੂਰੀ ਹੈ। ਜੇ ਧਰਮ ਦਾ ਨਿਯੰਤ੍ਰਣ ਨਾ ਹੋਵੇ ਤਾਂ ਇੱਛਾਵਾਂ ਦੀ ਕੋਈ ਸੀਮਾ ਨਾ ਰਹੇ ਅਤੇ ਉਨ੍ਹਾਂ ਦੀ ਪੂਰਤੀ ਲਈ ਵਰਤੇ ਅਨੈਤਿਕ ਢੰਗ ਸਮਾਜ ਵਿਚ ਵਿਗਾੜ ਪੈਦਾ ਕਰ ਦੇਣ, ਇਸੇ ਤਰ੍ਹਾਂ ਪਦਾਰਥਕ ਵਸਤਾਂ ਲਈ ਉਪਰਾਲੇ ਅਤੇ ਉਨ੍ਹਾਂ ਦੇ ਭੋਗ ਲਈ ਨਿਯਮ ਦੀ ਅਵੱਸ਼ਕਤਾ ਹੈ। ਵਾਸਤਵ ਵਿਚ ਕਾਮ ਅਤੇ ਅਰਥ ਸਾਧਨ ਹਨ ਕਿਸੇ ਉਚੇਰੇ ਮਨੋਰਥ ਲਈ। ਭਾਰਤੀ ਸਭਿਆਚਾਰ ਅਨੁਸਾਰ ਇਨ੍ਹਾਂ ਨੂੰ ਪ੍ਰਯੋਜਨ ਨਹੀਂ ਸਮਝਿਆ ਜਾ ਸਕਦਾ। ਧਰਮ ਵੀ ਵਿਧੀ ਹੈ ਉਚੇਰੇ ਲਕਸ਼ ਲਈ, ਜੋ ਮੁਕਤੀ ਹੈ।[2]

ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਚਾਰ ਪਦਾਰਥਾਂ ਦਾ ਵਰਣਨ ਮਿਲਦਾ ਹੈ। ਹੇਠ ਦਿੱਤੇ ਸ਼ਬਦ ਵਿਚ ਆਪ ਦਸਦੇ ਹਨ ਕਿ ਇਹ ਚਾਰੇ ਪਦਾਰਥ ਸਤਿਗੁਰੂ ਦੇ ਵਸ ਵਿਚ ਹਨ ਅਰਥਾਤ ਸਤਿਗੁਰੂ ਦੀ ਸ਼ਰਨ ਵਿਚ ਆਉਣ ਨਾਲ ਇਨ੍ਹਾਂ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਇਹ ਵੀ ਵਿਚਾਰ ਦਿੱਤਾ ਹੈ ਕਿ ਪਹਿਲੇ ਤਿੰਨ ਪਦਾਰਥ ਕਾਮ ਅਰਥ ਅਤੇ ਧਰਮ ਤਾਂ ਮੁੱਕ ਜਾਂਦੇ ਹਨ, ਚੌਥਾ ਮੋਖ ਸਫਲ ਹੁੰਦਾ ਹੈ। ਗੁਰੂ ਜੀ ਆਪਣੇ ਸਿੱਖ ਦਾ ਧਿਆਨ ਕੇਵਲ ਮੁਕਤੀ ਵਲ ਲਾ ਦਿੰਦੇ ਹਨ ਅਤੇ ਉਹ ਹੋਰਨਾਂ ਪਦਾਰਥਾਂ ਨੂੰ ਨੀਵਾਂ ਸਮਝਣ ਲਗ ਪੈਂਦੇ ਹਨ।[3]

ਸਤਿਗੁਰ ਕੈ ਵਸਿ ਚਾਰਿ ਪਦਾਰਥ। ਤੀਨਿ ਸਮਾਏ ਏਕ ਕ੍ਰਿਤਾਰਥ।
ਸਤਿਗੁਰਿ ਦੀਏ ਮੁਕਤਿ ਧਿਆਨਾਂ। ਹਰਿ ਪਦੁ ਚੀਨ੍ਹਿ ਭਏ ਪਰਧਾਨਾ।
(ਪ੍ਰਭਾਤੀ) 1345

1. ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰਨੇ 34-35.
2. ਗੁਰਬਾਣੀ ਵਿਚ ਇਨ੍ਹਾਂ ਚਾਰੇ ਪਦਾਰਥਾਂ ਦਾ ਜ਼ਿਕਰ ਹੈ:
   ਅਰਥ ਧਰਮ ਕਾਮ ਮੋਖ ਕਾ ਦਾਤਾ। (ਬਿਲਾਵਲ ਮ:5) 806.
   ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ। (ਬਿਲਾਵਲ ਮ:5) 816.
3. ਸ਼ਬਦਾਰਥ, ਪੰਨਾ 1345.

ਚਾਰਿ ਪਦਾਰਥ ਕਹੈ ਸਭੁ ਕੋਈ। ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ।
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ। ਮੁਕਤਿ ਪਦਾਰਥੁ ਭਗਤਿ ਹਰਿ ਪਾਇਆ।
(ਗਉੜੀ)154.

ਇਕ ਹੋਰ ਸ਼ਬਦ ਵਿਚ ਆਪ ਦਸਦੇ ਹਨ ਕਿ ਇਨ੍ਹਾਂ ਚਹੁੰਆਂ ਪਦਾਰਥਾਂ ਦੇ ਆਸੇ ਨਾਲ ਜੀਵ ਦਾ ਮਾਇਆ ਦੇ ਘਰ ਵਿਚ ਵਾਸਾ ਹੋਇਆ:[1]

ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ।
(ਮਾਰੂ)1014.

## ਮੁਕਤੀ ਦਾ ਸੰਕਲਪ

ਡਾ: ਰਾਧਾ ਕ੍ਰਿਸ਼ਨਨ ਅਨੁਸਾਰ ਲਗਭਗ ਸਾਰੇ ਹੀ ਭਾਰਤੀ ਚਿੰਤਕ ਇਸ ਵਿਚਾਰ ਨਾਲ ਸਹਿਮਤੀ ਰਖਦੇ ਹਨ ਕਿ ਮੋਕਸ਼(ਮੁਕਤੀ)ਜਨਮ ਮਰਨ ਤੋਂ ਛੁਟਕਾਰਾ ਹੈ।[2] ਡਾ: ਜੋਸ਼ੀ ਦੇ ਕਥਨ ਅਨੁਸਾਰ ਭਾਵੇਂ ਮੋਕਸ਼ ਦੇ ਸਰੂਪ ਸੰਬੰਧੀ ਵਿਭਿੰਨ ਦਾਰਸ਼ਨਿਕਾਂ ਵਿਚ ਕਾਫ਼ੀ ਮੱਤ-ਭੇਦ ਹੈ, ਪਰ ਇੱਕ ਗੱਲ ਤੇ ਸਾਰੇ ਸਹਿਮਤ ਹਨ ਕਿ ਮੋਕਸ਼ ਉਸ ਸਥਿਤੀ ਦਾ ਸੂਚਕ ਹੈ ਜਦੋਂ ਮਨੁੱਖ ਤ੍ਰਿਬਿਧ ਦੁੱਖ (ਦੈਹਿਕ, ਭੌਤਿਕ ਅਤੇ ਦੈਵਿਕ) ਤੋਂ ਛੁਟਕਾਰਾ ਪਾ ਲੈਂਦਾ ਹੈ। ਇਸ ਤਰ੍ਹਾਂ ਮੋਕਸ਼ ਮਨੁੱਖ ਦੇ ਸੰਸਾਰਿਕ ਦੁੱਖਾਂ ਦਾ ਅਤਿਅੰਤਕ ਨਿਰੋਧ ਹੈ।[3] ਜੀਵ ਅਵਿਦਿਆ ਕਰਕੇ ਬੰਧਨ ਜਾਂ ਕਲੇਸ਼ ਵਿਚ ਰਹਿੰਦਾ ਹੈ। ਇਸ ਤੋਂ ਸੁਤੰਤਰ ਹੋਣਾ ਮੁਕਤੀ ਹੈ। ਮੁਕਤੀ ਤੋਂ ਦੂਜਾ ਭਾਵ ਲਿਆ ਜਾਂਦਾ ਹੈ, ਪਰਮਾਤਮਾ ਨਾਲ ਅਭੇਦਤਾ। ਮਾਇਆ ਦੇ ਬੰਧਨ ਤੋਂ ਮੁਕਤ ਹੋ ਕੇ ਜੀਵ ਦਾ ਬ੍ਰਹਮ ਨਾਲ ਅਭੇਦ ਹੋਣਾ ਮੁਕਤੀ ਹੈ। ਭਿੰਨ ਭਿੰਨ ਦਾਰਸ਼ਨਿਕਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣ ਅਤੇ ਅਨੁਭਵ ਅਨੁਸਾਰ ਇਸ ਅਵਸਥਾ ਨੂੰ ਮੋਕਸ਼, ਮੁਕਤੀ, ਨਿਰਵਾਣ, ਕੈਵਲਯ, ਅਪਵਰਗ, ਪਰਮਪਦ, ਪਰਮ ਗਤਿ, ਪਰਮ ਸੁਖ ਆਦਿ ਨਾਂ ਦਿੱਤੇ ਹਨ। ਸ਼ੁਰੂ ਵਿਚ ਮ੍ਰਿਤੂ ਤੋਂ ਛੁਟਕਾਰਾ ਪਾਣ ਨੂੰ ਮੁਕਤੀ ਸਮਝਿਆ ਜਾਂਦਾ ਸੀ ਅਤੇ ਇਸ ਛੁਟਕਾਰੇ ਵਿਚ ਦੇਵਤਿਆਂ ਨੂੰ ਸਮਰਥ ਮੰਨਿਆ ਜਾਂਦਾ ਸੀ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਅਨੇਕ ਪ੍ਰਕਾਰ ਦੀਆਂ ਉਪਾਸਨਾਵਾਂ ਪ੍ਰਚਲਿਤ ਹੋਈਆਂ।[4]

ਭਾਰਤੀ ਚਿੰਤਕਾਂ ਨੇ ਚਾਰ ਕਿਸਮ ਦੀ ਮੁਕਤੀ ਮੰਨੀ ਹੈ - ਸਾਲੋਕਯ, ਸਾਯੁਜਯ, ਸਾਮੀਪਯ ਅਤੇ ਸਾਰੂਪਯ। ਭਗਵਾਨ ਦੇ ਲੋਕ ਵਿਚ ਪਹੁੰਚਣਾ ਸਾਲੋਕਯ ਹੈ, ਉਸਦਾ ਅੰਗ ਹੋ ਜਾਣਾ ਸਾਯੁਜਯ ਹੈ, ਉਸਦੇ ਨਿਕਟ ਪਹੁੰਚਣਾ ਸਾਮੀਪਯ ਅਤੇ ਉਸਦੇ ਸਰੂਪ ਹੋ ਜਾਣਾ ਸਾਰੂਪਯ ਹੈ।[5]

---

1. ਸ਼ਬਦਾਰਥ, ਪੰਨੇ 1014,1027.
2. Indian Philosophy, Vol. I, p.242.
3. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 307.
4. ਉਹੀ
5. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨੇ 162-63.

ਨਿਆਇ ਸ਼ਾਸਤਰ ਨੂੰ ਮੰਨਣ ਵਾਲਿਆਂ ਦੇ ਵਿਚਾਰ ਅਨੁਸਾਰ ਮੁਕਤੀ ਇਸ ਗੱਲ ਵਿਚ ਹੈ ਕਿ ਅਸੀਂ ਜੀਵਾਤਮਾ ਨੂੰ ਅੰਸ਼ਕ ਤੇ ਮਿਥਿਆ ਵਸਤੂ ਮੰਨ ਕੇ ਪਾਪ ਜਾਂ ਅਗਿਆਨ ਦਾ ਵਿਚਾਰ ਹੀ ਤਿਆਗ ਦੇਈਏ। ਵੈਸ਼ੇਸ਼ਿਕ ਸ਼ਾਸਤ੍ਰਕਾਰਾਂ ਦਾ ਵੀ ਮੁਕਤੀ ਬਾਰੇ ਇਸੇ ਪ੍ਰਕਾਰ ਦਾ ਵਿਚਾਰ ਹੈ। ਸਾਂਖ ਵਾਲੇ ਕਹਿੰਦੇ ਹਨ ਕਿ ਮੁਕਤੀ ਇਸ ਗੱਲ ਦੇ ਗਿਆਨ ਵਿਚ ਹੈ ਕਿ ਆਤਮਾ ਪ੍ਰਕ੍ਰਿਤੀ ਤੋਂ ਨਿਆਰੀ ਹਸਤੀ ਹੈ। ਯੋਗ ਵਾਲੇ ਕਹਿੰਦੇ ਹਨ ਕਿ ਮੁਕਤੀ ਦੇ ਅਰਥ ਹਨ ਆਤਮਾ ਦਾ ਪ੍ਰਕ੍ਰਿਤੀ ਸੰਸਾਰ ਤੇ ਉਸਦੀਆਂ ਰੁਚੀਆਂ ਨੂੰ ਤਿਆਗਣਾ। ਚਾਰ ਵਾਕ ਅਰਥਾਤ ਭਾਰਤ ਦੇ ਨਾਸਤਕ ਕਹਿੰਦੇ ਹਨ ਕਿ ਮੌਤ ਹੀ ਮੁਕਤੀ ਹੈ। ਵੇਦਾਂਤ ਦੇ ਵਿਚਾਰ ਨਾਲ ਗੁਰਮਤਿ ਕਾਫ਼ੀ ਹੱਦ ਤੱਕ ਮੇਲ ਖਾਂਦੀ ਹੈ। ਭਿੰਨ-ਭੇਦ ਕੇਵਲ ਇਤਨਾ ਹੈ ਕਿ ਵੇਦਾਂਤੀ ਤਾਂ ਆਪਣੀ ਫ਼ਿਲਾਸਫ਼ੀ ਅਨੁਸਾਰ ਇਹ ਮੰਨਦਾ ਹੈ ਕਿ ਮਨੁੱਖ ਅਭੇਦਤਾ ਦੀ ਦਸ਼ਾ ਵਿਚ ਬ੍ਰਹਮ ਹੋ ਜਾਂਦਾ ਹੈ, ਸਿੱਖੀ ਆਸ਼ਾ ਇਹ ਹੈ ਕਿ ਪ੍ਰੇਮ-ਭਗਤੀ ਦੁਆਰਾ ਮਨੁੱਖ ਦੀ ਆਤਮਾ ਅਕਾਲ ਪੁਰਖ ਵਿਚ ਲੀਨ ਹੋਣ ਦੇ ਯੋਗ ਹੋ ਜਾਂਦੀ ਹੈ।[1]

ਉਪਨਿਸ਼ਦਾਂ ਵਿਚ ਮੁਕਤੀ ਬਾਰੇ ਕਈ ਵਿਚਾਰ ਦਿੱਤੇ ਗਏ ਹਨ। ਕੱਠ ਉਪਨਿਸ਼ਦ (6.16.15) ਵਿਚ ਲਿਖਿਆ ਹੈ ਕਿ ਜਦ ਹਿਰਦੇ ਦੀਆਂ ਸਾਰੀਆਂ ਇੱਛਾਵਾਂ ਮੁੱਕ ਜਾਂਦੀਆਂ ਹਨ ਅਤੇ ਜਦ ਅਵਿਦਿਆ ਅਹੰਕਾਰ ਦੀਆਂ ਸਾਰੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ ਤਾਂ ਅਮਰਾਪਦ ਪ੍ਰਾਪਤ ਹੁੰਦਾ ਹੈ। ਤ੍ਰਾਂਦੋਗਯ ਉਪਨਿਸ਼ਦ(4.14.3) ਵਿਚ ਦ੍ਰਿਸ਼ਟਾਂਤ ਦਿੱਤਾ ਹੈ ਕਿ ਜਿਵੇਂ ਕੰਵਲ ਦੇ ਪੱਤੇ ਤੇ ਪਾਣੀ ਨਹੀਂ ਠਹਿਰਦਾ, ਇਸੇ ਤਰ੍ਹਾਂ ਮੁਕਤ ਪ੍ਰਾਣੀ ਨੂੰ ਕਰਮਾਂ ਦਾ/ਲੇਪ ਨਹੀਂ ਲਗਦਾ। ਮੁੰਡਕ ਉਪਨਿਸ਼ਦ(3.2.8)ਵਿਚ ਕਿਹਾ ਹੈ ਕਿ ਜਿਵੇਂ ਦਰਯਾ ਸਮੁੰਦਰ ਵਿਚ ਪੈ ਕੇ ਆਪਣਾ ਨਾਮ ਅਤੇ ਰੂਪ ਤਿਆਗ ਦੇਂਦੇ ਹਨ, ਇਸੇ ਤਰ੍ਹਾਂ ਨਾਮ ਰੂਪ ਤੋਂ ਮੁਕਤ ਹੋ ਕੇ ਆਤਮਾ ਪਰਮ ਪੁਰਖ ਵਿਚ ਜਾ ਸਮਾਂਦੀ ਹੈ। ਗੀਤਾ(3.31)ਵਿਚ ਵੀ ਬੰਧਨ ਤੋਂ ਮੁਕਤ ਹੋਣ ਦਾ ਵਿਚਾਰ ਦਿੱਤਾ ਹੈ। ਇਕ ਹੋਰ ਸਲੋਕ(4.9)ਵਿਚ ਕਿਹਾ ਹੈ ਕਿ ਜਿਹੜਾ ਸਰੀਰ ਨੂੰ ਤਿਆਗ ਕੇ ਫੇਰ ਜਨਮ ਧਾਰਨ ਨਹੀਂ ਕਰਦਾ, ਉਹੋ ਹੀ ਮੁਕਤ ਹੈ ਅਤੇ ਉਹੋ ਹੀ ਪਰਮੇਸ਼ੁਰ ਨੂੰ ਪ੍ਰਾਪਤ ਹੁੰਦਾ ਹੈ।

ਗੁਰਬਾਣੀ ਵਿਚ ਪਰੰਪਰਾਗਤ ਮੁਕਤੀ ਦੇ ਵਿਚਾਰ ਤਾਂ ਮਿਲਦੇ ਹਨ, ਪਰੰਤੂ ਇਨ੍ਹਾਂ ਵਿਚ ਪ੍ਰਭੂ ਪਿਆਰ ਦੇ ਸੰਜੋਗੀ ਆਨੰਦ ਤੋਂ ਉਚੇਰੀ ਕੋਈ ਮੁਕਤੀ ਨਹੀਂ ਦੱਸੀ। ਗੁਰੂ ਨਾਨਕ ਅਨੁਸਾਰ ਜੀਵ ਦਾ ਨਿਸ਼ਾਨਾ ਪ੍ਰਭੂ ਦਰ ਦੇ ਦਰਸ਼ਨ ਦਾ ਸਦੀਵੀ ਆਨੰਦ ਪ੍ਰਾਪਤ ਕਰਨਾ ਹੈ। ਹੋਰ ਕਿਸੇ ਪ੍ਰਕਾਰ ਦੀ ਮੁਕਤੀ ਅਤੇ ਬੈਕੁੰਠ ਦੀ ਲੋੜ ਨਹੀਂ:

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ।
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।
(ਆਸਾ)360.

---

1. ਸ਼ਰਦੂਲ ਸਿੰਘ, ਸਿੱਖ ਧਰਮ ਦਰਸ਼ਨ, ਪੰਨਾ 352.

ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ।
(ਮਾਰੂ ਅਸ਼ਟਪਦੀ) 1010

ਆਪ ਦੀ ਬਾਣੀ ਵਿਚ ਮੁਕਤੀ ਅਤੇ ਉਸਦੇ ਸਮਾਨਾਰਥੀ ਪਰੰਪਰਾਗਤ ਸ਼ਬਦਾਂ ਦਾ ਉਲੇਖ ਵੀ ਮਿਲਦਾ ਹੈ। ਉਦਾਹਰਣ ਵਜੋਂ ਦੇਖੋ ਇਹ ਪੰਕਤੀਆਂ:

ਮੁਕਤੀ: ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ। (ਮਾਰੂ) 1024

ਮੋਖ: ਮੰਨੈ ਪਾਵਹਿ ਮੋਖੁ ਦੁਆਰੁ। (ਜਪੁ)

ਬੰਦ ਖਲਾਸੀ: ਬੰਦਿਖਲਾਸੀ ਭਾਣੈ ਹੋਇ। (ਜਪੁ)

ਬੰਧਨ ਮੁਕਤਿ: ਬੰਧਨ ਕਾਟਿ ਮੁਕਤਿ ਘਰਿ ਆਣੈ। (ਰਾਮਕਲੀ) 932
ਬੰਧਨ ਤੋੜੈ ਹੋਵੈ ਮੁਕਤੁ। (ਸਲੋਕ) 1411.

ਪਰਮਪਦ: ਹਉਮੈ ਜਾਇ ਪਰਮ ਪਦੁ ਪਾਈਐ। (ਗਉੜੀ) 226

ਚਉਥਾ ਪਦ: ਤੀਨਿ ਸਮਾਵੈ ਚਉਥੈ ਵਾਸਾ। (ਬਿਲਾਵਲ) 839

ਅਮਰ ਪਦ: ਨਿਜ ਘਰਿ ਵਾਸੁ ਅਮਰਪਦੁ ਪਾਵੈ। (ਪ੍ਰਭਾਤੀ) 1342

ਨਿਰਬਾਣ ਪਦ: ਸਬਦ ਰਤੇ ਘਰੁ ਪਾਈਐ ਨਿਰਬਾਣੀ ਪਦੁ ਨੀਤਿ। (ਸਿਰੀ) 58

ਤੁਰੀਆ ਅਵਸਥਾ: ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ।
(ਆਸਾ) 356

ਮਹਾਂਸੁਖ: ਮੁਕਤਿ ਮਹਾਸੁਖ ਗੁਰ ਸਬਦੁ ਬੀਚਾਰਿ। (ਸਿਧ ਗੋਸਟਿ) 942

<u>ਜੀਵਨ ਮੁਕਤ</u>

ਪਰੰਪਰਾਗਤ ਸ਼ਬਦ ਜੀਵਨ ਮੁਕਤ ਦਾ ਵੀ ਉਲੇਖ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ। ਮੁਖ ਤੌਰ ਤੇ ਮੁਕਤੀ ਦੀ ਵੰਡ ਦੋ ਤਰ੍ਹਾਂ ਨਾਲ ਕੀਤੀ ਗਈ ਹੈ; ਜੀਵਨ ਮੁਕਤੀ ਅਤੇ ਦੇਹ-ਮੁਕਤੀ। ਪਹਿਲੀ ਇਸ ਸੰਸਾਰ ਵਿਚ ਰਹਿੰਦਿਆਂ ਹੀ ਪ੍ਰਾਪਤ ਹੋ ਜਾਂਦੀ ਹੈ - ਹਰਖ ਸੋਗ ਤੋਂ ਉਚੇਰਾ ਉਠ ਕੇ ਪ੍ਰਭੂ ਨਾਲ ਲਿਵਲੀਨ ਰਹਿਣਾ। ਦੂਜੀ ਹੈ ਸਰੀਰ ਨੂੰ ਤਿਆਗਣ ਪਿਛੋਂ ਪ੍ਰਭੂ ਦਰ ਨੂੰ ਪ੍ਰਾਪਤ ਹੋਣਾ। ਗੀਤਾ (3.25,5.19) ਅਨੁਸਾਰ ਜੀਵਨ ਮੁਕਤ ਗਿਆਨੀ ਇਥੇ ਰਹਿ ਕੇ ਨਿਸ਼ਕਾਮ ਕਰਮ ਕਰਦਾ ਹੈ ਉਹ ਸੁਆਰਥ ਲਈ ਨਹੀਂ ਲੋਕ ਹਿਤ ਲਈ ਕਰਦਾ ਹੈ। ਜੀਵਨ ਮੁਕਤੀ ਇਥੇ ਹੀ ਸਮਭਾਵ ਰਾਹੀਂ ਪ੍ਰਾਪਤ ਹੋ ਸਕਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਜੀਵਨ-ਮੁਕਤ ਦੇ ਲੱਛਣਾਂ ਵਿਚੋਂ ਇਕ ਲੱਛਣ ਹਉਮੈ ਦੀ ਨਿਵਿਰਤੀ ਦੱਸਿਆ ਹੈ। ਹਉਮੈ ਦਾ ਪਰਦਾ ਹੀ ਆਤਮਾ ਪਰਮਾਤਮਾ ਵਿਚਕਾਰ ਤਣਿਆ ਹੁੰਦਾ ਹੈ:

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ। (1010)

ਜੀਵਨ-ਮੁਕਤੀ ਦੀ ਸੁਖ-ਅਵਸਥਾ ਗੁਰੂ ਦਾ 'ਸ਼ਬਦ' ਸੁਣਨ ਨਾਲ ਵੀ ਪ੍ਰਾਪਤ ਹੋ ਜਾਂਦੀ ਹੈ:

ਜੀਵਨ ਮੁਕਤੁ ਜਾ ਸਬਦੁ ਸੁਣਾਏ। ਸਚੀ ਰਹਤ ਸਚਾ ਸੁਖੁ ਪਾਏ।
(ਪ੍ਰਭਾਤੀ) 1343.

ਜੀਵਨ ਮੁਕਤੀ ਦੀ ਅਵਸਥਾ ਉਨ੍ਹਾਂ ਨੂੰ ਪ੍ਰਾਪਤ ਹੈ, ਜਿਨ੍ਹਾਂ ਦੀ ਸੁਰਤੀ ਦਿਨ ਰਾਤ ਅਥਵਾ ਹਰ ਵੇਲੇ ਪਰਮਾਤਮਾ ਵਿਚ ਲੱਗੀ ਰਹਿੰਦੀ ਹੈ:

ਅਨਦਿਨੁ ਜਾਗਿ ਰਹੇ ਲਿਵ ਲਾਈ। ਜੀਵਨ ਮੁਕਤਿ ਗਤਿ ਅੰਤਰਿ ਪਾਈ।
(ਰਾਮਕਲੀ) 904

ਜਾਂ ਜੀਵਨ ਮੁਕਤ ਉਹ ਹੈ ਜਿਸਦੇ ਮਨ ਵਿਚ ਨਾਮ ਵਸ ਜਾਂਦਾ ਹੈ:

ਜੀਵਨ ਮੁਕਤੁ ਮਨਿ ਨਾਮੁ ਵਸਾਏ। ਗੁਰਮੁਖਿ ਹੋਇ ਤ ਸਚਿ ਸਮਾਏ।
(ਆਸਾ) 412

## ਸੱਚ ਖੰਡ

ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਨਾਲ ਅਭੇਦਤਾ ਦੀ ਅਵਸਥਾ ਨੂੰ ਸੱਚ-ਖੰਡ ਕਿਹਾ ਹੈ। ਇਸ ਆਤਮਿਕ ਅਵਸਥਾ ਵਿਚ ਜੀਵ ਨੂੰ ਬ੍ਰਹਮ ਸਾਖਿਆਤਕਾਰ ਹੁੰਦਾ ਹੈ। ਹਰ ਸਮੇਂ ਸੁਰਤੀ 'ਉਸੇ' ਨਾਲ ਜੁੜੀ ਰਹਿੰਦੀ ਹੈ। ਉਸਦੀ ਮਿਹਰ ਦਾ ਆਨੰਦਮਈ ਰੰਗ ਛਾਇਆ ਰਹਿੰਦਾ ਹੈ। ਇਹ ਸਥਿਤੀ ਅਕੱਥ ਹੈ। ਜਪੁਜੀ ਵਿਚ ਇਸ ਅਵਸਥਾ ਬਾਰੇ ਇਸ ਤਰ੍ਹਾਂ ਵਰਣਨ ਕੀਤਾ ਹੈ:

ਸਚਿ ਖੰਡਿ ਵਸੈ ਨਿਰੰਕਾਰੁ। ਕਰਿ ਕਰਿ ਵੇਖੈ ਨਦਰਿ ਨਿਹਾਲ।

...

ਵੇਖੈ ਵਿਗਸੈ ਕਰਿ ਵੀਚਾਰੁ। ਨਾਨਕ ਕਥਨਾ ਕਰੜਾ ਸਾਰੁ।
(ਜਪੁਜੀ)

## ਸਮੂਹਕ ਮੁਕਤੀ

ਪਹਿਲਾਂ ਵਿਅਕਤੀਗਤ ਮੁਕਤੀ ਦਾ ਵਿਚਾਰ ਹੀ ਦਿੱਤਾ ਗਿਆ ਸੀ। ਗੁਰੂ ਨਾਨਕ ਨੇ ਸਮੂਹਕ ਮੁਕਤੀ ਤੇ ਬਲ ਦਿੱਤਾ। ਨਿੱਜ ਮੁਕਤੀ ਸੁਆਰਥੀ ਅਤੇ ਅਧੂਰਾ ਲਕਸ਼ ਹੈ। ਗੁਰੂ ਨਾਨਕ ਅਨੁਸਾਰ ਮੁਕਤੀ ਦਾ ਅਧਿਕਾਰ ਵੀ ਕਿਸੇ ਵਿਸ਼ੇਸ਼ ਸ਼੍ਰੇਣੀ ਨੂੰ ਨਹੀਂ ਹੈ, ਜਿਵੇਂ ਕਿ ਹਿੰਦੂ ਸਮਾਜ ਵਿਚ ਸ਼ੂਦਰ ਵਰਗ ਨੂੰ ਸਿਮਰਨ ਜਾਂ ਪੂਜਾ ਦਾ ਅਧਿਕਾਰ ਨਾ ਹੋਣ ਕਰਕੇ ਉਹ ਇਸ ਆਸ਼ੇ ਤੋਂ ਵਾਂਝਿਆਂ ਰਹਿ ਜਾਂਦਾ ਸੀ। ਗੁਰੂ ਨਾਨਕ ਨੇ ਜਪੁਜੀ ਵਿਚ ਸੇਧ ਦਿੱਤੀ ਹੈ:

ਮੰਨੈ ਤਰੈ ਤਾਰੇ ਗੁਰੁ ਸਿਖ। ਮੰਨੈ ਨਾਨਕ ਭਵਹਿ ਨ ਭਿਖ।[1]
(ਜਪੁਜੀ)

---

1. ਗੁਰੂ ਅਰਜਨ ਦੇਵ ਜੀ ਇਸ ਵਿਚਾਰ ਦੀ ਇਸ ਤਰ੍ਹਾਂ ਪ੍ਰੋੜ੍ਹਤਾ ਕਰਦੇ ਹਨ:

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ। ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ।
(ਸੁਖਮਨੀ) 295.

ਅਤੇ

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।

## ਸਵਰਗ ਨਰਕ ਦਾ ਵਿਚਾਰ

ਉੱਤਰ ਅਤੇ ਪੂਰਬ ਮਿਮਾਂਸਾ ਦਰਸ਼ਨਾਂ ਦੇ ਖਿਆਲ ਅਨੁਸਾਰ ਮੁਕਤੀ ਦੇ ਅਰਥ ਸਵਰਗ ਵਿਚ ਨਿਵਾਸ ਹੋਣ ਦੇ ਹਨ।[1] ਮਰਨੋਪਰੰਤ ਦੇ ਵਿਸ਼ੇਸ਼ ਪੁਰੀਆਂ ਸਵਰਗ ਅਤੇ ਨਰਕ ਦਾ ਵਿਚਾਰ ਲੋਕ ਪਰਵਾਨਿਤ ਹੈ। ਚੰਗੀਆਂ ਆਤਮਾਵਾਂ ਮਾਇਆ ਤੋਂ ਮੁਕਤ ਹੋ ਕੇ ਸਵਰਗ ਵਿਚ ਜਾਂਦੀਆਂ ਹਨ ਅਤੇ ਮੰਦੀਆਂ ਨਰਕ ਵਿਚ। ਪੁਰਾਣੀ ਸੰਕੇਤ ਅਨੁਸਾਰ ਤਿੰਨ ਲੋਕ ਹਨ - ਸੁਰਗ, ਮਾਤ ਅਤੇ ਪਾਤਾਲ। ਸੁਰਗ ਅਸਮਾਨ ਵਿਚ ਮੰਨਿਆਂ ਜਾਂਦਾ ਹੈ। ਨੰਦਨ ਬਾਗ਼ ਵਰਗੇ ਸੁੰਦਰ ਬਗੀਚਿਆਂ, ਸੋਹਣੇ ਮਹੱਲ ਮੰਦਰਾਂ, ਮਨਮੋਹਣੀਆਂ, ਅਪੱਸਰਾਂ ਤੇ ਗੰਧਰਬਾਂ ਦੀ ਗਾਇਨ ਜਿਸ ਨੂੰ ਰਮਣੀਕ ਬਣਾਉਂਦੀ ਹੈ। ਇਥੋਂ ਦਾ ਰਾਜਾ ਇੰਦਰ ਹੈ। ਹਿੰਦੂ ਮਤ ਵਿਚ ਆਮ ਤੌਰ ਤੇ ਮਨੁੱਖ ਦੇ ਸਾਰੇ ਧਰਮ ਕਰਮਾਂ ਦਾ ਉਦੇਸ਼ ਸਵਰਗ-ਪ੍ਰਾਪਤੀ ਦੱਸਿਆ ਗਿਆ ਹੈ। ਜੋ ਪ੍ਰਾਣੀ ਧਰਤੀ ਤੇ ਰਹਿੰਦੇ ਪੁੰਨ ਕਰਮ ਕਰਦੇ ਹਨ, ਉਨ੍ਹਾਂ ਨੂੰ[2] ਇਥੇ ਵਸਣ ਦਾ ਮੌਕਾ ਮਿਲਦਾ ਹੈ ਤੇ ਤਰ੍ਹਾਂ ਤਰ੍ਹਾਂ ਦੇ ਸੁਖ ਅਨੰਦ ਹਾਸਲ ਹੁੰਦੇ ਹਨ। ਇਹ ਵੀ ਵਿਚਾਰ ਦਿੱਤਾ ਗਿਆ ਹੈ ਕਿ ਇਸ ਪ੍ਰਕਾਰ ਦੀਆਂ ਨਗਰੀਆਂ ਅੱਡ ਨਹੀਂ ਹਨ। ਆਪਣੇ ਚੰਗੇ ਮੰਦੇ ਕਰਮਾਂ ਦਾ ਸੁਖ ਦੁਖ ਜੀਵ ਇਥੇ ਹੀ ਭੁਗਤਦਾ ਹੈ। ਇਸ ਤਰ੍ਹਾਂ ਇਹ ਦੋ ਸਥਿਤੀਆਂ ਹਨ - ਇਕ ਆਨੰਦਮਈ ਹੈ ਅਤੇ ਦੂਜੀ ਦੁਖਦਾਈ।

ਕਠੋਪਨਿਸ਼ਦ(1.12) ਵਿਚ ਦੱਸਿਆ ਹੈ ਕਿ ਸਵਰਗ ਵਿਚ ਕਿਸੇ ਪ੍ਰਕਾਰ ਦਾ ਦੁੱਖ ਨਹੀਂ, ਮਰਨ ਉਥੇ ਨਹੀਂ ਹੁੰਦਾ, ਉਥੇ ਬੁਢਾਪਾ ਨਹੀਂ ਅਤੇ ਨਾ ਹੀ ਭੁੱਖ ਪਿਆਸ ਦਾ ਦੁੱਖ। ਗੀਤਾ(9.20) ਅਨੁਸਾਰ ਵੇਦ-ਗਿਆਨੀ ਸੋਮਰਸ ਪੀ ਕੇ ਅਤੇ ਸੋਧੀ ਪੂਜਾ ਕਰਕੇ ਸਵਰਗ ਵਿਚ ਦੇਵਾਂ ਦੇ ਭੋਗਾਂ ਨੂੰ ਭੋਗਦੇ ਹਨ।

ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਪੁਰੀਆਂ ਦੀ ਵੱਖਰੀ ਹੋਂਦ ਨੂੰ ਨਹੀਂ ਮੰਨਿਆ ਗਿਆ। ਜੇ ਕਿਸੇ ਨਿਸਚੇ ਅਨੁਸਾਰ ਇਹ ਹਨ ਵੀ ਤਾਂ ਇਥੋਂ ਦੇ ਨਿਵਾਸੀ ਮੁਕਤ ਨਹੀਂ ਕਹੇ ਜਾ ਸਕਦੇ। ਨਾਮ ਦੀ ਪ੍ਰਾਪਤੀ ਲਈ ਉਹ ਵੀ ਪ੍ਰਭੂ ਦੀ ਉਸਤਤ ਵਿਚ ਲੱਗੇ ਰਹਿੰਦੇ ਹਨ। ਜਪੁਜੀ ਵਿਚ ਆਪ ਦਾ ਮੁੱਖ ਵਾਕ ਹੈ:

ਗਾਵਹਿ ਮੋਹਣੀਆਂ ਮਨੁ ਮੋਹਨਿ ਸੁਰਗਾ ਮਛ ਪਇਆਲੇ। (ਜਪੁਜੀ)

ਇਥੇ ਦੀਆਂ ਮੋਹਣੀਆਂ ਕਾਲ ਦੇ ਵੱਸ ਵਿਚ ਹਨ:

ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਹੁ।
(ਵਾਰ ਮਾਝ)142.

---

1. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 352.
2. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 80.

ਗੁਰੂ ਅਰਜਨ ਅਤੇ ਕਬੀਰ ਅਨੁਸਾਰ ਭਗਤ ਜਨ ਕਲਪਤ ਸਵਰਗ ਦੇ ਸੁਖ ਪ੍ਰਭੂ ਦੀ ਸ਼ਰਨ ਦਾ ਮੁਕਾਬਲਾ ਨਹੀਂ ਕਰ ਸਕਦੇ। ਉਨ੍ਹਾਂ ਨੇ ਸਵਰਗ ਨਰਕ ਦੇ ਵਿਚਾਰ ਨੂੰ ਰੱਦ ਕਰ ਦਿੱਤਾ ਹੈ।[1]

ਮੰਦੇ ਕਰਮੀ ਮਨੁੱਖ ਨਰਕ ਵਰਗੀ ਹਾਲਤ ਭਵਿੱਖਤ ਵਿਚ ਭੋਗਦੇ ਹਨ। ਗੁਰੂ ਨਾਨਕ ਬਾਣੀ ਵਿਚ ਨਰਕ ਦਾ ਉਲੇਖ ਇਸ ਤਰ੍ਹਾਂ ਕੀਤਾ ਗਿਆ ਹੈ:

ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ।
(ਮਾਰੂ) 1028.

...

ਚਉਰਾਸੀਹ ਨਰਕ ਸਾਕਤੁ ਭੋਗਾਈਐ ਜੈਸਾ ਕੀਚੈ ਤੈਸੋ ਪਾਈਐ।
(ਮਾਰੂ) 1028

ਬੈਕੁੰਠ

ਹਿੰਦੂ ਪੁਰਾਣਾਂ ਅਨੁਸਾਰ 'ਵਿਸ਼ਨੂੰਪੁਰੀ' ਦਾ ਨਾਮ ਬੈਕੁੰਠ ਹੈ। ਕਈ ਇਹ ਥਾਂ ਸੁਮੇਰ ਪਰਬਤ ਤੇ ਮੰਨਦੇ ਹਨ ਅਤੇ ਕਈਆਂ ਨੇ ਇਸ ਨੂੰ ਉਤਰੀ ਸਾਗਰ ਵਿਚ ਦੱਸਿਆ ਹੈ। ਪਿਛੋਂ ਇਹ ਸ਼ਬਦ ਸੁਰਗ ਲਈ ਵੀ ਆਮ ਵਰਤਿਆ ਜਾਂਦਾ ਰਿਹਾ ਹੈ।[2] ਭਗਤੀ ਅਤੇ ਗੁਰੂ ਮੱਤ ਵਿਚ ਇਸ ਬੈਕੁੰਠਪੁਰੀ ਦੀ ਵੱਖਰੀ ਕਿਸੇ ਹੋਰ ਥਾਂ ਹੋਂਦ ਨਹੀਂ ਮੰਨੀ ਗਈ। ਗੁਰੂ ਅਰਜਨ ਅਨੁਸਾਰ ਜਿਥੇ ਸੰਤ ਸਭਾ ਜੁੜਦੀ ਹੈ ਮਾਨੋ ਉਹ ਬੈਕੁੰਠ ਧਾਮ ਹੈ,[3] ਜਾਂ ਉਹ ਸਥਾਨ ਜਿਥੇ ਕੀਰਤਨ ਹੁੰਦਾ ਹੈ[4] ਜਾਂ ਜਿਥੇ ਨਾਮ ਦਾ ਵਾਸਾ ਹੈ।[5] ਕਬੀਰ ਜੀ ਦੇ ਕਹਿਣ ਅਨੁਸਾਰ ਜਿੰਨਾ ਚਿਰ ਬੈਕੁੰਠ ਦੀ ਆਸ ਰਹਿੰਦੀ ਹੈ, ਉਨਾਂ ਚਿਰ ਪ੍ਰਭੂ ਦੇ ਚਰਨ ਹਿਰਦੇ ਵਿਚ ਨਿਵਾਸ ਨਹੀਂ ਕਰ ਸਕਦੇ। ਬੈਕੁੰਠੀ ਸੁਖ ਲਈ ਉਹ ਸਾਧ ਸੰਗਤ ਦਾ ਮਹੱਤਵ ਹੀ ਦਸਦੇ ਹਨ।[6]

ਗੁਰੂ ਨਾਨਕ ਦੇਵ ਜੀ ਦੇ ਇਕ ਸ਼ਬਦ ਵਿਚ ਬੈਕੁੰਠ ਦਾ ਵਰਣਨ ਹੈ। ਉਨ੍ਹਾਂ ਦੇ ਕਥਨ ਅਨੁਸਾਰ ਜਿਨ੍ਹਾਂ ਨੂੰ ਪ੍ਰਭੂ ਦੇ ਦਰ ਦੇ ਦੀਦਾਰ ਲਈ ਪ੍ਰੇਮ-ਖਿੱਚ ਹੈ ਉਨ੍ਹਾਂ ਨੂੰ ਮੁਕਤੀ ਅਤੇ ਬੈਕੁੰਠ ਦੀ ਕੋਈ ਇੱਛਾ ਨਹੀਂ ਅਰਥਾਤ ਪ੍ਰਭੂ-ਪ੍ਰੇਮ ਬੈਕੁੰਠ ਸੁਖ ਨਾਲੋਂ ਸ੍ਰੇਸ਼ਟ ਹੈ। ਆਪ ਦੇ ਸ਼ਬਦ ਹਨ:

ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ। (ਆਸਾ) 260.

---

1. ਕਵਨੁ ਨਰਕੁ ਕਵਨੁ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ।
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰਪ੍ਰਸਾਦੇ।
(ਰਾਮਕਲੀ) 969
ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ।
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।
(ਸਲੋਕ ਕਬੀਰ) 120.
2. ਗੁਰੂ ਸ਼ਬਦ ਸੰਕੇਤ ਕੋਸ਼, ਪੰਨਾ 263.
3. ਬੈਕੁੰਠ ਨਗਰੁ ਜਹਾ ਸੰਤ ਵਾਸਾ। (ਸੂਹੀ) 742
ਮੁਕਤਿ ਬੈਕੁੰਠ ਸਾਧ ਕੀ ਸੰਗਤਿ, ਜਨ ਪਾਇਓ ਹਰਿ ਕਾ ਧਾਮ। (ਧਨਾਸਰੀ ਮ: 5) 682.
4. ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂ ਆਪੇ ਸਰਧਾ ਲਾਇਹਿ। (ਸੂਹੀ ਮ: 5) 749.
5. ਤਹ ਬੈਕੁੰਠ ਜਹ ਨਾਮੁ ਉਚਰਹਿ। (ਰਾਮਕਲੀ ਮ: 5) 890.
6. ਜਬ ਲਗੁ ਮਨਿ ਬੈਕੁੰਠ ਕੀ ਆਸ। ਤਬ ਲਗੁ ਹੋਇ ਨਹੀ ਚਰਨ ਨਿਵਾਸ।
ਕਹੁ ਕਬੀਰ ਇਹ ਕਹੀਐ ਕਾਹਿ ਸਾਧਸੰਗਤਿ ਬੈਕੁੰਠੈ ਆਹਿ। (ਗਉੜੀ ਕਬੀਰ) 325.

## ਮੋਖ ਪ੍ਰਾਪਤੀ ਦੇ ਸਾਧਨ

ਮੋਖ ਜਾਂ ਮੁਕਤੀ, ਜਿਸਦਾ ਚਿਤ੍ਰਨ ਵੱਖ ਵੱਖ ਅਰਥਾਂ ਵਿਚ ਕੀਤਾ ਗਿਆ ਹੈ, ਦੀ ਪ੍ਰਾਪਤੀ ਦੀਆਂ ਵਿਧੀਆਂ ਵੀ ਅਨੇਕ ਹਨ। ਇਸ ਨਿਸ਼ਾਨੇ ਤੇ ਪਹੁੰਚਣ ਲਈ ਵੱਖ ਵੱਖ ਮੱਤ ਮਾਰਗ ਦਰਸਾਏ ਹਨ। ਗੁਰੂ (ਇਸ) ਆਸ਼ੇ ਲਈ ਵਿਸ਼ੇਸ਼ ਤੌਰ ਤੇ ਸਹਾਇਕ ਹੁੰਦਾ ਹੈ। ਸਤਿ ਸੰਗਤ ਇਸ ਅਵਸਥਾ ਦੀ ਪ੍ਰਾਪਤੀ ਦਾ ਦੁਆਰ ਹੈ। ਕੀਰਤਨ ਭਗਤ ਨੂੰ ਆਸ਼ੇ ਲਈ ਸਮਰਥ ਬਣਾਉਂਦਾ ਹੈ। ਵੇਦਾਂ ਨੇ ਇਸ ਆਸ਼ੇ ਲਈ ਕਰਮ ਕਾਂਡ ਦੀ ਵਿਧੀ ਦੱਸੀ, ਉਪਨਿਸ਼ਦਾਂ ਨੇ ਗਿਆਨ ਦੀ, ਭਗਤਾਂ ਨੇ ਨਾਮ ਸਿਮਰਨ ਦੀ ਅਤੇ ਜੋਗੀਆਂ ਨੇ ਜੋਗ ਦੀ। ਇਨ੍ਹਾਂ ਪਰੰਪਰਾਗਤ ਸਾਧਨਾਂ ਦਾ ਚਿਤ੍ਰਨ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ। ਗੁਰੂ ਨਾਨਕ ਨੇ ਇਨ੍ਹਾਂ ਵਿਧੀਆਂ ਬਾਰੇ ਆਪਣੇ ਮੌਲਿਕ ਅਤੇ ਵਿਲੱਖਣ ਵਿਚਾਰ ਵੀ ਪ੍ਰਗਟ ਕੀਤੇ ਹਨ।

### ਗੁਰੂ ਅਤੇ ਉਸਦਾ ਮਹੱਤਵ

ਗੁਰੂ ਅਗਿਆਨ ਜਾਂ ਅਵਿਦਿਆ ਦਾ ਹਨੇਰਾ ਦੂਰ ਕਰਕੇ 'ਜੋਤਿ' ਦਾ ਪ੍ਰਕਾਸ਼ ਅੰਦਰ ਕਰ ਦਿੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਸ਼ਬਦ ਗ੍ਰਿ (ਗ੍ਰੂ) ਧਾਤੂ ਤੋਂ ਬਣਿਆ ਹੈ, ਜਿਸਦੇ ਅਰਥ ਹਨ - ਨਿਗਲਣਾ ਅਤੇ ਸਮਝਾਉਣਾ। ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਗੁਰੂ ਨੂੰ ਤਤ੍ਵ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ।[1] ਗੁਰੂ ਦੇ ਕਰਤੱਵ ਨੂੰ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ:

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।
(ਸੁਖਮਨੀ) 292

ਭਗਤ ਕਬੀਰ ਨੇ ਸਤਿਗੁਰੂ ਦੀ ਮਹਿਮਾ ਦਾ ਵਰਣਨ ਕਰਦਿਆਂ ਲਿਖਿਆ ਹੈ:

ਧਰਤੀ ਸਭ ਕਾਗਦ ਕਰੂੰ ਲੇਖਨ ਸਭ ਬਨਰਾਏ।
ਸਾਤ ਸਮੁੰਦ ਕੀ ਮਸ ਕਰੂੰ ਗੁਰੂ ਗੁਣ ਲਿਖਾ ਨਾ ਜਾਏ।[2]

ਭਾਰਤ ਵਿਚ ਗੁਰੂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਵੈਦਿਕ ਯੁਗ ਵਿਚ ਗੁਰੂ ਦਾ ਸਰੂਪ ਨਿਸਚਿਤ ਨਹੀਂ ਸੀ। ਗੁਰੂ ਕਦੀ ਦੇਵਤਿਆਂ, ਕਦੀ ਪ੍ਰੋਹਤਾਂ ਅਤੇ ਕਦੀ ਆਚਾਰੀਆਂ ਦੇ ਰੂਪ ਵਿਚ ਪ੍ਰਸਤੁਤ ਹੁੰਦਾ ਸੀ। ਉਪਨਿਸ਼ਦਾਂ ਵਿਚ ਇਸ ਨੇ ਮਨੁੱਖੀ ਸਰੀਰ ਵਿਚ ਨਿਸਚਿਤ ਰੂਪ ਧਾਰਨ ਕੀਤਾ। ਲੌਕਿਕ ਵਿਦਿਆ ਦੀ ਸੀਮਾ ਤੋਂ ਮੁਕਤ ਹੋ ਕੇ ਅਧਿਆਤਮਿਕ ਅਤੇ ਅਨੁਭਵਾਤੀਤ ਪਸਾਰਾਂ ਵਿਚ ਵਿਚਰਦਾ ਹੋਇਆ ਆਤਮਵੇਤਾ ਅਤੇ ਬ੍ਰਹਮ ਨਿਸ਼ਠ ਹੋ ਗਿਆ। ਉਪਨਿਸ਼ਦਾਂ ਵਿਚ ਗੁਰੂ ਦਾ ਸਰੂਪ ਸਮੁੱਚੀ ਭਾਰਤੀ

---

1. ਮਹਾਨ ਕੋਸ਼
2. ਸੰਤ ਬਾਣੀ ਸੰਗ੍ਰਹਿ, ਭਾਗ 1, ਪੰਨਾ 2.

ਪਰੰਪਰਾ ਦੀ ਪ੍ਰਤਿਨਿਧਤਾ ਕਰਦਾ ਹੈ।[1] ਗਿਆਨ, ਵਿਸ਼ੇਸ਼ ਤੌਰ ਤੇ ਪਰਾ ਜਾਂ ਬ੍ਰਹਮ ਗਿਆਨ ਗੁਰੂ ਦੁਆਰਾ ਹੀ ਸੰਭਵ ਮੰਨਿਆ ਗਿਆ। ਮੁੰਡਕ ਉਪਨਿਸ਼ਦ (1/2/12) ਅਨੁਸਾਰ ਨਿਤ ਵਸਤੂ ਦਾ ਸਾਖਿਆਤ ਗਿਆਨ ਪ੍ਰਾਪਤ ਕਰਨ ਲਈ ਹੱਥ ਵਿਚ ਸਮਿਧਾ (ਹੋਮ ਲਈ ਲਕੜੀ) ਲੈ ਕੇ ਵੇਦਾਂ ਦਾ ਅਧਿਐਨ ਕਰਨ ਵਾਲੇ ਅਤੇ ਬ੍ਰਹਮਨਿਸ਼ਠ ਗੁਰੂ ਪਾਸ ਜਾਣਾ ਚਾਹੀਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ (6/23) ਅਨੁਸਾਰ ਵੀ ਬ੍ਰਹਮ ਵਿਦਿਆ ਦੀ ਸੋਝੀ ਗੁਰੂ ਬਿਨਾਂ ਸੰਭਵ ਨਹੀਂ। ਗੀਤਾ (4/34) ਵਿਚ ਗੁਰੂ ਦੇ ਅਰਥ ਵਿਚ ਬ੍ਰਹਮਨਿਸ਼ਠ ਮਹਾਤਮਾ ਦਾ ਉਲੇਖ ਹੈ, ਜਿਸ ਪਾਸ ਗਿਆਨ ਦੀ ਪ੍ਰਾਪਤੀ ਲਈ ਜਾਣਾ ਚਾਹੀਦਾ ਹੈ। ਗੀਤਾ ਵਿਚ ਕ੍ਰਿਸ਼ਨ ਜੀ ਗੁਰੂ ਅਤੇ ਅਰਜਨ ਸਿੱਖ ਦੀ ਆਦਰਸ਼ਕ ਉਦਾਹਰਣ ਹਨ।

ਤੰਤ੍ਰ ਸਾਧਨਾ ਵਿਚ ਗੁਰੂ ਨੂੰ ਸ਼ਿਵ ਦੇ ਸਮਾਨ ਸਥਾਨ ਦਿੱਤਾ ਗਿਆ ਹੈ। ਤਾਂਤ੍ਰਿਕਾਂ ਦੀ ਛੁਣਦੀ ਸਾਧਨਾ ਅਤਿਅੰਤ ਕਠਿਨ ਹੈ ਅਤੇ ਗੁਰੂ ਦੀ ਸਹਾਇਤਾ ਤੋਂ ਬਿਨਾਂ ਸਾਧਨਾ ਸਾਰਥਕ ਹੋ ਕੇ ਮੁਕਤ ਨਹੀਂ ਹੈ। ਸਿੱਧ ਗੁਰੂ ਹੀ ਸਾਧਕ ਦਾ ਪਥ ਪ੍ਰਦਰਸ਼ਨ ਕਰਦਾ ਹੈ।[2]

ਗੁਰੂ ਨਾਨਕ ਨੇ ਆਪਣੀ ਬਾਣੀ ਵਿਚ 'ਗੁਰੂ' ਦੇ ਸਰੂਪ, ਲੱਛਣ, ਆਵੱਸ਼ਕਤਾ ਅਤੇ ਮਹੱਤਵ ਉਤੇ ਕਈ ਢੰਗਾਂ ਨਾਲ ਪ੍ਰਕਾਸ਼ ਪਾਇਆ ਹੈ। ਅਸਲ ਵਿਚ 'ਗੁਰੂ' ਸਿੱਖ ਸੰਪ੍ਰਦਾਇ ਦੀ ਧਾਰਮਿਕ ਵਿਵਸਥਾ ਦਾ ਮੇਰੂਦੰਡ ਹੈ। ਸਿੱਖ ਮਤ ਦੀ ਸਿਧਾਂਤਕ ਵਿਵਸਥਾ ਦਾ ਇਹ ਇਤਨਾ ਮਹੱਤਵ ਪੂਰਣ ਅੰਗ ਹੈ ਕਿ ਇਸ ਤੋਂ ਬਿਨਾਂ ਸਿੱਖ ਮਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।[3] ਡਾ: ਜੋਧ ਸਿੰਘ ਅਨੁਸਾਰ ਗੁਰੂ ਪਦ ਸਿੱਖ ਧਰਮ ਵਿਚ ਦੋਹਾਂ ਅਰਥਾਂ ਵਿਚ ਵਰਤਿਆ ਗਿਆ ਹੈ, ਜਿਨ੍ਹਾਂ ਵਿਚ ਪਹਿਲੇ (ਅਵਤਾਰ) ਵਰਤਿਆ ਜਾਂਦਾ ਸੀ, ਤੇ, ਇਸ ਦਾ ਭਾਵ ਉਨ੍ਹਾਂ ਖਾਸ ਬਜ਼ੁਰਗਾਂ ਤੋਂ ਹੈ, ਜੋ ਨਿਰੰਕਾਰ ਵਲੋਂ ਧਰਮ ਨੂੰ ਮੁੜ ਪ੍ਰਗਟ ਕਰਨ ਲਈ ਘੱਲੀਆਂ ਗਈਆਂ।[4]

ਗੁਰੂ ਨਾਨਕ ਬਾਣੀ ਵਿਚ ਜਿਸ ਗੁਰੂ ਦਾ ਵਿਚਾਰ ਦਿੱਤਾ ਹੈ, ਉਸ ਤੋਂ ਭਾਵ ਮਨੁੱਖੀ ਰੂਪ ਵਾਲੇ ਗੁਰੂ ਤੋਂ ਨਹੀਂ ਹੈ। ਉਨ੍ਹਾਂ ਦਾ ਗੁਰੂ ਨਿਰੰਕਾਰ ਜਾਂ ਬ੍ਰਹਮ ਸੀ, ਜਿਸਦੇ ਬਾਰੇ ਉਨ੍ਹਾਂ ਨੇ ਆਪ ਕਈ ਸ਼ਬਦ-ਪੰਕਤੀਆਂ ਵਿਚ ਉਲੇਖ ਕੀਤਾ ਹੈ। ਉਦਾਹਰਣ ਵਜੋਂ ਕੁਝ ਪੰਕਤੀਆਂ ਇਹ ਹਨ।

ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ।
(ਰਾਗੁ ਸੋਰਠਿ) 699

...

ਗੁਰ ਆਦਿ ਪੁਰਖੁ ਹਰਿ ਪਾਇਆ। (ਰਾਮਕਲੀ) 879

...

ਹਰਿ ਗੁਰ ਪੂਰੇ ਕੀ ਓਟ ਪਰਾਤੀ। (ਮਾਰੂ) 1031

---

1. ਡਾ: ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨੇ 11,12.
2. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 322.
3. ਉਹੀ, ਪੰਨਾ 324.
4. ਗੁਰਮਤ ਨਿਰਣਯ, ਪੰਨਾ 108.

ਸਤਿਗੁਰੂ ਅਤੇ ਬ੍ਰਹਮ ਵਿਚ ਵੈਸੇ ਵੀ ਕੋਈ ਭੇਦ ਨਹੀਂ ਹੁੰਦਾ। ਸਤਿਗੁਰੂ ਉਹੋ ਹੀ ਹੈ ਜੋ ਸਤਿ ਵਾਹਿਗੁਰੂ ਨਾਲ ਇਕ ਮਿਕ ਹੋਇਆ ਹੁੰਦਾ ਹੈ:

ਬਡੈ ਭਾਗਿ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰਿ।
(ਗੂਜਰੀ ਅਸ਼ਟਪਦੀ )504

ਗੁਰੂ ਦਾ ਮਹੱਤਵ ਆਪ ਨੇ ਅਪਣੀ ਬਾਣੀ ਵਿਚ ਬਹੁਤ ਵਾਰੀ ਕਈ ਅਲੰਕਾਰਾਂ ਦੁਆਰਾ ਦੱਸਿਆ ਹੈ। ਗੁਰੂ ਰਾਹੀਂ ਹੀ ਪ੍ਰਭੂ ਮਿਲ ਸਕਦਾ ਹੈ:

ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ।
(ਸਿਰੀ, ਅਸ਼ਟਪਦੀ )55

...

ਗੁਰੂ ਪਉੜੀ ਬੇੜੀ ਗੁਰੂ ਗੁਰੂ ਤੁਲਹਾ ਹਰਿ ਨਾਉ।
ਗੁਰੂ ਸਰੁ ਸਾਗਰੁ ਬੋਹਿਥੋ ਗੁਰੂ ਤੀਰਥੁ ਦਰਿਆਉ।
(ਸਿਰੀ, ਪਦੇ )17

...

ਸਤਿਗੁਰੁ ਮਿਲਿਆ ਜਾਣੀਐ। ਜਿਤੁ ਮਿਲਿਐ ਨਾਮੁ ਵਖਾਣੀਐ।
(ਸਿਰੀ )72

...

ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ।
(ਸੂਹੀ )752

<u>ਕੱਚਾ ਜਾਂ ਕੂੜਾ ਗੁਰੂ</u>

ਗੁਰੂ ਨਾਨਕ ਬਾਣੀ ਵਿਚ ਕੁਰਾਹੇ ਪਾਉਣ ਵਾਲੇ ਅੰਨ੍ਹੇ ਜਾਂ ਕੱਚੇ ਗੁਰੂ ਦੀ ਸੰਗਤ ਤੋਂ ਬਚਣ ਲਈ ਵੀ ਸਾਵਧਾਨ ਕੀਤਾ ਹੈ। ਕੁਝ ਪੰਕਤੀਆਂ ਵੇਖੋ:

ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ।
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ।
(ਵਾਰ ਮਾਝ )140

ਕੇਤੇ ਗੁਰ ਚੇਲੇ ਫੁਨਿ ਹੂਆ। ਕਾਚੇ ਗੁਰ ਤੇ ਮੁਕਤਿ ਨ ਹੂਆ।
(ਰਾਮਕਲੀ )932

<u>ਸ਼ਬਦ-ਗੁਰੂ</u>

ਸ਼ਬਦ ਦਾ ਅਰਥ ਅਤੇ ਮੂਲ ਵੇਦ ਵਿਚ ਆਈ ਧੁਨੀ ਦਾ ਵਿਚਾਰ ਪੁਰਾਤਨ ਭਾਰਤੀ ਵਿਚਾਰ ਹੈ। ਆਦਿ ਧੁਨੀ, ਜਿਸ ਤੋਂ ਕਿ ਮੰਤਰ ਸਿਧਾਂਤ, ਸ਼ਬਦ ਜਾਦੂ ਦਾ ਸੰਕਲਪ ਨਿਕਲਦਾ ਹੈ, ਉਹ ਸ਼ਬਦ ਦੇ ਭਾਰਤੀ ਆਰੀਆ ਵਿਚਾਰ ਦਾ ਮੂਲ ਅਤੇ ਵਧੇਰੇ ਸਨਾਤਨ ਰੂਪ ਹੈ।[1] ਵੇਦਾਂ ਵਿਚ ਸ਼ਬਦ ਦੇ ਦੋ

---

1. Kapur Singh, Prashar Prasna, p.246.

ਰੂਪ ਹਨ:ਮੰਤਰ ਅਤੇ ਬ੍ਰਹਮ ਗਿਆਨ ਦਾ ਸੰਕਲਪ। ਗੁਰਬਾਣੀ ਵਿਚ ਦੂਜੇ ਸੰਕਲਪ ਨਾਲ ਸੰਮਤੀ ਹੈ। ਸ਼ਬਦ ਬ੍ਰਹਮ ਦਾ ਸੰਕਲਪ ਉਪਨਿਸ਼ਦ ਵਿਚ ਵੀ ਮਿਲਦਾ ਹੈ, ਜੋ ਕਿ 'ਓਮ' ਦੇ ਰੂਪ ਵਿਚ ਹੈ। ਮਾਂਡੂਕ ਉਪਨਿਸ਼ਦ(ਪੰਜਵਾਂ ਅਧਿਆਇ) ਵਿਚ ਕਿਹਾ ਹੈ ਕਿ 'ਓਮ! ਇਹ ਅਬਿਨਾਸ਼ੀ ਧੁਨੀ ਸਾਰਾ ਦ੍ਰਿਸ਼ਟਮਾਨ ਬ੍ਰਹਮੰਡ ਹੈ।'[1]

ਯੋਗ ਮੱਤ ਵਿਚ ਸ਼ਬਦ 'ਧੁਨੀ' ਜਾਂ 'ਆਵਾਜ਼' ਦੇ ਰੂਪ ਵਿਚ ਹੈ। ਯੋਗ ਪ੍ਰਾਣਾਯਾਮ ਦੁਆਰਾ ਸਵਾਸਾਂ ਦੀ ਰੋਕ ਨਾਲ ਕਈ ਪ੍ਰਕਾਰ ਦੀਆਂ ਸ਼ਬਦ ਧੁਨੀਆਂ ਸੁਣਦਾ ਹੈ। ਅਨਹਦ ਸ਼ਬਦ ਯੋਗ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਗੁਰੂ ਨਾਨਕ ਬਾਣੀ ਵਿਚ ਅਨਹਦ ਸ਼ਬਦ ਅੰਕਿਤ ਹੈ। ਪਰ ਇਸ ਦਾ ਯੋਗ ਦੇ ਅਨਹਦ ਸ਼ਬਦ ਨਾਲੋਂ ਅੰਤਰ ਹੈ। ਗੁਰਮਤ ਅਨੁਸਾਰ ਨਾਮ ਵਿਚ ਲੀਨ ਹੋਇਆਂ ਦਸਮ ਦੁਆਰ ਖੁੱਲ੍ਹਾ, ਉਥੇ ਅੰਮ੍ਰਿਤ ਦਾ ਭੋਜਨ ਹੈ। ਸਾਰੇ ਜਗਤ ਨੂੰ ਥਿਰ ਰਖਣ ਵਾਲੀ ਧੁਨ ਸਹਿਜੇ ਹੀ ਹੈ। ਜੋਗੀ ਤਾਂ ਅਨਾਹਤ ਦੀਆਂ ਪੰਜ ਆਵਾਜ਼ਾਂ ਦਸਦੇ ਹਨ, ਪਰ ਉਥੇ ਅਨੇਕ ਵਾਜਿਆਂ ਦੀ ਧੁਨ ਹੈ। 'ਸੋਦਰ' ਦੀ ਪਉੜੀ ਵਿਚ ਇਹੋ ਹੀ ਨਕਸ਼ਾ ਖਿੱਚਿਆ ਹੈ। ਹਠ ਜੋਗੀ ਤਾਂ ਨਾਦ ਦੇ ਰਾਹੀਂ ਮਨ ਨੂੰ ਬਿਰਤੀਹੀਨ ਕਰਦੇ ਹਨ, ਫੇਰ ਨਾਦ ਵਾਲੀ ਧਿਆਨ ਛੱਡ ਕੇ ਨਿਰਵਿਕਾਰ ਅਵਸਥਾ ਵਿਚ ਜਾਂਦੇ ਹਨ। ਉਨ੍ਹਾਂ ਦਾ ਸਾਰਾ ਜਤਨ 'ਕੈਵਲਪਦ' ਨੂੰ ਹਾਸਲ ਕਰਨਾ ਹੈ। ਸਿੱਖ ਆਪਾਵਾਰ ਕੇ ਨਿਰੰਕਾਰ ਨਾਲ ਲੀਨ ਹੋਣਾ ਲੋੜਦਾ ਹੈ। ਬੇਅੰਤ ਦੀ ਕੂਹ ਵੇਲੇ ਧੁਰ ਅਨੇਕਾਂ ਨਾਦਾਂ ਦੇ ਰਸ ਨੂੰ ਜੋ ਉਸਦੇ ਦਰ ਤੇ ਹੋ ਰਹੇ ਹਨ, ਅਨੁਭਵ ਕਰਦਾ ਹੈ। ਇਹ ਨਾਦ ਜੋਗੀ ਦੇ ਨਾਦ ਨਾਲੋਂ ਬਹੁਤ ਅੱਗਰਾ ਹੈ। ਜੋਗੀ ਤਾਂ ਦਸਮ ਦੁਆਰ ਵਿਚ ਪੁੱਜਣ ਤੋਂ ਪਹਿਲੇ ਅਨਹਦ ਸ਼ਬਦ ਸੁਣਦਾ ਹੈ, ਪਰ ਗੁਰਮਤਿ ਅਨੁਸਾਰ ਇਸ ਸ਼ਬਦ ਦਾ ਰਸ ਦਸਮ ਦੁਆਰ ਵਿਚ ਪੁੱਜ ਕੇ ਪਤਾ ਲਗਦਾ ਹੈ।[2] ਗੁਰੂ ਨਾਨਕ ਅਨੁਸਾਰ ਨਾਮ ਜਪਣ ਵਾਲੇ ਨੂੰ ਇਹ ਅਨਹਦ ਸ਼ਬਦ ਸਹਿਜੇ ਹੀ ਸੁਣਾਈ ਦੇਣ ਲਗ ਪੈਂਦਾ ਹੈ:

ਗੁਰਮਤਿ ਰਾਮ ਜਪੈ ਜਨੁ ਪੂਰਾ। ਤਿਤੁ ਘਟਿ ਅਨਹਤ ਬਾਜੇ ਤੂਰਾ।
(ਗਉੜੀ) 228.

ਸ਼ਬਦ ਗੁਰੂ ਗੁਰਮਤਿ ਦਾ ਵਿਲੱਖਣ ਅਤੇ ਮਹੱਤਵ ਪੂਰਨ ਸੰਕਲਪ ਹੈ ਕਿਉਂਕਿ ਇਥੇ ਦੇਹਧਾਰੀ ਗੁਰੂ ਨੂੰ ਘਟ ਅਵੱਸ਼ਕ ਦੱਸਿਆ ਹੈ। ਗੁਰੂ ਨਾਨਕ ਨੇ ਆਪ ਸ਼ਬਦ-ਗੁਰੂ ਤੋਂ ਅਗਵਾਈ ਲਈ ਅਤੇ ਸਿੱਖ ਲਈ ਇਸ ਦੀ ਅਗਵਾਈ ਅਵੱਸ਼ਕ ਦੱਸੀ। ਗੁਰੂ ਦਾ ਸਰੀਰ ਨਹੀਂ ਉਸਦਾ ਸ਼ਬਦ ਹੀ ਗਿਆਨ ਦਾ ਪ੍ਰਕਾਸ਼ ਦਿੰਦਾ ਹੈ। ਬ੍ਰਹਮ ਅਤੇ ਗੁਰੂ ਸ਼ਬਦ ਵਿਚ ਹੀ ਇਕਲੀਨ ਹੁੰਦਾ ਹੈ। ਗੁਰੂ ਨਾਨਕ ਦਾ ਕਥਨ ਹੈ:

---

1. Kapur Singh, Prashar Prasna, p.246
2. ਭਾਈ ਜੋਧ ਸਿੰਘ, ਗੁਰਮਤਿ ਨਿਰਣਯ, ਪੰਨਾ 215.

ਸਤਿਗੁਰੁ ਸਬਦਿ ਰਜਾਇ ਰੰਗਿ ਰਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ।
(ਮਾਰੂ ਮ: 1)1028

ਸ਼ਬਦ ਗੁਰੂ ਦਾ ਵਿਚਾਰ ਆਪ ਹੋਰ ਕਈ ਪੰਕਤੀਆਂ ਵਿਚ ਇਸ ਤਰ੍ਹਾਂ ਦ੍ਰਿੜ੍ਹ ਕਰਦੇ ਹਨ:

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ।
(ਰਾਗ ਸੋਰਠਿ)635

ਸਬਦੇ ਰਵਿ ਰਹਿਆ ਗੁਰੂ ਰੂਪਿ ਮੁਰਾਰੇ।
(ਤੁਖਾਰੀ)1112

....

ਏਹੁ ਸਬਦੁ ਮੇਰੇ ਪ੍ਰਾਣਿ ਬਸਤ ਹੈ ਬਾਹੁੜਿ ਜਨਮਿ ਨ ਆਵਾਂ।
(ਬਿਲਾਵਲ)795

ਸ਼ਬਦ ਕੀਰਤਨ

ਕੀਰਤਨ ਗੁਰ ਸ਼ਬਦ ਦਾ ਪ੍ਰੇਮ ਭਿੰਨਾ ਰਾਗ ਵਿਚ ਗੀਤਾ ਅਲਾਪ ਹੈ। ਰਾਗ, ਅਨੁਰਾਗ ਮਨ ਨੂੰ ਇਕਾਗਰ ਕਰਦਾ ਹੈ, ਕੋਮਲ ਬਣਾਂਦਾ ਹੈ, ਸ਼ਬਦ ਸੁਰਤੀ ਨੂੰ ਪ੍ਰਭੂ ਨਾਲ ਜੋੜਦਾ ਹੈ, ਪ੍ਰਭਾਵਮਾਨ ਕਰਦਾ ਹੈ। ਸ਼ਬਦ-ਮੰਤਰ ਨੂੰ ਰਾਗ ਵਿਚ ਲਿਖਣ ਅਤੇ ਗਾਉਣ ਦੀ ਪਰੰਪਰਾ ਵੇਦ ਕਾਲ ਤੋਂ ਹੀ ਪ੍ਰਚਲਤ ਹੋ ਗਈ ਸੀ। ਸੁਰ ਅਤੇ ਲੈ ਵਿਚ ਮੰਤਰਾਂ ਦਾ ਗਾਇਣ ਕੀਤਾ ਜਾਂਦਾ ਹੈ। ਉਪਨਿਸ਼ਦ ਵੀ ਕਾਵਿ ਰਚਨਾ ਹਨ। ਗੀਤਾ ਨੂੰ ਰੱਬੀ ਵਰੋਸਾਏ ਹੋਏ ਦਾ ਗੀਤ ਕਿਹਾ ਗਿਆ ਹੈ।

ਕੀਰਤਨ ਦੀ ਅਮਰ ਪਰੰਪਰਾ ਮਧਕਾਲੀਨ ਸੰਤਾਂ ਭਗਤਾਂ ਨੇ ਸਥਾਪਤ ਕੀਤੀ। ਭਗਤੀ ਦਾ ਕੀਰਤਨ ਨਾਲ ਅਨਿੱਖੜ ਸੰਬੰਧ ਹੈ। ਭਗਤ ਗਾ ਕੇ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਿਆ ਕਰਦੇ ਸਨ। ਪ੍ਰਭੂ ਦੀ ਕੀਰਤੀ ਜਾਂ ਜਸ ਗਾਉਣਾ ਅਤੇ ਰਾਗ (ਪ੍ਰੇਮ) ਰੂਪ ਹੋ ਜਾਣਾ ਉਨ੍ਹਾਂ ਦਾ ਲਕਸ਼ ਸੀ। ਸ਼ੰਕਰਾਚਾਰੀਆ ਭਾਵੇਂ ਮੁਖ ਤੌਰ ਤੇ ਚਿੰਤਕ ਸੀ, ਪਰ ਉਸਨੇ ਕਵਿਤਾ ਵਿਚ 'ਕੀਰਤਨ' ਦੀ ਰਚਨਾ ਵੀ ਕੀਤੀ, ਰਾਗ ਅਨੁਸਾਰ ਗੀਤ ਲਿਖੇ। ਇਸ ਤਰ੍ਹਾਂ ਰਾਮਾਨੁਜ, ਮਾਧਵ, ਵਲਭ, ਰਾਮਾਨੰਦ, ਕਬੀਰ, ਰਵਿਦਾਸ, ਤ੍ਰਿਲੋਚਨ, ਨਾਮਦੇਵ ਆਦਿ ਭਗਤ ਨਿਰਗੁਣ ਬ੍ਰਹਮ ਦੇ ਜੱਸ-ਗਾਇਕ ਹੋਏ ਸਨ। ਭਾਗਵਤ ਮੱਤ ਦੀ ਨਵਧਾ ਭਗਤੀ ਵਿਚ ਕੀਰਤਨ ਇਕ ਜ਼ਰੂਰੀ ਅੰਗ ਹੈ।

ਅਲਵਰ ਅਤੇ ਦੱਖਣੀ ਭਾਰਤ ਦੇ ਹੋਰ ਭਗਤਾਂ ਨੇ ਵੀ ਕੀਰਤਨ-ਵਿਧੀ ਅਪਣਾਈ। ਉਹ ਮੰਦਰਾਂ ਅਤੇ ਪੂਜਾ ਸਥਾਨਾਂ ਤੇ ਹਰਿ ਜਸ ਗਾਇਆ ਕਰਦੇ ਸਨ। 16ਵੀਂ ਸਦੀ ਵਿਚ ਰਾਜਪੂਤ ਸ਼ਾਹਜ਼ਾਦੀ 'ਮੀਰਾਬਾਈ' ਦੇ ਭਜਨ ਗਿਰਧਰ ਗੋਪਾਲ ਅਥਵਾ ਕ੍ਰਿਸ਼ਨ ਜੀ, ਭਗਤੀ ਵਿਚ ਕੀਰਤਨ ਹੀ ਹੈ।[1] ਨਾਮ ਕੀਰਤਨ ਅਤੇ ਲੀਲਾ ਕੀਰਤਨ ਭਾਰਤੀ ਭਗਤੀ ਭਾਵਨਾ ਦੇ ਦੋ ਮੁਖ ਪੱਖ ਹਨ। ਵੈਸ਼ਨਵ ਭਗਤਾਂ ਅਨੁਸਾਰ ਕਲਿਜੁਗੀ ਜੀਵਾਂ ਦਾ ਉਧਾਰ ਨਾਮ ਕੀਰਤਨ ਦੁਆਰਾ ਹੀ ਹੋ ਸਕਦਾ ਹੈ।

---

1. ਸਿੱਖ ਸਭਾ ਪੱਤ੍ਰਿਕਾ, ਕੀਰਤਨ ਅੰਕ - ਭਾਗ ਪਹਿਲਾ, ਪੰਨੇ 39-40.

ਇਹ ਵਿਚਾਰ ਨਵੀਨ ਸੰਕੀਰਤਨ ਦੇ ਪਿਤਾਮਾ ਚੈਤੰਨਯ ਅਤੇ ਨਿਤਯਾਨੰਦ ਨੇ ਦ੍ਰਿੜ੍ਹ ਕਰਵਾਇਆ। ਲੀਲਾ ਕੀਰਤਨ ਦਾ ਸੰਬੰਧ ਕ੍ਰਿਸ਼ਨ ਜੀ ਦੀ ਲੀਲਾ (ਜੀਵਨ ਕੌਤਕਾਂ) ਨਾਲ ਹੈ। ਰਾਧਾ ਦੇ ਪਿਆਰ ਨੂੰ ਸਭ ਤੋਂ ਉੱਤਮ ਜਜ਼ਬਾ ਮੰਨ ਕੇ ਉਸਦੇ ਮਾਧਿਅਮ ਰਾਹੀਂ ਪ੍ਰਭੂ ਪ੍ਰਤਿ ਪਿਆਰ ਪ੍ਰਗਟਾਇਆ ਜਾਂਦਾ ਹੈ। ਰਾਸ ਜਾਂ ਸਮੂਹਿਕ ਨਾਚ-ਲੀਲਾ ਕੀਰਤਨ ਦਾ ਇਕ ਅੰਗ ਹੈ।[1]

ਗੁਰੂ ਨਾਨਕ ਬਾਣੀ ਵਿਚ ਲੀਲਾ ਕੀਰਤਨ ਨੂੰ ਅਪਰਵਾਨ ਕੀਤਾ ਗਿਆ ਹੈ। ਆਪ ਨੇ ਆਪਣੀ ਬਾਣੀ ਆਸਾ ਦੀ ਵਾਰ ਵਿਚ ਰਾਸ ਅਤੇ ਕ੍ਰਿਸ਼ਨ ਜੀ ਦੀਆਂ ਰਾਸਾਂ ਦਾ ਹਾਸੋ ਹੀਣਾ ਚਿਤ੍ਰ ਖਿੱਚ ਕੇ ਇਸ ਨੂੰ ਆਤਮ ਰਸ ਤੋਂ ਅੰਭਜ ਜਿਹਾ ਦਿਖਾਵਾ ਹੀ ਦੱਸਿਆ ਹੈ:

ਵਾਇਨਿ ਚੇਲੇ ਨਚਨਿ ਗੁਰ। ਪੈਰ ਹਲਾਇਨਿ ਫੇਰਨਿ ਸਿਰਿ।
ਉਡਿ ਉਡਿ ਰਾਵਾ ਝਾਟੈ ਪਾਇ। ਵੇਖੈ ਲੋਕੁ ਹਸੈ ਘਰਿ ਜਾਇ।
ਰੋਟੀਆ ਕਾਰਣਿ ਪੂਰਹਿ ਤਾਲ। ਆਪ ਪਛਾੜਹਿ ਧਰਤੀ ਨਾਲਿ।
(ਵਾਰ ਆਸਾ) 465

ਗੁਰੂ ਨਾਨਕ ਦੇਵ ਜੀ ਨੇ ਉਹੋ ਸੰਗੀਤ-ਨਾਚ ਚੰਗੇਰਾ ਦੱਸਿਆ ਹੈ, ਜਿਸ ਦਾ ਸੰਬੰਧ ਅੰਦਰ ਨਾਲ ਹੈ, ਜਿਸ ਵਿਚ ਮੱਤ ਨੂੰ ਵਾਜਾ ਬਣਾਇਆ ਜਾਵੇ, ਪ੍ਰੇਮ ਨੂੰ ਜੋੜੀ (ਤਬਲਾ), ਪਰਮਾਤਮਾ ਦੀ ਸਿਫ਼ਤ ਸਲਾਹ ਨੂੰ ਤਾਲ, ਸੱਤ ਅਤੇ ਸੰਤੋਖ ਦੇ ਛੈਣੇ, ਪ੍ਰਭੂ-ਰਜ਼ਾ ਵਿਚ ਪ੍ਰਸੰਨ ਰਹਿਣ ਨੂੰ ਪੈਰਾਂ ਦੇ ਘੁੰਗਰੂ, ਇਕੋ ਪ੍ਰਭੂ ਦੇ ਪ੍ਰੇਮ ਨੂੰ ਰਾਗ ਅਤੇ ਨਾਦ, ਪ੍ਰਭੂ ਦਾ ਡਰ ਨਾਚ ਦੀ ਫੇਰੀ, ਤਨ ਨੂੰ ਤੁੱਛ ਸਮਝ ਕੇ ਮਾਣ ਨਾ ਕਰਨਾ ਨਾਚ ਵਿਚ ਲੇਟਣਾ ਸਮਝਿਆ ਜਾਵੇ।[2]

ਗੁਰਬਾਣੀ ਵਿਚ ਨਾਮ ਕੀਰਤਨ ਤੇ ਬਹੁਤ ਬਲ ਦਿੱਤਾ ਹੈ ਅਤੇ ਕਲਿਜੁਗ ਵਿਚ ਸੰਸਾਰ ਤੋਂ ਉਧਰਨ ਦਾ ਪ੍ਰਮੁੱਖ ਸਾਧਨ ਵੀ ਦੱਸਿਆ ਹੈ।[3] ਇਸੇ ਕਰਕੇ ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਮੇਂ ਘਰ ਘਰ ਵਿਚ ਕੀਰਤਨ ਦੀ ਮਰਿਆਦਾ ਸਥਾਪਿਤ ਹੋ ਗਈ ਸੀ:

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
(ਵਾਰ ੧/17)

ਘਰਿ ਘਰਿ ਬਾਬਾ ਗਾਵੀਐ ਵਜਹਿ ਤਾਲ ਮ੍ਰਿਦੰਗ ਰਬਾਬਾ।
(ਵਾਰ 24/4)

ਘਰ ਘਰ ਵਿਚ ਕੀਰਤਨ ਕਰਨ ਦਾ ਫਲ ਗੁਰੂ ਨਾਨਕ ਨੇ ਆਪ ਇਸ ਤਰ੍ਹਾਂ ਦੱਸਿਆ ਹੈ:

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ। ਸੋ ਘਰੁ ਰਾਖੁ ਵਡਾਈ ਤੋਇ।
(ਗਉੜੀ) 12

---

1. ਸਿੰਘ ਸਤਾ ਪੀਤਗਾ, ਕੀਰਤਨ ਅੰਕ-ਭਾਗ ਪਹਿਲਾ, ਪੰਨਾ 40.
2. ਵੇਖੋ ਸਾਰਾ ਸ਼ਬਦ, ਗੁਰੂ ਗ੍ਰੰਥ ਸਾਹਿਬ, ਪੰਨਾ 350.
3. ਕਲਜੁਗ ਮਹਿ ਕੀਰਤਨ ਪਰਧਾਨਾ। ਗੁਰਮੁਖਿ ਜਪੀਐ ਲਾਇ ਧਿਆਨਾ। (ਮਾਰੂ ਮ:5) 1075.

ਗੁਰੂ ਨਾਨਕ ਨੇ ਜਪੁਜੀ ਦੀ ਤੀਜੀ ਪਉੜੀ ਵਿਚ ਵੱਖ ਵੱਖ ਵਿਧੀਆਂ ਨਾਲ ਪ੍ਰਭੂ ਦੇ ਵੱਖ ਵੱਖ ਗੁਣਾਂ ਦਾ ਕੀਰਤਨ ਕਰਨ ਦਾ ਉਲੇਖ ਕੀਤਾ ਹੈ। ਕੀਰਤਨ ਇਸ਼ਟ ਦੇ ਗੁਣਾਂ ਦਾ ਜਸ ਗਾਇਣ ਕਰਨਾ ਹੈ। 'ਗੁਣੀ ਨਿਧਾਨ' ਪ੍ਰਭੂ ਦੇ ਗੁਣ ਗਾਉਣ ਦਾ ਕੀ ਫਲ ਹੁੰਦਾ ਹੈ? ਇਸ ਦਾ ਵਰਣਨ ਪੰਜਵੀਂ ਪਉੜੀ ਵਿਚ ਕੀਤਾ ਗਿਆ ਹੈ:

ਜਿਨਿ ਸੇਵਿਆ ਤਿਨਿ ਪਾਇਆ ਮਾਨੁ। ਨਾਨਕ ਗਾਵੀਐ ਗੁਣੀ ਨਿਧਾਨੁ।
ਗਾਵੀਐ ਸੁਣੀਐ ਮਨਿ ਰਖੀਐ ਭਾਉ। ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।
(ਜਪੁਜੀ)

'ਸੋਦਰ' ਦੀ ਪਉੜੀ ਵਿਚ ਪ੍ਰਭੂ ਦੇ ਦਰਬਾਰ ਦਾ ਜੋ ਚਿਤ੍ਰਨ ਕੀਤਾ ਹੈ, ਉਹ ਇਕ ਮਹੱਤਵ ਪੂਰਣ ਕੀਰਤਨ ਦਰਬਾਰ ਹੈ, ਜਿਸ ਵਿਚ ਕੁਦਰਤ ਦੀਆਂ ਸ਼ਕਤੀਆਂ, ਦੇਵੀ ਦੇਵਤੇ, ਪੰਡਤ, ਸਿਧ, ਸਾਧ, ਜਤੀ, ਸਤੀ, ਸੂਰਮੇ ਆਦਿ ਸਾਰੇ ਸੰਗੀਤ ਸਾਜ਼ਾਂ ਨਾਲ ਗਾ ਰਹੇ ਹਨ। ਕਈ ਐਸੇ ਵੀ ਗਾ ਰਹੇ ਹਨ ਜਿਨ੍ਹਾਂ ਦੇ ਨਾਂ ਸੂਚੀ ਵਿਚ ਨਹੀਂ ਲਿਆਂਦੇ ਜਾ ਸਕਦੇ। ਭਗਤੀ ਰਸ ਵਿਚ ਕੀਰਤਨ ਕਰਨ ਦਾ ਇਕ ਅਤਿ ਉੱਤਮ ਚਿਤ੍ਰ ਹੈ। ਸਾਰ ਰੂਪ ਪੰਗਤੀ ਹੈ:

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ।

ਉਨ੍ਹਾਂ ਭਗਤਾਂ ਤੇ ਕਾਲ ਦਾ ਅਸਰ ਨਹੀਂ ਹੁੰਦਾ, ਜੋ ਸਰਬ ਸ੍ਰਿਸ਼ਟੀ ਦੇ ਮਾਲਕ ਪਰਮਾਤਮਾ ਦਾ ਕੀਰਤਨ ਕਰਦੇ ਹਨ। ਕੀਰਤਨ ਦੇ ਮਹੱਤਵ ਬਾਰੇ ਗੁਰੂ ਨਾਨਕ ਸਾਹਿਬ ਲਿਖਦੇ ਹਨ:

ਜੋ ਜਨੁ ਕਰੈ ਕੀਰਤਨੁ ਗੋਪਾਲ। ਤਿਸ ਕਉ ਪੋਹਿ ਨ ਸਕੈ ਜਮ ਕਾਲੁ।
(ਪੰ. )867

<u>ਕਰਮ ਸਿਧਾਂਤ</u>

ਹਿੰਦੂ ਵਿਚਾਰਧਾਰਾ ਵਿਚ ਕਰਮਾਂ ਨੂੰ ਵੀ ਮੁਕਤੀ ਦਾ ਸਾਧਨ ਦੱਸਿਆ ਗਿਆ ਹੈ। ਕਰਮ ਸੰਸਕ੍ਰਿਤ ਦੇ 'ਕ੍ਰਿ' ਧਾਤੂ ਤੋਂ ਹੈ, ਜਿਸ ਦਾ ਭਾਵ ਹੈ ਕਰਨਾ। ਮਨ, ਬਚਨ ਅਤੇ ਕਾਰਜ ਰਾਹੀਂ ਅਸੀਂ ਜੋ ਕੁਝ ਕਰਦੇ ਹਾਂ, ਉਹ ਕਰਮ ਹੈ। ਮਨੁੱਖ ਕਈ ਵਾਰੀ ਕਰਮ ਕਰਦਾ ਹੈ ਸੁਆਰਥ ਦੀ ਖਾਤਰ ਅਤੇ ਕਈ ਵਾਰੀ ਫਰਜ਼ ਸਮਝਕੇ, ਪਰ ਸੁਆਰਥ ਰਹਿਤ ਜਾਂ ਲੋਕ ਭਲਾਈ ਲਈ, ਬਿਨਾਂ ਕਿਸੇ ਫਲ ਦੀ ਇੱਛਾ ਦੇ। ਦੂਜੀ ਪਰਕਾਰ ਦੇ ਕਰਮਾਂ ਨੂੰ ਗੀਤਾ ਵਿਚ ਕਰਮਯੋਗ ਕਿਹਾ ਗਿਆ ਹੈ। ਕਰਮ ਸਿਧਾਂਤ ਅਨੁਸਾਰ ਅਸੀਂ ਜੋ ਵੀ ਕਰਮ ਕਰਦੇ ਹਾਂ, ਉਸਦਾ ਅਸਰ ਜ਼ਰੂਰ ਹੁੰਦਾ ਹੈ ਅਤੇ ਜਿਹੋ ਜਿਹੇ ਕਰਮ ਕਰਦੇ ਹਾਂ ਉਹੋ ਜਿਹਾ ਹੀ ਉਸਦਾ ਅਸਰ ਹੁੰਦਾ ਹੈ। ਚੰਗੇ ਕਰਮਾਂ ਦਾ ਚੰਗਾ ਪ੍ਰਭਾਵ ਅਤੇ ਮੰਦੇ ਦਾ ਮੰਦਾ। ਮੰਦੇ ਕਰਮ ਕਰਨ ਵਾਲਾ ਆਵਾਗਵਨ ਦੀ ਜੂਨ ਵਿਚ ਚੱਕਰ ਲਗਾਂਦਾ ਰਹਿੰਦਾ ਹੈ, ਇਸੇ ਕਰਕੇ ਕਰਮ ਸਿਧਾਂਤ ਨੂੰ ਕਾਰਣ ਅਤੇ ਕਾਰਜ ਦਾ ਨਿਯਮ ਆਖਿਆ ਗਿਆ ਹੈ।

ਛਾਂਦੋਗ ਉਪਨਿਸ਼ਦ(9.1.6) ਵਿਚ ਕਿਹਾ ਹੈ ਕਿ ਕਰਮ ਅਨੁਸਾਰ ਇਹ ਜਨਮ ਮਿਲਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ(3.2.13,4.4.5) ਵਿਚ ਕਿਹਾ ਹੈ ਕਿ ਪ੍ਰਾਣੀ ਚੰਗੇ ਕਰਮਾਂ

ਚੰਗੇ ਚੰਗਾ ਬਣ ਜਾਂਦਾ ਹੈ ਅਤੇ ਮੰਦੇ ਨਾਲ ਮੰਦਾ। ਜਿਸ ਤਰ੍ਹਾਂ ਮਨੁੱਖ ਦੀ ਇੱਛਾ ਹੁੰਦੀ ਹੈ ਉਸੇ ਤਰ੍ਹਾਂ ਉਸਦਾ ਇਰਾਦਾ, ਜਿਵੇਂ ਉਸਦਾ ਇਰਾਦਾ ਹੁੰਦਾ ਹੈ, ਉਸ ਤਰ੍ਹਾਂ ਦਾ ਉਹ ਕੰਮ ਕਰਦਾ ਹੈ, ਜਿਹੋ ਜਿਹੇ ਉਹ ਕੰਮ ਕਰਦਾ ਹੈ, ਉਹੋ ਜਿਹਾ ਫਲ ਮਿਲਦਾ ਹੈ। ਗੀਤਾ (9.21) ਵਿਚ ਕਿਹਾ ਹੈ ਕਿ ਆਤਮਾ ਚੰਗੇ ਕਰਮਾਂ ਦਾ ਫਲ ਸਵਰਗ ਵਿਚ ਜਾ ਕੇ ਭੋਗਦੀ ਹੈ। ਕਰਮ ਸਿਧਾਂਤ ਅਨੁਸਾਰ ਜਿਨ੍ਹਾਂ ਚਿਰ ਕਰਮਾਂ ਦਾ ਫਲ ਮੁੱਕ ਨਹੀਂ ਜਾਂਦਾ ਅਤੇ ਜੀਵ ਨਿਹਕਰਮੀ ਨਹੀਂ ਹੋ ਜਾਂਦਾ ਮੁਕਤੀ ਨਹੀਂ ਮਿਲ ਸਕਦੀ।

ਗੁਰਬਾਣੀ ਵਿਚ ਵੀ ਭਵਿਖਤ ਨੂੰ ਕਰਮਾਂ ਤੇ ਆਧਾਰਤ ਕੀਤਾ ਹੈ। ਬੀਜੇ ਹੋਏ ਕਰਮ-ਬੀਜ ਅਨੁਸਾਰ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ:

ਜੈਸਾ ਕਰੇ ਸੁ ਤੈਸਾ ਪਾਵੈ। ਆਪਿ ਬੀਜਿ ਆਪੇ ਹੀ ਖਾਵੈ।
(ਧਨਾਸਰੀ) 662

...

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ।
(ਵਾਰ ਆਸਾ) 468

ਕਈ ਵਾਰੀ ਮਨੁੱਖ ਆਪਣੀ ਦੁਰਦਸ਼ਾ ਦਾ ਜ਼ਿੰਮੇਵਾਰ ਦੂਜੇ ਨੂੰ ਠਹਿਰਾਉਂਦਾ ਹੈ, ਪਰ ਵਾਸਤਵ ਵਿਚ ਇਹ ਉਸਦੇ ਪੂਰਬਲੇ ਕਰਮਾਂ ਦਾ ਹੀ ਫਲ ਹੈ। ਪਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਦਸਦੇ ਹਨ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।
(ਆਸਾ) 433

ਪੁੰਨ ਅਤੇ ਪਾਪ ਦਾ ਜੋ ਭਾਰਤੀ ਸੰਕਲਪ ਹੈ ਉਹ ਵੀ ਕਰਮਾਂ ਦਾ ਸਿੱਟਾ ਹੀ ਹੈ। ਗੁਰੂ ਨਾਨਕ ਸਾਹਿਬ ਸਪਸ਼ਟ ਕਰਦੇ ਹਨ:

ਪੁੰਨੀ ਪਾਪੀ ਆਖਣੁ ਨਾਹਿ। ਕਰਿ ਕਰਿ ਕਰਣਾ ਲਿਖਿ ਲੈ ਜਾਹੁ।
(ਜਪੁਜੀ)

'ਪੂਰਬ-ਲਿਖਿਆ' ਜਾਂ 'ਮੱਥੇ ਦੇ ਲੇਖ' ਦਾ ਪਰੰਪਰਾਗਤ ਵਿਚਾਰ ਵੀ ਕਰਮਾਂ ਤੇ ਹੀ ਨਿਰਭਰ ਹੈ। ਇਸ ਲਿਖੇ ਅਨੁਸਾਰ ਹੀ ਭਵਿਖਤ ਵਿਚ ਦੁਖ ਸੁਖ ਭੁਗਤਣਾ ਪੈਂਦਾ ਹੈ। ਹੇਠ ਦਿੱਤੀ ਤੁਕ ਵਿਚ ਗੁਰੂ ਨਾਨਕ ਦੇਵ ਜੀ ਇਸੇ ਵਿਚਾਰ ਨੂੰ ਹੀ ਪ੍ਰਗਟਾਏ ਹਨ:

ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਸੋਇ।
ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ।
(ਧਨਾਸਰੀ) 689

<u>ਕਰਮ ਕਾਂਡੀ ਕਰਮ</u>

ਕਰਮ ਕਾਂਡ ਹਿੰਦੂ ਜੀਵਨ ਦਾ ਅਨਿੱਖੜ ਅੰਗ ਹੈ। ਆਰੰਭ ਵਿਚ ਹਿੰਦੂ ਧਾਰਮਿਕ ਕਰਮਾਂ ਨੂੰ ਕਿਸੇ ਮਰਯਾਦਾ ਅਨੁਸਾਰ ਕਰਨ ਦਾ ਪਵਿੱਤਰ ਭਾਵ ਸੀ, ਜੋ ਹੌਲੀ ਹੌਲੀ ਕਰਿਆਚਾਰਾਂ ਵਿਚ

ਬਿਨਾਂ ਭਾਵ ਜਾਣਿਆਂ ਕੇਵਲ ਰਸਮ ਮਾਤਰ ਹੋ ਗਏ, ਇਸ ਨੇ ਭਰਮ ਅਤੇ ਪਾਖੰਡ ਨੂੰ ਜਨਮ ਦਿੱਤਾ।[1] ਕਰਮ ਕਾਂਡ ਤੋਂ ਭਾਵ ਕਿਸੇ ਵਿਸ਼ੇਸ਼ ਧਰਮ ਦੀ ਕਰਮ-ਵਿਵਸਥਾ ਨਹੀਂ, ਸਗੋਂ ਸਾਧਨਾ ਸੰਬੰਧੀ ਉਨ੍ਹਾਂ ਬਾਹਰਲੀਆਂ ਕ੍ਰਿਆਵਾਂ ਤੋਂ ਹੈ, ਜੋ ਹੌਲੀ ਹੌਲੀ ਧਰਮ ਦੇ ਵਾਸਤਵਿਕ ਰੂਪ ਨੂੰ ਪਿਛੇ ਹਟਾ ਕੇ ਆਪਣੀ ਪ੍ਰਧਾਨਤਾ ਸਥਾਪਿਤ ਕਰ ਲੈਂਦੀਆਂ ਹਨ। ਇਨ੍ਹਾਂ ਦਾ ਕੁਲ ਰੂਪ ਹੀ ਕਰਮ ਕਾਂਡ ਹੈ।[2] ਭਾ: ਕਾਨ੍ਹ ਸਿੰਘ ਨੇ ਗੁਰਮਤਿ ਪ੍ਰਭਾਕਰ ਵਿਚ ਲਿਖਿਆ ਹੈ ਕਿ 'ਹੋਮ, ਜਗ, ਸੰਧਯਾ, ਤਰਪਣ, ਸ਼੍ਰਾਧ, ਬ੍ਰਤ ਆਦਿਕ ਕਰਮਾਂ ਦੇ ਕਰਨ ਦੀ ਵਿਧੀ, ਜਿਸ ਵਿਚ ਵਰਣਨ ਕੀਤੀ ਗਈ ਹੈ, ਉਸਦਾ ਨਾਉਂ ਕਰਮ ਕਾਂਡ ਹੈ।'

ਵੇਦਾਂ ਸ਼ਾਸਤਰਾਂ ਵਿਚ ਕਰਮ ਕਾਂਡ ਕਰਨ ਦੀਆਂ ਹਦਾਇਤਾਂ ਹਨ। ਗੁਰੂ ਨਾਨਕ ਅਨੁਸਾਰ ਵੇਦਾਂ ਸ਼ਾਸਤਰਾਂ ਦੇ ਦੱਸੇ ਇਨ੍ਹਾਂ ਕਰਮ ਕਾਂਡੀ ਵਿਵਹਾਰ ਨਾਲ ਅੰਤਰ ਆਤਮਾ ਦੀ ਸ਼ੁੱਧੀ ਨਹੀਂ ਹੋ ਸਕਦੀ ਸਗੋਂ ਵਿਕਾਰਾਂ ਦੀ ਮੈਲ ਚੜ੍ਹਦੀ ਹੈ। ਆਪ ਦੀ ਟਿੱਪਣੀ ਹੈ:

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ।
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ।
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ।
(ਸੋਰਠਿ)635

ਉਪਨਿਸ਼ਦ ਵਿਚ ਭਾਵੇਂ ਪ੍ਰਮੁੱਖ ਤੌਰ ਤੇ ਗਿਆਨ ਕਾਂਡ ਦੀ ਵਕਾਲਤ ਹੈ, ਪਰ ਕਰਮਕਾਂਡੀ ਵਿਧੀਆਂ ਵੀ ਦੱਸੀਆਂ ਗਈਆਂ ਹਨ, ਜਿਵੇਂ ਛਾਂਦੋਗਯ ਉਪਨਿਸ਼ਦ(2.10) ਵਿਚ ਵਿਵਹਾਰਿਕ ਕਰਮ ਕਾਂਡ ਦਾ ਵਰਣਨ ਕੀਤਾ ਗਿਆ ਹੈ। ਪਰ ਈਸ਼ਉਪਨਿਸ਼ਦ(9) ਵਿਚ ਕਿਹਾ ਹੈ ਕਿ ਜਿਹੜੇ ਅਵਿਦਿਆ ਜਾਂ ਕਰਮ ਕਾਂਡ ਵਿਚ ਸੰਤੁਸ਼ਟ ਹਨ ਉਹ ਆਤਮਾ ਦਾ ਵਾਸਤਵਿਕ ਗਿਆਨ ਨਾ ਹੋਣ ਕਰਕੇ ਹਨੇਰੇ ਵਿਚ ਹਨ।

ਗੁਰੂ ਨਾਨਕ ਬਾਣੀ ਵਿਚ ਹਿੰਦੂ ਕਰਮ ਕਾਂਡ ਦੇ ਲਗਭਗ ਸਾਰੇ ਪੱਖਾਂ ਤੇ ਆਲੋਚਨਾ ਕੀਤੀ ਹੈ। ਘਰ ਦੀ ਪਵਿੱਤਰਤਾ ਨੂੰ ਆਤਮਿਕ ਕਲਿਆਣ ਲਈ ਅਵੱਸ਼ਕ ਸਮਝਿਆ ਜਾਂਦਾ ਹੈ। ਘਰ ਨੂੰ ਗਾਂ ਦੇ ਗੋਹੇ ਨਾਲ ਪਵਿੱਤਰ ਕੀਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਇਸ ਨੂੰ ਪਾਖੰਡ ਕਰਮ ਕਹਿੰਦੇ ਹਨ, ਕਿਉਂਕਿ ਜਿਸ ਗਾਂ ਨੂੰ ਟੈਕਸ ਤੋਂ ਬਿਨਾਂ ਨਦੀ ਤੋਂ ਪਾਰ ਨਹੀਂ ਕਰਾਇਆ ਜਾ ਸਕਦਾ, ਉਸ ਦੇ ਗੋਬਰ ਨਾਲ ਮਨੁੱਖ ਕਿਵੇਂ ਪਾਰ ਹੋ ਸਕਦਾ ਹੈ। ਇਸ ਤਰ੍ਹਾਂ ਮਲੇਛਾਂ ਦਾ ਧਨ ਖਾਂਦੇ ਹੋਏ ਵੀ ਬ੍ਰਾਹਮਣ ਆਪਣੇ ਆਪ ਨੂੰ ਧੋਤੀ ਪਹਿਨ ਕੇ ਤੇ ਟਿੱਕੇ ਲਗਾ ਕੇ ਪਵਿੱਤਰ ਅਖਵਾਉਂਦੇ ਹਨ।

---

1. ਜਪੁਜੀ - ਇਕ ਤੁਲਨਾਤਮਿਕ ਅਧਿਐਨ, ਪੰਨਾ 171.
2. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 388.

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।
ਧੋਤੀ ਟਿਕਾ ਤੈ ਜਪ ਮਾਲੀ ਧਾਨੁ ਮਲੇਛਾਂ ਖਾਈ।
(ਵਾਰ ਆਸਾ) 471

ਹੋਰ ਕਰਮਕਾਂਡੀ ਵਿਧੀਆਂ, ਜਿਨ੍ਹਾਂ ਦਾ ਗੁਰੂ ਨਾਨਕ ਬਾਣੀ ਵਿਚ ਆਲੋਚਨਾਤਮਕ ਚਿਤ੍ਰਣ ਹੈ, ਉਹ ਇਹ ਹਨ:

ਹੋਮ ਜੱਗ

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।
(ਵਾਰ ਮਲਾਰ) 1289

ਤੀਰਥ ਯਾਤਰਾ ਤੇ ਇਸ਼ਨਾਨ:

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ।
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।
(ਵਾਰ ਸੂਹੀ) 789

...

ਤੀਰਥਿ ਨਾਵਣ ਜਾਉ ਤੀਰਥੁ ਨਾਮ ਹੈ।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨ ਹੈ।
(ਧਨਾਸਰੀ) 687

ਟਿੱਕਾ, ਤਿਲਕ:

ਮਥੈ ਟਿਕਾ ਤੇੜਿ ਧੋਤੀ ਕਖਾਈ।
(ਵਾਰ ਆਸਾ) 471

...

ਤਿਲਕ ਲਲਾਟਿ ਜਾਣੈ ਪ੍ਰਭੁ ਏਕੁ। ਬੂਝੈ ਬ੍ਰਹਮੁ ਅੰਤਰਿ ਬਿਬੇਕੁ।
(ਆਸਾ) 355

ਪੂਜਾ

ਸੰਧਿਆ ਤਰਪਣ ਕਰਹਿ ਗਾਇਤ੍ਰੀ।

...

ਨਾਵਹਿ ਧੋਵਹਿ ਪੂਜਹਿ ਸੈਲਾ। ਬਿਨੁ ਹਰਿ ਰਾਤੇ ਮੈਲੋ ਮੈਲਾ।
(ਰਾਮਕਲੀ) 904

ਅਜਿਹੇ ਕਰਮ ਕਾਂਡ ਨੂੰ ਖੋਟਾ ਕਰਮ ਕਿਹਾ ਹੈ:

ਪੜਿ ਪੁਸਤਕ ਸੰਧਿਆ ਬਾਦੰ। ਸਿਲ ਪੂਜਸਿ ਬਗੁਲ ਸਮਾਧੰ।
ਮੁਖਿ ਝੂਠ ਬਿਭੂਖਣ ਸਾਰੰ। ਤ੍ਰੈਪਾਲ ਤਿਹਾਲ ਬਿਚਾਰੰ। ....
ਜੇ ਜਾਣਸਿ ਬ੍ਰਹਮੰ ਕਰਮੰ। ਸਭਿ ਫੋਕਟ ਨਿਸਚਉ ਕਰਮੰ।
(ਵਾਰ ਆਸਾ) 470

ਜਾਦੂ ਮੰਤਰ

ਮਨੁੱਖੀ ਵਿਕਾਸ ਦੇ ਹਰ ਪੜਾਅ ਉਤੇ ਪੁਜਾਰੀ ਵਰਗ ਦਾ ਜ਼ੋਰ ਧਰਮ ਵਿਚ ਕਰਮਕਾਂਡ ਨੂੰ ਵਧਾਉਣ ਵਾਲਾ ਹੈ, ਕਿਉਂਕਿ ਇਸ ਨਾਲ ਉਹ ਲੋਕਾਂ ਉਤੇ ਆਪਣੀ ਪਕੜ ਨੂੰ ਪੀਡਿਆਂ ਕਰ ਸਕਦੇ

ਹਨ। ਪ੍ਰਾਚੀਨ ਸਮਾਜ ਵਿਚ ਇਨ੍ਹਾਂ ਪੁਜਾਰੀਆਂ ਨੂੰ ਜਾਦੂਗਰ ਸਮਝਿਆ ਜਾਂਦਾ ਸੀ। ਜਾਦੂ ਪ੍ਰਾਚੀਨ ਮਨੁੱਖ ਦਾ ਧਰਮ ਸੀ ਅਤੇ ਕਰਮ ਕਾਂਡ ਉਹਦਾ ਵੱਡਾ ਭਾਗ।[1] ਗੁਰੂ ਨਾਨਕ ਨੇ ਤੰਤਰਾਂ ਮੰਤਰਾਂ ਦਾ ਖੰਡਨ ਕੀਤਾ ਹੈ। ਆਪ ਲਿਖਦੇ ਹਨ:

ਤੰਤੁ ਮੰਤ੍ਰੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨ ਮਾਨਿਆ।[2]
(ਸੂਹੀ)/756

**ਭਰਮ**

ਹਿੰਦੂ ਵਿਸ਼ਵਾਸ ਸ਼ੁਗਨਾਂ ਅਤੇ ਅਪਸ਼ੁਗਨਾਂ ਨਾਲ ਅਟੁੱਟ ਜੁੜੇ ਹੋਏ ਹਨ। ਸ਼ੁਭ ਅਸ਼ੁਭ ਦਾ ਬਹੁਤ ਭਰਮ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਜਦ ਧੂਮਕੇਤੂ ਜਾਂ ਬੋਦੀ ਵਾਲਾ ਤਾਰਾ ਚੜ੍ਹਦਾ ਹੈ ਤਾਂ ਇਸ ਨੂੰ ਬਦਸ਼ਗਨੀ ਮੰਨਿਆ ਜਾਂਦਾ ਹੈ। ਇਸ ਭਰਮ ਨੂੰ ਗੁਰੂ ਸਾਹਿਬ ਆਪਣੀ ਬਾਣੀ ਵਿਚ ਇਸ ਤਰ੍ਹਾਂ ਅੰਕਿਤ ਕਰਦੇ ਹਨ:

ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ।
ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ।
(ਤੁਖਾਰੀ)/1110

**ਗਿਆਨ**

ਗਿਆਨ ਤੋਂ ਭਾਵ ਹੈ ਪ੍ਰਕਾਸ਼, ਜਿਸਦੇ ਹੁੰਦਿਆਂ ਹਨੇਰਾ ਦੂਰ ਹੋ ਜਾਂਦਾ ਹੈ। ਅਵਿਦਿਆ ਦੇ ਹਨੇਰੇ ਨੂੰ ਦੂਰ ਕਰਕੇ ਸਤਿ ਦੇ ਪ੍ਰਕਾਸ਼ ਵਿਚ ਪ੍ਰਵੇਸ਼ ਕਰਨਾ ਗਿਆਨ ਮਾਰਗ ਹੈ। ਗਿਆਨ ਦੋ ਪ੍ਰਕਾਰ ਦਾ ਦੱਸਿਆ ਗਿਆ ਹੈ - ਇਕ ਹੈ ਅਪਰਾ (ਦੁਨਿਆਵੀ) ਗਿਆਨ ਅਤੇ ਦੂਜਾ ਹੈ ਪਰਾ (ਬ੍ਰਹਮ) ਗਿਆਨ। ਉਪਨਿਸ਼ਦਾਂ ਵਿਚ ਮੁਕਤੀ ਦਾ ਪ੍ਰਮੁੱਖ ਮਾਰਗ ਗਿਆਨ ਹੀ ਦੱਸਿਆ ਹੈ। ਉਪਨਿਸ਼ਦਾਂ ਵਿਚ 'ਅੰਧਕਾਰ ਤੋਂ ਪ੍ਰਕਾਸ਼ ਵਲ' ਲਿਜਾਣ ਦੀ ਆਰਾਧਨਾ ਕੀਤੀ ਗਈ ਹੈ। ਗੁਰਬਾਣੀ ਅਨੁਸਾਰ ਵੀ ਗੁਰੂ ਦਾ ਕਰਤੱਵ ਮਨੁੱਖ ਨੂੰ ਹਨੇਰੇ ਵਿਚੋਂ ਕੱਢ ਕੇ ਪ੍ਰਕਾਸ਼ ਵਿਚ ਲਿਜਾਣਾ ਹੈ। ਗੁਰੂ ਨਾਨਕ ਨੇ ਆਪਣੇ ਸਮੇਂ ਲੋਕਾਂ ਨੂੰ ਅੰਧਕਾਰ ਵਿਚ ਹੀ ਵੇਖਿਆ, ਜਿਨ੍ਹਾਂ ਦੇ ਜੀਵਨ ਵਿਚ ਉਹ ਸਤਿ ਦਾ ਪ੍ਰਕਾਸ਼ ਕਰਨਾ ਚਾਹੁੰਦੇ ਸਨ। ਗੁਰੂ ਨਾਨਕ ਸਾਹਿਬ ਦਾ ਆਪਣਾ ਕਥਨ:

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।
ਹਉ ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨ ਕੋਈ।
(ਵਾਰ ਮਾਝ)/145

---

1. ਬਲਵੰਤ ਸਿੰਘ ਆਨੰਦ, ਗੁਰੂ ਨਾਨਕ ਜੀਵਨ, ਯੁਗ ਅਤੇ ਉਪਦੇਸ਼, ਪੰਨਾ 194.
2. ਮਨਮੁਖਿ ਭਰਮਿ ਭਵੈ ਬੇਬਾਣਿ। ਵੇਮਾਰਗਿ ਮੂਸੈ ਮੰਤ੍ਰਿ ਮਸਾਣਿ।
(ਰਾਮਕਲੀ)/941.

ਉਪਨਿਸ਼ਦਾਂ ਵਿਚ ਪਰਾ ਗਿਆਨ ਤੇ ਬਲ ਦਿੱਤਾ ਗਿਆ ਹੈ। ਛਾਂਦੋਗ ਉਪਨਿਸ਼ਦ(6.1.2) ਵਿਚ ਸਪਸ਼ਟ ਕਿਹਾ ਹੈ ਕਿ ਸਾਰੇ ਗਿਆਨ ਫਜ਼ੂਲ ਹਨ, ਜੇ ਕਰ ਬ੍ਰਹਮ ਦਾ ਵਾਸਤਵਿਕ ਗਿਆਨ ਨਹੀਂ। ਇਸ ਗਿਆਨ ਨੂੰ ਤੀਜੀ ਅੱਖ ਵੀ ਕਿਹਾ ਗਿਆ ਹੈ। ਗੀਤਾ ਵਿਚ ਵੀ ਗਿਆਨ ਦਾ ਮਹੱਤਵ ਦਰਸਾਇਆ ਗਿਆ ਹੈ ਕਿ ਸੰਸਾਰ ਦੀਆਂ ਸਾਰੀਆਂ ਵਸਤੂਆਂ ਦੁਆਰਾ ਹੋਣ ਵਾਲੇ ਯੱਗ ਨਾਲੋਂ ਗਿਆਨ ਰੂਪੀ ਯੱਗ ਸ੍ਰੇਸ਼ਟ ਹੈ। ਸਾਰੇ ਕਰਮਾਂ ਦਾ ਸਿਖਰ ਗਿਆਨ ਵਿਚ ਹੈ।

ਗੁਰੂ ਨਾਨਕ ਬਾਣੀ ਵਿਚ ਵੀ ਗਿਆਨ ਦੀ ਸ੍ਰੇਸ਼ਟਤਾ ਅਤੇ ਮਹੱਤਵ ਦਾ ਪ੍ਰਗਟਾਉ ਹੈ। ਗੁਰੂ ਦੁਆਰਾ ਗਿਆਨ ਨਾਲ ਹੀ ਮਨ ਨੂੰ ਸਮਝਾਇਆ ਅਤੇ ਵਸ ਵਿਚ ਕੀਤਾ ਜਾ ਸਕਦਾ ਹੈ।

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।
(ਆਸਾ ਮ:1)469

ਅਪਰਾ ਗਿਆਨ ਨੂੰ ਮੁੱਖ ਨਹੀਂ ਸਮਝਿਆ ਗਿਆ। ਇਹ ਜਿੰਨਾ ਵੀ ਇਕੱਠਾ ਕਰਨ ਦੀ ਕੋਸ਼ਿਸ਼ ਕਰੋ ਉਨੀ ਹੀ ਇਸ ਨਾਲ ਮਨ ਦੀ ਅਸਥਿਰਤਾ ਜਾਂ ਅਸ਼ਾਂਤੀ ਵਧਦੀ ਹੈ। ਗੁਰੂ ਨਾਨਕ ਬਾਣੀ ਅਨੁਸਾਰ:

ਲਿਖਿ ਲਿਖਿ ਪੜਿਆ ਤੇਤਾ ਕੜਿਆ।
(ਵਾਰ ਆਸਾ)467

...

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।
(ਵਾਰ ਆਸਾ)467

ਗੁਰੂ ਨਾਨਕ ਨੇ ਗਿਆਨ ਤੋਂ ਉਪਰ ਦੀ ਸਥਿਤੀ ਵੀ ਦੱਸੀ ਹੈ ਅਤੇ ਉਹ ਹੈ ਕਰਮ(ਮਿਹਰ) ਬਖਸ਼ਿਸ਼ ਜਾਂ ਨਦਰ ਦੀ। ਪ੍ਰਾਪਤੀ ਜਾਂ ਪਰਵਾਨਗੀ ਗਿਆਨ ਨਾਲ ਨਹੀਂ ਨਦਰ ਨਾਲ ਹੈ। ਘਾਲ ਉਨ੍ਹਾਂ ਦੀ ਹੀ ਸਫ਼ਲ ਹੈ, ਜਿਨ੍ਹਾਂ ਉਤੇ ਮਿਹਰ ਦੀ ਨਜ਼ਰ ਹੈ। ਆਪ ਨੇ ਇਸ ਵਿਚਾਰ ਨੂੰ ਇਕ ਸ਼ਬਦ ਵਿਚ ਇਸ ਤਰ੍ਹਾਂ ਨਿਸ਼ਚਿਤ ਕਰਾਇਆ ਹੈ:

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।
(ਵਾਰ ਆਸਾ)465

ਗੁਰੂ ਨਾਨਕ ਅਨੁਸਾਰ ਮੁਕਤੀ ਗਿਆਨ ਦੁਆਰਾ ਨਹੀਂ ਹੋ ਸਕਦੀ, ਸਗੋਂ ਇਹ ਤਾਂ ਝਗੜੇ ਜਾਂ ਦਵੈਤ ਦਾ ਕਾਰਣ ਬਣਦਾ ਹੈ। ਆਪ ਲਿਖਦੇ ਹਨ:

ਗਿਆਨੁ ਗਿਆਨੁ ਕਥੈ ਸਭੁ ਕੋਈ। ਕਥਿ ਕਥਿ ਬਾਦੁ ਕਰੇ ਦੁਖੁ ਹੋਈ।
ਕਥਿ ਕਹਣੈ ਤੇ ਰਹੈ ਨ ਕੋਈ। ਬਿਨੁ ਰਸ ਰਾਤੇ ਮੁਕਤਿ ਨ ਹੋਈ।
(ਬਿਲਾਵਲ)831

ਗੁਰੂ ਨਾਨਕ ਦੇ ਕਥਨ ਅਨੁਸਾਰ ਅਸਲ ਗਿਆਨੀ ਉਹ ਹੈ ਜਿਸ ਦੀ ਕਿ ਗੁਰੂ ਸ਼ਬਦ ਵਿਚ ਲਿਵ ਜੁੜੀ ਰਹਿੰਦੀ ਹੈ:

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ। (ਬਿਲਾਵਲ )831

## ਯੋਗ

ਯੋਗ ਦਾ ਆਲੋਚਨਾਤਮਕ ਚਿਤ੍ਰਨ ਗੁਰੂ ਨਾਨਕ ਬਾਣੀ ਵਿਚ ਹੋਰ ਮਤਾਂ ਤੋਂ ਅਧਿਕ ਮਿਲਦਾ ਹੈ। ਗੁਰੂ ਨਾਨਕ ਸਮੇਂ ਪੰਜਾਬ ਵਿਚ ਜੋਗੀਆਂ ਦਾ ਕਾਫ਼ੀ ਬੋਲਬਾਲਾ ਸੀ। ਡਾ: ਜੱਗੀ ਅਨੁਸਾਰ ਜੋਗੀ ਬਣਨਾ ਸਾਧੂਆਂ ਦਾ ਇਕ ਮਾਤ੍ਰ ਧੰਧਾ ਬਣ ਗਿਆ ਸੀ। ਜੋ ਜੋਗੀ ਨਹੀਂ ਸੀ, ਉਹ ਵੀ ਕੰਨ ਪੜਵਾ ਕੇ ਅਲਖ ਨਿਰੰਜਨ ਬੋਲਣ ਲਗ ਪਿਆ ਸੀ, ਕਿਉਂਕਿ ਸੁਖੈਨ ਢੰਗ ਨਾਲ ਆਹਾਰ ਪ੍ਰਾਪਤ ਕਰਨ ਦਾ ਇਹ ਸਭ ਤੋਂ ਸਰਲ ਅਤੇ ਪ੍ਰਤਿਸ਼ਠਿਤ ਸਾਧਨ ਸੀ। ਇਸ ਤਰ੍ਹਾਂ ਉਦੋਂ ਭਗਤੀ ਭਾਵਨਾਂ ਤੋਂ ਸੁੰਨੀਆਂ ਜੋਗੀਆਂ ਦੀਆਂ ਟੋਲੀਆਂ ਦੀਆਂ ਟੋਲੀਆਂ ਅਲਖ ਅਲਖ ਕਰਦੀਆਂ ਫਿਰਦੀਆਂ ਸਨ। ਇਥੋਂ ਪਾਖੰਡੀਆਂ ਨੇ ਭੈੜੇ ਜੋਗੀਆਂ ਦੇ ਨਾਂ ਵੀ ਭੇਖ ਦਿੱਤੇ ਸਨ।[1]

ਪਤੰਜਲੀ ਅਨੁਸਾਰ ਯੋਗ ਚਿੱਤ-ਵਿਰਤੀਆਂ ਦਾ ਨਿਰੋਧ ਹੈ। ਇਸ[2] ਦਾ ਮੂਲ 'ਯੁਜ' ਤੋਂ ਦਸ ਕੇ ਅਰਥ ਬੰਨ੍ਹਣਾ, ਜੁੜਨਾ ਜਾਂ ਸੰਯੁਕਤ ਹੋਣਾ ਵੀ ਕੀਤੇ ਜਾਂਦੇ ਹਨ। ਆਤਮਕ-ਉੱਨਤੀ ਜਾਂ ਮੋਕਸ਼ ਪ੍ਰਾਪਤੀ ਲਈ ਯੋਗ ਸਾਧਨਾਂ ਦੇ ਮਹੱਤਵ ਦੀ ਸਥਾਪਨਾ ਲਗਭਗ ਸਾਰੇ ਭਾਰਤੀ ਦਰਸ਼ਨਾਂ ਵਿਚ ਹੋਈ ਹੈ। ਵੇਦਾਂ, ਉਪਨਿਸ਼ਦਾਂ ਅਤੇ ਗੀਤਾ ਵਿਚ ਇਸਦਾ ਉਲੇਖ ਮਿਲ ਜਾਂਦਾ ਹੈ। ਭਾਗਵਤ ਪੁਰਾਣ ਅਤੇ ਯੋਗ ਵਾਸ਼ਿਸ਼ਠ ਵਿਚ ਵੀ ਇਸਦੀ ਸਥਾਪਨਾ ਹੋਈ ਹੈ। ਬੁੱਧ ਮੱਤ ਵਿਚ ਨਿਰਵਾਣ ਪਦ ਦੀ ਪ੍ਰਾਪਤੀ ਲਈ ਯੋਗ ਨੂੰ ਸਹਾਇਕ ਮੰਨਿਆ ਗਿਆ ਹੈ। ਅਸ਼ਟਾਂਗ ਮਾਰਗ ਦੀ ਕਲਪਨਾ ਇਸ ਮਤ ਵਿਚ ਵੀ ਹੋਈ ਹੈ, ਤਾਂਤ੍ਰਿਕਾਂ ਅਤੇ ਸਿੱਧਾਂ ਵਿਚ ਇਸਦੀ ਵਿਸ਼ੇਸ਼ ਰੂਪ ਵਿਚ ਮਾਨਤਾ ਹੈ। ਨਾਥਾਂ ਦੁਆਰਾ ਇਸਦੀ ਅਤਿ ਅਧਿਕ ਸਵੀਕ੍ਰਿਤੀ ਨੇ ਉਨ੍ਹਾਂ ਦੀ ਸੰਪ੍ਰਦਾਇ ਦਾ ਨਾਂ ਹੀ 'ਜੋਗੀ ਸੰਪ੍ਰਦਾਇ' ਪ੍ਰਚਲਤ ਕਰ ਦਿੱਤਾ। ਸੰਤਾਂ ਦੀਆਂ ਬਾਣੀਆਂ ਵਿਚ ਇਸ ਦੇ ਮਹੱਤਵ ਦਾ ਵਿਸ਼ੇਸ਼ ਰੂਪ ਵਿਚ ਪ੍ਰਤਿਪਾਦਨ ਹੋਇਆ ਹੈ। ਦਸਵੀਂ ਸਦੀ ਦੇ ਨੇੜੇ ਤੇੜੇ ਨਾਥ ਪੰਥ ਦੇ ਪ੍ਰਵਰਤਕ ਗੋਰਖ ਨਾਥ ਨੇ ਹਠ ਯੋਗ ਦੀ ਪੁਨਰ-ਸਥਾਪਨਾ ਕਰਕੇ ਯੋਗ ਮਾਰਗ ਦੇ ਮਹੱਤਵ ਨੂੰ ਵਧਾਇਆ।[3]

ਭਾਈ ਜੋਧ ਸਿੰਘ ਦਾ ਮੱਤ ਹੈ ਕਿ ਯੋਗ ਆਤਮਾ ਅਤੇ ਪਰਮਾਤਮਾ ਦੇ ਮੇਲ ਦਾ ਨਾਮ ਨਹੀਂ ਯੋਗ ਅਨੁਸਾਰ ਸਮਾਧੀ ਵਿਚ ਪਹੁੰਚ ਕੇ ਆਪਣੇ ਸਰੂਪ ਦਾ ਗਿਆਨ ਹੋ ਜਾਂਦਾ ਹੈ ਤਾਂ ਪ੍ਰਕ੍ਰਿਤੀ

---

1. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 395.
2. 'ਇਸਦਾ' ਸਾਧਾਰਣ ਅਰਥ 'ਜੋੜਨਾ' ਲਿਆ ਜਾਂਦਾ ਹੈ ਅਤੇ ਵਿਸ਼ੇਸ਼ ਅਰਥ ਪਿੰਡ ਵਿਚ ਸਥਿਤ ਆਤਮਾ ਦੀ ਪਰਮਾਤਮਾ ਵਿਚ ਲੀਨਤਾ, ਇਸ ਨੂੰ ਸਮਾਧੀ ਦੀ ਅਵਸਥਾ ਵੀ ਕਿਹਾ ਜਾਂਦਾ ਹੈ, ਉਹੀ, ਪੰਨਾ 395.
3. ਉਹੀ, ਪੰਨੇ 395-96.

ਦੀ ਖੋਜ ਉਸ ਨਾਲ ਮੁਕ ਜਾਂਦੀ ਹੈ ਅਤੇ ਉਹ ਦੁਖ ਰਹਿਤ ਹੋ ਜਾਂਦਾ ਹੈ। ਯੋਗ ਦਰਸ਼ਨ ਦਾ ਆਧਾਰ ਸਾਂਖ ਮਤ ਦੀ ਫਿਲਾਸਫੀ ਹੈ। ਸਾਂਖ ਮੱਤ ਵਿਚ ਈਸ਼ਵਰ ਦੀ ਹਸਤੀ ਨਹੀਂ ਮੰਨੀ ਗਈ। ਯੋਗ ਦਰਸ਼ਨ ਇਕ ਖਾਸ ਕਿਸਮ ਦੇ ਈਸ਼ਵਰ ਨੂੰ ਮੰਨਦਾ ਹੈ।[1] ਗੁਰੂ ਨਾਨਕ ਬਾਣੀ ਵਿਚ ਈਸ਼ਵਰ ਦੀ ਹੋਂਦ ਅਤੇ ਉਸਦੀ ਸਰਬ-ਵਿਆਪਕਤਾ ਤੇ ਦ੍ਰਿੜ੍ਹ ਵਿਸ਼ਵਾਸ ਹੈ।[2]

ਵਿਚਾਰ ਅਧੀਨ ਕਰਕੇ ਯੋਗ ਦੀਆਂ ਕਈ ਸ਼ਾਖਾਂ ਬਣ ਗਈਆਂ, ਜਿਨ੍ਹਾਂ ਵਿਚ ਰਾਜ ਯੋਗ (ਅਸ਼ਟਾਂਗ ਯੋਗ) ਅਤੇ ਹਠ ਯੋਗ ਪ੍ਰਸਿੱਧ ਹਨ। ਗੁਰਬਾਣੀ ਵਿਚ ਰਾਜ ਯੋਗ ਸ਼ਬਦ ਦਾ ਉਲੇਖ ਤਾਂ ਨਹੀਂ ਹੈ, ਪਰ ਅਸ਼ਟਾਂਗ ਦੇ ਕਈ ਅੰਗਾਂ ਦਾ ਭਾਵ ਪ੍ਰਗਟ ਕੀਤਾ ਗਿਆ ਹੈ। ਯਮ, ਜਿਸ ਤੋਂ ਭਾਵ ਹੈ ਹਿੰਸਾ, ਝੂਠ, ਚੋਰੀ, ਵਿਭਚਾਰ ਅਤੇ ਲਾਲਸਾ ਤੋਂ ਬਚਣਾ, ਨਿਯਮ ਜੋ ਸੌਚ, ਸੰਤੋਖ, ਤਪ, ਸ੍ਵਾਧਿਐਨ ਤੇ ਈਸ਼ਵਰ ਸਮਰਪਣ ਰੂਪ ਧਾਰਨ ਕਰਨ ਲਈ ਕਿਹਾ ਗਿਆ ਹੈ ਸਦਾਚਾਰਕ ਪੱਖ ਤੋਂ ਕਿਸੇ ਨਾ ਕਿਸੇ ਰੂਪ ਵਿਚ ਪਰਵਾਨ ਕੀਤੇ ਗਏ। ਤੀਜੇ ਅੰਗ ਆਸਣ ਦਾ ਉਲੇਖ ਹੈ,[3] ਪਰ 84 ਕਿਸਮ ਦੇ ਯੋਗ-ਆਸਣਾਂ ਨੂੰ ਪਰਵਾਨ ਨਹੀਂ ਕੀਤਾ ਗਿਆ। ਚੌਥੇ ਅੰਗ ਪ੍ਰਾਣਾਯਾਮ ਦੀ ਕ੍ਰਿਆ-ਸਵਾਸ ਚੜ੍ਹਾਣੇ, ਰੋਕਣੇ ਅਤੇ ਕਢਣੇ (ਪੂਰਕ, ਕੁੰਭਕ ਅਤੇ ਰੇਚਕ) ਦਾ ਉਲੇਖ ਵੀ ਗੁਰੂ ਨਾਨਕ ਬਾਣੀ ਵਿਚ ਕੀਤਾ ਗਿਆ। ਨਿਉਲੀ ਕਰਮ ਅਤੇ ਭੁਇਅੰਗਮ ਦਾ ਵਰਣਨ ਵੀ ਹੈ, ਜਿਵੇਂ:

ਨਿਉਲੀ ਕਰਮ ਭੁਇਅੰਗਮ ਭਾਠੀ। ਰੇਚਕ ਕੁੰਭਕ ਪੂਰਕ ਮਨ ਹਾਠੀ।
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਿਉ ਗੁਰ ਸਬਦ ਮਹਾਰਸ ਪਾਇਆ।
(ਮਾਰੂ ਮ:1) 1043

ਪ੍ਰਤਿਆਹਾਰ ਅਤੇ ਧਾਰਣਾ ਦਾ ਉਲੇਖ ਤਾਂ ਨਹੀਂ ਹੈ ਪਰ ਇੰਦਰੀਆਂ ਨੂੰ ਰੋਕਣ ਅਤੇ ਚਿਤ ਨੂੰ ਇਕਾਗਰ ਕਰਕੇ ਸ਼ਬਦ ਵਿਚ ਟਿਕਾਉਣ ਦਾ ਵਿਚਾਰ ਜ਼ਰੂਰ ਦਿੱਤਾ ਗਿਆ ਹੈ। ਸਤਵੇਂ ਅੰਗ ਧਿਆਨ ਲਈ ਵੀ ਸਰੀਰ ਨੂੰ ਸਾਧਨ ਦੀ ਵਿਧੀ ਦੀ ਲੋੜ ਨਹੀਂ ਹੈ, ਪ੍ਰਭੂ ਦਾ ਨਾਮ ਸੁਣਨ ਨਾਲ ਸਹਿਜੇ ਹੀ ਉਸ ਵਿਚ ਧਿਆਨ ਲਗ ਜਾਂਦਾ ਹੈ। ਗੁਰੂ ਨਾਨਕ ਬਾਣੀ ਵਿਚ ਕਥਨ ਕੀਤਾ ਗਿਆ ਹੈ:

ਸੁਣਿਐ ਲਾਗੈ ਸਹਜਿ ਧਿਆਨੁ। (ਜਪੁਜੀ)

ਅਤੇ

ਧਿਆਨ ਰੂਪਿ ਹੋਇ ਆਸਣੁ ਪਾਵੈ। ਸਚਿ ਨਾਮਿ ਤਾੜੀ ਚਿਤੁ ਲਾਵੈ।
(ਰਾਮਕਲੀ) 877

ਸਮਾਧੀ ਸ਼ਬਦ ਕਈ ਵਾਰੀ ਵਰਤਿਆ ਹੈ। ਕੁਝ ਪੰਕਤੀਆਂ ਵੇਖੋ:

ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ।
(ਗੂਜਰੀ) 504
ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ।
(ਗੂਜਰੀ) 489

---

1. ਮਹਾਂ ਕਵੀ ਗੁਰੂ ਨਾਨਕ, ਪੰਨਾ 42.
2. ਵੇਖੋ ਬ੍ਰਹਮ ਦਾ ਸੰਕਲਪ, ਇਸੇ ਅਧਿਆਇ ਵਿਚ
3. ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ। (ਰਾਮਕਲੀ ਮ:1) 938

**ਸਿਧੀਆਂ**

ਯੋਗ ਦੇ ਅਭਿਆਸ ਨਾਲ ਅੰਦਰ ਸ਼ਕਤੀ ਦਾ ਆ ਜਾਣਾ ਸੁਭਾਵਕ ਹੈ, ਜਿਸ ਨੂੰ ਯੋਗੀ ਸਿਧੀਆਂ ਕਹਿੰਦੇ ਹਨ। ਅਣਿਮਾ, ਲਘਿਮਾ, ਮਹਿਮਾ, ਪ੍ਰਾਪਤੀ, ਪ੍ਰਾਕਾਮਯ, ਵਸ਼ਿਤ੍ਵ ਅਤੇ ਈਸ਼ਤਾ ਮਹਾਂਸਿੱਧੀਆਂ ਅੱਠ ਸਿੱਧੀਆਂ ਮੰਨੀਆਂ ਗਈਆਂ। ਇਨ੍ਹਾਂ ਤੋਂ ਇਲਾਵਾ ਸਿਧੀਆਂ ਅਤੇ ਰਿਧੀਆਂ ਵੀ ਪ੍ਰਾਪਤ ਕਰਦੇ ਹਨ। ਸਿਧੀਆਂ ਮਨੁਖ ਨੂੰ ਭੁਲਾ ਕੇ ਇਨ੍ਹਾਂ ਦੇ ਸੁਆਦ ਅਤੇ ਦਿਖਾਵੇ ਵਿਚ ਹੀ ਪਏ ਰਹਿੰਦੇ ਸਨ। ਇਸੇ ਕਰਕੇ ਗੁਰੂ ਨਾਨਕ ਬਾਣੀ ਵਿਚ ਰਿਧੀਆਂ ਸਿਧੀਆਂ ਨੂੰ ਮਹੱਤਵ ਪ੍ਰਾਪਤ ਨਹੀਂ ਹੈ। ਆਪਦੇ ਕਹਿਣ ਅਨੁਸਾਰ:

ਰਿਧਿ ਸਿਧਿ ਅਵਰਾ ਸਾਦ। (ਜਪੁਜੀ)

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।
(ਸਿਰੀ) 14

**ਹਠ ਯੋਗ**

ਇਸ ਯੋਗ ਦੇ ਸਭ ਤੋਂ ਪਹਿਲੇ ਮਨੁਖੀ ਆਚਾਰਯ ਮਾਰਕੰਡੇ ਰਿਸ਼ੀ ਮੰਨੇ ਗਏ ਹਨ, ਪਰ ਇਸ ਦੀ ਵਾਸਤਵਿਕ ਸਥਾਪਨਾ ਮੱਧ ਯੁੱਗ ਵਿਚ ਮਛਿੰਦ੍ਰ ਅਤੇ ਗੋਰਖ ਨਾਮਕ ਨਾਥਾਂ ਨੇ ਕੀਤੀ।[2] ਹਠ ਯੋਗੀ ਵਾਯੂ, ਨਾੜੀ, ਮੁਦ੍ਰਾ, ਕੁੰਡਲਨੀ, ਖਟ ਕਰਮ, ਖਟ ਚਕਰ ਅਤੇ ਕਈ ਪ੍ਰਕਾਰ ਦੀ ਸਰੀਰਕ ਸਾਧਨਾ ਕਰਦਾ ਹੈ।

ਗੁਰੂ ਨਾਨਕ ਬਾਣੀ ਵਿਚ ਹਠ ਯੋਗ ਸਾਧਨਾ ਦਾ ਵਿਰੋਧ ਕੀਤਾ ਗਿਆ ਹੈ। ਉਦਾਹਰਣ ਵਜੋਂ ਕੁਝ ਪੰਕਤੀਆਂ ਇਹ ਹਨ:

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ। ਵਰਤੁ ਤਪਨੁ ਕਰਿ ਮਨੁ ਨਹੀ ਭੀਜੈ।
(ਰਾਮਕਲੀ) 905

ਹਠੁ ਕਰਿ ਮਰੈ ਨ ਲੇਖੈ ਪਾਵੈ। ਵੇਸ ਕਰੈ ਬਹੁ ਭਸਮ ਲਗਾਵੈ।
(ਗਉੜੀ) 226

ਗੁਰੂ ਨਾਨਕ ਬਾਣੀ ਵਿਚ ਸਿਧਾਂ ਜੋਗੀਆਂ ਦੇ ਹੋਰ ਕਈ ਵਿਚਾਰਾਂ ਅਤੇ ਸ਼ਬਦਾਵਲੀ ਦਾ ਵੱਖਰੇ ਰੂਪ ਵਿਚ ਚਿਤ੍ਰਨ ਮਿਲਦਾ ਹੈ। ਇਨ੍ਹਾਂ ਵਿਚੋਂ ਕੁਝ ਪੰਕਤੀਆਂ ਨਿਮਨ ਲਿਖਿਤ ਹਨ:

---

1. ਮਧ ਕਾਲ ਵਿਚ ਇਕ ਛੋਟਾ ਜਿਹਾ ਫਿਰਕਾ ਸਿੱਧਾਂ ਦਾ ਵੀ ਸੀ। ਇਹ ਲੋਕ ਆਪਣੇ ਆਪ ਨੂੰ ਪ੍ਰਭੂ ਪੱਥ ਤੇ ਸਿਧ ਮੰਨਦੇ ਸਨ। ਉਹ ਅਠਾਰਾਂ ਸਿਧੀਆਂ ਦੇ ਮਾਲਕ ਹੋਣ ਦਾ ਦਾਅਵਾ ਕਰਦੇ ਸਨ, ਪਰ ਉਨ੍ਹਾਂ ਦੇ ਆਚਾਰ ਵਿਵਹਾਰ ਨੂੰ ਦੇਖ ਕੇ ਕੋਈ ਉਨ੍ਹਾਂ ਨੂੰ ਇਕ ਵੀ ਸਿਧੀ ਦਾ ਅਧਿਕਾਰੀ ਨਹੀਂ ਸਮਝ ਸਕਦਾ ਸੀ। (ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 507.
2. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 400.

ਸਬਦ ਸੁਰਤਿ ਯੋਗ:

ਸਾਕਤ ਨਰਿ ਸਬਦਿ ਸੁਰਤਿ ਕਿਉ ਪਾਈਐ
ਸਬਦ ਸੁਰਤਿ ਬਿਨੁ ਆਈਐ ਜਾਈਐ।
(ਮਾਰੂ ਸੋਲਹੇ)1042

ਰਾਜ ਯੋਗ:[1]

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜ ਜੋਗੁ ਜਿਨਿ ਮਾਣਿਓ।[2]
(ਗੁਰੂ ਗ੍ਰੰਥ)1390

ਸਹਜ ਯੋਗ:

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ।
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ।
(ਆਸਾ)359

ਨਾਥ

ਬੁੱਧ ਮਤ, ਮਹਾਯਾਨ, ਹੀਨਯਾਨ, ਵਜਰਯਾਨ, ਮੰਤਰਯਾਨ ਦੀਆਂ ਅਵਸਥਾਵਾਂ ਵਿਚ ਦੀ ਗੁਜ਼ਰਦਾ ਹੋਇਆ ਸਹਜਯਾਨ ਦੀ ਅਵਸਥਾ ਨੂੰ ਅਪੜ ਚੁੱਕਾ ਸੀ। ਕੁਝ ਸਹਜਯਾਨੀ ਸਿੱਧਾਂ ਨੇ ਮਦਿਰਾ ਸੇਵਨ ਅਤੇ ਸ਼ਰਾਬ ਪੀਣ ਆਦਿ ਸੰਬੰਧੀ ਕਈ ਇਕ ਕੋਹਜੀਆਂ ਸਾਧਨਾਵਾਂ ਦੁਆਰਾ[3] ਉਸਦੀ ਸੂਰਤ ਨੂੰ ਹੋਰ ਵੀ ਵਿਗਾੜ ਦਿੱਤਾ। ਇਸ ਤੋਂ ਨਾਥ ਮੱਤ ਦਾ ਜਨਮ ਹੋਇਆ। ਨਾਥ ਜੋਗੀਆਂ ਦੇ ਪ੍ਰਮੁੱਖ ਮਹੰਤ ਨੂੰ ਵੀ ਕਹਿੰਦੇ ਹਨ, ਜਿਸਦੇ ਅੱਗੇ ਸਾਰੇ ਜੋਗੀ ਸਿਰ ਝੁਕਾਂਦੇ ਹਨ। ਨਾਥ ਨੌ ਮੰਨੇ ਗਏ ਹਨ। ਜਿਸ ਨਾਥ ਨੂੰ ਸ੍ਰੇਸ਼ਟ ਕਿਹਾ ਗਿਆ ਹੈ ਗੁਰੂ ਨਾਨਕ ਬਾਣੀ ਅਨੁਸਾਰ ਉਹ ਪਦਵੀ ਤਾਂ ਨਾਮ ਸੁਣਨ ਨਾਲ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ:

ਸੁਣਿਐ ਸਿਧ ਪੀਰ ਸੁਰਿ ਨਾਥ। (ਜਪੁਜੀ)

ਨਾਥ ਸ਼ਬਦ ਪਰਮਾਤਮਾ ਲਈ ਵੀ ਵਰਤਿਆ ਗਿਆ ਹੈ:

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।
(ਜਪੁਜੀ)

ਅਤੇ ਨਾਥ ਸੰਪ੍ਰਦਾ ਲਈ ਵੀ ਇਸਦਾ ਪ੍ਰਯੋਗ ਹੈ:

ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ।
(ਵਾਰ ਮਲਾਰ)1282

---

1. ਯੋਗਾਂ ਦੇ ਗ੍ਰੰਥਾਂ ਵਿਚ ਇਸ ਯੋਗ ਨੂੰ ਬਾਕੀ ਸਾਰਿਆਂ ਯੋਗਾਂ ਨਾਲੋਂ ਉੱਤਮ ਮੰਨਿਆ ਗਿਆ ਹੈ। ਬਾਕੀ ਯੋਗ ਇਸਦੀ ਕੇਵਲ ਭੂਮਿਕਾ ਹਨ। ਯੋਗ ਸਾਧਨਾ ਦਾ ਸਿਖਰ ਹੀ ਰਾਜਯੋਗ ਹੈ। ਇਸ ਨਾਲ ਮਨ ਟਿਕ ਜਾਂਦਾ ਹੈ ਅਤੇ ਸਾਰਿਆਂ ਦੀ ਪਰੇਸ਼ਾਨੀ ਖ਼ਤਮ ਹੋ ਜਾਂਦੀ ਹੈ। (ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 413)
2. ਇਹ ਪੰਕਤੀ ਗੁਰੂ ਨਾਨਕ ਦੁਆਰਾ ਰਾਜ ਯੋਗ ਮਾਣਨ ਦੀ ਪੁਸ਼ਟੀ ਵਿਚ ਗੁਰੂ ਅਰਜਨ ਦੇ ਦਰਬਾਰ ਵਿਚ ਆਏ ਕਲ ਨਾਂ ਦੇ ਭੱਟ ਨੇ ਕਹੀ ਸੀ। (ਉਹੀ, ਪੰਨਾ 414)
3. ਡਾ: ਜੀ ਭਗਵਾਨ ਗੋਇਲ, ਭੂਮਿਕਾ, ਗੁਰੂ ਪ੍ਰਤਾਪ ਸੂਰਜ (ਸੰਖਿਪਤ) ਪੰਨਾ 12.

ਨੇ ਨਾਥਾਂ ਦਾ ਜ਼ਿਕਰ ਵੀ ਹੈ:

ਗੁਣ ਗਾਵਹਿ ਨਵ ਨਾਥ।  (ਸਵਈਏ ਮ: ਪਹਿਲੇ ਕੇ)1390

**ਬਾਰਾਂ ਪੰਥ**

ਜੋਗੀਆਂ ਦੇ 12 ਫਿਰਕੇ ਜਾਂ ਪੰਥ ਮੰਨੇ ਗਏ ਹਨ: ਹੇਤੁ, ਪਾਵ, ਆਈ, ਗਮਲ, ਪਾਗਲ, ਗੋਪਾਲ, ਕੰਥੜੀ, ਬਨ, ਧੁਜ, ਚੋਲੀ, ਰਾਵਲ ਅਤੇ ਦਾਸ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਬਾਰਾਂ ਪੰਥਾਂ ਦਾ ਸੰਕੇਤ ਕੀਤਾ ਹੈ:

ਬਾਰਹ ਮਹਿ ਜੋਗੀ ਭਰਮਾਏ।  (ਰਾਮਕਲੀ ਸਿਧ ਗੋਸਟਿ)941

ਹਰ ਇਕ ਪੰਥ ਆਪਣੇ ਵਿਚ ਹੀ ਵਰਤਣ ਵਿਹਾਰ ਰਖਦਾ ਹੈ। ਗੁਰੂ ਨਾਨਕ ਨੇ 'ਆਈ ਪੰਥੀਆਂ' ਦਾ ਜ਼ਿਕਰ ਵਿਅੰਗ ਭਾਵਨਾਂ ਵਿਚ ਕੀਤਾ ਹੈ:

ਆਈ ਪੰਥੀ ਸਗਲ ਜਮਾਤੀ।  (ਜਪੁਜੀ)

ਜੋਗੀਆਂ ਦੇ ਭੇਖ ਅਤੇ ਵਿਵਹਾਰ ਬਾਰੇ ਟਿੱਪਣੀ ਸਹਿਤ ਸਵਿਸਥਾਰ ਵਰਣਨ ਵੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਕੀਤਾ ਹੈ।[1]

**ਸੰਨਿਆਸ**

ਜੋਗੀ ਨਿਵਿਰਤੀ ਮਾਰਗ, ਸੰਨਿਆਸ ਜਾਂ ਸੰਸਾਰ ਤਿਆਗ ਨੂੰ ਪ੍ਰਮੁਖਤਾ ਦਿੰਦੇ ਹਨ। ਜੰਗਲਾਂ, ਪਹਾੜਾਂ, ਗੁਫ਼ਾਵਾਂ ਜਾਂ ਹੋਰ ਇਕਾਂਤ ਸਥਾਨਾਂ ਤੇ ਜਾ ਕੇ ਤਪ ਸਾਧਨਾਂ ਕਰਨੀ ਅਤੇ ਸੰਸਾਰ ਨੂੰ ਵਿਸ਼ੇ ਵਿਕਾਰਾਂ ਦੀ ਖਾਣੀ ਸਮਝ ਕੇ ਤਿਆਗਣਾ ਇਨ੍ਹਾਂ ਦਾ ਮੁੱਖ ਪਰਚਾਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਵੀ ਸਮਕਾਲੀਨ ਜੋਗੀਆਂ ਦਾ ਉਲੇਖ ਕੀਤਾ ਹੈ, ਜੋ ਅਨੇਕ ਕਿਰਤੀ ਵਿਚ ਉਦਾਸ ਧਾਰਨ ਕਰੀ ਬੈਠੇ ਸਨ:

ਅਸੰਖ ਜੋਗ ਮਨ ਰਹੇ ਉਦਾਸ।  (ਜਪੁਜੀ)

ਭਾਰਤੀ ਚਾਰ ਆਸ਼੍ਰਮਾਂ ਦੀ ਪਰੰਪਰਾ ਅਨੁਸਾਰ ਵੀ ਵਿਅਕਤੀ ਨੂੰ ਜੀਵਨ ਦੀ ਅੰਤਮ ਆਯੂ ਤਿਆਗ ਅਤੇ ਸੰਨਿਆਸ ਲਈ ਅਰਪਿਤ ਕਰਨ ਦਾ ਆਦੇਸ਼ ਹੈ। ਸੌ ਸਾਲ ਦੀ ਉਮਰ ਵਿਚੋਂ ਅਖੀਰਲੇ ਪੰਜਾਹ ਸਾਲ ਵਾਨ ਪ੍ਰਸਥ ਅਤੇ ਸੰਨਿਆਸ ਧਾਰਨ ਕਰਨ ਲਈ ਅਨੁਕੂਲ ਸਮਝੇ ਜਾਂਦੇ ਸਨ। ਜੇ ਕੋਈ ਪਹਿਲਾਂ ਹੀ ਸੰਨਿਆਸ ਲੈ ਲਵੇ ਤਾਂ ਉਸ ਨੂੰ ਹੋਰ ਵੀ ਚੰਗੇਰਾ ਸਮਝਿਆ ਜਾਂਦਾ ਸੀ।

ਸੰਸਾਰ ਦੇ ਦੁੱਖਾਂ ਦਾ ਟਾਕਰਾ ਕਰਨ ਦੀ ਥਾਂ ਇਸ ਤੋਂ ਨੱਠਣ ਨਾਲ ਨਾ ਵਿਅਕਤੀ ਦਾ ਭਲਾ ਹੈ ਅਤੇ ਨਾ ਹੀ ਲੋਕਾਂ ਦਾ। ਟੈਗੋਰ ਨੇ ਕਿਹਾ ਸੀ ਕਿ ਸੰਸਾਰ ਤੋਂ ਭੱਜਣ ਵਾਲੇ ਬੁਜ਼ਦਿਲ ਹਨ ਅਤੇ ਉਹ ਰੱਬ ਨੂੰ ਨਹੀਂ ਪ੍ਰਾਪਤ ਕਰ ਸਕਦੇ।[2] ਵਿਨੋਬਾ ਜੀ ਨੇ ਵੀ ਆਖਿਆ ਹੈ ਕਿ 'ਬਾਲ ਬੱਚਿਆਂ ਦੀ

1. ਵੇਖੋ ਅਧਿਆਇ ਸਤਵਾਂ
2. Sadhna, p.130.

ਸੰਭਵ ਨਾ ਹੋ ਸਕਣ ਕਰਕੇ ਜੇ ਕੋਈ ਗ੍ਰਿਹਸਤੀ ਸੰਨਿਆਸ ਲੈ ਲਵੇ ਤਾਂ ਉਹ ਚੰਗਾ ਹੋਵੇਗਾ।[1] ਕ੍ਰਿਸ਼ਨ ਜੀ ਨੇ ਗੀਤਾ(3.4) ਵਿਚ ਵੀ ਅਜਿਹੇ ਸੰਨਿਆਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਆਦੇਸ਼ ਹੈ ਕਿ ਕਰਮ ਤਿਆਗ ਕੇ ਕੇਵਲ ਸੰਨਿਆਸ ਨਾਲ ਸਿੱਧੀ ਨਹੀਂ ਮਿਲ ਸਕਦੀ।

ਗੁਰੂ ਨਾਨਕ ਅਨੁਸਾਰ ਜੋਗੀ, ਸੰਨਿਆਸੀ ਸੰਸਾਰ ਨੂੰ ਤਿਆਗ ਕੇ ਜੰਗਲ ਵਿਚ ਫੁੱਲ ਪੱਤੇ ਅਤੇ ਜੜ੍ਹਾਂ ਆਦਿ ਖਾ ਕੇ ਗੁਜ਼ਾਰਾ ਕਰਦੇ ਹਨ, ਪਰ ਮਨ ਤੋਂ ਤਾਂ ਤ੍ਰਿਸ਼ਨਾ ਛੱਡ ਨਹੀਂ ਸਕਦੇ। ਸਰੀਰ ਦੀਆਂ ਲੋੜਾਂ ਉਨ੍ਹਾਂ ਨੂੰ ਪੂਰੀਆਂ ਕਰਨੀਆਂ ਪੈਂਦੀਆਂ ਹਨ। ਇਸ ਕਰਕੇ ਉਹ ਨਾ ਤਾਂ ਚੰਗੇ ਗ੍ਰਿਹਸਤੀ ਹੀ ਬਣ ਸਕਦੇ ਹਨ ਅਤੇ ਨਾ ਹੀ ਉਦਾਸੀ। ਆਪ ਕਹਿੰਦੇ ਹਨ:

ਇਕਿ ਕੰਦ ਮੂਲੁ ਚੁਣਿ ਖਾਹਿ ਵਣਖੰਡਿ ਵਾਸਾ।
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ।
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ।
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ।
(ਵਾਰ ਮਾਝ)140

ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ।
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ।
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ।
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ।
(ਆਸਾ)414

ਗੀਤਾ ਅਨੁਸਾਰ ਅਸਲ ਸੰਨਿਆਸ ਕਰਮ ਨੂੰ ਤਿਆਗਣਾ ਨਹੀਂ, ਕਰਮਾਂ ਦੇ ਫਲ ਨੂੰ ਤਿਆਗਣਾ ਹੈ(18.2)। ਜਿਹੜਾ ਈਰਖਾ ਤ੍ਰਿਸ਼ਨਾ ਤੋਂ ਰਹਿਤ ਹੈ ਉਹ ਸੰਨਿਆਸੀ ਹੈ(5.3)। ਗੁਰੂ ਨਾਨਕ ਬਾਣੀ ਵਿਚ ਅਸਲ ਸੰਨਿਆਸ ਜਾਂ ਵੈਰਾਗ ਦੇ ਇਹ ਲੱਛਣ ਦੱਸੇ ਗਏ ਹਨ:

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ। (ਮਾਰੂ)1013

ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ। (ਸੋਰਠਿ)634

ਗੁਰੂ ਨਾਨਕ ਦਾ ਮੱਤ ਗ੍ਰਿਹਸਤ ਵਿਚ ਰਹਿੰਦਿਆਂ ਹੀ ਮੁਕਤੀ ਪ੍ਰਾਪਤ ਕਰਨ ਦਾ ਮੱਤ ਹੈ। ਇਸੇ ਵਿਚਾਰ ਨੂੰ ਉਨ੍ਹਾਂ ਦੀ ਬਾਣੀ ਪ੍ਰਗਟਾਈ ਹੈ:

ਸਤਿਗੁਰ ਕੀ ਐਸੀ ਵਡਿਆਈ। ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।
(ਧਨਾਸਰੀ)661

ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ।
ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ।
(ਵਾਰ ਮਾਝ)140

---

1. ਗੀਤਾ ਪ੍ਰਵਚਨ(ਪੰਜਾਬੀ)ਪੰਨਾ 10.

## ਭਗਤੀ ਦੁਆਰਾ ਪ੍ਰਾਪਤੀ

ਮਧਕਾਲੀਨ ਭਗਤੀ ਲਹਿਰ ਨੇ ਸਾਧਨਾ ਪੱਖ ਵਿਚ ਵਿਸ਼ੇਸ਼ ਮੋੜ ਲਿਆਂਦਾ ਹੈ। ਪ੍ਰਾਪਤੀ ਜਾਂ ਮੁਕਤੀ ਲਈ ਇਸ ਨੂੰ ਸਰਵੋਤਮ ਸਾਧਨ ਮੰਨਿਆ ਗਿਆ। ਭਗਤੀ ਸ਼ਬਦ ਦਾ ਨਿਕਾਸ 'ਭਜ' ਧਾਤੂ ਤੋਂ ਮੰਨਿਆ ਗਿਆ ਹੈ, ਜਿਸ ਤੋਂ ਭਾਵ ਹੈ ਭਜਣਾ, ਅਰਥਾਤ ਜਪਣਾ, ਪ੍ਰਭੂ ਦੀ ਸੇਵਾ। ਰਾਮਾਨੁਜ ਨੇ ਸਨੇਹ ਪੂਰਵਕ ਕੀਤੇ ਗਏ ਅਖੰਡ ਧਿਆਨ ਨੂੰ ਭਗਤੀ ਕਿਹਾ ਹੈ।[1]

ਭਗਤੀ ਅੰਦੋਲਨ ਭਾਵੇਂ ਮੱਧ ਕਾਲੀਨ ਵਿਚ ਆਰੰਭ ਹੋਇਆ, ਪਰ ਇਸ ਦਾ ਮੂਲ ਵੇਦਾਂ ਵਿਚ ਵੇਖਿਆ ਜਾ ਸਕਦਾ ਹੈ। ਰਿਗ ਵੇਦ ਪ੍ਰਾਰਥਨਾ ਅਤੇ ਉਪਾਸਨਾ ਯੋਗ ਰਿਚਾਵਾਂ (ਵੇਦਾਂ ਮੰਤ੍ਰਾਂ) ਦਾ ਸੰਗ੍ਰਹਿ ਹੈ।[2] ਕਈ ਵਿਆਖਿਆਕਾਰਾਂ ਨੇ ਭਗਤੀ ਯੋਗ ਗੀਤਾ ਦਾ ਪ੍ਰਮੁੱਖ ਮਾਰਗ ਕਿਹਾ ਹੈ। ਕ੍ਰਿਸ਼ਨ ਜੀ ਗੀਤਾ (9.29-32) ਵਿਚ ਕਹਿੰਦੇ ਹਨ ਕਿ ਭਗਤ ਮੇਰੇ ਸਭ ਤੋਂ ਨੇੜੇ ਹਨ। ਭਗਤੀ ਦੁਆਰਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਗਿਆਨ ਨਾਲ ਮੁਕਤੀ।

ਭਾਗਵਤ ਧਰਮ, ਜਿਸਦਾ ਉਦੈ ਈਸਾ ਤੋਂ ਲਗਭਗ 1400 ਵਰ੍ਹੇ ਪਹਿਲਾਂ ਹੋਇਆ ਖ਼ਿਆਲ ਕੀਤਾ ਜਾਂਦਾ ਹੈ ਆਪਣੀ ਪ੍ਰਥਮ ਅਵਸਥਾ ਵਿਚ ਇਕ ਈਸ਼੍ਵਰੀ ਭਗਤੀ ਦਾ ਪ੍ਰਤਿਪਾਦਕ ਸੀ, ਕਿਉਂਕਿ ਉਸ ਤੋਂ ਪਹਿਲਾਂ ਸਾਂਖ ਅਤੇ ਯੋਗ ਮੱਤ ਪ੍ਰਚਲਤ ਸਨ, ਜਿਸਦਾ ਪ੍ਰਭਾਵ ਉਸਤੇ ਸੁਭਾਵਕ ਪਿਆ। ਦੂਜੀ ਅਵਸਥਾ ਵਿਚ ਬ੍ਰਾਹਮਣ ਧਰਮ ਦੇ ਅਸਰ ਨਾਲ ਇਸ ਬਹੁ ਦੇਵ ਉਪਾਸਨਾ ਦਾ ਸਮਾਵੇਸ਼ ਹੋ ਗਿਆ।[3]

ਪੁਰਾਣਾਂ ਵਿਚ ਭਗਤੀ ਮੁਖ ਸੰਕਲਪ ਹੈ, ਜਿਸ ਵਿਚ ਜਾਤ ਅਤੇ ਲਿੰਗ ਭੇਦ ਦਾ ਕੋਈ ਵਿਤਕਰਾ ਨਹੀਂ। ਇਕ ਚੰਡਾਲ ਭਗਤੀ ਦੁਆਰਾ ਬ੍ਰਾਹਮਣ ਤੋਂ ਵੀ ਉਚੇਰਾ ਹੈ। ਇਹ ਵਿਚਾਰ ਵੇਦਾਂ ਦੀ ਜਾਤ ਲਿੰਗ ਦੀ ਕਠ ਧਰਮੀ ਤੋਂ ਇਕ ਤਰ੍ਹਾਂ ਦੀ ਬਗ਼ਾਵਤ ਸੀ। 'ਪੁਰਾਣਾਂ' ਵਿਚ ਅਨਿੰਨ ਭਗਤੀ ਤੇ ਬਲ ਦਿਤਾ ਗਿਆ ਹੈ ਅਰਥਾਤ ਕੇਵਲ ਕ੍ਰਿਸ਼ਨ ਜਾਂ ਵਿਸ਼ਨੂੰ ਦੀ ਭਗਤੀ ਤੇ ਨਵਧਾ ਭਗਤੀ ਦਾ ਸੰਕਲਪ ਵੀ ਇਨ੍ਹਾਂ ਪੁਰਾਣਾਂ ਵਿਚ ਮਿਲਦਾ ਹੈ।[4]

ਡਾ: ਹਜ਼ਾਰੀ ਪ੍ਰਸਾਦ ਦਵੇਦੀ ਅਤੇ ਡਾ: ਸਤੇਂਦਰ ਆਦਿ ਵਿਦਵਾਨਾਂ ਨੇ ਮਧ ਕਾਲੀਨ ਭਗਤੀ ਦਾ ਨਿਕਾਸ ਦੱਖਣ ਤੋਂ ਹੋਇਆ ਮੰਨਿਆ ਹੈ। ਉਨ੍ਹਾਂ ਦਾ ਵਿਚਾਰ ਇਸ ਉਕਤੀ ਤੇ ਆਧਾਰਿਤ ਹੈ:

> ਭਗਤੀ ਦ੍ਰਾਵਿੜ ਊਪਜੀ, ਲਾਏ ਰਾਮਾਨੰਦ।
> ਪ੍ਰਗਟ ਕੀਆ ਕਬੀਰ ਨੇ ਸਪਤ ਦੀਪ ਨਵਖੰਡ।

---

1. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਚਾਰਧਾਰਾ, ਪੰਨਾ 429 ਉਤੇ ਉਦਧ੍ਰਿਤ
2. ਡਾ: ਧਰਮਪਾਲ ਮੈਨੀ, ਪੰਜਾਬੀ ਭਗਤੀ ਸਾਹਿੱਤ, ਪੰਨਾ 2.
3. ਪੰਜਾਬੀ ਦੁਨੀਆਂ, ਭਗਤੀ ਅੰਕ, 1965, ਪੰਨਾ 185.
4. ਹਿੰਦੀ ਸਾਹਿਤ ਕੋਸ਼, ਭਾਗ ਪਹਿਲਾ.

ਦ੍ਰਾਵਿੜ ਦੇ ਆਲਵਾਰ ਭਗਤ ਭਗਤੀ ਦੇ ਮੁੱਖ ਪ੍ਰਚਾਰਕ ਸਨ। ਆਲਵਾਰ ਦਾ ਸ਼ਾਬਦਕ ਅਰਥ ਹੈ, ਪ੍ਰਭੂ ਦੇ ਪਿਆਰ ਵਿਚ ਡੁੱਬੇ ਹੋਏ, ਭਗਵਾਨ ਦੇ ਧਿਆਨ ਵਿਚ ਜਿਹੜੇ ਡੁੱਬੇ ਰਹਿਣ ਉਹ ਆਲਵਾਰ ਹਨ।[1] ਆਲਵਾਰ ਸੰਤ 8ਵੀਂ, 9ਵੀਂ ਸਦੀ ਵਿਚ ਹੋਏ ਮੰਨੇ ਗਏ ਹਨ। ਦੱਖਣ ਦੇ ਰਾਮਾਨੁਜ, ਮਾਧਵ, ਨਿੰਬਾਰਕ ਅਤੇ ਵਲਭਾਚਾਰੀਆ ਭਗਤੀ ਮੱਤ ਦੇ ਪ੍ਰਮੁੱਖ ਸੰਚਾਲਕ ਸਨ।

ਭਗਤੀ ਮੱਤ ਦੀਆਂ ਤਿੰਨ ਪ੍ਰਣਾਲੀਆਂ ਵਿਸ਼ੇਸ਼ ਹਨ: ਵੈਸ਼ਨਵ, ਸ਼ੈਵ ਅਤੇ ਸ਼ਾਕਤ। ਵੈਸ਼ਨਵ ਭਗਤੀ ਵਿਚ ਵਿਸ਼ਨੂੰ ਜੀ ਦੀ ਪੂਜਾ ਹੁੰਦੀ ਹੈ। ਪਾਪ ਦੂਰ ਕਰਨੇ ਪੁੰਨ ਸਥਾਪਨ ਲਈ ਵਿਸ਼ਨੂੰ ਦਾ ਅਵਤਰਨ ਹੁੰਦਾ ਹੈ। ਉਸਦੇ ਅਵਤਾਰ 22 ਹਨ। ਸ਼ੈਵ ਪ੍ਰਣਾਲੀ ਵਿਚ ਸ਼ਿਵ ਜੀ ਪੂਜਾ-ਇਸ਼ਟ ਹਨ। ਲਿੰਗ ਉਸਦਾ ਰਚਨਾਤਮਿਕ ਚਿੰਨ੍ਹ ਹੈ। ਇਸ ਨੇ ਨੌਵੀਂ-ਗਿਆਰਵੀਂ ਸਦੀ ਵਿਚ ਜ਼ੋਰ ਫੜਿਆ। ਇਸ ਮੱਤ ਦਾ ਪਸਾਰ ਵਧੇਰੇ ਕਰਕੇ ਕਸ਼ਮੀਰ ਵਿਚ ਹੋਇਆ।[2] ਸ਼ਾਕਤ ਦੇਵੀ ਮਾਤਾ ਨੂੰ ਪ੍ਰਮੁੱਖ ਇਸ਼ਟ ਮੰਨ ਕੇ ਪੂਜਦੇ ਹਨ। ਵੇਦਾਂ ਵਿਚ ਉਸ਼ਾ, ਸਰਸਵਤੀ, ਇੜਾ ਆਦਿ ਦੇਵੀਆਂ ਦੀ ਉਸਤਤ ਹੈ। ਦਿੱਤੀ ਅਤੇ ਸ਼ਰਧਾ ਨਾਂ ਦੀਆਂ ਦੇਵੀਆਂ ਦਾ ਵੀ ਵਰਣਨ ਹੈ। ਮਹਾਭਾਰਤ ਵਿਚ ਅਰਜਨ ਦੇਵੀ ਦੀ ਉਪਾਸਨਾ ਕਰਦਾ ਹੈ। ਪੁਰਾਣਾਂ ਵਿਚ ਦੇਵੀ ਨੂੰ ਇਸਤ੍ਰੀ ਸ਼ਕਤੀ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ।[3]

ਭਗਤੀ ਧਾਰਾ ਦੇ ਪ੍ਰਮੁੱਖ ਸੰਤ ਸ਼ੰਕਰਾਚਾਰੀਆ, ਰਾਮਾਨੁਜ, ਨਿੰਬਾਰਕ, ਮਾਧਵ, ਰਾਮਾਨੰਦ, ਵਲਭਾਚਾਰੀਆ, ਚੈਤੰਨਯ, ਕਬੀਰ, ਨਾਮਦੇਵ, ਸਧਨਾ ਅਤੇ ਧੰਨਾ ਜੀ ਹਨ। ਗੁਰੂ ਨਾਨਕ ਅਤੇ ਬਾਕੀ ਗੁਰੂ ਸਾਹਿਬਾਨ ਨੇ ਨਿਰਗੁਣ ਭਗਤੀ-ਅੰਦੋਲਨ ਨੂੰ ਸਿਖਰ ਤੇ ਪਹੁੰਚਾਇਆ। ਗੁਰੂ ਨਾਨਕ ਦੇਵ ਜੀ ਨੇ ਭਗਤੀ ਦੇ ਕਈ ਪੱਖਾਂ ਦਾ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ।

ਭਗਤੀ ਅਤੇ ਪ੍ਰੇਮ ਦਾ ਅਨਿੱਖੜ ਸੰਬੰਧ ਹੈ। ਦੋਵੇਂ ਸ਼ਬਦ ਅਕਸਰ ਇਕੱਠੇ ਵੀ ਵਰਤੇ ਜਾਂਦੇ ਹਨ - ਪ੍ਰੇਮਾ-ਭਗਤੀ ਜਾਂ ਭਾਉ ਭਗਤੀ। ਗੁਰੂ ਨਾਨਕ ਬਾਣੀ ਵਿਚ ਵੀ ਇਹ ਸਾਂਝੇ ਸ਼ਬਦ ਵਰਤੇ ਗਏ ਹਨ:

ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ। (ਗੂਜਰੀ,505)

ਅਤੇ

ਪ੍ਰੇਮ ਭਗਤਿ ਪ੍ਰਭ ਮਨੁ ਪਤੀਆਇਆ। (ਧਨਾਸਰੀ,686)

ਭਗਤੀ ਵਿਚ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ, ਜਿਨ੍ਹਾਂ ਗੁਣਾਂ ਨੂੰ ਆਪਣੇ ਜੀਵਨ ਵਿਚ ਧਾਰਨਾ ਜ਼ਰੂਰੀ ਹੈ। ਬਿਨਾਂ ਗੁਣੀ ਹੋਣ ਦੇ ਭਗਤੀ ਨਹੀਂ ਹੋ ਸਕਦੀ ਅਤੇ ਭਗਤੀ ਬਿਨਾਂ ਗੁਣੀਨਿਧਾਨ

---

1. ਪੰਜਾਬੀ ਦੁਨੀਆਂ, ਭਗਤੀ ਅੰਕ, ਪੰਨਾ 37.
2. ਡਾ: ਸ਼ੁਸ਼ੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 274.
3. ਉਹੀ, ਪੰਨਾ 277.

(ਪਰਮਾਤਮਾ) ਨਾਲ ਸੰਜੋਗ ਨਹੀਂ ਹੋ ਸਕਦਾ। ਗੁਰੂ ਨਾਨਕ ਦਾ ਇਹ ਕਿਹਣਾ ਹੈ:

ਵਿਣੁ ਗੁਣ ਕੀਤੇ ਭਗਤਿ ਨ ਹੋਇ। (ਜਪੁਜੀ)

ਭਗਤੀ ਪਰੰਪਰਾ ਅਨੁਸਾਰ ਗੁਰੂ ਨਾਨਕ ਨੇ ਵਿਚਾਰ ਅਤੇ ਅਮਲ ਦੁਆਰਾ ਇਹ ਸਿੱਧ ਕਰ ਦਿਖਾਇਆ ਕਿ ਭਗਤੀ ਵਿਚ ਵਰਣ ਭੇਦ ਨਹੀਂ ਹੈ। ਘਿਉ ਅਤੇ ਰੇਸ਼ਮ ਵਾਂਗ ਭਗਤ ਭਾਵੇਂ ਕਿਸੇ ਵੀ ਜਾਤੀ ਦਾ ਹੋਵੇ, ਉੱਤਮ ਅਤੇ ਪਵਿੱਤਰ ਹੈ। ਆਪ ਲਿਖਦੇ ਹਨ:

ਘਿਅ ਪਟ ਭਾਂਡਾ ਕਹੈ ਨ ਕੋਇ। ਐਸਾ ਭਗਤੁ ਵਰਨ ਮਹਿ ਹੋਇ।
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ। ਨਾਨਕ ਤਿਨ ਦਰਿ ਭੀਖਿਆ ਪਾਇ।
(ਤਿਲੰਗ) 721

ਨਵਧਾ ਭਗਤੀ ਦੇ ਨੌ ਅੰਗ ਹਨ: ਨਾਮ ਸੁਣਨਾ, ਕੀਰਤਨ ਕਰਨਾ, ਸਿਮਰਨ, ਚਰਨ ਸੇਵਾ, ਅਰਚਨਾ, ਬੰਦਨਾ, ਦਾਸ ਭਾਵ, ਸਖਾ ਭਾਵ ਅਤੇ ਆਤਮ ਨਿਵੇਦਨ। ਨਾਮ ਸੁਣਨ ਦਾ ਮਹੱਤਵ ਜਪੁਜੀ ਦੀਆਂ ਚਾਰ ਪਉੜੀਆਂ ਵਿਚ ਦੱਸਿਆ ਗਿਆ ਹੈ। ਸੁਣਨ ਦੁਆਰਾ ਨਾਮ ਵਿਚ ਲਿਵ ਲਾਉਣ ਵਾਲੇ ਭਗਤਾਂ ਦੀ ਦਸ਼ਾ ਅਤੇ ਸੁਣਨ ਦੀ ਮਹੱਤਤਾ ਬਾਰੇ ਆਪ ਦਾ ਮੁਖ ਵਾਕ ਹੈ:

ਨਾਨਕ ਭਗਤਾ ਸਦਾ ਵਿਗਾਸੁ। ਸੁਣਿਐ ਦੂਖ ਪਾਪ ਕਾ ਨਾਸੁ।
(ਜਪੁਜੀ)

ਇਕ ਪਰਮਾਤਮਾ ਦਾ ਜਸ ਗਾਉਣ ਲਈ ਆਪ ਲਿਖਦੇ ਹਨ:

ਕੀਰਤਿ ਕਰਹਿ ਸੁਆਮੀ ਤੇਰੀ ਦੁਆਰੇ। ਜਪਹਿ ਤ ਸਾਚਾ ਏਕੁ ਮੁਰਾਰੇ।
(ਵਡਹੰਸ) 566

ਸੁਣਨ ਅਤੇ ਗਾਉਣ ਵਿਚ ਪ੍ਰੇਮ ਦੀ ਰੰਗਣ ਹੋਣੀ ਜ਼ਰੂਰੀ ਹੈ ਤਾਂ ਹੀ ਇਹ ਲਾਭਦਾਇਕ ਹੈ:

ਗਾਵੀਐ ਸੁਣੀਐ ਮਨਿ ਰਖੀਐ ਭਾਉ।
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ। (ਜਪੁਜੀ)

ਸਿਮਰਨ ਦਾ ਮਹੱਤਵ ਆਪ ਦਸਦੇ ਹਨ:

ਜਪਿ ਸਿਮਰੀਐ ਹੋਵੈ ਪਰਗਾਸੁ। ਤਾ ਤੇ ਬਿਖਿਆ ਮਹਿ ਰਹੈ ਉਦਾਸੁ।
(ਧਨਾਸਰੀ) 661

ਗੁਰੂ ਦੀ ਸੇਵਾ ਬਾਰੇ ਆਪ ਲਿਖਦੇ ਹਨ:

ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭਗਤਾ ਸੋਈ।
(ਸੋਰਠਿ) 599

.....

ਗੁਰ ਚਰਣੀ ਮਨੁ ਲਾਗਾ। ਤਾ ਜਮ ਕਾ ਮਾਰਗੁ ਭਾਗਾ। (ਸੋਰਠਿ) 599

ਇਥੇ ਚਰਨ ਤੋਂ ਭਾਵ ਦੇਹਧਾਰੀ ਗੁਰੂ ਦੇ ਸਥੂਲ ਪੈਰ ਨਹੀਂ ਹਨ। ਗੁਰੂ ਨਾਨਕ ਦਾ ਗੁਰੂ

ਪ੍ਰਗਸ ਜਾਂ ਉਸਦਾ ਸੂਚਕ ਸੀ। ਇਹ ਤਾਂ[1] ਸੂਖਮ-ਚਰਨ ਸੇਵਾ ਹੈ।

ਭਗਤ ਆਪਣੇ ਗੁਰੂ ਅੱਗੇ ਬਾਰ ਬਾਰ ਮਸਤਕ ਝੁਕਾਉਂਦਾ ਹੋਇਆ ਨਿਮਰਤਾ ਸਹਿਤ ਅਰਦਾਸ ਕਰਦਾ ਹੈ। ਉਸਦੀ ਭਾਵਨਾ ਇਸ ਤਰ੍ਹਾਂ ਵਿਅਕਤ ਹੁੰਦੀ ਹੈ:

ਆਦੇਸੁ ਤਿਸੈ ਆਦੇਸੁ। (ਜਪੁਜੀ)

...

ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ। (ਆਸਾ) 421

ਗੁਰੂ ਨਾਨਕ ਬਾਣੀ ਵਿਚ ਦਾਸ ਭਾਵਨਾ ਤੇ ਵੀ ਬਲ ਦਿੱਤਾ ਗਿਆ ਹੈ, ਜਿਵੇਂ:

ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ।
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ।
(ਵਾਰ ਮਾਝ) 145

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ। (ਵਾਰ ਆਸਾ) 474

ਸਖਾ ਜਾਂ ਮਿੱਤਰਤਾ ਦਾ ਭਾਵ, ਜੋ ਨੇੜਤਾ ਦਾ ਸੂਚਕ ਹੈ, ਵੀ ਗੁਰੂ ਨਾਨਕ ਬਾਣੀ ਵਿਚ ਵਿਅਕਤ ਕੀਤਾ ਗਿਆ ਹੈ। ਇਸ ਭਾਵ ਦੀਆਂ ਕੁਝ ਪੰਕਤੀਆਂ ਇਹ ਹਨ:

ਹਰਿ ਸਾ ਮੀਤੁ ਨਾਹੀ ਮੈ ਕੋਈ। (ਮਾਰੂ ਮ:1) 1027

...

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ।
(ਗਉੜੀ ਪੂਰਬੀ) 242

ਗੁਰੂ ਦੇ ਦਰ ਤੇ ਉਹੋ ਹੀ ਪਰਵਾਨ ਹੈ ਅਤੇ ਮਿਹਰ ਦੀ ਨਜ਼ਰ ਉਸੇ ਤੇ ਹੀ ਹੁੰਦੀ ਹੈ, ਜੋ ਤਨ ਮਨ ਉਸਦੇ ਅਰਪਣ ਕਰ ਦਿੰਦਾ ਹੈ। ਭਗਤੀ ਦੇ ਇਸ ਅੰਗ ਉਤੇ ਗੁਰੂ ਨਾਨਕ ਬਾਣੀ ਵਿਚ ਅਧਿਕਤਰ ਬਲ ਦਿੱਤਾ ਗਿਆ ਹੈ। ਕੁਝ ਪੰਕਤੀਆਂ ਇਹ ਹਨ:

ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ। (ਸਿਰੀ ਰਾਗ) 20

ਆਪਣਾ ਮਨੁ ਦੀਆ ਹਰਿ ਵਰੁ ਲੀਆ ਜਿਉ ਭਾਵੈ ਤਿਉ ਰਾਵਏ।
(ਆਸਾ) 435

ਗੁਰੂ ਨਾਨਕ ਬਾਣੀ ਵਿਚ ਭਗਤੀ ਦੀ ਸ੍ਰੇਸ਼ਟਤਾ ਅਤੇ ਮਹੱਤਵ ਬਾਰੇ ਵੀ ਲਿਖਿਆ ਗਿਆ ਹੈ। ਜਿਵੇਂ:

---

1. ਗੁਰੂ ਅਰਜਨ ਦੇਵ ਜੀ ਨੇ ਹਿਰਦੇ ਵਿਚ ਇਨ੍ਹਾਂ ਸੂਖਮ ਚਰਨਾਂ ਦੇ ਨਿਵਾਸ ਦੀ ਭਾਵਨਾ ਪ੍ਰਗਟਾਈ ਹੈ:
ਗੁਰ ਕੇ ਚਰਣ ਵਸੇ ਮਨ ਮਾਹੀ। (ਮਾਝ) 107

ਜਨਮਿ ਮੂਏ ਬਿਨੁ ਭਗਤਿ ਸਰੋਤ।

...

ਬਿਨ ਭੈ ਭਗਤੀ ਜਨਮੁ ਬਿਰੰਥਾ। (ਆਸਾ)413

ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ।
(ਬਸੰਤ)1172

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ।
(ਬਿਲਾਵਲ)795

ਹੋਰ ਪ੍ਰਕਾਰ ਦੇ ਸਾਧਨਾਂ ਨਾਲੋਂ ਭਗਤ ਪ੍ਰਭੂ ਦੇ ਮਨ ਤੋਂ ਵੱਧ ਨੇੜੇ ਹਨ।

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ।
(ਵਾਰ ਆਸਾ)468

ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ। (ਧਨਾਸਰੀ)688

<u>ਨੈਤਿਕਤਾ</u>

ਕਿਸੇ ਦੇਸ਼ ਦੇ ਸਭਿਆਚਾਰ ਦਾ ਆਪਣਾ ਵਿਲੱਖਣ ਵਿਧਾਨ ਹੁੰਦਾ ਹੈ। ਮਨੁੱਖ ਨੂੰ ਸਮਾਜਕ ਪਸ਼ੂ ਕਿਹਾ ਗਿਆ ਹੈ। ਸਮਾਜਕਤਾ ਪਸ਼ੂ ਪੰਛੀਆਂ ਅਤੇ ਕੀੜਿਆਂ ਵਿਚ ਵੀ ਹੁੰਦੀ ਹੈ, ਪਰ ਉਨ੍ਹਾਂ ਵਿਚ ਸਮਾਜਕ ਜੁਰਮ ਦੀ ਸਮੱਸਿਆ ਨਹੀਂ ਕਿਉਂਕਿ ਉਨ੍ਹਾਂ ਦੀ ਸਮੂਹਕਤਾ ਦਾ ਆਧਾਰ ਉਨ੍ਹਾਂ ਦੀਆਂ ਸਹਿਜ ਪ੍ਰਵਿਰਤੀਆਂ ਹੁੰਦੀਆਂ ਹਨ ਜੋ ਮੁੱਢਲੇ ਰੂਪ ਵਿਚ ਕਾਰਜਸ਼ੀਲ ਹੁੰਦੀਆਂ ਹਨ। ਮਨੁੱਖੀ ਸਮਾਜ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਨਿਰੋਲ ਸਹਿਜ-ਪ੍ਰਵਿਰਤੀਆਂ ਉਪਰ ਆਧਾਰਿਤ ਨਾ ਹੋ ਕੇ ਬੌਧਿਕ ਸੂਝ ਤੋਂ ਵੀ ਪ੍ਰਭਾਵਿਤ ਹੁੰਦਾ ਹੈ।[1] ਮਨੁੱਖ ਅੰਦਰ ਪਸ਼ੂ ਬਿਰਤੀਆਂ ਸਦਾ ਰਹਿੰਦੀਆਂ ਹਨ। ਜੇ ਉਹ ਉਸਤੇ ਹਾਵੀ ਹੋ ਜਾਣ ਤਾਂ ਮਨੁੱਖ ਪਸ਼ੂ ਤੋਂ ਵੀ ਮਾੜਾ ਹੈ। ਬੁੱਧੀ ਦੀ ਵਿਸ਼ੇਸ਼ਤਾ ਉਸ ਨੂੰ ਇਸੇ ਕਰਕੇ ਪ੍ਰਾਪਤ ਹੈ ਕਿ ਇਸ ਨਾਲ ਉਹ ਉਨ੍ਹਾਂ ਨੂੰ ਲਗਾਮ ਪਾ ਕੇ ਜਾਂ ਟਿਕਾਣੇ ਰਖ ਸਕੇ ਜਾਂ ਲੋੜ ਅਨੁਸਾਰ ਵਰਤ ਸਕੇ।

ਨੈਤਿਕਤਾ ਸੰਸਕ੍ਰਿਤ ਦੇ ਸ਼ਬਦ 'ਨੀਤਿ' ਦਾ ਵਿਕਾਸਮਤ ਰੂਪ ਹੈ, ਜੋ 'ਨੀ' ਧਾਤੂ ਤੋਂ ਬਣਿਆ ਹੈ। ਇਸ ਦੇ ਪ੍ਰਧਾਨ ਅਰਥ ਹਨ ਲੈ ਜਾਣਾ ਜਾਂ ਅਗਵਾਈ ਕਰਨਾ। ਅਰਥਾਤ ਜੋ ਮਨੁੱਖ ਦੀ ਜੀਵਨ ਵਿਚ ਅਗਵਾਈ ਕਰੇ ਜਾਂ ਉਸ ਨੂੰ ਕਿਸੇ ਆਦਰਸ਼ ਪ੍ਰਾਪਤੀ ਵਲ ਲੈ ਜਾਵੇ ਉਹ ਨੈਤਿਕਤਾ ਆਖੀ ਜਾ ਸਕਦੀ ਹੈ।[2] ਨੈਤਿਕਤਾ ਲਈ ਵਰਤੇ ਜਾਂਦੇ ਸ਼ਬਦ ਸਦਾਚਾਰ ਤੋਂ ਭਾਵ ਹੈ - ਚੰਗਾ ਆਚਾਰ ਜਾਂ ਨੇਕ ਚਲਨ।[3] ਇਸ ਨੂੰ ਚੰਗਿਆਈ ਅਤੇ ਆਦਰਸ਼ ਦਾ ਵਿਗਿਆਨ ਵੀ ਕਿਹਾ ਗਿਆ ਹੈ।

---

1. ਡਾ: ਜਸਬੀਰ ਸਿੰਘ, ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰਨਾ 5.
2. ਉਹੀ, ਪੰਨਾ 8.
3. ਮਹਾਨ ਕੋਸ਼.

ਧਰਮ ਦੇ ਹੋਰ ਅੰਗਾਂ ਵਿਚੋਂ ਨੈਤਿਕਤਾ ਪ੍ਰਮੁੱਖ ਅੰਗ ਹੈ ਜਿਵੇਂ ਸੱਚ, ਦਇਆ, ਦਾਨ ਆਦਿ ਸਦਾਚਾਰਕ ਗੁਣ ਮਨੁੱਖ ਦਾ ਧਰਮ ਹਨ। ਰਿਗ ਵੇਦ ਵਿਚ 'ਆਚਾਰ ਨਿਯਮ' ਦੇ ਅਰਥ ਵਿਚ ਇਸ ਦੀ ਵਰਤੋਂ ਕੀਤੀ ਗਈ।[1] ਉਪਨਿਸ਼ਦਾਂ ਵਿਚ ਗੁਰੂ ਅਤੇ ਮਾਪਿਆਂ ਦਾ ਸਤਿਕਾਰ ਕਰਨ, ਮੰਦੇ ਕੰਮਾਂ ਤੋਂ ਬਚਣ, ਸ਼ੁਭ ਕਰਮ ਕਰਨ, ਤਪ ਦਾਨ, ਸਰਲ ਸੁਭਾਅ, ਅਹਿੰਸਾ ਅਤੇ ਸਤਿ ਬੋਲਣ ਆਦਿ ਗੁਣਾਂ ਤੇ ਜ਼ੋਰ ਦਿੱਤਾ ਹੈ। ਗੀਤਾ ਵਿਚ ਵੀ ਅਹੰਕਾਰ, ਦਿਖਾਵੇ, ਅਡੰਬਰ ਦਾ ਤਿਆਗ, ਖਿਮਾਂ ਭਾਵਨਾ, ਸ਼ਰਧਾ ਨਾਲ ਗੁਰੂ ਦੀ ਸੇਵਾ, ਅੰਦਰ ਬਾਹਰ ਦੀ ਸ਼ੁੱਧਤਾ ਆਦਿ ਗੁਣ ਗ੍ਰਹਿਣ ਕਰਨ ਲਈ ਆਗਿਆ ਕੀਤੀ ਹੈ।

ਗੁਰੂ ਨਾਨਕ ਬਾਣੀ ਵਿਚ ਵੀ ਸ਼ੁਭ ਗੁਣ ਧਾਰਨ ਦੀ ਮਹੱਤਤਾ ਦੱਸੀ ਗਈ ਹੈ। ਮਨ ਨੂੰ ਮੈਲ ਤੋਂ ਰਹਿਤ ਕਰਨਾ ਬੁਨਿਆਦੀ ਕਦਮ ਹੈ। ਭਗਤੀ ਜੋ ਸਰਵੋਤਮ ਸਾਧਨ ਹੈ ਉਹ ਵੀ ਗੁਣਵਾਨ ਹੋਣ ਤੋਂ ਬਿਨਾਂ ਸੱਚੀ ਨਹੀਂ ਕਹੀ ਜਾ ਸਕਦੀ।[2] ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਨਾਮ ਰੂਪੀ ਦੁੱਧ ਉਸੇ ਭਾਂਡੇ ਵਿਚ ਹੀ ਸੁਰੱਖਿਅਤ ਰਹਿ ਸਕਦਾ ਹੈ, ਜਿਹੜਾ ਭਾਂਡਾ ਪਹਿਲਾਂ ਸ਼ੁੱਧ ਕੀਤਾ ਜਾਵੇ। ਨਾਮ ਦੇ ਵਸਣ ਤੋਂ ਪਹਿਲਾਂ ਇਹ ਮੁਢਲੀ ਸ਼ਰਤ ਹੈ:

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ। (ਰਾਗ ਸੂਹੀ) 728

ਸੱਚੇ ਪ੍ਰਭੂ ਦਾ ਸੱਚਾ ਨਾਮ ਸੁੱਚੇ ਸਰੀਰ-ਭਾਂਡੇ ਵਿਚ ਹੀ ਸਮਾਉਂਦਾ ਹੈ, ਪਰ ਆਮ ਤੌਰ ਤੇ ਮਨੁੱਖ ਕਥਨੀ ਅਤੇ ਕਰਨੀ ਵਿਚ ਇਕੋ ਜਿਹੇ ਨਹੀਂ ਹੁੰਦੇ। ਕਰਨੀ ਜੇ ਕਥਨੀ ਅਨੁਸਾਰ ਨਹੀਂ ਜਾਂ ਕਥਨੀ ਵਿਚੋਂ ਕਰਨੀ ਨਹੀਂ ਬੋਲਦੀ ਤਾਂ ਉਹ ਅਨੈਤਿਕ ਢੰਗ ਹੈ। ਗੁਰੂ ਨਾਨਕ ਅਨੁਸਾਰ:

ਸੂਚੈ ਭਾਂਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ। (ਸੋਰਠਿ) 597

ਭਾਰਤੀ ਪਰੰਪਰਾ ਅਨੁਸਾਰ ਗੁਰੂ ਨਾਨਕ ਨੇ ਇਹ ਦੱਸਿਆ ਹੈ ਕਿ ਅਨੈਤਿਕ ਜਾਂ ਮੰਦੇ ਕਰਮ ਭਵਿਖਤ ਦੇ ਬੰਧਨ ਅਤੇ ਦੁੱਖ ਦਾ ਕਾਰਨ ਬਣਦੇ ਹਨ ਅਤੇ ਇਸ ਤੋਂ ਉਲਟ ਨੈਤਿਕਤਾ ਬੰਧਨ ਤੋਂ ਮੁਕਤ ਕਰਦੀ ਹੈ:

ਨਾਨਕ ਅਵਗੁਣ ਜੇਤੜੇ ਤੇਤੇ ਗਲੀ ਜੰਜੀਰ।
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।
(ਸੋਰਠਿ) 595

ਸਦਾਚਾਰ ਨੀਤੀ ਵਿਚ ਦੋ ਰੂਪਾਂ ਦੇ ਵਿਧਾਨ ਹਨ: ਨਕਾਰਾਤਮਕ ਅਤੇ ਸਕਾਰਾਤਮਕ। ਹਿੰਦੂ ਨੈਤਿਕ ਵਿਧਾਨ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਕਾਰ-ਕਰਮ ਹਨ, ਜਿਨ੍ਹਾਂ ਤੇ ਕਾਬੂ ਪਾਉਣ

---

1. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ-ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 388.
2. ਵਿਣੁ ਗੁਣ ਕੀਤੇ ਭਗਤਿ ਨ ਹੋਇ। (ਜਪੁਜੀ)

ਲਈ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਗੀਤਾ (16.21) ਵਿਚ ਇਨ੍ਹਾਂ ਨੂੰ ਨਰਕ ਦੇ ਬੂਹੇ ਕਿਹਾ ਹੈ। ਡਾ: ਰਾਧਾਕ੍ਰਿਸ਼ਨਨ ਅਨੁਸਾਰ ਉਪਨਿਸ਼ਦ ਸਾਨੂੰ ਇਹੋ ਹੀ ਸਿੱਖਿਆ ਨਹੀਂ ਦਿੰਦੇ ਕਿ 'ਚੋਰੀ ਨਾ ਕਰੋ, ਹੱਤਿਆ ਨਾ ਕਰੋ, ਪਰ ਉਹ ਇਹ ਵੀ ਕਹਿੰਦੇ ਹਨ ਕਿ 'ਲੋਭ ਨਾ ਕਰੋ', 'ਘਿਰਣਾ ਨਾ ਕਰੋ', 'ਗੁੱਸੇ ਅਤੇ ਬੁਰਾਈ' ਅੱਗੇ ਨਾ ਝੁਕੋ।[1]

ਭਾਰਤ ਵਿਚ ਕਾਮ-ਸੰਜਮ ਨੂੰ ਸਦਾਚਾਰ ਦਾ ਪ੍ਰਮੁੱਖ ਅੰਗ ਮੰਨਿਆ ਗਿਆ ਹੈ। ਜਤ ਸਤ ਤੇ ਅਧਿਕ ਜ਼ੋਰ ਦਿੱਤਾ ਜਾਂਦਾ ਹੈ। ਜਿਸ ਟਕਸਾਲ ਵਿਚ ਸਦਾਚਾਰਕ ਜੀਵਨ ਘੜਿਆ ਜਾਂਦਾ ਹੈ, ਉਸਦਾ ਮੁੱਢ 'ਬ੍ਰਹਮਚਰਜ' ਜਾਂ 'ਜਤ ਸਤ ਸੰਜਮ' ਨਾਲ ਹੀ ਬੱਝਦਾ ਹੈ। ਜਪੁਜੀ ਵਿਚ ਵਿਚਾਰ ਹੈ:

ਜਤੁ ਪਾਹਾਰਾ ਧੀਰਜੁ ਸੁਨਿਆਰੁ। (38)

ਗੁਰੂ ਨਾਨਕ ਨੇ ਕਾਮ ਅਤੇ ਕ੍ਰੋਧ ਨੂੰ ਅਤਿ ਮਾਰੂ ਸ਼ਕਤੀਆਂ ਕਿਹਾ ਹੈ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਜਿਉ ਕੰਚਨ ਸੋਹਾਗਾ ਢਾਲੈ।
(ਰਾਮਕਲੀ) 932

ਅਨਦੇ ਕ੍ਰੋਧ ਹੋਆ ਤਨ ਨਾਸੁ। (ਵਾਰ ਮਾਝ) 137

ਈਸ਼ ਉਪਨਿਸ਼ਦ (1) ਵਿਚ ਕਿਹਾ ਹੈ ਕਿ ਉਸ ਚੀਜ਼ ਦਾ ਲਾਲਚ ਨਾ ਕਰੋ ਜੋ ਕਿ ਦੂਜਿਆਂ ਦਾ ਹੱਕ ਹੈ। ਗੁਰੂ ਨਾਨਕ ਦੇਵ ਜੀ ਨੇ ਲੋਭ ਨੂੰ ਕੁੱਤੇ ਦੀ ਬਿਰਤੀ ਕਿਹਾ ਹੈ:

ਲਬੁ ਕੁੱਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ। (ਸਿਰੀ ਰਾਗ ਮ:1 15

ਮੋਹ ਨੂੰ ਜੰਜਾਲ ਕਿਹਾ ਗਿਆ ਹੈ। ਇਹ ਇਕ ਅਜਿਹਾ ਬੰਧਨ ਹੈ ਜੋ ਕਰਤੱਵ ਦੀ ਪੂਰਤੀ ਵਿਚ ਰੁਕਾਵਟ ਪਾਉਂਦਾ ਹੈ। ਗੀਤਾ ਵਿਚ ਅਰਜਨ ਇਸ ਮੋਹ ਕਰਕੇ ਹੀ ਕਰਤੱਵ ਪਾਲਣ ਤੋਂ ਸੰਕੋਚ ਕਰਦਾ ਹੈ। ਕ੍ਰਿਸ਼ਨ ਜੀ ਉਸ ਨੂੰ ਇਸ ਬੰਧਨ ਤੋਂ ਮੁਕਤ ਕਰਦੇ ਹਨ ਅਤੇ ਆਪਣਾ ਫ਼ਰਜ਼ ਨਿਭਾਣ ਲਈ ਤਿਆਰ ਕਰਦੇ ਹਨ।

ਗੁਰੂ ਨਾਨਕ ਬਾਣੀ ਵਿਚ ਮੋਹ ਦੇ ਬੰਧਨ ਤੋਂ ਮੁਕਤ ਹੋਣ ਲਈ ਬਾਰ ਬਾਰ ਪ੍ਰੇਰਨਾ ਕੀਤੀ ਗਈ ਹੈ। ਇਸ ਬੰਧਨ ਕਰਕੇ ਪ੍ਰਭੂ ਦੀ ਭਗਤੀ ਵੀ ਨਹੀਂ ਹੋ ਸਕਦੀ:

ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਈ।
(ਵਡਹੰਸ) 566

ਮੋਹ ਨੂੰ ਠਗ-ਬੂਟੀ ਵੀ ਕਿਹਾ ਹੈ। ਜਿਸ ਵਿਚ ਮਨੁੱਖ ਬੇਹੋਸ਼ ਰਹਿੰਦਾ ਹੈ:

---

1. Indian Philosophy, p.224.

ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ। (ਸਿਰੀ ਰਾਗੁ)61

ਨਿਮਰਤਾ ਸਦਾਚਾਰ ਦਾ ਮੁਖ ਗੁਣ ਹੈ। ਇਸ ਤੋਂ ਉਲਟ ਅਹੰਕਾਰ ਅਸਭਯ ਮਨੁੱਖ ਦੀ ਨਿਸ਼ਾਨੀ ਹੈ। ਅਹੰਕਾਰ ਅਗਿਆਨਤਾ ਦਾ ਸੂਚਕ ਹੈ। ਗੁਰੂ ਨਾਨਕ ਅਨੁਸਾਰ ਵੀ ਉਸ ਵਿਦਵਾਨ ਵਿਅਕਤੀ ਨੂੰ ਮੂਰਖ ਕਹਿਣਾ ਚਾਹੀਦਾ ਹੈ ਜਿਸ ਦੇ ਅੰਦਰ ਕਿ ਅਹੰਕਾਰ ਆਦਿ ਵਿਕਾਰ ਹਨ:

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ। (ਵਾਰ ਮਾਝ)140

ਹਉਮੈ ਨੂੰ ਵੱਡਾ ਰੋਗ ਕਿਹਾ ਗਿਆ ਹੈ:

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ। (ਵਾਰ ਆਸਾ)470

ਇਸ ਤੋਂ ਉਲਟ ਨਿਮਰਤਾ ਨੂੰ ਸਾਰੀਆਂ ਚੰਗਿਆਈਆਂ ਦਾ ਤੱਤ ਕਿਹਾ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ। (ਵਾਰ ਆਸਾ)470

ਇਨ੍ਹਾਂ ਪੰਜ ਵਿਕਾਰਾਂ ਨੂੰ ਸਰੀਰ ਨਗਰੀ ਵਿਚ ਰਹਿ ਰਹੇ ਪੰਜ ਚੋਰ ਕਿਹਾ ਗਿਆ ਹੈ:

ਇਕੁ ਨਗਰੀ ਪੰਚ ਚੋਰ ਬਸੀਅਲੇ। ਬਰਜਤ ਚੋਰੀ ਧਾਵੈ।
(ਗੂਜਰੀ ਅਸ਼ਟਪਦੀਆਂ)503

ਕੂੜ ਨੂੰ ਤਿਆਗਣ ਅਤੇ ਸਤਿ ਨੂੰ ਧਾਰਨ ਲਈ ਸਾਰੇ ਭਾਰਤੀ ਗ੍ਰੰਥਾਂ ਵਿਚ ਹਦਾਇਤਾਂ ਹਨ। ਗੁਰੂ ਨਾਨਕ ਅਨੁਸਾਰ ਕੂੜ ਦਾ ਬੋਲ ਬਾਲਾ ਰਹਿੰਦਾ ਹੈ, ਓੜਕ ਨੂੰ ਸੱਚ ਦੀ ਹੀ ਜਿੱਤ ਹੋਣੀ ਹੈ। ਸਚਿਆਰਾ ਮਨੁੱਖ ਹੀ ਸੱਚੇ ਪ੍ਰਭੂ ਦੇ ਦਰ ਤੇ ਪਰਵਾਨ ਹੈ:

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ। (ਮਲਾਰ ਕੀ ਵਾਰ)1283

...

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।
(ਵਾਰ ਆਸਾ)463

ਗੁਰੂ ਨਾਨਕ ਦੇ ਮੱਤ ਅਨੁਸਾਰ ਕਿਸੇ ਦਾ ਸਰੀਰਕ ਘਾਤ ਹੀ ਹਿੰਸਕ ਕਰਮ ਨਹੀਂ, ਕਿਸੇ ਦਾ ਦਿਲ ਦੁਖਾਣਾ, ਕਿਸੇ ਦੇ ਹੱਕਾਂ ਦਾ ਖੂਨ ਪੀਣਾ ਵੀ ਹਿੰਸਕ ਕਰਮ ਹੀ ਹਨ। ਆਪ ਲਿਖਦੇ ਹਨ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।
(ਵਾਰ ਮਾਝ)140.

ਸੰਤੋਖ ਭਾਰਤੀ ਸਦਾਚਾਰ ਦਾ ਇਕ ਹੋਰ ਮਹੱਤਵ ਪੂਰਨ ਨੈਤਕ ਗੁਣ ਹੈ। ਗੁਰੂ ਨਾਨਕ ਨੇ ਜਪੁਜੀ ਸਾਹਿਬ ਵਿਚ ਕਿਹਾ ਹੈ:

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ। (ਜਪੁਜੀ)

ਅਰਥਾਤ ਇਸ ਸੰਸਾਰ ਦਾ ਪ੍ਰਬੰਧ ਦੋ ਨੇਮਾਂ ਤੇ ਆਧਾਰਿਤ ਹੈ - ਧਰਮ ਅਤੇ ਸੰਤੋਖ। ਇਹ ਇਕ ਚੰਗੀ ਗੁਣ ਹੈ। ਪ੍ਰਭੂ ਮਿਲਣ ਦੀ ਇਹ ਇਕ ਸਿਫਤ ਹੈ:

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।
(ਸਿਰੀ ਰਾਗ) 17

ਗੁਰੂ ਨਾਨਕ ਬਾਣੀ ਵਿਚ ਗੁਰੂ-ਸੇਵਾ ਤੋਂ ਬਿਨਾਂ ਲੋਕ-ਸੇਵਾ ਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ। ਲੋਕ ਸੇਵਾ ਦਾ ਅਧਿਆਤਮਕ ਮਹੱਤਵ ਵੀ ਦੱਸਿਆ ਹੈ:

ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹਿ ਬੈਸਣ ਪਾਈਐ।
(ਸਿਰੀ ਰਾਗ) 26

ਦਾਨ ਦੇਣ ਦਾ ਵੀ ਸਦਾਚਾਰਕ ਜੀਵਨ ਤੇ ਬੜਾ ਮਹੱਤਵ ਹੈ। ਹਿੰਦੂ ਜੀਵਨ ਵਿਚ ਬਾਅਦ ਵਿਚ ਦਾਨ ਕਰਮਕਾਂਡੀ ਅੰਗ ਹੀ ਬਣ ਗਿਆ। ਗੀਤਾ (17.20) ਅਨੁਸਾਰ ਦਾਨ ਦੇਣਾ ਇਕ ਕਰਤੱਵ ਹੈ। ਸਾਤਵਿਕ ਦਾਨ, ਜਿਹੜਾ ਠੀਕ ਸਮੇਂ ਅਤੇ ਥਾਂ ਤੇ ਯੋਗ ਪਾਤਰ ਨੂੰ ਬਿਨਾਂ ਕਿਸੇ ਇਵਜ਼ ਦੀ ਇੱਛਾ ਦੇ ਦਿੱਤਾ ਜਾਂਦਾ ਹੈ ਉਹ ਸਰਵੋਤਮ ਦਾਨ ਹੈ। ਗੁਰੂ ਨਾਨਕ ਬਾਣੀ ਵਿਚ ਕਰਮਕਾਂਡੀ ਦਾਨ ਨੂੰ ਚੰਗਾ ਨਹੀਂ ਕਿਹਾ, ਕਿਉਂਕਿ ਉਹ ਅਹੰਕਾਰ ਉਪਜਾਂਦਾ ਹੈ ਪਰ ਸਾਤਵਿਕ ਦਾਨ ਲਈ ਪ੍ਰੇਰਨਾ ਹੈ:

ਪੁੰਨ ਦਾਨ ਕਾ ਕਰੇ ਸਰੀਰੁ। (ਸਲੋਕ ਵਾਰਾਂ ਤੇ ਵਧੀਕ) 1411

...

ਖੇਤੁ ਪਛਾਣੈ ਬੀਜੈ ਦਾਨੁ। ਸੋ ਖਤ੍ਰੀ ਦਰਗਹ ਪਰਵਾਨੁ।
(ਸਲੋਕ ਵਾਰਾਂ ਤੇ ਵਧੀਕ) 1411

ਖਿਮਾ ਇਕ ਹੋਰ ਸਦਾਚਾਰਕ ਗੁਣ ਹੈ, ਜੋ ਹਿਰਦੇ ਦੀ ਵਿਸ਼ਾਲਤਾ ਪ੍ਰਗਟਾਉਂਦਾ ਹੈ। ਖਿਮਾ ਭਾਵਨਾ ਨਾਲ ਬਦਲੇ ਦੀ ਅੱਗ ਬੁਝ ਜਾਂਦੀ ਹੈ। ਗੁਰੂ ਨਾਨਕ ਬਾਣੀ ਅਨੁਸਾਰ ਜਿਹੜੇ ਖਿਮਾ ਦਾ ਗੁਣ ਧਾਰਨ ਕਰਦੇ ਹਨ, ਗੁਰੂ ਉਨ੍ਹਾਂ ਨੂੰ ਹੀ ਨਾਮ ਦਿੰਦਾ ਹੈ:

ਖਿਮਾਗਹੀ ਮਨੁ ਸਤਿਗੁਰਿ ਦੀਆ। (ਰਾਮਕਲੀ) 932

ਜਿਨ੍ਹਾਂ ਵਿਚ ਇਹ ਭਾਵਨਾ ਨਹੀਂ ਉਹ ਬਦਲੇ ਦੀ ਅੱਗ ਵਿਚ ਸੜ ਖਪ ਜਾਂਦੇ ਹਨ:

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ।
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ।

(ਰਾਮਕਲੀ) 937.

## ਸਮਾਜਿਕ ਜੀਵਨ

ਸਮਾਜ ਵਿਅਕਤੀਆਂ ਦਾ ਸਮੂਹ ਅਤੇ ਸੰਜੋਗ ਹੈ,ਜਿਸ ਵਿਚ ਪਰਸਪਰ ਰਹਿਣ ਸਹਿਣ, ਵਰਤਣ ਵਰਤਾਅ,ਖਾਣ ਪੀਣ ਅਤੇ ਪਹਿਨਣ ਦੀ ਭਾਵਨਾ ਪ੍ਰਚੱਲਤ ਹੁੰਦੀ ਹੈ। ਨਿੱਜ ਦੇ ਨਾਲ ਨਾਲ ਪਰ ਦੇ ਹਿਤਾਂ ਦਾ ਵਿਸ਼ੇਸ਼ ਖਿਆਲ ਕੀਤਾ ਜਾਂਦਾ ਹੈ। ਨਰੋਆ ਸਮਾਜ ਉਹੋ ਹੀ ਬਣਦਾ ਹੈ, ਜਿਸ ਵਿਚ ਹਰ ਵਿਅਕਤੀ ਦੀ ਗੁਰੂ ਅਰਜਨ ਦੇਵ ਜੀ ਦੀ ਐਸੀ ਇਹ ਭਾਵਨਾ ਬਣਦੀ ਹੈ:

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ।
(ਧਨਾਸਰੀ /711

ਇਸ ਦੀ ਖੁਸ਼ਹਾਲੀ ਵਿਚ ਤਾਂ ਹੀ ਵਾਧਾ ਹੁੰਦਾ ਹੈ ਜੇ 'ਦੁਨੀ ਸੁਹਾਵਾ ਬਾਗ' ਸਮਝ ਕੇ ਮਾਲੀ ਵਾਂਗ ਇਸ ਦੀ ਸੇਵਾ ਕੀਤੀ ਜਾਵੇ, 'ਜਗ ਸੱਚੇ ਕੀ ਕੋਠੜੀ' ਜਾਣ ਕੇ ਇਸ ਨੂੰ ਸੁੰਦਰ ਬਣਾਇਆ ਜਾਵੇ। ਪਰਵਿਰਤੀ ਮਾਰਗ ਵਿਚ ਵਿਸ਼ਵਾਸ ਨੇ ਹੀ ਸਮਾਜਕ ਜੀਵਨ ਵਿਚ ਦਿਲਚਸਪੀ ਵਧਾਈ।

### ਘਰੇਲੂ ਜੀਵਨ

ਖੂਨ ਦੇ ਰਿਸ਼ਤਿਆਂ ਦੀ ਸਾਂਝ ਵਾਲੇ ਪਰਵਾਰ ਨੇ ਜਦ ਇਕੱਠਿਆਂ ਰਹਿਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਵਿਸ਼ੇਸ਼ ਸੁਖ ਖੁਸ਼ੀ ਮਹਿਸੂਸ ਹੋਈ। ਪਿਆਰ ਵਧਿਆ,ਇਕ ਦੂਜੇ ਦੇ ਦੁਖ ਸੁਖ ਦੇ ਭਾਈਵਾਲ ਹੋਏ। ਪਿੰਡਾਂ,ਸ਼ਹਿਰਾਂ ਅਤੇ ਮਹੱਲਿਆਂ ਵਿਚ ਇਕੱਠਿਆਂ ਰਹਿ ਕੇ ਪਰਸਪਰ ਮੇਲ ਵਧਿਆ। ਦਿਨ ਭਰ ਦੇ ਕੰਮ ਪਿੱਛੋਂ ਘਰ ਦੇ ਪਰਵਾਰ ਵਿਚ ਜੁੜਦੀ ਥਕਾਵਟ ਦੂਰ ਹੁੰਦੀ। ਦੂਰ ਦੁਰਾਡੇ ਜਾਂਦਿਆਂ ਵੀ ਰੂਹ ਨੂੰ ਘਰ ਦੀ ਖਿੱਚ ਹੀ ਰਹਿੰਦੀ। 'ਕਿਧਰੇ ਵੀ ਚਲੇ ਜਾਉ,ਘਰ ਜਿਹਾ ਸੁਖ ਨਹੀਂ' ਪ੍ਰਸਿੱਧ ਅਖਾਉਤ ਹੈ।[1] ਘਰ ਦਾ ਵਰਣਨ ਗੁਰੂ ਨਾਨਕ ਸਾਹਿਬ ਨੇ ਕਈ ਪੰਕਤੀਆਂ ਵਿਚ ਕੀਤਾ ਹੈ,ਜਿਵੇਂ:

ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ।
(ਤੁਖਾਰੀ /1108.

...

ਘਰਿ ਆਪਨੜੈ ਖੜੀ ਤਕਾਂ ਮੈ ਮਨਿ ਚਾਉ ਘਨੇਰਾ ਰਾਮ।
(ਸੂਹੀ /764

---

1. East or west home is the best.

ਹਿੰਦੂ ਮੱਤ ਭਾਵੇਂ ਨਿਵਿਰਤੀ ਮਾਰਗ ਤੇ ਬਲ ਦਿੰਦਾ ਹੈ ਪਰ ਇਹ ਵਿਚਾਰ ਲੋਕ ਪਰਵਾਨ ਨਾ ਹੋ ਸਕਿਆ। ਚਾਰ ਆਸ਼੍ਰਮ ਦੀ ਵਿਉਂਤ ਸਿਧਾਂਤਕ ਹੀ ਰਹੀ, ਆਮ ਤੌਰ ਤੇ ਇਸ ਤੇ ਅਮਲ ਨਾ ਕੀਤਾ ਗਿਆ।[1] ਵੈਦਿਕ ਰਿਸ਼ੀ, ਗੁਰੂ ਗ੍ਰਿਹਸਤੀ ਸਨ। ਉਹ ਸੰਸਾਰ ਨੂੰ ਮਿਥਿਆ ਨਹੀਂ ਸਨ ਮੰਨਦੇ। ਉਹ ਦੇਵਤਿਆਂ ਪਾਸੋਂ ਇਕ ਸੌ ਵਰ੍ਹੇ ਦੀ ਉਮਰ ਮੰਗਦੇ ਸਨ। ਤਨ ਦਾ ਸੁਖ, ਚੰਗੀ ਸੁਆਣੀ, ਪੁੱਤਰ ਧੀਆਂ, ਮਾਲ ਦੌਲਤ ਸਭ ਲਈ ਪ੍ਰਾਰਥਨਾ ਕਰਦੇ ਸਨ।[2] ਘਰ ਤੋਂ ਜੀਵਨ ਦੀ ਸਿੱਖਿਆ ਵੀ ਮਿਲਦੀ ਹੈ ਅਤੇ ਪਰਿਵਾਰਕ ਪਰਫੁੱਲਤਾ ਦੀ ਭਾਵਨਾ ਮਨੁੱਖ ਨੂੰ ਮਿਹਨਤ ਕਰਨਾ ਅਤੇ ਫਰਜ਼ ਪਾਲਣਾ ਵੀ ਸਿਖਾਂਦੀ ਹੈ। ਦੇਸ਼ ਅਤੇ ਸਮੁੱਚੀ ਮਨੁੱਖਤਾ ਨਾਲ ਪਿਆਰ ਦਾ ਅਭਿਆਸ ਵੀ ਘਰ ਤੋਂ ਹੀ ਹੁੰਦਾ ਹੈ। ਘਰ ਦੇ ਮਹੱਤਵ ਨੂੰ ਸਵੀਕਾਰ ਕਰਦਿਆਂ ਮਨੁੱਖੀ ਸਰੀਰ ਨੂੰ ਵੀ ਘਰ ਕਿਹਾ ਗਿਆ, ਜਿਥੇ ਪਰਮਾਤਮਾ ਆਤਮਾ ਦੇ ਸੰਜੋਗ ਦੀ ਕਲਪਨਾ ਕੀਤੀ ਗਈ। ਘਰ ਦਾ ਬਿੰਬਾਤਮਕ ਚਿਤ੍ਰਨ ਗੁਰੂ ਨਾਨਕ ਦੀ ਇਸ ਪੰਕਤੀ ਵਿਚ ਵੇਖੋ:

ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ।
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।
(ਤੁਖਾਰੀ)1110

## ਇਸਤ੍ਰੀ ਅਤੇ ਉਸਦਾ ਸਥਾਨ

ਇਸਤ੍ਰੀ ਘਰ ਦਾ ਪ੍ਰਮੁੱਖ ਮੈਂਬਰ ਹੈ। ਘਰ ਬਣਦਾ ਹੀ ਇਸਤ੍ਰੀ ਨਾਲ ਹੈ। ਵੈਦਿਕ ਕਾਲ ਵਿਚ ਇਸਤ੍ਰੀ ਦਾ ਮਹੱਤਵ ਸਮਝ ਕੇ ਉਸ ਨੂੰ ਚੰਗਾ ਦਰਜਾ ਦਿੱਤਾ ਜਾਂਦਾ ਸੀ। ਉਸ ਨੂੰ ਘਰ ਅਤੇ ਬਾਹਰ ਨਾਗਰਿਕਤਾ ਦੇ ਸਾਂਝੇ ਹੱਕ ਸਨ। ਪਿਛਲੇਰੇ ਵੈਦਿਕ ਕਾਲ ਵਿਚ ਇਸਤ੍ਰੀ ਦੀ ਦਸ਼ਾ ਮਾੜੀ ਹੋ ਗਈ। ਮਰਦ ਨੇ ਆਪਣੀ ਵਡਿਆਈ ਸਥਾਪਿਤ ਕਰ ਲਈ ਅਤੇ ਬਹੁਪਤਨੀਵਾਦ ਦਾ ਰਿਵਾਜ ਚਲ ਪਿਆ। ਸਿਮ੍ਰਤੀ ਕਾਲ ਵਿਚ ਮਨੂੰ ਨੇ ਇਸਤ੍ਰੀ ਦੇ ਪੁਨਰ ਵਿਆਹ ਦੀ ਵਿਰੋਧਤਾ ਕੀਤੀ ਅਤੇ ਸਤਵੀਂ ਸਦੀ ਵਿਚ ਸਤੀ ਦਾ ਰਿਵਾਜ ਵੀ ਚਲ ਪਿਆ। ਇਸਤ੍ਰੀ ਦਾ ਪੁੱਤਰ ਨੂੰ ਜਨਮ ਦੇਣਾ ਅਵੱਸ਼ਕ ਸਮਝਿਆ ਜਾਂਦਾ ਸੀ, ਕਿਉਂਕਿ ਪ੍ਰਚਲਤ ਵਿਸ਼ਵਾਸ ਅਨੁਸਾਰ ਇਸ ਤੋਂ ਬਿਨਾਂ ਸਵਰਗ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕੁੜੀ ਦੇ ਜਨਮ ਨਾਲ ਮਾਂ ਦਾ ਨਿਰਾਦਰ ਹੁੰਦਾ ਅਤੇ ਕੁੜੀ-ਮਾਰ ਦਾ ਰਿਵਾਜ ਵੀ ਪੈ ਗਿਆ। ਉਂਜ ਤਾਂ ਮਨੂੰ ਸਿਮ੍ਰਤੀ ਵਿਚ ਪੁਨਰ ਵਿਆਹ ਦੀ ਆਗਿਆ ਨਹੀਂ ਪਰ ਜਿਸ ਇਸਤ੍ਰੀ ਦਾ ਪਤੀ ਅਪੁੱਤਰਾ ਹੀ ਮਰ ਜਾਵੇ ਤਾਂ ਉਸ ਨੂੰ ਪੁੱਤਰ ਜੰਮਣ ਲਈ ਦੂਜੇ ਮਰਦ ਨਾਲ ਸੰਜੋਗ ਕਰਨ ਦੀ ਹਦਾਇਤ ਹੈ। ਇਸ ਆਸ਼ੇ ਕਾਰਨ ਅਜਿਹੀ ਇਸਤ੍ਰੀ ਬ੍ਰਹਮਚਾਰੀ ਹੀ ਅਖਵਾਂਦੀ

---

1. Harbans Singh, Lal Mani Joshi, An Introduction to Indian Religions, p. 18.
2. ਭਗਤ ਸਿੰਘ ਹੀਰਾ, ਗੁਰਮਤਿ ਵਿਚਾਰਧਾਰਾ, ਪੰਨਾ 21.

ਸੀ। ਮਨੂੰ ਅਨੁਸਾਰ ਪੁੱਤਰ ਦੀ ਖਾਤਰ 'ਨਿਯੋਗ' ਕਰਨਾ ਜੁਰਮ ਜਾਂ ਪਾਪ ਨਹੀਂ ਸੀ।[1]

ਸਿਮ੍ਰਤੀਆਂ ਵਿਚ ਇਸਤ੍ਰੀ ਨੂੰ ਸਦਾ ਹੀ ਮਰਦ ਦੇ ਅਧੀਨ ਦੱਸਿਆ ਹੈ। ਜਦ ਤਕ ਉਹ ਕੰਵਾਰੀ ਹੋਵੇ ਉਸ ਲਈ ਮਾਪਿਆਂ ਦੇ ਅਧੀਨ ਰਹਿਣਾ ਅਵੱਸ਼ਕ ਸੀ, ਬਾਲਗ ਹੋਣ ਤੇ ਪਤੀ ਦੇ ਅਧੀਨ, ਵਿਧਵਾ ਹੋਣ ਤੇ ਪੁੱਤਰਾਂ ਦੇ ਵੱਸ ਰਹਿਣ ਦੀ ਆਗਿਆ ਹੈ। ਇਸਤ੍ਰੀ ਨੂੰ ਸੂਦਰ ਵੀ ਲਿਖਿਆ ਗਿਆ ਹੈ।[2] ਮਨੂੰ ਸਿਮ੍ਰਤੀ ਅਨੁਸਾਰ ਇਸਤ੍ਰੀ ਨੂੰ ਸੂਦਰ ਵਾਂਗ ਵੇਦ ਮੰਤ੍ਰ ਦਾ ਅਧਿਕਾਰ ਨਹੀਂ ਹੈ।[3] ਇਸਤ੍ਰੀ ਨੂੰ ਮਾਇਆ ਅਤੇ ਜੋਗੀਆਂ ਨੇ ਉਸ ਨੂੰ ਬਘਿਆੜਨ ਵੀ ਕਿਹਾ। ਮਰਦ ਨੇ ਆਪਣੀ ਕਮਜ਼ੋਰੀ ਦਾ ਜ਼ਿੰਮੇਵਾਰ ਉਸ ਨੂੰ ਦੱਸਿਆ।

ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੀ ਅਵੱਸ਼ਕਤਾ ਅਤੇ ਮਹੱਤਤਾ ਨੂੰ ਪੁਨਰ-ਸਥਾਪਤ ਕਰਕੇ ਉਸਦੀ ਪਦਵੀ ਨੂੰ ਸਮਾਜ ਵਿਚ ਉਚੇਰਾ ਕੀਤਾ। ਜਿਹੜੀ ਇਸਤ੍ਰੀ ਵਿਦਵਾਨ ਅਤੇ ਬਲਵਾਨ ਵਿਅਕਤੀਆਂ ਦੀ ਜਨਮ ਦਾਤੀ ਹੈ ਉਹ ਕਿਵੇਂ ਨੀਵੀਂ ਹੋ ਸਕਦੀ ਹੈ?[4] ਇਸਤ੍ਰੀ ਬਿਨਾਂ ਤਾਂ ਕੋਈ ਵੀ ਤਿਆਗੀ, ਸੰਨਿਆਸੀ ਨਹੀਂ ਰਹਿ ਸਕਦਾ। ਭਾਵੇਂ ਉਹ ਜੰਗਲਾਂ ਵਿਚ ਵੀ ਚਲਾ ਜਾਵੇ, ਇਸਤ੍ਰੀ ਦਾ ਖਿਆਲ ਉਸਦੇ ਨਾਲ ਰਹਿੰਦਾ ਹੈ।[5] ਉਸ ਪਰੰਪਰਾਗਤ ਭਾਰਤੀ ਇਸਤ੍ਰੀ ਨੂੰ ਅਧਿਆਤਮਕ ਭਾਵਾਂ ਦੀ ਵਿਅੰਜਨਾ ਲਈ ਬਹੁਤ ਰੂਪਕਾਂ ਬਿੰਬ ਬਣਾਇਆ, ਜਿਸਦਾ ਕਿ ਅਧਿਕਤਰ ਚਿਤ੍ਰਨ ਗੁਰੂ ਨਾਨਕ ਬਾਣੀ ਵਿਚ ਹੈ। ਪਤੀ ਪਤਨੀ ਦੇ ਸੰਬੰਧਾਂ ਬਾਰੇ ਦੋ ਬਿੰਬ ਵਿਸ਼ੇਸ਼ ਹਨ: ਸੁਹਾਗਣ ਅਤੇ ਦੁਹਾਗਣ।

ਸੁਹਾਗਣ ਉਹ ਇਸਤ੍ਰੀ ਜਿਹੜੀ ਪਤੀ ਦੇ ਨਿਕਟ ਰਹਿੰਦੀ ਹੈ ਜਾਂ ਜਿਸ ਨੂੰ ਪਤੀ ਨੇ ਪਰਵਾਨ ਕਰ ਲਿਆ ਹੈ, ਜੋ ਪਤੀ ਦੀ ਆਗਿਆਕਾਰੀ ਹੈ ਅਤੇ ਜਿਸਦੇ ਲੱਛਣ ਇਹ ਹਨ:

ਗੁਰਮੁਖਿ ਰਾਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ। (ਸਿਰੀ ਰਾਗ)19

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ। (ਸਿਰੀ ਰਾਗ)17

---

1. ਵੇਖੋ ਅਧਿਆਇ ਦੂਜਾ
2. Bashani, A.L., India, London, 1954 quoted in Sikhism and Indian Society, p.39.
3. ਸੂਦਰਾਂ ਵਾਂਗ ਇਸਤ੍ਰੀ ਨੂੰ ਜਪ ਤਪ ਦਾ ਅਧਿਕਾਰ ਨਹੀਂ। ਇਸਤ੍ਰੀ ਦੇ ਸੰਸਕਾਰ ਵੇਦ ਮੰਤ੍ਰਾਂ ਨਾਲ ਕੀਤੇ ਜਾਣ ਦੀ ਆਗਿਆ ਹੈ। ਇਸਤ੍ਰੀਆਂ ਅਗਿਆਨੀ, ਵੇਦ ਮੰਤ੍ਰਾਂ ਦੇ ਅਧਿਕਾਰ ਤੋਂ ਵਾਂਝੀਆਂ ਅਤੇ ਝੂਠ ਦੀ ਮੂਰਤਿ ਹਨ। (ਮਹਾਨਕੋਸ਼)
4. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
   ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
   ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
   ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। (ਵਾਰ ਆਸਾ)473.
5. ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।
   (ਮਾਰੂ ਮ:1)1013.

ਦੋਹਾਗਣ ਉਹ ਇਸਤ੍ਰੀ ਹੈ ਜੋ ਪਤੀ ਨੂੰ ਖੁਸ਼ ਨਹੀਂ ਕਰ ਸਕਦੀ, ਜਿਸ ਕਰਕੇ ਉਸਦੇ ਪਿਆਰ ਤੋਂ ਦੂਰ ਹੋ ਗਈ ਹੈ। ਅਜਿਹੀ ਜੀਵ ਰੂਪੀ ਇਸਤ੍ਰੀ ਨੂੰ ਫਿਟਕਾਰ ਪਾਈ ਹੈ:

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।
ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ। (ਸਿਰੀ ਰਾਗ )18

ਦੋਹਾਗਣੀ ਦੀ ਨਿਸ਼ਾਨੀ ਇਹ ਦੱਸੀ ਹੈ:

ਦੋਹਾਗਣੀ ਕਿਆ ਨੀਸਾਣੀਆ ਖਸਮਹੁ ਘੁਥੀਆ ਫਿਰਹਿ ਨਿਮਾਣੀਆ।
ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ।
(ਸਿਰੀ ਰਾਗ )72

ਕੁਚੱਜੀ

ਗੁਰੂ ਨਾਨਕ ਨੇ ਰਾਗ ਸੂਹੀ ਵਿਚ ਅਜਿਹੀ ਇਸਤ੍ਰੀ ਨੂੰ 'ਕੁਚੱਜੀ' ਸਿਰਲੇਖ ਹੇਠ ਬਿਆਨ ਕੀਤਾ ਹੈ, ਜੋ ਪਤੀ ਤੋਂ ਬੇਧਿਆਨੀ ਹੋਈ ਬੁਰੇ ਆਚਾਰ ਵਾਲੀ ਬਣ ਜਾਂਦੀ ਹੈ। ਅਜਿਹੀ ਇਸਤ੍ਰੀ ਪਤੀ ਵਲੋਂ ਦੁਰਕਾਰੀ ਜਾਂਦੀ ਹੈ। ਉੱਤਮ ਪੁਰਖ ਵਿਚ ਆਪ ਇਸ ਭਾਵ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਹਨ:

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ।
(ਗੁਰੂ ਗ੍ਰੰਥ )752

ਸੁਚੱਜੀ

ਉਕਤ ਰਾਗ ਦੇ ਸਿਰਲੇਖ 'ਸੁਚੱਜੀ' ਹੇਠ ਸੁਲੱਖਣੀ ਨਾਰ ਦਾ ਵਰਣਨ ਕੀਤਾ ਗਿਆ ਹੈ, ਜੋ ਪਤੀ ਦੀ ਆਗਿਆ ਵਿਚ ਰਹਿੰਦੀ ਹੈ। ਪਤੀ ਦੇ ਮਨ ਦਾ ਮਹੱਤਵ ਦਸਦੀ ਹੋਈ ਸੁਚੱਜੀ ਰਹਿੰਦੀ ਹੈ:

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ। (ਗੁਰੂ ਗ੍ਰੰਥ )762

ਬਿਰਹਨ

ਸਮਾਜ ਵਿਚ ਪਤਨੀ ਦੀ ਪਤੀ ਤੇ ਪੂਰਨ ਨਿਰਭਰਤਾ ਹੈ। ਪਤੀ ਬਿਨਾਂ ਰਹਿਣਾ ਉਸ ਲਈ ਕਠਨ ਹੈ। ਬਿਰਹਾ ਦੇ ਅਧਿਆਤਮਕ ਅਨੁਭਵ ਲਈ ਇਹ ਚਿੰਨ੍ਹ ਕਿੰਨਾ ਢੁਕਵਾਂ ਹੈ:

ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ।
ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ।
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ।
(ਸ੍ਰੀ ਰਾਗ )56

ਸੰਜੋਗਨ

ਜਦ ਪਤੀ ਘਰ ਆਉਂਦਾ ਹੈ, ਪਤਨੀ ਖੁਸ਼ੀ ਵਿਚ ਫੁੱਲੀ ਨਹੀਂ ਸਮਾਂਦੀ। ਉਸਦੇ ਜਜ਼ਬੇ ਬੋਲਦੇ ਹਨ:

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ।
ਮਿਲਿ ਵਰੁ ਨਾਰੀ ਮੰਗਲੁ ਗਾਇਆ।
ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓ ਮਾਹਓ।
(ਗਉੜੀ ਪੂਰਬੀ)242

<u>ਕੁਮਜਾਤ</u>

ਇਸਤ੍ਰੀ ਪਤੀ ਵਲ ਪੂਰਨ ਇਤਬਾਰ ਰਹਿੰਦੀ ਹੈ। ਪਤੀਬਰਤਾ ਇਸਤ੍ਰੀ ਦਾ ਕੇਵਲ ਆਪਣੇ ਪਤੀ ਵਲ ਧਿਆਨ ਹੀ ਉਸਦੀ ਪਤੀ-ਭਗਤੀ ਹੈ। ਜਿਹੜੀ ਆਪਣੇ ਪਤੀ ਵਲੋਂ ਧਿਆਨ ਹਟਾ ਦਿੰਦੀ ਹੈ ਉਸ ਨੂੰ ਮੰਦੀ ਜਾਤ ਵਾਲੀ ਇਸਤ੍ਰੀ ਕਿਹਾ ਗਿਆ ਹੈ:

ਖਸਮੁ ਵਿਸਾਰਹਿ ਤੇ ਕਮਜਾਤਿ। ਨਾਨਕ ਨਾਵੈ ਬਾਝੁ ਸਨਾਤਿ।
(ਆਸਾ)10

<u>ਪਤੀਬਰਤਾ</u>

ਪਤੀਬਰਤਾ ਇਸਤ੍ਰੀ ਪਤੀ ਪ੍ਰੇਮ ਵਿਚ ਹੀ ਲੀਨ ਰਹਿੰਦੀ ਹੈ। ਉਸ ਬਾਰੇ ਆਪਣੀਆਂ ਸਹੇਲੀਆਂ ਪਾਸੋਂ ਗੱਲਾਂ ਸੁਣ ਸੁਣ ਕੇ ਪ੍ਰਸੰਨ ਚਿਤ ਹੁੰਦੀ ਹੈ। ਇਸਤ੍ਰੀ ਦੀ ਭਾਵਨਾ ਦੀ ਵਿਅੰਜਨਾ ਵੇਖੋ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।
ਮਿਲਿਕੈ ਕਰਹ ਕਹਾਣੀਆਂ ਸਮ੍ਰਥ ਕੰਤ ਕੀਆਂ।
(ਸਿਰੀ)17

<u>ਵਿਧਵਾ</u>

ਵਿਧਵਾ ਇਸਤ੍ਰੀ ਦੀ ਸਥਿਤੀ ਦਾ ਸੰਕੇਤ ਵੀ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ, ਜਿਹੜੀ ਇਸਤ੍ਰੀ ਵਿਸ਼ੇਸ਼ ਤੌਰ ਤੇ ਜਵਾਨ ਇਸਤ੍ਰੀ ਦਾ ਪਤੀ ਨਾ ਰਹੇ ਉਸਦਾ ਜੀਵਨ ਦੁਰਬਲ ਹੋ ਜਾਂਦਾ ਹੈ ਅਤੇ ਉਹ ਸਮਾਜ ਤੇ ਵੀ ਬੋਝ ਸਮਝੀ ਜਾਂਦੀ ਹੈ। ਅਜਿਹੀ ਦੁਰਭਾਗੀ ਇਸਤ੍ਰੀ ਦਾ ਚਿਤ੍ਰਨ ਇਸ ਤਰ੍ਹਾਂ ਹੈ:

ਨਾਨਕ ਬਾਲਤਣਿ ਰੰਡੇਪਾ ਬਿਨੁ ਪਿਰ ਧਨ ਕੁਮਲਾਣੀ।
(ਸੂਹੀ)763

ਜਿਨ੍ਹਾਂ ਨੂੰ ਅਬਿਨਾਸ਼ੀ ਪਤੀ ਪ੍ਰਭੂ ਮਿਲ ਜਾਂਦੀ ਹੈ, ਉਹ ਜੀਵ ਰੂਪੀ ਇਸਤ੍ਰੀਆਂ ਕਦੀ ਵੀ ਰੰਡੀਆਂ ਨਹੀਂ ਹੁੰਦੀਆਂ:

ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰੰਡ ਨ ਮੈਲੈ ਵੇਸੇ।
(ਸੂਹੀ)763

ਵਿਧਵਾ (ਰੰਡੀਆਂ) ਦਾ ਪੁਨਰ ਵਿਆਹ ਨਾ ਹੋਣ ਕਰਕੇ ਉਹ ਵੇਸਵਾ ਵਾਲੀ ਬਿਰਤੀ ਧਾਰਨ ਕਰ ਲੈਂਦੀਆਂ ਸਨ। ਕਾਮ ਵਸ ਹੋਈਆਂ ਉਹ ਅਜਿਹੀਆਂ ਕਰਦੀਆਂ ਸਨ, ਪਰ ਪਤੀ ਤੋਂ ਬਿਨਾਂ ਉਨ੍ਹਾਂ ਦੀ ਤ੍ਰਿਪਤੀ ਨਹੀਂ ਸੀ ਹੋ ਸਕਦੀ:

ਜਿਉ ਤਨੁ ਬਿਧਵਾ ਪਰ ਕਉ ਦੇਈ। ਕਾਮਿ ਦਾਮਿ ਚਿਤੁ ਪਰ ਵਸਿ ਸੇਈ।
ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ।

(ਗਉੜੀ) 226

## ਇਸਤ੍ਰੀ ਸ਼ਿੰਗਾਰ

ਇਸਤ੍ਰੀ ਆਪਣੀ ਸੁੰਦਰਤਾ ਵਿਚ ਵਾਧਾ ਕਰਨ ਲਈ ਕਈ ਤਰ੍ਹਾਂ ਦੇ ਸ਼ਿੰਗਾਰ ਕਰਦੀ ਹੈ। ਭਾਰਤੀ ਇਸਤ੍ਰੀ ਦੇ ਸੋਲਾਂ ਤਰ੍ਹਾਂ ਦੇ ਸ਼ਿੰਗਾਰ ਮੰਨੇ ਗਏ ਹਨ:[1] ਵਟਣਾ ਮਲਣਾ, ਇਸ਼ਨਾਨ ਕਰਨਾ, ਸੁੰਦਰ ਲਿਬਾਸ ਪਹਿਨਣਾ, ਮਾਂਗ ਪੂਰਨਾ, ਸੁਰਖੀ ਲਾਉਣਾ, ਕੇਸ ਸੰਵਾਰਨਾ, ਤਿਲਕ ਲਾਉਣਾ, ਠੋਡੀ ਤੇ ਤਿਲ ਬਣਾਉਣਾ, ਗਹਿਣੇ ਪਹਿਨਣਾ, ਮਹਿੰਦੀ ਲਾਉਣਾ, ਦੰਦਾਂ ਤੇ ਮਿੱਸੀ ਮਲਣਾ, ਸੁਰਮਾ ਪਾਉਣਾ, ਸੁਗੰਧੀ ਲਾਉਣਾ, ਪਾਨ ਖਾਣਾ, ਹਾਰ ਪਹਿਨਣਾ, ਫੁੱਲ ਟੁੰਗਣਾ।[2] ਸ਼ਿੰਗਾਰ ਵਸਤੂਆਂ ਦੀ ਵਰਤੋਂ ਵੈਦਿਕ ਕਾਲ ਤੋਂ ਹੀ ਆਰੰਭ ਹੋ ਗਈ ਸੀ।

ਗੁਰੂ ਨਾਨਕ ਬਾਣੀ ਵਿਚ ਇਸਤ੍ਰੀ ਸ਼ਿੰਗਾਰ ਦੇ ਕਈ ਸੰਕੇਤ ਮਿਲ ਜਾਂਦੇ ਹਨ। ਬਾਬਰ ਦੇ ਹੱਲੇ ਵੇਲੇ ਜੋ ਕਤਲੇਆਮ ਹੋਈ, ਉਸਦੇ ਦ੍ਰਿਸ਼ ਨੂੰ ਕਰੁਣਾਮਈ ਬਣਾਉਣ ਲਈ ਉਨ੍ਹਾਂ ਨਵ ਵਿਆਹੀਆਂ ਦੇ ਸ਼ਿੰਗਾਰ ਦਾ ਚਿਤ੍ਰਣ ਕੀਤਾ ਹੈ ਜਿਨ੍ਹਾਂ ਦੀ ਭਿਆਨਕ ਦੁਰਦਸ਼ਾ ਹੋਈ। ਨਿਮਨ ਲਿਖਤ ਪੰਕਤੀਆਂ ਵਿਚ ਵਾਲ ਗੁੰਦਣਾ, ਮਾਂਗ ਵਿਚ ਸੰਧੂਰ, ਕੱਚ ਖੰਡ ਦਾ ਚੂੜਾ, ਮੋਤੀਆਂ ਦੇ ਹਾਰ, ਟਿੱਕੇ, ਪਾਨ ਆਦਿ ਦਾ ਉਲੇਖ ਹੈ:

ਜਿਨ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।

...

ਤਿਨ ਗਲਿ ਸਿਲਕਾਂ ਪਾਈਆਂ ਤੁਟਨਿ ਮੋਤਸਰੀਆਂ।

...

ਚਉਕੇ ਵਿਣੂ ਹਿੰਦਵਾਣੀਆਂ ਕਿਉ ਟਿਕੇ ਕਢਹਿ ਨਾਇ।

...

ਕਹਾਂ ਸੁ ਪਾਨ ਤੰਬੋਲੀ ਹਰਮਾਂ ਹੋਈਆਂ ਛਾਈ ਮਾਈ।

(ਆਸਾ ਅਸ਼ਟਪਦੀਆਂ) 417

---

1. ਗੁਰੂ ਅਰਜਨ ਦੇਵ ਜੀ ਇਸ ਵਲ ਸੰਕੇਤ ਕਰਦੇ ਹਨ:

   ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ। (ਫੁਨਹੇ) 1361

2. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 86.

ਇਨ੍ਹਾਂ ਤੋਂ ਬਿਨਾਂ ਅੱਖਾਂ ਦੇ ਭਰਵੱਟੇ ਬਣਾਉਣੇ ਚੂੜੀਆਂ, ਵੰਗਾਂ ਦਾ ਵੀ ਵਰਣਨ ਹੈ:

ਤੇਰੇ ਮੁੰਧਿ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।

. . .

ਨਾ ਮਨੀਆਰੁ ਨ ਚੂੜੀਆਂ ਨਾ ਸੇ ਵੰਗੁੜੀਆਹਾ।

. . .

ਮਾਂਗ ਕੁੰਦਾਈ ਪਟੀਆਂ ਭਰੀਐ ਮਾਥ ਸੰਧੂਰੇ।

(ਵਡਹੰਸ)557

ਸੁਰਮਾ: ਅੰਜਨੁ ਤੈਸਾ ਅੰਜੀਐ ਜੈਸਾ ਪਿਰੁ ਭਾਵੈ। (ਸੂਹੀ)766

ਗੁਰਬਾਣੀ ਸਰੀਰਕ ਸ਼ਿੰਗਾਰ ਦੀ ਸਮਰਥਕ ਨਹੀਂ ਹੈ। ਇਸਤ੍ਰੀ ਸ਼ਿੰਗਾਰ ਦਾ ਮਨੋਰਥ ਤਾਂ ਪਤੀ ਨੂੰ ਰੀਝਾਣਾ ਹੈ। ਜਿਸ ਨੇ ਪਤੀ ਨੂੰ ਪਰਸੰਨ ਨਹੀਂ ਕੀਤਾ ਉਸਦਾ ਵਿਖਾਵੇ ਦਾ ਸ਼ਿੰਗਾਰ ਫਜ਼ੂਲ ਹੈ। ਗੁਰੂ ਨਾਨਕ ਸਾਹਿਬ ਇਸ ਭਾਵ ਦੀ ਵਿਅੰਜਨਾ ਇਸ ਤਰ੍ਹਾਂ ਕਰਦੇ ਹਨ:

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।

(ਵਡਹੰਸ)557

. . .

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ।

(ਮਾਰੂ ਸੋਲਹੇ)1029

ਜੀਵ ਇਸਤ੍ਰੀ ਲਈ ਪਤੀ ਪਰਮਾਤਮਾ ਨੂੰ ਪ੍ਰਸੰਨ ਕਰਨ ਲਈ ਗੁਣਾਂ ਰੂਪੀ ਸ਼ਿੰਗਾਰ ਕਰਨਾ ਉਚਿਤ ਦੱਸਿਆ ਹੈ। ਗੁਰੂ ਨਾਨਕ ਨੇ ਆਤਰਿਕ ਸ਼ਿੰਗਾਰ ਦੀ ਲੰਮੀ ਪ੍ਰਣਾਲੀ ਹੈ, ਜੋ ਇਸ ਪ੍ਰਕਾਰ ਹੈ: 'ਸੁਆਸ' ਰੂਪੀ ਧਾਗੇ ਨਾਲ ਪਰੋ ਕੇ ਮਨ ਮੋਤੀ ਨੂੰ ਗਹਿਣਾ ਬਣਾਏ, ਖਿਮਾ ਦਾ ਸ਼ਿੰਗਾਰ ਕਰੇ, ਹਰੀ ਰੂਪੀ ਹਾਰ ਨੂੰ ਗਲੇ ਪਹਿਨੇ, ਸੰਜਮ ਦੰਦਾਂ ਦਾ ਮੰਜਨ ਜਾਂ ਦੰਦਾਸਾ ਹੋਵੇ, ਕਰਤਾ ਪੁਰਖ ਨੂੰ ਹੱਥ ਦੇ ਕੰਗਣ ਅਤੇ ਕੁਸ਼ਲ ਦੀ ਮੁੰਦਰੀ ਅਤੇ ਰੇਸ਼ਮ ਦੇ ਕਪੜੇ ਬਣਾਵੇ, ਧੀਰਜ ਨੂੰ ਮਾਂਗ ਅਤੇ ਪ੍ਰਭੂ ਸਿਮਰਨ ਦਾ ਸੁਰਮਾ ਸਜਾਵੇ।[1] ਪ੍ਰਭੂ ਦਾ ਡਰ ਅਤੇ ਪ੍ਰੇਮ ਸਭ ਤੋਂ ਉੱਤਮ ਸ਼ਿੰਗਾਰ ਹੈ:

ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ਸਦ ਹੀ ਸੇਜੈ ਰਵੈ ਭਤਾਰੁ।

(ਆਸਾ)357

---

1. ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ।
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ।
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ।
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ।
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ।
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ। (ਆਸਾ)359

ਸੋਹਾਗਣ ਦਾ ਅਸਲ ਸ਼ਿੰਗਾਰ ਜੋ ਪਤੀ ਪਰਮਾਤਮਾ ਨੂੰ ਪ੍ਰਸੰਨ ਕਰਦਾ ਹੈ, ਉਹ ਹੈ ਸਹਿਜ, ਸੰਤੋਖ ਅਤੇ ਮਿਠਾਸ ਦੇ ਗੁਣ।

ਜਾਇ ਪੁਛਹੁ ਸੁਹਾਗਣੀ ਤੁਸੀ ਰਾਵਿਆ ਕਿਨੀ ਗੁਣੀ।
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ। (ਸਿਰੀ) 17

## ਰਿਸ਼ਤੇ ਨਾਤੇ

ਇਸਤ੍ਰੀ ਪੁਰਖ ਦਾ ਨਾਤਾ ਅਨੇਕਾਂ ਨਵੇਂ ਰਿਸ਼ਤਿਆਂ ਨੂੰ ਜਨਮ ਦਿੰਦਾ ਹੈ। ਇਨ੍ਹਾਂ ਰਿਸ਼ਤਿਆਂ ਵਿਚੋਂ ਗੁਰੂ ਨਾਨਕ ਬਾਣੀ ਵਿਚ ਪ੍ਰਮੁੱਖ ਜ਼ਿਕਰ ਪੇਕੇ ਸਹੁਰੇ ਦਾ ਹੈ। ਭਾਰਤੀ ਮਰਯਾਦਾ ਅਨੁਸਾਰ ਹਰ ਇਕ ਇਸਤ੍ਰੀ ਨੇ ਸਹੁਰੇ ਜ਼ਰੂਰ ਜਾਣਾ ਹੁੰਦਾ ਹੈ। ਉਸ ਨੇ ਸਦਾ ਪੇਕੇ ਬੈਠ ਨਹੀਂ ਰਹਿਣਾ। ਜੀਵ-ਇਸਤ੍ਰੀ ਲਈ ਵੀ ਇਹ ਲੋਕ ਪੇਕਾ ਅਤੇ ਪਰਲੋਕ ਸਹੁਰਾ ਘਰ ਹੈ। ਇਸ ਰਿਸ਼ਤੇ ਦਾ ਸੰਕੇਤ ਗੁਰੂ ਨਾਨਕ ਬਾਣੀ ਵਿਚ ਵੇਖੋ:

ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ। (ਸਿਰੀ) 23

ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ। (ਸੂਹੀ) 762

. . .

ਬਾਬੁਲਿ ਦਿਤੜੀ ਦੂਰਿ ਨ ਆਵੈ ਘਰਿ ਪੇਈਐ ਬਲਿਰਾਮ ਜੀਉ।
(ਸੂਹੀ) 764

ਗੁਰੂ ਨਾਨਕ ਨੇ 'ਪ੍ਰਾਪਤੀ' ਲਈ ਪਰਵਿਰਤੀ ਮਾਰਗ ਨੂੰ ਉੱਤਮ ਮਾਰਗ ਦੱਸਿਆ ਹੈ। ਇਸ ਲਈ ਗ੍ਰਿਹਸਤ ਦੀ ਜ਼ਿੰਮੇਵਾਰੀ ਨੂੰ ਵੀ ਬੁਰਾ ਨਹੀਂ ਕਿਹਾ, ਸਗੋਂ ਉਨ੍ਹਾਂ ਦੇ ਵਿਚਾਰ ਅਨੁਸਾਰ ਇਹ ਜ਼ਿੰਮੇਵਾਰੀ ਪਰਮਾਤਮਾ ਨੇ ਆਪ ਬਣਾਈ ਹੈ।[1] ਬੱਚੇ ਦੇ ਜਨਮ ਨਾਲ ਪਤੀ ਪਤਨੀ ਦੇ ਪ੍ਰੇਮ ਦੀ ਗੰਢ ਪੱਕੀ ਹੁੰਦੀ ਹੈ। ਟੱਬਰਦਾਰੀ ਦੇ ਫਰਜ਼ ਪੂਰਿਆਂ ਕਰਦਿਆਂ ਮੁਕਤੀ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ। ਆਪ ਲਿਖਦੇ ਹਨ:

ਗੋਰੀ ਸੇਤੀ ਤੁਟੈ ਭਤਾਰੁ। ਪੁਤੀ ਗੰਢੁ ਪਵੈ ਸੰਸਾਰਿ। (ਵਾਰ ਮਾਝ) 143

ਸਤਿਗੁਰ ਕੀ ਐਸੀ ਵਡਿਆਈ। ਪੁਤ੍ਰ ਕਲਤ੍ਰ ਵਿਚੇ ਗਤਿ ਪਾਈ।
(ਧਨਾਸਰੀ) 661

ਮਨੁੱਖੀ ਵਿਛੋੜੇ ਤੇ ਨਿਕਟ ਦੇ ਸਬੰਧੀ ਰੋਏ ਹਨ:

ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ। (ਅਲਾਹੁਣੀਆਂ) 582

---

1. ਗੁਰੂ ਰਾਮਦਾਸ ਜੀ ਅਨੁਸਾਰ:
ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ। ਸਭਨਾ ਕਉ ਸਨਬੰਧੁ ਹਰਿ ਕਰਿ ਦੀਏ।
(ਗੂਜਰੀ) 494.

ਪਰ ਇਸ ਰਿਸ਼ਤੇਦਾਰੀ ਦੇ ਮੋਹ ਵਿਚ ਖੁੱਭਣ ਤੋਂ ਸੁਚੇਤ ਵੀ ਕੀਤਾ ਹੈ। ਆਪ ਨੇ ਨਿਮਨ ਪੰਕਤੀਆਂ ਵਿਚ ਰਿਸ਼ਤੇਦਾਰਾਂ ਦੀ ਸੂਚੀ ਦਿੱਤੀ ਹੈ:

ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ।
ਸਾਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ।
ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ।
ਆਵਨਿ ਵੰਞਨਿ ਨਾ ਰਹੰਨਿ ਪੂਰ ਭਰੇ ਪਹੀਆਹ।
ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ।
ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ।
(ਮਾਰੂ)1015

ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ।
(ਸਿਰੀ ਰਾਗ)75

ਭਾਰਤੀ ਟੱਬਰਦਾਰੀ ਵਿਚ ਰਿਸ਼ਤਿਆਂ ਚਹਿਟ ਕਰਕੇ ਪਰਸਪਰ ਝਗੜੇ ਹੋਣੇ ਵੀ ਸੁਭਾਵਕ ਹਨ। ਭਾਰਤੀ ਸੱਸ ਨੂੰਹ ਜਾਂ ਨਨਾਣ ਭਰਜਾਈ ਦੇ ਝਗੜੇ ਪ੍ਰਸਿੱਧ ਹਨ। ਸੱਸ ਪੁੱਤਰ ਦੇ ਵਿਆਹੇ ਜਾਣ ਪਿਛੋਂ ਆਪਣਾ ਪੂਰਨ ਅਧਿਕਾਰ ਉਸ ਤੇ ਸਮਝਦੀ ਹੈ, ਨੂੰਹ ਪੁੱਤਰ ਵਿਚਕਾਰ ਦੂਰ ਹੀ ਬਣਨ ਦੀ ਕੋਸ਼ਿਸ਼ ਕਰਦੀ ਹੈ। ਗੁਰੂ ਨਾਨਕ ਨੇ ਮਾਇਆ ਲਈ ਅਜਿਹੀ ਸੱਸ ਦਾ ਬੜਾ ਢੁਕਵਾਂ ਬਿੰਬ ਸਿਰਜਿਆ ਹੈ:

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ।
(ਆਸਾ)355

ਸਭ ਤੋਂ ਨਿਕਟ ਦਾ ਸੰਸਾਰਕ ਰਿਸ਼ਤਾ ਨਰ ਨਾਰ ਜਾਂ ਪਤੀ ਪਤਨੀ ਦਾ ਹੀ ਹੈ, ਜਿਸਨੂੰ ਹੋਰ ਭਗਤੀ ਕਾਵਿ ਵਾਂਗ ਗੁਰੂ ਨਾਨਕ ਬਾਣੀ ਵਿਚ ਆਤਮਾ ਪਰਮਾਤਮਾ ਦੇ ਰਿਸ਼ਤੇ ਲਈ ਪ੍ਰਮੁੱਖ ਬਿੰਬ ਦੇ ਤੌਰ ਤੇ ਵਰਤਿਆ ਗਿਆ। ਇਸ ਤੋਂ ਬਿਨਾਂ ਮਿੱਤਰ ਅਤੇ ਸਹੇਲੀ ਦਾ ਰਿਸ਼ਤਾ ਹੈ, ਜੋ ਦੁੱਖ ਸੁਖ ਦਾ ਭਾਈਵਾਲ ਹੁੰਦਾ ਹੈ। ਦੂਜੇ ਇਹ ਉਮਰ ਦੇ ਸਾਥੀ ਨਹੀਂ ਹੁੰਦੇ। ਇਸ ਯਥਾਰਥ ਨੂੰ ਗੁਰੂ ਸਾਹਿਬ ਦਸਦੇ ਹਨ:

ਮੀਤ ਸਖੇ ਕੇਤੇ ਜਗ ਮਾਹੀ। ਬਿਨੁ ਗੁਰ ਪਰਮੇਸਰ ਕੋਈ ਨਾਹੀ।
(ਮਾਰੂ)1028

ਪਰਮਾਤਮਾ ਨੂੰ ਸਾਜਨ, ਮਿੱਤ੍ਰ ਸ਼ਬਦ ਨਾਲ ਸੰਬੋਧਨ ਕੀਤਾ ਗਿਆ ਹੈ:

ਸਾਜਨੁ ਮੀਤੁ ਸੁਜਾਣੁ ਤੂੰ, ਤੂ ਸਰਵਰੁ ਤੂ ਹੰਸਾ। (ਰਾਮਕਲੀ)937

ਸਖੀ ਸਹੇਲੀ ਸ਼ਬਦ ਦਾ ਉਲੇਖ ਅਤੇ ਸੰਬੋਧਨ ਗੁਰਬਾਣੀ ਵਿਚ ਅਧਿਕ ਤਰ ਮਿਲਦਾ ਹੈ। ਉਦਾਹਰਣ ਵਜੋਂ ਵੇਖੋ ਇਹ ਪੰਕਤੀਆਂ :

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮ ਲਏ ਹਾ। (ਅਲਾਹੁਣੀਆ) 579

...

ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ।
(ਆਸਾ) 356

ਦੋਸਤੀ ਦੇ ਸੰਬੰਧਾਂ ਨੂੰ ਗੁਰੂ ਨਾਨਕ ਨੇ ਕਈ ਪੱਖਾਂ ਤੋਂ ਦਰਸਾਇਆ ਹੈ, ਜਿਵੇਂ:

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ। (ਵਾਰ ਆਸਾ) 468

...

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ।
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ। (ਵਾਰ ਆਸਾ) 474

...

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ। (ਵਾਰ ਆਸਾ) 474

ਗੁਰੂ ਤੇ ਸਿੱਖ ਦਾ ਰਿਸ਼ਤਾ ਅਧਿਆਤਮ-ਮਾਰਗ ਲਈ ਉੱਤਮ ਰਿਸ਼ਤਾ ਹੈ। ਜਿਥੇ ਹੋਰ ਕੋਈ ਸਾਥ ਨਹੀਂ ਦਿੰਦਾ ਉਥੇ ਗੁਰੂ ਹੀ ਸਹਾਈ ਹੁੰਦਾ ਹੈ, ਪ੍ਰਭੂ ਨੂੰ ਮਿਲਣ ਲਈ ਵੀ ਉਹੋ ਹੀ ਸਮਰੱਥ ਹੈ:

ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ।
ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ।
(ਮਾਰੂ) 1015

ਸਭ ਤੋਂ ਉੱਤਮ ਰਿਸ਼ਤਾ ਪਰਮਾਤਮਾ ਨਾਲ ਹੈ। ਉਹ ਸਦੀਵੀ ਹੈ ਅਤੇ ਉਸਦੀ ਨਿਕਟਤਾ ਕਰਕੇ ਮਨੁੱਖ ਵੀ ਸਦੀਵੀ ਹੋ ਜਾਂਦਾ ਹੈ। 'ਉਹ ਮਰਦਾ ਵੀ ਨਹੀਂ ਜਿਸ ਕਰਕੇ ਸੰਗ ਵਿਛੜਨ ਦਾ ਸੋਗ ਨਹੀਂ ਹੁੰਦਾ':

ਨਾ ਓਹੁ ਮਰੈ ਨ ਹੋਵੈ ਸੋਗੁ। ਦੇਦਾ ਰਹੈ ਨ ਚੂਕੈ ਭੋਗੁ। (ਆਸਾ) 349

ਇਕ ਹੋਰ ਰਿਸ਼ਤਾ ਮਾਲਕ, ਨੌਕਰ, ਦਾਸ ਜਾਂ ਦਾਸੀ ਦਾ ਸੀ। ਦਾਸ ਕਈ ਤਰ੍ਹਾਂ ਦੇ ਸਨ- ਇਕ ਤਾਂ ਉਹ ਜਿਹੜੇ ਬਜ਼ਾਰ ਵਿਚ ਫੜ ਕੇ ਰੱਖੇ ਜਾਂਦੇ ਸਨ, ਜਾਂ ਉਹ ਸਨ ਜਿਹੜੇ ਜਿੱਤ ਵਿਚ ਹਾਸਲ ਕੀਤੇ ਜਾਂਦੇ ਸਨ, ਜਾਂ ਉਹ ਖਰੀਦੇ ਜਾਂਦੇ ਸਨ ਜਾਂ ਉਹ ਜੋ ਰੋਜ਼ੀ ਦੇ ਤੌਰ ਤੇ ਚਾਕਰੀ ਕਰਦੇ ਸਨ। ਦਾਸ ਪ੍ਰਥਾ ਆਰੀਆਂ ਦੇ ਵੇਲੇ ਵੀ ਸੀ। ਪੂਰਵ ਆਰੀਆਂ ਨੂੰ ਦਾਸ ਹੀ ਕਿਹਾ ਜਾਂਦਾ ਸੀ। ਵੈਦਕ ਕਾਲ ਵਿਚ ਜਿਹੜਾ ਕਰਜ਼ਾ ਨਹੀਂ ਸੀ ਉਤਾਰ ਸਕਦਾ ਉਸ ਨੂੰ ਦਾਸ ਬਣਾ ਲਿਆ ਜਾਂਦਾ ਸੀ। ਗੁਰੂ ਨਾਨਕ ਨੇ ਭਗਤੀ ਭਾਵਨਾ ਹੇਠ ਆਪ ਨੂੰ ਦਾਸ ਆਖ ਕੇ ਮਾਲਕ ਪ੍ਰਭੂ ਦੀ ਆਗਿਆ ਵਿਚ ਰਹਿਣ ਵਿਚ ਖੁਸ਼ੀ ਪ੍ਰਗਟ ਕੀਤੀ ਹੈ:

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ।
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ।
ਤੇਰੇ ਲਾਲੇ ਕਿਆ ਚਤੁਰਾਈ। ਸਾਹਿਬ ਕਾ ਹੁਕਮੁ ਨ ਕਰਣਾ ਜਾਈ।
ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ।
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ।
(ਮਾਰੂ,993

ਚਾਕਰ ਲਈ ਮਾਲਕ ਦੀ ਰਜ਼ਾ ਵਿਚ ਹੀ ਰਹਿਣਾ ਬਣਦਾ ਹੈ। ਮੂੰਹ ਤੇ ਜਵਾਬ ਦੇਣ ਵਾਲਾ ਦੁਖੀ ਹੁੰਦਾ ਹੈ:

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ।
ਹੁਰਮਤਿ ਤਿਸਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਹਿ।
ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ।
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ।
(ਵਾਰ ਆਸਾ,474

ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ। (ਸੂਹੀ,729

ਇਹ ਚਿਤ੍ਰਨ ਵਿਅੰਗਾਤਮਕ ਹੈ। ਉਂਜ ਸਮਾਜਕ ਤੌਰ ਤੇ ਗੁਰੂ ਨਾਨਕ ਨੇ ਉਚੇ ਨੀਵੇਂ ਦਾ ਵਿਰੋਧ ਕੀਤਾ ਹੈ ਅਤੇ ਦਾਸਾਂ ਨੂੰ ਉਚੇਰਾ ਉਠਾਣ ਲਈ ਆਵਾਜ਼ ਉਠਾਈ ਸੀ।

<u>ਖਾਣ ਪੀਣ ਦੀਆਂ ਵਸਤਾਂ</u>

ਆਰੰਭ ਵਿਚ ਖਾਣ ਪੀਣ ਦੀਆਂ ਵਸਤਾਂ ਤੇ ਕੋਈ ਬੰਦਸ਼ ਨਹੀਂ ਸੀ। ਵੈਦਿਕ ਕਾਲ ਵਿਚ ਲੋਕ ਕਣਕ, ਜੌਂ, ਦਹੀਂ, ਦੁੱਧ, ਮੱਖਣ, ਸਬਜ਼ੀਆਂ ਅਤੇ ਫਲਾਂ ਤੋਂ ਇਲਾਵਾ ਮਾਸ ਵੀ ਖਾਂਦੇ ਸਨ। ਬਾਅਦ ਵਿਚ ਵੱਖ ਵੱਖ ਮੱਤਾਂ ਨੇ ਕੁਝ ਵਸਤਾਂ ਨੂੰ ਖਾਣਾ ਵਿਵਰਜਤ ਕਰ ਦਿੱਤਾ। 'ਭਾਰਤ ਦੀ ਸੰਸਕਾਰ-ਪਰੰਪਰਾ ਵਿਚ ਸ਼ੈਵਾਂ, ਸ਼ਾਕਤਾਂ, ਵੈਸ਼ਨਵਾਂ ਆਦਿ ਸੰਪ੍ਰਦਾਵਾਂ ਵਿਚ ਖਾਣ ਸੰਬੰਧੀ ਵਿਧੀ-ਨਿਸ਼ੇਧ ਦੇ ਵਿਸ਼ੇਸ਼ ਵਿਧਾਨ ਮਿਲਦੇ ਹਨ। ਵੈਸ਼ਨਵ ਸ਼ੁਧ ਸਾਤਵਿਕ ਭੋਜਨ ਕਰਦੇ ਹਨ। ਮਾਸ ਨਹੀਂ ਖਾਂਦੇ। ਜਦ ਕਿ ਸ਼ੈਵਾਂ ਦੀਆਂ ਸ਼੍ਰੇਣੀਆਂ ਅਤੇ ਸ਼ਾਕਤੀ ਲੋਕ ਮਾਸ ਆਹਾਰੀ ਹਨ। ਪ੍ਰਾਚੀਨ ਭਾਰਤ ਵਿਚ ਮਾਸ ਅਤੇ ਸੋਮ ਰਸ ਸਮਾਜਕ ਤੌਰ ਤੇ ਪ੍ਰਚਲਤ ਸਨ। ਮਿਥਕ ਕਥਾਵਾਂ, ਵੈਦਿਕ ਕ੍ਰਿਆਵਾਂ ਅਤੇ ਵੇਦ ਪੁਸਤਕਾਂ ਵਿਚ ਅਨੇਕਾਂ ਪ੍ਰਸੰਗ ਮਿਲਦੇ ਹਨ, ਜਿਸ ਵਿਚ ਜੀਵ ਬਲੀ ਤੋਂ ਬਾਅਦ ਪੱਕੇ ਮਾਸ ਦਾ ਪ੍ਰਸ਼ਾਦਿ ਵੰਡਿਆ ਜਾਂਦਾ ਸੀ।[1]

---

1. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਕਾ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 525.

ਗੁਰੂ ਨਾਨਕ ਬਾਣੀ ਵਿਚ ਕਿਸੇ ਵੀ ਖਾਜ ਨੂੰ ਵਿਵਰਜਤ ਨਹੀਂ ਕਿਹਾ। ਗੁਰੂ ਨਾਨਕ ਦੇ ਵਿਚਾਰ ਅਨੁਸਾਰ ਜੋ ਵੀ ਪਰਮਾਤਮਾ ਨੇ ਖਾਣ ਲਈ ਦਿੱਤਾ ਹੈ ਪਵਿੱਤ੍ਰ ਹੈ:

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।
(ਵਾਰ ਆਸਾ) 472

ਭਾਰਤ ਦੇ ਪੁਰਾਣੇ ਗ੍ਰੰਥਾਂ ਵਿਚ ਛੱਤੀ ਕਿਸਮ ਦੇ ਭੋਜਨਾਂ ਜਾਂ ਖਿਜਨਾਂ ਦਾ ਹਵਾਲਾ ਮਿਲਦਾ ਹੈ, ਜੋ ਕਿ ਸੁਆਦ ਦੇ ਪੱਖ ਤੋਂ ਬੜੇ ਹੀ ਰੋਚਕ ਕਹੇ ਗਏ ਹਨ। ਭਾਰਤੀ ਵਿਦਵਾਨ ਛੇ ਰਸ ਮੰਨਦੇ ਹਨ - ਮਿੱਠਾ, ਸਲੂਣਾ, ਚਟਪਟਾ, ਕੁਸੈਲਾ, ਖੱਟਾ ਤੇ ਕੌੜਾ।[1] ਇਨ੍ਹਾਂ ਛੇ ਰਸਾਂ ਨੂੰ ਇਕ ਦੂਜੇ ਨਾਲ ਮਿਲਾ ਕੇ ਛੱਤੀ ਕਿਸਮ ਦੇ ਭੋਜਨ ਤਿਆਰ ਕੀਤੇ ਜਾਂਦੇ ਹਨ।

ਗੁਰੂ ਨਾਨਕ ਨੇ ਨਾ ਕਿਸੇ ਵਿਸ਼ੇਸ਼ ਭੋਜਨ ਦੇ ਰਸ ਨੂੰ ਜ਼ਰੂਰੀ ਅਤੇ ਨਾ ਹੀ ਕਿਸੇ ਨੂੰ ਵਿਵਰਜਤ ਕਰਾਰ ਦਿੱਤਾ ਹੈ, ਸਗੋਂ:

ਸਭ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ।
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ। (ਸਿਰੀ ਰਾਗ) 16

ਮਾਸ ਖਾਣ ਜਾਂ ਨਾ ਖਾਣ ਦੇ ਵਿਵਾਦ ਨੂੰ ਵੀ ਗੁਰੂਆਂ ਨੇ ਨਿਰਮੂਲ ਦੱਸਿਆ ਹੈ। ਗੁਰੂ ਇਸ ਤੇ ਟਿਪਣੀ ਕਰਦੇ ਲਿਖਦੇ ਹਨ:

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ।
(ਵਾਰ ਮਲਾਰ) 1289

ਖੁਰਾਕ ਬਾਰੇ ਗੁਰੂਆਂ ਨੇ ਇਕ ਕਸਵੱਟੀ ਦੱਸੀ ਹੈ ਕਿ ਜਿਸਦੇ ਖਾਣ ਨਾਲ ਮਨ ਅਸ਼ੁੱਧ ਨਹੀਂ ਹੁੰਦਾ ਅਤੇ ਅੰਦਰ ਵਿਕਾਰ ਨਹੀਂ ਉਠਦੇ ਉਹ ਭੋਜਨ ਖਾਣਾ ਹੀ ਠੀਕ ਹੈ। ਉਹ ਭੋਜਨ ਵਿਵਰਜਤ ਹੈ ਜਿਹੜਾ ਤਨ ਮਨ ਪੀੜਤ ਕਰੇ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ।
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ। (ਸਿਰੀ ਰਾਗ) 16

ਆਪ ਦੀ ਬਾਣੀ ਵਿਚ ਕੁਝ ਵਸਤਾਂ ਦਾ ਸੰਕੇਤ ਮਿਲਦਾ ਹੈ ਜਿਨ੍ਹਾਂ ਨੂੰ ਕਿ ਵਿਸ਼ੇਸ਼ ਮੌਕੇ ਤੇ ਖਾਧਾ ਜਾਂਦਾ ਸੀ। ਨਵ-ਵਿਆਹੀਆਂ ਮੁਟਿਆਰਾਂ ਲਈ ਅਜਿਹੇ ਖਾਜ ਦੀਆਂ ਦੋ ਵਸਤਾਂ ਗਰੀ ਅਤੇ ਛੁਹਾਰੇ ਸਨ। ਇਨ੍ਹਾਂ ਦਾ ਹਵਾਲਾ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਦਿੱਤਾ ਹੈ:

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 169.

ਕਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆਹ (ਆਸਾ)417

ਗੁਰਬਾਣੀ ਵਿਚ ਸ਼ਰਾਬ ਆਦਿ ਝੂਠੇ ਨਸ਼ੇ ਸੇਵਨ ਦਾ ਵਿਰੋਧ ਹੈ।[1] ਨਾਮ ਰੂਪੀ ਅੰਮ੍ਰਿਤ ਨੂੰ ਪੀਣ ਦੀ ਪ੍ਰੇਰਨਾ ਹੈ:

ਅੰਮ੍ਰਿਤ ਕਾ ਵਾਪਾਰੀ ਹੋਵੈ,ਕਿਆ ਮਦ ਛੂਛੈ ਭਾਉ ਧਰੇ। (ਆਸਾ)360

ਸ਼ਰਾਬ ਕੱਢਣ ਲਈ ਜਿਹੜੀਆਂ ਵਸਤਾਂ ਗੁੜ, ਮਹੂਏ ਦੇ ਫੁੱਲ, ਕਿੱਕਰ ਦੇ ਸੱਕ, ਭੱਠੀ ਅਤੇ ਭਾਂਡੇ ਨੂੰ ਵਰਤਿਆ ਜਾਂਦਾ ਹੈ ਉਨ੍ਹਾਂ ਦੀ ਥਾਂ ਗੁਰ ਵਿਧੀਆਂ ਦੱਸੀਆਂ ਹਨ ਜਿਨ੍ਹਾਂ ਤੋਂ ਅਧਿਆਤਮਿਕ ਅੰਮ੍ਰਿਤ ਬਣਦਾ ਹੈ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ।
ਬਾਬਾ ਮਨੁ ਮਤਵਾਰੋ ਨਾਮ ਰਸ ਪੀਵੈ ਸਹਜ ਰੰਗ ਰਚਿ ਰਹਿਆ।
(ਰਾਗ ਆਸਾ)360

ਭੰਗ ਦੇ ਨਸ਼ੇ ਦਾ ਬਿੰਬਾਤਮਕ ਚਿਤ੍ਰਨ ਵੀ ਹੋਇਆ ਹੈ:

ਭਉ ਤੇਰਾ ਭਾਂਗ ਖਲੜੀ ਮੇਰੀ ਚੀਤੁ। ਮੈ ਦੇਵਾਨਾ ਭਇਆ ਅਤੀਤੁ।
(ਤਿਲੰਗ)721

ਦੁੱਧ, ਦਹੀਂ ਅਤੇ ਮੱਖਣ ਆਦਿ ਵਸਤੂਆਂ ਦਾ ਚਿਤ੍ਰਨ ਵੀ ਮਿਲਦਾ ਹੈ:

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ।
ਦੂਧ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ।
(ਰਾਗ ਸੂਹੀ)728

ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ।
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ। (ਸੋਰਠਿ)635

<u>ਪਹਿਰਾਵਾ</u>

ਕਿਸੇ ਵਿਸ਼ੇਸ਼ ਪੁਸ਼ਾਕ ਨੂੰ ਪਹਿਨਣ ਅਤੇ ਨਾ ਪਹਿਨਣ ਬਾਰੇ ਤਾਂ ਗੁਰੂ ਨਾਨਕ ਬਾਣੀ ਵਿਚ ਕੋਈ ਵਿਧਾਨ ਨਹੀਂ। ਖਾਣ ਵਾਂਗ ਪਹਿਨਣ ਬਾਰੇ ਵੀ ਇਹੋ ਹੀ ਨਿਰਣਾ ਹੈ ਕਿ ਜਿਸ ਪਹਿਰਾਵੇ ਨਾਲ ਮਨ ਅੰਦਰ ਵਿਕਾਰ ਪੈਦਾ ਹੋਣ ਉਹ ਨਹੀਂ ਪਹਿਨਣੇ ਚਾਹੀਦੇ:

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ।
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ। (ਸਿਰੀ ਰਾਗ)16

ਜਿਹੜੇ ਲੋਕ ਕਪੜਿਆਂ ਦੁਆਰਾ ਸਰੀਰ ਪ੍ਰਦਰਸ਼ਨ ਵਿਚ ਲੱਗੇ ਰਹਿੰਦੇ ਹਨ, ਉਨ੍ਹਾਂ ਦੀ ਦ੍ਰਿਸ਼ਟੀ ਬਦਲਣ ਲਈ ਆਪ ਲਿਖਦੇ ਹਨ:

---

1. ਜਿਤੁ ਪੀਤੈ ਖਸਮੁ ਵਿਸਰੈ ਦਰਗਹਿ ਮਿਲੈ ਸਜਾਇ।
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ। (ਵਾਰ ਬਿਹਾਗੜਾ ਮ:3)554.

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ।

(ਵਾਰ ਆਸਾ)470

ਉਂਜ ਵੱਖ ਵੱਖ ਰੰਗਾਂ ਦੀਆਂ ਪੁਸ਼ਾਕਾਂ ਦਾ ਵਰਣਨ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ, ਜੋ ਆਧਿਆਤਮਕ ਭਾਵ ਲਈ ਹੀ ਹਨ, ਜਿਵੇਂ:

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ।
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮ। (ਸਿਰੀ ਰਾਗ)16.

ਵੱਖ ਵੱਖ ਰੰਗਾਂ ਦਾ ਮਹੱਤਵ ਹੈ ਅਤੇ ਇਹ ਕਿਸੇ ਭਾਵ ਦੇ ਪ੍ਰਤੀਕ ਹਨ। ਲਾਲ ਰੰਗ ਪ੍ਰੇਮ, ਸੰਜੋਗ ਦਾ ਪ੍ਰਤੀਕ ਹੈ। ਪਰ ਜੇ ਅੰਦਰ ਕੂੜ ਜਾਂ ਭਾਵਨਾ ਨਹੀਂ ਤਾਂ ਇਹ ਪਾਖੰਡ-ਪ੍ਰੇਮ ਹੀ ਹੈ:

ਕਾਤ ਕਟਾਵਹਿ ਆਈਆ ਸੂਹਾ ਵੇਸੁ ਵਿਕਾਰ।
ਪਾਖੰਡਿ ਪ੍ਰੇਮ ਨ ਪਾਈਐ ਖੋਟਾ ਪਾਜੁ ਖੁਆਰੁ।
(ਸ੍ਰੀ ਰਾਗ)54

ਚਿੱਟਾ ਰੰਗ ਪਵਿੱਤਰਤਾ, ਕੁਲੀਨਤਾ ਦਾ ਪ੍ਰਤੀਕ ਹੈ। ਪਰ ਜਿਨ੍ਹਾਂ ਦਾ ਅੰਦਰ ਸ਼ੁੱਧ ਨਹੀਂ ਹੈ, ਉਨ੍ਹਾਂ ਦਾ ਇਹ ਪਹਿਰਾਵਾ ਪਾਖੰਡ ਦਾ ਹੀ ਵਾਧਕ ਹੈ:

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ।
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ। (ਸੂਹੀ)729

ਸੰਨਿਆਸੀ ਭਗਵੇਂ ਰੰਗ ਦੇ ਕਪੜੇ ਪਹਿਨਦੇ ਸਨ। ਇਹ ਮਨ ਦੇ ਵਿਕਾਰਾਂ ਉਤੇ ਕਾਬੂ ਦਾ ਸੂਚਕ ਹੈ। ਗੁਰੂ ਨਾਨਕ ਅਨੁਸਾਰ ਇਹ ਵੇਸ ਕਰਨੀ ਤੋਂ ਊਣਾ ਬਣ ਚੁੱਕਾ ਸੀ:

ਇਕ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸ।
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸ।
(ਮਾਝ)140

ਮੁਸਲਮਾਨਾਂ ਵਿਚ ਨੀਲੇ ਰੰਗ ਦੇ ਬਸਤ੍ਰ ਪ੍ਰਚਲਤ ਸਨ, ਜੋ ਸ਼ਾਇਦ ਮੋਮਨ (ਰੱਬ ਵਿਸ਼ਵਾਸੀ) ਹੋਣ ਅਤੇ ਰੱਬ ਦੀ ਅਨੰਤਤਾ ਦਾ ਪ੍ਰਤੀਕ ਹੈ। ਹਾਕਮ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਹਿੰਦੂ ਇਹ ਪਹਿਰਾਵਾ ਪਹਿਨਦੇ ਸਨ:

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।
(ਵਾਰ ਆਸਾ)470

ਧੋਤੀ ਹਿੰਦੂਆਂ ਦਾ ਆਮ ਪਹਿਰਾਵਾ ਸੀ। ਇਕ ਧੋਤੀ ਨਾਲ ਅਤੇ ਦੋ ਧੋਤੀਆਂ ਨਾਲ ਸਰੀਰ ਢਕਣ ਦਾ ਰਿਵਾਜ ਅਜੇ ਵੀ ਭਾਰਤ ਦੇ ਬਹੁਤ ਸਾਰੇ ਇਲਾਕਿਆਂ ਵਿਚ ਹੈ। ਬ੍ਰਾਹਮਣ ਲਈ ਇਹ ਇਕ ਅਮੋਲਕ ਬਸਤਰ ਹੈ, ਜੋ ਪਵਿੱਤਰਤਾ ਦਾ ਲਖਾਇਕ ਹੈ। ਗੁਰੂ ਨਾਨਕ ਬਾਣੀ ਵਿਚ ਇਸਦਾ ਅਲੋਚਨਾਤਮਕ ਵਰਣਨ ਹੈ:

ਮਥੈ ਟਿਕਾ ਤੇੜਿ ਧੋਤੀ ਕਖਾਈ। ਹਥਿ ਛੁਰੀ ਜਗਤ ਕਾਸਾਈ।
(ਵਾਰ ਆਸਾ)471-72.

ਦੁਇ ਧੋਤੀ ਬਸਤ੍ਰ ਕਪਾਟੰ। (ਵਾਰ ਆਸਾ)470

ਰੇਸ਼ਮ ਅਤੇ ਸਾਧਾਰਨ ਗਰੀਬੀ ਪਹਿਰਾਵੇ ਦਾ ਉਲੇਖ ਵੀ ਕੀਤਾ ਹੈ:

ਜਿਨ੍ਹ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ।
(ਵਾਰ ਆਸਾ)473

## ਸਾਦਾ ਸੰਜਮੀ ਜੀਵਨ

ਸਾਦਾ ਖਾਣਾ, ਸਾਦਾ ਪਹਿਨਣਾ ਅਤੇ ਸੰਜਮ ਵਿਚ ਰਹਿਣਾ ਤੇ ਸਉਣਾ ਭਾਰਤੀ ਸਭਿਆਚਾਰ ਦਾ ਵਿਸ਼ਿਸ਼ਟ ਗੁਣ ਹੈ। ਗੁਰੂ ਨਾਨਕ ਬਾਣੀ ਵੀ ਸਾਦਗੀ ਤੇ ਬਲ ਦਿੰਦੀ ਹੈ। ਖਾਣ ਅਤੇ ਪਹਿਨਣ ਦੀ ਸੰਜਮਤਾ ਬਾਰੇ ਪਹਿਲਾਂ ਉਲੇਖ ਕੀਤਾ ਗਿਆ ਹੈ। ਗੁਰੂ ਸਾਹਿਬ ਸੰਜਮ ਵਿਚ ਸਉਣ ਬਾਰੇ ਵੀ ਕਹਿੰਦੇ ਹਨ:

ਬਾਬਾ ਹੋਰੁ ਸਉਣਾ ਖੁਸੀ ਖੁਆਰੁ।
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ। (ਸਿਰੀ ਰਾਗ)17

...

ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ। (ਵਾਰ ਆਸਾ)467

ਬਹੁਤਾ ਬੋਲਣ ਦਾ ਵਰਜਨ ਕਰਕੇ ਇਸਦੀ ਸੰਜਮਤਾ ਲਈ ਪ੍ਰੇਰਨਾ ਹੈ:

ਬਹੁਤਾ ਬੋਲਣੁ ਝਖਣੁ ਹੋਇ। (ਧਨਾਸਰੀ)661

## ਅੰਮ੍ਰਿਤ ਵੇਲੇ ਜਾਗਣਾ

ਪੱਛਮੀ ਸਭਿਆਚਾਰ ਤੋਂ ਉਲਟ ਭਾਰਤੀ ਸਭਿਆਚਾਰ ਵਿਚ ਛੇਤੀ ਸਉਣ ਅਤੇ ਛੇਤੀ ਉਠਣ ਦਾ ਰਿਵਾਜ ਹੈ। ਇਸਦਾ ਧਾਰਮਿਕ ਮਹੱਤਵ ਵੀ ਸਮਝਿਆ ਜਾਂਦਾ ਹੈ। ਗੁਰੂ ਨਾਨਕ ਬਾਣੀ ਵਿਚ ਵੀ ਅੰਮ੍ਰਿਤ ਵੇਲੇ ਉਠਣ ਤੇ ਸਿਮਰਨ ਕਰਨ ਦੀ ਪ੍ਰੇਰਨਾ ਹੈ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। (ਜਪੁਜੀ)

...

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ।
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ।
(ਵਾਰ ਮਾਝ)145

## ਖੇਡਾਂ, ਮਨੋਰੰਜਨ

ਵੈਦਿਕ ਕਾਲ ਵਿਚ ਜੂਆ ਖੇਡਣਾ ਮਨੋਰੰਜਨ ਦਾ ਖਾਸ ਸਾਧਨ ਸੀ, ਘੋੜ ਦੌੜ, ਹਾਥੀ ਦੌੜ ਅਤੇ ਸ਼ਿਕਾਰ ਵੀ ਮਨੋਰੰਜਨ ਦੇ ਸਾਧਨ ਸਨ। ਗੁਰੂ ਨਾਨਕ ਦਾ ਖੇਡਾਂ ਬਾਰੇ ਵਿਚਾਰ ਹੈ:

ਨਚਣੁ ਕੁਦਣੁ ਮਨ ਕਾ ਚਾਉ। (ਵਾਰ ਆਸਾ)465.

ਜੂਆ ਆਦਿ ਖੇਡਾਂ ਨੂੰ ਚੰਗਾ ਨਹੀਂ ਸਮਝਿਆ, ਪਰ ਇਸਦਾ ਅਲੰਕਾਰਿਕ ਵਰਣਨ ਕਿਧਰੇ ਕਿਧਰੇ ਕੀਤਾ ਹੈ:

ਐਸਾ ਜਗੁ ਦੇਖਿ ਜੁਆਰੀ। ਸਭਿ ਸੁਖ ਮਾਗੈ ਨਾਮੁ ਬਿਸਾਰੀ।
(ਗਉੜੀ) 222

...

ਜੂਐ ਜਨਮੁ ਨ ਹਾਰਹੁ ਅਪਣਾ ਭਾਗਿ ਪੜਹੁ ਤੁਮ ਹਰਿ ਸਰਣਾ।
(ਰਾਗ ਆਸਾ ਪਟੀ) 433

ਚੌਪੜ ਦੀ ਖੇਡ ਦਾ ਵੀ ਅਲੰਕਾਰਿਕ ਵਰਣਨ ਕੀਤਾ ਗਿਆ ਹੈ। ਇਹ ਸੰਸਾਰ ਚੌਪੜ ਦੀ ਖੇਡ ਹੈ:

ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ।
(ਸਿਰੀ ਰਾਗ) 71

ਅਤੇ

ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ।
ਸਭੁ ਜਗੁ ਹਾਰੈ, ਸੋ ਜਿਣੈ ਗੁਰ ਸਬਦੁ ਵੀਚਾਰਾ।
(ਆਸਾ) 422

ਜਾਂ

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ।
(ਆਸਾ) 433-34

ਹਿਰਣਾਂ ਦੇ ਸ਼ਿਕਾਰ ਦਾ ਵੀ ਉਲੇਖ ਕੀਤਾ ਹੈ:

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ। (ਵਾਰ ਆਸਾ) 470

ਬਾਜ਼ੀਗਰ ਦੀ ਖੇਡ:

ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ।
ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ।
(ਰਾਗ ਆਸਾ) 422

ਬਾਜੀ ਖੇਲਿ ਗਈ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ।
(ਮਾਰੂ) 1023

ਅਖਾੜਾ ਖੇਲ:

ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ।
ਲਥੇ ਭੜਥੂ ਪਾਇ ਗੁਰਮੁਖਿ ਮਚਿਆ।
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ।
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ।
(ਵਾਰ ਮਲਾਰ) 1280

<u>ਕਿੱਤੇ, ਧੰਦੇ</u>

ਪੁਰਾਤਨ ਭਾਰਤ ਤੋਂ ਹੁਣ ਤੱਕ ਕਈ ਧੰਦੇ ਪ੍ਰਚਲਤ ਹਨ। ਵੈਦਿਕ ਕਾਲ ਵਿਚ ਖੇਤੀਬਾੜੀ ਤੋਂ ਬਿਨਾਂ ਵਪਾਰ, ਦਸਤਕਾਰੀ ਅਤੇ ਹਕੀਮੀ ਆਦਿ ਕਿੱਤੇ ਪ੍ਰਚਲਤ ਸਨ, ਕਰਜ਼ਾ ਲੈਣ ਦਾ ਰਿਵਾਜ

ਵੀ ਪ੍ਰਚਲਤ ਹੋ ਗਿਆ ਸੀ। ਇਨ੍ਹਾਂ ਧੰਦਿਆਂ ਦਾ ਗੁਰੂ ਨਾਨਕ ਬਾਣੀ ਵਿਚ ਸਾਧਾਰਨ ਜਾਂ ਅਧਿਆਤਮਕ ਭਾਵਾਂ ਨੂੰ ਪ੍ਰਗਟ ਕਰਨ ਲਈ ਬਿੰਬਾਤਮਕ ਉਲੇਖ ਹੈ, ਜਿਨ੍ਹਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:

ਵਪਾਰ:

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।
(ਸਿਰੀ ਰਾਗ)22

ਹਉ ਬਨਜਾਰਨਿ ਰਾਮ ਕੀ। ਤੇਰਾ ਨਾਮੁ ਵਖਰੁ ਵਾਪਾਰੁ ਜੀ।
(ਗਉੜੀ ਪੂਰਬੀ)157

ਸਾਚ ਵਖਰ ਕੇ ਵਾਪਾਰੀ ਵਿਰਲੇ ਸੇ ਲਾਹਾ ਸਉਦਾ ਲੀਨਾ ਹੇ।
(ਮਾਰੂ ਸੋਲਹੇ) 1028

ਹੱਟੀ, ਬਣੀਆ, ਸ਼ਾਹ, ਵਹੀ:

ਤਨੁ ਹਟੜੀ ਇਹੁ ਮਨੁ ਵਣਜਾਰਾ ਨਾਨਕ ਸਹਜੇ ਸਚੁ ਵਾਪਾਰਾ।
(ਰਾਗ ਰਾਮਕਲੀ)942

ਨਾਨਕ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ।
(ਰਾਗ ਵਡਹੰਸ)557

ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ। (ਰਾਗ ਰਾਮਕਲੀ)953

ਸੁਨਿਆਰਾ, ਦੁਕਾਨ ਅਤੇ ਔਜ਼ਾਰ:

ਜਤੁ ਪਾਹਾਰਾ ਧੀਰਜੁ ਸੁਨਿਆਰੁ। ਅਹਰਣਿ ਮਤਿ ਵੇਦੁ ਹਥੀਆਰੁ।
ਭਉ ਖਲਾ ਅਗਨਿ ਤਪ ਤਾਉ। ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।
ਘੜੀਐ ਸਬਦੁ ਸਚੀ ਟਕਸਾਲ।
(ਜਪੁਜੀ)

ਕਸੌਟੀ:

ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਦਾ।
(ਮਾਰੂ ਸੋਲਹੇ)1040

ਸਰਾਫ, ਸਰਾਫੀ:

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ।
(ਸੂਹੀ)730

ਐਸਾ ਸਾਹੁ ਸਰਾਫੀ ਕਰੈ, ਸਾਚੀ ਨਦਰਿ ਏਕ ਲਿਵ ਤਰੈ।
ਹੀਰਾ ਨਾਮੁ ਜਵੇਹਰ ਲਾਲੁ। ਮਨੁ ਮੋਤੀ ਹੈ ਤਿਸ ਕਾ ਮਾਲੁ।
(ਆਸਾ ਅਸ਼ਟਪਦੀ)414

ਲੋਹਾਰ ਅਤੇ ਹਥਿਆਰ:

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ।
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ।
(ਮਾਰੂ ,990)

ਕਿਰਸਾਣ, ਕਿਰਸਾਣੀ:

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ।
(ਸਿਰੀ ਰਾਗ ,19)

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ।
(ਰਾਗ ਸੋਰਠਿ ,595)

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ।
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ।
ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ।
ਜਿਉ ਗੋਡਹੁ ਤਿਉ ਤੁਮ੍ਹ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ।
(ਬਸੰਤ ਹਿੰਡੋਲ ,1171)

ਧੋਬੀ ਅਤੇ ਲਲਾਰੀ ਦੇ ਕੰਮ:

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ।
ਭੈ ਵਿਚ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ।
(ਵਾਰ ਆਸਾ ,468)

ਕੋਲੂ, ਵੇਲਣਾ, ਕੱਤਣਾ, ਚੱਕੀ ਪੀਸਣਾ:

ਕੋਲੂ ਚਰਖਾ ਚਕੀ ਚਕੁ। ਥਲ ਵਾਰੋਲੇ ਬਹੁਤੁ ਅਨੰਤੁ।
(ਵਾਰ ਆਸਾ ,465)

...

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ।
(ਵਾਰ ਆਸਾ ,473)

...

ਜਿਨਾ ਸੰਤੋਖ ਪੀਸਣੁ ਹਥਿ ਦਾਣੁ।
(ਰਾਗ ਮਲਾਰ ,1257)

...

ਵੇਲਿ ਪਿੰਞਾਇਆ ਕਤਿ ਵੁਣਾਇਆ। ਕਟਿ ਕੁਟਿ ਕਰਿ ਖੁੰਬਿ ਚੜਾਇਆ।
(ਰਾਮਕਲੀ ,955)

ਦਰਜੀ:

ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ।
ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ।

...

ਹੋਇ ਪੁਰਾਣਾ ਕਪੜੁ ਪਾੜੈ ਸੂਈ ਧਾਗਾ ਗੰਢੈ।
(ਰਾਮਕਲੀ)954

ਕਸੀਦਾਕਾਰੀ:

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ ਜਾਨਹੁ ਨਾਰੀ।
(ਬਸੰਤ ਹਿੰਡੋਲ)1071

ਧੋਬੀ ਮਲਾਹ:

ਨਾ ਧੋਬੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਹੁ।
ਸਤਿਗੁਰੁ ਤੂੰ ਹਾਂ ਬੋਹਿਥਾ ਨਦਰੀ ਪਾਰਿ ਉਤਾਰੁ।
(ਸਿਰੀ ਰਾਗ)59

ਰਥ ਰਥਵਾਨ:

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ।
(ਵਾਰ ਆਸਾ)470

ਵੈਦ,ਦਾਰੂ:

ਇਹੁ ਦੁਖੁ ਰੋਗੁ ਲਗਾ ਤਨਿ ਧਾਇ। ਵੈਦ ਨ ਭੋਲੇ ਦਾਰੂ ਲਾਇ।
(ਮਲਾਰ)1256

ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।
(ਵਾਰ ਮਲਾਰ)1279

<u>ਜਾਤ ਪਾਤ</u>

ਜੀਵਨ ਦੀ ਚਾਰ ਪ੍ਰਕਾਰ ਦੀ ਆਸ਼੍ਰਮ ਵੰਡ ਵਾਂਗ ਸਮਾਜ ਦੇ ਲੋਕਾਂ ਨੂੰ ਵੀ ਹਿੰਦੂ ਗ੍ਰੰਥਾਂ ਅਨੁਸਾਰ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਹ ਜਾਤਾਂ ਜਨਮ ਤੇ ਆਧਾਰਿਤ ਹਨ। ਯਜੁਰਵੇਦ(31/11)ਵਿਚ ਲਿਖਿਆ ਹੈ ਕਿ ਬ੍ਰਾਹਮਣ ਈਸ਼ਵਰ ਦੇ ਮੂੰਹ ਤੋਂ,ਖੱਤਰੀ ਬਾਹਾਂ ਤੋਂ,ਵੈਸ਼ ਪੱਟਾਂ ਤੋਂ ਅਤੇ ਸੂਦਰ ਪੈਰਾਂ ਤੋਂ ਉਤਪੰਨ ਹੋਏ। ਗੀਤਾ(18/41) ਵਿਚ ਵੀ ਲਿਖਿਆ ਹੈ ਕਿ ਬ੍ਰਾਹਮਣ,ਖਤ੍ਰੀ,ਵੈਸ਼ ਅਤੇ ਸੂਦਰ ਕਰਮ ਸੁਭਾਅ ਤੋਂ ਉਤਪੰਨ ਗੁਣਾਂ ਦੇ ਆਧਾਰ ਤੇ ਵੰਡੇ ਗਏ ਹਨ। ਗੁਰੂ ਨਾਨਕ ਬਾਣੀ ਵਿਚ ਜਾਤ ਪਾਤ ਦਾ ਵਿਰੋਧ ਹੈ। ਪਰਮਾਤਮਾ ਦੇ ਦਰਬਾਰ ਵਿਚ ਨਿਤਾਰਾ ਜਾਤ ਦੇ ਆਧਾਰ ਤੇ ਨਹੀਂ ਹੋਣਾ ਸਗੋਂ ਤਾਂ ਜੀਵ ਦੇ ਅਮਲ ਵੇਖੇ ਜਾਣੇ ਹਨ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ।
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ।
(ਵਾਰ ਆਸਾ)469

ਜਾਤ ਜਨਮ ਤੇ ਨਹੀਂ ਕਰਮ ਤੇ ਨਿਰਧਾਰਤ ਹੈ:

ਜਾਤਿ ਜਨਮੁ ਨਾ ਪੂਛੀਐ ਸਚ ਘਰੁ ਲੇਹੁ ਬਤਾਇ।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।
(ਪ੍ਰਭਾਤੀ)1330

## ਕਲਾ

### ਰਾਗ, ਸੰਗੀਤ

ਸੰਗੀਤ ਕਲਾ ਭਾਰਤੀ ਸਭਿਆਚਾਰ ਦਾ ਗੌਰਵ ਹੈ। ਗੁਰੂ ਨਾਨਕ ਨੇ ਭਾਰਤੀ ਰਾਗ ਪਰੰਪਰਾ ਵਿਚੋਂ 19 ਰਾਗਾਂ ਦੇ ਆਧਾਰ ਤੇ ਆਪਣੀ ਬਾਣੀ ਰਚੀ। ਰਾਗ ਸਾਡੇ ਭਾਰਤੀ ਸੰਗੀਤ ਤੇ ਵਧੇਰੇ ਢੁਕਦਾ ਹੈ। ਰਾਗ ਦਾ ਪਰੰਪਰਾਗਤ ਉਲੇਖ ਬਾਣੀ ਗ੍ਰੰਥਾਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ:

ਪੁਨਿ ਵਿਸ਼ੇਸ਼ ਸੁਰ ਵਰਣ ਸੋ ਹੋਇ ਵਿਭੂਸ਼ਤ ਦੇਹ।
ਜਨ ਮਨ ਕੋ ਮੋਹਤ ਕਰੈ ਵਹੈ ਰਾਗ ਕਹ ਤੇਹ।

ਅਰਥਾਤ ਥਾਟਾਂ ਅਥਵਾ ਕਹੋ ਤੋਂ ਸੱਤਾਂ ਸੁਰਾਂ ਦੇ ਸਮੇਤ ਅਤੇ ਸਹਾਈ ਸੱਤਾਂ ਸੁਰ ਦੇ ਰਾਗੋ ਵਰਨ ਅਲੰਕਾਰ ਜਿਸ ਵਿਚ ਹੋਣ ਅਤੇ ਸੁਣਨ ਵਾਲਿਆਂ ਨੂੰ ਮੋਹਤ ਕਰੇ, ਉਸ ਨੂੰ ਰਾਗ ਕਹਿੰਦੇ ਹਨ, ਅਥਵਾ ਸੁਰ, ਤਾਲ, ਲੈ ਨਾਲ ਮਿਲੀ ਹੋਈ ਜੋ ਧੁਨ ਹੋਵੇ ਸੋ ਰਾਗ ਜਾਣੀਏ।

ਮਨੋਹਰ ਸਿੰਘ ਦਾ ਵਿਚਾਰ ਹੈ ਕਿ ਗੁਰੂ ਨਾਨਕ ਸਾਂਗੀਤ ਭਾਰਤੀ ਰਾਗ ਦੇ ਦੱਖਣੀ ਸਕੂਲ ਤੋਂ ਪ੍ਰਭਾਵਿਤ ਹੋਏ ਸਨ। ਗੁਰੂ ਨਾਨਕ ਬਾਣੀ ਵਿਚ ਜਿਹੜੇ ਰਾਗਾਂ ਰਾਗਣੀਆਂ ਦੀ ਵਰਤੋਂ ਕੀਤੀ ਗਈ ਹੈ ਉਹ ਉੱਤਰੀ ਭਾਰਤ ਵਿਚ ਪਹਿਲੀ ਵਾਰੀ ਪਰਤੱਖ ਹੋਏ।[1]

ਗੁਰੂ ਨਾਨਕ ਨੇ ਰਾਗ ਰਾਗਣੀਆਂ ਅਤੇ ਉਨ੍ਹਾਂ ਦੇ ਪੁੱਤਰਾਂ ਦੇ ਸਮੂਹ ਵਿਚੋਂ ਉਠਦੀ ਅੰਮ੍ਰਿਤ ਧੁਨੀ ਦਾ ਉਲੇਖ ਕਰਕੇ ਕੀਰਤਨ ਦਾ ਮਹੱਤਵ ਪ੍ਰਗਟਾਇਆ ਹੈ:

ਰਾਗ ਰਤਨ ਪਰੀਆ ਪਰਵਾਰ। ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ।
(ਆਸਾ)351

ਗਾਉਣਾ ਮਨ ਦੇ ਚਾਉ ਨੂੰ ਪ੍ਰਗਟ ਕਰਨ ਦਾ ਇਕ ਉੱਤਮ ਮਾਧਿਅਮ ਹੈ। ਗੁਰੂ ਨਾਨਕ ਦਾ ਕਥਨ ਹੈ:

ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ।
ਹਮਰੈ ਘਰਿ ਆਇਆ ਜਗ ਜੀਵਨੁ ਭਤਾਰੁ।
(ਆਸਾ)351

ਗੁਰੂ ਨਾਨਕ ਨੇ ਆਪ ਨੂੰ ਪ੍ਰਭੂ ਦਰਬਾਰ ਦਾ ਸੰਗੀਤਕਾਰ ਢਾਢੀ ਬਣਨ ਦਾ ਗੌਰਵ ਮਹਿਸੂਸ ਕੀਤਾ ਹੈ:

ਹਉ ਢਾਢੀ ਵੇਕਾਰੁ ਕਾਰੈ ਲਾਇਆ। ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।
ਢਾਢੀ ਸਚੈ ਮਹਲਿ ਖਸਮਿ ਬੁਲਾਇਆ। ਸਚੀ ਸਿਫਤਿ ਸਾਲਾਹ ਕਪੜਾ ਪਾਇਆ।
...

---

1. Prachor Prasna, p.27

ਢਾਢੀ ਕਰੇ ਪਸਾਉ ਸਬਦੁ ਵਜਾਇਆ। (ਵਾਰ ਮਾਝ)150

ਗੁਰੂ ਨਾਨਕ ਨੇ ਰਾਗਾਂ ਨੂੰ ਕੇਵਲ ਕਲਾ ਦੇ ਤੌਰ ਤੇ ਨਹੀਂ ਅਪਣਾਇਆ। ਇਨ੍ਹਾਂ ਨੂੰ ਪ੍ਰਭੂ ਦੀ ਕੀਰਤੀ ਦਾ ਅਦਭੁਤ ਮਾਧਿਅਮ ਦੱਸਿਆ ਹੈ। ਆਪ ਦੀ ਬਾਣੀ ਵਿਚ ਕਈ ਭਾਰਤੀ ਸਾਜ਼ਾਂ ਦਾ ਵੀ ਉਲੇਖ ਮਿਲਦਾ ਹੈ। ਨਿਮਨ ਲਿਖਤ ਸ਼ਬਦ ਵਿਚ ਵਾਜਾ, ਜੋੜੀ(ਪਖਾਵਜ), ਛੈਣੇ(ਤਾਲ), ਘੁੰਘਰੂ(ਪੈਰੀ ਵਾਜਾ) ਦਾ ਉਲੇਖ ਹੈ:

ਵਾਜਾ ਮਤਿ ਪਖਾਵਜੁ ਭਾਉ। ਹੋਇ ਅਨੰਦੁ ਸਦਾ ਮਨਿ ਚਾਉ। ....
ਸਤੁ ਸੰਤੋਖ ਵਜਹਿ ਦੁਇ ਤਾਲ। ਪੈਰੀ ਵਾਜਾ ਸਦਾ ਨਿਹਾਲ।
(ਆਸਾ)350

ਘੂੰਘਰੂ ਵਾਜੈ ਜੇ ਮਨੁ ਲਾਗੈ। (ਰਾਗ ਆਸਾ)356

ਬੀਣਾ:

ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ। (ਆਸਾ)351

ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ।(ਰਾਮਕਲੀ)907

ਸਿੰਙੀ,ਤੂੰਬਾ,ਕਿੰਗਰੀ:

ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ।
ਰਵਿ ਸਸਿ ਲਉਕੇ[1] ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ।
(ਰਾਮਕਲੀ)907

ਰਬਾਬ:

ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ। (ਰਾਮਕਲੀ)934

ਨਾਚ:

ਨ੍ਰਿਤ(ਨਾਚ) ਦਾ ਸੰਗੀਤ ਨਾਲ ਸੰਬੰਧ ਹੈ। ਗੁਰੂ ਨਾਨਕ ਨੇ ਭਾਰਤੀ ਨਾਚ-ਕਲਾ ਨੂੰ ਅਧਿਆਤਮਕ ਮਾਰਗ ਲਈ ਪਰਵਾਨ ਨਹੀਂ ਕੀਤਾ। ਇਸ ਨਾਲ ਮਨ ਦੀ ਸਹਿਜ ਅਵਸਥਾ ਉਖੜਦੀ ਹੈ। ਨਾਚ ਪ੍ਰਕ੍ਰਿਆ ਅਤੇ ਨਾਰਦ ਨੂੰ ਅਧਿਆਤਮਕ ਪ੍ਰਕ੍ਰਿਆ ਲਈ ਵਰਤਿਆ ਹੈ, ਜਿਵੇਂ:

ਹੋਰੁ ਨਚਣਾ ਖੁਸੀਆ ਮਨ ਮਾਹ।
...
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ।
ਭਉ ਫੇਰੀ ਹੋਵੈ ਮਨ ਚੀਤਿ। ਬਹਦਿਆ ਉਠਦਿਆ ਨੀਤਾ ਨੀਤਿ।
ਲੇਟਣਿ ਲੇਟਿ ਜਾਣੈ ਤਨੁ ਸੁਆਹੁ। ਇਤੁ ਰੰਗਿ ਨਾਚਹੁ ਰਖਿ ਰਖਿ ਪਾਉ।
(ਆਸਾ)350

ਨਚਿ ਨਚਿ ਹਸਹਿ ਚਲਹਿ ਸੇ ਰੋਇ। (ਵਾਰ ਆਸਾ)465

---

1. ਤੂੰਬੇ

ਚਿਤ੍ਰ ਅਤੇ ਮੂਰਤੀ ਕਲਾ:

ਨਾਥ ਕਲਾ ਵਾਂਗ ਗੁਰੂ ਨਾਨਕ ਮੱਤ ਵਿਚ ਚਿਤ੍ਰ ਅਤੇ ਮੂਰਤੀ ਕਲਾ ਨੂੰ ਵੀ ਕੋਈ ਥਾਂ ਨਹੀਂ। ਪਰਮਾਤਮਾ ਦਾ ਕੋਈ ਚਿਹਨ ਚੱਕਰ ਅਤੇ ਰੂਪ ਨਹੀਂ ਹੈ, ਜਿਸ ਕਰਕੇ ਉਸ ਨੂੰ ਚਿਤ੍ਰਿਆ ਜਾਂ ਮੂਰਤੀਮਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਗੁਰੂ ਦੀ ਆਰਾਧਨਾ ਵੀ ਸ਼ਬਦ ਰੂਪ ਵਿਚ ਕੀਤੀ ਹੈ। ਗੁਰੂ ਦੀ ਮੂਰਤ ਉਨ੍ਹਾਂ ਲਈ ਗੁਰੂ ਦਾ ਸ਼ਬਦ ਹੈ ਅਤੇ ਸ਼ਬਦ ਨੂੰ ਚਿਤ੍ਰਿਆ ਨਹੀਂ ਜਾ ਸਕਦਾ। ਸਮੁੱਚੇ ਭਗਤੀ ਕਾਵਿ ਵਿਚ ਹੀ ਮੂਰਤੀ ਪੂਜਾ ਦਾ ਵਿਰੋਧ ਹੈ।

ਭਵਨ:

ਹਰ ਇਕ ਜੀ ਜੰਤੂ ਰਹਿਣ ਲਈ ਬਸੇਰਾ ਬਣਾਉਂਦਾ ਹੈ ਅਤੇ ਚਾਹੁੰਦਾ ਹੈ। ਪੰਛੀਆਂ ਵਿਚ ਕਈ ਤਰ੍ਹਾਂ ਦੇ ਆਲ੍ਹਣੇ ਬਣਾਉਣ ਦੀ ਕਲਾ ਹੈ, ਪਰ ਉਹ ਆਪਣੇ ਆਪਣੇ ਮੁਤਾਬਕ ਪ੍ਰਵਿਰਤੀ ਅਨੁਸਾਰ ਬਣਾਉਂਦਾ ਹੈ। ਇਸ ਵਿਚ ਵਾਧ ਘਾਟ ਜਾਂ ਸੁਧਾਰ ਨਹੀਂ ਹੋ ਸਕਿਆ। ਪਰ ਮਨੁੱਖ ਨੇ ਗੁਫ਼ਾਂ ਤੋਂ ਬਗੈਰ ਆਪਣੇ ਰਹਿਣ ਲਈ ਕੱਖਾਂ ਦੀ ਝੌਂਪੜੀ, ਮਿੱਟੀ, ਇੱਟਾਂ ਦੇ ਕੱਚੇ ਪੱਕੇ ਮਕਾਨ, ਹੀਰੇ ਜਵਾਹਰਾਂ ਨਾਲ ਜੜ੍ਹੀਆਂ ਮਹਿਲ ਮਾੜੀਆਂ ਅਤੇ ਕਿਲ੍ਹਿਆਂ ਦੀ ਉਸਾਰੀ ਕੀਤੀ। ਅਧਿਆਤਮਕ ਆਗੂਆਂ ਨੇ ਸਾਦਾ ਖਾਣ ਪੀਣ, ਸਾਦਾ ਪਹਿਨਣ ਤੋਂ ਬਿਨਾਂ ਸਾਦਾ ਰਹਿਣ ਤੇ ਵੀ ਜ਼ੋਰ ਦਿੱਤਾ ਹੈ। ਸਾਧਾਂ ਲਈ ਝੌਂਪੜੀ ਦੀ ਸਾਦਾ ਜ਼ਿੰਦਗੀ ਬਿਹਤਰ ਹੈ।[1] ਗੁਰੂ ਨਾਨਕ ਨੇ ਵੀ ਮਹਿਲਾਂ ਮਾੜੀਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੂੰ ਬਾਹਰ ਸਫ਼ੈਦੀ ਹੋਈ ਹੁੰਦੀ ਸੀ ਅਤੇ ਜੋ ਬੜੇ ਕੀਮਤੀ ਪੱਥਰਾਂ ਨਾਲ ਉਸਰੇ ਹੋਏ ਸਨ, ਪਰ ਉਨ੍ਹਾਂ ਵਿਚ ਰਹਿੰਦੇ ਲੋਕ ਮਨੁੱਖਤਾ ਹੀਣੇ ਅਤੇ ਰੱਬੀ ਪ੍ਰੇਮ ਤੋਂ ਸੱਖਣੇ ਸਨ। ਅਜਿਹੇ ਭਵਨ ਮਨੁੱਖ ਅੰਦਰ ਹਉਮੈ ਵੀ ਉਪਜਾਉਂਦੇ ਹਨ ਅਤੇ ਰੱਬ ਤੋਂ ਦੂਰ ਲੈ ਜਾਂਦੇ ਹਨ। ਇਸ ਭਵਨ ਦਾ ਵਰਣਨ ਵੇਖੋ:

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ। (ਸੂਹੀ)729

ਕੋਠੇ ਮੰਡਪ ਮਾੜੀਆ ਲਗਾਇ ਬੈਠੇ ਕਰਿ ਪਾਸਾਰਿਆ। (ਵਾਰ ਆਸਾ)472

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ। (ਸਿਰੀ ਰਾਗ)14
ਮਹਲਾ ਅੰਦਰਿ ਹੋਦੀਆ ਪੁਰਿ ਬਾਹਰਿ ਨ ਮਿਟਨਿ ਹਦੂਰਿ। (ਆਸਾ)417

---

1. ਗੁਰੂ ਅਰਜਨ ਦੇ ਕਥਨ ਅਨੁਸਾਰ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ। (ਰਾਗ ਸੂਹੀ)745

ਸਾਹਿਤ:

ਆਰੀਆਂ ਦਾ ਪਹਿਲਾ ਸਾਹਿਤ ਲਿਪੀਬੱਧ ਨਹੀਂ ਸੀ। ਜ਼ੁਬਾਨੀ ਹੀ ਯਾਦ ਰੱਖਿਆ ਜਾਂਦਾ ਸੀ। ਪਿਛਲੇਰੇ ਵੈਦਿਕ ਕਾਲ ਵਿਚ ਇਸ ਨੇ ਲਿਖਤੀ ਰੂਪ ਧਾਰਨ ਕੀਤਾ। ਵੇਦ, ਬ੍ਰਾਹਮਣ, ਉਪਨਿਸ਼ਦ, ਸੂਤ੍ਰ, ਸਿਮ੍ਰਤੀਆਂ ਅਤੇ ਪੁਰਾਣ ਲਿਖੇ ਗਏ। ਵੇਦਾਂ ਸ਼ਾਸਤਰਾਂ ਦਾ ਉਲੇਖ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ। ਗੁਰੂ ਨਾਨਕ ਬਾਣੀ ਦੀ ਭਾਰਤੀ ਸਾਹਿਤ ਪਰੰਪਰਾ ਨਾਲ ਸਾਂਝ ਹੈ। ਕਈ ਧਾਰਨਾਵਾਂ ਅਪਣਾਈਆਂ ਹਨ ਅਤੇ ਕਈਆਂ ਵਿਚ ਨਵੀਨਤਾ ਲਿਆਂਦੀ ਹੈ। ਚਾਰ ਵੇਦਾਂ ਦੀ ਸਿੱਖਿਆ ਦਾ ਆਪ ਜ਼ਿਕਰ ਕਰਦੇ ਹਨ:

ਜਨਮਿ ਮਰੈ ਤ੍ਰੈਗੁਣ ਹਿਤਕਾਰੁ। ਚਾਰੇ ਬੇਦ ਕਥਹਿ ਆਕਾਰੁ। (ਗਉੜੀ) 154
ਚਾਰੇ ਵੇਦ ਹੋਏ ਸਚਿਆਰ। ਪੜਹਿ ਗੁਣਹਿ ਤਿਨ ਚਾਰ ਵੀਚਾਰ।
(ਵਾਰ ਆਸਾ) 470

ਸਿਮਰਤੀਆਂ ਸ਼ਾਸਤਰਾਂ ਬਾਰੇ ਲਿਖਦੇ ਹਨ:

ਚਾਰਿ ਪਦਾਰਥ ਕਹੈ ਸਭੁ ਕੋਈ। ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ।
(ਗਉੜੀ) 154

ਛੇ ਦਰਸ਼ਨ ਜਾਂ ਸ਼ਾਸਤਰ:

ਛੇ ਸ਼ਾਸਤਰਾਂ (ਨਿਆਇ, ਵੈਸ਼ੇਸ਼ਿਕ, ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ) ਅਤੇ ਗੁਰੂਆਂ ਦੇ ਉਪਦੇਸ਼ਾਂ ਵੱਲ ਸੰਕੇਤ ਕੀਤਾ ਹੈ:

ਛਿਅ ਘਰ ਛਿਅ ਗੁਰ ਛਿਅ ਉਪਦੇਸ। (ਆਸਾ) 12

ਗੁਰਬਾਣੀ ਵਿਚ ਪੁਰਾਣਾਂ ਦੀ ਪਰੰਪਰਾ ਨੂੰ ਵੀ ਅਪਣਾਇਆ ਗਿਆ ਹੈ। ਇਹ ਨਾਥਾਂ ਅਤੇ ਸਿੱਧਾਂ ਦੇ ਸਾਹਿਤ ਤੋਂ ਵਧੇਰੇ ਨੇੜੇ ਲਏ ਗਏ ਹਨ, ਜਿਵੇਂ ਆਤਮਾ ਨੂੰ ਹੰਸ, ਮਾਇਆ ਨੂੰ ਸਰਪਣੀ, ਪੰਜ ਇੰਦਰੀਆਂ ਨੂੰ ਪੰਜ ਚੋਰ, ਅਗਿਆਨ ਨੂੰ ਹਨੇਰੀ ਰਾਤ, ਨਾਮ ਨੂੰ ਅੰਮ੍ਰਿਤ, ਪ੍ਰਭੂ ਮਿਲਣ ਨੂੰ ਸੁਹਾਗ ਜਾਂ ਵਿਆਹ, ਹਿਰਦੇ ਨੂੰ ਉਰਧ ਕਮਲ ਆਦਿ।[1]

<u>ਵਿਦਿਆ</u>

ਵਿਦਿਆ ਦੀ ਗੁਰੂ ਸਿੱਖ ਪਰੰਪਰਾ ਉਪਨਿਸ਼ਦ ਕਾਲ ਵਿਚ ਸਥਾਪਤ ਹੋ ਗਈ ਸੀ। ਵਿਦਿਆਰਥੀ ਰਿਸ਼ੀਆਂ ਪਾਸ ਜਾ ਕੇ ਕਈ ਕਈ ਵਰ੍ਹੇ ਸੇਵਾ ਕਰਦੇ ਹੋਏ ਵਿਦਿਆ ਪ੍ਰਾਪਤ ਕਰਦੇ ਸਨ। ਅਧਿਆਤਮਕ ਜਾਂ ਪਰਾ-ਵਿਦਿਆ ਪ੍ਰਮੁੱਖ ਸਮਝੀ ਜਾਂਦੀ ਸੀ। ਉਂਜ ਸ਼ਿਸ਼ ਨੂੰ ਦੁਨਿਆਵੀ ਅਤੇ ਬ੍ਰਹਿਮੰਡ ਦਾ ਗਿਆਨ ਵੀ ਦਿੱਤਾ ਜਾਂਦਾ ਸੀ। ਗੁਰੂ ਨਾਨਕ ਸਮੇਂ ਅਜਿਹੀਆਂ ਪਾਠਸ਼ਾਲਾਵਾਂ ਵੀ ਬਣ ਗਈਆਂ ਸਨ, ਜਿਥੇ ਪਾਂਧਾ ਵਿਦਿਆਰਥੀਆਂ ਨੂੰ ਸਿੱਖਿਆ ਦਿਆ ਕਰਦਾ ਸੀ। ਫੱਟੀਆਂ ਤੇ ਲਿਖਣ ਦਾ

---

1. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਇਕ ਸਾਹਿਤਿਕ ਸਰਵੇਖਣ, ਪੰਨਾ 133.

ਰਿਵਾਜ ਸੀ। ਗੁਰੂ ਨਾਨਕ ਬਾਣੀ ਵਿਚ ਗੁਰੂ ਦੁਆਰਾ ਸਿੱਖਿਆ ਦਾ ਮਹੱਤਵ ਇਸ ਤਰ੍ਹਾਂ ਦੱਸਿਆ ਗਿਆ ਹੈ:

ਗੁਰਪ੍ਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ। (ਪ੍ਰਭਾਤੀ)1321

ਪਾਂਧੇ ਬਾਰੇ ਲਿਖਿਆ ਹੈ:

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ।
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ।
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ। (ਰਾਮਕਲੀ)938

ਗੁਰੂ ਨਾਨਕ ਸਾਹਿਬ ਨੇ ਅੱਖਰਾਂ ਦੇ ਆਧਾਰ ਤੇ ਬਾਣੀ 'ਪਟੀ' ਵੀ ਲਿਖੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਕੇਵਲ ਅੱਖਰਾਂ,ਸ਼ਬਦਾਂ ਨੂੰ ਪੜ੍ਹਨ ਰਟਣ ਨਾਲ ਕੁਝ ਨਹੀਂ ਬਣਦਾ,ਜਿਨ੍ਹਾਂ ਚਿਰ ਕਿ ਉਸਦੇ ਭਾਵ ਜਾਣ ਲਏ ਨਾ ਗ੍ਰਹਿਣ ਕੀਤੇ ਜਾਣ। ਉਸ ਵਿਅਕਤੀ ਨੂੰ ਮੂਰਖ ਜਾਂ ਮਨਮੁਖ ਕਿਹਾ ਹੈ, ਜਿਹੜਾ ਕਿ ਵਿਦਿਆ ਨੂੰ ਵੇਚਦਾ ਹੈ ਅਤੇ ਉਸਦਾ ਭਾਵ ਸਮਝਦਾ ਨਹੀਂ ਹੈ:

ਮਨਮੁਖ ਵਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ।
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਾ ਕਾਇ। (ਰਾਮਕਲੀ)938

ਆਪ ਨੇ ਪੜ੍ਹਿਆ ਹੋਇਆ ਉਸ ਮਨੁੱਖ ਨੂੰ ਕਿਹਾ ਹੈ,ਜਿਹੜਾ ਕਿ ਸਦਾਚਾਰਕ ਤੌਰ ਤੇ ਉਚਾ ਹੈ ਅਤੇ ਨਾਮ ਅਭਿਆਸ ਦੀ ਕਮਾਈ ਕਰਦਾ ਹੈ:

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ।
(ਰਾਮਕਲੀ,938)

ਅਤੇ ਇਸ ਤੋਂ ਉਲਟ:

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ।
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ। (ਵਾਰ ਮਾਝ)140

...

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ। (ਵਾਰ ਆਸਾ)469

ਬਹੁਤਾ ਅਤੇ ਬਿਨਾਂ ਮਤਲਬ ਅਤੇ ਵਿਚਾਰਨ ਦੇ ਪੜ੍ਹਨ ਦਾ ਵੀ ਕੋਈ ਲਾਭ ਨਹੀਂ,ਸਗੋਂ ਬਹੁਤਾ ਅਤੇ ਫਜ਼ੂਲ ਪੜ੍ਹਨ ਨਾਲ ਮਨ ਦੀ ਅਸ਼ਾਂਤੀ ਵੀ ਵਧਦੀ ਹੈ। ਗੁਰੂ ਨਾਨਕ ਨੇ ਅਜਿਹੇ ਪੜ੍ਹਨ ਦਾ ਵਿਵਰਨ ਦੇ ਕੇ ਕਿਹਾ ਹੈ:

ਲਿਖਿ ਲਿਖਿ ਪੜਿਆ ਤੇਤਾ ਕੜਿਆ। (ਵਾਰ ਆਸਾ)467

ਅਤੇ ਤੱਤ ਇਹ ਕੱਢਿਆ ਹੈ:

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ। (ਵਾਰ ਆਸਾ)467

ਵਿਦਿਆ ਪੜ੍ਹਨ ਵਾਲੇ ਅਤੇ ਵਿਚਾਰਨ ਵਾਲੇ ਦੀ ਪਛਾਣ ਇਹ ਹੈ ਕਿ ਉਹ ਤੰਗ ਦਿਲ ਨਹੀਂ ਹੁੰਦਾ। ਉਸ ਅੰਦਰ ਪਰਉਪਕਾਰ ਦੀ ਭਾਵਨਾ ਜਾਗਦੀ ਹੈ:

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (ਆਸਾ ਮ:1)356

ਜੋਤਿਸ਼ ਵਿਦਿਆ:

ਆਪ ਨੇ ਜੋਤਿਸ਼ ਵਿਦਿਆ ਦਾ ਵੀ ਉਲੇਖ ਕੀਤਾ, ਜਿਸ ਬਾਰੇ ਉਨ੍ਹਾਂ ਦਾ ਅਪਣਾ ਨਿਸ਼ਚਾ ਨਹੀਂ ਹੈ। ਆਪ ਲਿਖਦੇ ਹਨ:

ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ॥
ਸਭ ਸੈਊਪਰਿ ਗੁਰਸਬਦੁ ਬੀਚਾਰੁ॥ ਹੋਰ ਕਥਨੀ ਬਦਉ ਨ ਸਗਲੀ ਛਾਰੁ॥
(ਰਾਮਕਲੀ)904

ਬੋਲੀ

ਗੁਰੂ ਨਾਨਕ ਨੇ ਭਾਰਤੀ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਹੀ ਆਪਣੇ ਵਿਚਾਰਾਂ ਅਤੇ ਮਨੋਭਾਵਾਂ ਨੂੰ ਵਿਅਕਤ ਕੀਤਾ ਹੈ। ਸੰਸਕ੍ਰਿਤ, ਪ੍ਰਾਕ੍ਰਿਤ, ਸੰਤ ਭਾਸ਼ਾ, ਪੰਜਾਬੀ ਬੋਲੀ ਤੋਂ ਬਿਨਾਂ ਆਪ ਦੀ ਬਾਣੀ ਵਿਚ ਵੱਖ ਵੱਖ ਪ੍ਰਾਂਤਾਂ ਦੀਆਂ ਬੋਲੀਆਂ ਦੇ ਸ਼ਬਦ ਵੀ ਮਿਲਦੇ ਹਨ। ਦੇਸ਼ ਰਟਨ ਵੇਲੇ ਆਪ ਦਾ ਵੱਖ ਵੱਖ ਬੋਲੀਆਂ ਵਾਲੇ ਲੋਕਾਂ ਨਾਲ ਸੰਪਰਕ ਹੋਇਆ। ਮੁਸਲਮਾਨਾਂ ਦੀ ਆਮਦ ਕਰਕੇ ਅਰਬੀ ਫ਼ਾਰਸੀ ਦੇ ਜੋ ਸ਼ਬਦ ਪ੍ਰਚਲਤ ਹੋ ਗਏ ਸਨ, ਉਹ ਵੀ ਅਪਨਾਏ ਹਨ।

ਆਪ ਦਾ ਭਾਸ਼ਾ ਬਾਰੇ ਮੱਤ ਬੁੱਧ ਵਾਲਾ ਹੀ ਸੀ ਕਿ ਲੋਕ ਬੋਲੀ ਵਿਚ ਹੀ ਆਪਣੇ ਵਿਚਾਰਾਂ ਨੂੰ ਪ੍ਰਗਟਾਉਣਾ ਚਾਹੀਦਾ ਹੈ। ਦੂਜੇ, ਆਪਣੀ ਬੋਲੀ ਨੂੰ ਅਪਣਾਉਣ ਅਤੇ ਮਾਧਿਅਮ ਬਣਾਉਣ ਵਿਚ ਕੋਈ ਹੀਣਤਾ ਨਹੀਂ ਮਹਿਸੂਸ ਕਰਨੀ ਚਾਹੀਦੀ। ਇਸੇ ਲਈ ਆਪ ਨੇ ਭਾਰਤੀ ਹਿੰਦੂਆਂ ਨੂੰ ਕੋਸਿਆ ਸੀ ਜੋ ਆਪਣੀ ਬੋਲੀ ਤਿਆਗ ਕੇ ਜਾਮਰਾਨੀ ਭਾਸ਼ਾ ਅਪਣਾ ਰਹੇ ਸਨ।[1]

ਤਿਉਹਾਰ, ਪੁਰਬ

ਹਰ ਦੇਸ਼ ਜਾਂ ਕੌਮ ਦੇ ਆਪਣੇ ਵਿਸ਼ੇਸ਼ ਤਿਉਹਾਰ ਹੁੰਦੇ ਹਨ। ਇਨ੍ਹਾਂ ਤਿਉਹਾਰਾਂ ਅਤੇ ਪੁਰਬਾਂ ਦਾ ਸੰਬੰਧ ਵਧੇਰੇ ਕਰਕੇ ਰੁੱਤਾਂ ਅਤੇ ਧਾਰਮਿਕ ਵਿਅਕਤੀਆਂ ਨਾਲ ਹੁੰਦਾ ਹੈ। ਭਾਰਤੀ ਸਾਰੇ ਤਿਉਹਾਰਾਂ ਨੂੰ ਧਾਰਮਿਕ ਰੰਗਣ ਦਿੱਤੀ ਜਾਂਦੀ ਹੈ ਤਾਂ ਜੋ ਇਨ੍ਹਾਂ ਦੀ ਪਵਿੱਤਰਤਾ ਅਤੇ ਇਹ ਸਥਾਈ ਰਹਿ ਸਕਣ। ਹਿੰਦੂਆਂ ਦੇ ਦਸ ਪੁਰਬ ਪ੍ਰਸਿੱਧ ਹਨ: ਅਸ਼ਟਮੀ, ਚੌਦਸ, ਅਮਾਵਸ, ਪੂਰਨਮਾਸ਼ੀ,

1. ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ (ਬਸੰਤ ਹਿੰਡੋਲ)1191

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ (ਧਨਾਸਰੀ)663.

ਸੰਗ੍ਰਾਂਦ, ਵਯਤਿਪਾਤ, ਧ੍ਰੁਤੋਂਰਪਦ, ਵਿਖਟਾਂਪਦ, ਚੰਦ੍ਰਗ੍ਰਹਣ ਅਤੇ ਸੂਰਜ ਗ੍ਰਹਿਣ। ਇਨ੍ਹਾਂ ਦਸ ਪੁਰਬਾਂ ਦਾ ਸੰਕੇਤ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕੀਤਾ ਹੈ:

ਗੁਰੁ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ।
(ਧਨਾਸਰੀ) 687

ਇਨ੍ਹਾਂ ਪੁਰਬਾਂ ਤੇ ਲੋਕ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਦੇ ਸਨ। ਇਨ੍ਹਾਂ ਦਾ ਵਰਣਨ ਵੀ ਗੁਰੂ ਨਾਨਕ ਬਾਣੀ ਵਿਚ ਹੈ:

ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ। (ਵਾਰ ਮਲਾਰ) 1279

ਅਮਾਵਸ(ਮੱਸਿਆ) ਦਾ ਜ਼ਿਕਰ ਆਪ ਨੇ ਇਸ ਤਰ੍ਹਾਂ ਕੀਤਾ ਹੈ:

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ। (ਵਾਰ ਮਾਝ) 145

ਹਰ ਮਹੀਨੇ ਦੇ ਆਰੰਭਕ ਦਿਨ ਨੂੰ ਸੰਗ੍ਰਾਂਦ(ਸੰਕ੍ਰਾਂਤਿ) ਮਨਾਈ ਜਾਂਦੀ ਹੈ। ਇਨ੍ਹਾਂ ਮਹੀਨਿਆਂ ਵਿਚੋਂ ਮਾਘੀ(ਮਾਘ ਮਹੀਨੇ)ਦਾ ਇਸ਼ਨਾਨ ਵਿਸ਼ੇਸ਼ ਮਹੱਤਵ ਰਖਦਾ ਹੈ। ਇਸ ਦਾ ਹਵਾਲਾ ਗੁਰੂ ਨਾਨਕ ਦੀ ਬਾਣੀ ਵਿਚ ਇਸ ਤਰ੍ਹਾਂ ਮਿਲਦਾ ਹੈ:

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ। (ਤੁਖਾਰੀ) 1109

ਤੁਖਾਰੀ ਰਾਗ ਵਿਚ ਗੁਰੂ ਨਾਨਕ ਨੇ ਬਾਰਾਂ ਮਹੀਨਿਆਂ ਦੀਆਂ ਰੁੱਤਾਂ ਨੂੰ ਅਧਿਆਤਮਕ ਭਾਵ ਅਨੁਸਾਰ ਮੌਲਿਕ ਰੂਪ ਵਿਚ ਚਿਤਰਤ ਕੀਤਾ ਹੈ।

## ਸੰਸਕਾਰ, ਰੀਤਾਂ ਰਸਮਾਂ

ਜਦ ਕੋਈ ਵਿਅਕਤੀ ਕਿਸੇ ਕੰਮ ਨੂੰ ਬਾਰ ਬਾਰ ਕਰਦਾ ਹੈ ਤਾਂ ਇਹ ਉਸਦੀ ਆਦਤ ਬਣ ਜਾਂਦੀ ਹੈ, ਪ੍ਰੰਤੂ ਜਦ ਸਾਰਾ ਭਾਈਚਾਰਾ ਹੀ ਉਸ ਨੂੰ ਦੁਹਰਾਣ ਲਗ ਜਾਂਦਾ ਹੈ ਤਾਂ ਉਹ ਰੀਤੀ ਦਾ ਰੂਪ ਧਾਰਨ ਕਰ ਜਾਂਦੀ ਹੈ। ਸੰਸਕਾਰ ਲੋਕ ਮਾਨਸ ਦਾ ਸੂਖਮ ਰੂਪ ਹਨ ਅਤੇ ਰੀਤਾਂ ਸੰਸਕਾਰਾਂ ਦਾ ਸਥੂਲ ਅਥਵਾ ਵਿਵਹਾਰਕ ਰੂਪ। ਧਾਰਮਿਕ ਭਾਵਨਾ ਨਾਲ ਕੀਤੀਆਂ ਗਈਆਂ ਅਜਿਹੀਆਂ ਬਹੁ ਰੀਤਾਂ ਹੀ ਸਾਡੇ ਸੰਸਕਾਰਾਂ ਦਾ ਪ੍ਰਗਟਾ ਹਨ।[1] ਜਨਮ ਤੋਂ ਲੈ ਕੇ ਮਰਨ ਪਿਛੋਂ ਤਕ ਕਈ ਰੀਤਾਂ ਰਸਮਾਂ ਭਾਰਤ ਵਿਚ ਪ੍ਰਚਲਤ ਹਨ। ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਬਹੁਤੀਆਂ ਰੀਤਾਂ ਦਾ ਵਿਰੋਧ ਹੈ। ਜਿਹੜੀਆਂ ਰੀਤਾਂ ਕੇਵਲ ਕਰਮਕਾਂਡੀ ਹਨ ਅਤੇ ਪ੍ਰਭੂ ਪ੍ਰੀਤ ਤੋਂ ਸਖਣੀਆਂ ਹਨ, ਉਨ੍ਹਾਂ ਬਾਰੇ ਗੁਰੂ ਨਾਨਕ ਦਾ ਕਥਨ ਹੈ:

---

1. ਡਾ: ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 164.

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ।
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ।
(ਵਡਹੰਸ ਕੀ ਵਾਰ)590

ਸੂਤਕ

ਬੱਚੇ ਦੇ ਜਨਮ ਨਾਲ ਘਰ ਨੂੰ ਅਪਵਿੱਤ੍ਰ ਹੋਇਆ ਸਮਝ ਲਿਆ ਜਾਂਦਾ ਹੈ। ਇਸ ਅਪਵਿੱਤ੍ਰਤਾ ਨੂੰ ਸੂਤਕ ਕਿਹਾ ਗਿਆ ਹੈ। ਅਤ੍ਰਿ ਸਿਮ੍ਰਤੀ ਅਨੁਸਾਰ ਇਹ ਅਪਵਿੱਤ੍ਰਤਾ ਬ੍ਰਾਹਮਣ ਦੇ ਘਰ 11 ਦਿਨ, ਖੱਤ੍ਰੀ ਦੇ ਘਰ 13 ਦਿਨ, ਵੈਸ਼ ਦੇ 17 ਦਿਨ ਅਤੇ ਸ਼ੂਦਰ ਦੇ 30 ਦਿਨ ਰਹਿੰਦੀ ਹੈ। ਇਸ ਸਮੇਂ ਵਿਚਕਾਰ ਉਸਦੇ ਘਰ ਜਾਣਾ ਅਛੂਹਣਾ ਜਾਂ ਖਾਣਾ ਪੀਣਾ ਪਾਪ ਮੰਨਿਆ ਜਾਂਦਾ ਹੈ।[1] ਗੁਰੂ ਨਾਨਕ ਬਾਣੀ ਵਿਚ ਇਸ ਰਸਮ ਤੇ ਟਿੱਪਣੀ ਕੀਤੀ ਗਈ ਹੈ ਅਤੇ ਅੰਤ ਵਿਚ ਕਿਹਾ ਹੈ ਕਿ ਜੰਮਣਾ ਮਰਨਾ ਤਾਂ ਵਾਹਿਗੁਰੂ ਦਾ ਹੁਕਮ ਹੈ, ਇਸ ਲਈ ਸੂਤਕ ਦਾ ਵਿਚਾਰ ਇਕ ਭਰਮ ਹੈ:

ਸਭੋ ਸੂਤਕ ਭਰਮੁ ਹੈ, ਦੂਜੈ ਲਗੈ ਜਾਇ।
ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ। (ਵਾਰ ਆਸਾ)427

ਜੰਞੂ ਅਤੇ ਜਨੇਊ:

ਬੱਚਾ ਜਦ 8 ਜਾਂ 11-12 ਸਾਲਾਂ ਦਾ ਹੋ ਜਾਂਦਾ ਹੈ ਤਾਂ ਜੰਞੂ ਉਸਦੇ ਸੱਜੇ ਮੋਢੇ ਤੋਂ ਖੱਬੇ ਪਾਸੇ ਵਲ ਲਟਕਾਇਆ ਜਾਂਦਾ ਹੈ। ਧਰਮ ਵਿਚ ਪ੍ਰਵੇਸ਼ ਕਰਾਉਣ ਲਈ ਜਨੇਊ ਸੰਸਕਾਰ ਜ਼ਰੂਰੀ ਹੈ। ਮਨੂ ਸਿਮ੍ਰਤੀ ਅਨੁਸਾਰ ਬ੍ਰਾਹਮਣ ਲਈ ਸੂਤ ਦਾ, ਖੱਤ੍ਰੀ ਲਈ ਸਣ ਦਾ, ਤੇ ਵੈਸ਼ ਲਈ ਉੱਨ ਦੇ ਜਨੇਊ ਦਾ ਵਿਧਾਨ ਹੈ।[2] ਸ਼ੂਦਰ ਅਤੇ ਇਸਤ੍ਰੀ ਨੂੰ ਜਨੇਊ ਪਹਿਨਣ ਦਾ ਅਧਿਕਾਰ ਨਹੀਂ। ਗੁਰੂ ਨਾਨਕ ਨੇ ਅਜਿਹੇ ਰਵਾਇਤੀ ਜਨੇਊ ਦੀ ਥਾਂ ਸਦਾਚਾਰਕ ਗੁਣਾਂ ਦਾ ਜਨੇਊ ਪਾਉਣਾ ਦੱਸਿਆ ਹੈ, ਜੋ ਸਥਾਈ ਹੈ ਅਤੇ ਭਵਿਖਤ ਵਿਚ ਨਾਲ ਨਿਭਦਾ ਹੈ:

ਦਇਆ ਕਪਾਹੁ ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ, ਹਈ ਤਾ ਪਾਡੇ ਘਤੁ।
ਨਾ ਏਹੁ ਤੁਟੈ ਨਾ ਮਲੁ ਲਗੈ, ਨਾ ਇਹੁ ਜਲੈ ਨ ਜਾਇ।
ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ। (ਵਾਰ ਆਸਾ)471

ਵਿਆਹ

ਭਾਰਤੀ ਸੱਭਿਆਚਾਰ ਵਿਚ ਵਿਆਹ ਨੂੰ ਇਕ ਪਵਿੱਤ੍ਰ ਰਸਮ ਸਮਝਿਆ ਜਾਂਦਾ ਹੈ, ਕਿਉਂਕਿ ਇਸਤ੍ਰੀ ਪੁਰਖ ਦਾ ਇਹ ਉਮਰ ਭਰ ਦਾ ਬੰਧਨ ਹੁੰਦਾ ਹੈ। ਗ੍ਰਿਹਸਤ ਨੂੰ ਵੀ ਇਕ ਧਰਮ ਜਾਂ

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 82.
2. ਉਹੀ, ਪੰਨਾ 174.

ਮਾਰਕ ਕਿਹਾ ਹੈ। ਇਸੇ ਕਰਕੇ ਇਸ ਰਸਮ ਲਈ ਧਾਰਮਿਕ ਸਵੀਕ੍ਰਿਤੀ ਲੋੜੀ ਅਵੱਸ਼ਕ ਦੱਸੀ ਗਈ ਹੈ। ਵੈਦਿਕ ਕਾਲ ਵਿਚ ਲੜਕੀ ਨੂੰ ਆਪਣਾ ਵਰ ਆਪ ਲੱਭਣ ਦਾ ਅਧਿਕਾਰ ਨਹੀਂ ਦੋਹਾਂ ਦੇ ਜਵਾਨੀ ਵਿਚ ਪ੍ਰਵੇਸ਼ ਕਰਨ ਸਮੇਂ ਹੀ ਆਮ ਤੌਰ ਤੇ ਵਿਆਹ ਕੀਤਾ ਜਾਂਦਾ ਹੈ। ਪਿਛਲੇਰੇ ਵੈਦਿਕ ਕਾਲ ਵਿਚ ਸਵੰਬਰ ਰਚਾਏ ਜਾਣ ਦਾ ਰਿਵਾਜ ਵੀ ਸੀ।

ਮਨੂ ਸਿਮ੍ਰਤੀ ਵਿਚ ਅਠ ਪ੍ਰਕਾਰ ਦੇ ਵਿਆਹ ਦੱਸੇ ਗਏ ਹਨ।[1] ਵਿਆਹ ਦੇ ਮਹੱਤਵ ਨੂੰ ਮੁੱਖ ਰਖ ਕੇ ਮਹੂਰਤ ਕਢਵਾਇਆ ਜਾਂਦਾ ਹੈ ਤਾਂ ਜੁ ਵਿਵਾਹਿਤ ਜੀਵਨ ਵਿਚ ਵਿਘਨ ਨਾ ਪਵੇ। ਗੁਰੂ ਨਾਨਕ ਮੱਤ ਵਿਚ ਸ਼ੁਭ ਅਸ਼ੁਭ ਦਿਨ ਦਾ ਵਿਚਾਰ ਨਹੀਂ ਹੈ। ਇਸ ਲਈ ਸਾਹਾ ਕਢਾਣ ਦੀ ਲੋੜ ਨਹੀਂ। ਗੁਰੂ ਨਾਨਕ ਦਾ ਕਥਨ ਹੈ:

ਸਾਹਾ ਗਣਹਿ ਨ ਕਰਹਿ ਬੀਚਾਰੁ। ਸਾਹੇ ਊਪਰਿ ਏਕੰਕਾਰੁ।
(ਰਾਮਕਲੀ 904)

ਇਸਤ੍ਰੀ ਪੁਰਖ ਦੇ ਮੇਲ ਦਾ ਸਾਹਾ ਤਾਂ ਧੁਰ ਤੋਂ ਹੀ ਲਿਖਿਆ ਹੋਇਆ ਹੈ। ਇਸ ਮਿਲਣ ਦੇ ਅਵਸਰ ਤੇ 'ਤੇਲ ਚੋਣ' ਆਦਿ ਦੇ ਸ਼ਗਨ ਵੀ ਕੀਤੇ ਜਾਂਦੇ ਹਨ। ਮੁਟਿਆਰ ਨੂੰ ਅਸੀਸਾਂ ਦਿੱਤੀਆਂ ਜਾਂਦੀਆਂ ਤਾਂ ਜੁ ਉਸਦੀ ਪਤੀ ਨਾਲ ਬਣ ਜਾਵੇ। ਗੁਰੂ ਨਾਨਕ ਦੇਵ ਜੀ ਨੇ ਮ੍ਰਿਤੂ ਸਮੇਂ ਜੀਵਾਤਮਾ ਤੇ ਪਰਮਾਤਮਾ ਨਾਲ ਸਦੀਵੀ ਮੇਲ ਨੂੰ ਵਿਆਹ ਦੇ ਬਿੰਬ ਦੁਆਰਾ ਚਿਤ੍ਰਿਆ ਹੈ, ਜਦ ਕਿ ਉਹ ਲਿਖਦੇ ਹਨ:

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।
(ਗਉੜੀ ਦੀਪਕੀ 157)

## ਵਿਆਹ, ਪ੍ਰਕਾਰ ਅਤੇ ਰਸਮ

ਗੁਰੂ ਨਾਨਕ ਦੇ ਰਚੇ ਸੂਹੀ ਛੰਤ ਦੇ ਇਕ ਸ਼ਬਦ ਵਿਚ ਵਿਆਹ ਦੀ ਪ੍ਰਕ੍ਰਿਆ ਦਾ ਵਿਵੇਚਨ ਕੀਤਾ ਗਿਆ ਹੈ, ਜਿਸਦਾ ਇਕ ਪੱਖ ਪਰੰਪਰਾਗਤ ਭਾਰਤੀ ਵਿਆਹ ਨਾਲ ਕੁਝ ਮਿਲਦਾ ਜੁਲਦਾ ਹੈ। ਸ਼ਬਦ ਦੇ ਪਹਿਲੇ ਬੰਦ ਵਿਚ ਇਸਤ੍ਰੀ ਨਿਖਸਮੀ ਜਹੀ ਦੱਸੀ ਹੈ, ਜਿਸ ਨੂੰ ਆਪਣੇ ਜੋਬਨ ਦੀ ਮਸਤੀ ਵਿਚ ਆਪਣੇ ਆਪ ਨੂੰ ਕਿਸੇ ਮਾਲਕ ਦੇ ਅਰਪਣ ਕਰਨ ਦੀ ਲੋੜ ਨਹੀਂ ਭਾਸਦੀ। ਦੂਜੇ ਬੰਦ ਵਿਚ ਆਪਣੇ ਪਿਤਾ ਕੋਲੋਂ ਵਰ ਮੰਗਦੀ ਹੈ ਤੇ ਉਸ ਵਰ ਦਾ ਪਤਾ ਦਸਦੀ ਹੈ ਕਿ ਮੈਨੂੰ ਕਿਹੜਾ ਪਸੰਦ ਹੈ। ਤੀਜੇ ਵਿਚ ਪਿਤਾ ਨੂੰ ਸਾਹਾ ਕਢਾ ਕੇ ਵਿਆਹ ਰਚਾਉਣ ਨੂੰ ਕਹਿੰਦੀ ਹੈ, ਜਿਸ ਤੇ ਮਾਂ ਆਪਣੀ ਧੀ ਦੇ ਵਿਛੋੜੇ ਤੇ ਰੋਂਦੀ ਹੈ, ਪਰ ਮੁੰਡੇ ਕੁੜੀ ਦਾ ਆਪਸ ਵਿਚ ਪਿਆਰ ਹੋਣ ਕਰਕੇ ਵਿਆਹ ਹੋ ਜਾਂਦਾ ਹੈ ਤੇ ਲੜਕੀ ਆਪਣੇ ਪਤੀ ਦੇ ਸੁਖ ਮਹਿਲਾਂ ਵਿਚ ਜਾ ਵਾਸਾ ਕਰਦੀ ਹੈ।

1. ਵਿਸਥਾਰ ਲਈ ਵੇਖੋ: ਗੁਰੂਗ੍ਰੰਥ ਸਾਹਿਬ: ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 564.

ਰੋਂਦੇ ਅੰਤ ਵਿਚ ਦਸਦੇ ਹਨ ਕਿ ਉਹ ਨਵੀਂ ਵਿਆਹੀ ਹੋਈ ਏਨੀ ਦੂਰ ਚਲੀ ਜਾਂਦੀ ਹੈ ਕਿ ਮੁੜ ਕੇ ਪੇਕੇ ਨਹੀਂ ਆਉਂਦੀ। ਆਪਣੇ ਪਤੀ ਦੇ ਨਾਲ ਹੀ ਵਸਦੀ ਹੈ ਤੇ ਪਤੀ ਵੀ ਉਸਨੂੰ ਚਾਹੁੰਦਾ ਹੈ,ਇਸ ਲਈ ਪਤੀ ਦੇ ਗੁਣ ਉਸ ਵਿਚ ਆਉਣ ਲਗਦੇ ਹਨ ਤੇ ਅੰਤ ਉਹ ਪਤੀ ਨਾਲ ਇਕ ਮਿਕ ਹੋ ਜਾਂਦੀ ਹੈ। ਇਥੇ ਕੁੜੀ ਤੇ ਮੁੰਡਾ ਜੀਵ ਤੇ ਈਸ਼ਵਰ ਹਨ।[1]

**ਵਿਚੋਲਾ**

ਪਰੰਪਰਾ ਅਨੁਸਾਰ ਆਮ ਤੌਰ ਤੇ ਵਿਆਹ ਕਰਾਉਣ ਵਾਲਾ ਵਿਚੋਲਾ ਹੁੰਦਾ ਹੈ। ਗੁਰੂ ਸਾਹਿਬ ਆਪਣੇ ਅਧਿਆਤਮਕ ਵਿਆਹ ਦਾ ਵਿਚੋਲਾ ਗੁਰੂ ਨੂੰ ਦਸਦੇ ਹਨ:

> ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ, ਜਾਂ ਸਹੁ ਮਿਲਿਆ ਤਾਂ ਜਾਨਿਆ।
> (ਆਸਾ)351

**ਲਾੜਾ,ਜੰਞ**

ਭਾਰਤੀ ਰਿਵਾਜ ਅਨੁਸਾਰ ਲਾੜਾ ਜੰਞ ਲੈ ਕੇ ਲੜਕੀ ਵਾਲਿਆਂ ਦੇ ਘਰ ਜਾਂਦਾ ਹੈ,ਇਸ ਦਾ ਸੰਕੇਤ ਵੀ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ:

> ਜਾਂਞੀ ਨਾਉ ਨਰਹਰ ਨਿਹਕੇਵਲ, ਰਵਿ ਰਹਿਆ ਤਿਹੁ ਲੋਈ।
> (ਰਾਗ ਸੂਹੀ ਛੰਤ)763

> ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।
> (ਤਿਲੰਗ)722

**ਡੋਲੀ**

ਡੋਲੀ ਦੀ ਰਸਮ ਅਜੇ ਤਕ ਆਮ ਰੂਪ ਵਿਚ ਪ੍ਰਚਲਤ ਹੈ। ਵਿਆਹ ਤੋਂ ਬਾਅਦ ਮੁਟਿਆਰ ਡੋਲੀ ਵਿਚ ਬਿਠਾ ਕੇ ਸਹੁਰੇ ਲਿਆਂਦੀ ਜਾਂਦੀ ਸੀ। ਗੁਰੂ ਨਾਨਕ ਬਾਣੀ ਵਿਚ ਇਸਦਾ ਉਲੇਖ ਇਸ ਤਰ੍ਹਾਂ ਹੈ:

> ਜਦਹੁ ਸੀਆ ਵੀਆਹੀਆ, ਲਾੜੇ ਸੋਹਨਿ ਪਾਸਿ।
> ਹੀਡੋਲੀ ਚੜਿ ਆਈਆ ਦੰਦਖੰਡ ਕੀਤੇ ਰਾਸ। (ਆਸਾ)417

ਡੋਲੀ ਵਿਦਿਆ ਹੋਣ ਸਮੇਂ ਮਾਂ ਵਿਛੋੜੇ ਦਾ ਖਿਆਲ ਕਰਕੇ ਰੋਂਦੀ ਹੈ:

> ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੇ ਹੇਤੇ।
> (ਸੂਹੀ)763

---

1. ਸ਼ਬਦਾਰਥ,ਪੰਨਾ 763.

ਪਾਣੀ ਵਾਰਨਾ

ਜਦੋਂ ਵਿਆਹੀ ਹੋਈ ਜੋੜੀ ਘਰ ਆਉਂਦੀ ਹੈ ਤਾਂ ਮਾਂ ਬੂਹੇ ਵਿਚ ਖਲੋਤੇ ਦੂਹਾਂ ਦੇ ਸਿਰਾਂ ਤੋਂ ਪਾਣੀ ਵਾਰਦੀ ਹੈ:

ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ। (ਆਸਾ)417

ਵਿਆਹ ਵਿਧਾਨ

ਸਿਮ੍ਰਤੀਆਂ ਵਿਚ ਵੱਖ ਵੱਖ ਜਾਤਾਂ ਦੇ ਵਿਆਹ ਬਾਰੇ ਵੱਖ ਵੱਖ ਵਿਧਾਨ ਦੱਸੇ ਹਨ।[1] ਗੁਰੂ ਨਾਨਕ ਦਾ ਜਾਤ ਪਾਤ ਵਿਚ ਵਿਸ਼ਵਾਸ ਨਹੀਂ, ਇਸ ਲਈ ਇਸ ਪ੍ਰਕਾਰ ਦੇ ਜਾਤੀ-ਵਿਆਹ ਵਿਧਾਨ ਨੂੰ ਪਰਵਾਨ ਨਹੀਂ ਕੀਤਾ।

ਮਿਰਤਕ ਸੰਸਕਾਰ

ਮੌਤ ਪਿਛੋਂ ਦੇਹ ਦੇ ਨਿਪਟਾਰੇ ਲਈ ਭਾਵੇਂ ਗੁਰੂ ਨਾਨਕ ਬਾਣੀ ਵਿਚ ਕੋਈ ਵਿਧਾਨ ਨਹੀਂ ਹੈ, ਪਰ ਮੁਸਲਮਾਨਾਂ ਦੀ ਸਰੀਰ ਨੂੰ ਦਬਾਣ ਦੀ ਹਠ ਧਰਮੀ ਨੂੰ ਜ਼ਰੂਰ ਤਰਕਹੀਨ ਕਿਹਾ ਹੈ। ਜਿਸ ਸਰੀਰ ਨੂੰ ਸਾੜਨਾ ਗੁਨਾਹ ਸਮਝਿਆ ਜਾਂਦਾ ਹੈ, ਉਹ ਵੀ ਮਿੱਟੀ ਵਿਚ ਮਿਲ ਕੇ ਸੜਦਾ ਹੈ। ਕਬਰਸਤਾਨ ਦੀ ਮਿੱਟੀ ਘੁਮਾਰ ਲਿਜਾਂਦਾ ਹੈ, ਭਾਂਡੇ ਘੜਦਾ ਹੈ ਅਤੇ ਆਵੇ ਦੀ ਅੱਗ ਵਿਚ ਸਾੜਦਾ ਹੈ। ਇਸ ਸਚਾਈ ਤੋਂ ਸਿੱਧ ਹੁੰਦਾ ਹੈ ਕਿ ਸਾੜਨ ਨਾਲ ਕੋਈ ਦੋਜ਼ਖ਼ ਨਹੀਂ ਬਣ ਜਾਂਦਾ। ਇਹ ਤਾਂ ਪਰਮਾਤਮਾ ਨੂੰ ਹੀ ਪਤਾ ਹੈ ਕਿ ਮਨੁੱਖ ਦਾ ਭਵਿਖਤ ਕੀ ਹੋਣਾ ਹੈ।[2] ਸਿੱਖ ਮਰਯਾਦਾ ਅਨੁਸਾਰ ਸਰੀਰ ਨੂੰ ਅਗਨੀ ਭੇਟ ਕਰਨਾ ਹੀ ਬਿਹਤਰ ਸਮਝਿਆ ਜਾਂਦਾ ਹੈ। ਮਰਨੋਪਰੰਤ 'ਸੋਹਿਲਾ' ਦਾ ਪਾਠ ਅਤੇ ਕੀਰਤਨ ਤੋਂ ਬਿਨਾਂ ਹੋਰ ਕੋਈ ਰਸਮ ਨਹੀਂ ਕੀਤੀ ਜਾਂਦੀ।[3]

ਮੌਤ ਉਤੇ ਰਿਸ਼ਤੇਦਾਰ, ਸੰਬੰਧੀ, ਰੋਂਦੇ, ਪਿੱਟਦੇ, ਵੈਣ ਪਾਂਦੇ, ਧਾਹਾਂ ਮਾਰਦੇ ਅਤੇ ਅਲਾਹੁਣੀ ਕਰਦੇ ਹਨ। ਗੁਰੂ ਨਾਨਕ ਸਾਹਿਬ ਨੇ ਇਸ ਕ੍ਰਿਆ ਨੂੰ ਫ਼ਜ਼ੂਲ ਦਸਦਿਆਂ ਲਿਖਿਆ ਹੈ:

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ। (ਸਿਰੀ ਰਾਗ)15
ਰਹੀ ਰਹੀ ਕਿਆ ਕਰਹੁ ਹੈ ਰੋਸੀ ਸੋਈ।
ਤੁਮ ਰੋਵਹੁਗੇ ਓਸ ਨੋ ਤੁਮ ਕਉ ਕਉਣੁ ਰੋਈ।
ਧੰਧਾ ਪਿਟਿਹੁ ਭਾਈਹੋ ਤੁਮ ਕੂੜੁ ਕਮਾਵਹੁ।
ਓਹੁ ਨ ਸੁਣਈ ਕਤ ਹੀ ਤੁਮ ਲੋਕ ਸੁਣਾਵਹੁ। (ਆਸਾ)418

ਦੀਵਾ ਵੱਟੀ

ਮਰਨ ਪਿਛੋਂ ਮਿਰਤਕ ਆਤਮਾ ਨੂੰ ਜਮ ਦੇ ਹਨੇਰੇ ਮਾਰਗ ਤੇ ਚਾਨਣਾ ਵਿਖਾਣ ਲਈ

---

1. ਵੇਖੋ ਅਧਿਆਇ ਦੂਜਾ.
2. ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।
ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ।
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ। (ਵਾਰ ਆਸਾ)੪੬੬
3. ਸੋਹਿਲਾ ਪੜ੍ਹ ਪ੍ਰਸਾਦ ਬਰਤਾਈ। ਜੋ ਗੁਰੂ ਨਾਨਕ ਰੀਤਿ ਚਲਾਈ। (ਗੁਰ ਬਿਲਾਸ ਮ:6)

ਵਿਚ ਦੀਵਾ ਬਾਲਣ ਦਾ ਰਿਵਾਜ ਹੈ। ਇਸ ਦੀ ਥਾਂ ਗੁਰੂ ਨਾਨਕ ਨੇ ਨਾਮਰੂਪੀ ਦੀਵੇ ਦੀ ਸਾਰਥਕ ਵਿਧੀ ਦੱਸੀ ਹੈ। ਆਪ ਦਾ ਮੁਖ ਵਾਕ ਹੈ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ।
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ। (ਆਸਾ)356

ਪਿੰਡ ਦਾਨ

ਪਿਤਰਾਂ ਨਮਿਤ ਚੌਲਾਂ ਦੇ ਪਿੰਨੇ ਪੱਤਲਾਂ ਤੇ ਰਖ ਕੇ ਬ੍ਰਾਹਮਣਾਂ ਨੂੰ ਦਾਨ ਕਰਨ ਦੀ ਰੀਤੀ ਦਾ ਆਪ ਨੇ ਟਿੱਪਣੀ ਸਹਿਤ ਵਿਰੋਧ ਇਸ ਤਰ੍ਹਾਂ ਕੀਤਾ ਹੈ:

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮ ਕਰਤਾਰੁ।
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ।

...

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ। (ਆਸਾ)358

ਮੜ੍ਹੀ ਮਸਾਣ ਦੀ ਪੂਜਾ

ਮਿਰਤਕ ਵਿਅਕਤੀਆਂ ਦੀ ਯਾਦ ਵਿਚ ਸਮਾਧਾਂ ਬਣਾਉਣੀਆਂ, ਮੜ੍ਹੀਆਂ ਉਪਰ ਦੀਵੇ ਜਗਾਉਣੇ ਅਤੇ ਮਸਾਣਾਂ ਦਾ ਪੂਜੇ ਜਾਣਾ, ਆਦਿ ਹੋਰ ਵੀ ਕਈ ਰੀਤਾਂ ਅਜਿਹੀਆਂ ਹਨ, ਜਿਨ੍ਹਾਂ ਦਾ ਮ੍ਰਿਤਕ ਸੰਸਕਾਰ ਨਾਲ ਸੰਬੰਧ ਹੈ।[1] ਗੁਰੂ ਨਾਨਕ ਬਾਣੀ ਵਿਚ ਅਜਿਹੀ ਕੁਰੀਤੀ ਦਾ ਖੰਡਨ ਕੀਤਾ ਗਿਆ ਹੈ:

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥
(ਸੋਰਠਿ)634

ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ। ਮੜ੍ਹੀ ਮਸਾਣੀ ਮੂੜੇ ਜੋਗੁ ਨਾਹਿ।
(ਬਸੰਤ)1190

ਸਰਾਧ

ਸਰਾਧ ਤੋਂ ਭਾਵ ਹੈ ਸ਼ਰਧਾ ਨਾਲ ਕੀਤਾ ਹੋਇਆ ਕਰਮ। ਮੋਏ ਬਜ਼ੁਰਗਾਂ ਜਾਂ ਪਿਤਰਾਂ ਨਮਿਤ ਕੀਤੇ ਅੰਨਵਸਤ੍ਰ ਆਦਿ ਦਾਨ ਨੂੰ ਸਰਾਧ ਕਿਹਾ ਜਾਂਦਾ ਹੈ। ਹਿੰਦੂ ਮਤ ਵਿਚ ਇਸਦੇ ਚਾਰ ਭੇਦ ਹਨ: (1) ਨਿੱਤ ਸਰਾਧ - ਨਿੱਤ ਹੀ ਪਿਤਰ ਦੇਵਾਂ ਨੂੰ ਜਲ ਆਦਿ ਦੇਣਾ (2) ਪਾਰਬਣ - ਅਮਾਵਸ ਆਦਿ ਪੁਰਬਾਂ ਤੇ ਕੀਤਾ ਪਿਤਰੀ ਦਾਨ (3) ਖ਼ਯਾਹ - ਮੋਏ ਪਿਤਰਾਂ ਦੇ ਦੇਹਾਂਤ ਵਾਲੇ ਦਿਨ

1. ਡਾ: ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿੱਤ, ਪੰਨਾ 170.

ਅਤੇ (4) ਮਹਾਲਯ - ਅੱਸੂ ਮਹੀਨੇ ਦੇ ਪਹਿਲੇ ਪੱਖ ਵਿਚ ਕਰਨਾ।[1] ਇਹ ਦਾਨ ਬ੍ਰਾਹਮਣਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੁਆਰਾ ਅੱਗੇ ਪਿਤਰਾਂ ਨੂੰ ਪਹੁੰਚਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਇਸ ਫੋਕਟ ਕਰਮ ਨੂੰ ਪਰਵਾਨ ਨਹੀਂ ਕੀਤਾ। ਅੱਗੇ ਜਾ ਕੇ ਫਲ ਤਾਂ ਨੇਕ ਕਮਾਈ ਦਾ ਹੀ ਮਿਲਦਾ ਹੈ। ਇਕ ਚੋਰ ਚੋਰੀ ਕਰਕੇ ਉਸ ਦੁਆਰਾ ਕੀਤੇ ਦਾਨ ਜੋ ਪਿਤਰਾਂ ਨਮਿਤ ਦਿੰਦਾ ਹੈ, ਤਾਂ ਪਿਤਰ ਵੀ ਫਲ ਸਰੂਪ ਚੋਰ ਹੀ ਅਖਵਾਉਣਗੇ। ਵਿਚੋਲਾ ਬ੍ਰਾਹਮਣ ਵੀ ਦੰਡ ਦਾ ਅਧਿਕਾਰੀ ਹੋਵੇਗਾ। ਆਪ ਨੇ ਤਰਕ ਸਹਿਤ ਰਸਮੀ ਸਰਾਧ ਦੀ ਨਿਖੇਧੀ ਇਸ ਤਰ੍ਹਾਂ ਕੀਤੀ ਹੈ:

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ।
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।

(ਵਾਰ ਆਸਾ) 472

ਸਰਾਧ ਕਰਕੇ ਭੋਜਨ ਕਾਵਾਂ ਕੁੱਤਿਆਂ ਨੂੰ ਪਾਉਣਾ ਅਗਿਆਨ ਕਰਮ ਹੈ।[2]

<u>ਚੁਲੀਆਂ:</u>

ਹਿੰਦੂ ਰੀਤੀ ਅਨੁਸਾਰ ਕਿਸੇ ਗੱਲ ਦੀ ਪ੍ਰਤੀਗਿਆ ਕਰਨ ਲਈ ਚੁਲੀ ਦੀ ਰਸਮ ਕੀਤੀ ਜਾਂਦੀ ਹੈ - ਹੱਥ ਵਿਚ ਪਾਣੀ ਲੈ ਕੇ ਡੋਲ੍ਹ ਦੇਣਾ। ਇਹ ਚੁਲੀਆਂ ਬ੍ਰਾਹਮਣ ਦੁਆਰਾ ਕਰਵਾਈਆਂ ਜਾਂਦੀਆਂ ਹਨ, ਜੋ ਬਦਲੇ ਵਿਚ ਦਕਸ਼ਣਾਂ ਲੈਂਦੇ ਹਨ। ਬ੍ਰਾਹਮਣਾਂ ਨੇ ਉਦਰ ਪੂਰਤੀ ਲਈ ਇਹ ਵਿਧਾਨ ਬਣਾਇਆ ਹੈ। ਗੁਰੂ ਨਾਨਕ ਨੇ 'ਮਨਿ ਜੂਠੇ ਚੁਲੀ ਭਰੇਨਿ' ਕਹਿ ਕੇ ਇਸ ਢੰਗ ਦਾ ਨਿਖੇਧ ਕੀਤਾ ਹੈ ਅਤੇ ਇਸ ਕ੍ਰਿਆ ਦੀ ਥਾਂ ਸਦਾਚਾਰਕ ਗੁਣਾਂ ਦੀਆਂ ਚੁਲੀਆਂ ਦਾ ਵਿਧਾਨ ਦੱਸਿਆ ਹੈ, ਜੋ ਇਸ ਪ੍ਰਕਾਰ ਹੈ:

ਨਾਨਕ ਚੁਲੀਆ ਸੁਚੀਆ, ਜੇ ਭਰਿ ਜਾਣੈ ਕੋਇ।
ਸੁਰਤੇ ਚੁਲੀ ਗਿਆਨ ਕੀ, ਜੋਗੀ ਕਾ ਜਤੁ ਹੋਇ।
ਬ੍ਰਾਹਮਣ ਚੁਲੀ ਸੰਤੋਖ ਕੀ, ਗਿਰਹੀ ਕਾ ਸਤੁ ਦਾਨੁ।
ਰਾਜੇ ਚੁਲੀ ਨਿਆਵ ਕੀ, ਪੜਿਆ ਸਚੁ ਧਿਆਨੁ।

(ਵਾਰ ਸਾਰੰਗ) 1240

---

1. ਵੇਖੋ ਮਹਾਨਕੋਸ਼.
2. ਅਗਿਆਨਾ ਕਹਿਆ ਮੁਇਆ ਨਾਉ। ਪਿਛੈ ਪਤਰਿ ਸਦਿਹੁ ਕਾਵ।
ਨਾਨਕ ਮਨਮੁਖਿ ਅੰਧੁ ਪਿਆਰੁ। ਬਾਝੁ ਗੁਰੂ ਡੁਬਾ ਸੰਸਾਰੁ।

(ਮਾਝ ਮ:1) 135.

ਪੌਰਾਣਕ

ਬਹੁਤ ਸਾਰੀਆਂ ਪੌਰਾਣਕ ਜਾਂ ਮਿਥਿਕ ਹਸਤੀਆਂ ਵੀ ਭਾਰਤੀ ਸਭਿਆਚਾਰ ਦਾ ਅਨਿਖੜ ਅੰਗ ਹਨ। ਇਨ੍ਹਾਂ ਨਾਲ ਹਿੰਦੂ ਵਿਸ਼ਵਾਸ ਇਸ ਕਦਰ ਜੁੜ ਗਿਆ ਹੈ ਕਿ ਮਿਥਿਹਾਸ ਨੂੰ ਇਤਿਹਾਸਕ ਸੱਚ ਹੀ ਸਮਝ ਲਿਆ ਗਿਆ ਹੈ। ਧਰਮ ਦਾ ਇਹ ਅਨਿਖੜ ਅੰਗ ਹਨ। ਗੁਰੂ ਨਾਨਕ ਬਾਣੀ ਵਿਚ ਅਨੇਕਾਂ ਹੀ ਪੁਰਾਣਿਕ ਹਵਾਲੇ ਮਿਲਦੇ ਹਨ ਜੋ ਕੇਵਲ ਅਲੰਕਾਰ ਮਾਤਰ ਹੀ ਵਰਤੇ ਗਏ ਹਨ। ਗੁਰੂ ਨਾਨਕ ਦਾ ਪੌਰਾਣਾਂ ਵਿਚ ਵਿਸ਼ਵਾਸ ਨਹੀਂ ਸੀ। ਕੁਝ ਪੌਰਾਣਕ ਹਵਾਲੇ ਇਹ ਹਨ: ਅਹੱਲਿਆ, ਇੰਦਰ, ਗੋਤਮ:

ਗੋਤਮੁ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ। (ਪ੍ਰਭਾਤੀ)1344

ਜਸੋਧਾ:

ਇਹ ਕ੍ਰਿਸ਼ਨ ਜੀ ਦੀ ਪਾਲਕ ਮਾਂ ਸੀ:

ਹੱਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।
(ਸਿਰੀ ਰਾਗੁ)75

ਅਕ੍ਰੂਰ(ਕ੍ਰਿਸ਼ਨ ਜੀ ਦਾ ਪ੍ਰੇਮੀ ਭਗਤ-ਰਿਸ਼ਤੇ ਵਿਚ ਚਾਚਾ):

ਧ੍ਰੂ ਅਕ੍ਰੂਰ ਬਿਦਰ ਗੁਣ ਗਾਵੈ। ਸਰਬਾਤਮੁ ਜਿਨਿ ਜਾਣਿਓ। (ਸਵਈਏ)1390

ਸਹਸ੍ਰਬਾਹੁ(ਹਜ਼ਾਰਾਂ ਬਾਹਾਂ ਤੇ 85 ਹਜ਼ਾਰ ਵਰ੍ਹੇ ਰਾਜ ਕਰਨ ਵਾਲਾ ਚੰਦ੍ਰ ਬੰਸੀ ਰਾਜਾ):

ਸਹਸਬਾਹੁ ਮਧੁ ਕੀਟ ਮਹਖਾਸਾ। ਹਰਣਾਖਸੁ ਲੇ ਨਖਹੁ ਬਿਧਾਸਾ।
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ। (ਗਉੜੀ)224

ਪਰੂਰਉ, ਅੰਗਰੈ: ਪਰੂਰਵਾ ਇਕ ਭਗਤ ਸੀ, ਜਿਸ ਨੂੰ ਬੁੱਧ ਦਾ ਪੁੱਤਰ ਅਤੇ ਚੰਦ੍ਰਮਾ ਦਾ ਪੋਤਰਾ ਮੰਨਿਆ ਗਿਆ ਹੈ। ਅੰਗਰੇ ਨੂੰ ਬ੍ਰਹਮਾ ਦੇ ਮੂੰਹ ਤੋਂ ਉਪਜਿਆ ਵਿਸ਼ਵਾਸ ਕੀਤਾ ਜਾਂਦਾ ਹੈ। ਇਹ ਦੇਵਤਿਆਂ ਦਾ ਪਰੋਹਿਤ ਅਤੇ ਰਿਗ ਮੰਤਰਾਂ ਦਾ ਕਰਤਾ ਵੀ ਸੀ:

ਦੁਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ। (ਸਵਈਏ)1390

ਸਾਲਗ੍ਰਾਮ(ਗੰਡਕ ਦੇ ਵਿਸ਼ਨੂੰ ਵਾਲੇ ਪੱਥਰ ਜੋ ਵਰ੍ਹਾਂ ਪੁਰਾਣ ਅਨੁਸਾਰ 10 ਹਜ਼ਾਰ ਸਾਲ ਤਪ ਕਰਨ ਵਾਲੀ ਗੰਡਕਾ ਨਦੀ ਵਿਚੋਂ ਨਿਕਲਦੇ ਹਨ):

ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।
ਰਾਮ ਨਾਮੁ ਜਪਿ ਬੇੜਾ ਬਾਧਹੁ, ਦਇਆ ਕਰਹੁ ਦਇਆਲਾ। (ਬਸੰਤ ਹਿੰਡੋਲ)1171

---

1. 'ਪੁਰਾਣ ਤੋਂ ਭਾਵ ਹੈ ਪੁਰਾਣਾ' ਜਾਂ ਜੋ ਪਹਿਲਾਂ ਕਦੀ ਨਵਾਂ ਹੋਵੇ। ਪੁਰਾਣਾ ਵਿਚਰਨ ਹਸਤੀਆਂ ਦੀ ਇਤਿਹਾਸਕ ਦ੍ਰਿਸ਼ਟੀ ਅਤਿ ਪੁਰਾਣੀ ਹੈ। ਵਾਸਤਵ ਵਿਚ ਪੌਰਾਣਿਕ ਪਰੰਪਰਾ ਅਠਾਰਾਂ ਪੁਰਾਣਾਂ ਦੇ ਰਚੇ ਜਾਣ ਤੋਂ ਬਹੁਤ ਪੁਰਾਣੀ ਹੈ। (ਵੇਖੋ ਡਾ:ਰਤਨ ਸਿੰਘ ਜੱਗੀ ਰਚਿਤ ਪੁਸਤਕ 'ਲੋਕ ਧਾਰਾ ਅਤੇ ਮੱਧਕਾਲੀਨ ਪੰਜਾਬੀ ਸਾਹਿਤ', ਪੰਨਾ 54).

ਸੀਤਾ, ਲਛਮਣ, ਰਾਵਣ:

ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ।
ਨਾਨਕ ਕਰਤਾ ਕਰਣਹਾਰੁ ਵੇਖੈ ਥਾਪਿ ਉਥਾਪਿ। (ਸਲੋਕ 1) 1412

ਹਰੀ ਚੰਦ (ਹਰਿਸ਼ਚੰਦਰ- ਸੂਰਜਬੰਸ ਦਾ 28ਵਾਂ ਰਾਜਾ ਅਤੇ ਤ੍ਰਿਸ਼ੰਕੂ ਦਾ ਪੁੱਤਰ):

ਹਰੀ ਚੰਦ ਦਾਨੁ ਕਰੈ ਜਸ ਲੇਵੈ। ਬਿਨੁ ਗੁਰ ਅੰਤ ਨ ਪਾਇ ਅਭੇਵੈ।
(ਗਉੜੀ) 224

ਕੱਛ: ਜਿਸਦਾ ਰੂਪ ਵਿਸ਼ਨੂੰ ਭਗਵਾਨ ਨੇ ਖੀਰ ਸਮੁੰਦਰ ਰਿੜਕਣ ਵੇਲੇ ਧਾਰਿਆ:

ਆਪੇ ਮਛੁ ਕਛੁ ਕਰਣੀ ਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ।

ਕਾਲ ਜਮਨ (ਕਾਲ ਯਮਨ - ਇਕ ਦੈਂਤ, ਜਿਸ ਨੇ ਫੌਜ ਲੈ ਕੇ ਕ੍ਰਿਸ਼ਨ ਤੇ ਮਥੁਰਾ ਵਿਚ ਹਮਲਾ ਕੀਤਾ):

ਜਰਾਸੰਧਿ ਕਾਲਜਮੁਨ ਸੰਘਾਰੇ। (ਗਉੜੀ) 224

ਕਾਲ ਨੇਮ: (ਰਾਵਣ ਦਾ ਚਾਚਾ):

ਰਕਤਬੀਜ ਕਾਲੁਨੇਮੁ ਬਿਦਾਰੇ। ਦੈਤ ਸੰਘਾਰਿ ਸੰਤ ਨਿਸਤਾਰੇ। (ਗਉੜੀ) 224

ਕਾਲੀ: (ਜਮਨਾ ਦੇ ਕੁੰਡ ਵਿਚ ਰਹਿਣ ਵਾਲਾ ਨਾਗ):

ਜੀਅ ਉਪਾਇ ਜੁਗਤਿ ਹਥਿ ਕੀਨੀ। ਕਾਲੀ ਨਥਿ ਕਿਆ ਵਡਾ ਭਇਆ।
(ਆਸਾ) 350

ਗਰੁੜ (ਵਿਨਤਾ ਦੇ ਗਰਭ ਤੋਂ ਕਸ਼ਯਪ ਮੁਨੀ ਦਾ ਪੁੱਤਰ ਗਰੁੜ, ਵਿਸ਼ਨੂੰ ਜੀ ਦਾ ਵਾਹਨ):

ਗਾਰੜੂ ਗੁਰ ਗਿਆਨੁ ਧਿਆਨੁ ਗੁਰ ਬਚਨੀ, ਬਿਖਿਆ ਗੁਰਮਤਿ ਜਾਰੀ।
(ਮਲਾਰ) 1274

ਗੋਪੀਆਂ (ਕ੍ਰਿਸ਼ਨ ਜੀ ਦੀਆਂ 15 ਹਜ਼ਾਰ ਨਵਿਕ ਗੁਆਲਣਾਂ ਜਿਨ੍ਹਾਂ ਵਿਚ ਇਕ ਸਤਸਭਾਮਾਂ ਦੇ ਹਠ ਤੇ ਕ੍ਰਿਸ਼ਨ ਜੀ ਸੁਰਗ ਤੋਂ ਕਲਪ ਬ੍ਰਿਛ ਲਿਆਏ ਸਨ):

ਜੁਗ ਮਹਿ ਜੋਰ ਛਲੀ ਚੰਦ੍ਰਾਵਲਿ, ਕਾਨ੍ਹ ਕ੍ਰਿਸ਼ਨ ਜਾਦਮੁ ਭਇਆ।
ਪਾਰਜਾਤ ਗੋਪੀ ਲੈ ਆਇਆ, ਬਿੰਦ੍ਰਾਬਨ ਮਹਿ ਰੰਗੁ ਕੀਆ।
(ਵਾਰ ਆਸਾ) 470

ਜਨਮੇਜਾ (ਇਕ ਕੌਰਵਵੰਸ਼ੀ ਰਾਜਾ):

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜਾਇਆ।
ਤਿਨ੍ਹਿ ਕਰਿ ਜਗ ਅਠਾਰਹ ਘਾਏ, ਕਿਰਤੁ ਨ ਚਲੈ ਚਲਾਇਆ।
(ਪ੍ਰਭਾਤੀ) 1344

ਜਮਰਾਜ,ਧਰਮਰਾਜ:

ਕਤੇ ਕੇਸ ਪੁੰਡਰ ਜਬ ਹੂਏ,ਵਿਣੁ ਸਾਬੂਣੈ ਉਜਲਿਆ।
ਜਮ ਰਾਜੇ ਕੇ ਹੇਰੂ ਆਏ,ਮਾਇਆ ਕੈ ਸੰਗਲਿ ਬੰਧਿ ਲਇਆ।
(ਆਸਾ ਪੱਟੀ)432

ਧ੍ਰੂ(ਰਾਜਾ ਉਤਾਨਪਾਦ ਅਤੇ ਮਾਤਾ ਸੁਨਿਤਿ ਦਾ ਪੁੱਤਰ ਭਗਤ):

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ। (ਜਪੁਜੀ)

ਕਪਿਲ:

ਇਕ ਸ਼ਕਤੀਸ਼ਾਲੀ ਰਿਸ਼ੀ ਜਿਸਦੀ ਇਕੋ ਤੱਕਣੀ ਨਾਲ ਰਾਜਾ ਸਗਰ ਦੇ 60 ਹਜ਼ਾਰ ਪੁੱਤਰ ਭਸਮ ਹੋ ਗਏ:

ਗਾਵਹਿ ਕਪਿਲਾਦਿ ਆਦਿ ਜੋਗੇਸੁਰ। (ਸਵਯੇ)1389

ਧੋਮ(ਇਕ ਰਿਸ਼ੀ ਦਾ ਪੁੱਤਰ):

ਗਾਵੈ ਗੁਣ ਧੋਮੁ। (ਸਵਯੇ)1389

ਕੁਮੇਰ(ਕੁਬੇਰ) ਅਤੇ ਸੁਮੇਰ:

ਕੁਬੇਰ ਰਾਵਣ ਦਾ ਭਰਾ ਅਤੇ ਸੁਮੇਰ ਸੋਨੇ ਦਾ ਪਹਾੜ ਮੰਨਿਆ ਗਿਆ ਹੈ:

ਅਨਿਕ ਧਰਮ ਅਨਿਕ ਕੁਮੇਰ। ਅਨਿਕ ਬਰਨ ਅਨਿਕ ਕਨਿਕ ਸੁਮੇਰ।
(ਸਾਰੰਗ)1236

ਸਨਕਾਦਿਕ: ਬ੍ਰਹਮ ਦੇ ਸਨਕ ਆਦਿ ਚਾਰ ਪੁੱਤਰ:

ਗਾਵਹਿ ਸਨਕਾਦਿ........ (ਸਵਯੇ)1389

ਮਾਂਧਾਤਾ: ਇਹ ਯੁਵਨਾਸ਼ਵ ਦੀ ਸੱਜੀ ਵੱਖੀ ਵਿਚੋਂ ਜਨਮਿਆ ਸੀ:

ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਅਉ। (ਸਵਯੇ)1390

ਨਾਭਿ ਕਮਲ(ਵਿਸ਼ਨੂੰ ਦੀ ਨਾਭੀ ਤੋਂ ਉਪਜਿਆ ਕਮਲ,ਜਿਸ ਵਿਚੋਂ ਬ੍ਰਹਮਾ ਜਨਮਿਆ):

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ। (ਗੂਜਰੀ)439

ਨਾਰਦ:(ਰਿਸ਼ੀ-ਬ੍ਰਹਮਾ ਦਾ ਪੁੱਤਰ,ਕਲਾ ਦਾ ਕਾਰਣ):

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਂਹੀ।
(ਵਾਰ ਬਿਹਾਗੜਾ)556

ਪਾਂਡਵ:

ਕੈਰੋਹਿ ਪਾਂਡਵ ਭਏ ਮਜੂਰ। ਜਿਨ ਕੈ ਸੁਆਮੀ ਰਹਤ ਹਦੂਰਿ।
(ਰਾਮਕਲੀ)954

ਪਾਰਵਤੀ(ਹਿਮਾਲਾ ਦੀ ਪੁੱਤਰੀ,ਸ਼ਿਵ ਜੀ ਦੀ ਪਤਨੀ,ਗਣੇਸ਼ ਜੀ ਦੀ ਮਾਤਾ):

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ। (ਜਪੁਜੀ)

ਬ੍ਰਹਮਾ(ਕੰਵਲ ਦੇ ਫੁੱਲ ਤੋਂ ਜਨਮਿਆ ਦੇਵ):

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।
ਤਾ ਕੋ ਅੰਤੁ ਨ ਜਾਈ ਲਖਣਾ,ਆਵਤ ਜਾਤ ਰਹੈ ਗੁਬਾਰਿ।
(ਗੂਜਰੀ)489

ਬਲਿਰਾਜਾ(ਪ੍ਰਹਿਲਾਦ ਦਾ ਪੋਤਰਾ - ਤਪੱਸਵੀ ਰਾਜਾ):

ਬਲਿ ਰਾਜਾ ਮਾਇਆ ਅਹੰਕਾਰੀ। ਜਗਨ ਕਰੈ ਬਹੁ ਭਾਰ ਅਫਾਰੀ।
ਬਿਨੁ ਗੁਰ ਪੂਛੇ ਜਾਇ ਪਇਆਰੀ।
(ਗਉੜੀ)224

ਮਹਿਖਾਸੁਰ(ਮੈਂਹ ਦੀ ਕੁਖ ਤੋਂ ਜਨਮਿਆ ਝੋਟੇ ਦੀ ਸ਼ਕਲ ਦਾ ਦੈਂਤ ਅਤੇ ਮਧੂ,ਕੈਟਭ (ਵਿਸ਼ਨੂੰ ਦੇ ਕੰਨਾਂ ਦੀ ਮੈਲ ਤੋਂ ਜਨਮੇ ਦੋ ਦੈਂਤ):

ਸਹਸਬਾਹੁ ਮਧੁਕੀਟ ਮਹਖਾਸਾ। ਹਰਣਾਖਸ ਲੇ ਨਖਹੁ ਬਿਧਾਸਾ।
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ।
(ਗਉੜੀ)224

ਮੇਦਨੀ:ਪੌਰਾਣਿਕ ਕਥਾ ਅਨੁਸਾਰ ਧਰਤੀ ਮਧੂ ਅਤੇ ਕੈਟਭ ਦੀ ਮੇਦ(ਮਿਝ) ਤੋਂ ਬਣੀ ਹੈ। ਇਸੇ ਕਰਕੇ ਇਸ ਨੂੰ ਮੇਦਨੀ ਆਖਿਆ ਗਿਆ। ਇਸ ਸ਼ਬਦ ਦਾ ਉਲੇਖ ਵੇਖੋ:

ਵਡਾਹੂ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ।
(ਗਉੜੀ)172

ਰਾਹੁ ਕੇਤੁ(ਸੂਰਜ ਅਤੇ ਚੰਦਰਮਾ ਨੂੰ ਗ੍ਰਸ ਕੇ ਬਦਲਾ ਲੈਣ ਵਾਲੇ ਦੈਂਤ ਦੇ ਦੋ ਰੂਪ):

ਜੇ ਦੇਹੀ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ। (ਮਾਝ)142

ਪ੍ਰਹਲਾਦ, ਹਰਣਾਖਸ:

ਦੁਰਮਤਿ ਹਰਣਾਖਸੁ ਦੁਰਾਚਾਰੀ। ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ।
ਪ੍ਰਹਲਾਦ ਉਧਾਰੇ ਕਿਰਪਾ ਧਾਰੀ। (ਗਉੜੀ)224

ਚੌਦਾਂ ਰਤਨ:ਖੀਰ(ਦੁੱਧ) ਦੇ ਸਮੁੰਦਰ ਨੂੰ ਰਿੜਕ ਕੇ ਕੱਢੇ ਰਤਨ,ਜੋ ਦੇਵਾਂ ਅਤੇ ਦੈਂਤਾਂ ਵਿਚ ਵੰਡੇ ਗਏ:

ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਧਾਣੀ। (ਵਾਰ ਮਾਝ)150
ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ।

(ਆਸਾ)350-51

# ਅਧਿਆਇ ਪੰਜਵਾਂ

## ਗੁਰੂ ਨਾਨਕ ਬਾਣੀ ਵਿਚ ਨਾਸਤਕ ਭਾਰਤੀ ਸੰਪ੍ਰਦਾਵਾਂ ਦਾ ਚਿਤ੍ਰਨ

ਚਾਰ ਵਾਕ

ਜੈਨ ਮੱਤ

ਬੁੱਧ ਮੱਤ

## ਨਾਸਤਕ ਮੱਤ

ਰੱਬ ਦੀ ਹੋਂਦ ਤੇ ਵਿਸ਼ਵਾਸ ਨਾ ਰਖਣ ਵਾਲੇ ਵਿਅਕਤੀ ਜਾਂ ਮੱਤ ਨੂੰ ਨਾਸਤਕ ਮੱਤ ਕਿਹਾ ਗਿਆ ਹੈ। ਨਾਸਤਕ ਦੋ ਸ਼ਬਦਾਂ ਦਾ ਸੰਯੁਕਤ ਸ਼ਬਦ ਹੈ - ਨ + ਅਸਤੀ, ਜਿਸਦਾ ਭਾਵ ਹੈ ਕਿ 'ਨਹੀਂ ਹੈ'। ਭਾਰਤੀ ਦਰਸ਼ਨ ਵਿਚ ਮੁਖ ਤੌਰ ਤੇ ਤਿੰਨ ਨਾਸਤਕ ਮੱਤ ਹਨ: ਚਾਰ ਵਾਕ, ਜੈਨ ਅਤੇ ਬੁੱਧ। ਮੰਨੂੰ ਅਨੁਸਾਰ ਨਾਸਤਕ ਉਹ ਹਨ ਜੋ ਵੇਦਾਂ ਦੇ ਨਿੰਦਕ ਹਨ।[1] ਭਾਰਤੀ ਸੰਭਿਆਚਾਰ ਧਾਰਮਿਕ ਪੱਖ ਤੋਂ ਆਸਤਿਕ ਜਾਂ ਈਸ਼ਵਰਵਾਦੀ ਹੈ। ਉਕਤ ਤਿੰਨੇ ਮੱਤ ਇਸ ਵਿਸ਼ਵਾਸ ਤੋਂ ਬਾਗੀ ਸਨ। ਪਰ ਉਨ੍ਹਾਂ ਦੀ ਨਾਸਤਕ ਭਾਵਨਾ ਭਾਰਤੀ ਦੀ ਧਰਤੀ ਤੇ ਪੈਰ ਨਾ ਟਿਕਾ ਸਕੀ।

## ਚਾਰ ਵਾਕ

ਨਾਸਤਕ ਮੱਤ ਦਾ ਵੱਡਾ ਮੋਢੀ ਬ੍ਰਹਸਪਤੀ ਨੂੰ ਮੰਨਿਆ ਗਿਆ ਹੈ, ਜਿਸ ਨੇ ਵੇਦਾਂ ਦੇ ਮੁਕਾਬਲੇ ਤੇ ਗ੍ਰੰਥ ਰਚੇ। ਉਸਦਾ ਚੇਲਾ 'ਮੁਨਿ' ਨਾਸਤਕ ਮੱਤ ਦਾ ਮੁਖੀ ਪ੍ਰਚਾਰਕ ਸੀ, ਜਿਸ ਨੇ ਕਿ 'ਚਾਰ ਵਾਕ' ਨਾਮ ਦਾ ਗ੍ਰੰਥ ਲਿਖਿਆ ਸੀ। ਉਹ 2439 ਪੂ: ਈ: ਵਿਚ ਹੋਇਆ ਮੰਨਿਆ ਗਿਆ ਹੈ।[2] ਦਾਸਗੁਪਤਾ ਦਾ ਵਿਚਾਰ ਹੈ ਕਿ ਇਹ ਕਹਿਣਾ ਕਠਨ ਹੈ ਕਿ ਚਾਰ ਵਾਕ ਕਿਸੇ ਵਿਅਕਤੀ ਦਾ ਨਾਮ ਸੀ ਜਾਂ ਨਹੀਂ। ਇਹ ਨਾਮ ਪਹਿਲੀ ਵਾਰ ਪ੍ਰਸਿੱਧ ਮਹਾਂਭਾਰਤ (12.39-39) ਵਿਚ ਵਰਤਿਆ ਗਿਆ, ਜਿਸ ਵਿਚ ਤ੍ਰਿੰਡੀ ਵਾਲੇ ਬ੍ਰਾਹਮਣ ਤਪੱਸਵੀ ਦੇ ਰੂਪ ਵਿਚ ਇਸ ਨੂੰ ਵਰਣਨ ਕੀਤਾ ਗਿਆ ਹੈ, ਪਰ ਉਸਦੇ ਸਿਧਾਂਤਾਂ ਬਾਰੇ ਕੁਝ ਨਹੀਂ ਦੱਸਿਆ ਗਿਆ।[3]

ਬ੍ਰਹਸਪਤੀ ਨੇ ਕਈ ਸੂਤਰ ਲਿਖੇ ਸਨ। ਉਸਦੇ ਲਿਖਣ ਅਨੁਸਾਰ 'ਕਿਰਤਾਰਤ' ਤੋਂ ਸ੍ਰਿਸ਼ਟੀ ਦੀ ਰਚਨਾ ਹੋਈ, ਜਿਹਾ ਕਿ ਅਗਨੀ, ਪਾਣੀ, ਹਵਾ ਅਤੇ ਪ੍ਰਿਥਵੀ ਹੈ। ਆਕਾਸ਼ ਨੂੰ ਇਸ ਨੇ ਤੱਤ ਨਹੀਂ ਮੰਨਿਆ। ਚਹੁੰਆਂ ਦੇ ਸੰਜੋਗ ਨਾਲ ਚੇਤਨ ਉਤਪੰਨ ਹੋਇਆ, ਜਿਸਤਰ੍ਹਾਂ ਕਿ ਮਾਦਕ (ਨਸ਼ੇ ਵਾਲੇ) ਦ੍ਰਵਾਂ ਨਾਲ ਨਸ਼ਾ ਉਤਪੰਨ ਹੁੰਦਾ ਹੈ। ਇਸ ਤਰ੍ਹਾਂ ਜੀਵ ਸਰੀਰ ਨਾਲ ਹੀ ਪੈਦਾ ਹੋ ਕੇ ਮਰ ਜਾਂਦਾ ਹੈ। ਬਾਕੀ ਕੁਝ ਨਹੀਂ ਰਹਿੰਦਾ।[4] ਚਾਰ ਵਾਕ ਗ੍ਰੰਥਾਂ ਵਿਚ ਅੰਕਿਤ ਮੁਖ ਵਿਚਾਰ ਇਹ ਹਨ:

---

1. Das Gupta, A History of Indian Philosophy, Vol. III, p. 519.
2. ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਲੋਕਾਂਤਰੀ ਵਿਚਾਰਧਾਰਾ, ਪੰਨਾ 105.
3. Das Gupta, A History of Indian Philosophy, Vol. III, p. 519
4. ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਲੋਕਾਂਤਰੀ ਵਿਚਾਰਧਾਰਾ, ਪੰਨਾ 105.

1. ਚਾਰ ਵਾਕ ਇਕ ਪਦਾਰਥਵਾਦੀ ਮੱਤ ਹੈ। ਇਸ ਅਨੁਸਾਰ ਚੇਤਨਾ ਪਦਾਰਥ ਤੋਂ ਉਪਜਦੀ ਹੈ। ਸਰੀਰ ਦੇ ਮਰਨ ਨਾਲ ਹੀ ਖ਼ਤਮ ਹੋ ਜਾਂਦੀ ਹੈ। ਉਸਦਾ ਪੁਨਰ ਜਨਮ ਨਹੀਂ ਹੁੰਦਾ। ਪੁਨਰ ਜਨਮ ਵਿਚ ਵਿਸ਼ਵਾਸ ਨਾ ਹੋਣ ਕਰਕੇ ਕਰਮ ਸਿਧਾਂਤ ਨੂੰ ਨਹੀਂ ਮੰਨਿਆ ਗਿਆ।

2. ਜੀਵਨ ਦਾ ਮਨੋਰਥ ਖਾਣਾ ਪੀਣਾ ਅਤੇ ਮਨ ਇੱਛਤ ਫਲ ਭੋਗਣਾ ਹੈ। ਜੋ ਕੁਝ ਹੈ ਇਥੇ ਹੈ ਅਤੇ ਇਹੋ ਹੀ ਹੈ। ਪਰਲੋਕ ਨਾਂ ਦੀ ਕੋਈ ਚੀਜ਼ ਨਹੀਂ। ਜੇ ਪਰਲੋਕ ਨਹੀਂ ਹੈ ਤਾਂ ਉਸਦੀ ਚਿੰਤਾ ਕਰਨੀ ਮੂਰਖਤਾ ਹੈ। ਨਰਕ ਸੁਰਗ ਵੀ ਕੋਈ ਨਹੀਂ ਹਨ। ਚਾਰ ਵਾਕੀਏ ਇੰਦ੍ਰਿਆਵੀ ਸੁਖ ਨੂੰ ਹੀ ਸਭ ਕੁਝ ਸਮਝਦੇ ਸਨ, ਜਿਸ ਨੂੰ ਉਹ ਭਵਿਖਤ ਦੇ ਆਨੰਦ ਲਈ ਕੁਰਬਾਨ ਨਹੀਂ ਸਨ ਕਰਨਾ ਚਾਹੁੰਦੇ।

3. ਵੇਦਾਂ ਵਿਚ ਬਹੁਤੇ ਅਨਾਰਥਕ ਸ਼ਬਦ ਹਨ ਅਤੇ ਉਨ੍ਹਾਂ ਦੇ ਦੱਸੇ ਕਰਮ ਕਾਂਡ ਕਰਨੇ ਅਗਿਆਨਤਾ ਹੈ। ਇਹ ਚਤੁਰ ਬ੍ਰਾਹਮਣਾਂ ਦੀ ਕਿਰਤ ਹਨ।

4. ਪਦਾਰਥ ਦ੍ਰਵਯ ਸੰਯੁਕਤ ਹੋ ਕੇ ਸੰਸਾਰ ਦੀ ਰਚਨਾ ਹੁੰਦੀ ਹੈ। ਜਗਤ ਦਾ ਕੋਈ ਹੋਰ ਕਰਤਾ ਨਹੀਂ[1]

5. ਪਰਤੱਖ ਤੋਂ ਬਿਨਾਂ ਕੋਈ ਪਰਮਾਣ ਨਹੀਂ[2] ਉਸ ਤਾਂ ਸਾਰੇ ਮੱਤ ਪਰਤੱਖ ਨੂੰ ਗਿਆਨ ਦਾ ਸੋਮਾ ਮੰਨਦੇ ਹਨ, ਪਰ ਚਾਰ ਵਾਕ ਇਸ ਨੂੰ ਗਿਆਨ ਦਾ ਕੇਵਲ ਸੋਮਾ ਮੰਨਦਾ ਹੈ।[3] ਉਹ ਰੱਬ ਨੂੰ ਵੀ ਇਸ ਕਰਕੇ ਨਹੀਂ ਮੰਨਦਾ ਕਿਉਂਕਿ ਉਹ ਪ੍ਰਤੱਖ ਦੇ ਖੇਤਰ ਵਿਚ ਨਹੀਂ ਆਉਂਦਾ।[4]

6. ਉਨ੍ਹਾਂ ਦੀ ਜ਼ਿੰਦਗੀ ਭੋਗ ਵਿਲਾਸੀ ਸੀ। ਸੁੰਦਰ ਇਸਤ੍ਰੀ ਦਾ ਭੋਗ ਪਰਮਾਰਥ ਦਾ ਫਲ ਹੈ।[5] ਇਹ ਵੀ ਕਿਹਾ ਗਿਆ ਹੈ ਕਿ ਚਾਰ ਵਾਕੀਏ ਸ਼ਰਾਬ ਪੀਂਦੇ ਸਨ। ਮਾਸ ਖਾਂਦੇ ਸਨ ਅਤੇ ਲਿੰਗ ਸੰਬੰਧਾਂ ਦੀ ਉਨ੍ਹਾਂ ਵਿਚ ਕੋਈ ਪਾਬੰਦੀ ਨਹੀਂ ਸੀ। ਹਰ ਸਾਲ ਉਹ ਕਿਸੇ ਵਿਸ਼ੇਸ਼ ਦਿਨ ਇਕੱਠੇ ਹੁੰਦੇ ਸਨ ਅਤੇ ਔਰਤਾਂ ਨਾਲ ਬਿਨਾਂ ਰੋਕ ਭੋਗ ਕਰਦੇ ਸਨ। ਉਨ੍ਹਾਂ ਦੀ ਰਹਿਣੀ ਆਮ ਮਨੁੱਖਾਂ ਵਾਲੀ ਹੋਣ ਕਰਕੇ ਉਨ੍ਹਾਂ ਨੂੰ ਲੋਕਾਯਤ ਵੀ ਕਿਹਾ ਗਿਆ ਹੈ।[6]

---

1. ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ, ਪੰਨਾ 105.
   ਹੋਰ ਦੇਖੋ ਮਹਾਨ ਕੋਸ਼ ਅਤੇ
   The Cultural Heritage of India, Vol. III, pp. 20, 550
   A History of Indian Philosophy, Vol. III, p. 519.
2. ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ, ਪੰਨਾ 103.
3. The Cultural Heritage of India, Vol. IV, p. 550
4. ibid.
5. ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ, ਪੰਨਾ 106.
6. A History of Indian Philosophy, Vol. III, p. 533.

ਇਸ ਮੱਤ ਦੀ ਬਹੁਤ ਵਿਰੋਧਤਾ ਹੋਈ। ਸ਼ੰਕਰਾਚਾਰਯ ਨੇ ਚਾਰ ਵਾਕ ਸਕੂਲ ਨੂੰ ਦਰਸ਼ਨ ਪ੍ਰਣਾਲੀ ਨਹੀਂ ਮੰਨਿਆ। ਮਾਧਵ-ਚਾਰਯ ਵੇਲੇ ਇਸਦੀ ਵਿਸ਼ੇਸ਼ ਵਿਰੋਧਤਾ ਆਰੰਭ ਹੋਈ। ਉਸ ਨੇ ਇਸ ਮੱਤ ਨੂੰ ਦਰਸ਼ਨ ਦੀ ਸਭ ਤੋਂ ਘਟੀਆ ਪ੍ਰਣਾਲੀ ਕਿਹਾ ਅਤੇ ਇਸ ਮੱਤ ਤੇ ਫੈਸਲਾਕੁਨ ਜਿੱਤ ਪ੍ਰਾਪਤ ਕੀਤੀ।[1] ਚਾਰ ਵਾਕ ਦਾ ਸਾਹਿੱਤ ਭਾਰਤ ਵਿਚੋਂ ਲਗਭਗ ਖ਼ਤਮ ਹੋ ਚੁੱਕਾ ਹੈ। ਦੂਜੀਆਂ ਰਚਨਾਵਾਂ ਦੇ ਸੰਕੇਤਾਂ ਤੋਂ ਹੀ ਪਤਾ ਲਗਦਾ ਹੈ ਕਿ ਉਨ੍ਹਾਂ ਦੀਆਂ ਮੌਲਿਕ ਲਿਖਤਾਂ ਸੂਤਰਾਂ ਵਿਚ ਲਿਖੀਆਂ ਹੋਈਆਂ ਸਨ।[2] ਬੋਧੀ ਸਾਹਿੱਤ ਵਿਚ ਵੀ ਇਨ੍ਹਾਂ ਦੇ ਸੰਕੇਤ ਮਿਲਦੇ ਹਨ।[3]

ਗੁਰੂ ਨਾਨਕ ਮੱਤ ਵਿਚ ਵੀ ਵੇਦਾਂ ਦੀ ਪਰਮਾਣਿਕਤਾ ਨੂੰ ਅਸਵੀਕਾਰ ਕੀਤਾ ਗਿਆ ਹੈ ਅਤੇ ਕਰਮਕਾਂਡੀ ਫੋਕਟ ਜੀਵਨ ਦਾ ਵਿਰੋਧ ਹੈ।[4]

ਚਾਰ ਵਾਕ ਸਿਧਾਂਤ ਤੋਂ ਉਲਟ ਗੁਰਮੱਤ ਵਿਚ ਕਰਮ ਸਿਧਾਂਤ ਅਤੇ ਪੁਨਰ ਜਨਮ ਤੇ ਵਿਸ਼ਵਾਸ ਪ੍ਰਗਟ ਕੀਤਾ ਹੈ। ਜਪੁਜੀ ਵਿਚ ਗੁਰੂ ਨਾਨਕ ਦਾ ਕਥਨ ਹੈ:

ਕਰਿ ਕਰਿ ਕਰਣਾ ਲਿਖਿ ਲੈ ਜਾਹੁ। ਆਪੇ ਬੀਜਿ ਆਪੇ ਹੀ ਖਾਹੁ।[5]
ਨਾਨਕ ਹੁਕਮੀ ਆਵਹੁ ਜਾਹੁ।
(ਜਪੁਜੀ)

ਭੋਗ ਵਿਲਾਸੀ ਜ਼ਿੰਦਗੀ ਨੂੰ ਨਰਕ ਬਰਾਬਰ ਤਾਂ ਪਸ਼ੂ ਵਰਗੀ ਕਰਤੂਤ ਹੈ। ਗੁਰੂ ਨਾਨਕ ਦੇ ਕਥਨ ਅਨੁਸਾਰ:

ਭੋਗੀ ਕਉ ਦੁਖੁ ਰੋਗ ਵਿਆਪੈ। (ਬਸੰਤ) 1189

...

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ।
ਭੋਗਹੁ ਰੋਗ ਸੁ ਅੰਤਿ ਵਿਗੋਵੈ। (ਮਾਰੂ) 1034

ਪਦਾਰਥਕ ਸੁਖ ਸਦੀਵੀ ਸੁਖ ਨਹੀਂ। ਪਰਮ ਸੁਖ ਪਰਮਾਤਮਾ ਦੀ ਪ੍ਰੀਤ ਵਿਚ ਹੈ। ਪਦਾਰਥਕ ਸੁਖ ਦੁਖ ਕਲੇਸ਼ ਵਿਚ ਬਦਲ ਜਾਂਦੇ ਹਨ:

ਤੂ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ।
(ਆਸਾ) 438

---

1. The Cultural Heritage of India, Vol.III, p.183.
2. S.Dasgupta, A History of Indian Philosophy, Vol.III, p.139-40.
3. Ibid., p.519.
4. ਵੇਖੋ ਅਧਿਆਇ ਚੋਥ, ਕਰਮ ਕਾਂਡ
5. ਹੋਰ ਵੇਖੋ ਕਰਮ ਸਿਧਾਂਤ ਅਤੇ ਆਵਾਗਵਣ, ਅਧਿਆਇ ਚੋਥਾ

ਪ੍ਰਭੂ ਸੁਖ ਨਿਧਾਨ ਹੈ, ਸੁਖਾਂ ਦਾ ਦਾਤਾ ਹੈ। ਉਸਦੇ ਸਿਮਰਨ ਨਾਲ ਹੀ ਪਰਮ ਸੁਖ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਸੁਖੀ ਮਨੁੱਖ ਉਸ ਨੂੰ ਕਹਿੰਦੇ ਹਨ, ਜਿਸਦੇ ਮਨ ਵਿਚ ਸੁਖ ਨਿਧਾਨ ਦਾ ਵਾਸਾ ਹੈ:

ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ।
ਨਾਮ ਵਿਹੂਣੇ ਨਿਆਫਣੀ ਜਿਸੁ ਹਰਿ ਗੁਰ ਦਰਸੁ ਨ ਹੋਇ।[1]
(ਸਿਰੀ ਰਾਗ)63

ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਹੈ। ਰਚਨਾ ਸੁਭਾਵਕ ਹੀ ਪਦਾਰਥਾਂ ਦੇ ਜੋੜ ਨਾਲ ਨਹੀਂ ਹੋ ਗਈ। ਇਨ੍ਹਾਂ ਤੱਤਾਂ ਨੂੰ ਜੋੜਨ ਤੇ ਵਿਛੋੜਨ ਵਾਲਾ ਵੀ ਉਹ ਆਪ ਹੈ। ਨਾਨਾ ਪ੍ਰਕਾਰ ਦੀ ਰਚਨਾ ਉਸੇ ਤੋਂ ਹੋਈ ਹੈ:

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।[2]
(ਜਪੁਜੀ)

ਇੰਦਰੀਆਂ ਦੁਆਰਾ ਪ੍ਰਤੱਖ ਗਿਆਨ ਤਾਂ ਪ੍ਰਾਪਤ ਹੁੰਦਾ ਹੈ, ਪਰ ਉਚੇਰਾ ਅਤੇ ਸਦੀਵੀ ਇਨ੍ਹਾਂ ਦੁਆਰਾ ਨਹੀਂ ਹੋ ਸਕਦਾ। ਗਿਆਨ ਦਾ ਸੋਮਾ ਗੁਰੂ (ਪਰਮਾਤਮਾ) ਹੀ ਹੈ। ਗੁਰੂ ਨਾਨਕ ਦਾ ਕਥਨ ਹੈ:

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ। (ਬਿਲਾਵਲ ਅਸਟਪਦੀਆਂ)831

ਅਤੇ

ਗੁਰ ਬਿਨੁ ਗਿਆਨੁ ਨ ਹੋਇ। (ਵਾਰ ਆਸਾ)469

ਇੰਦਰੀਆਂ ਤੋਂ ਉਚੇਰਾ ਉਠ ਕੇ ਪ੍ਰਾਪਤ ਗਿਆਨ ਵਿਚ ਹੀ ਆਨੰਦ ਹੈ।[3] ਚਾਰਵਾਕੀ ਦੀ ਦ੍ਰਿਸ਼ਟੀ ਸੀਮਤ ਹੈ। ਉਹ ਪ੍ਰਤੱਖ ਤੋਂ ਅੱਗੇ ਨਹੀਂ ਵੇਖ ਸਕਦਾ, ਜਦ ਕਿ ਪ੍ਰਤੱਖ ਤੋਂ ਪਰੇ ਬਹੁਤ ਕੁਝ ਹੈ, ਜਿਸ ਤੱਕ ਉਸਦੀ ਪਹੁੰਚ ਨਹੀਂ। ਉਸਨੂੰ ਵੇਖਣ ਵਾਲੀ ਅਨੁਭਵ ਦੀ ਅੱਖ ਹੈ, ਜੋ ਭੌਤਿਕ ਪਦਾਰਥ ਤੋਂ ਉਚੇਰਿਆਂ ਉਠ ਕੇ ਹੀ ਖੁਲ੍ਹਦੀ ਹੈ।[4]

ਗੁਰਬਾਣੀ ਖਾਣ ਪੀਣ, ਭੋਗਣ ਅਤੇ ਵਿਚਰਨ ਵਿਚ ਸੰਜਮਤਾ ਦੀ ਪ੍ਰੇਰਨਾ ਕਰਦੀ ਹੈ। ਚਾਰ ਵਾਕ ਤੋਂ ਉਲਟ ਗੁਰੂ ਨਾਨਕ ਬਾਣੀ ਇਹ ਨਜ਼ਰੀਆ ਪ੍ਰਗਟਾਉਂਦੀ ਹੈ:

---

1. ਗੁਰੂ ਅਰਜਨ ਦੇਵ ਜੀ ਨੇ ਇਹ ਨਿਰਣਾਤਮਕ ਫੈਸਲਾ ਦਿੱਤਾ ਹੈ:
   ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ।
   ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ। (ਵਾਰ ਜੈਤਸਰੀ)708
2. ਵੇਖੋ ਸ੍ਰਿਸ਼ਟੀ ਰਚਨਾ, ਅਧਿਆਇ ਚੌਥਾ.
3. ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ। ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ।
   ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ
   ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ। (ਵਾਰ ਮਾਝ ਮ:2)139.
4. ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ। (ਵਡਹੰਸ ਮ:5)577.

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ।
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ।          (ਵਾਰ ਸੂਹੀ)790

...

ਓਨੀ ਦੁਨੀਆ ਤੋੜੇ ਬੰਧਨਾ ਅੰਨ ਪਾਣੀ ਥੋੜਾ ਖਾਇਆ।
(ਵਾਰ ਆਸਾ)467

ਸ਼ਰਾਬ ਆਦਿ ਨਸ਼ੇ ਵੀ ਮਨ ਵਿਚ ਵਿਕਾਰ ਹੀ ਪੈਦਾ ਕਰਦੇ ਹਨ। ਗੁਰਬਾਣੀ ਵਿਚ ਇਸ ਨੂੰ ਚੰਗਾ ਨਹੀਂ ਸਮਝਿਆ ਗਿਆ। ਗੁਰੂ ਨਾਨਕ ਦਾ ਕਥਨ ਹੈ:

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ।
(ਵਾਰ ਬਿਹਾਗੜਾ)553

ਨਾਮ ਹੀ ਸਰਬੋਤਮ ਨਸ਼ਾ ਹੈ, ਜਿਸ ਨਾਲ ਮਨ ਸੁਖੀ ਤੇ ਸ਼ਾਂਤ ਹੁੰਦਾ ਹੈ:

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।
(ਆਸਾ ਮ:1)360

ਚਾਰ ਵਾਕ ਤੋਂ ਉਲਟ ਗੁਰੂ ਨਾਨਕ ਬਾਣੀ ਵਿਚ ਕਾਮ-ਸੰਜਮ ਤੇ ਵੀ ਬਲ ਦਿੱਤਾ ਹੈ। ਕਾਮੀ ਆਪਣੇ ਜੀਵਨ ਨੂੰ ਤਬਾਹ ਕਰ ਲੈਂਦਾ ਹੈ। ਗੁਰੂ ਨਾਨਕ ਦਾ ਦ੍ਰਿਸ਼ਟਾਂਤ ਸਹਿਤ ਵਿਚਾਰ ਉਲੇਖਯੋਗ ਹੈ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਜਿਉ ਕੰਚਨ ਸੋਹਾਗਾ ਢਾਲੈ।
(ਰਾਮਕਲੀਆ)932

ਗੁਰਬਾਣੀ ਵਿਚ ਚਾਰ ਵਾਕ, ਉਸਦੇ ਸੰਚਾਲਕਾਂ ਜਾਂ ਗ੍ਰੰਥਾਂ ਦਾ ਸੰਕੇਤ ਤਾਂ ਨਹੀਂ ਹੈ, ਪਰ ਉਸ ਮੱਤ ਤੇ ਟਿੱਪਣੀ ਜ਼ਰੂਰ ਹੈ।

## ਜੈਨ ਮੱਤ

ਭਾਰਤੀ ਸੱਭਿਆਚਾਰ ਦੀ ਫੁਲਵਾੜੀ ਵਿਚ ਵੱਖ ਵੱਖ ਮੱਤਾਂ ਨੇ ਆਪਣੇ ਵੱਖ ਵੱਖ ਰੰਗਾਂ ਦੇ ਧਾਰਮਿਕਾਂ ਨਾਲ ਫੁਲ ਬੂਟੇ ਪਾਏ ਜੋ ਵੱਖ ਵੱਖ ਮਹੱਤਤਾ ਰਖਦੇ ਹੋਏ ਵੀ ਇਸ ਸਾਂਝੇ ਬਾਗ ਦਾ ਹੀ ਹਿੱਸਾ ਹਨ। ਇਨ੍ਹਾਂ ਵਿਚੋਂ ਜੈਨ ਮੱਤ ਵੀ ਇਕ ਮਹੱਤਵ ਪੂਰਣ ਮੱਤ ਰਹਿਆ ਹੈ ਜੋ ਆਰੰਭ ਵਿਚ ਇਕ ਅਵੈਦਿਕ ਪ੍ਰਣਾਲੀ ਸੀ। ਇਸ ਮੱਤ ਦੇ 24 ਤੀਰਥੰਕਰ(ਗੁਰੂ) ਹੋਏ ਹਨ। ਸ੍ਰੀ ਵਰਧਮਾਨ ਮਹਾਵੀਰ (599-527 ਪੂ.ਈ.) ਅੰਤਿਮ ਤੀਰਥੰਕਰ ਸੀ ਜੋ ਮਹਾਤਮਾ ਬੁੱਧ ਦਾ ਸਮਕਾਲੀ ਸੀ। ਮਹਾਵੀਰ ਤੋਂ ਪਹਿਲਾ ਤੀਰਥੰਕਰ(23ਵਾਂ) ਪਾਰਸ਼ਨਾਥ ਸੀ।

ਜੈਨ-ਮਤ ਬਹੁਤ ਪੁਰਾਣਾ ਮੱਤ ਹੈ ਅਤੇ ਬੁੱਧ ਮੱਤ ਤੋਂ ਪਹਿਲਾਂ ਵਜੂਦ ਵਿਚ ਆਇਆ ਮੰਨਿਆ ਜਾਂਦਾ ਹੈ। ਵੇਦਾਂ ਵਿਚ ਯੱਗਾਂ ਵਿਚ ਜੀਵਾਂ ਦੇ ਬਲੀਦਾਨ ਕਰਨ ਦੇ ਨਾਲ ਨਾਲ ਹੀ ਅਹਿੰਸਾ ਦਾ ਖ਼ਿਆਲ ਵੀ ਤੁਰਿਆ ਰਿਹਾ ਹੈ। ਇਸ ਲਈ ਹੋ ਸਕਦਾ ਹੈ ਜੋ ਅਹਿੰਸਾ ਦਾ ਪਰਚਾਰ ਆਰੀਆਂ ਦੇ ਭਾਰਤ ਆਉਣ ਤੋਂ ਪਹਿਲਾਂ ਵੀ ਹੁੰਦਾ ਹੋਵੇ।[1] ਜੈਨ ਮਤ ਦਾ ਮੁੱਢਲਾ ਤੀਰਥੰਕਰ ਰਿਸ਼ਭ ਮੁਨੀ ਸੀ, ਜਿਸਦਾ ਵਰਣਨ ਵਿਸ਼ਨੂੰ ਅਤੇ ਭਾਗਵਤ ਪੁਰਾਣ ਵਿਚ ਵੀ ਮਿਲਦਾ ਹੈ। ਮੁਢਲੇ ਬ੍ਰਾਹਮਣੀ ਸਾਹਿਤ ਵਿਚ ਵੀ ਇਸ ਮੱਤ ਦਾ ਵਰਣਨ ਮਿਲਦਾ ਹੈ ਜੋ ਵੈਦਿਕ ਸੰਸਥਾ ਅਤੇ ਪਸ਼ੂਆਂ ਦੀ ਬਲੀ ਦੇਣ ਦੇ ਵਿਰੁੱਧ ਸੀ। ਜੈਨੀ ਪਰੰਪਰਾ ਅਨੁਸਾਰ ਮਹਾਂਭਾਰਤ ਦੇ ਯੁੱਧ ਵੇਲੇ ਇਸਦਾ 22ਵਾਂ ਤੀਰਥੰਕਰ ਨੇਮੀ ਨਾਥ ਸੀ,[2] ਜੋ ਕ੍ਰਿਸ਼ਨ ਜੀ ਦੀ ਤਰ੍ਹਾਂ ਯਾਦਵ ਪਰਿਵਾਰ ਵਿਚੋਂ ਸੀ। ਪਰੰਤੂ ਜੈਨ ਮਤ ਨੂੰ ਵਧੇਰੇ ਪ੍ਰਸਿੱਧੀ ਪਾਰਸ਼ਨਾਥ ਅਤੇ ਮਹਾਂਵੀਰ ਦੇ ਸਮੇਂ ਹੀ ਮਿਲੀ।

ਮਹਾਂਵੀਰ ਜਿਸ ਦਾ ਜਨਮ 599 ਪੂ.ਈ. ਵਿਚ ਹੋਇਆ ਮੰਨਿਆ ਗਿਆ ਹੈ, 30 ਸਾਲ ਦੀ ਉਮਰ ਵਿਚ ਸੱਚ ਦੀ ਖੋਜ ਲਈ ਨਿਕਲਿਆ। ਉਸਦੇ ਅਸਲ ਨਾਮ ਦਾ ਪਤਾ ਨਹੀਂ। ਮਹਾਂਵੀਰ ਇਕ ਉਪਾਧੀ ਹੈ, ਜਿਸ ਤੋਂ ਭਾਵ ਹੈ ਮਹਾਨ ਨਾਇਕ।[3] ਮਹਾਂਵੀਰ ਨੇ ਆਤਮਿਕ ਸੰਪੂਰਨਤਾ ਪ੍ਰਾਪਤ ਕਰ ਲਈ ਸੀ, ਜਿਸ ਕਰਕੇ ਉਸਨੂੰ ਜਿਨ, ਸਿਧ, ਅਰਹਤ ਅਤੇ ਵਰਧਮਾਨ ਵੀ ਕਿਹਾ ਜਾਂਦਾ ਹੈ।[4] ਮਹਾਂਵੀਰ ਬੁੱਧ ਦਾ ਸਮਕਾਲੀ ਸੀ, ਪਰ ਬੁੱਧ ਵਾਂਗ ਉਹ ਧਰਮ ਜਾਂ ਸੰਪ੍ਰਦਾ ਦਾ ਬਾਨੀ ਨਹੀਂ ਸੀ,[5] ਸਗੋਂ ਇਕ ਭਿਖਸ਼ੂ ਸੀ, ਜਿਸਨੇ ਜੈਨ ਮੱਤ ਧਾਰਨ ਕੀਤਾ, ਰਿਸ਼ੀ ਅਤੇ ਅੰਤਿਮ ਤੀਰਥੰਕਰ ਬਣਿਆ।

<u>ਚਾਰ ਮੱਤ</u>

23ਵੇਂ ਤੀਰਥੰਕਰ ਪਾਰਸ਼ਨਾਥ ਨੇ ਚਾਰ ਵਚਨਾਂ (ਵਰਤਾਂ) ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ ਹੈ। ਉਹ ਚਾਰ ਮੱਤ ਇਹ ਹਨ:

1. ਕਿਸੇ ਪ੍ਰਾਣੀ ਨੂੰ ਕਸ਼ਟ ਨਾ ਦੇਣਾ
2. ਕਦੇ ਝੂਠ ਨਾ ਬੋਲਣਾ
3. ਚੋਰੀ ਨਾ ਕਰਨਾ
4. ਮਾਇਆ ਦੇ ਲੋਭ ਤੋਂ ਬਚਣਾ

---

1. ਭਗਤ ਸਿੰਘ ਹੀਰਾ, ਗੁਰਮਤ ਵਿਚਾਰਧਾਰਾ, ਪੰਨਾ 121.
2. Cultural Heritage of India, Vol. I, p.400.
3. 'We do not know the personal name of Lord Mahavira. Mahavira is only a title. It means a great hero' (Harbans Singh, An Introduction to Indian Religions, p.79).
4. 'He is also known as Jina (the Victor), Siddha (the perfect) Arhat (the holy) and Vardhamana (the Prosperous). All these epithets indicate spiritual perfection Mahavira had attained' (An Introduction to Indian Religions, pp.79-80).
5. Dasgupta, A History of Indian Philosophy, Vol. I, p.169.

ਪਿਛੋਂ ਮਹਾਂਵੀਰ ਨੇ ਇਨ੍ਹਾਂ ਚਾਰ ਵਚਨਾਂ ਵਿਚ ਇਹ ਵਾਧਾ ਕਰ ਦਿੱਤਾ:

5. ਬ੍ਰਹਮਚਰਯ ਦੀ ਪਾਲਣਾ ਕਰਨਾ
6. ਰਾਤ ਨੂੰ ਭੋਜਨ ਨਾ ਕਰਨਾ

ਇਹ ਸਾਰੇ ਨੈਤਿਕ ਆਦੇਸ਼ ਹਨ। ਸੱਤ ਬਾਰੇ ਜੈਨ ਵਿਚਾਰ ਹੈ ਕਿ ਇਹ ਬੀਜ ਰੂਪ ਹੈ ਜੋ ਵੱਖ ਵੱਖ ਰੂਪਾਂ ਵਿਚ ਪ੍ਰਗਟ ਹੋਇਆਂ ਵਿਸਤਾਰ ਵੀ ਮੂਲ ਰੂਪ ਵਿਚ ਬੀਜ ਹੀ ਹੈ। ਬੀਜ ਬੀਜਿਆਂ ਉਹ ਬੂਟੇ ਦੇ ਰੂਪ ਵਿਚ ਵੱਡਾ ਹੁੰਦਾ ਰਹਿੰਦਾ ਹੈ, ਪਰ ਉਹ ਬੀਜ ਤੋਂ ਵੱਖਰਾ ਕੋਈ ਹੋਰ ਪੌਦਾ ਨਹੀਂ ਬਣ ਸਕਦਾ। ਇਹੋ ਸੱਤ ਦਾ ਪਰਿਣਾਮ ਹੈ। ਗੁਰਬਾਣੀ ਨੇ ਸੱਤ ਪ੍ਰਭੂ ਨੂੰ ਕਿਹਾ ਹੈ, ਜਿਸ ਤੋਂ ਸਰਬ ਸਾਰੀ ਉਤਪਤੀ ਹੁੰਦੀ ਹੈ।[1]

ਜੈਨ ਸ਼ਬਦ

ਜੈਨ ਸ਼ਬਦ ਦਾ ਨਿਕਾਸ 'ਜਿਨ' ਤੋਂ ਹੈ ਜਿਸ ਤੋਂ ਭਾਵ ਹੈ ਉਹ ਵਿਅਕਤੀ ਜਿਸ ਨੇ ਮਨ ਨੂੰ ਸਾਧ ਲਿਆ ਹੋਵੇ ਜਾਂ ਇੰਦਰੀਆਂ ਤੇ ਕਾਬੂ ਪਾ ਲਿਆ ਹੋਵੇ।[2] ਮਹਾਂਵੀਰ ਨੇ ਵੀ ਬਾਰਾਂ ਸਾਲ ਕਠਨ ਸਾਧਨਾ ਕੀਤੀ ਅਤੇ ਗਿਆਨ ਪ੍ਰਾਪਤ ਕੀਤਾ ਸੀ। ਇਸ ਸਮੇਂ ਵਿਚ ਉਨ੍ਹਾਂ ਨੇ ਜੋ ਕਪੜੇ ਪਹਿਨੇ ਹੋਏ ਸਨ, ਉਹ ਸਭ ਸਰਕਦੇ ਹੋਏ ਸਰੀਰ ਨਾਲੋਂ ਵੱਖ ਹੋ ਗਏ ਅਤੇ ਇਸ ਤੋਂ ਪਿਛੋਂ ਉਨ੍ਹਾਂ ਨੇ ਕਪੜੇ ਪਾਏ ਹੀ ਨਹੀਂ ਅਤੇ ਫਿਰ ਆਪਣੇ ਸ਼ਿਸ਼ਾਂ ਨੂੰ ਵੀ ਇਹ ਹੀ ਉਪਦੇਸ਼ ਦਿੱਤਾ,[3] ਪਰ ਪਾਰਸ਼ਨਾਥ ਨੇ ਆਪਣੇ ਸ਼ਿਸ਼ਾਂ ਨੂੰ ਕੇਵਲ ਦੋ ਕਪੜੇ ਇਕ ਹੇਠਲਾ ਅਤੇ ਇਕ ਉਪਰਲਾ ਪਹਿਨਣ ਦੀ ਖੁਲ੍ਹ ਦਿੱਤੀ ਹੋਈ ਸੀ, ਪਰ ਮਹਾਂਵੀਰ ਨੇ ਸ਼ਿਸ਼ਾਂ ਨੂੰ ਕਪੜੇ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ। ਮਹਾਂਵੀਰ ਦੇ ਉਪਾਸ਼ਕ ਜੈਨੀਆਂ ਨੇ ਇਸਦੀ ਪਾਲਣਾ ਕੀਤੀ। ਉਹ ਕਪੜਿਆਂ ਸਮੇਤ ਸਭ ਕਾਸੇ ਦਾ ਤਿਆਗ ਕਰਦੇ ਸਨ। ਉਨ੍ਹਾਂ ਦਾ ਵਿਚਾਰ ਹੈ ਕਿ ਸ਼ਰਮ ਦਾ ਖਿਆਲ ਆਉਣਾ ਵੀ ਪਾਪ ਹੈ। ਕੁਝ ਜੈਨ-ਵਿਦਵਾਨਾਂ ਦਾ ਵਿਚਾਰ ਹੈ ਕਿ ਉਨ੍ਹਾਂ ਵਿਚ ਮੋਕਸ਼ ਪ੍ਰਾਪਤ ਨਹੀਂ ਹੋ ਸਕਦੀ ਜਦ ਤਕ ਕਿ ਉਨ੍ਹਾਂ ਨੂੰ ਆਮ ਲੋਕਾਂ ਵਾਂਗ ਆਪਣੇ ਨਗਨ ਦਾ ਅਹਿਸਾਸ ਹੁੰਦਾ ਹੈ। ਨਗਨ ਦਾ ਖਿਆਲ ਦਰਸਾਂਦਾ ਹੈ ਕਿ ਸਾਨੂੰ ਸਰੀਰ ਨਾਲ ਲਗਾਉ ਹੈ।[4]

ਦਿਗੰਬਰ ਜੈਨੀਆਂ ਦੇ ਇਸ ਕਰਮ ਤੇ ਗੁਰੂ ਨਾਨਕ ਦੇਵ ਜੀ ਨੇ ਟਿਪਣੀ ਕਰਦਿਆਂ ਲਿਖਿਆ ਹੈ:

---

1. ਆਪਿ ਸਤਿ ਕੀਆ ਸਭੁ ਸਤਿ। ਤਿਸੁ ਪ੍ਰਭ ਤੇ ਸਗਲੀ ਉਤਪਤਿ। (ਸੁਖਮਨੀ) 294.
2. ਜੈਨ ਮਤ ਦੇ ਨੇਮ ਧਾਰਨ ਕਰਨੇ ਜਿਨ (ਅਰਹੰਤ ਦੇਵ) ਦੇ ਉਪਾਸ਼ਕ ਜੈਨੀ ਸਦਾਉਂਦੇ ਹਨ। (ਗੁਰਮਤ ਪ੍ਰਭਾਕਰ, ਪੰਨਾ 182)
3. ਜੈਨੀਆਂ ਦਾ ਪ੍ਰਸਿੱਧ ਗ੍ਰੰਥ ਆਚਾਰਾਂਗ ਸੂਤ੍ਰ ਹੈ, ਜਿਸ ਅਨੁਸਾਰ ਵਰਧਮਾਨ (ਮਹਾਂਵੀਰ) ਜੀ ਨੇ ਭਿਖਸ਼ੂ ਬਣਨ ਸਮੇਂ ਜੋ ਕਪੜੇ ਪਹਿਨੇ ਹੋਏ ਸਨ, ਤੇਰਾਂ ਮਹੀਨਿਆਂ ਵਿਚ ਲੀਰੋ ਲੀਰ ਹੋ ਕੇ ਸਰੀਰ ਨਾਲੋਂ ਆਪਣੇ ਆਪ ਹੀ ਅੱਡ ਹੋ ਗਏ ਸਨ, ਤਦ ਵੀ ਏਸ ਗਲੋਂ ਬੇਖ਼ਬਰ ਹੋ ਵਰਧਮਾਨ ਜੀ ਛੋਟੇ ਬਾਲ ਵਾਂਗ ਨਗਨ ਹੀ ਬੈਠੇ ਰਹੇ। ਇਸ ਤੋਂ ਮਗਰੋਂ ਉਨ੍ਹਾਂ ਮੁੜ ਕਪੜੇ ਨਹੀਂ ਪਾਏ। (ਭਗਤ ਸਿੰਘ ਹੀਰਾ - ਗੁਰਮਤ ਵਿਚਾਰਧਾਰਾ, ਪੰਨਾ 25)

4- Harbans Singh Lal Mani Joshi, An Introduction to Indian Religions, p.86.

ਬਸਤ੍ਰ ਉਤਾਰਿ ਦਿਗੰਬਰ ਹੋਗੁ। ਜਟਾ ਧਾਰਿ ਕਿਆ ਕਮਾਵੈ ਜੋਗੁ।
ਮਨੁ ਨਿਰਮਲੁ ਨਹੀ ਦਸਵੈ ਦੁਆਰ। ਭ੍ਰਮਿ ਭ੍ਰਮਿ ਆਵੈ ਮੂੜਾ ਵਾਰੋ ਵਾਰ।
(ਬਸੰਤ )1159

ਜਦੋਂ ਕੇਸ਼ਨ ਅਤੇ ਉਸਦੇ ਚੇਲੇ ਜੋ ਪਾਰਸਨਾਥ ਨੂੰ ਮੰਨਦੇ ਸਨ, ਮਹਾਵੀਰ ਦੇ ਪੰਜ ਸਿਧਾਂਤਾਂ ਨੂੰ ਮੰਨਣ ਲਗ ਪਏ ਤਾਂ ਉਨ੍ਹਾਂ ਨੂੰ ਕਪੜੇ ਪਾਉਣ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਤਰ੍ਹਾਂ ਮਹਾਵੀਰ ਨੂੰ ਮੰਨਣ ਵਾਲੇ ਦੋ ਹਿੱਸਿਆਂ ਵਿਚ ਵੰਡੇ ਗਏ ਇਕ ਸਵੇਤੰਬਰੀ ਜੋ ਸਫੇਦ ਕਪੜੇ ਪਹਿਨਦੇ ਸਨ ਅਤੇ ਦੂਜੇ ਦਿਗੰਬਰੀ ਜੋ ਬਿਲਕੁਲ ਨਗਨ ਰਹਿੰਦੇ ਸਨ। ਪਰ ਤੀਰਥੰਕਰਾਂ ਵਿਚ ਅਜਿਹੀ ਕੋਈ ਵੰਡ ਨਹੀਂ ਉਹ ਸਭ ਚਿੱਟੇ ਕਪੜੇ ਪਹਿਨਦੇ ਸਨ।[1] ਸਵੇਤੰਬਰੀ ਸਾਧੂਆਂ ਨੂੰ ਬਾਹਰਲਾ ਉਜਲਾਪਨ ਬਨਾਉਣ ਦੀ ਥਾਂ ਮਨ ਉਜਲਾ ਬਨਾਉਣ ਅਤੇ ਨਾਮ ਸਿਮਰਨ ਦੁਆਰਾ ਆਪਣੇ ਮੂਲ ਨੂੰ ਪਹਿਚਾਨਣ ਲਈ ਕਿਹਾ ਹੈ। ਜੇ ਉਹ ਸਵੇਤੰਬਰੀ ਹੋ ਕੇ ਵੀ ਆਪਣੇ ਮਨ ਨੂੰ ਸਾਫ਼ ਨਹੀਂ ਰਖਦੇ ਤਾਂ ਉਹ ਪਸ਼ੂ ਸਮਾਨ ਹਨ।[2] ਗੁਰੂ ਨਾਨਕ ਦੇਵ ਜੀ ਦਾ ਇਹ ਵਿਚਾਰ ਇਸੇ ਭਾਵ ਨੂੰ ਪ੍ਰਗਟ ਕਰਦਾ ਹੈ:

ਚਿਟੇ ਜਿਨਕੇ ਕਪੜੇ ਮੈਲੇ ਚਿਤ ਕਠੋਰ ਜੀਉ।
ਤਿਨ੍ਹ ਮੁਖ ਨਾਮ ਨ ਊਪਜੈ ਦੂਜੈ ਵਿਆਪੇ ਚੋਰ ਜੀਉ।
ਮੂਲ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ। (ਸੂਹੀ )751

ਗੁਰਮਤਿ ਨੰਗਿਆਂ ਰਹਿਣ ਜਾਂ ਕਪੜੇ ਨਾ ਪਾਉਣ ਦਾ ਵਿਰੋਧ ਕਰਦੀ ਹੈ। ਅਧਿਆਤਮਕਤਾ ਦਾ ਅੰਦਰਲੇ ਜੀਵਨ ਨਾਲ ਸੰਬੰਧ ਹੈ। ਕਪੜੇ ਨਾ ਪਾਕੇ ਸਰੀਰ ਨੂੰ ਗਰਮੀ ਸਰਦੀ ਵਿਚ ਬੇਲੋੜਾ ਕਸ਼ਟ ਦੇਣਾ ਹੈ:

ਬਸਤ੍ਰ ਨ ਪਹਰੈ। ਅਹਿਨਿਸਿ ਕਹਰੈ। (ਵਾਰ ਆਸਾ )467

ਗੁਰੂ ਨਾਨਕ ਪਾਰਸਨਾਥ ਦੇ ਉਕਤ ਚਹੁੰਆਂ ਨੈਤਿਕ ਆਦੇਸ਼ਾਂ ਦਾ ਵਿਲੱਖਣ ਦ੍ਰਿਸ਼ਟੀ ਤੋਂ ਸਮਰਥਨ ਕਰਦੇ ਹਨ।

<u>ਪਹਿਲਾ ਸੱਚ</u>

ਸਭ ਤੋਂ ਪਹਿਲਾਂ ਅਹਿੰਸਾ ਦਾ ਆਦੇਸ਼ ਹੈ। ਜਦੋਂ ਮਹਾਵੀਰ ਜੀ ਪਰਚਾਰ ਲਈ ਨਿਕਲੇ ਸਨ ਉਦੋਂ ਧਰਮ ਤੇ ਸਮਾਜ ਵਿਚ ਦਯਾ ਦੇ ਭਾਵ ਮੁਕੋਂ ਚੁੱਕੇ ਸਨ। ਧਰਮ ਦੇ ਨਾਂ ਉਤੇ ਹਜ਼ਾਰਾਂ ਜਿੰਦਾਂ ਕੁਰਬਾਨ ਹੋ ਰਹੀਆਂ ਸਨ। ਇਨ੍ਹਾਂ ਮਾਸੂਮ ਜਿੰਦਾਂ ਦੇ ਅਜਾਈਂ ਘਾਤ ਨੂੰ ਬਲੀਦਾਨ ਕਹਿ ਕੇ ਵਡਿਆਇਆ ਜਾ ਰਿਹਾ ਸੀ। ਇਸ ਲਈ ਆਪਣੇ ਮਤਲਬ ਲਈ ਦੇਵਤਿਆਂ

1. Dr.Mohan Lal Mehta, Jaina Monastic Discipline in Jainism, p.69.
2. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਇਕ ਸਾਹਿਤਿਕ ਸਰਵੇਖਣ, ਪੰਨਾ 514.

ਨੂੰ ਪ੍ਰਸੰਨ ਕਰਨ ਦੇ ਖ਼ਿਆਲ ਨੇ ਸਮਾਜ ਵਿਚ, ਰਾਜ ਵਿਚ, ਰਾਜ ਘਰਾਣਿਆਂ ਵਿਚ ਤੇ ਰਾਜ ਦੇ ਰਾਖੇ ਰਾਜਿਆਂ ਵਿਚ ਕਠੋਰਤਾ, ਕੁਵਿਰਤਾਂ ਤੇ ਹਿੰਸਾ ਦਾ ਤਸੱਲਤ ਪੂਰੇ ਤੌਰ ਤੇ ਜਮਾਇਆ ਹੋਇਆ ਸੀ। ਏਹੀ ਕਾਰਨ ਸੀ ਕਿ ਸ੍ਰੀ ਮਹਾਵੀਰ ਤੇ ਮਹਾਤਮਾ ਬੁੱਧ ਦੋਹਾਂ ਨੇ ਆਪਣੀ ਆਪਣੀ ਥਾਵੇਂ 'ਅਹਿੰਸਾ ਪਰਮੋ ਧਰਮਾ' ਦਾ ਮੁਖ ਸੁਨੇਹਾ ਆਪਣੇ ਪਰਚਾਰ ਰਾਹੀਂ ਜਨਤਾ ਪ੍ਰਤੀ ਦਿੱਤਾ।[1] ਪਰ ਮਹਾਤਮਾ ਮਹਾਵੀਰ ਜੀ ਦੇ ਅਹਿੰਸਾ ਪ੍ਰਤਿ ਵਿਚਾਰ ਬਹੁਤ ਕਰੜੇ ਸਨ ਤੇ ਅਹਿੰਸਾ ਤੇ ਉਸਨੇ ਇਸ ਕਦਰ ਜ਼ੋਰ ਦਿੱਤਾ ਹੈ ਕਿ ਲੋਕਾਂ ਦੇ ਮਨ ਕਮਜ਼ੋਰ ਬਣਾ ਦਿੱਤੇ ਹਨ। ਜੈਨਮਤ ਅਨੁਸਾਰ 'ਅਹਿੰਸਾ' ਦਾ ਅਰਥ ਹੈ ਕਿਸੇ ਵੀ ਜੀਵ, ਮਨੁੱਖ, ਪਸ਼ੂ, ਕੀੜੇ ਆਦਿ ਨੂੰ ਮਨ ਬਚਨ ਜਾਂ ਕਰਮ ਦੁਆਰਾ ਚੋਟ ਨਾ ਪਹੁੰਚਾਈ ਜਾਏ।[2]

ਜੈਨ ਮਤ ਅਨੁਸਾਰ ਜੀਵ ਹੱਤਿਆ ਕਰਨਾ ਮਹਾਂ ਪਾਪ ਹੈ ਇਸੇ ਲਈ ਜੀਵ ਹੱਤਿਆ ਤੋਂ ਬਚਣ ਲਈ ਜੈਨੀ ਮੂੰਹ ਤੇ ਹਰ ਸਮੇਂ ਪੱਟੀ ਬੰਨ੍ਹੀ ਰਖਦੇ ਹਨ।[3] ਪੈਰਾਂ ਵਿਚ ਜੁੱਤੀ ਨਹੀਂ ਪਾਂਦੇ,[4] ਘੱਟ ਤੋਂ ਘੱਟ ਕਪੜੇ ਦਾ ਪ੍ਰਯੋਗ ਕਰਦੇ ਹਨ, ਕਈ ਪ੍ਰਕਾਰ ਦੀਆਂ ਸਬਜ਼ੀਆਂ ਆਦਿ ਦਾ ਸੇਵਨ ਨਹੀਂ ਕਰਦੇ, ਦਿਨ ਛਿਪੇ ਕੁਝ ਖਾਂਦੇ ਨਹੀਂ, ਆਪਣੇ ਨਾਲ ਹਰ ਵਕਤ ਇਕ ਰਜੋਹਰਾ (ਸੂਤ ਦਾ ਝਾੜੂ) ਆਪਣੇ ਪਾਸ ਰਖਦੇ ਹਨ ਤਾਂ ਜੋ ਬੈਠਣ ਲਗਿਆਂ ਜ਼ਮੀਨ ਸਾਫ਼ ਕਰ ਲਈ ਜਾਏ, ਕਤਾਰ ਵਿਚ ਚਲਦੇ ਹਨ ਤਾਂ ਜੁ ਆਸੇ ਪਾਸੇ ਜੀਵ ਨਾ ਮਰ ਜਾਣ। ਠੰਢਾ ਭੋਜਨ ਤੇ ਉਬਲਿਆ ਪਾਣੀ ਪੀਂਦੇ ਹਨ, ਨਿਰਮਲ ਜਲ ਨਾਲ ਇਸ਼ਨਾਨ ਨਹੀਂ ਕਰਦੇ ਕਿ ਕਿਤੇ ਜੀਵ ਹੱਤਿਆ ਨਾ ਹੋ ਜਾਏ। ਉਹ ਲਕੜੀਆਂ ਵੀ ਧੋ ਕੇ ਜਲਾਂਦਾ ਹੈ। ਵਿਸ਼ਟਾ ਨੂੰ ਫੋਲਦਾ ਹੈ। ਭਿਛਿਆ ਮੰਗਦਾ ਹੈ ਪਰ ਪਹਿਲਾਂ ਤਸੱਲੀ ਕਰ ਲੈਂਦਾ ਹੈ ਕਿ ਭਿਛਿਆ ਵਾਲੇ ਭੋਜਨ ਵਿਚ ਕਿਸੇ ਜੀਵ ਦੀ ਹਿੰਸਾ ਤਾਂ ਨਹੀਂ ਹੈ। ਜੈਨੀਆਂ ਦੇ ਇਸ ਗੰਦਗੀ ਭਰੇ ਜੀਵਨ ਅਤੇ ਕ੍ਰਿਆ ਤੇ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਚਿਤ੍ਰਨ ਕੀਤਾ ਹੈ:

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ।
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ।
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।

(ਵਾਰ ਮਾਝ) 149

---

1. ਭਰਤ ਸਿੰਘ ਹੀਰਾ: ਗੁਰਮਤ ਵਿਚਾਰਧਾਰਾ, ਪੰਨੇ 125-126.
2. Cultural Heritage of India, Vol. I, p.431.
3. ਜੈਨੀਆਂ ਦਾ ਇਕ ਢੂੰਢੀਏ ਨਾਮਕ ਫਿਰਕਾ ਏਥੋਂ ਤਕ ਦਯਾ ਪਾਰਖਾਣ ਹੋਯਾ ਕਿ ਮੂੰਹ ਉਪਰ ਪੱਟੀ ਬੰਨ੍ਹ ਕੇ ਰਖਦਾ ਹੈ, ਜਿਸ ਕਰਕੇ ਸਵਾਸਾਂ ਨਾਲ ਭੀ ਜੀਵ ਨਾ ਮਰਨ।
(ਗੁਰਮਤ ਪ੍ਰਭਾਕਰ, ਪੰਨਾ 182)
4. ਪਗ ਉਪੇਤਾਣਾ ਅਪਣਾ ਕੀਆ ਕਮਾਣਾ। (ਵਾਰ ਆਸਾ ਮ:੧) 467.

ਅਤੇ

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ।
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ।
ਹਥੀ ਸਿਰ ਖੁਹਾਇ ਨ ਭਦੁ ਕਰਾਇਆ।
ਕੁਚਿਲ ਰਹਹਿ ਦਿਨੁ ਰਾਤਿ ਸਬਦੁ ਨ ਭਾਇਆ।
(ਵਾਰ ਮਲਾਰ) 1285

ਜੀਵਾਂ ਦਾ ਨਾਸ ਤਾਂ ਸਾਹ ਲੈਂਦਿਆਂ, ਖਾਂਦਿਆਂ ਪੀਂਦਿਆਂ ਅਤੇ ਹੋਰ ਕ੍ਰਿਆਵਾਂ ਰਾਹੀਂ ਸੁਭਾਵਕ ਹੀ ਹੁੰਦਾ ਰਹਿੰਦਾ ਹੈ। ਗੁਰੂ ਨਾਨਕ ਨੇ ਕਿਹਾ ਹੈ ਕਿ ਮਾਰਨ ਜੀਵਾਲਣ ਵਾਲਾ ਪਰਮਾਤਮਾ ਆਪ ਹੈ:

ਜੀਆ ਮਾਰ ਜੀਵਾਲੇ ਸੋਈ, ਅਵਰੁ ਨ ਕੋਈ ਰਾਖੈ।
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।
(ਵਾਰ ਮਾਝ ਮ:੧) 150

ਜੀਵ ਹੱਤਿਆ ਤਾਂ ਮਾਸ ਅਤੇ ਸਾਗ ਦੋਹਾਂ ਦੁਆਰਾ ਹੁੰਦੀ ਹੈ। ਗੁਰੂ ਨਾਨਕ ਦਾ ਕਥਨ ਹੈ:

ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਵੇ।
(ਵਾਰ ਮਲਾਰ) 1289

ਗੁਰੂ ਨਾਨਕ ਨੇ ਦਇਆ ਮਈ ਅਹਿੰਸਾ ਨੂੰ ਸਵੀਕਾਰ ਕਰਦਿਆਂ ਲਿਖਿਆ ਹੈ:

ਦਇਆ ਦਿਗੰਬਰ ਦੇਹ ਬੀਚਾਰੀ ਆਪ ਮਰੈ ਅਵਰਾ ਨਹ ਮਾਰੀ॥
(ਆਸਾ) 356

...

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ (ਵਾਰ ਆਸਾ) 468

ਜੈਨ ਮਤ ਬੇਸ਼ਕ ਅਹਿੰਸਾ ਦੇ ਪੱਖੋਂ ਬਹੁਤ ਕੱਟੜਵਾਦੀ ਹੈ ਪਰ ਗ੍ਰਿਹਸਤੀਆਂ ਲਈ ਧਰਮ ਨੇ ਵੀ ਕੁਝ ਛੋਟਾਂ ਜ਼ਰੂਰ ਦਿੱਤੀਆਂ ਹਨ। ਇਕ ਗ੍ਰਿਹਸਤੀ ਨੂੰ ਜਾਣ ਬੁਝ ਕੇ ਜੀਵ-ਹੱਤਿਆ ਬਿਲਕੁਲ ਨਹੀਂ ਕਰਨੀ ਚਾਹੀਦੀ ਅਤੇ ਸੰਸਾਰਕ ਕੰਮਾਂ ਦੀ ਪੂਰਤੀ ਕਰਨ ਲੱਗਿਆਂ ਘਟ ਤੋਂ ਘਟ ਦੁਖ ਪਹੁੰਚਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ[1] ਅਤੇ ਇਸੇ ਤਰ੍ਹਾਂ ਬਾਕੀ ਦੇ ਚਾਰ ਵਰਤਾਂ ਵਿਚ ਵੀ ਕੁਝ ਛੋਟਾਂ ਦਿੱਤੀਆਂ ਗਈਆਂ ਹਨ। ਇਸ ਲਈ ਵ੍ਰਤਾਂ ਨੂੰ ਗ੍ਰਿਹਸਤੀਆਂ ਲਈ 'ਵਰਤ' ਨਾ ਕਹਿ ਕੇ 'ਅਨੁਵਰਤ' ਕਿਹਾ ਗਿਆ ਹੈ।

ਦੂਜਾ ਸੱਚ

ਦੂਜਾ ਸੱਚ ਸੱਚ ਬੋਲਣ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੈ ਅਤੇ ਦੱਸਿਆ ਹੈ ਕਿ ਕਦੀ ਵੀ ਝੂਠ ਨਹੀਂ ਬੋਲਣਾ ਚਾਹੀਦਾ। ਝੂਠ ਦਾ ਪਰਚਾਰ ਨਾ ਕਰੇ ਜਿਸ ਨਾਲ ਲੋਕੀ ਗੁਮਰਾਹ ਹੋਣ,

1. Cultural Heritage of India, Vol. I, p. 408.

ਝੂਠੀਆਂ ਗੁਮਨਾਮ ਚਿੱਠੀਆਂ ਨਾ ਲਿਖੋ ਤੇ ਝੂਠ ਬੋਲ ਕੇ ਕਿਸੇ ਨੂੰ ਧੋਖਾ ਨਾ ਦਿਉ।[1] ਪਰ ਮਜ਼ੇਦਾਰ ਗੱਲ ਇਹ ਕਹੀ ਗਈ ਹੈ ਕਿ ਜੇ ਸੱਚ ਬੋਲਣ ਨਾਲ ਕਿਸੇ ਦਾ ਹਿਰਦਾ ਦੁਖਦਾ ਹੈ ਤਾਂ ਉਹ ਵੀ ਨਾ ਬੋਲੋ।

ਗੁਰੂ ਨਾਨਕ ਨੇ ਵੀ ਸੱਚ ਨੂੰ ਸਭ ਤੋਂ ਉੱਚਾ ਮੰਨਿਆ ਹੈ ਤੇ ਸਚ ਬੋਲਣ ਅਤੇ ਸਚਾਈ ਭਰਿਆ ਜੀਵਨ ਜੀਉਣ ਤੇ ਜ਼ੋਰ ਦਿੱਤਾ ਹੈ ਕਿਉਂਕਿ ਅਸਲੀ ਗੱਲ ਹੀ ਸੱਚੀ ਰਹਿਣੀ ਦੀ ਹੈ। ਗੁਰੂ ਦੇ ਸਿੱਖ ਨੂੰ ਸੱਚ ਹੀ ਚੰਗਾ ਲਗਦਾ ਹੈ:

ਗੁਰਮੁਖਿ ਕੂੜੁ ਨ ਭਾਵਈ ਸਚ ਰਤੇ ਸਚਾ ਭਾਇ॥
(ਸਿਰੀ ਰਾਗ )22

ਇਸ ਵਰਤ ਵਿਚ ਖਰਵਾ ਬੋਲਣਾ ਵੀ ਠੀਕ ਨਹੀਂ। ਮਿਠਾਸ ਭਰੀ ਸੰਤੁਲਤ ਬੋਲੀ ਬੋਲਣੀ ਚਾਹੀਦੀ ਹੈ ਜੋ ਸਭ ਦੀ ਸੰਤੁਸ਼ਟੀ ਕਰੇ। ਗੁਰੂ ਨਾਨਕ ਨੇ ਵੀ ਮਿੱਠਤੁ ਨੂੰ ਹੀ ਸਾਰੇ ਗੁਣਾਂ ਦਾ ਨਿਚੋੜ ਦੱਸਿਆ ਹੈ ਤੇ ਕਿਹਾ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।
(ਵਾਰ ਆਸਾ )470

ਇਸ ਤੋਂ ਇਲਾਵਾ ਕਿਸੇ ਦੀ ਨਿੰਦਾ ਕਰਨੀ ਵੀ ਠੀਕ ਨਹੀਂ ਕਿਉਂਕਿ ਨਿੰਦਕ ਦਾ ਕੋਈ ਯਕੀਨ ਨਹੀਂ ਕਰਦਾ। ਇਹ ਘਰ ਬਾਰ ਸਭ ਥਾਂਵਾਂ ਤੇ ਤ੍ਰਿਸਕਾਰੇ ਜਾਂਦੇ ਹਨ। ਗੁਰੂ ਨਾਨਕ ਲਿਖਦੇ ਹਨ:

ਇਹ ਜੋ ਖੋਟੇ ਠਉਰ ਨਹੀ ਘਰ ਬਾਹਰ ਨਿੰਦਕ ਗਤ ਨਹੀ ਜਾਈ
ਨਿੰਦਕ ਨਰ ਕਲੇ ਸੁਖ ਨਿੰਦਾ ਜਿਨ ਗੁਰ ਕੀ ਦਾਤ ਨ ਪਾਈ।
(ਗੂਜਰੀ )505

ਤੀਜਾ ਸੱਚ

ਤੀਸਰਾ ਸੱਚ ਜਾਂ ਮੁਖ ਨਿਯਮ ਹੈ ਚੋਰੀ ਨਾ ਕਰਨਾ ਜਾਂ ਬਿਨਾਂ ਕਿਸੇ ਦੇ ਦਿੱਤੇ ਆਪਣੇ ਆਪ ਕਿਸੇ ਵਸਤੂ ਨੂੰ ਨਾ ਚੁੱਕਣਾ। ਇਥੋਂ ਤਕ ਕਿ ਘਾਹ ਦਾ ਤਿਨਕਾ ਵੀ ਜੇ ਕਿਸੇ ਦੂਸਰੇ ਦਾ ਹੈ ਤਾਂ ਉਹ ਵੀ ਨਹੀਂ ਲੈਣਾ।[2] ਚੋਰੀ ਦਾ ਮਾਲ ਕਿਸੇ ਹੋਰ ਤੋਂ ਲੈਣਾ ਜਾਂ ਚੋਰੀ ਤੇ ਹੇਰਾਫੇਰੀ ਦੇ ਢੰਗ ਸਿਖਾਣੇ ਜਾਂ ਝੂਠੇ ਨਾਪ ਤੋਲ ਵਰਤਣੇ ਵੀ ਜੈਨ ਮਤ ਅਨੁਸਾਰ ਪਾਪ ਹੈ ਤੇ ਇਨ੍ਹਾਂ ਤੋਂ ਪਰਹੇਜ਼ ਕਰਨਾ ਜ਼ਰੂਰੀ ਹੈ।[3]

---

1. Cultural Heritage of India, Vol. I, pp.431-32.
2. Dr. Mohan Lal Mehta, Jaina Monastic Discipline, Jainism, p.73.
3. Cultural Heritage of India, Vol. I, p.409.

ਗੁਰੂ ਨਾਨਕ ਨੇ ਵੀ ਚੋਰੀ ਕਰਨ ਨੂੰ ਬਹੁਤ ਬੁਰਾ ਕਿਹਾ ਹੈ ਤੇ ਪਰਾਏ ਹੱਕ ਦੇ ਬਾਰੇ ਤਾਂ ਇਥੋਂ ਤਕ ਕਿਹਾ ਹੈ ਕਿ:

ਚੋਰ ਕੀ ਹਾਮਾ ਭਰੇ ਨ ਕੋਇ। ਚੋਰੁ ਕੀਆ ਚੰਗਾ ਕਿਉ ਹੋਇ।
(ਧਨਾਸਰੀ)652

...

ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।
(ਵਾਰ ਮਾਝ)141

ਚੌਥਾ ਸੱਚ

ਇਕ ਜੈਨੀ ਸਾਧੂ ਲਈ ਇਹ ਵੀ ਜ਼ਰੂਰੀ ਸੀ ਕਿ ਉਹ ਕਿਸੇ ਕਿਸਮ ਦਾ ਲਾਲਚ ਨਾ ਕਰੇ ਅਰਥਾਤ ਜਾਇਦਾਦ, ਧਨ ਦੌਲਤ ਆਦਿ ਮਾਇਆ ਤੋਂ ਦੂਰ ਰਹੇ, ਇਸਦਾ ਮੋਹ ਨਾ ਰੱਖੇ ਕਿਉਂਕਿ ਇਹ ਮੋਹ ਜਾਲ ਹੀ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ ਅਤੇ ਜੇ ਕਿਸੇ ਕੋਲ ਧਨ ਵਧੇਰੇ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਪੁੰਨ ਦਾਨ ਵਿਚ ਲਗਾਏ। ਭੁੱਖਿਆਂ ਤੇ ਗਰੀਬਾਂ ਨੂੰ ਅੰਨ ਖੁਆਏ, ਵਿਦਿਆ ਦਾਨ ਲਈ ਖਰਚ ਕਰੇ ਆਦਿ।[1]

ਗੁਰੂ ਨਾਨਕ ਨੇ ਵੀ ਲਾਲਚ ਨੂੰ ਬਹੁਤ ਬੁਰਾ ਮੰਨਿਆ ਹੈ ਅਤੇ ਲਾਲਚ ਨੂੰ ਕੁੱਤਾ ਤਕ ਕਿਹਾ ਹੈ:

ਲਬ ਕੁਤਾ, ਕੂੜ ਚੂਹੜਾ ਠਗ ਖਾਧਾ ਮੁਰਦਾਰ॥ (ਸਿਰੀ ਰਾਗ)15

ਗੁਰੂ ਨਾਨਕ ਬਾਣੀ ਅਨੁਸਾਰ ਬਹੁਤਾ ਧਨ ਪਾਪ ਤੋਂ ਬਿਨਾਂ ਇਕੱਠਾ ਹੋ ਹੀ ਨਹੀਂ ਸਕਦਾ ਤੇ ਨਾ ਹੀ ਮੋਇਆਂ ਨਾਲ ਜਾਂਦਾ ਹੈ:

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
(ਆਸਾ)417

ਸੱਚਾ ਗਿਆਨ

ਮਨੋਰਥ ਦੀ ਪ੍ਰਾਪਤੀ ਲਈ ਜੈਨੀ ਸੱਚੇ ਗਿਆਨ ਨੂੰ ਬੁੱਧ ਵਾਂਗ ਅਮੋਲਕ ਸਮਝਦੇ ਹਨ। ਸੱਚੇ ਗਿਆਨ ਦੀ ਪਰਖ ਇਹ ਹੈ ਕਿ ਉਹ ਆਸ਼ੇ ਦੀ ਪ੍ਰਾਪਤੀ ਲਈ ਸਹਾਇਕ ਹੋਵੇ। ਚੰਗਿਆਈ ਨੂੰ ਕਿਵੇਂ ਅਪਣਾਉਣਾ ਹੈ ਅਤੇ ਬੁਰਿਆਈ ਤੋਂ ਕਿਵੇਂ ਬਚਣਾ ਹੈ? ਇਸ ਦੇ ਲਈ ਗਿਆਨ ਸਹਾਈ ਹੁੰਦਾ ਹੈ।[2] ਗੁਰੂ ਨਾਨਕ ਬਾਣੀ ਵਿਚ ਵੀ ਗਿਆਨ ਜਾਂ ਵਿਵੇਕ ਦਾ ਮਹੱਤਵ ਹੈ। ਇਹ ਹੰਸ ਵਾਂਗ

---

1. Cultural Heritage of India, p.409-10.
2. A History of Indian Philosophy, pp.181-82.

ਦੁੱਧ ਪਾਣੀ ਦਾ ਨਿਖੇੜ ਕਰਦਾ ਹੈ। ਚੰਗੇ ਮੰਦੇ ਦੀ ਪਛਾਣ ਸੁਝੀ ਹੈ। ਮੰਦ-ਬਿਰਤੀ ਨੂੰ ਦੂਰ ਰੱਖਿਆ ਜਾ ਸਕੀਦਾ ਹੈ। ਉਦਾਹਰਣ ਵਜੋਂ ਵੇਖੋ ਇਹ ਪੰਕਤੀ:

ਕਾਮ ਕ੍ਰੋਧੁ ਅਹੰਕਾਰੁ ਨਿਵਾਰੇ। ਤਸਕਰ ਪੰਚ ਸਬਦਿ ਸੰਘਾਰੇ।
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਣੀ ਹੇ।
(ਮਾਰੂ) 1022

ਬ੍ਰਹਮਚਰਜ

ਬ੍ਰਹਮਚਰਜ ਧਰਮ ਦੀ ਪਾਲਣਾ ਵੀ ਜੈਨ ਮੱਤ ਦਾ ਇਕ ਅਵੱਸ਼ਕ ਅਸੂਲ ਹੈ। ਕਾਮ ਦੀ ਲਾਲਸਾ ਅਧੀਨ ਕਿਸੇ ਮਰਦ ਜਾਂ ਇਸਤ੍ਰੀ ਜਾਂ ਕਿਸੇ ਹੋਰ ਜੀਵ ਨੂੰ ਕਲਾਵਕੜੀ ਪਾਉਣੀ ਵੀ ਵਿਵਰਜਤ ਹੈ ਕਿਉਂਕਿ ਇਕ ਤਾਂ ਪਿਆਰ ਅਤੇ ਨਫ਼ਰਤ ਦੇ ਜਜ਼ਬਿਆਂ ਨਾਲ ਮਨ ਦੀ ਸ਼ੁਧੀ ਭੰਗ ਹੁੰਦੀ ਹੈ ਅਤੇ ਦੂਜਾ ਭੋਗ ਸਮੇਂ ਕਈ ਜੀਵ ਜੰਤੂਆਂ ਦਾ ਨਾਸ਼ ਵੀ ਹੁੰਦਾ ਹੈ।[1] ਗ੍ਰਿਹਸਤੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਹੀ ਨਾਰੀ ਨਾਲ ਸੰਤੁਸ਼ਟ ਰਹੇ। ਅਤੇ ਬਾਕੀ ਸਭ ਇਸਤ੍ਰੀਆਂ ਨੂੰ ਮਾਵਾਂ ਭੈਣਾਂ ਅਤੇ ਧੀਆਂ ਜਾਣੇ।[2] ਭਾਈ ਗੁਰਦਾਸ ਨੇ ਵੀ ਗੁਰਮਤਿ ਦ੍ਰਿਸ਼ਟੀ ਤੋਂ ਇਸਦੀ ਪ੍ਰੋੜ੍ਹਤਾ ਕੀਤੀ ਹੈ।[3] ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ।
(ਮਲਾਰ ਮ:1) 1255

ਪਰਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥
(ਮਲਾਰ ਮ:1) 1255

ਵਰਤ

ਰਾਤ ਦੇ ਸਮੇਂ ਜਾਂ ਹਨੇਰਾ ਹੋ ਜਾਣ ਤੋਂ ਪਿਛੋਂ ਭੋਜਨ ਨਾ ਕਰਨਾ ਵੀ ਮਹਾਂਵੀਰ ਦਾ ਇਕ ਆਦੇਸ਼ ਹੈ। ਉਹ ਇਸ ਲਈ ਕਿ ਰਾਤ ਨੂੰ ਹਨੇਰੇ ਵਿਚ ਬਹੁਤ ਹੀ ਛੋਟੇ ਕਿਰਮ ਜੰਤ ਜੋ ਨਜ਼ਰ ਨਹੀਂ ਆਉਂਦੇ, ਖਾਣੇ ਵਿਚ ਸ਼ਾਮਿਲ ਹੋ ਸਕਦੇ ਹਨ ਅਤੇ ਜਿਥੇ ਖਾਣਾ ਪਕਾਇਆ ਜਾਂਦਾ ਹੈ ਜਾਂ ਭਾਂਡੇ ਧੋਤੇ ਜਾਂਦੇ ਹਨ, ਹਨੇਰੇ ਵਿਚ ਜੀਵ ਹੱਤਿਆ ਹੋਣ ਦਾ ਵਧੇਰੇ ਖ਼ਦਸ਼ਾ ਰਹਿੰਦਾ ਹੈ। ਇਸ ਲਈ ਸੂਰਜ ਡੁੱਬਣ ਤੋਂ ਪਿਛੋਂ ਜਾਂ ਸੂਰਜ ਚੜ੍ਹਨ ਤੋਂ ਪਹਿਲਾਂ ਕੁਝ ਨਹੀਂ ਖਾਣਾ ਚਾਹੀਦਾ। ਜੈਨੀ ਸਾਧੂ ਨੂੰ ਇਹ ਵੀ ਚਾਹੀਦਾ ਹੈ ਕਿ ਖਾਣਾ ਦਿਨ ਵਿਚ ਇਕੋ ਸਮੇਂ ਖਾਵੇ।[4] ਹਫ਼ਤੇ ਵਿਚ ਇਕ ਦਿਨ

1. Mohan Lal Mehta, Jaina Monastic Discipline, Jainism, p.72.
2. Cultural Heritage of India, p.409.
3. ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥ (ਭਾਈ ਗੁਰਦਾਸ) 6/8.
4. M.L.Mehta, Jainism, p.73.

ਪੂਰਾ ਵਰਤ/ਰਖੇ ਅਤੇ ਉਹ ਪੂਰਾ ਦਿਨ ਭਜਨ ਕਰੇ ਅਤੇ ਆਪਣੇ ਬਣਾਏ ਭੋਜਨ ਵਿਚੋਂ ਕਿਸੇ ਪੀਰ ਫ਼ਕੀਰ ਨੂੰ ਵੀ ਜ਼ਰੂਰ ਖੁਆਏ।[1]

ਭਾਦੋਂ ਦੇ ਮਹੀਨੇ ਦੇ ਇਕ ਦਿਨ ਜੈਨੀ ਛਮਿਛਰੀ ਜਾਂ ਸੰਵਰੀ ਵਰਤ ਰਖਦੇ ਹਨ। ਇਸ ਦਿਨ ਉਹ ਸਾਰਾ ਕੰਮ ਛੱਡ ਕੇ ਜਪ ਕਰਦੇ ਹਨ। ਸਾਲ ਭਰ ਵਿਚ ਇਕ ਦੂਜੇ ਦੀਆਂ ਕੀਤੀਆਂ ਗਲਤੀਆਂ ਉਸ ਦਿਨ ਭੁੱਲ ਜਾਂਦੇ ਹਨ।[2] ਛਮਿਛਰੀ ਦਾ ਭਾਵ ਹੀ ਹੈ ਗੁਨਾਹਾਂ ਨੂੰ ਮਾਫ਼ ਕਰਨ ਵਾਲਾ। ਇਸ ਛਮਿਛਰੀ ਵਰਤ ਦਾ ਜ਼ਿਕਰ ਵੀ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ:

ਇਕ ਜੋਗੀ ਹੋਵੁ ਛਮਿਛਰੀ ਬ੍ਰਾਹਮਣੁ ਵਟਿ ਘਿਉ ਖਾਇਆ।

(ਆਸਾ ਮ:1)358

ਪਰ ਗੁਰੂ ਸਾਹਿਬਾਨ ਵਰਤ ਰਖਣ ਦੇ ਹੱਕ ਵਿਚ ਨਹੀਂ। ਗੁਰਬਾਣੀ ਅਨੁਸਾਰ ਜੇ ਮਨ ਵਿਚ ਪ੍ਰਭੂ ਲਈ ਪਿਆਰ ਹੀ ਨਹੀਂ ਤਾਂ ਵਰਤ ਰਖਣ ਦਾ ਕੀ ਲਾਭ ਹੋ ਸਕਦਾ ਹੈ।[3] ਅੰਨ ਨਾ ਖਾ ਕੇ ਸਰੀਰ ਨੂੰ ਬੇਲੋੜਾ ਕਸ਼ਟ ਦੇਣਾ ਹੈ:

ਅੰਨੁ ਨ ਖਾਇਆ ਸਾਦੁ ਗਵਾਇਆ। (ਵਾਰ ਆਸਾ)467

ਤਪ ਸਾਧਨਾ

ਮਹਾਵੀਰ ਨੇ ਕਠਨ ਤਪੱਸਿਆ ਤੇ ਵੀ ਬਲ ਦਿੱਤਾ ਹੈ। ਜੈਨ ਮੱਤ ਵਿਚ ਪ੍ਰਵੇਸ਼ ਹੀ ਤਪ-ਪੀੜਾ ਨੂੰ ਜਰਨ ਨਾਲ ਹੁੰਦਾ ਹੈ। ਭਿਖਸ਼ੂ ਬਣਨ ਸਮੇਂ ਉਹ ਆਪਣੇ ਸਿਰ ਦੇ ਇਕ ਇਕ ਵਾਲ ਪੁੱਟਦਾ ਹੈ ਅਤੇ ਸਾਰਾ ਜਨਮ ਪੁੱਟਦਾ ਰਹਿੰਦਾ ਹੈ। ਇਸ ਮਰਯਾਦਾ ਦਾ ਗੁਰੂ ਨਾਨਕ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ:

ਹਥੀ ਸਿਰ ਖੋਹਾਇ ਨ ਭਣੇ ਕਰਾਇਆ। (ਵਾਰ ਮਲਾਰ)1285

...

ਭੇਡਾ ਵਾਂਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ। (ਵਾਰ ਮਾਝ)149

ਪਰ ਗੁਰਮੱਤ ਪ੍ਰੇਮ ਦਾ ਮਾਰਗ ਹੈ। ਮਨ ਦੀ ਇਕਾਗਰਤਾ ਪ੍ਰੇਮ ਨਾਲ ਹੁੰਦੀ ਹੈ। ਫ਼ਰੀਦ ਦੇ ਤਪ ਸਾਧਨ ਦੇ ਉੱਤਰ ਵਿਚ ਗੁਰੂ ਸਾਹਿਬ ਨੇ ਇਹ ਵਿਚਾਰ ਦਿੱਤਾ ਸੀ:

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ।
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ। (ਸਲੋਕ)1384

---

1. Cultural Heritage of India, p.410.
2. Dr. S.S. Kohli, A Critical Study of Adi Granth, p.253.
3. ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੀ॥ (ਮਾਰੂ ਮ:5)1099.

ਗੁਰੂ ਨਾਨਕ ਅਨੁਸਾਰ ਸਹਿਜ ਮਾਰਗ ਤੇ ਚਲਦਿਆਂ ਸਰੀਰ ਨੂੰ ਦੁੱਖ ਦਿੱਤੇ ਬਿਨਾਂ ਗੁਰੂ ਦੇ ਸ਼ਬਦ ਨੂੰ ਹੀ ਹਿਰਦੇ ਵਿਚ ਵਸਾਣ ਨਾਲ ਮੁਕਤੀ ਪ੍ਰਾਪਤ ਹੋ ਜਾਂਦੀ ਹੈ:

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰ ।
ਗੁਰ ਕੈ ਸਬਦਿ ਜੋ ਮਰ ਜੀਵੈ ਸੋ ਪਾਏ ਮੋਖ ਦੁਆਰ।
(ਰਾਮਕਲੀ) 941-42

ਸਰੀਰ ਨੂੰ ਆਤਮਾ ਦਾ ਵਾਹਨ ਸਮਝ ਕੇ ਇਸ ਦੀ ਸੰਭਾਲ ਲਈ ਪ੍ਰੇਰਨਾ ਦਿੱਤੀ ਹੈ।

ਜੈਨ ਧਰਮ ਦੇ ਮੁਖ ਸਿਧਾਂਤ ਇਹ ਹਨ:

1. ਪਰਮਾਤਮਾ ਤੇ ਅਵਿਸ਼ਵਾਸ

ਜੈਨ ਮੱਤ ਅਨੀਸ਼ਵਰਵਾਦੀ ਹੈ। ਇਸ ਮੱਤ ਅਨੁਸਾਰ ਪਰਮਾਤਮਾ ਨਾਂ ਦੀ ਕੋਈ ਹਸਤੀ ਨਹੀਂ।[1] ਇਸ ਕਰਕੇ ਉਹ ਸੰਸਾਰ ਦਾ ਰਚਨਹਾਰਾ ਨਹੀਂ। ਮਹਾਂਵੀਰ ਅਨੁਸਾਰ ਸੰਸਾਰ ਦੀ ਕੋਈ ਰਚਨਾ ਨਹੀਂ, ਨਾ ਹੀ ਕੋਈ ਰਚਨਹਾਰਾ ਹੈ। ਰੱਬ ਕੇਵਲ ਮਨੁੱਖ ਦੀਆਂ ਉੱਤਮ ਤੇ ਸ੍ਰੇਸ਼ਟ ਸ਼ਕਤੀਆਂ ਜਾਂ ਗੁਣਾਂ ਦਾ ਹੀ ਨਾਮ ਹੈ।[2] ਇਸ ਲਈ ਦਇਆ ਜਾਂ ਮੁਕਤੀ ਲਈ ਕਿਸੇ ਅਦਿਖ ਸ਼ਕਤੀ ਅੱਗੇ ਯਾਚਨਾ ਕਰਨੀ ਵੀ ਨਿਸਫਲ ਹੈ। ਮਨੁੱਖ ਆਪਣੀ ਕਿਸਮਤ ਬਣਾਉਣ ਵਾਲਾ ਆਪ ਹੈ। ਪਵਿੱਤਰ ਗੁਣ, ਉੱਤਮ ਸੋਚ ਅਤੇ ਉੱਤਮ ਕਰਨੀ ਨਾਲ ਦੁੱਖਾਂ ਤੋਂ ਮਨੁੱਖ ਛੁਟ ਸਕਦਾ ਹੈ ਅਤੇ ਸਾਧਨਾ ਮੁਕਤੀ ਪ੍ਰਾਪਤ ਕਰਨ ਦਾ ਸਭ ਤੋਂ ਛੋਟਾ ਮਾਰਗ ਹੈ।[3] ਕੋਸ਼ਿਸ਼ ਕਰਨ ਤੇ ਹਰ ਕੋਈ ਦੈਵੀ ਗੁਣ ਪ੍ਰਾਪਤ ਕਰ ਸਕਦਾ ਹੈ ਅਤੇ ਸਾਰੀਆਂ ਹੀ ਮੁਕਤ ਆਤਮਾਵਾਂ ਰੱਬ ਦੀ ਤਰ੍ਹਾਂ ਪੂਜਣ ਯੋਗ ਹਨ।[4] ਗੁਰੂ ਨਾਨਕ ਮੱਤ ਇਸ ਤੋਂ ਉਲਟ ਪਰਮਾਤਮਾ ਨੂੰ ਸਰਬ ਸ੍ਰਿਸ਼ਟੀ ਦਾ ਕਰਤਾ/ਪਾਲਣਹਾਰ ਅਤੇ ਹਰਤਾ ਮੰਨਦਾ ਹੈ।[5] ਉਸ ਲਈ ਪੂਰਨ ਸ਼ਰਧਾ ਅਤੇ ਭਗਤੀ ਲਈ ਪ੍ਰੇਰਦਾ ਹੈ। ਸਭ ਕੁਝ ਉਹੋ ਹੀ ਹੈ:

ਤੂ ਆਪੇ ਕਰਤਾ ਕਰਣ ਜੋਗੁ। ਨਿਹਕੇਵਲੁ ਰਾਜਨ ਸੁਖੀ ਲੋਗੁ।
(ਬਸੰਤ) 1190

---

1. ਪਰਮਾਤਮਾ ਦੀ ਹੋਂਦ ਬਾਰੇ ਉਸਨੇ ਕਈ ਕਿੰਤੂ ਕੀਤੇ ਹਨ, ਜਿਵੇਂ ਈਸ਼ਵਰ ਸਰੀਰ ਤੋਂ ਬਿਨਾਂ ਜਗਤ ਨੂੰ ਰਚ ਨਹੀਂ ਸਕਦਾ। ਜੇਕਰ ਈਸ਼ਵਰ ਦਾ ਸਰੀਰ ਅਦ੍ਰਿਸ਼ਟਮਾਨ ਹੈ ਤਾਂ ਅਦ੍ਰਿਸ਼ਟਮਾਨ ਘੁਮਿਆਰ ਘੜੇ ਕਿਵੇਂ ਬਣਾ ਸਕਦਾ ਹੈ। ਜੇ ਜਗਤ ਨੂੰ ਉਸਨੇ ਖੇਲ ਬਣਾਇਆ ਹੈ ਤਾਂ ਉਹ ਬਾਲਕ ਹੈ। ਜੇ ਰਚਨਾ ਕਰਨਾ ਉਸਦਾ ਸੁਭਾਅ ਹੈ ਤਾਂ ਜਗਤ ਉਸਦੀ ਪ੍ਰਕ੍ਰਿਤੀ ਦਾ ਫਲ ਹੈ। ਰਚਨਾ ਨੂੰ ਕਿਸੇ ਹਥਿਆਰ ਜਾਂ ਪਦਾਰਥ ਦੀ ਲੋੜ ਹੈ। ਬਿਨਾਂ ਹਥਿਆਰ ਤੋਂ ਰਚਨਾ ਕਰਨਾ ਅਨੁਭਵ ਤੋਂ ਵਿਰੁੱਧ ਗੱਲ ਹੈ।
2. B.N.Luniya, Evolution of Indian Culture, p.106.
3. ibid.p.109
4. Cultural Heritage of India, p.441.
5. ਵੇਖੋ, ਬ੍ਰਹਮ ਦਾ ਸੰਕਲਪ, ਅਧਿਆਇ ਚੌਥਾ.

## 2. ਜੀਵ ਅਤੇ ਅਜੀਵ ਅਨਾਦੀ?

ਪਰਮਾਤਮਾ ਵਿਚ ਵਿਸ਼ਵਾਸ ਨਾ ਹੋਣ ਕਰਕੇ ਜੈਨ ਮੱਤ ਜੀਵ ਅਤੇ ਅਜੀਵ ਨੂੰ ਵੀ ਅਨਾਦਿ ਮੰਨਦਾ ਹੈ। ਸੰਸਾਰ ਜੀਵ ਅਤੇ ਅਜੀਵ ਜਾਂ ਜੜ੍ਹ ਤੇ ਚੇਤਨ ਦੇ ਮੇਲ ਨਾਲ ਬਣਿਆ ਹੈ। ਜੀਵ ਪਦਾਰਥ ਤੋਂ ਬਣਦਾ ਬਾਰ ਬਾਰ ਜਨਮ ਚੱਕ੍ਰ ਵਿਚ ਪੈਂਦਾ ਹੋਇਆ ਦੁਖ ਸਹਿੰਦਾ ਰਹਿੰਦਾ ਹੈ। ਭਾਵੇਂ ਸਭ ਜੀਵਾਂ ਵਿਚ ਚੇਤਨਾ ਹੈ, ਪਰ ਸਭ ਤੋਂ ਉੱਚੀ ਪਦਵੀ ਮਨੁੱਖ ਨੂੰ ਪ੍ਰਾਪਤ ਹੋਈ ਹੈ। ਸੰਸਾਰ ਵਿਚ ਜੀਵ ਵੀ ਦੋ ਪਰਕਾਰ ਦੇ ਹਨ ਮੁਕਤ ਅਤੇ ਬੱਧ। ਮਨੁੱਖੀ ਆਤਮਾ ਦਾ ਅਸਲਾ ਪਵਿੱਤ੍ਰ ਹੈ, ਪਰਕ੍ਰਿਤਕ ਸ਼ਕਤੀਆਂ ਤੇ ਕਰਮ ਬੰਧਨ ਇਸ ਨੂੰ ਮਲੀਨ ਕਰ ਦਿੰਦੇ ਹਨ। ਤਪ ਸਾਧਨ ਨਾਲ ਇਹ ਹੌਲੀ ਹੌਲੀ ਪਵਿੱਤਰ ਹੋ ਜਾਂਦੀ ਹੈ। ਜੋਗ ਅਭਿਆਸ ਦੁਆਰਾ ਇਹ ਚੌਗਿਰਦੇ ਦੀ ਖੇਡ ਤੇ ਪਰਕ੍ਰਿਤਕ ਸ਼ਕਤੀਆਂ ਤੋਂ ਅਲੱਗ ਹੋ ਜਾਂਦੀ ਹੈ ਅਤੇ ਆਪਣੀ ਆਦਿ ਪਵਿੱਤ੍ਰਤਾ ਮੁੜ ਹਾਸਲ ਕਰ ਲੈਂਦੀ ਹੈ। ਹਰ ਮਨੁੱਖ ਆਪਣੇ ਜਤਨਾਂ ਨਾਲ ਇਹ ਪਦਵੀ ਪ੍ਰਾਪਤ ਕਰ ਸਕਦਾ ਹੈ।[1] ਜੈਨ ਮੱਤ ਅਨੁਸਾਰ ਮੁਕਤ ਆਤਮਾ ਹੀ ਪਰਮਾਤਮਾ ਹੈ। ਇਸ ਤੋਂ ਬਿਨਾਂ ਕੋਈ ਹੋਰ ਸ਼ਕਤੀ ਨਹੀਂ ਹੈ। ਗੁਰੂ ਨਾਨਕ ਅਨੁਸਾਰ ਆਤਮਾ ਅਮਰ ਹੈ, ਪਰ ਉਸਦਾ ਆਦਿ ਪਰਮਾਤਮਾ ਹੈ। ਕਾਲ ਚੱਕਰ ਤੋਂ ਮੁਕਤ ਹੋ ਕੇ ਇਹ ਪਰਮਾਤਮਾ ਵਿਚ ਫਿਰ ਜਾ ਸਮਾਂਦੀ ਹੈ। ਪਦਾਰਥ ਵੀ ਅਨਾਦੀ ਨਹੀਂ ਹੈ। ਸਾਰਾ ਸੰਸਾਰ ਪ੍ਰਭੂ ਤੋਂ ਹੀ ਰਚਿਆ ਹੋਇਆ ਹੈ। ਪਦਾਰਥ ਮਰਦਾ ਜਾਂ ਰੂਪ ਬਦਲਦਾ ਹੈ। ਗੁਰੂ ਨਾਨਕ ਸਾਹਿਬ ਦੀਆਂ ਇਹ ਤੁਕਾਂ ਇਸ ਰੂਪ ਨੂੰ ਵਿਅਕਤ ਕਰਦੀਆਂ ਹਨ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ। (ਜਪੁਜੀ)

## 3. ਮੁਕਤੀ ਦਾ ਸਿਧਾਂਤ

ਜੈਨ ਧਰਮ ਮੁਕਤੀ ਦੇ ਸਿਧਾਂਤ ਨੂੰ ਮੰਨਦਾ ਹੈ ਅਤੇ ਇਹ ਮੁਕਤੀ ਜਨਮ-ਚੱਕ੍ਰ ਜਾਂ ਆਵਾਗਵਨ ਦਾ ਮੁੱਕਣਾ ਹੈ। ਜੈਨ ਚਿੰਤਕਾਂ ਦਾ ਵਿਸ਼ਵਾਸ ਹੈ ਕਿ ਠੀਕ ਗਿਆਨ, ਠੀਕ ਚਰਿੱਤ੍ਰ ਤੇ ਠੀਕ ਨਿਸਚੇ ਦੁਆਰਾ ਮੋਖ ਪ੍ਰਾਪਤ ਹੋ ਸਕਦਾ ਹੈ। ਦਾਸ ਗੁਪਤਾ ਨੇ ਜੈਨ ਮੱਤ ਦੇ ਮੁਕਤੀ-ਸਿਧਾਂਤ ਬਾਰੇ ਵਿਚਾਰ ਕਰਦਿਆਂ ਲਿਖਿਆ ਹੈ ਕਿ ਇਸ ਮੱਤ ਅਨੁਸਾਰ ਦੁੱਖਾਂ ਨੂੰ ਦੂਰ ਕਰਨ ਨਾਲ ਜੋ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਆਤਮਿਕ ਖ਼ੁਸ਼ੀ ਦੀ ਉਹ ਅਵਸਥਾ ਮੁਕਤੀ ਹੈ। ਇਹ ਸ਼ੁੱਧ ਅਤੇ ਅਨੰਤ ਗਿਆਨ ਅਤੇ ਅਨੰਤ ਦਰਸ਼ਨ ਦੀ ਅਵਸਥਾ ਵੀ ਹੈ।[2]

---

1. ਭਗਤ ਸਿੰਘ ਹੀਰਾ, ਗੁਰਮਤ ਵਿਚਾਰਧਾਰਾ, ਪੰਨਾ 122.
2. A History of Indian Philosophy, p. 207.

ਗੁਰਬਾਣੀ ਵਿਚ ਮੁਕਤੀ ਦਾ ਸੰਕਲਪ ਬਿਲਕੁਲ ਵਖਰਾ ਹੈ। ਜਦੋਂ ਆਤਮਾ ਪ੍ਰਭੂ ਦੀ ਕ੍ਰਿਪਾ ਨਾਲ ਕਰਮਾਂ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਉਸ ਨਾਲ ਇਕ ਹੋ ਜਾਂਦੀ ਹੈ ਤਾਂ ਉਹ ਸਦੀਵੀ ਸੰਜੋਗ-ਅਨੰਦ ਦੀ ਅਵਸਥਾ ਮੁਕਤੀ ਹੈ। ਜੈਨ ਮਤ ਦਾ ਮੁਕਤੀ ਦਾ ਸੰਕਲਪ ਵਿਅਕਤੀਗਤ ਹੈ, ਜਿਹੜਾ ਕਿ ਇਕ ਸਦਾਚਾਰ ਪੂਰਵ ਆਦਰਸ਼ ਹੈ।[1] ਗੁਰੂ ਨਾਨਕ ਬਾਣੀ ਵਿਚ ਵਿਅਕਤੀਗਤ ਪੂਰਨਤਾ ਦੇ ਨਾਲ ਨਾਲ ਸਮੂਹਕ ਪੂਰਨਤਾ ਲਈ ਵੀ ਜ਼ੋਰ ਦਿੱਤਾ ਹੈ।[2]

ਸ੍ਵੇਤੰਬਰ ਪਰੰਪਰਾ ਦੇ ਦਿਗੰਬਰੀ ਦਾ ਕਥਨ ਹੈ ਕਿ ਉਨ੍ਹਾਂ ਵਿਚ ਇਸਤ੍ਰੀ ਨੂੰ ਮੁਕਤੀ[3] ਨਹੀਂ ਮਿਲ ਸਕਦੀ, ਜਿੰਨਾ ਚਿਰ ਕਿ ਉਹ ਆਦਮੀ ਦੇ ਰੂਪ ਵਿਚ ਜਨਮ ਨਹੀਂ ਲੈਂਦੀ। ਅਰਥਾਤ ਮੁਕਤੀ ਕੇਵਲ ਪੁਰਖ ਨੂੰ ਹੀ ਮਿਲ ਸਕਦੀ ਹੈ, ਨਾਰੀ ਨੂੰ ਨਹੀਂ। ਗੁਰੂ ਸਾਹਿਬਾਨ ਨੇ ਨਾਰੀ ਅਤੇ ਪੁਰਖ ਨੂੰ ਇਕੋ ਪਰਮਾਤਮਾ ਦੀ ਜੋਤ ਕਿਹਾ ਹੈ।[4] ਗੁਰੂ ਨਾਨਕ ਨੇ ਇਸਤ੍ਰੀ ਮਰਦ ਵਿਚ ਕੋਈ ਅੰਤਰ ਨਹੀਂ ਕੀਤਾ। ਦੋਨਾਂ ਨੂੰ ਇਕੋ ਜਿਹੇ ਅਧਿਕਾਰ ਹਨ ਅਤੇ ਇਕੋ ਜਿਹੀ ਪ੍ਰਾਪਤੀ।[5]

4. ਕਰਮ

ਕਰਮਾਂ ਸੰਬੰਧੀ ਜੈਨ ਮੱਤ ਦਾ ਇਕ ਨਿਵੇਕਲਾ ਸਿਧਾਂਤ ਹੈ। ਇਸ ਮਤ ਅਨੁਸਾਰ ਕਰਮਾਂ ਦੀ ਨੀਂਹ ਪਰਮਾਣੂ ਹਨ। ਪਰਮਾਣੂ ਜੜ੍ਹ ਹਨ। ਆਤਮਾ ਵਿਚ ਕਰਮਾਂ ਦੇ ਪਰਮਾਣੂ ਭਰੇ ਪਏ ਹਨ। ਇਹ ਕਰਮ ਮਨੁੱਖਾਂ ਨੂੰ ਉਚਿਤਾ ਵਲ ਜਾਣ ਤੋਂ ਰੋਕਦੇ ਹਨ। ਇਸ ਲਈ ਮੁਕਤੀ ਪਰਾਪਤ ਕਰਨ ਲਈ ਕਰਮ-ਮੁਕਤ ਹੋਣਾ ਅਵੱਸ਼ਕ ਹੈ। ਪੁਰਾਣੇ ਕਰਮਾਂ ਦਾ ਧਾਰਮਿਕ ਕਰਮਾਂ ਰਾਹੀਂ ਅਭਾਵ ਕਰਨਾ ਤੇ ਨਵੇਂ ਕਰਮਾਂ ਨੂੰ ਆਤਮਾ ਵਿਚ ਦਾਖ਼ਲ ਨਾ ਹੋਣ ਦੇਣਾ ਹੀ ਕਰਮਾਂ ਦੇ ਪਰਮਾਣੂਆਂ ਤੋਂ ਮੁਕਤ ਕਰਾ ਸਕਦਾ ਹੈ। ਕਰਮਾਂ ਦਾ ਅੰਤ ਹੋਣ ਤੇ ਆਤਮਾ ਉਚੇਰੀ ਉਠੇਗੀ ਤੇ ਉਥੇ ਅਪੜ ਜਾਏਗੀ, ਜਿਥੇ ਸਾਰੀਆਂ ਮੁਕਤ ਰੂਹਾਂ ਦਾ ਟਿਕਾਣਾ ਹੈ। ਜੈਨ ਮਤ ਨੇ ਜਗਤ ਦਾ ਕਰਤਾ ਪਾਰਬ੍ਰਹਮ ਨਹੀਂ ਮੰਨਿਆ। ਇਹ ਮੁਕਤ ਆਤਮਾ ਨੂੰ ਹੀ ਈਸ਼ਵਰ ਆਖਦੇ ਹਨ। ਗੁਰੂ ਨਾਨਕ ਮੱਤ ਅਨੁਸਾਰ ਨਾ ਤਾਂ ਕਰਮ ਅਨਾਦੀ ਹਨ, ਨਾ ਕਰਮਾਂ ਦੇ ਖ਼ਾਸ ਪਰਮਾਣੂ ਹਨ। ਇਕ ਸਮਾਂ ਸੀ ਜਦੋਂ ਕਰਮ ਨਹੀਂ ਸਨ। ਅਸਲ ਵਿਚ ਕਰਮ ਜੀਵ ਆਤਮਾ ਦੇ ਮਨੁੱਖਾ ਦੇਹੀ ਧਾਰਨ ਤੋਂ ਆਰੰਭ ਹੁੰਦੇ ਹਨ। ਆਤਮਾ ਦੇਹੀ ਨਾਲ ਪਿਆਰ ਪਾ ਹਉਮੈ ਦੇ ਅਸਰ ਹੇਠ ਆ ਜਾਂਦੀ ਹੈ ਤੇ ਫਿਰ ਹਉਮੈ ਸਹਿਤ ਕੀਤੇ ਕਰਮ ਤਗੜੇ ਬੰਧਨ ਬਣ ਜਾਂਦੇ ਹਨ।

---

1. ਜੈਨੀਆਂ ਦੇ ਹਉਮੈਵਾਦੀ ਮੋਕਸ਼ ਦੀ ਤੁਲਨਾ ਬੋਧੀਆਂ ਦੇ ਸਰਬ ਨਿਰਵਾਣ ਜਾਂ ਹਿੰਦੂਆਂ ਦੇ ਸਰਬ ਮੁਕਤੀ ਦੇ ਵਿਚਾਰ ਨਾਲ ਕੀਤੀ ਜਾਵੇ ਤਾਂ ਇਨ੍ਹਾਂ ਦੇ ਨੀਤੀ ਸ਼ਾਸਤਰਾਂ ਵਿਚੋਂ ਇਕ ਦਮ ਵਿਰੋਧ ਭਾਵ ਦਿਖਾਈ ਦਿੰਦਾ ਹੈ। (ਡਾ: ਮੁਖੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 74)
2. ਵੇਖੋ ਅਧਿਆਇ ਚੌਥਾ, ਮੁਕਤੀ ਦਾ ਸੰਕਲਪ.
3. An Introduction to Indian Religions, p.89.
4. ਇਕੋ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ (ਵਾਰ ਸੂਹੀ ਮ: ੩)788.
5. ਵੇਖੋ ਅਧਿਆਇ ਚੌਥਾ, ਇਸਤ੍ਰੀ ਦਾ ਸਥਾਨ.

ਜੇਹੇ ਕਰਮ ਕਮਾਇ ਤੇਹਾ ਹੋਇਸੀ। (ਸੂਹੀ )730

...

ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ। (ਸੋਰਠਿ )595

ਜੈਨ ਮਾਰਗ ਦੇ ਕਰਮਗਤੀ ਦੇ ਸੰਕਲਪ ਅਤੇ ਇਸ ਨੂੰ ਦੂਰ ਕਰਨ ਦੀ ਵਿਧੀ ਵਿਚ ਵੀ ਅੰਤਰ ਹੈ। ਜੈਨ ਧਰਮ ਵਿਚ ਕਰਮਗਤੀ ਇਕ ਪ੍ਰਕਾਰ ਦੀ ਮੈਲ ਹੈ, ਜੋ ਜੀਵ ਅਥਵਾ ਆਤਮਾ ਨੂੰ ਮਲੀਨ ਕਰ ਦੇਂਦੀ ਹੈ। ਇਸ ਮੈਲ ਨਾਲ ਆਤਮਾ ਧੁੰਦਲੀ ਪੈ ਜਾਂਦੀ ਹੈ ਅਤੇ ਅਗਲੇ ਜਨਮ ਵਿਚ ਜਦ ਤਕ ਇਹ ਮੈਲ ਨਹੀਂ ਧੋਤੀ ਜਾਂਦੀ ਜੀਵ ਦਾ ਸੁਭਾਉ ਇਨ੍ਹਾਂ ਕਰਮਾਂ ਦੇ ਅਧੀਨ ਮੈਲ ਭੋਗਦਾ ਹੈ। ਕਰਮਗਤੀ ਦੀ ਮੈਲ ਜਾਂ ਬੰਧਨਾਂ ਨੂੰ ਤਪੱਸਿਆ, ਤਿਆਗ ਤੇ ਵਰਤ ਨੇਮ ਦੀਆਂ ਸਾਧਨਾਂ ਨਾਲ ਕਰਤੱਵ ਹੀਨ ਜੀਵਨ ਬਿਤਾ ਕੇ ਖ਼ਤਮ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਵਿਸ਼ਵਾਸ ਹੈ ਕਿ ਨਿਰੋਲ ਤਪ ਸਾਧਨਾਂ ਨਾਲ ਕਰਮਗਤੀ ਤੋਂ ਮੁਕਤ ਹੋਣਾ ਅਸੰਭਵ ਹੈ। ਬਿਨਾਂ ਆਤਮਿਕ ਨਿਦਿਧਿਆਸਨ ਤੇ ਪ੍ਰਭੂ ਦੀ ਨਦਰ ਦੇ ਸਿਰਫ਼ ਤਿਆਗ ਤੇ ਤਪੱਸਿਆ ਨਾਲ ਕਰਮਗਤੀ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ।[1]

ਕਰਮ ਆਪਣੇ ਆਪ ਵਿਚ ਨਾ ਪਾਪ ਹਨ ਤੇ ਨਾ ਪੁੰਨ, ਨਾ ਚੰਗੇ ਹਨ ਨਾ ਮੰਦੇ। ਹਰ ਕਰਮ ਕਿਸੇ ਨਾ ਕਿਸੇ ਇਰਾਦੇ ਨਾਲ ਕੀਤਾ ਜਾਂਦਾ ਹੈ। ਉਹ ਇਰਾਦਾ ਜੇ ਚੰਗਾ ਹੋਵੇ ਤਾਂ ਕਰਮ ਵੀ ਚੰਗਾ ਤੇ ਜੇ ਇਰਾਦਾ ਮਾੜਾ ਹੈ ਤਾਂ ਕਰਮ ਵੀ ਮਾੜਾ ਹੈ। ਹਉਮੈ ਸਹਿਤ ਕੀਤੇ ਸਾਰੇ ਹੀ ਕਰਮ ਮਾੜੇ ਹਨ ਅਤੇ ਜਦ ਤਕ ਅਸੀਂ ਹਉਮੈ ਨੂੰ ਨਹੀਂ ਮਾਰਦੇ ਤਦ ਤਕ ਕਰਮ ਮੁਕਤ ਨਹੀਂ ਹੋ ਸਕਦੇ। ਹਉਮੈ ਸਰੀਰ ਨੂੰ ਦੁਖ ਜਾਂ ਤਸੀਹੇ ਦੇਣ ਨਾਲ ਨਹੀਂ, ਸਗੋਂ ਗੁਰੂ ਦੇ ਉਪਦੇਸ਼ ਤੇ ਵਾਹਿਗੁਰੂ ਦੇ ਗੁਣ ਗਾਉਣ ਨਾਲ ਹੀ ਮਰਦੀ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਵਾਹਿਗੁਰੂ ਦੀ ਮਿਹਰ ਜਾਂ ਬਖਸ਼ਿਸ਼ ਹੋਵੇ ਜੋ ਜੈਨਮਤ ਵਿਚ ਕਿਤੇ ਨਹੀਂ ਮਿਲਦੀ। ਗੁਰਮਤ ਵਿਕਾਸਵਾਦੀ ਹੈ। ਵਿਸਮਾਦ ਮਾਣਦਾ ਗੁਰਮੁਖ ਹਉ ਰਹਿਤ ਹੋ ਪਾਪਾਂ ਤੋਂ ਉਚੇਰਾ ਹੋ ਜਾਂਦਾ ਹੈ। ਪਾਪ ਹੇਠਾਂ ਰਹਿ ਜਾਂਦੇ ਹਨ ਤੇ ਗੁਰਸਿਖ ਅੱਗੇ ਲੰਘ ਜਾਂਦਾ ਹੈ ਤੇ ਸਦਾ ਵਿਗਾਸ ਦੀ ਅਵਸਥਾ ਵਿਚ ਪੁੱਜ ਜਾਂਦਾ ਹੈ। ਗੁਰੂ ਨਾਨਕ ਦੇ ਕਥਨ ਅਨੁਸਾਰ:

ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥ (ਜਪੁਜੀ)

ਚੁਰਾਸੀ ਲੱਖ ਜੂਨਾਂ

ਗੁਰੂ ਨਾਨਕ ਬਾਣੀ ਵਿਚ ਚੁਰਾਸੀ ਲੱਖ ਜੂਨਾਂ ਦਾ ਉਲੇਖ ਹੈ:

---

1. ਡਾ: ਤ੍ਰਿਲੋਚਨ ਸਿੰਘ, ਗੁਰੂ ਨਾਨਕ ਦਾ ਸਿਖ ਧਰਮ, ਪੰਨਾ 42.

ਲਖ ਚਉਰਾਸੀਹ ਜੰਤ ਉਪਾਏ। ਮੇਰੇ ਠਾਕੁਰ ਭਾਣੇ ਸਿਰਜਿ ਸਮਾਏ।
(ਬਸੰਤ) 1190

ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ। (ਰਾਮਕਲੀ) 936

ਪਰ ਉਸ ਤਰ੍ਹਾਂ ਦਾ ਵੇਰਵਾ ਨਹੀਂ ਦਿੱਤਾ ਹੈ, ਜਿਸ ਤਰ੍ਹਾਂ ਕਿ ਜੈਨ ਗ੍ਰੰਥਾਂ ਵਿਚ ਮਿਲਦਾ ਹੈ। ਜੈਨ ਮਤ ਦੇ ਵਿਦਵਾਨਾਂ ਅਨੁਸਾਰ 7 ਲੱਖ ਪ੍ਰਿਥਵੀ ਵਿਚ, ਸੱਤ ਲਖ ਪਾਣੀ ਵਿਚ, 7 ਲੱਖ ਹਵਾ ਵਿਚ, 7 ਲੱਖ ਅਗਨੀ ਵਿਚ, ਚੌਦਾਂ ਲੱਖ ਡਾਲੀਆਂ ਦਰਖਤਾਂ ਆਦਿਕ ਵਿਚ ਹੈ।ਦੋ ਲੱਖ ਦੋ ਇੰਦਰੀਆਂ ਵਾਲੇ ਜੋ ਤੁਚਾ ਅਤੇ ਮੁਖ ਰਖਦੇ ਹਨ, ਦੋ ਲੱਖ ਤਿੰਨ ਇੰਦਰੀਆਂ ਵਾਲੇ, ਭਾਵ ਜਿਨ੍ਹਾਂ ਦੇ ਤੁਚਾ, ਨੈਤਰ ਅਤੇ ਮੂੰਹ ਹਨ, ਦੋ ਲੱਖ ਚਾਰ ਇੰਦਰੀਆਂ ਵਾਲੇ, ਭਾਵ ਜਿਨ੍ਹਾਂ ਦੇ ਚਮੜੀ, ਮੁਖ, ਨੱਕ ਅਤੇ ਅੱਖਾਂ ਹਨ, ਚਾਰ ਲੱਖ ਦੇਵਤੇ ਜੋ ਸੁਰਗਵਾਸੀ ਹਨ, ਚਾਰ ਲਖ ਨਰਕਵਾਸੀ ਹਨ, ਚੌਦਾਂ ਲਖ ਮਨੁੱਖ ਜਾਤੀ ਅਤੇ 14 ਲਖ ਚੌਪਾਏ ਹਨ।[1]

<u>ਸਮਾਜਕ ਭਾਵਨਾ</u>

ਜਾਤੀ ਵਿਤਕਰੇ ਰਹਿਤ ਸਮਾਜ, ਸਭ ਦੀ ਸਮਾਨਤਾ, ਨਿਮ੍ਰਤਾ ਧਾਰਨ ਕਰਨੀ ਅਤੇ ਲੋਕ ਭਲਾਈ ਦੇ ਕੰਮ ਕਰਨੇ ਵੀ ਦੋਹਾਂ ਮੱਤਾਂ ਦਾ ਸਾਂਝਾ ਨਿਸ਼ਾਨਾ ਰਿਹਾ ਹੈ। ਜੈਨੀ ਭਿਖਸ਼ੂਆਂ ਲਈ ਮੰਗ ਕੇ ਖਾਣਾ ਅਵੱਸ਼ਕ ਹੈ। ਭਿਖਿਆ ਵਿਚ ਉਨ੍ਹਾਂ ਨੂੰ ਜੋ ਕੁਝ ਮਿਲਦਾ ਹੈ ਉਸੇ ਤੇ ਗੁਜ਼ਾਰਾ ਕਰਦੇ ਹਨ। ਉਨ੍ਹਾਂ ਦੀ ਰੀਤੀ ਦਾ ਚਿਤ੍ਰਨ ਗੁਰੂ ਨਾਨਕ ਦੇਵ ਜੀ ਨੇ 'ਜੂਠਾ ਮੰਗਿ ਮੰਗਿ ਖਾਹੀ'[2] ਸ਼ਬਦਾਂ ਵਿਚ ਕੀਤਾ ਹੈ। ਭਿਖਸ਼ੂ ਬਣ ਕੇ ਮੰਗਣਾ ਵਿਵਰਜਤ ਹੈ। ਇਥੇ ਕਿਰਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਮੰਗਣ ਕ੍ਰਿਆ ਬਾਰੇ ਗੁਰੂ ਨਾਨਕ ਨੇ ਵਿਚਾਰ ਦਿੱਤਾ ਹੈ:

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ।
(ਰਾਮਕਲੀ) 878

ਜੈਨ ਮੱਤ ਵਿਚ ਸਮਾਜਕ ਭਾਵਨਾ ਨਹੀਂ ਕਿਉਂਕਿ ਜੈਨੀ ਨਿਰਾਸ ਅਤੇ ਉਦਾਸਮਈ ਜੀਵਨ ਜੀਊਣ ਵਿਚ ਵਿਸ਼ਵਾਸ ਰਖਦੇ ਹਨ। ਜੈਨੀ ਭਿਖਸ਼ੂਆਂ ਦੀ ਸਮਾਜ ਵਿਚ ਦਿਲਚਸਪੀ ਨਹੀਂ। ਉਨ੍ਹਾਂ ਦੇ ਜੀਵਨ ਅਤੇ ਨਜ਼ਰੀਏ ਬਾਰੇ ਗੁਰੂ ਨਾਨਕ ਦਾ ਕਥਨ ਹੈ:

ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।
(ਵਾਰ ਮਾਝ) 140

---

1. ਲਾਲ ਸਿੰਘ, ਗੁਰਮਤਿ ਸਿਧਾਂਤ ਤੇ ਭਾਰਤੀ ਵਿਚਾਰਧਾਰਾ, ਪੰਨਾ 152.
2. ਵਾਰ ਮਾਝ/149.

ਜੈਨੀ ਸਾਧੂ ਜੰਗਲਾਂ ਅਤੇ ਮਸਾਣਾਂ ਵਿਚ ਰਹਿੰਦੇ ਅਤੇ ਸਾਧਦੇ ਸਨ:

ਰਹੈ ਬੇਬਾਣੀ ਮੜੀ ਮਸਾਣੀ ਅੰਧੁ ਨ ਜਾਣੈ ਫਿਰ ਪਛੁਤਾਣੀ।
(ਵਾਰ ਆਸਾ) 467

ਅਤੇ ਕਈ ਨੰਗੇ ਵੀ ਰਹਿੰਦੇ ਹਨ:

ਇਕ ਨਗਨ ਫਿਰਹਿ ਦਿਨ ਰਾਤਿ ਨੀਦ ਨ ਸੋਵਹੀ।
(ਵਾਰ ਮਲਾਰ) 1285

ਜੈਨ ਧਰਮ ਵਰਣ ਧਰਮ ਵਿਚ ਯਕੀਨ ਨਹੀਂ ਰਖਦਾ। ਸਾਰੇ ਮਨੁੱਖ ਇਕੋ ਜਿਹੇ ਹਨ ਅਤੇ ਨੀਵੀਆਂ ਜਾਤਾਂ ਦੇ ਮਨੁੱਖ ਵੀ ਇਹ ਮਾਰਗ ਧਾਰ ਕੇ ਹੀ ਮੁਕਤੀ ਪ੍ਰਾਪਤ ਕਰ ਸਕਦੇ ਹਨ।[1] ਗੁਰੂ ਨਾਨਕ ਦੇਵ ਜੀ ਨੇ ਵੀ ਜਾਤੀ ਭੇਦ ਅਤੇ ਜਾਤੀ ਨਫ਼ਰਤ ਦਾ ਖੰਡਨ ਕੀਤਾ ਹੈ। ਕੋਈ ਵੀ ਵਿਅਕਤੀ ਨਾਮ ਸਿਮਰ ਕੇ ਮੁਕਤ ਹੋ ਸਕਦਾ ਹੈ।[2]

<u>ਕਿੱਤੇ</u>

ਜੈਨੀ ਲੋਕ ਮੁਖ ਤੌਰ ਤੇ ਵਪਾਰ ਜਾਂ ਦਸਤਕਾਰੀ ਹੀ ਕਰਦੇ ਹਨ। ਉਸਦਾ ਕਾਰਣ ਵੀ ਧਾਰਮਿਕ ਹੈ। ਅਹਿੰਸਾ ਨੂੰ ਪਰਮ ਧਰਮ ਸਮਝਦੇ ਹੋਏ ਉਹ ਅਜਿਹਾ ਧੰਦਾ ਨਹੀਂ ਕਰਦੇ, ਜਿਸ ਵਿਚ ਕਿ ਜੀਵ ਹੱਤਿਆ ਹੋਵੇ। ਇਸੇ ਕਰਕੇ ਉਹ ਖੇਤੀਬਾੜੀ ਆਦਿ ਦੇ ਧੰਦੇ ਨਹੀਂ ਕਰਦੇ।[3]

ਇਸ ਤੋਂ ਉਲਟ ਗੁਰੂ ਨਾਨਕ ਅਨੁਸਾਰ ਸਾਰੇ ਹੀ ਧੰਦੇ ਉਤੱਮ ਹਨ। ਗੁਰੂ ਨਾਨਕ ਨੇ ਆਪ ਖੇਤੀ ਵੀ ਕੀਤੀ ਸੀ ਅਤੇ ਵਪਾਰ ਵੀ। ਖੇਤੀਬਾੜੀ ਉਨ੍ਹਾਂ ਦੇ ਨਜ਼ਰੀਏ ਵਿਚ ਇਕ ਉਤੱਮ ਧੰਦਾ ਸੀ। ਉਨ੍ਹਾਂ ਨੇ ਆਪਣੇ ਅਧਿਆਤਮਕ ਜੀਵਨ ਦੇ ਪ੍ਰਗਟਾਉ ਲਈ ਖੇਤੀ ਪ੍ਰਕ੍ਰਿਆ ਨੂੰ ਵਿਸ਼ੇਸ਼ ਬਿੰਬ ਬਣਾਇਆ ਹੈ।

<u>ਵੈਦਿਕ ਕਰਮ ਕਾਂਡ ਦਾ ਵਿਰੋਧ</u>

ਜੈਨ ਮੱਤ ਦਾ ਦਰਸ਼ਨ ਚਾਰਵਾਕ ਅਤੇ ਬੁੱਧ ਮੱਤ ਨਾਲ ਥੋੜ੍ਹਾ ਬਹੁਤ ਮਿਲਦਾ ਹੈ। ਤਿੰਨੇ ਹੀ ਅਵੈਦਿਕ ਪ੍ਰਣਾਲੀਆਂ ਹਨ ਅਤੇ ਬ੍ਰਾਹਮਣਿਕ ਰੀਤੀ ਦਾ ਵਿਰੋਧ ਕਰਦੀਆਂ ਹਨ।[4] ਜੈਨ ਧਰਮ ਵੇਦ ਬ੍ਰਾਹਮਣਾਂ ਅਤੇ ਉਨ੍ਹਾਂ ਦੁਆਰਾ ਕੀਤੇ ਜਾਣ ਵਾਲੇ ਹੋਮ ਜਗ ਦੀ ਵਿਰੋਧਤਾ ਕਰਦਾ ਹੈ। ਗੁਰਮਤ ਵੀ ਵੇਦਾਂ ਦੀ ਪਰਮਾਣਿਕਤਾ ਨੂੰ ਨਹੀਂ ਮੰਨਦੀ ਅਤੇ ਇਨ੍ਹਾਂ ਵਿਚ ਦੱਸੇ ਗਏ ਕਰਮਕਾਂਡ ਨੂੰ ਅਪਰਵਾਨ ਕਰਦੀ ਹੈ। ਗੁਰੂ ਨਾਨਕ ਦੇ ਕਥਨ ਅਨੁਸਾਰ:

---

1. ਭਾਈ ਜੋਧ ਸਿੰਘ, ਗੁਰੂ ਨਾਨਕ ਸਿਮਰਤੀ ਵਿਆਖਿਆਨ, ਪੰਨਾ 7.
2. ਵੇਖੋ ਅਧਿਆਇ ਚੌਥਾ, ਮੁਕਤੀ ਦਾ ਸੰਕਲਪ
3. Das Gupta, A History of Indian Philosophy, Vol. I, p.173.
4. ਡਾ: ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨਾ 61.

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ।
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ। (ਸੋਰਠਿ)635

## ਅਵਤਾਰ ਤੇ ਦੇਵ ਪੂਜਾ

ਜੈਨ ਮੱਤ ਵਿਚ ਅਵਤਾਰਾਂ ਜਾਂ ਦੇਵੀ ਦੇਵਤਿਆਂ ਦੀਆਂ ਮੂਰਤਾਂ ਬਣਾ ਕੇ ਪੂਜਾ ਕਰਨ ਦਾ ਵਿਰੋਧ ਹੈ। ਇਸ ਮਤ ਅਨੁਸਾਰ ਜਿਨ੍ਹਾਂ ਦੇਵਤਿਆਂ ਨੂੰ ਬਨੀਆਂ ਦੁਆਰਾ ਪ੍ਰਸਿੱਧ ਕੀਤਾ ਜਾਂਦਾ ਹੈ, ਉਨ੍ਹਾਂ ਦੀ ਪਦਵੀ ਮਨੁੱਖਾਂ ਨਾਲੋਂ ਵੀ ਨੀਵੀਂ ਹੈ। ਉਨ੍ਹਾਂ ਨੂੰ ਵੀ ਮੁਕਤੀ ਪਰਾਪਤ ਕਰਨ ਲਈ ਮਨੁੱਖੀ ਸਰੀਰ ਵਿਚ ਆਉਣਾ ਪੈਂਦਾ ਹੈ।[1] ਗੁਰਬਾਣੀ ਕਿਸੇ ਪਰਕਾਰ ਦੀ ਮੂਰਤੀ ਨੂੰ ਪੂਜਣ ਦਾ ਵਿਰੋਧ ਕਰਦੀ ਹੈ। ਗੁਰੂ ਦੇ ਵੀ ਸਰੀਰ ਜਾਂ ਚਿਤ੍ਰ ਦੀ ਪੂਜਾ ਨਹੀਂ, ਉਸਦੀ ਬਾਣੀ ਜਾਂ ਉਸਦੇ ਸ਼ਬਦ ਵਲ ਧਿਆਨ ਦੇਣ ਦੀ ਪ੍ਰੇਰਨਾ ਹੈ। ਗੁਰੂ ਨਾਨਕ ਦਾ ਜਪੁਜੀ ਵਿਚ ਕਥਨ ਹੈ ਕਿ ਪਰਮਾਤਮਾ ਨਾ ਅਵਤਾਰ ਧਾਰਦਾ ਹੈ ਅਤੇ ਨਾ ਹੀ ਉਸਦੀ ਕਿਸੇ ਪ੍ਰਕਾਰ ਦੀ ਮੂਰਤੀ ਬਣਾ ਕੇ ਪੂਜਾ ਕੀਤੀ ਜਾ ਸਕਦੀ ਹੈ:

ਥਾਪਿਆ ਨ ਜਾਇ ਕੀਤਾ ਨ ਹੋਇ। (ਜਪੁਜੀ)

ਜਾਂ

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ। (ਸੋਰਠਿ)637

## ਸੰਗਤ

ਜੈਨ ਮਾਰਗ ਤਪੱਸਿਆ ਤੇ ਬਹੁਤ ਜ਼ੋਰ ਦਿੰਦਾ ਹੈ ਅਤੇ ਮੁੱਖ ਤੌਰ ਤੇ ਵਿਅਕਤੀਗਤ ਕ੍ਰਿਆਵਾਂ ਹੀ ਕੀਤੀਆਂ ਜਾਂਦੀਆਂ, ਜਿਸ ਕਰਕੇ ਸੰਗਤ ਦਾ ਸੰਕਲਪ ਨਹੀਂ।[2] ਗੁਰੂ ਨਾਨਕ ਬਾਣੀ ਵਿਚ ਸੰਗਤ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਬਾਣੀ ਅਤੇ ਸੰਗਤ ਦੋਹਾਂ ਦੀ ਸਾਂਝ ਦੀ ਵਿਸ਼ੇਸ਼ਤਾ ਹੈ:

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ।
(ਸਿਰੀ ਰਾਗ)22

ਸਮੁੱਚੇ ਤੌਰ ਤੇ ਗੁਰੂ ਸਾਹਿਬਾਨ ਅਨੁਸਾਰ ਜੈਨ ਮਾਰਗ ਪਰਵਾਨ ਵਿਧੀ ਨਹੀਂ ਹੈ।[3]

---

1. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਕਾ ਸਾਂਸਕ੍ਰਿਤਕ ਸਰਵੇਖਣ, ਪੰਨਾ 586.
2. A History of Indian Philosophy, Vol. I, p.173.
3. ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਜੈਨ ਮਾਰਗ ਸੰਜਮ ਅਤਿ ਸਾਧਨ
ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ।
(ਸੁਖਮਨੀ)265.

## ਬੁੱਧ ਮੱਤ

ਗੁਰੂ ਨਾਨਕ ਬਾਣੀ ਵਿਚ 'ਬੁੱਧ' ਸ਼ਬਦ ਦਾ ਉਲੇਖ ਅਤੇ ਬੋਧੀ ਵਿਚਾਰਧਾਰਾ ਦਾ ਕੁਝ ਚਿਤ੍ਰਨ ਵੀ ਮਿਲਦਾ ਹੈ। ਆਪ ਦੀ ਪ੍ਰਥਮ ਬਾਣੀ ਜਪੁਜੀ ਵਿਚ ਇਹ ਸ਼ਬਦ ਦੋ ਵਾਰੀ ਅੰਕਿਤ ਹੋਇਆ ਹੈ, ਜੋ ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਆਦਿ ਵਿਦਵਾਨ ਟੀਕਾਕਾਰਾਂ ਅਨੁਸਾਰ 'ਬੁੱਧ' ਵਲ ਸੰਕੇਤ ਹੈ। ਗੁਰੂ ਨਾਨਕ ਦੇ ਕਥਨ ਅਨੁਸਾਰ ਬੁੱਧ ਇਕ ਨਹੀਂ ਅਨੇਕ ਹੀ ਹਨ, ਜਿਨ੍ਹਾਂ ਦਾ ਗਿਆਨ 'ਗਿਆਨ ਖੰਡ' ਦੀ ਅਵਸਥਾ ਤੇ ਪਹੁੰਚ ਕੇ ਹੁੰਦਾ ਹੈ:

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ। (ਪੰ:35)

ਇਸ ਤੋਂ ਪਹਿਲਾਂ 'ਮੰਨਣ' ਦੀ ਪ੍ਰਾਪਤੀ ਦੱਸੀ ਹੈ:

ਮੰਨੈ ਸੁਰਤਿ ਹੋਵੈ ਮਨਿ ਬੁਧਿ। (ਪ:13)

ਬੁੱਧ ਸ਼ਬਦ ਦਾ ਉਲੇਖ ਗਿਆਨ ਦੇ ਰੂਪ ਵਿਚ ਵੀ ਕਾਫ਼ੀ ਮਿਲਦਾ ਹੈ।

ਬੁੱਧ ਮੱਤ ਦਾ ਬਾਨੀ ਮਹਾਤਮਾ ਬੁੱਧ[1](ਸਿਧਾਰਥ) ਸੀ। ਬੁੱਧ ਮੱਤ ਹਿੰਦੂ ਧਰਮ ਵਿਚ ਸੁਧਾਰ ਲਈ ਇਕ ਸ਼ਕਤੀਸ਼ਾਲੀ ਲਹਿਰ ਸੀ। ਜੈਨ ਮਤ ਅਤੇ ਬੁੱਧ ਮੱਤ ਭਾਵੇਂ ਹਿੰਦੂ ਰਸਮਾਂ ਰਿਵਾਜਾਂ ਨੂੰ ਮੰਨਦੇ ਸਨ ਅਤੇ ਹਿੰਦੂਆਂ ਵਿਚ ਹੀ ਵਿਆਹ ਸ਼ਾਦੀਆਂ ਵੀ ਕਰਦੇ ਸਨ ਪਰ ਵੇਦਾਂ ਦੀ ਸਰਦਾਰੀ ਨੂੰ ਨਾ ਮੰਨਣ ਕਰਕੇ ਪਰੰਪਰਾ ਵਜੋਂ ਇਹ ਹਿੰਦੂ ਮਤ ਤੋਂ ਬਾਹਰ ਹੀ ਸਮਝੇ ਜਾਂਦੇ ਸਨ।[2] ਬੁੱਧ ਮੱਤ ਬੁੱਧ ਦੇ ਨਿਜੀ ਅਨੁਭਵ ਅਤੇ ਉਸਦੀ ਬੌਧਿਕ ਸੋਚਣੀ ਉਤੇ ਆਧਾਰਿਤ ਮੱਤ ਹੈ। ਬੁੱਧ ਨੇ ਵੱਖਰਾ ਧਰਮ ਚਲਾਉਣ ਦੇ ਕੋਈ ਜਤਨ ਨਹੀਂ ਕੀਤੇ ਸਨ ਨਾ ਹੀ ਉਸਨੇ ਨਵੀਂ ਕਿਸੇ ਰਸਮ ਰਿਵਾਜ ਜਾਂ ਕਾਨੂੰਨ ਆਦਿ ਦਾ ਜ਼ਿਕਰ ਹੀ ਕੀਤਾ ਸੀ। ਉਸਦਾ ਉਦੇਸ਼ ਕੇਵਲ ਇਕ ਸੱਚੀ ਜੀਵਨ ਜਾਚ ਵਲ ਸੀ, ਜਿਸ ਤੇ ਚਲ ਕੇ ਜਨਮ ਮਰਨ ਦੇ ਗੇੜ ਤੋਂ ਬਚਿਆ ਜਾ ਸਕੇ। ਉਸ ਨੇ ਕੋਈ ਸਿਧਾਂਤ ਨਹੀਂ ਦਿੱਤੇ। ਸਿਰਫ਼ ਸਾਦੀ ਸਚਾਈ, ਚੰਗੇ ਕਰਮ ਅਤੇ ਉਚਾ ਆਚਰਨ ਹੀ ਉਸ

---

1. ਉਸਦਾ ਜੀਵਨ ਕਾਲ 567-487 ਪੂ:ਈ: ਮੰਨਿਆ ਗਿਆ ਹੈ। ਬੇਸ਼ਕ ਉਸਦਾ ਜਨਮ ਰਾਜ ਘਰਾਣੇ ਵਿਚ ਹੋਇਆ ਸੀ ਪਰ ਦੁਨੀਆਂ ਦੇ ਦੁੱਖ ਵੇਖ ਕੇ ਉਸ ਤੇ ਡਾਢਾ ਪ੍ਰਤੀਕਰਮ ਹੋਇਆ। ਦੁਨੀਆਂ ਦੇ ਦੁੱਖਾਂ ਦਾ ਹਲ ਲੱਭਣ ਲਈ ਉਸਨੇ ਪਤਨੀ ਅਤੇ ਬੱਚੇ ਛੱਡ ਕੇ ਵੈਰਾਗ ਧਾਰਨ ਕੀਤਾ ਅਤੇ 6 ਵਰ੍ਹਿਆਂ ਦੀ ਤਪੱਸਿਆ ਮਗਰੋਂ ਗਯਾ ਵਿਚ ਉਸਨੂੰ ਬੁੱਧ ਗਿਆਨ ਪ੍ਰਾਪਤ ਹੋਇਆ ਅਰਥਾਤ ਗੌਤਮ 'ਬੁੱਧ' ਹੋ ਗਿਆ।

2. Sri Aurobindo Gosh, The Foundation of Indian Culture, p.133.

ਦੀਆਂ ਸਿਧਾਂਤਾਂ ਦਾ ਆਧਾਰ ਹਨ।[1]

## ਈਸ਼ਵਰ ਬਾਰੇ

ਬੁੱਧ ਮੱਤ ਭਾਵੇਂ ਜੈਨ ਮੱਤ ਵਾਂਗ ਅਨੀਸ਼ਵਰਵਾਦੀ ਨਹੀਂ, ਪਰ ਈਸ਼ਵਰ ਦੀ ਹੋਂਦ ਬਾਰੇ ਉਹ ਚੁੱਪ ਹੈ। ਦਾਰਸ਼ਨਿਕ ਸਮੱਸਿਆਵਾਂ ਬਾਰੇ ਉਹ ਉਲਝਿਆ ਨਹੀਂ ਜੇ ਕੋਈ ਵਿਅਕਤੀ ਉਸਤੋਂ ਪੁੱਛਦਾ ਹੈ ਕਿ ਕੀ ਰੱਬ ਹੈ ਤਾਂ ਉਹ ਚੁੱਪ ਹੀ ਰਹਿੰਦਾ ਹੈ ਅਤੇ ਜੇ ਕੋਈ ਪੁੱਛਦਾ ਹੈ ਕਿ ਕੀ ਰੱਬ ਨਹੀਂ ਹੈ ਤਾਂ ਵੀ ਉਹ ਚੁੱਪ ਹੀ ਰਹਿੰਦਾ। ਇਸ ਪੱਖ ਤੋਂ ਉਸ ਨੂੰ ਚੁੱਪ ਮੱਤ ਆਖਿਆ ਗਿਆ ਹੈ।[2] ਗੁਰੂ ਨਾਨਕ ਬਾਣੀ ਵਿਚ ਪ੍ਰਭੂ ਦੀ ਹੋਂਦ ਦਾ ਵਿਸ਼ਵਾਸ ਮੁੱਖ ਧੁਰਾ ਹੈ।

## ਸ਼ੂਨਯਵਾਦ

ਮਾਧਮਿਕ ਕਾਰਿਕਾ (1/7) ਦੇ ਆਧਾਰ ਤੇ ਡਾ: ਜੱਗੀ ਦੀ ਸਥਾਪਨਾ ਹੈ ਕਿ ਬੋਧ ਧਰਮ ਵਿਚ ਪਰਮ ਸੱਤਾ ਲਈ ਭਾਵੇਂ ਬ੍ਰਹਮ ਨਾਂ ਦੀ ਵਰਤੋਂ ਤਾਂ ਨਹੀਂ ਹੋਈ, ਪਰ ਮਹਾਯਾਨ ਸ਼ਾਖਾ ਦੇ ਮੋਢੀ ਨਾਗਾਰਜੁਨ ਨੇ ਉਸ ਨੂੰ ਸ਼ੂਨਯ ਸੱਤਾ ਮੰਨ ਕੇ ਚਾਰਾਂ ਕੋਟੀਆਂ ਤੋਂ ਵਿਲੱਖਣ ਕਿਹਾ ਹੈ, ਉਨ੍ਹਾਂ ਦਾ ਸ਼ੂਨਯ ਨ ਸਤ ਹੈ, ਨ ਅਸਤ ਹੈ, ਨ ਸਤ ਅਤੇ ਨ ਅਸਤ ਦੋਵੇਂ ਹੈ ਅਤੇ ਨਾਂ ਹੀ ਦੋਹਾਂ ਤੋਂ ਭਿੰਨ ਹੈ।[3] ਮਹਾਯਾਨੀਆਂ ਨੇ 'ਸ਼ੂਨਯ' ਨੂੰ 'ਪਰਮਾਰਥ-ਸੱਤ' ਮੰਨਿਆ ਹੈ ਅਤੇ ਉਸ ਨੂੰ 'ਮਹਾਸੁਖਵਾਦ' ਦਾ ਪ੍ਰਤੀਕ ਸਵੀਕਾਰ ਕੀਤਾ ਹੈ।[4]

ਗੁਰੂ ਨਾਨਕ ਬਾਣੀ ਵਿਚ ਸੁੰਨ ਅਵਸਥਾ ਦਾ ਜ਼ਿਕਰ ਹੈ। ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਸੁੰਨ ਅਵਸਥਾ ਹੀ ਸੀ ਅਤੇ ਇਸ ਵਿਚ ਨਿਰੰਕਾਰ ਨੂੰ ਕੋਈ ਮਾਇਆ ਦਾ ਫੁਰਨਾ ਨਹੀਂ ਸੀ। ਉਸ ਧੁਨੀ ਵਿਚ ਸਮਾਇਆ ਹੋਇਆ ਸੀ। ਇਸੇ ਕਰਕੇ ਉਹ ਉਸਦੀ ਸੁੰਨ ਸਮਾਧੀ ਹੈ (ਸੁੰਨ ਦੇ ਅਰਥ ਧੁਨੀ ਦੇ ਹਨ)। ਇਸ ਉਸ ਦੀ ਅਨਹਦ ਧੁਨੀ ਵਿਚ ਲੀਨ ਹੋਇਆ ਹੀ ਸੁੰਨ-ਸਮਾਧੀ ਪ੍ਰਾਪਤ ਹੁੰਦੀ ਹੈ। ਨਿਰਗੁਣ ਅਤੇ ਸਗੁਣ ਦੋਵੇਂ ਅਵਸਥਾਵਾਂ ਉਸ ਅਸੀਮ ਸ਼ਕਤੀ ਨਿਰੰਕਾਰ ਦੀਆਂ ਹਨ। ਨਿਰਗੁਣ ਅਵਸਥਾ ਨੂੰ ਸਤਿਗੁਰੂ 'ਸੁੰਨ' ਕਹਿੰਦੇ ਹਨ। ਇਸ ਸੁੰਨ ਤੋਂ ਹੀ ਪਉਣ ਪਾਣੀ ਅਤੇ ਬ੍ਰਹਮੰਡ ਦੀ ਉਤਪਤੀ ਹੋਈ ਹੈ।[5]

ਪਉਣ ਪਾਣੀ ਸੁੰਨੈ ਤੇ ਸਾਜੇ॥ ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ।
(ਮਾਰੂ ਸੋਹਲੇ) 1037

---

1. B.N. Luniya, Evolution of Indian culture, p. 114.
2. ਵੇਖੋ ਅਧਿਆਇ ਚੌਥਾ, ਬ੍ਰਹਮ ਦਾ ਸੰਕਲਪ.
3. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 115.
4. ਗੁਰ ਨਾਨਕ ਸ਼ਬਦ ਰਤਨਾਕਰ, ਪੰਨਾ 103.
5. ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ 104.

'ਸਿਧ ਗੋਸਟਿ' ਰਚਨਾ ਵਿਚ ਸੁੰਨ ਸੁਬੰਧੀ ਕਈ ਵਾਰੀ ਉਲੇਖ ਹੈ। ਉਦਾਹਰਣ ਵਜੋਂ ਇਹ ਪੰਕਤੀਆਂ ਵੇਖੋ:

ਊਤਰਿ ਅਵਘਟਿ ਸਰਵਰਿ ਨਾਵੈ। ਬਕੈ ਨ ਬੋਲੈ ਹਰਿ ਗੁਣ ਗਾਵੈ।
ਜਲੁ ਆਕਾਸੀ ਸੁੰਨਿ ਸਮਾਵੈ ਰਸੁ ਸਤੁ ਝੋਲਿ ਮਹਾ ਰਸੁ ਪਾਵੈ।
(ਰਾਗ ਆਸਾ) 411

ਸੁੰਨਵਾਦੀ (ਅਭਾਵਵਾਦੀ) ਬੋਧੀਆਂ ਦਾ ਮੱਤ ਹੈ ਕਿ ਜਗਤ ਤੋਂ ਪਹਿਲਾਂ ਕੁਝ ਨਹੀਂ ਸੀ। ਸੁਤੇ ਸਿਧ ਹੀ ਇਹ ਹੋ ਗਿਆ ਅਤੇ ਅੰਤ ਸੁੰਨ ਵਿਚ ਹੀ ਰਹਿ ਜਾਵੇਗਾ।[1] ਗੁਰਬਾਣੀ ਅਨੁਸਾਰ ਸੰਸਾਰ ਰਚਨਾ ਤੋਂ ਪਹਿਲਾਂ ਚੇਤਨ-ਸ਼ਕਤੀ ਪ੍ਰਭੂ ਸਮਾਧਿ ਸਥਿਤ ਸੀ।

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।
(ਮਾਰੂ ਮ:1) 1035

ਸ੍ਰਿਸ਼ਟੀ ਦੀ ਰਚਨਾ ਵੀ ਸੁਤੰਤਰ ਨਹੀਂ ਹੋ ਗਈ, ਸਗੋਂ ਉਸ 'ਕਰਤੇ' ਨੇ ਰਚੀ ਹੈ ਅਤੇ ਓੜਕ ਨੂੰ ਉਸੇ ਵਿਚ ਸਮਾ ਜਾਵੇਗੀ।

ਗੁਰੂ ਨਾਨਕ ਦੇ ਸੁੰਨਵਾਦ ਦਾ ਬੋਧੀ ਨਾਗਾਰਜੁਨ ਦੇ ਸੁੰਨਵਾਦ ਨਾਲੋਂ ਅੰਤਰ ਹੈ। ਮੂਲ ਮੰਤਰ ਵਿਚ 'ਏਕ' ਕਿਸੇ ਅਜੇਹੀ ਹਸਤੀ ਜਾਂ ਅਸਲੀਅਤ ਦਾ ਪ੍ਰਤੀਕ ਹੈ, ਜੋ ਵਿਧਾਨਮਈ ਜਾਂ ਹਾਂ-ਵਾਚਕ ਹੈ। ਏਕਾ 'ਹੈ' ਦਾ ਸ਼ਬਦ ਪ੍ਰਗਟਾਵਾ ਹੈ। ਫ਼ਰਜ਼ ਕਰੋ ਇਥੇ ਸਿਫ਼ਰ ਹੁੰਦੀ, ਜਿਸ ਦਾ ਭਾਵ 'ਕੁਝ ਨਹੀਂ' ਹੈ - ਤਾਂ ਨਾਗਾਰਜੁਨ ਸਿਧਾਂਤ ਜਨਮ ਲੈਂਦਾ, ਸਭ 'ਸੁੰਨ-ਮਸੁੰਨ' ਹੁੰਦਾ। ਗੁਰੂ ਨਾਨਕ ਨੇ 'ਸਿਫ਼ਰ' ਨਹੀਂ 'ਏਕਾ' ਕਹਿ ਕੇ ਸੁੰਨਵਾਦ ਨਾਲੋਂ ਆਪਣਾ ਮੱਤ-ਭੇਦ ਪ੍ਰਗਟ ਕਰ ਦਿੱਤਾ ਹੈ। ਉਹ ਕਹਿ ਰਹੇ ਹਨ - 'ਹਸਤੀ ਹੈ' ਤੇ ਹਸਤੀ ਏ, ਤਿਨ ਜਾਂ ਵਧੀਕ ਨਹੀਂ, ਕੇਵਲ ਇਕ ਹੈ। ਸੋ ਅੰਤਿਮ ਅਸਲੀਅਤ 'ਇਕ' ਹੈ, ਜਿਸ ਤੋਂ ਅਸੀਂ ਏਕਵਾਦੀ ਸਿਧਾਂਤ ਗ੍ਰਹਿਣ ਕਰਦੇ ਹਾਂ।[2] ਸਿੱਖ ਧਰਮ ਵਿਚ ਸੁੰਨ ਅਵਸਥਾ ਪਰਿਪੂਰਨ ਨਿਰੰਤਰ ਪਰਮਾਤਮਾ ਦੀ 'ਸੱਤ ਸਰੂਪੀ ਚੁੱਪ ਦੀ ਅਵਸਥਾ ਹੈ, ਜਿਥੇ ਉਸਦੀ ਜੋਤਿ ਜਗਮਗਾਉਂਦੀ ਹੈ ਅਤੇ ਜਿਸ ਤੋਂ ਅਨਹਦ ਨਾਦ ਦੀ ਗੂੰਜ ਪੂਰਨ ਅਨੰਦ ਵਿਚ ਸੁਣਾਈ ਦਿੰਦੀ ਹੈ।[3]

ਚਾਰ ਸੱਚ

ਬੁੱਧ ਮੱਤ ਵਿਚ ਚਾਰ ਸੱਚਾਂ ਦੀ ਖਾਸ ਵਿਸ਼ੇਸ਼ਤਾ ਹੈ। ਉਹ ਸੱਚ ਇਹ ਹਨ:

---

1. ਮਹਾਨ ਕੋਸ਼
2. ਵਜ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 47.
3. ਡਾ: ਤ੍ਰਿਲੋਚਨ ਸਿੰਘ, ਗੁਰੂ ਨਾਨਕ ਦਾ ਸਿੱਖ ਧਰਮ, ਪੰਨਾ 56.

1. ਸੰਸਾਰ ਦੁੱਖਾਂ ਦਾ ਘਰ ਹੈ। ਜੇ ਸ਼ੁਰੂ ਤੋਂ ਸੰਸਾਰ ਦੇ ਮਨੁੱਖਾਂ ਦੇ ਅੱਥਰੂ ਇਕੱਠੇ ਕੀਤੇ ਜਾਣ ਤਾਂ ਸਮੁੰਦਰ ਦੇ ਪਾਣੀ ਤੋਂ ਵੀ ਵੱਧ ਹੋ ਜਾਣ।

2. ਇਸ ਦੁੱਖ ਦਾ ਕਾਰਨ ਹੈ ਅਤੇ ਉਹ ਹੈ ਤ੍ਰਿਸ਼ਨਾ। ਤ੍ਰਿਸ਼ਨਾ ਇੱਛਾ ਕਰਕੇ ਉਤਪੰਨ ਹੁੰਦੀ ਹੈ। ਮਨੁੱਖ ਇਸੇ ਕਰਕੇ ਬਾਰ ਬਾਰ ਜੰਮਦਾ ਹੈ ਅਤੇ ਦੁੱਖ ਭੋਗਦਾ ਹੈ।

3. ਇਹ ਦੁੱਖ ਤ੍ਰਿਸ਼ਨਾ ਨੂੰ ਛੱਡਣ ਨਾਲ ਦੂਰ ਹੋ ਸਕਦਾ ਹੈ।

ਬੁੱਧ ਨੇ ਕਿਹਾ ਸੀ ਕਿ ਤ੍ਰਿਸ਼ਨਾ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਨਿਰਾਸਤਾ ਅਤੇ ਉਦਾਸੀ ਦੀਆਂ ਖੱਡਾਂ ਵਿਚ ਸੁੱਟਦੀ ਹੈ।

4. ਦੁੱਖਾਂ ਤੋਂ ਨਿਵਿਰਤ ਹੋਣ ਦਾ ਵੀ ਉਪਾਅ ਜਾਂ ਰਾਹ ਹੈ, ਜਿਸ ਨੂੰ ਸੱਚ ਦਾ 'ਅਸ਼ਟਾਂਗ ਮਾਰਗ' ਕਿਹਾ ਗਿਆ ਹੈ। ਉਹ ਅੰਗ ਹਨ: ਠੀਕ ਬਚਨ, ਠੀਕ ਧਿਆਨ, ਠੀਕ ਕਰਮ, ਠੀਕ ਉਪਰਾਲਾ, ਠੀਕ ਵਿਚਾਰ/ਠੀਕ ਉਪਜੀਵਿਕਾ। ਠੀਕ ਸੰਕਲਪ

<u>ਦੁੱਖ ਦਾ ਸੰਕਲਪ</u>

ਬੁੱਧ ਨੇ ਦੁੱਖ ਤੇ ਇਸ ਕਦਰ ਜ਼ੋਰ ਦਿੱਤਾ ਹੈ ਕਿ ਇਸ ਨੂੰ 'ਦੁਖ-ਹੇਤੂ-ਨਿਰੋਧ-ਮਾਰਗ' ਆਖਿਆ ਗਿਆ ਹੈ। ਗੁਰੂ ਨਾਨਕ ਨੇ ਇਹ ਤਾਂ ਕਿਹਾ ਹੈ ਕਿ 'ਨਾਨਕ ਦੁਖੀਆ ਸਭੁ ਸੰਸਾਰ'[1] ਪਰ ਇਹ ਵੀ ਦੱਸਿਆ ਹੈ ਕਿ ਜੀਵਨ ਵਿਚ ਕੇਵਲ ਦੁਖ ਨਹੀਂ, ਸੁਖ ਵੀ ਹਨ। ਮਨੁੱਖ ਦੇ ਜੀਵਨ ਵਿਚ ਇਹ ਦੋਵੇਂ ਹੀ ਅਖੁੱਟ ਹਨ:

ਦੁਖੁ ਸੁਖੁ ਦੋਇ ਦਰਿ ਕਪੜੇ ਪਹਿਰਹਿ ਜਾਇ ਮਨੁਖ। (ਵਾਰ ਮਾਝ)149.

ਇਹ ਦੋਵੇਂ ਪਰਮਾਤਮਾ ਦੀ ਆਗਿਆ ਅਨੁਸਾਰ ਹਨ:

ਦੁਖੁ ਸੁਖੁ ਤੇਰੈ ਭਾਣੈ ਕਿਸਥੈ ਜਾਇ ਰੂਆਈਐ। (ਆਸਾ)417

ਇਸ ਲਈ ਦੁਖ ਸੁਖ ਨੂੰ ਇਕੋ ਜਿਹਾ ਸਮਝਣਾ ਚਾਹੀਦਾ ਹੈ:

ਦੁਖ ਸੁਖ ਦੋਊ ਸਮ ਕਰਿ ਜਾਣੈ ਬੁਰਾ ਭਲਾ ਸੰਸਾਰ। (ਮਲਾਰ)1256

ਗੁਰੂ ਨਾਨਕ ਨੇ ਦੁਖ ਨੂੰ ਦਾਤ ਵੀ ਕਿਹਾ ਹੈ ਅਤੇ ਦਾਰੂ ਵੀ:

ਕੇਤਿਆ ਦੂਖ ਭੂਖ ਸਦਾ ਮਾਰ। ਏਹਿ ਭੀ ਦਾਤਿ ਤੇਰੀ ਦਾਤਾਰ। (ਜਪੁਜੀ)

---

1. (ਵਾਰ ਰਾਮਕਲੀ)954.

ਅਤੇ

ਦੁਖ ਦਾਰੂ ਸੁਖ ਰੋਗੁ ਭਇਆ ਜਾਂ ਸੁਖ ਤਾਮਿ ਨ ਹੋਈ।
(ਵਾਰ ਆਸਾ)439

ਦੁੱਖਾਂ ਦੀ ਭੱਠੀ ਵਿਚ ਪੈ ਕੇ ਹੀ ਮਨੁੱਖੀ ਸਖਸ਼ੀਅਤ ਦਾ ਵਿਕਾਸ ਹੁੰਦਾ ਹੈ। ਸਿਖ ਫਿਰ ਇਕ ਐਸੀ ਅਵਸਥਾ ਵਿਚ ਪਹੁੰਚ ਜਾਂਦਾ ਹੈ ਜਿਥੇ ਕਿ ਦੁੱਖਾਂ ਦੀ ਪੀੜਾ ਉਸ ਨੂੰ ਮਹਿਸੂਸ ਹੀ ਨਹੀਂ ਹੁੰਦੀ। ਉਹ ਦੁੱਖ ਵਿਚ ਵੀ ਸੁਖ ਮਨਾਂਦਾ ਹੈ।

<u>ਕਾਰਣ</u>

ਇਹ ਠੀਕ ਹੈ ਕਿ ਤ੍ਰਿਸ਼ਨਾ ਦੁੱਖਾਂ ਦੇ ਕਾਰਣਾਂ ਵਿਚੋਂ ਇਕ ਹੈ। ਤ੍ਰਿਸ਼ਨਾ ਨੂੰ ਅੱਗ ਕਿਹਾ ਹੈ, ਜਿਸ ਵਿਚ ਕਿ ਮਨੁੱਖ ਸੜਦਾ ਹੋਇਆ ਦੁਖੀ ਹੁੰਦਾ ਰਹਿੰਦਾ ਹੈ:

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ।
(ਵਾਰ ਮਾਝ)138

...

ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ। (ਵਾਰ ਮਲਾਰ)1287

ਪਰ ਇਹ ਕੇਵਲ ਕਾਰਣ ਨਹੀਂ ਹੈ। ਗੁਰੂ ਨਾਨਕ ਅਨੁਸਾਰ ਸਭ ਤੋਂ ਵੱਡਾ ਦੁੱਖ ਪਰਮਾਤਮਾ ਦੇ ਵਿਛੋੜੇ ਕਰਕੇ ਹੁੰਦਾ ਹੈ। ਇਸ ਦੁੱਖ ਵਿਚ ਮਰਨ ਵਾਲੀ ਹਾਲਤ ਹੁੰਦੀ ਹੈ:

ਆਖਾ ਜੀਵਾ ਵਿਸਰੈ ਮਰਿ ਜਾਉ। (ਆਸਾ ਮ:1)9

...

ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ। (ਸਿਰੀ ਰਾਗ)58

<u>ਤ੍ਰਿਸ਼ਨਾ ਤੋਂ ਛੁਟਕਾਰਾ</u>

ਗੁਰਬਾਣੀ ਅਨੁਸਾਰ ਵੀ ਤ੍ਰਿਸ਼ਨਾ ਤੇ ਕਾਬੂ ਪਾਉਣ ਨਾਲ ਮਨ ਵਿਚ ਸ਼ਾਂਤੀ ਆ ਸਕਦੀ ਹੈ। ਗੁਰੂ ਨਾਨਕ ਦਾ ਕਥਨ ਹੈ ਕਿ ਲਾਲਚ ਜਾਂ ਤ੍ਰਿਸ਼ਨਾ ਦੁੱਖ ਦਾ ਕਾਰਣ ਹੈ ਉਸ ਨੂੰ ਛੱਡਣਾ ਚਾਹੀਦਾ ਹੈ:

ਲਾਲਚਿ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ। (ਆਸਾ)419

<u>ਸਮਾਨ</u>

ਤ੍ਰਿਸ਼ਨਾ ਦੂਰ ਕਰਨ ਲਈ ਬੁੱਧ ਦੇ ਉਪਰ ਵਰਣਨ ਕੀਤੇ ਅਸ਼ਟਾਂਗ ਮਾਰਗ ਦੇ ਅੰਗ ਸਦਾਚਾਰਕ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰਖਦੇ ਹਨ। ਗੁਰਬਾਣੀ ਵਿਚ ਵੀ ਅਜਿਹੀ ਸਦਾਚਾਰਕ ਸੇਧ ਮਿਲਦੀ ਹੈ। 'ਸੱਚ ਆਚਾਰ' ਵਿਚ ਸਾਰਾ ਕੁਝ ਹੀ ਆ ਜਾਂਦਾ ਹੈ। ਪਰ ਗੁਰਬਾਣੀ ਅਨੁਸਾਰ ਸਦਾਚਾਰੀ ਬਣ ਜਾਣ ਨਾਲ ਹੀ ਦੁੱਖਾਂ ਤੋਂ ਮੁਕਤ ਹੋ ਕੇ ਪਰਮ ਅਨੰਦ ਨਹੀਂ ਮਿਲ ਜਾਂਦਾ। ਦੁੱਖ

ਦੀ ਨਵਿਰਤੀ ਅਤੇ ਆਤਮ ਸੁਖ ਵੀ ਨਾਮ ਸਿਮਰਨ ਜਾਂ ਭਗਤੀ ਕਰਕੇ ਹੀ ਮਿਲਦਾ ਹੈ। ਗੁਰੂ ਨਾਨਕ ਦਾ ਕਥਨ ਹੈ:

ਸਾਚੇ ਨਾਮ ਕੀ ਲਾਗੈ ਭੂਖ। ਉਤੁ ਭੂਖੈ ਖਾਇ ਚਲੀਅਹਿ ਦੂਖ।
(ਆਸਾ)9

ਦੁੱਖ ਦੀ ਜ਼ਹਿਰ ਨੂੰ ਖ਼ਤਮ ਕਰਨ ਵਾਲਾ ਹਰੀ ਨਾਮ ਹੈ:

ਦੁਖ ਮਹੁਰਾ ਮਾਰਣੁ ਹਰਿ ਨਾਮੁ। (ਮਲਾਰ)877

ਗੁਰੂ ਦੇ ਸ਼ਬਦ ਦੁਆਰਾ ਹੀ ਇਹ ਤ੍ਰਿਸ਼ਨਾ ਬੁਝ ਸਕਦੀ ਹੈ:

ਤਨੁ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ। (ਵਾਰ ਮਾਝ)147

<u>ਨਿਰਵਾਣ</u>[1]

ਨਿਰਵਾਣ ਦਾ ਉਲੇਖ ਗੀਤਾ ਅਤੇ ਜੈਨ ਮਤ ਵਿਚ ਮਿਲਦਾ ਹੈ, ਪਰ ਬੁੱਧ ਮੱਤ ਨਾਲ ਇਸਦਾ ਸੰਬੰਧ ਵਿਸ਼ੇਸ਼ ਤੌਰ ਤੇ ਹੈ। ਬੁੱਧ ਅਨੁਸਾਰ ਅਸ਼ਟਾਂਗ ਮਾਰਗ ਤੇ ਚਲਣ ਵਾਲਾ ਇਸੇ ਜੀਵਨ ਵਿਚ ਹੀ ਨਿਰਵਾਣ ਪ੍ਰਾਪਤ ਕਰ ਲੈਂਦਾ ਹੈ। ਇਹ ਤ੍ਰਿਸ਼ਨਾ, ਦੁਖ ਸੁਖ ਅਤੇ ਪਾਪ ਰਹਿਤ ਸੁਖਮਈ ਅਵਸਥਾ ਹੈ। ਇਸ ਅਵਸਥਾ ਨੂੰ ਪ੍ਰਾਪਤ ਹੋਣ ਤੋਂ ਬਾਅਦ ਪੁਨਰ ਜਨਮ ਨਹੀਂ ਹੁੰਦਾ। ਪੁਨਰ ਜਨਮ ਤੋਂ ਛੁਟਕਾਰਾ ਆਤਮਘਾਤ ਕਰ ਲੈਣ ਨਾਲ ਨਹੀਂ ਹੋ ਸਕਦਾ, ਜਿਵੇਂ ਕਿ ਬੁੱਧ ਜੀ ਨੇ ਆਪਣੇ ਇਕ ਸ਼ਿਸ਼ ਦੇ ਪ੍ਰਸ਼ਨ ਦੇ ਉੱਤਰ ਵਿਚ ਦੱਸਿਆ ਸੀ। ਮੰਦੇ ਕਰਮ ਆਵਾਗਵਨ ਦੇ ਬੰਧਨ ਵਿਚ ਪਾਈ ਰਖਦੇ ਹਨ। ਛੋਟ ਖਲਾਸੀ ਅਸ਼ਟਾਂਗ ਮਾਰਗ ਤੇ ਚਲ ਕੇ ਹੀ ਹੋ ਸਕਦੀ ਹੈ। ਜਦੋਂ ਮਨੁੱਖ ਨੂੰ ਜੀਵਨ ਦੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ ਤਾਂ ਜਨਮ ਦਾ ਗੇੜ ਮੁੱਕ ਜਾਂਦਾ ਹੈ। ਮਨੁੱਖ ਸਮਝ ਜਾਂਦਾ ਹੈ ਕਿ ਇਹ ਜੀਵਨ ਜਿਸ ਨੂੰ ਉਹ ਸਚਾਈ ਸਮਝੀ ਬੈਠਾ ਹੈ ਕੇਵਲ ਪਰਛਾਵੇਂ ਦੀ ਤਰ੍ਹਾਂ ਹੈ ਤੇ ਯਕੀਨ ਹੋ ਜਾਂਦਾ ਹੈ ਕਿ ਇਹ ਜੀਵਨ ਉਸਦਾ ਆਖਰੀ ਜੀਵਨ

---

1. ਨਿਰਵਾਣ ਸ਼ਬਦ 'ਨਿਰਵਾਹ' ਧਾਤੂ ਤੋਂ ਨਿਕਲਦਾ ਹੈ, ਜਿਸਦੇ ਅਰਥ ਸੰਭਵ ਹਨ - ਬੁਝਣਾ ਅਤੇ ਠੰਡਾ ਹੋਣਾ। ਪਹਿਲੇ ਅਰਥ ਅਨੁਸਾਰ ਨਿਰਵਾਣ ਤੋਂ ਭਾਵ ਉਹ ਸਥਿਤੀ ਹੈ, ਜਿਸ ਅੰਦਰ ਜੀਵ (ਅਹੰਕਾਰ) ਸਮਾਪਤ ਹੋ ਜਾਂਦਾ ਹੈ, ਜਿਵੇਂ ਤੇਲ ਦੇ ਅਭਾਵ ਕਾਰਨ ਦੀਵਾ ਬੁਝ ਜਾਂਦਾ ਹੈ। ਇਸਦਾ ਵਰਣਨ ਸ਼ੂਨ ਸ਼ਬਦ ਨਾਲ ਕੀਤਾ ਜਾ ਸਕਦਾ ਹੈ, ਜੇਕਰ ਇਸਦਾ ਸ਼ਾਬਦਿਕ ਅਰਥ ਲਿਆ ਜਾਵੇ। ਜੇਕਰ ਨਿਰਵਾਹ ਦਾ ਅਰਥ 'ਠੰਡਾ' ਜਾਂ 'ਸ਼ਾਂਤ' ਲਿਆ ਜਾਵੇ ਤਾਂ ਨਿਰਵਾਣ ਦਾ ਅਰਥ ਇਕ ਅਜਿਹੀ ਸਥਿਤੀ ਹੋ ਸਕਦੀ ਹੈ, ਜਿਸ ਵਿਚ ਮਨੁੱਖ ਦੇ ਮਨੋਵੇਗ ਅਤੇ ਵਲਵਲੇ ਠੰਡੇ ਹੋ ਕੇ ਸ਼ਾਂਤ ਹੋ ਜਾਂਦੇ ਹਨ। ਇਹ ਇਕ ਭਾਵਆਤਮਕ ਸਥਿਤੀ ਹੋਵੇਗੀ, ਜਿਸ ਵਿਚ ਜੀਵਨ ਰਹਿੰਦਾ ਹੈ ਪਰ ਉਸ ਨੂੰ ਦੂਖਿਤ ਬਣਾਉਣ ਵਾਲੀ ਸ਼ਕਤੀ ਜਿਹੜੀ ਬੁੱਧ ਮੱਤ ਅਨੁਸਾਰ ਤ੍ਰਿਸ਼ਨਾ ਹੈ, ਸਮਾਪਤ ਹੋ ਜਾਂਦੀ ਹੈ ਅਤੇ ਮਨੁੱਖ ਪਰਮ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ। (ਡਾ: ਸ਼ਾਂਤੀ ਨਾਥ ਗੁਪਤਾ, ਭਾਰਤੀ ਦਰਸ਼ਨ, ਪੰਨੇ 113-15)

ਹੈ ਤੇ ਜਿਸ ਨਾਲ ਇਸਦਾ ਅੰਤ ਹੋ ਜਾਣਾ ਹੈ ਤਾਂ ਮਨੁੱਖ ਨੂੰ ਨਿਰਵਾਣ ਪ੍ਰਾਪਤ ਹੋ ਜਾਂਦਾ ਹੈ।[1]

ਨਿਰਵਾਣ ਸਾਰੀ ਚੇਤਨਾ ਦੀ ਬੰਧਨ ਰਹਿਤ ਅਵਸਥਾ, ਸਾਰੇ ਸੁਖਾਂ ਦੀ ਸੁਖ ਅਵਸਥਾ ਅਤੇ ਅਧਿਆਤਮਕਤਾ ਤੇ ਕ੍ਰਿਪਾਲਤਾ ਦੀ ਸਭ ਤੋਂ ਉਚੀ ਸੂਖਮ ਅਵਸਥਾ ਹੈ।[2] ਇਸਦਾ ਰੂਪ ਹੈ ਸਚਾਈ, ਉਚਮਤਾ, ਨਿਰਮਲ ਜੀਵਨ ਤੇ ਉਤਮਤਾ ਨਾਲ ਤਾਲ ਮੇਲ।[3] ਇਹ ਪਰਮ ਖੁਸ਼ੀ ਦੀ ਅਵਸਥਾ ਹੈ ਕਿਉਂਕਿ ਨਿਰਵਾਣ ਪ੍ਰਾਪਤੀ ਨਾਲ ਬੁਰਾਈ ਸਦਾ ਲਈ ਖਤਮ ਹੋ ਜਾਂਦੀ ਹੈ। ਗਿਆਨ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ ਤੇ ਭਗਤੀ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੁੰਦਾ ਜਿਸ ਕੋਲ ਗਿਆਨ ਅਤੇ ਭਗਤੀ ਦੋਨੋਂ ਵਸਤਾਂ ਹਨ ਉਹ ਨਿਰਵਾਣ ਦੇ ਨਜ਼ਦੀਕ ਹੁੰਦਾ ਹੈ।[4] ਬੋਧੀ ਇਸ ਨੂੰ ਇਕ 'ਮਹਾਸ਼ੂਨਯ' ਅਵਸਥਾ ਵੀ ਦਸਦੇ ਹਨ, ਜਿਥੇ ਅਸਤੀ(ਹੈ) ਨਾਸਤੀ(ਨਹੀਂ) ਦੋਵੇਂ ਨਾ ਰਹਿਣ। ਬੁੱਧ ਜੀ ਨੇ ਆਪ ਰਾਗ, ਦ੍ਵੈਖ, ਮੋਹ ਦੇ ਮਿਟ ਜਾਣ ਦਾ ਨਾਮ ਨਿਰਵਾਣ ਕਿਹਾ ਹੈ।[5]

<u>ਪ੍ਰਾਪਤੀ ਦੇ ਸਾਧਨ</u>

ਨਿਰਵਾਣ ਪਰਮ ਅਨੰਦ ਹੈ ਭਾਵੇਂ ਇਸ ਦੀ ਪ੍ਰਾਪਤੀ ਔਕੜਾਂ ਭਰੀ ਹੈ।[6] ਇਸ ਲਈ ਇਹ ਸੁਆਲ ਵੀ ਉਠਦਾ ਹੈ ਕਿ ਕੀ ਆਮ ਮਨੁੱਖ ਵੀ ਨਿਰਵਾਣ ਪ੍ਰਾਪਤ ਕਰ ਸਕਦਾ ਹੈ ਜਾਂ ਨਹੀਂ। ਡਾ: ਪੌਸਿਨ ਅਨੁਸਾਰ ਆਮ ਜੀਵ ਚਾਹੇ ਉਹ ਕਿਤਨਾ ਵੀ ਦਾਨੀ, ਵਫ਼ਾਦਾਰ ਅਤੇ ਗੁਣਵਾਨ ਹੋਵੇ ਅਤੇ ਸੰਜਮ ਵਿਚ ਵੀ ਰਹੇ ਤੇ ਉਪਦੇਸ਼ ਵੀ ਕਰੇ, ਨਿਰਵਾਣ ਪ੍ਰਾਪਤ ਨਹੀਂ ਕਰ ਸਕਦਾ। ਕੇਵਲ ਭਿਖਸ਼ੂ ਹੀ ਨਿਰਵਾਣ ਪ੍ਰਾਪਤ ਕਰ ਸਕਦੇ ਹਨ।[7] ਪਰ ਇਸ ਤੋਂ ਉਲਟ ਮੱਤ ਵੀ ਹੈ ਕਿ ਗ੍ਰਿਹਸਥੀ ਅਤੇ ਭਿਖਸ਼ੂ ਕੋਈ ਵੀ ਯਤਨ ਕਰੇ, ਨਿਰਵਾਣ ਪ੍ਰਾਪਤੀ ਲਈ ਦੋਨੋ ਹੀ ਯੋਗ ਹਨ।[8]

ਨਿਰਵਾਣ ਜਾਂ ਨਿਰਬਾਨ ਪਦ ਗੁਰਬਾਣੀ ਵਿਚ ਵੀ ਕਈ ਵਾਰੀ ਆਇਆ ਹੈ। ਪਰ ਗੁਰਮਤ ਦੇ ਨਿਰਬਾਨ ਪੱਦ ਦਾ ਬੁੱਧ ਨਿਰਵਾਣ ਸੰਕਲਪ ਨਾਲੋਂ ਅੰਤਰ ਹੈ। ਬੁੱਧ ਰੱਬ ਬਾਰੇ ਚੁੱਪ ਹੋਣ ਕਰਕੇ ਇਸਦਾ ਉਸ ਨਾਲ ਕੋਈ ਸੰਬੰਧ ਨਹੀਂ ਦਸਦਾ। ਬੁੱਧ ਅਨੁਸਾਰ ਨਿਰਵਾਣ ਉਹ ਸਥਿਤੀ ਹੈ ਜਿਥੇ ਕਿ ਦੁਖ ਕਲੇਸ਼ ਨਹੀਂ, ਜਿਸ ਤੋਂ ਬਾਅਦ ਪੁਨਰ ਜਨਮ ਨਹੀਂ। ਗੁਰਮਤ ਅਨੁਸਾਰ

---

1. C.H.S.Ward, Outlines of Buddhism, p.99.
2. B.M.Barua, The Role of Buddhism in Indian Life & Thought, p.1
3. Cultural Heritage of India, Vol.I, p.547.
4. Ibid, p.548
5. ਡਾ: ਤਾਰਨ ਸਿੰਘ ਬੇਦੀ, ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ 241.
6. Cultural Heritage of India, Vol.1, p.549.
7. Dr.Poussin, Way to Nirvana, p.150-151.
8. Cultural Heritage of India, Vol.I, p.556.

ਮਾਇਆ ਦੇ ਬੰਧਨ ਤੋਂ ਮੁਕਤ ਹੋ ਕੇ 'ਉਨਮਨੀ' ਕ੍ਰਿਪਾ ਨਾਲ ਆਤਮਾ ਦਾ ਪਰਮਾਤਮਾ ਨਾਲ ਸਦੀਵੀ ਸੰਜੋਗ ਹੋ ਜਾਂਦਾ ਹੈ। ਇਹ ਨਿਰਬਾਣੁ ਪਦ ਹੈ:

ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ।
ਸਬਦ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ। (ਸਿਰੀ ਰਾਗ)58

ਨਿਰਬਾਣ ਪਦ ਦੀ ਪ੍ਰਾਪਤੀ ਲਈ ਕਿਸਾਨ ਵਾਂਗ ਸਦਾਚਾਰਕ ਅਤੇ ਆਤਮਿਕ ਪ੍ਰਕ੍ਰਿਆ ਦੱਸੀ ਹੈ। ਉਹ ਪ੍ਰਕ੍ਰਿਆ ਹੈ ਸਰੀਰ ਰੂਪੀ ਧਰਤੀ ਵਿਚ ਸ਼ੁਭ ਕਰਮਾਂ ਦਾ ਬੀਜ ਪਾਉਣਾ, ਪਰਮਾਤਮਾ ਦੇ ਨਾਮ ਦਾ ਪਾਣੀ ਸਿੰਜਣਾ, ਮਨ ਦਾ ਕਿਸਾਨ ਬਣ ਕੇ ਹਰੀ ਨੂੰ ਹਿਰਦੇ ਵਿਚ ਵਸਾਣਾ:

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ।
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।
(ਸਿਰੀ ਰਾਗੁ)23

ਨਿਰਬਾਣ ਜਾਂ ਤੁਰੀਆ ਪਦ ਦੀ ਇਹ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ, ਜਿੰਨਾ ਚਿਰ ਵਾਹਿਗੁਰੂ ਨਾਲ ਚਿਤ ਜੋੜ ਕੇ ਉਸਦੇ ਸ਼ਬਦ ਨਾਲ ਮਨ ਨਾ ਰੰਗਿਆ ਜਾਵੇ। ਗੁਰੂ ਨਾਨਕ ਦਾ ਕਥਨ ਹੈ:

ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ।
ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ। (ਸਿਰੀ ਰਾਗ)58

ਇਹ ਸੰਜੋਗ-ਆਨੰਦ ਇਸ ਲੋਕ ਵਿਚ ਵੀ ਪ੍ਰਾਪਤ ਹੋ ਜਾਂਦਾ ਹੈ। ਇਸਦਾ ਪ੍ਰਾਪਤੀਕਾਰੀ ਪੁਰਸ਼ 'ਜੀਵਨ-ਮੁਕਤ' ਹੈ। ਇਸ ਅਵਸਥਾ ਨੂੰ ਪ੍ਰਾਪਤ ਹੋ ਕੇ ਜਨਮ ਮਰਨ ਦਾ ਚੱਕਰ ਮੁੱਕ ਜਾਂਦਾ ਹੈ। ਗੁਰੂ ਸਾਹਿਬਾਨ ਨੇ ਇਸ ਅਵਸਥਾ ਨੂੰ ਨਿਰਬਾਣ ਕਿਹਾ ਹੈ ਪਰ ਲੋਕ-ਕਲਿਆਣ ਹਿਤ ਸੰਪੂਰਨ ਹੋਈ ਆਤਮਾ ਪ੍ਰਭੂ ਦੀ ਮਰਜ਼ੀ ਨਾਲ ਸੰਸਾਰ ਵਿਚ ਵੀ ਆਉਂਦੀ ਹੈ। ਕਰਮਾਂ ਦਾ ਫਲ ਭੋਗਣ ਲਈ ਨਹੀਂ।

<u>ਸਮਾਜਕ ਵਿਚਾਰ</u>

ਮਨੁੱਖੀ ਸਮਾਨਤਾ ਅਤੇ ਸੰਗਤ ਤੇ ਪੰਗਤ:

ਮਹਾਤਮਾ ਬੁੱਧ ਨੇ ਜਾਤ ਪਾਤ ਵਿਰੁੱਧ ਆਵਾਜ਼ ਉਠਾਈ। ਬੋਧੀ ਸੰਘ ਵਿਚ ਸਭ ਜਾਤੀਆਂ ਨੂੰ ਸਮਾਨਤਾ ਪ੍ਰਾਪਤ ਹੈ। ਬੁੱਧ ਸਮੇਂ ਜਾਤ ਜਨਮ ਕਰਕੇ ਕੋਈ ਵਿਤਕਰਾ ਨਹੀਂ ਸੀ ਅਤੇ ਇਹ ਬ੍ਰਾਹਮਣ ਸ਼੍ਰੇਣੀ ਦੀ ਉੱਚਤਾ ਵਿਚ ਵਿਸ਼ਵਾਸ ਨਹੀਂ ਰਖਦੇ ਸਨ। ਬੁੱਧ ਧਰਮ ਦੇ ਦਰਵਾਜ਼ੇ ਸਭਨਾਂ ਜਾਤਾਂ ਲਈ ਖੁੱਲ੍ਹੇ ਸਨ।[1] ਗੁਰੂ ਨਾਨਕ ਦੇਵ ਜੀ ਦੀ ਸੰਗਤ ਅਤੇ ਪੰਗਤ ਵਿਚ

1. Evolution of Indian Culture, B.N. Luniya, p.127.

ਜਾਤ ਪਾਤ ਦਾ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ[1] ਗੁਰੂ ਨਾਨਕ ਦੇ ਚਲਾਏ ਲੰਗਰ ਅਤੇ ਬੁੱਧ ਦੇ ਚਲਾਏ ਸੰਘ ਬ੍ਰਾਹਮਣਾਂ ਦੇ ਬਣਾਏ ਜਾਤੀ ਵਿਤਕਰੇ ਨੂੰ ਘਟਾਉਣ ਵਿਚ ਬਹੁਤ ਸਹਾਈ ਹੋਏ।[2]

ਸਾਂਝੀਵਾਲਤਾ ਦੀ ਭਾਵਨਾ ਨੂੰ ਦ੍ਰਿੜ੍ਹ ਕਰਨ ਲਈ ਕਿਹਾ ਕਿ ਸਾਰੇ ਮਨੁੱਖਾਂ ਵਿਚ ਇਕੋ ਬ੍ਰਹਮ ਦਾ ਨਿਵਾਸ ਹੈ। ਮੇਰੀ ਉਚਿੱਤਾ ਦਾ ਖਿਆਲ ਕਰਨ ਵਾਲਾ ਅਹੰਕਾਰੀ ਹੁੰਦਾ ਹੈ:

ਸਰਬ ਜੀਆਂ ਮਹਿ ਏਕੋ ਰਵੈ।
ਮਨ ਮੁਖਿ ਅਹੰਕਾਰੀ ਫਿਰਿ ਜੂਨੀ ਭਵੈ। (ਗਉੜੀ ਮ:1,228

## ਇਸਤ੍ਰੀ ਦਾ ਦਰਜਾ

ਬੁੱਧ ਨੇ ਇਸਤ੍ਰੀ ਦਾ ਦਰਜਾ ਉੱਚਾ ਕੀਤਾ। ਜਿਸ ਭਾਰਤੀ ਇਸਤ੍ਰੀ ਨਾਲ ਸ਼ੂਦਰ ਅਤੇ ਪਸ਼ੂ ਵਾਲਾ ਦੁਰਵਿਵਹਾਰ ਕੀਤਾ ਜਾਂਦਾ ਸੀ ਅਤੇ ਜੋ ਘਰ ਦੀ ਚਾਰ ਦੀਵਾਰੀ ਵਿਚ ਹੀ ਰਹਿ ਕੇ ਆਯੂ ਗੁਜ਼ਾਰ ਦਿੰਦੀ ਸੀ, ਬੁੱਧ ਨੇ ਉਸ ਨੂੰ ਬਾਹਰ ਵਿਚਰਨ ਦੀ ਖੁਲ੍ਹ ਦਿੱਤੀ। ਇਸਤ੍ਰੀਆਂ ਦੇ ਵੱਖਰੇ ਸੰਘ ਨਹੀਂ ਸਨ ਸਗੋਂ ਸੰਗਤ ਵਿਚ ਇਸਤ੍ਰੀ ਮਰਦ ਦੋਵੇਂ ਇਕੱਠੇ ਹੀ ਸ਼ਾਮਲ ਹੁੰਦੇ ਸਨ। ਪਰ ਬੁੱਧ ਨੇ ਮਰਦ ਨਾਲੋਂ ਇਸਤ੍ਰੀ ਦਾ ਦਰਜਾ ਨੀਵਾਂ ਹੀ ਰੱਖਿਆ ਹੈ। ਇਸਤ੍ਰੀ ਭਿਖਸ਼ੂ ਭਾਵੇਂ ਉਹ ਕਿੰਨੀ ਹੀ ਮਹਾਨ ਹੋਵੇ ਉਸ ਲਈ ਨਿੱਕੇ ਤੋਂ ਨਿੱਕੇ ਚੇਲੇ ਦੇ ਅਧੀਨ ਰਹਿਣਾ ਆਵੱਸ਼ਕ ਸੀ।[3]

ਬੁੱਧ ਮੱਤ ਤੋਂ ਪਿਛੋਂ ਇਸਤ੍ਰੀ ਦਾ ਦਰਜਾ ਨੀਵਾਂ ਮੰਨਿਆ ਜਾਣ ਲਗ ਪਿਆ। ਪਰ ਗੁਰੂ ਨਾਨਕ ਨੇ ਫਿਰ ਇਸਤ੍ਰੀ ਦੇ ਹੱਕ ਵਿਚ ਆਵਾਜ਼ ਉਠਾਈ। ਉਸ ਦਾ ਸਮਾਜ ਵਿਚ ਯੋਗ ਆਦਰ ਸਥਾਪਿਤ ਕੀਤਾ। ਗੁਰੂ ਨਾਨਕ ਦੇ ਰਚੇ ਨਵੇਂ ਸਮਾਜ ਵਿਚ ਧਾਰਮਿਕ ਅਤੇ ਸਮਾਜਕ ਕੰਮਾਂ ਵਿਚ ਦੋਹਾਂ ਨੂੰ ਇਕੋ ਜਿਹੀ ਖੁਲ੍ਹ ਦੇ ਕੇ ਸਮਾਨਤਾ ਦਿਖਾਈ।[4]

## ਪੰਚ ਸ਼ੀਲ

ਬੁੱਧ ਨੇ ਆਪਣੇ ਗ੍ਰਿਹਸਥੀ ਚੇਲਿਆਂ ਦੇ ਪੁੰਨ ਕਰਮਾਂ ਲਈ ਪੰਜ ਸਿਧਾਂਤ ਬਣਾਏ ਹਨ, ਜੋ ਇਹ ਹਨ:

1. ਅਹਿੰਸਾ - ਕਿਸੇ ਜੀਵ ਨੂੰ ਨਾ ਮਾਰੋ।
2. ਝੂਠ ਨਾ ਬੋਲੋ
3. ਨਸ਼ੀਲੀਆਂ ਵਸਤਾਂ ਦੀ ਵਰਤੋਂ ਨਾ ਕਰੋ
4. ਪਰਾਈ ਇਸਤ੍ਰੀ ਨਾਲ ਭੋਗ ਨਾ ਕਰੋ ਅਤੇ ਪਵਿੱਤਰ ਜੀਵਨ ਬਤਾਉ
5. ਕਿਸੇ ਤੋਂ ਜ਼ਬਰਦਸਤੀ ਕੋਈ ਚੀਜ਼ ਨਾ ਲਵੋ ਅਤੇ ਨਾ ਚੋਰੀ ਕਰੋ।

---

1. ਅਧਿਆਇ ਚੌਥਾ, ਜਾਤ ਪਾਤ
2. Guru Nanak:His Life,Time and Teachings,p.130-31.
3. 'Even under the liberal rules of Budhism,a nun,however advanced in the faith,was always subordinate to the youngest novice among the brethren'(Bashani,A.L., Indian;quoted in Sikhism and Indian Society,p.39)
4. ਵੇਖੋ ਪਹਿਲਾ ਲੇਖ 'ਜੈਨ ਮੱਤ' ਅਤੇ ਅਧਿਆਇ ਚੌਥਾ.

1. ਹਿੰਦੂ ਮਤ ਵਿਚ ਬਹੁਤ ਸਾਰੀਆਂ ਧਾਰਮਿਕ ਰਸਮਾਂ ਅਤੇ ਪ੍ਰਾਰਥਨਾਵਾਂ ਹਨ ਜਿਨ੍ਹਾਂ ਦੇ ਕਰਨ ਦੇ ਨਾਲ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਜਾਨਵਰਾਂ ਦੀ ਬਲੀ ਦਿੱਤੀ ਜਾਂਦੀ ਸੀ ਪਰ ਬੁੱਧ ਨੇ ਜੈਨ ਮੱਤ ਵਾਂਗ ਜੀਵ ਹੱਤਿਆ ਦੇ ਵਿਰੁੱਧ ਅਹਿੰਸਾ ਦਾ ਨਾਅਰਾ ਲਗਾਇਆ ਜੋ ਬੁੱਧ ਦੇ ਨੈਤਿਕ ਵਿਧਾਨ ਦਾ ਇਕ ਮਹੱਤਵ ਪੂਰਨ ਅੰਗ ਬਣਿਆ।[1] ਬੁੱਧ ਅਨੁਸਾਰ ਜਾਨਵਰਾਂ ਦੀ ਬਲੀ ਪਾਪ ਸੀ ਅਤੇ ਇਸਦੇ ਥਾਂ ਮੋਹ ਮਾਇਆ ਦੀ ਕੁਰਬਾਨੀ ਹੀ ਚੰਗੀ ਸਮਝੀ ਜਾਂਦੀ ਸੀ।[2]

ਪਸ਼ੂ ਹੱਤਿਆ ਨੂੰ ਰੋਕਣ ਲਈ ਇਹ ਵੀ ਵਿਚਾਰ ਪ੍ਰਚਲਤ ਸੀ ਕਿ ਜਿਹੜਾ ਪਸ਼ੂ ਨੂੰ ਮਾਰੇਗਾ ਉਹ ਅਗਲੇ ਜਨਮ ਵਿਚ ਪਸ਼ੂ ਦੀ ਜੂਨ ਧਾਰਨ ਕਰੇਗਾ। ਬੁੱਧ ਅਨੁਸਾਰ ਪ੍ਰੇਮ ਅਤੇ ਦਇਆ ਚੰਗੇ ਕਰਮਾਂ ਨਾਲੋਂ ਵੀ ਵਧੇਰੇ ਜ਼ਰੂਰੀ ਹਨ। ਜੀਵ ਹੱਤਿਆ ਨੂੰ ਬੇਸ਼ਕ ਬਹੁਤ ਬੁਰਾ ਮੰਨਿਆ ਗਿਆ ਹੈ ਪਰ ਗੁਣੀਆਂ ਦਾ ਵਿਚਾਰ ਹੈ ਕਿ ਉਸ ਨੇ ਆਪਣੇ ਚੇਲਿਆਂ ਨੂੰ ਕੁਝ ਹਾਲਾਤ ਵਿਚ ਮਾਸ ਖਾਣ ਦੀ ਇਜਾਜ਼ਤ ਵੀ ਦਿੱਤੀ ਹੈ।[3]

ਗੁਰਮਤਿ ਦਾ ਅਹਿੰਸਾ ਅਤੇ ਹਿੰਸਾ ਦਾ ਵਿਚਾਰ ਵਿਲੱਖਣ ਹੈ ਜੋ ਗੀਤਾ ਦੇ ਕਰਤੱਵਵਾਦ ਨਾਲ ਮੇਲ ਖਾਂਦਾ ਹੈ। ਦੁਸ਼ਟ ਬਿਰਤੀਆਂ ਦਾ, ਭਾਵੇਂ ਉਹ ਰਿਸ਼ਤੇਦਾਰ ਹੀ ਹੋਣ੍ਹ ਸੰਘਾਰ ਕਰਨਾ ਕ੍ਰਿਸ਼ਨ ਦਾ ਅਰਜਨ ਨੂੰ ਮੁੱਢਲਾ ਉਪਦੇਸ਼ ਹੈ। ਇਸੇ ਨਕਸ਼ ਨੂੰ ਮੁਖ ਰਖ ਕੇ ਕੁਰਕਸ਼ੇਤਰ ਦਾ ਯੁੱਧ ਲੜਿਆ ਗਿਆ।

ਗੁਰੂ ਨਾਨਕ ਦੇਵ ਜੀ ਦੀ ਹਿੰਸਾ ਬਾਰੇ ਜੈਨ ਜਾਂ ਬੁੱਧ ਵਰਗੀ ਹਠ ਧਰਮੀ ਨਹੀਂ। ਸਾਡੇ ਸੁਭਾਵਕ ਕਰਮ ਵਿਚ ਨਿੱਕੇ ਨਿੱਕੇ ਜੀਵਾਂ ਦੀ ਹੱਤਿਆ ਹੁੰਦੀ ਰਹਿੰਦੀ ਹੈ। ਜੀਵਾਂ ਦਾ ਨਾਸ਼ ਸਾਹ ਲੈਂਦਿਆਂ, ਖਾਂਦਿਆਂ ਪੀਂਦਿਆਂ ਹੁੰਦਾ ਹੀ ਰਹਿੰਦਾ ਹੈ। ਉਸ ਨੂੰ ਬਚਾਣ ਜਾਂ ਮਾਰਨ ਦੀ ਮਨੁੱਖ ਵਿਚ ਸਮਰਥਾ ਨਹੀਂ ਗੁਰੂ ਸਾਹਿਬ ਨੇ ਨੈਤਿਕ ਦ੍ਰਿਸ਼ਟੀ ਤੋਂ ਅਹਿੰਸਕ ਹੋਣ ਤੇ ਬਲ ਦਿੱਤਾ ਹੈ ਪਰ ਕਿਸੇ ਨੂੰ ਕਤਲ ਕਰਨਾ ਹੀ ਨਿਰਾ ਹਿੰਸਕ ਨਹੀਂ ਸਗੋਂ ਕਿਸੇ ਦਾ ਦਿਲ ਦੁਖਾਣਾ ਵੀ ਹਿੰਸਕ ਕਰਮ ਹੈ।[4]

ਮਹਾਤਮਾ ਬੁੱਧ ਵੀ ਜੈਨ ਮੱਤ ਵਾਂਗ ਵੇਦਾਂ ਦੀ ਸ੍ਰੇਸ਼ਟਤਾ ਤੋਂ ਇਨਕਾਰੀ ਹੈ।[5] ਵੇਦਾਂ ਵਿਚ ਵੀ ਕਈ ਬੁਰਾਈਆਂ ਹਨ ਇਸ ਲਈ ਇਨ੍ਹਾਂ ਤੇ ਦ੍ਰਿੜ੍ਹ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਸਿਰਫ਼ ਪ੍ਰਾਰਥਨਾ ਕਰਨੀ ਤੇ ਵੇਦਾਂ ਦੇ ਮੰਤਰ ਉਚਾਰਨ ਨਾਲ ਮਨ ਦੀ ਸ਼ੁੱਧੀ ਨਹੀਂ ਹੋ ਸਕਦੀ। ਬੁੱਧ ਮਤ ਕਰਾਮਾਤਾਂ, ਬੁੱਤ ਪੂਜਾ ਅਤੇ ਧਾਰਮਿਕ ਕਰਮ ਕਾਂਡਾਂ ਤੋਂ ਵੀ ਮੁਕਤ ਸੀ।[6]

---

1. B.N.Luniya, Evolution of Indian Culture, p.121.
2. Maurice Perchara, Buddha and Buddhism, p.43.
3. B.N.Luniya, Evolution of Indian Culture, p.116
4. ਇਸਦਾ ਵਿਵੇਚਨ ਇਸ ਤੋਂ ਪਹਿਲੇ ਲੇਖ 'ਜੈਨ ਮੱਤ' ਵਿਚ ਕੀਤਾ ਗਿਆ ਹੈ।
5. B.N.Luniya, Evolution of Indian Culture, p.114.
6. ਗੁਰੂ ਨਾਨਕ ਦੇ ਇਸ ਬਾਰੇ ਦ੍ਰਿਸ਼ਟੀਕੋਣ ਲਈ ਵੇਖੋ ਇਸ ਤੋਂ ਪਹਿਲਾ ਲੇਖ 'ਜੈਨ ਮੱਤ'।

## ਕਰਮ ਅਤੇ ਪੁਨਰ ਜਨਮ

ਬੁੱਧ ਧਰਮ ਦੇ ਬੁਨਿਆਦੀ ਸਿਧਾਂਤਾਂ ਵਿਚੋਂ ਇਕ ਸਿਧਾਂਤ ਕਰਮਾਂ ਅਤੇ ਪੁਨਰ-ਜਨਮ ਦਾ ਹੈ। ਸੰਸਾਰ ਅਤੇ ਇਸਦੇ ਸਾਰੇ ਜੀਵ ਕਰਮ ਦੇ ਅਧੀਨ ਨਿਯਮਤ ਹਨ। ਹਰ ਜੀਵ ਆਪਣੇ ਕਰਮਾਂ ਨਾਲ ਬੱਧਾ ਹੋਇਆ ਹੈ।

ਗੁਰੂ ਨਾਨਕ ਦੇਵ ਜੀ ਨੇ ਵੀ ਕਰਮ ਅਤੇ ਆਵਾਗਵਨ ਦੇ ਸਿਧਾਂਤ ਨੂੰ ਮੰਨਿਆ ਹੈ ਪਰ ਇਸ ਸਿਧਾਂਤ ਨਾਲ ਪਰਮਾਤਮਾ ਦੇ ਹੁਕਮ ਅਤੇ ਉਸਦੀ ਮਿਹਰ ਦੇ ਵਿਚਾਰ ਨੂੰ ਵੀ ਜੋੜਿਆ ਹੈ। ਕਰਮਗਤੀ ਅਤੇ ਕਰਮ ਫਲ ਦੀ ਪ੍ਰਕ੍ਰਿਆ ਸੁਤੰਤਰ ਨਹੀਂ।

ਬੁੱਧ ਧਰਮ ਵਿਚ ਦੈਵੀ ਰਜ਼ਾ ਲਈ ਜਾਂ ਸਰਬ-ਵਿਆਪਕ ਪਰਮਾਤਮਾ ਲਈ ਕੋਈ ਥਾਂ ਨਹੀਂ ਅਤੇ ਪਰਮਾਤਮਾ ਦੀ ਥਾਂ ਕਰਮਾਂ ਨੂੰ ਵਧੇਰੇ ਮਹੱਤਵ ਪੂਰਨ ਸਥਾਨ ਦਿੱਤਾ ਗਿਆ ਹੈ। ਆਪਣੇ ਕਰਮਾਂ ਦੇ ਫਰਕ ਕਰਕੇ ਮਨੁੱਖ ਇਕੋ ਜਿਹੇ ਨਹੀਂ, ਪਰ ਕੁਝ ਦੀਰਘ ਆਯੂ ਅਤੇ ਕੁਝ ਛੋਟੀ ਆਯੂ ਭੋਗਦੇ ਹਨ, ਕੁਝ ਤੰਦਰੁਸਤ ਅਤੇ ਕੁਝ ਬੀਮਾਰੀ ਦੀ ਅਵਸਥਾ ਵਿਚ ਹਨ, ਕੁਝ ਸੁਹਣੇ ਅਤੇ ਕੁਝ ਬਦਸੂਰਤ ਹਨ, ਕੁਝ ਸਿਆਣੇ ਅਤੇ ਕੁਝ ਮੂਰਖ ਹਨ। ਸਾਰੇ ਜੀਵ ਕਰਮ ਦੇ ਭਾਗੀ ਹਨ, ਉਹ ਕਰਮਾਂ ਦੇ ਵਾਰਿਸ ਹਨ, ਉਹ ਕਰਮਾਂ ਤੋਂ ਪੈਦਾ ਹੋਏ ਹਨ, ਉਨ੍ਹਾਂ ਦੇ ਕਰਮ ਹੀ ਉਨ੍ਹਾਂ ਦੀ ਸ਼ਰਨ ਹਨ, ਕਰਮ ਹੀ ਜੀਵਾਂ ਨੂੰ ਨੀਚਤਾ ਜਾਂ ਵਡਿਆਈ ਬਖਸ਼ਦੇ ਹਨ। ਬੁੱਧ ਮੱਤ ਅਮਲਾਂ ਤੇ ਜ਼ੋਰ ਦਿੰਦਾ ਹੈ। ਬੁੱਧ ਦੀ ਸਿਖਿਆ ਅਨੁਸਾਰ ਕਥਨੀ ਕਰਨੀ ਇਕੋ ਜਿਹੀ ਹੋਣੀ ਚਾਹੀਦੀ ਹੈ। ਜਿਹੜਾ ਮਨੁੱਖ ਬਹੁਤੀਆਂ ਗੱਲਾਂ ਕਰਦਾ ਹੈ ਅਤੇ ਆਪਣੀ ਦਿੱਤੀ ਸਿਖਿਆ ਤੇ ਆਪ ਅਮਲ ਨਹੀਂ ਕਰਦਾ ਉਹ ਇਕ ਅਜਿਹੇ ਚਰਵਾਹੇ ਵਾਂਗ ਹੈ ਜਿਹੜਾ ਕਿ ਦੂਜਿਆਂ ਦੇ ਪਸ਼ੂ ਹੀ ਗਿਣਦਾ ਰਹਿੰਦਾ ਹੈ, ਜਾਂ ਉਨ੍ਹਾਂ ਰੰਗ ਬਰੰਗੇ ਫੁੱਲਾਂ ਵਾਂਗ ਹੈ ਜਿਨ੍ਹਾਂ ਵਿਚ ਸੁਗੰਧੀ ਨਹੀਂ। ਅਮਲ ਵਿਹੂਣੇ ਗਿਆਨਵਾਨ ਦੇ ਸ਼ਬਦ ਵੀ ਇਹੋ ਜਿਹੇ ਹੁੰਦੇ ਹਨ।[1] ਗੁਰੂ ਨਾਨਕ ਦੇ ਮੱਤ ਅਨੁਸਾਰ ਵੀ ਕਰਨੀ ਨਾਲ ਹੀ ਪਾਰ ਉਤਾਰਾ ਹੋ ਸਕਦਾ ਹੈ:

> ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥
> ਸਚੋ ਸਚੁ ਵਖਾਣੈ ਕੋਇ॥ ਨਾਨਕ ਅਗੈ ਪੁਛ ਨ ਹੋਇ॥ (ਵਾਰ ਰਾਮਕਲੀ) 952

ਗੱਲਾਂ ਨਾਲ ਸੁਰਗ ਦੀ ਪ੍ਰਾਪਤੀ ਨਹੀਂ। ਇਹ ਤਾਂ ਹਰਾਮ ਕਮਾਉਣ ਵਾਲੀ ਗੱਲ ਹੈ, ਜੋ ਹਲਾਲ ਕਦੀ ਵੀ ਨਹੀਂ ਹੋ ਸਕਦਾ। ਕਥਨੀ ਕਰਨੀ ਦੇ ਵਿਰੋਧੀ ਬਾਰੇ ਆਪ ਦਸਦੇ ਹਨ:

> ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
> ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
> ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ (ਵਾਰ ਮਾਝ) 116

---

1. Nancy Wilson Ross, Hinduism, Buddhism, p. 94.

## ਗੁਰੂ ਦੀ ਲੋੜ

ਮਹਾਤਮਾ ਬੁੱਧ ਦੀ ਸਿੱਖਿਆ ਵਿਚ ਗੁਰੂ ਦੀ ਲੋੜ ਦਾ ਕਿਧਰੇ ਜ਼ਿਕਰ ਨਹੀਂ ਹੈ ਸਗੋਂ ਇਸਦਾ ਵਿਰੋਧ ਹੀ ਮਿਲਦਾ ਹੈ। ਬੁੱਧ ਦੇ ਕਥਨ ਅਨੁਸਾਰ ਸੰਸਾਰ ਦਾ ਕੋਈ ਵੀ ਗੁਰੂ ਮੋਖ ਪ੍ਰਾਪਤੀ ਲਈ ਵਿਅਕਤੀ ਦੀ ਸਹਾਇਤਾ ਨਹੀਂ ਕਰ ਸਕਦਾ। ਮਨੁੱਖ ਨੂੰ ਆਪਣੇ ਜਤਨਾਂ ਨਾਲ ਹੀ ਅੰਤਿਮ ਮੁਕਤੀ ਦਾ ਰਾਹ ਲੱਭਣਾ ਚਾਹੀਦਾ ਹੈ। ਬੁੱਧ ਜੀ ਦੇ ਬਚਨ ਆਪਣੇ ਅੰਦਰ ਝਾਤੀ ਮਾਰਨ ਲਈ ਪ੍ਰੇਰਦੇ ਹਨ।[1] ਬਾਅਦ ਵਿਚ ਬੁੱਧ ਨੂੰ ਹੀ ਗੁਰੂ ਮੰਨ ਲਿਆ ਗਿਆ। ਉਸਦੀ ਸਿੱਖਿਆ ਅਤੇ ਜੀਵਨ ਨੇ ਹੀ ਬੋਧੀਆਂ ਦਾ ਪਥ ਪ੍ਰਦਰਸ਼ਨ ਕੀਤਾ। ਡਾ: ਜੋਸ਼ੀ ਅਨੁਸਾਰ ਬੁੱਧ ਧਰਮ ਵਿਚ ਸੰਘ ਦੀ ਸਥਾਪਨਾ ਅਤੇ 'ਬੁੱਧੰ ਸ਼ਰਣੰ ਗੱਛਾਮੀ' ਦੇ ਵਿਸ਼ਵਾਸ ਨਾਲ ਗੁਰੂ ਦੇ ਮਹੱਤਵ ਨੂੰ ਬਲ ਮਿਲਿਆ। ਬੁੱਧ ਤੋਂ ਬਾਅਦ ਮਹਾਯਾਨ ਸ਼ਾਖਾ ਵਿਚ ਬੋਧੀ ਸੰਤਾਂ ਦੇ ਸਿਧਾਂਤ ਨੂੰ ਸਵੀਕਾਰ ਕਰ ਲੈਣ ਨਾਲ ਸਾਧਨਾ ਪਥ ਵਿਚ ਗੁਰੂ ਦੇ ਮਹੱਤਵ ਦੀ ਆਵੱਸ਼ਕਤਾ ਉਤੇ ਅਧਿਕ ਬਲ ਦਿੱਤਾ ਗਿਆ। ਵਜ੍ਰਯਾਨ ਅਤੇ ਸਹਿਜਯਾਨ ਸ਼ਾਖਾਵਾਂ ਵਿਚ ਤਾਂ ਗੁਰੂ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਗਿਆ। ਮਹਾਤਮਾ ਬੁੱਧ ਤੋਂ ਬਾਅਦ ਗੁਰੂ ਦੇ ਸਿਧਾਂਤ ਦਾ ਜੋ ਵਿਕਾਸ ਹੋਇਆ, ਉਸਦਾ ਸਰੂਪ ਬਹੁਤ ਕੁਝ ਸ਼ਾਸਤ੍ਰ ਅਤੇ ਬ੍ਰਾਹਮਣ ਵਿਰੋਧੀ ਹੋ ਗਿਆ ਕਿਉਂਕਿ ਬੋਧਮਤ ਸ਼ਾਸਤ੍ਰ ਅਤੇ ਬ੍ਰਾਹਮਣ ਦੋਹਾਂ ਪ੍ਰਤਿ ਸ਼ਰਧਾ ਨਹੀਂ ਰਖਦਾ ਸੀ।[2]

ਗੁਰੂ ਤੋਂ ਬਿਨਾਂ ਅਧਿਆਤਮਿਕ ਉੱਨਤੀ ਨਹੀਂ ਹੋ ਸਕਦੀ ਤੇ ਨਾ ਹੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਬੋਧੀ ਤੰਤ੍ਰਾਂ ਵਿਚ ਵੀ ਇਹ ਉਲੇਖ ਮਿਲਦਾ ਹੈ ਕਿ ਅਧਿਆਤਮਕਤਾ ਦੇ ਰਸਤੇ ਤੇ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਚਲਣਾ ਅਸੰਭਵ ਹੈ। ਗੁਰੂ ਗਿਆਨ ਦੀ ਸਾਖਿਆਤ ਮੂਰਤ ਹੈ, ਉਹ ਸਿੱਖ ਦਾ ਆਸਰਾ ਹੈ, ਜਿਹੜਾ ਆਪਣੇ ਗੁਰੂ ਦੀ ਨਿਰਾਦਰੀ ਕਰਦਾ ਹੈ ਉਹ ਕਦੇ ਸਫਲ ਨਹੀਂ ਹੁੰਦਾ। ਗੁਰੂ ਦੀ ਆਗਿਆ ਦਾ ਪਾਲਣ ਅਤੇ ਸਤਿਕਾਰ ਉਨ੍ਹਾਂ ਸਿੱਖਾਂ ਨੂੰ ਵੀ ਜ਼ਰੂਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਪਰਮ-ਪਦ ਪ੍ਰਾਪਤ ਕਰ ਲਿਆ ਹੋਵੇ।[3]

ਬੋਧੀਆਂ ਅਨੁਸਾਰ ਮਹਾਤਮਾ ਬੁੱਧ ਹੀ ਸਰਵ ਸ੍ਰੇਸ਼ਟ ਗੁਰੂ ਹੈ। ਬੋਧੀ ਕੇਵਲ ਗੁਰੂ (ਬੁੱਧ) ਦੀ ਸ਼ਰਨ ਹੀ ਪ੍ਰਾਪਤ ਨਹੀਂ ਕਰਦੇ ਸਗੋਂ ਉਨ੍ਹਾਂ ਦੀ ਸਿੱਖਿਆ (ਧਰਮ) ਅਤੇ ਗੁਰਗੀ ਭਾਵ ਵਾਲੇ ਭਾਈਚਾਰੇ (ਸੰਘ) ਵਿਚ ਵੀ ਸ਼ਰਨ ਲੈਂਦੇ ਹਨ। ਸਿੱਖ ਵੀ ਗੁਰੂ ਸਾਹਿਬਾਨ, ਉਨ੍ਹਾਂ ਦੀ ਸਿੱਖਿਆ (ਬਾਣੀ) ਅਤੇ ਆਪਣੇ ਭਾਈਚਾਰੇ (ਖਾਲਸੇ) ਦੀ ਸ਼ਰਨ ਪ੍ਰਾਪਤ ਕਰਦੇ ਹਨ। ਧਰਮ ਦੀਆਂ ਜੜ੍ਹਾਂ ਪੂਰਨ ਵਿਸ਼ਵਾਸ ਵਿਚ ਹੁੰਦੀਆਂ ਹਨ ਅਤੇ ਸਿੱਖ ਧਰਮ ਅਨੁਸਾਰ ਗੁਰੂ ਵਿਚ ਪੂਰਨ ਵਿਸ਼ਵਾਸ

---

1. H. Wilson, Ross, Hinduism, Budhism, Zen p.80
2. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 322.
3. Studies in the Buddhistic Culture of India, pp. 361-362.

ਪਹਿਲੀ ਅਵੱਸੁਨਤਾ ਹੈ।

## ਤਿਆਗ, ਸੰਨਿਆਸ

ਬੁੱਧ ਨੇ ਸੰਨਿਆਸ ਉਤੇ ਜ਼ੋਰ ਦਿੱਤਾ ਹੈ। ਘਰ ਬਾਹਰ ਤਿਆਗ ਕੇ ਜੰਗਲਾਂ ਵਿਚ ਜਾਣਾ, ਮੱਠਾਂ ਵਿਚ ਰਹਿਣਾ ਬੁੱਧ ਧਰਮ ਦਾ ਅੰਗ ਹਨ। ਗੁਰੂ ਨਾਨਕ ਨੇ ਸੰਨਿਆਸੀ ਨਾਲੋਂ ਗ੍ਰਿਹਸਤੀ ਨੂੰ ਪ੍ਰਧਾਨਤਾ ਦਿੱਤੀ ਹੈ। 'ਗ੍ਰਿਹਸਤ ਮਹਿ ਉਦਾਸ' ਦਾ ਗੁਰੂ ਨੇ ਵਿਲੱਖਣ ਸੰਕਲਪ ਦਿੱਤਾ ਹੈ। ਸਿੱਖ ਸਰੀਰਕ ਕੰਮ ਕਰਦਾ ਹੋਇਆ ਵੀ ਆਪਣੇ ਮਨ ਵਿਚ ਨਾਮ ਜਪਦਾ ਤੇ ਭਗਤੀ ਕਰਦਾ ਹੈ।

## ਸਹਿਜ

ਸਰਦੂਲ ਸਿੰਘ ਕਵੀਸ਼ਰ ਦਾ ਵਿਚਾਰ ਹੈ ਕਿ 'ਸਹਜ' ਬੁੱਧ ਮੱਤ ਦੇ ਸਾਹਿਤ ਵਿਚੋਂ ਆਇਆ ਹੈ। ਅਮਿੰਦਰਨਾਥ ਦਾ ਸਹਿਜ ਬਾਰੇ ਹਵਾਲਾ ਦਿੰਦਿਆਂ ਹੋਇਆਂ ਉਸ ਨੇ ਲਿਖਿਆ ਹੈ ਕਿ 'ਸਹਜ' ਕਿਸੇ ਮੱਤ ਮਤਾਂਤਰ ਦਾ ਨਾਮ ਨਹੀਂ, ਇਹ ਕਰਨੀ ਹੈ, ਇਕ ਮਾਰਗ ਹੈ, ਜਿਸ ਲਈ ਮਜ਼ਹਬ ਦੀ ਤਬਦੀਲੀ ਦੀ ਲੋੜ ਨਹੀਂ। ਇਸਦੇ ਲਫ਼ਜ਼ੀ ਮਾਅਨੇ ਹਨ ਮੁੜ ਉਸ ਅਵਸਥਾ ਨੂੰ ਪ੍ਰਾਪਤ ਕਰਨਾ ਜੋ ਜੰਮਦੇ ਹੀ ਸਾਡੇ ਨਾਲ ਸੀ, ਅਰਥਾਤ ਮਨੁੱਖ ਅੰਦਰ ਦੈਵੀ ਤੱਤ ਨਾਲ ਇਕ ਮਿਕ ਹੋਣਾ।[1] ਗੁਰੂ ਨਾਨਕ ਬਾਣੀ ਵਿਚ ਸਹਿਜ ਤੇ ਕਾਫ਼ੀ ਬਲ ਦਿੱਤਾ ਗਿਆ ਹੈ। ਉਦਾਹਰਣ ਵਜੋਂ ਆਪ ਦੀ ਇਹ ਪੰਕਤੀ ਪ੍ਰਸਤੁਤ ਹੈ:

> ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ।
> ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ।
> (ਸਿਰੀ ਰਾਗ)18

ਉਂਜ ਗੁਰਮਤ ਦਾ 'ਸਹਿਜ' ਅਧਿਆਤਮਵਾਦੀ ਹੈ, ਪ੍ਰਭੂ-ਸੰਜੋਗ ਦੀ ਅਵਸਥਾ ਹੈ ਜਦ ਕਿ ਬੋਧੀ-ਸਹਿਜ ਇਸ ਸਿਖਰ ਵਲ ਨਹੀਂ ਵਧਦਾ।

## ਸੰਪਤੀ

ਬੁੱਧ ਮੱਤ ਵਿਚ ਭਿਖਸ਼ੂਆਂ ਲਈ ਕਿਸੇ ਕਿਸਮ ਦੀ ਨਿਜੀ ਜਾਇਦਾਦ ਰੱਖਣਾ ਵਿਵਰਜਤ ਹੈ ਇਥੋਂ ਤਕ ਕਿ ਪੇਟ ਭਰਨ ਲਈ ਵੀ ਉਨ੍ਹਾਂ ਨੂੰ ਦੂਸਰਿਆਂ ਦੇ ਦਰਵਾਜ਼ੇ ਤੇ ਮੰਗਣ ਲਈ ਜਾਣਾ ਪੈਂਦਾ ਹੈ। ਗੁਰੂ ਨਾਨਕ ਨੇ ਜਿਥੇ ਮੰਗ ਕੇ ਖਾਣ ਨੂੰ ਮੰਦਾ ਕਿਹਾ ਹੈ ਅਤੇ ਸੁੱਚੀ-ਕਿਰਤ ਤੇ ਜ਼ੋਰ ਦਿੱਤਾ ਹੈ, ਉਥੇ ਵੰਡ ਕੇ ਛਕਣ ਦੀ ਵੀ ਤਾਕੀਦ ਹੈ। ਪਹਿਲਾ ਵਿਚਾਰ ਨੂੰ ਸਮਰਥ ਬਣਾਉਂਦਾ ਹੈ

---

1. ਸਿੱਖ ਧਰਮ ਦਰਸ਼ਨ, ਪੰਨਾ 336.

ਅਤੇ ਦੂਜਾ ਪੂੰਜੀਪਤੀ ਬਣਨ ਤੋਂ ਰੋਕਦਾ ਹੈ।[1]

**ਭਾਸ਼ਾ**

ਮਹਾਤਮਾ ਬੁੱਧ ਨੇ ਦੇਖਿਆ ਕਿ ਵੇਦਾਂ ਦੀ ਬੋਲੀ (ਸੰਸਕ੍ਰਿਤ) ਲੋਕ ਬੋਲੀ ਤੋਂ ਬਹੁਤ ਦੂਰ ਹੋਣ ਕਰਕੇ ਲੋਕਾਂ ਦੀ ਸਮਝ ਤੋਂ ਬਾਹਰ ਸੀ। ਧਰਮ ਦੇ ਕਾਰਜਾਂ ਲਈ ਉਨ੍ਹਾਂ ਨੂੰ ਬ੍ਰਾਹਮਣਾਂ ਦਾ ਸਹਾਰਾ ਲੈਣਾ ਪੈਂਦਾ ਹੈ। ਬੁੱਧ ਨੇ ਲੋਕ ਬੋਲੀ (ਪਾਲੀ) ਨੂੰ ਆਪਣੇ ਧਰਮ ਪ੍ਰਚਾਰ ਦਾ ਮਾਧਿਅਮ ਬਣਾਇਆ। ਇਸੇ ਤਰ੍ਹਾਂ ਗੁਰੂ ਨਾਨਕ ਨੇ ਵੀ ਲੋਕ ਬੋਲੀ ਵਿਚ ਹੀ ਪ੍ਰਚਾਰ ਕੀਤਾ ਤਾਂ ਜੋ ਇਸ ਨੂੰ ਸਮਝਣ ਲਈ ਲੋਕਾਂ ਨੂੰ ਦੂਜਿਆਂ ਦੇ ਮੂੰਹ ਵਲ ਨਾ ਦੇਖਣਾ ਪਵੇ। ਮੈਕਾਲਫ ਅਨੁਸਾਰ 'ਸਿੱਖ ਗੁਰੂ ਸਾਹਿਬਾਨ ਸਧਾਰਨ ਮਨੁੱਖ ਸਨ, ਜਿਨ੍ਹਾਂ ਨੇ ਬੋਲ ਚਾਲ ਦੀ ਭਾਸ਼ਾ ਵਿਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਵਿਦਵਤਾ ਭਰਪੂਰ ਸ਼ਬਦਾਂ ਅਤੇ ਪਰਾਸਰੀਰਕ ਬਰੀਕੀਆਂ ਦੀ ਵਰਤੋਂ ਨਹੀਂ ਕੀਤੀ। ਮਹਾਤਮਾ ਬੁੱਧ ਨੇ ਵੀ ਮਨੁੱਖਤਾ ਦੀਆਂ ਸਭ ਸ਼੍ਰੇਣੀਆਂ ਤਕ ਆਪਣੀਆਂ ਸਿਖਿਆਵਾਂ ਦਾ ਪਰਚਾਰ ਕੀਤਾ। ਉਨ੍ਹਾਂ ਦੇ ਬੋਲਾਂ ਵਿਚ ਸਾਧਾਰਨ ਜੀਵਨ ਵਿਚੋਂ ਲਏ ਹੋਏ ਹਰਮਨ ਪਿਆਰੇ ਅਤੇ ਸਾਦਾ ਰੂਪਕ ਮਿਲਦੇ ਹਨ। ਪੰਜਾਬੀ ਭਾਸ਼ਾ ਦਾ ਵਿਕਾਸ ਮੁਖ ਰੂਪ ਵਿਚ ਸਿੱਖ ਗੁਰੂ ਸਾਹਿਬਾਨ ਦੁਆਰਾ ਹੋਇਆ, ਜਦੋਂ ਕਿ ਭਾਰਤ ਅਤੇ ਦੱਖਣੀ ਪੂਰਬੀ ਏਸ਼ੀਆ ਵਿਚ ਪਾਲੀ ਭਾਸ਼ਾ ਦਾ ਵਿਕਾਸ ਮੁਢਲੇ ਭਾਰਤੀ ਬੋਧੀਆਂ ਕਾਰਣ ਹੋਇਆ।[2]

ਮਹਾਤਮਾ ਬੁੱਧ ਪਹਿਲਾ ਪਰਚਾਰਕ ਸੀ ਜਿਸ ਨੇ ਥਾਂ ਥਾਂ ਤੇ ਆਪ ਜਾ ਕੇ ਲੋਕਾਂ ਵਿਚ ਪਰਚਾਰ ਕੀਤਾ ਸੀ। ਇਸੇ ਤਰ੍ਹਾਂ ਬੁੱਧ ਤੋਂ ਸਦੀਆਂ ਪਿਛੋਂ ਗੁਰੂ ਨਾਨਕ ਨੇ ਵੀ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ ਦੇਸ਼-ਦੇਸ਼ਾਂਤਰਾਂ ਦਾ ਰਟਨ ਕੀਤਾ ਤੇ ਆਪਣੇ ਧਰਮਾਂ ਦੀ ਅਸਲ ਭਾਵਨਾ ਤੋਂ ਦੂਰ ਜਾ ਰਹੇ ਹਿੰਦੂ-ਮੁਸਲਮਾਨਾਂ ਨੂੰ ਚੰਗੇ ਹਿੰਦੂ ਤੇ ਮੁਸਲਮਾਨ ਬਣਨ ਲਈ ਪ੍ਰੇਰਿਆ। ਪਰ ਬੁੱਧ ਤੋਂ ਬਾਅਦ ਇਹ ਮੱਤ ਦੋ ਸੰਪ੍ਰਦਾਵਾਂ ਹੀਨਯਾਨ ਅਤੇ ਮਹਾਯਾਨ ਵਿਚ ਵੰਡਿਆ ਗਿਆ। ਮਹਾਯਾਨੀਆਂ ਨੇ ਬੁੱਧ ਦੀ ਮੂਰਤੀ ਬਣਾ ਕੇ ਪੂਜਾ ਸ਼ੁਰੂ ਕਰ ਦਿੱਤੀ ਅਤੇ ਕਈ ਪੂਜਾ ਵਿਧੀਆਂ ਨੇ ਇਸ ਮੱਤ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ। ਮਹਾਯਾਨੀ ਦੇਵੀ ਦੇਵਤਿਆਂ ਦੀ ਪੂਜਾ ਵਿਚ ਵੀ ਨਿਸਚਾ ਰਖਣ ਲਗ ਪਏ। ਇਨ੍ਹਾਂ ਨੇ ਪਾਲੀ ਦੀ ਥਾਂ ਭਾਸ਼ਾ ਵੀ ਸੰਸਕ੍ਰਿਤ ਵਰਤਣੀ ਸ਼ੁਰੂ ਕਰ ਦਿੱਤੀ। ਬੁੱਧ ਮੱਤ ਦੇ ਸੁਧਾਰ ਨੇ ਹਿੰਦੂਆਂ ਨੂੰ ਨਵੀਂ ਦ੍ਰਿਸ਼ਟੀ ਦਿੱਤੀ ਅਤੇ ਉਨ੍ਹਾਂ ਬੁੱਧ ਨੂੰ ਇਕ ਅਵਤਾਰ ਦੇ ਤੌਰ ਤੇ

---

1. ਇਸ ਵਿਸ਼ੇ ਤੇ ਵਿਸਥਾਰਮਈ ਵਿਚਾਰ ਅਠਵੇਂ ਅਧਿਆਇ 'ਗੁਰੂ ਨਾਨਕ ਵਿਚਾਰਧਾਰਾ ਦਾ ਪ੍ਰਭਾਵ' ਵਿਚ ਕੀਤੇ ਗਏ ਹਨ।
2. ਕੇ.ਐਮ.ਜੋਸ਼ੀ, ਗੁਰੂ ਨਾਨਕ ਜੀਵਨ, ਯੁਗ ਅਤੇ ਉਪਦੇਸ਼, ਪੰਨੇ 152-163.

ਅਪਣਾ ਲਿਆ। ਪੁਰਾਣਾਂ ਵਿਚ ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਮੰਨਿਆ ਗਿਆ ਹੈ।[1] ਇਸੇ ਕਰਕੇ ਇਸਦੀ ਵਿਲੱਖਣਤਾ ਘਟ ਗਈ। ਬਚੂਕੇ ਬੋਧੀ ਫਿਰ ਹਿੰਦੂ ਧਰਮ ਵਿਚ ਸ਼ਾਮਲ ਹੋ ਗਏ। ਤੁਰਕਾਂ ਦੇ ਹਮਲਿਆਂ ਵੇਲੇ ਬੋਧੀ ਮੰਦਰ ਵੀ ਢਾਹੇ ਗਏ। ਤੁਰਕਾਂ ਦੀ ਬੰਗਾਲ ਅਤੇ ਬਿਹਾਰ ਤੇ ਜਿੱਤ ਨਾਲ ਹਿੰਦੂ ਧਰਮ ਨੂੰ ਕਾਫੀ ਧੱਕਾ ਲੱਗਾ। ਪਰ ਇਸ ਤੋਂ ਉਲਟ ਸਿੱਖ ਧਰਮ ਦਾ ਮੁਗਲ ਹਕੂਮਤ ਵੇਲੇ ਹੀ ਜਨਮ ਹੋਇਆ ਅਤੇ ਮੁਗਲ ਹਾਕਮਾਂ ਦੀ ਕੱਟੜ ਵਿਰੋਧਤਾ ਅਤੇ ਜ਼ੁਲਮ ਦੇ ਬਾਵਜੂਦ ਵੀ ਪ੍ਰਫੁਲਤ ਹੁੰਦਾ ਰਿਹਾ ਅਤੇ ਅੱਜ ਵੀ ਗੁਰੂ ਨਾਨਕ ਦਾ ਮੱਤ ਆਪਣੀ ਵਿਲੱਖਣ ਹੋਂਦ ਅਤੇ ਆਪਣੀਆਂ ਵਿਲੱਖਣ ਰਵਾਇਤਾਂ ਕਾਇਮ ਰਖ ਰਿਹਾ ਹੈ।

- 0 -

---

1. The Buddha was accepted as an Avtar who,reclaimed Hindus from sangurary rites and erroneous which had crept into it. Our Puranas describe the Buddh as ninth Avtar of Vishnu(Dr.Radha Krishnan- Forword of 2500 years of Buddhism,pp.xiii-xv.)

# ਅਧਿਆਇ ਛੇਵਾਂ

ਇਸਲਾਮੀ ਸਭਿਆਚਾਰ ਦਾ ਨਾਨਕ ਬਾਣੀ
ਵਿਚ ਚਿਤ੍ਰਨ

ਸੂਫ਼ੀ ਵਿਚਾਰਧਾਰਾ ਦੇ ਮੁਖ ਸਿਧਾਂਤਾਂ ਅਤੇ ਸੂਫ਼ੀ
ਜੀਵਨ ਦਾ ਚਿਤ੍ਰਨ

## ਇਸਲਾਮੀ ਸਭਿਆਚਾਰ ਦਾ ਨਾਨਕ ਬਾਣੀ ਵਿਚ ਚਿਤ੍ਰਨ

ਹਿੰਦੁਸਤਾਨੀਆਂ ਨੇ ਇਸਲਾਮੀ ਹਕੂਮਤ ਦੀ ਕਈ ਸਦੀਆਂ ਈਨ ਮੰਨੀ ਰੱਖੀ। ਹਾਕਮੀ ਸਭਿਆਚਾਰ[1] ਦਾ ਗੁਲਾਮ ਲੋਕਾਂ ਤੇ ਪ੍ਰਭਾਵ ਪੈਣਾ ਕੁਦਰਤੀ ਹੈ। ਹਰ ਇਕ ਸਭਿਆਚਾਰ ਵਿਚ ਕੁਝ ਵਿਸ਼ੇਸ਼ਤਾਵਾਂ ਵੀ ਹੁੰਦੀਆਂ ਹਨ ਅਤੇ ਤਰੁਟੀਆਂ ਵੀ। ਕਈ ਵਾਰੀ ਸਿਧਾਂਤ ਅਮਲ ਵਿਚ ਆ ਕੇ ਵਿਲੱਖਣ ਰੂਪ ਧਾਰ ਲੈਂਦਾ ਹੈ ਅਤੇ ਅਮਲ ਸਿਧਾਂਤ ਦੇ ਉਲਟ ਵੀ ਲਗਦਾ ਹੈ। ਗੁਰੂ ਨਾਨਕ ਬਾਣੀ ਵਿਚ ਮੁਸਲਮਾਨੀ ਜੀਵਨ ਦਾ ਇਹੋ ਜਿਹਾ ਚਿਤ੍ਰਨ ਹੀ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਮੁਸਲਮਾਨੀ ਸ਼ਰ੍ਹਾ ਅਨੁਸਾਰ ਹਰ ਇਕ ਮੁਸਲਮਾਨ ਨੂੰ ਇਕ ਚੰਗਾ ਮੁਸਲਮਾਨ ਵੇਖਣਾ ਚਾਹੁੰਦੇ ਸਨ। ਇਸ ਲਈ ਆਪ ਭਾਰਤੀ ਮੁਸਲਮਾਨ ਅਤੇ ਉਨ੍ਹਾਂ ਦੇ ਪੀਰਾਂ ਫਕੀਰਾਂ ਨੂੰ ਵੀ ਮਿਲੇ ਅਤੇ ਭਾਰਤ ਤੋਂ ਬਾਹਰ ਉਨ੍ਹਾਂ ਦੇ ਮੁਤਬਰਕ (ਪਵਿੱਤਰ) ਮਜ਼ਹਬੀ ਕੇਂਦਰਾਂ ਤੇ ਵੀ ਗਏ। ਮੱਕਾ ਮਦੀਨਾ ਅਤੇ ਬਗਦਾਦ ਉਨ੍ਹਾਂ ਦੀ ਧਰਮ-ਇਤਿਹਾਸ ਦੇ ਦੋ ਪ੍ਰਮੁੱਖ ਸਥਾਨ ਹਨ।

ਗੁਰੂ ਨਾਨਕ ਦੇ ਕੁਝ ਵਿਚਾਰਾਂ ਦੀ ਇਸਲਾਮੀ ਵਿਚਾਰਾਂ ਨਾਲ ਇੰਨੀ ਸਮਾਨਤਾ ਹੈ ਕਿ ਕੁਝ ਵਿਦਵਾਨਾਂ ਨੇ ਇਸ ਤੋਂ ਇਹ ਸਿੱਟਾ ਕਢ ਲਿਆ ਕਿ ਗੁਰੂ ਨਾਨਕ ਨੇ ਇਸਲਾਮੀ ਵਿਚਾਰਧਾਰਾ ਨੂੰ ਗ੍ਰਹਿਣ ਕੀਤਾ ਸੀ। ਇਹ ਸਿੱਟਾ ਉਪਰੀ ਨਜ਼ਰ ਦਾ ਸਿੱਟਾ ਹੈ। ਗੁਰੂ ਨਾਨਕ ਦੇਵ ਜੀ ਸੱਚ ਦੀ ਭਾਲ ਕਰਨ ਵਾਲੇ 'ਸੱਚ' ਅਤੇ 'ਸਚਿਆਰ' ਜੀਵਨ' ਦੇ ਪਰਚਾਰਕ ਸਨ। 'ਅੰਤਿਮ ਸੱਚ' ਬਾਰੇ ਵਿਚਾਰ ਲਗਭਗ ਸਾਰੇ ਧਰਮਾਂ ਵਿਚ ਹੀ ਮਿਲਦੇ ਹਨ। ਉਨ੍ਹਾਂ ਦੇ ਵਿਸ਼ਵਾਸ ਵਿਚਾਰ ਜਾਂ ਉਸ ਨੂੰ ਅਮਲ ਵਿਚ ਲਿਆਉਣ ਵਾਲੇ ਉਸਦਾ ਅਮਲ ਰੂਪ ਵਿਗਾੜ ਦਿੰਦੇ ਹਨ। ਅਸਤਿ ਦੀ ਅਮਾਵਸ ਸਤਿ ਦੇ ਚੰਦਰਮਾਂ ਨੂੰ ਆਪਣੀ ਹਨੇਰੇ ਦੀ ਬੁੱਕਲ ਵਿਚ ਢੱਕ ਲੈਂਦੀ ਹੈ। ਸੱਚੇ ਧਾਰਮਿਕ ਆਗੂਆਂ ਦਾ ਸਦਾ ਇਹੋ ਯਤਨ ਹੁੰਦਾ ਹੈ ਕਿ ਉਹ 'ਸਤਿ' ਦਾ ਪ੍ਰਕਾਸ਼ ਕਰਕੇ ਅੰਧਕਾਰ ਨੂੰ ਦੂਰ ਕਰ ਸਕਣ। ਗੁਰੂ ਨਾਨਕ ਦੇਵ ਜੀ ਨੇ ਅਜਿਹਾ ਹੀ ਕੀਤਾ। ਹਿੰਦੂਆਂ ਵਾਂਗ ਉਨ੍ਹਾਂ ਨੇ ਮੁਸਲਮਾਨਾਂ ਨੂੰ ਵੀ ਸੱਚ ਦਾ ਗਿਆਨ ਕਰਾਇਆ ਅਤੇ ਅਸਤਿ ਦੇ ਰਾਹ ਤੋਂ ਬਚਣ ਲਈ ਚੇਤੰਨ ਕੀਤਾ। ਗੁਰੂ ਨਾਨਕ ਬਾਣੀ ਵਿਚ ਇਸਲਾਮੀ ਸਭਿਆਚਾਰ ਅਤੇ ਧਰਮ ਨੂੰ ਚਿਤਰਤ ਕਰਨ ਵਾਲੇ ਅਨੇਕਾਂ ਹੀ ਸ਼ਬਦ ਮਿਲਦੇ ਹਨ।

---

1. ਮੁਸਲਮਾਨੀ ਸਭਿਆਚਾਰ ਦਾ ਮੁਫ਼ਸਲਵਾਰ ਵਿਵਰਣ ਤੀਜੇ ਅਧਿਆਇ ਦੇ ਭਾਗ 'ਸ' ਵਿਚ ਦਿੱਤਾ ਹੈ। ਇਥੇ ਧਰਮ ਦਾ ਗੁਰੂ ਨਾਨਕ ਬਾਣੀ ਵਿਚ ਚਿਤ੍ਰਨ ਵੇਖਿਆ ਜਾਵੇਗਾ।

## ਰੱਬ ਦਾ ਸੰਕਲਪ

ਗੁਰੂ ਨਾਨਕ ਬਾਣੀ ਵਿਚ ਪਰਮ ਸ਼ਕਤੀ ਲਈ ਰੱਬ, ਅੱਲਾ ਅਤੇ ਖੁਦਾ ਤਿੰਨੇ ਹੀ ਇਸਲਾਮੀ ਸ਼ਬਦ ਅੰਕਿਤ ਹੋਏ ਮਿਲਦੇ ਹਨ। ਰੱਬ ਅਰਬੀ ਸ਼ਬਦ ਹੈ, ਜਿਸ ਤੋਂ ਭਾਵ ਹੈ ਮਾਲਕ, ਸੁਆਮੀ, ਪ੍ਰਿਤਪਾਲਕ।[1] ਰੱਬ ਸ਼ਬਦ ਗੁਰੂ ਨਾਨਕ ਨੇ ਕਈ ਵਾਰੀ ਵਰਤਿਆ ਹੈ। ਕੁਝ ਤੁਕਾਂ ਵਿਚ ਉਲੇਖ ਵੇਖੋ:

ਰਬ ਕੀ ਰਜਾਇ ਮੰਨੈ ਸਿਰ ਉਪਰਿ ਕਰਤਾ ਮੰਨੈ ਆਪੁ ਗਵਾਵੈ।
(ਵਾਰ ਮਾਝ) 141

...

ਤਿਨ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ। (ਵਾਰ ਆਸਾ) 473

### ਖੁਦਾ

ਖੁਦਾ ਵੀ ਫ਼ਾਰਸੀ ਦਾ ਸ਼ਬਦ ਹੈ, ਜਿਸ ਤੋਂ ਭਾਵ ਹੈ ਖੁਦ ਹੋਣ ਵਾਲਾ ਜਾਂ ਆਪਣੇ ਆਪ ਤੋਂ ਹੋਣ ਵਾਲਾ:

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ। (ਵਾਰ ਮਾਝ) 140

...

ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ। (ਵਾਰ ਮਾਝ) 141

...

ਖਸਮੈ ਭਾਵੈ ਓਹਾ ਚੰਗਾ ਜਿ ਕਰੇ ਖੁਦਾਇ ਖੁਦਾਇ। (ਮਲਾਰ) 1286

### ਅੱਲਾ

ਅੱਲਾ ਅਰਬੀ ਦਾ ਸ਼ਬਦ ਹੈ। ਮਹਾਨਕੋਸ਼ ਅਨੁਸਾਰ ਇਸ ਤੋਂ ਭਾਵ ਹੈ ਕਰਤਾਰ। ਗੁਰੂ ਨਾਨਕ ਦੇਵ ਜੀ ਨੇ ਹੇਠ ਦਿੱਤੀ ਤੁਕ ਵਿਚ ਅੱਲਾ ਤੋਂ ਬਿਨਾਂ ਕਾਦਰ, ਕਰੀਮ (ਬਖਸ਼ਿਸ਼ ਵਾਲਾ) ਅਤੇ ਰਹੀਮ (ਰਹਿਮ ਕਰਨ ਵਾਲਾ) ਗੁਣ ਵੀ ਦੱਸੇ ਹਨ:

ਅਲਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ।
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ। (ਸਿਰੀ ਰਾਗ) 64

ਅਤੇ

ਬਾਬਾ ਅਲਹੁ ਅਗਮ ਅਪਾਰੁ। (ਸਿਰੀ ਰਾਗ ਅਸ਼ਟਪਦੀਆਂ)

ਇਸ ਰੱਬ ਦੇ ਹੋਰ ਵੀ ਅਨੇਕਾਂ ਗੁਣ ਨਾਮ ਦੱਸੇ ਗਏ ਹਨ। ਗੁਰੂ ਨਾਨਕ ਦੇਵ ਜੀ ਨੇ ਜਿਥੇ ਇਸ ਨੂੰ ਹਿੰਦੂ ਗੁਣ ਨਾਵਾਂ ਨਾਲ ਚੇਤੇ ਕੀਤਾ ਹੈ, ਉਥੇ ਮੁਸਲਮਾਨ ਨਾਵਾਂ ਨਾਲ ਵੀ। ਅਜਿਹੇ

---

1. ਡਿਕਸ਼ਨਰੀ ਆਫ਼ ਇਸਲਾਮ ਵਿਚ ਇਸਦੇ ਇਹ ਅਰਥ ਕੀਤੇ ਹਨ:

'The Lord','The Sustainer','The Supporter',A title frequently used in the Quran for the Divine Being.

ਕੁਝ ਕੁ ਨਾਮ ਇਹ ਹਨ:

ਪਾਤਸ਼ਾਹ

ਸਾਰੀ ਸ੍ਰਿਸ਼ਟੀ ਦਾ ਮਾਲਕ ਹੋਣ ਕਰਕੇ ਅਤੇ ਸਾਰੇ ਉਸਦੇ ਹੁਕਮ ਵਿਚ ਹੋਣ ਕਰਕੇ 'ਉਸ' ਨੂੰ 'ਪਾਤਸ਼ਾਹ' ਕਿਹਾ ਗਿਆ ਹੈ। ਮੁਸਲਮਾਨੀ ਵਿਸ਼ਵਾਸ ਕਰਕੇ ਉਸ ਬਾਦਸ਼ਾਹ ਦਾ ਤਖ਼ਤ ਫ਼ਰਿਸ਼ਤਿਆਂ ਨੇ ਚੁੱਕਿਆ ਹੋਇਆ ਹੈ। ਇਸ ਗੁਣ ਨਾਮ ਦਾ ਜ਼ਿਕਰ ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਕਰਦੇ ਹਨ:

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ। (ਜਪੁਜੀ)

ਉਸਦੇ ਤਖ਼ਤ ਦਾ ਵੀ ਜ਼ਿਕਰ ਕੀਤਾ ਹੈ:

ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ। (ਰਾਮਕਲੀ) 907

ਬਾਦਸ਼ਾਹ ਦੇ ਖ਼ਿਆਲ ਨਾਲ ਉਸਦੇ ਦਰਬਾਰ ਦਾ ਵੀ ਖ਼ਿਆਲ ਆਉਂਦਾ ਹੈ। ਦਰਬਾਰ ਫ਼ਾਰਸੀ ਦਾ ਸ਼ਬਦ ਹੈ, ਜਿਸ ਤੋਂ ਭਾਵ ਹੈ ਬਾਦਸ਼ਾਹ ਦੀ ਸਭਾ। ਗੁਰੂ ਸਾਹਿਬ ਇਸਦਾ ਸੰਕੇਤ ਇਸ ਤਰ੍ਹਾਂ ਕਰਦੇ ਹਨ:

ਸਚਾ ਆਪਿ ਸਚਾ ਦਰਬਾਰੁ। (ਜਪੁਜੀ)

ਸੁਲਤਾਨ:

ਬਾਦਸ਼ਾਹ ਨੂੰ ਸੁਲਤਾਨ ਰੂਪ ਵਿਚ ਵੀ ਸੰਬੋਧਨ ਕੀਤਾ ਹੈ:

ਤੂੰ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।
(ਬਿਲਾਵਲ ਪਦੇ)795

ਨੂਰ

ਨੂਰ ਪਰਮਾਤਮਾ ਦੇ 99 ਨਾਵਾਂ ਵਿਚੋਂ ਇਕ ਹੈ, ਜਿਸਦਾ ਵਰਣਨ ਕੁਰਾਨ ਦੇ ਸੂਰਾ (24/35) ਵਿਚ ਕੀਤਾ ਗਿਆ ਹੈ।[1] ਇਕ ਹੋਰ ਸੂਰਾ (57.3) ਵਿਚ ਲਿਖਿਆ ਹੈ ਕਿ ਅੱਲਾਹ ਧਰਤੀ ਤੇ ਗਗਨ ਦਾ ਨੂਰ ਹੈ। ਉਸਦਾ ਨੂਰ ਇੰਜ ਹੈ ਜਿਵੇਂ ਆਲੇ ਵਿਚ ਦੀਪਕ ਜਗਦਾ ਹੈ। ਇਹ ਦੀਵਾ ਇੰਜ ਚਮਕਦਾ ਹੈ ਜਿਵੇਂ ਸ਼ੀਸ਼ੇ ਵਿਚ ਲਿਸ਼ਕਾਂ ਮਾਰਦਾ ਹੋਵੇ ਤੇ ਸ਼ੀਸ਼ਾ ਵੀ ਮੋਤੀਆਂ ਵਾਂਗ ਚਮਕਦਾ ਹੈ। ਇਹ ਸਭ ਚਾਨਣਿਆਂ ਦਾ ਨੂਰ ਹੈ। ਰੱਬ ਆਪਣੀ ਰਜ਼ਾ ਮੁਤਾਬਿਕ ਉਸ ਨੂੰ ਇਹ ਨੂਰ ਪਰਗਟ ਕਰਦਾ ਹੈ ਜਿਸ ਉੱਤੇ ਕਿ ਉਸਦੀ ਕਿਰਪਾ ਹੋਵੇ। ਇਸ ਨੂਰ ਦੀ

---

1. 'God is the light of the Heavens and of Earth' (A Dictionary of Islam, p.436).

ਰੱਬ ਲੋਕਾਂ ਲਈ ਇਕ ਬੁਝਾਰਤ ਹੈ।[1] ਗੁਰੂ ਨਾਨਕ ਬਾਣੀ ਵਿਚ ਵੀ ਰੱਬ ਨੂੰ ਨੂਰ ਅਥਵਾ ਜੋਤੀ ਸਰੂਪ ਕਿਹਾ ਗਿਆ ਹੈ:

ਰਵਿ ਸਸਿ ਦੀਪਕ ਜੋਤਿ ਸਬਾਈ। ਆਪੇ ਕਰਿ ਵੇਖੈ ਵਡਿਆਈ।
ਜੋਤ ਸਰੂਪ ਸਦਾ ਸੁਖ ਦਾਤਾ ਸਚੇ ਸੋਭਾ ਪਾਇਦਾ। (ਮਾਰੂ)1036

ਸਰਬ ਜੋਤਿ ਤੇਰੀ ਪਸਰਿ ਰਹੀ, ਜਹ ਜਹ ਦੇਖਾ ਤਹ ਨਰਹਰੀ।
(ਰਾਮਕਲੀ)876

ਖਾਲਕ

ਜੋ ਸਭ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਕਰਤਾ ਹੈ:

ਖਾਲਕ ਕਉ ਆਦੇਸੁ ਢਾਢੀ ਗਾਵਣਾ। ਨਾਨਕ ਜੁਗੁ ਜੁਗੁ ਏਕੋ ਮੰਨਿ ਵਸਾਵਣਾ।
(ਵਾਰ ਮਾਝ)148

ਮਉਲਾ

ਜੋ ਸਭ ਨੂੰ ਪ੍ਰਫੁੱਲਤ ਕਰਨ ਵਾਲਾ ਜਾਂ ਆਜ਼ਾਦ ਕਰਨ ਵਾਲਾ ਮੁਕਤੀ ਦਾਤਾ ਹੈ:

ਸੋਈ ਮਉਲਾ ਜਿਨਿ ਜਗੁ ਮਉਲਿਆ। (ਸਿਰੀ ਰਾਗ ਪਦੇ)24

ਪਰਵਦਗਾਰ

ਉਹ ਅੱਲਾ ਜੋ ਸਭ ਨੂੰ ਪਾਲਣ ਵਾਲਾ ਹੈ:

ਸਭੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ। (ਰਾਗ ਵਡਹੰਸ)580

ਸਾਹਿਬ(ਮਾਲਕ)

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ।
(ਵਾਰ ਆਸਾ)471

...

ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸੀ। (ਆਸਾ)358

ਖਸਮ

ਜੋ ਸਭ ਦਾ ਬਾਪ ਹੈ ਜਾਂ ਜੋ ਸਭ ਤੋਂ ਵੱਡਾ ਹੈ:

ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ।
(ਗਉੜੀ) 155

ਮਿਹਰਵਾਨ

ਮਿਹਰਵਾਨ ਮਧੁਸੂਦਨ ਮਾਧੋ ਐਸੀ ਸਕਤਿ ਤੁਮਾਰੀ। (ਬਸੰਤ ਹਿੰਡੋਲ)
1190

---

1. ਉਲਥਾ, ਡਾ: ਤ੍ਰਿਲੋਚਨ ਸਿੰਘ, ਗੁਰੂ ਨਾਨਕ ਦਾ ਸਿੱਖ ਧਰਮ, ਪੰਨਾ 22.

<u>ਰਹਮਾਣੁ</u>

ਰਹਿਮ ਕਰਨ ਵਾਲਾ ਰੱਬ:

ਨਾਨਕ ਨਾਉ ਭਇਆ ਰਹਮਾਣੁ। ਕਰਿ ਕਰਤਾ ਤੂ ਏਕੋ ਜਾਣੁ। (ਰਾਮਕਲੀ )903

<u>ਅਨੇਕ ਨਾਮ</u>

ਇਸਲਾਮ ਅਨੁਸਾਰ ਰੱਬ ਦੇ ੯੯ ਗੁਣ ਨਾਮ ਹਨ।[1] ਪਰ ਗੁਰੂ ਨਾਨਕ ਦਾ ਵਿਚਾਰ ਹੈ ਕਿ 'ਉਸਦੇ' ਅਨੇਕਾਂ ਹੀ ਨਾਮ ਹਨ ਅਤੇ ਸਾਰੇ ਕਥਨ ਨਹੀਂ ਕੀਤੇ ਜਾ ਸਕਦੇ:

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ।
(ਆਸਾ )358

<u>ਜਾਤੀ ਨਾਮ</u>

ਕੁਰਾਨ ਵਿਚ ਖੁਦਾ ਨੂੰ 'ਅੱਲਾਹੁਲ ਹੱਕ' ਅਰਥਾਤ 'ਖੁਦਾ ਸਤਿ ਹੈ' ਕਿਹਾ ਹੈ। ਗੁਰੂ ਨਾਨਕ ਨੇ ਵੀ ਪਰਮਾਤਮਾ ਲਈ ਸਤਿ ਸ਼ਬਦ ਵਰਤਿਆ ਹੈ।

<u>ਰੱਬੀ ਏਕਤਾ</u>

ਇਸਲਾਮ ਵਿਚ 'ਵਾਹਦਤ' ਰੱਬੀ ਏਕਤਾ ਦਾ ਵਿਸ਼ਵਾਸ ਦ੍ਰਿੜ੍ਹ ਕਰਾਇਆ ਹੈ। ਅੱਲਾ ਨੂੰ ਅਕਬਰ ਅਰਥਾਤ ਸਭ ਤੋਂ ਵੱਡਾ ਕਿਹਾ ਗਿਆ ਹੈ। ਕੋਈ ਹੋਰ ਦੂਜਾ ਉਸਦੇ ਮੁਕਾਬਲੇ ਦਾ ਹੈ ਹੀ ਨਹੀਂ। ਗੁਰੂ ਨਾਨਕ ਬਾਣੀ ਵਿਚ ਵੀ ਰੱਬ ਦੀ ਏਕਤਾ ਤੇ ਬਹੁਤ ਬਲ ਦਿੱਤਾ ਗਿਆ ਹੈ। ਇਸ ਤੋਂ ਬਿਨਾ ਕਿਸੇ ਹੋਰ ਦੀ ਪੂਜਾ ਕਰਨ ਵਾਲਾ ਸੰਸਾਰ ਸਾਗਰ ਵਿਚ ਗਰਕ ਹੋ ਜਾਂਦਾ ਹੈ। ਇਸ ਵਿਚਾਰ ਨੂੰ ਆਪ ਇਸ ਤਰ੍ਹਾਂ ਪ੍ਰਗਟਾਏ ਹਨ:

ਏਕੰਕਾਰ ਅਵਰ ਨਹੀ ਦੂਜਾ ਨਾਨਕ ਏਕੁ ਸਮਾਈ।
(ਰਾਮਕਲੀ ਦਖਣੀ ਓਅੰਕਾਰ )930

...

ਖਸਮੁ ਛੋਡਿ ਦੂਜੈ ਲਗੇ ਡੂਬੇ ਸੇ ਵਣਜਾਰਿਆ। (ਵਾਰ ਮਾਝ )470

<u>ਨਿਵਾਸ ਅਸਥਾਨ</u>

ਇਸਲਾਮੀ ਵਿਸ਼ਵਾਸ ਅਨੁਸਾਰ ਖੁਦਾ ਸਤਵੇਂ ਆਕਾਸ਼ ਵਿਚ ਅਰਥਾਤ ਬਹਿਸ਼ਤ ਵਿਚ ਰਹਿੰਦਾ ਹੈ। ਗੁਰੂ ਨਾਨਕ ਬਾਣੀ ਅਨੁਸਾਰ ਉਸਦਾ ਟਿਕਾਣਾ ਕਿਸੇ ਵਿਸ਼ੇਸ਼ ਥਾਂ ਤੇ ਨਹੀਂ ਹੈ। ਉਹ ਸਭ ਜੀਵ ਜੰਤਾਂ ਦੇ ਹਿਰਦੇ ਰੂਪੀ ਤਖਤ ਤੇ ਨਿਵਾਸ ਰਖਦਾ ਹੈ। ਸਾਰੀ ਕਾਇਨਾਤ ਬਰਾਬਰ ਉਸ ਵਿਚ ਵਿਦਮਾਨ ਹੈ:

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ। (ਸਿਰੀ ਰਾਗ )62

...

ਸਗਲ ਬਿਆਪਿ ਰਹਿਆ ਪ੍ਰਭੁ ਛਾਜੈ। (ਮਾਰੂ )1034

---

1. A Dictionary of Islam, p.436.

ਉਸਦੇ ਨਿਵਾਸ ਦੀ ਸੋਝੀ ਆਤਮਾ ਦੀ ਸਭ ਤੋਂ ਉਚੇਰੀ ਅਵਸਥਾ ਤੇ ਹੁੰਦੀ ਹੈ। ਜਿਸ ਨੂੰ ਗੁਰੂ ਸਾਹਿਬ ਨੇ 'ਸਚਖੰਡ' ਕਿਹਾ ਹੈ। ਆਪ ਕਹਿੰਦੇ ਹਨ:

ਸਚਿਖੰਡਿ ਵਸੈ ਨਿਰੰਕਾਰੁ। ਕਰਿ ਕਰਿ ਵੇਖੈ ਨਦਰਿ ਨਿਹਾਲ। (ਜਪੁਜੀ)

## ਬੁੱਤ ਪ੍ਰਸਤੀ ਦਾ ਵਿਰੋਧ

ਜਿਵੇਂ ਕਿ ਅਸਾਂ ਪਹਿਲਾਂ ਵੇਖਿਆ ਹੈ, ਹਜ਼ਰਤ ਮੁਹੰਮਦ ਸਾਹਿਬ ਨੇ ਬੁੱਤ ਪ੍ਰਸਤੀ ਦੇ ਵਿਰੁੱਧ ਤਕੜੀ ਆਵਾਜ਼ ਉਠਾਈ ਸੀ। ਉਨ੍ਹਾਂ ਨੇ ਕਾਬੇ ਵਿਚੋਂ ਮੂਰਤੀਆਂ ਕੱਢ ਕੇ ਤੋੜੀਆਂ ਸਨ। ਇਸ ਕਰਮ ਕਰਕੇ ਮੁਸਲਮਾਨਾਂ ਨੂੰ 'ਬੁਤ ਸ਼ਿਕਨ' (ਬੁੱਤ ਤੋੜਨ ਵਾਲੇ) ਕਿਹਾ ਜਾਂਦਾ ਹੈ। ਇਸਲਾਮ ਅਨੁਸਾਰ ਮੂਰਤੀ ਪੂਜਾ ਪਾਪ-ਕਰਮ ਹੈ। ਗੁਰੂ ਨਾਨਕ ਬਾਣੀ ਬੁੱਤਾਂ ਨੂੰ ਤੋੜਨ ਲਈ ਨਹੀਂ ਕਹਿੰਦੀ। ਇਸ ਵਿਚ ਬੁੱਤ ਪ੍ਰਸਤੀ ਦਾ ਖੰਡਨ ਹੈ। ਜਪੁਜੀ ਵਿਚ 'ਥਾਪਿਆ ਨ ਜਾਇ' ਇਸ ਵਿਚਾਰ ਨੂੰ ਦ੍ਰਿੜ੍ਹ ਕਰਾਉਂਦੀ ਹੈ ਕਿ ਰੱਬ ਦਾ ਕੋਈ ਰੂਪ ਰੰਗ ਚਿਹਨ ਚੱਕਰ ਨਾ ਹੋਣ ਕਰਕੇ ਮੂਰਤੀ ਰੂਪ ਵਿਚ ਘੜਿਆ ਨਹੀਂ ਜਾ ਸਕਦਾ। ਪੱਥਰ ਨੂੰ ਪੂਜਣ ਵਾਲੇ ਦੀ ਭਗਤੀ ਅਕਾਰਥ ਜਾਵੇਗੀ।[1]

## ਜਗਤ ਰਚਨਾ

ਕੁਰਾਨ ਅਤੇ ਗੁਰੂ ਨਾਨਕ ਬਾਣੀ ਵਿਚ ਇਸ ਵਿਚਾਰ ਦੀ ਸਮਾਨਤਾ ਹੈ ਕਿ ਦੁਨੀਆਂ ਦੀ ਰਚਨਾ ਕਰਨ ਵਾਲਾ ਇਕੋ ਖਾਲਕ, ਕਾਦਰ ਜਾਂ ਕਰਤਾ ਹੈ। ਕੋਈ ਹੋਰ ਦੂਜੀ ਸ਼ਕਤੀ ਨਹੀਂ ਅਤੇ ਨਾ ਹੀ ਉਹ ਕਿਸੇ ਹੋਰ ਦੀ ਸਹਾਇਤਾ ਲੈਂਦਾ ਹੈ। ਗੁਰੂ ਨਾਨਕ ਨੇ ਇਸ ਦ੍ਰਿਸ਼ਟੀ ਤੋਂ ਭਾਰਤੀ ਸ਼ਬਦਾਵਲੀ ਤੋਂ ਇਲਾਵਾ ਇਸਲਾਮੀ ਸ਼ਬਦ ਖਾਲਕ ਅਤੇ ਕਾਦਰ ਵੀ ਵਰਤੇ ਹਨ, ਜਿਵੇਂ:

ਸਭ ਤੇਰੀ ਕੁਦਰਤਿ ਤੂੰ ਕਾਦਿਰ ਕਰਤਾ ਪਾਕੀ ਨਾਈ ਪਾਕੁ।
(ਵਾਰ ਆਸਾ) 464

ਖਾਲਕ ਕਉ ਆਦੇਸ ਢਾਢੀ ਗਾਵਣਾ। (ਵਾਰ ਮਾਝ) 148

ਸਾਰੀ ਸ੍ਰਿਸ਼ਟੀ ਦਾ ਕਰਤਾ ਉਹੋ ਇਕ ਖੁਦਾ ਹੀ ਹੈ। ਗੁਰੂ ਨਾਨਕ ਬਾਣੀ ਇਹ ਵਿਚਾਰ ਦ੍ਰਿੜ੍ਹ ਕਰਾਈ ਹੈ:

ਤੂੰ ਕਰਤਾ ਪੁਰਖ ਅਗੰਮ ਹੈ ਆਪ ਸ੍ਰਿਸ਼ਟ ਉਪਾਤੀ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ। (ਵਾਰ ਮਾਝ) 138.

---

1. ਇਸਦਾ ਸਵਿਸਥਾਰ ਵਿਵੇਚਨ ਪਿਛੇ ਅਧਿਆਇ ਵਿਚ ਕੀਤਾ ਗਿਆ ਹੈ.

ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ? ਇਸਲਾਮ ਅਨੁਸਾਰ ਖੁਦਾ ਨੇ 'ਕੁੰਨ'(ਹੋ ਜਾ) ਕਿਹਾ ਤੇ ਰਚਨਾ ਹੋ ਗਈ। ਜਪੁਜੀ ਵਿਚ ਸ਼ਬਦ 'ਕਵਾਉ' ਕੁੰਨ ਦੇ ਭਾਵ ਦਾ ਹੀ ਲਖਾਇਕ ਹੈ:

ਕੀਤਾ ਪਸਾਉ ਏਕੋ ਕਵਾਉ, ਤਿਸ ਤੇ ਹੋਏ ਲਖ ਦਰੀਆਉ। (ਜਪੁਜੀ)

ਬ੍ਰਹਿਮੰਡ ਨਿਰਣੈ

ਮੁਸਲਮਾਨੀ ਵਿਸ਼ਵਾਸ ਅਨੁਸਾਰ ਸੱਤ ਆਸਮਾਨ(ਆਕਾਸ਼) ਹਨ ਅਤੇ ਹਜ਼ਰਤ ਮੁਹੰਮਦ ਸਾਹਿਬ ਆਕਾਸ਼ ਲੰਘ ਕੇ ਸਤਵੇਂ ਆਸਮਾਨ ਤੇ ਖੁਦਾ ਨੂੰ ਮਿਲੇ ਸਨ। ਗੁਰੂ ਨਾਨਕ ਸਾਹਿਬ ਨੇ ਇਸ ਵੰਡ ਨੂੰ ਅਪਰਵਾਨ ਕੀਤਾ ਹੈ। ਉਨ੍ਹਾਂ ਦੀ ਬਾਣੀ ਅਨੁਸਾਰ ਲੱਖਾਂ ਹੀ ਪਾਤਾਲ ਅਤੇ ਆਕਾਸ਼ ਹਨ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ। (ਜਪੁਜੀ)

ਉਹ ਆਪ ਬੇਅੰਤ ਹੈ ਇਸ ਲਈ ਉਸਦੀ ਰਚਨਾ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ:

ਅੰਤੁ ਨ ਜਾਪੈ ਕੀਤਾ ਆਕਾਰੁ। ਅੰਤੁ ਨ ਜਾਪੈ ਪਾਰਾਵਾਰੁ। (ਜਪੁਜੀ)

ਕੁਦਰਤ

'ਕੁਦਰਤ' ਅਰਬੀ ਦਾ ਸ਼ਬਦ ਹੈ ਜਿਸਦੇ ਅਰਥ ਹਨ ਸ਼ਕਤੀ ਅਤੇ ਕੁਦਰਤ ਨੂੰ ਬਨਾਉਣ ਵਾਲੇ ਨੂੰ ਅਰਬੀ ਵਿਚ 'ਕਾਦਰ' ਕਿਹਾ ਗਿਆ ਹੈ ਜਿਸ ਦਾ ਅਰਥ ਹੈ 'ਸਰਬ ਸ਼ਕਤੀਮਾਨ'।[1] ਇਹ ਦੋਵੇਂ ਸ਼ਬਦ ਕੁਰਾਨ ਵਿੱਚ ਵੀ ਮਿਲਦੇ ਹਨ ਅਤੇ ਗੁਰੂ ਨਾਨਕ ਬਾਣੀ ਵਿਚ ਵੀ। ਗੁਰੂ ਨਾਨਕ ਸਾਹਿਬ ਕੁਰਾਨ ਵਿਚ ਆਏ ਵਿਚਾਰਾਂ ਤੋਂ ਭਲੀ ਭਾਂਤ ਜਾਣੂ ਸਨ ਕਿਉਂਕਿ ਗੁਰੂ ਨਾਨਕ ਕਾਲ ਦੇ ਸਭਿਆਚਾਰ ਦਾ ਇਹ ਇਕ ਮਹੱਤਵ ਪੂਰਨ ਅੰਗ ਸੀ। ਕੁਰਾਨ ਵਿਚ 'ਅਲ-ਕਾਦਰ' ਦੇ ਨਾਲ ਨਾਲ ਪ੍ਰਭੂ ਨੂੰ 'ਅਲ ਖਾਲਿਕ', 'ਕਰਤਾ' ਜਾਂ 'ਰਚਨਹਾਰ' ਵੀ ਕਿਹਾ ਹੈ।[2] ਗੁਰੂ ਨਾਨਕ ਨੇ ਵੀ ਇਹ ਦੋਵੇਂ ਭਾਵ ਅੰਕਿਤ ਕੀਤੇ ਹਨ। 'ਕਾਦਰ' ਪਰਮਾਤਮਾ ਲਈ ਅਤੇ 'ਕੁਦਰਤ' ਉਸਦੀ ਸ਼ਕਤੀ, ਮਾਇਆ ਅਥਵਾ ਸ੍ਰਿਸ਼ਟੀ ਲਈ ਵਰਤੇ ਹਨ:

ਸਭ ਤੇਰੀ ਕੁਦਰਤਿ ਤੂ ਕਾਦਿਰੁ ਕਰਤਾ ਪਾਕੀ ਨਾਈ ਪਾਕੁ। (ਵਾਰ ਆਸਾ)464

ਆਪੇ ਕੁਦਰਤਿ ਕਰੇ ਸਾਜਿ ਸਚੁ ਆਪਿ ਨਿਬੇੜੈ ਰਾਜਿ। (ਬਸੰਤ ਮ:1)1170

---

1. T.P.Hughes, A Dictionary of Islam, p.478.
2. Kapur Singh, Nanak Parkash Patrika, p.205.

ਕੁਦਰਤ ਪਰਮਾਤਮਾ ਦੀ ਸ਼ਕਤੀ ਹੈ, ਜੋ ਸਭ ਪਾਸੇ ਵਿਆਪਕ ਹੈ। ਜੋ ਦਿਸਦਾ ਹੈ ਜਾਂ ਜੋ ਕੁਝ ਸੁਣੀਦਾ ਹੈ ਸਭ ਪਰਮਾਤਮਾ ਦੀ ਕੁਦਰਤ ਹੀ ਹੈ। ਪਰਮਾਤਮਾ ਦਾ ਭੈ, ਜੋ ਸੁੱਖਾਂ ਦਾ ਸਾਰ ਹੈ ਉਹ ਵੀ ਕੁਦਰਤ ਹੀ ਹੈ। ਪਾਤਾਲ ਤੋਂ ਲੈ ਕੇ ਆਕਾਸ਼ ਤੱਕ ਸਭ ਉਸਦੀ ਹੀ ਕੁਦਰਤ ਹੈ ਅਤੇ ਸਾਰੇ ਦ੍ਰਿਸ਼ਮਾਨ ਆਕਾਰ ਕੁਦਰਤ ਹਨ। ਵੇਦ, ਪੁਰਾਣ ਆਦਿ ਸਭ ਪੁਸਤਕਾਂ ਅਤੇ ਉਨ੍ਹਾਂ ਵਿਚਲੇ ਵਿਚਾਰ ਕੁਦਰਤ ਦੇ ਹੀ ਰੂਪ ਹਨ। ਖਾਣ, ਪੀਣ, ਪਹਿਨਣ ਆਦਿ ਦੇ ਸਾਧਨ ਵੀ ਕੁਦਰਤ ਦਾ ਰੂਪ ਹਨ। ਜਾਤਾਂ, ਜਿਨਸਾਂ, ਰੰਗ, ਅਛਾਈਆਂ, ਬੁਰਾਈਆਂ, ਮਾਨ, ਅਭਿਮਾਨ ਸਭ ਵਿਚ ਕੁਦਰਤ ਹੀ ਝਲਕਾਂ ਮਾਰ ਰਹੀ ਹੈ। ਪਵਨ, ਪਾਣੀ, ਅਗਨੀ, ਧਰਤੀ ਅਤੇ ਮਿੱਟੀ ਸਭ ਪਰਮਾਤਮਾ ਦੀ ਕੁਦਰਤ ਦੇ ਹੀ ਸਿੱਟੇ ਹਨ। ਸਪਸ਼ਟ ਹੈ ਕਿ ਸੰਪੂਰਣ ਖੰਡ-ਬ੍ਰਹਿਮੰਡ, ਜੜ੍ਹ, ਚੇਤਨ ਕੁਦਰਤ ਦੇ ਘੇਰੇ ਦੇ ਅੰਤਰਗਤ ਹਨ।[1]

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ।
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ।
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ।
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।

(ਵਾਰ ਆਸਾ) 464

ਗੁਰੂ ਨਾਨਕ ਨੇ ਕੁਦਰਤ ਅਤੇ ਪਰਮਾਤਮਾ ਦੇ ਸੰਬੰਧ ਵਿਚ ਦੱਸਿਆ ਹੈ ਕਿ ਪਰਮਾਤਮਾ ਨੇ ਪਹਿਲਾਂ ਆਪਣੇ ਆਪ ਨੂੰ ਨਿਰਗੁਣ ਤੋਂ ਸਰਗੁਣ ਅਵਸਥਾ ਵਿਚ ਲਿਆਂਦਾ ਅਤੇ ਫਿਰ ਦੂਜੀ ਵਾਰ ਕੁਦਰਤ ਦੀ ਰਚਨਾ ਕੀਤੀ ਅਤੇ ਉਸ ਵਿਚ ਆਪਣਾ ਆਸਣ ਲਗਾ ਕੇ, ਭਾਵ ਸਰਬ ਵਿਆਪਕ ਹੋ ਕੇ ਉਸਦਾ ਤਮਾਸ਼ਾ ਵੇਖ ਰਿਹਾ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ। (ਵਾਰ ਆਸਾ) 463

ਇਸ ਤਰ੍ਹਾਂ ਕੁਦਰਤ ਹੀ ਪਰਮਾਤਮਾ ਦਾ ਨਿਵਾਸ ਅਸਥਾਨ ਹੈ ਜਿਸ ਵਿਚ ਉਹ ਇਸ ਤਰ੍ਹਾਂ ਰਮਿਆ ਹੋਇਆ ਹੈ ਕਿ ਉਸ ਨੂੰ ਪਛਾਨਣਾ ਔਖਾ ਹੈ:

ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤੁ ਨ ਜਾਈ ਲਖਿਆ। (ਵਾਰ ਆਸਾ) 469

ਗੁਰੂ ਨਾਨਕ ਅਨੁਸਾਰ ਪਰਮਾਤਮਾ ਨੂੰ ਜਾਨਣ ਦਾ ਮਾਧਿਅਮ ਵੀ ਕੁਦਰਤ ਹੀ ਹੈ:

---

1. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 302.

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ।
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ।
(ਵਡਹੰਸ ਅਲਾਹੁਣੀ )581

<u>ਫ਼ਰਿਸ਼ਤੇ</u>

ਇਸਲਾਮੀ ਨਿਸ਼ਚੇ ਅਨੁਸਾਰ ਫ਼ਰਿਸ਼ਤੇ ਰੱਬ ਦੇ ਦੂਤ ਹਨ, ਜੋ ਉਸਦੇ ਹੁਕਮ ਅਨੁਸਾਰ ਜਗਤ ਦਾ ਕਾਰ ਵਿਹਾਰ ਚਲਾਉਂਦੇ ਹਨ। ਹਿੰਦੂ ਮਤ ਦੇ ਦੇਵਤਿਆਂ ਵਾਂਗ ਹੀ ਇਨ੍ਹਾਂ ਦੀ ਮਾਨਤਾ ਹੈ। ਇਨ੍ਹਾਂ ਦੀ ਪੈਦਾਇਸ਼ ਖ਼ੁਦਾ ਦੇ ਨੂਰ ਤੋਂ ਹੋਈ ਮੰਨੀ ਗਈ ਹੈ ਅਤੇ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਇਨ੍ਹਾਂ ਨੂੰ ਆਦਮੀਆਂ ਵਾਂਗ ਭੁੱਖ ਤ੍ਰੇਹ ਨਹੀਂ ਲਗਦੀ। ਇਨ੍ਹਾਂ ਦੀ ਗਿਣਤੀ ਸਵਾ ਲੱਖ ਮੰਨੀ ਗਈ ਹੈ, ਜਿਨ੍ਹਾਂ ਵਿਚੋਂ ਮੁੱਖ ਚਾਰ ਫ਼ਰਿਸ਼ਤੇ ਹਨ:

1. <u>ਜਿਬਰਾਈਲ</u>:

ਇਹ ਪੈਗ਼ੰਬਰ ਕੋਲ ਰੱਬ ਦਾ ਪੈਗ਼ਾਮ ਲਿਜਾਂਦਾ ਹੈ। ਕੁਰਾਨ ਦੀਆਂ ਬਹੁਤੀਆਂ ਆਇਤਾਂ ਮੁਹੰਮਦ ਸਾਹਿਬ ਪਾਸ ਇਹੋ ਫ਼ਰਿਸ਼ਤਾ ਹੀ ਲੈ ਕੇ ਆਇਆ ਸੀ।

2. <u>ਮੇਕਾਈਲ</u>

ਇਹ ਜੀਆਂ ਨੂੰ ਅੰਨ ਪਾਣੀ ਦਿੰਦਾ ਅਤੇ ਬਰਖਾ ਕਰਦਾ ਹੈ।

3. <u>ਇਸਰਾਫ਼ੀਲ</u>

ਕਿਆਮਤ ਸਮੇਂ ਇਹ ਨਫ਼ੀਰੀ ਵਜਾਉਂਦਾ ਹੈ, ਜਿਸ ਨਾਲ ਸੰਸਾਰ ਤੇ ਪਰਲੋ ਆ ਜਾਂਦੀ ਹੈ ਅਤੇ ਮੁਰਦੇ ਕਬਰਾਂ ਵਿਚੋਂ ਉਠਦੇ ਹਨ।

4. <u>ਇਜ਼ਰਾਈਲ ਮਲਾਇਕ</u>

ਇਹ ਮੌਤ ਦਾ ਫ਼ਰਿਸ਼ਤਾ ਹੈ। ਇਸ ਨੂੰ ਮਲਕੁਲ ਮੌਤ ਵੀ ਕਿਹਾ ਗਿਆ ਹੈ।[1]

ਗੁਰੂ ਨਾਨਕ ਬਾਣੀ ਵਿਚ ਪਹਿਲੇ ਫ਼ਰਿਸ਼ਤੇ ਦਾ ਕੋਈ ਜ਼ਿਕਰ ਨਹੀਂ। ਉਨ੍ਹਾਂ ਨੂੰ ਰੱਬੀ ਬਾਣੀ ਕਿਸੇ ਫ਼ਰਿਸ਼ਤੇ ਰਾਹੀਂ ਨਹੀਂ, ਸਗੋਂ ਸਿੱਧੀ ਹੀ ਅਵੇਸ਼ ਹੋਈ ਸੀ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।
(ਤਿਲੰਗ )722

ਮੇਕਾਈਲ ਦੀ ਹੋਂਦ ਵੀ ਨਹੀਂ ਮੰਨੀ। ਸਭ ਜੀਆਂ ਦੀ ਪ੍ਰਿਤਪਾਲਣਾ ਉਹ ਆਪ ਹੀ ਅੰਨ ਪਾਣੀ ਦੇ ਕੇ ਕਰਦਾ ਹੈ:

ਤੂ ਦਾਤਾ ਜੀਆਂ ਸਭਨਾਂ ਕਾ ਜੀਆਂ ਅੰਦਰਿ ਜੀਉ ਤੁਹੀ।
(ਰਾਗ ਮਲਾਰ )1254

ਇਜ਼ਰਾਈਲ, ਅਜ਼ਰਾਈਲ ਦਾ ਉਲੇਖ ਗੁਰੂ ਨਾਨਕ ਬਾਣੀ ਵਿਚ ਇਸ ਤਰ੍ਹਾਂ ਹੋਇਆ ਹੈ:

---

1. ਵੇਖੋ ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 247.

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।
(ਤਿਲੰਗ)721

ਸਬਰ ਤੋਸਾ ਮਲੰਗਾ। (ਮ:1)

ਸ੍ਰਿਸ਼ਟੀ ਦੀ ਉਤਪਤੀ ਅਤੇ ਪਰਲੋ ਉਸਦੇ ਸ਼ਬਦ ਨਾਲ ਹੀ ਹੁੰਦੀ ਹੈ।[1] ਸਰੀਰ ਤਾਂ ਮਰਨ ਨਾਲ ਖ਼ਤਮ ਹੋ ਜਾਂਦਾ ਹੈ। ਇਸ ਲਈ ਕਿਆਮਤ ਵਾਲੇ ਦਿਨ ਉਸ ਨੂੰ ਉਠਾਉਣ ਦਾ ਵੀ ਸੁਆਲ ਪੈਦਾ ਨਹੀਂ ਹੁੰਦਾ।

ਮੁਨਕਰ ਅਤੇ ਨਕੀਰ

ਜਿਵੇਂ ਹਿੰਦੂ ਮਤ ਵਿਚ ਜੀਵ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਕਰਨ ਲਈ ਚਿਤ੍ਰਗੁਪਤ ਦੀ ਕਲਪਨਾ ਕੀਤੀ ਗਈ ਹੈ, ਇਸੇ ਤਰ੍ਹਾਂ ਇਸਲਾਮ ਵਿਚ ਵੀ ਮੁਨਕਰ ਅਤੇ ਨਕੀਰ ਦੋ ਲੇਖਾ ਤਲਬ ਕਰਨ ਵਾਲੇ ਮੰਨੇ ਗਏ ਹਨ। ਮੁਹੰਮਦ ਦੀ ਆਗਿਆ ਅਨੁਸਾਰ ਇਹ ਕਬਰਾਂ ਵਿਚ ਮੁਰਦਿਆਂ ਪਾਸ ਜਾ ਕੇ ਉਨ੍ਹਾਂ ਤੋਂ ਪੁਛਦੇ ਹਨ[2] ਕਿ ਉਨ੍ਹਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਅਤੇ ਉਸਦੇ ਮਜ਼ਹਬ ਤੇ ਵਿਸ਼ਵਾਸ ਹੈ ਕਿ ਨਹੀਂ? ਗੁਰੂ ਨਾਨਕ ਬਾਣੀ ਵਿਚ ਅਜਿਹੇ ਫਰਿਸ਼ਤਿਆਂ ਦੀ ਹੋਂਦ ਵੀ ਨਹੀਂ ਮੰਨੀ ਗਈ। ਉਨ੍ਹਾਂ ਦੇ ਮਤ ਅਨੁਸਾਰ ਮਨੁੱਖਾਂ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਉਹ ਆਪ ਹੀ ਕਰਦਾ ਹੈ। ਸਭ ਦਾ ਹਿਸਾਬ ਉਸਦੀ ਆਪਣੀ ਵਹੀ ਵਿਚ ਹੈ:

ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ।
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ। (ਵਾਰ ਰਾਮਕਲੀ)953

ਚੌਥੇ ਮੌਤ ਦੇ ਫਰਿਸ਼ਤੇ ਅਜਰਾਈਲ ਦਾ ਅਲੰਕਾਰਿਕ ਚਿਤ੍ਰਨ ਗੁਰੂ ਨਾਨਕ ਸਾਹਿਬ ਨੇ ਇਸ ਤਰ੍ਹਾਂ ਕੀਤਾ ਹੈ:

ਅਜਰਾਈਲੁ ਫਰੇਸਤਾ ਹੋਸੀ ਆਇ ਤਈ। (ਵਾਰ ਰਾਮਕਲੀ)953

ਸ਼ੈਤਾਨ

ਸ਼ੈਤਾਨ ਇਕ ਵਿਸ਼ੇਸ਼ ਫਰਿਸ਼ਤਾ ਹੈ। ਰੱਬ ਦੇ ਬਣਾਏ ਪਹਿਲੇ ਮਨੁੱਖ ਆਦਮ ਅੱਗੇ ਨਾ ਝੁਕਣ ਕਰਕੇ ਰੱਬ ਨੇ ਉਸਨੂੰ ਬਹਿਸ਼ਤ ਵਿਚੋਂ ਕੱਢ ਦਿੱਤਾ ਸੀ। ਸ਼ੈਤਾਨ ਨੇ ਗੁੱਸੇ ਵਿਚ ਆ ਕੇ ਰੱਬ ਨੂੰ ਚਣੌਤੀ ਦਿੱਤੀ ਕਿ ਉਹ ਆਦਮ ਦੇ ਜਾਇਆਂ ਨੂੰ ਉਸ ਵਲ ਆਉਣ ਤੋਂ ਰੋਕੇਗਾ। ਉਹ ਮਨੁੱਖ ਨੂੰ ਸਦਾ ਬਦੀ ਵਲ ਪ੍ਰੇਰਦਾ ਹੈ। ਸ਼ੈਤਾਨ ਤੋਂ ਭਾਵ ਧੋਖੇਬਾਜ਼, ਫਰੇਬੀ ਜਾਂ ਸ਼ਰਾਰਤੀ ਲਿਆ ਜਾਂਦਾ ਹੈ। ਸ਼ੈਤਾਨ ਦਾ ਅਸਲੀ ਨਾਂ ਅਜ਼ਾਜ਼ੀਲ ਸੀ। ਗੁਰੂ ਨਾਨਕ ਨੇ ਸ਼ੈਤਾਨ ਫਰਿਸ਼ਤੇ

---

1. ਉਤਪਤਿ ਪਰਲਉ ਸਬਦੇ ਹੋਵੈ। ਸਬਦੇ ਹੀ ਫਿਰਿ ਓਪਤਿ ਹੋਵੈ।(ਮਾਝ ਮ:3)117.
2. A Dictionary of Islam,p.420.

ਦੀ ਹਸਤੀ ਦੀ ਥਾਂ ਮਾਇਆ ਨੂੰ ਪਰਬਲ ਸ਼ਕਤੀ ਮੰਨਿਆ ਹੈ ਜੋ ਮਨੁੱਖ ਨੂੰ ਪਰਮਾਤਮਾ ਵਲ ਲਾਉਣ ਤੋਂ ਰੋਕਦੀ ਹੈ, ਪਰ ਜਿਹੜੇ ਇਸ ਤੇ ਕਾਬੂ ਪਾ ਲੈਂਦੇ ਹਨ ਉਹ ਉਨ੍ਹਾਂ ਦੀ ਦਾਸੀ ਬਣ ਜਾਂਦੀ ਹੈ। ਮਾਇਆ ਦੇ ਇਸ ਪ੍ਰਭਾਵ ਕਰਕੇ ਜਿਹੜਾ ਪ੍ਰਭੂ ਦੀ ਸਿਫ਼ਤ ਸਲਾਹ ਨਹੀਂ ਕਰਦਾ ਗੁਰੂ ਨਾਨਕ ਨੇ ਉਸ ਨੂੰ ਸ਼ੈਤਾਨ ਕਿਹਾ ਹੈ:

ਸਿਫਤੀ ਸਾਰ ਨ ਜਾਣਨੀ ਸਦਾ ਬਸੈ ਸੈਤਾਨ। (ਵਾਰ ਸੂਹੀ/790

<u>ਆਦਮੀ</u>

ਆਦਮੀ ਸ਼ਬਦ ਅਰਬੀ ਦਾ ਹੈ ਅਤੇ ਆਦਮ ਦੀ ਔਲਾਦ ਹੋਣ ਕਾਰਨ ਆਦਮੀ ਕਿਹਾ ਜਾਂਦਾ ਹੈ। ਆਦਮ ਦੇ ਅਰਥ ਆਪਣੇ ਵਾਇਦੇ ਨੂੰ ਭੁੱਲ ਜਾਣ ਵਾਲੇ ਦੇ ਹਨ, ਕਿਉਂਕਿ ਹਜ਼ਰਤ ਆਦਮ ਨੇ ਜੋ ਵਾਇਦਾ ਖ਼ੁਦਾ ਨਾਲ ਕੀਤਾ ਸੀ, ਸ਼ੈਤਾਨ ਦੇ ਫ਼ਰੇਬ ਵਿਚ ਆ ਕੇ ਭੁੱਲ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਪੰਕਤੀ ਵਿਚ ਆਦਮੀ ਸ਼ਬਦ ਵਰਤਿਆ ਹੈ:

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।
ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ।
(ਰਾਗ ਧਨਾਸਰੀ/560

ਇਹੋ ਆਦਮੀ ਤੋਂ ਭਾਵ ਹੈ, ਜੇ ਦਮ(ਸੁਆਸ) ਆ ਜਾਵੇ ਤਦ ਆਦਮੀ ਹੈ ਅਤੇ ਜੇ ਦਮ ਖ਼ਤਮ ਹੋ ਜਾਏ ਤਦ ਖ਼ਾਕ ਦੀ ਢੇਰੀ ਹੈ। ਮਨੁੱਖ ਲਈ ਭਾਰਤੀ ਸ਼ਬਦ ਪ੍ਰਾਣੀ ਵੀ ਇਸੇ ਵਾਸਤੇ ਵਰਤਿਆ ਗਿਆ ਹੈ, ਕਿਉਂਕਿ ਇਸਦੇ ਜੀਵਨ ਦਾ ਆਧਾਰ ਪ੍ਰਾਣ ਹੈ।[1]

<u>ਪੈਗ਼ੰਬਰ, ਰਸੂਲ</u>

ਫ਼ਾਰਸੀ ਦੇ ਇਸ ਸ਼ਬਦ ਤੋਂ ਭਾਵ ਹੈ ਪੈਗ਼ਾਮ ਜਾਂ ਸੁਨੇਹਾ ਲਿਆਉਣ ਵਾਲਾ। ਜਬਰਾਈਲ ਫ਼ਰਿਸ਼ਤੇ ਨੇ ਰੱਬ ਦਾ ਪੈਗ਼ਾਮ ਆਇਤਾਂ ਦੇ ਰੂਪ ਵਿਚ ਹਜ਼ਰਤ ਮੁਹੰਮਦ ਨੂੰ ਸੁਣਾਇਆ। ਉਨ੍ਹਾਂ ਨੇ ਇਹ ਪੈਗ਼ਾਮ ਅੱਗੋਂ ਲੋਕਾਂ ਨੂੰ ਸੁਣਾਇਆ। ਇਸੇ ਕਰਕੇ ਮੁਹੰਮਦ ਸਾਹਿਬ ਨੂੰ ਪੈਗ਼ੰਬਰ, ਨਬੀ ਜਾਂ ਰਸੂਲ ਕਹਿ ਕੇ ਯਾਦ ਕੀਤਾ ਜਾਂਦਾ ਹੈ। ਹਰ ਮੁਸਲਮਾਨ ਲਈ ਉਸਤੇ ਅਤੇ ਉਸਦੇ ਮਜ਼ਹਬ ਤੇ ਈਮਾਨ ਲਿਆਉਣਾ ਜ਼ਰੂਰੀ ਹੈ। ਹਜ਼ਰਤ ਮੁਹੰਮਦ ਤੋਂ ਪਹਿਲਾਂ ਹਜ਼ਰਤ ਇਬਰਾਹੀਮ, ਮੂਸਾ ਅਤੇ ਸੁਲੇਮਾਨ ਨੂੰ ਵੀ ਪੈਗ਼ੰਬਰ ਕਿਹਾ ਜਾਂਦਾ ਹੈ। ਪੈਗ਼ੰਬਰ ਦਾ ਮਰਤਬਾ ਇਨ੍ਹਾਂ ਅਧਿਕ

---

1. ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ 35.

ਹੈ ਕਿ ਉਸ ਨੂੰ ਰੱਬ ਤੁਲ ਹੀ ਸਮਝਿਆ ਜਾਂਦਾ ਹੈ।[1] ਪੈਗੰਬਰ ਬਾਰੇ ਗੁਰੂ ਨਾਨਕ ਸਾਹਿਬ ਦੀ ਇਹ ਰਾਏ ਹੈ:

ਪੀਰ ਪੈਕੰਬਰ ਸਾਲਕ ਸਾਦਕ ਛੋਡੀ ਦੁਨੀਆ ਥਾਇ ਪਏ।
(ਆਸਾ)358

ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਸਾਧਾਰਨ ਮਨੁੱਖ ਕਿਹਾ ਹੈ। ਰੱਬ ਦੇ ਪ੍ਰਤੀਨਿਧ, ਅਵਤਾਰ ਜਾਂ ਪੈਗੰਬਰ ਜਾਂ ਕਿਸੇ ਹੋਰ ਤਰ੍ਹਾਂ ਦੀ ਵਡਿਆਈ ਜਤਲਾਉਣੀ ਤਕੱਬਰ ਜਾਂ ਅਹੰਕਾਰ ਕਿਹਾ ਹੈ। ਆਪ ਦੀ ਬਾਣੀ ਵਿਚ ਪੈਗੰਬਰ ਦੀ ਥਾਂ ਗੁਰੂ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਵਾਹਿਗੁਰੂ ਨਾਲ ਅਭੇਦ ਹੈ ਪਰ ਵਾਹਿਗੁਰੂ ਨਹੀਂ ਉਹ ਪੱਥ ਪਰਦਰਸ਼ਕ ਹੈ। ਮਨੁੱਖ ਦੇ ਪ੍ਰਭੂ ਨਾਲ ਸੰਜੋਗ ਲਈ ਸਹਾਇਕ ਹੁੰਦਾ ਹੈ। ਗੁਰੂ ਨਾਨਕ ਨੇ ਹਜ਼ਾਰਾਂ ਹੀ ਮੁਹੰਮਦਾਂ ਨੂੰ ਹਜ਼ਾਰਾਂ ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੇ ਬਰਾਬਰ ਰੱਖਿਆ ਹੈ। ਉਨ੍ਹਾਂ ਅਨੁਸਾਰ ਲੱਖਾਂ ਹੀ ਮੁਹੰਮਦ ਹਨ ਪਰ ਰੱਬ ਕੇਵਲ ਇਕ ਹੀ ਹੈ।[2]

ਰੂਹ-ਆਤਮਾ

ਇਸਲਾਮਿਕ ਦਰਸ਼ਨ ਵਿਚ 'ਰੂਹ' ਬਾਰੇ ਬਹੁਤ ਘੱਟ ਵਿਚਾਰ ਮਿਲਦੀ ਹੈ। ਕਿਉਂਕਿ ਇਸਲਾਮ ਵਿਚ ਅਧਿਆਤਮ ਚਿੰਤਨ ਲਈ ਬਹੁਤ ਘੱਟ ਗੁੰਜਾਇਸ਼ ਹੈ। ਪੰ: ਰਾਹੁਲ ਸਾਂਕ੍ਰਿਤਾਯਨ ਨੇ ਲਿਖਿਆ ਹੈ ਕਿ ਪੈਗੰਬਰ ਮੁਹੰਮਦ ਨੂੰ ਵੀ ਲੋਕਾਂ ਨੇ 'ਜੀਵ' ਬਾਰੇ ਸੁਆਲ ਪੁੱਛ ਕੇ ਤੰਗ ਕੀਤਾ ਸੀ, ਜਿਸ ਤੇ ਅੱਲਾ ਨੇ ਆਪਣੇ ਪੈਗੰਬਰ ਨੂੰ ਇਹ ਜੁਆਬ ਦੇਣ ਲਈ ਕਿਹਾ, "ਕਹਿ, ਜੀਵ ਮੇਰੇ ਰੱਬ ਦੇ ਹੁਕਮ ਨਾਲ ਹਨ"[3] ਸਪਸ਼ਟ ਹੈ ਕਿ ਪੈਗੰਬਰ ਅਤੇ ਕੁਰਾਨ ਜੀਵ ਬਾਰੇ ਚੁੱਪ ਹਨ। ਉਂਜ ਕੁਰਾਨ ਵਿਚ ਆਤਮਾ ਲਈ ਨਫ਼ਸ ਸ਼ਬਦ ਵਰਤਿਆ ਗਿਆ ਹੈ, ਪਰ ਬਾਅਦ ਦੇ ਕੁਰਾਨਿਕ ਸਾਹਿਤ ਵਿਚ ਨਫ਼ਸ ਅਤੇ ਰੂਹ ਦੋਵੇਂ ਸ਼ਬਦ ਆਤਮਾ ਲਈ ਵਰਤੇ ਮਿਲ ਜਾਂਦੇ ਹਨ।[4] ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਸਲਾਮੀ ਮੱਤ ਅਨੁਸਾਰ ਰੂਹਾਂ ਰੱਬ ਤੋਂ ਵੱਖਰੀਆਂ ਹਨ ਭਾਵੇਂ ਉਨ੍ਹਾਂ ਦੀ ਉਪਜ ਦਾ ਕਾਰਨ ਉਹ ਆਪ ਹੀ ਹੈ।[5]

---

1. 'ਮੌਲੇ ਕੀ ਗੋਸਟਿ' ਵਿਚ ਜਿਥੇ ਇਸਲਾਮੀ ਵਿਚਾਰ ਦਿੱਤਾ ਗਿਆ ਹੈ:
ਅਵਲ ਏਕ ਖੁਦਾਇ ਹੈ ਦੋਇਮ ਨਬੀ ਰਸੂਲ।
ਉਥੇ ਗੁਰੂ ਨਾਨਕ ਦਾ ਮੱਤ ਦੱਸਿਆ ਹੈ:
ਅਵਲ ਏਕ ਖੁਦਾਇ ਹੈ ਦੂਸਰ ਹੋਆ ਨਾ ਹੋਇ।
2. J.S.Grewal, Guru Nanak in History, p.2[illegible]8.
3. 'Say the soul is a command of my Lord. Any of knowledge, we have been vouchsafed but little'- Dr.Abdul Haq Ansari, Faith & Practice, Theology & Ethics in Islam, p.15.
4. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 185,
5. ਭਗਤ ਸਿੰਘ ਹੀਰਾ, ਗੁਰਮਤ ਵਿਚਾਰਧਾਰਾ, ਪੰਨਾ 332.

ਇਸਲਾਮ ਵਿਚ ਅਮਲਾਂ ਤੇ ਬਲ ਦਿੱਤਾ ਗਿਆ ਹੈ। ਰੂਹ ਜਾਂ ਆਤਮਾ ਨੂੰ ਅਮਰ ਮੰਨਿਆ ਗਿਆ ਹੈ, ਰੂਹਾਂ ਦਾ ਫਲ ਭੋਗਣ ਲਈ ਪਰ ਇਸਲਾਮ ਵਿਚ ਆਵਾਗਵਨ ਦੇ ਵਿਚਾਰ ਨੂੰ ਨਹੀਂ ਮੰਨਿਆ ਗਿਆ। ਇਸ ਵਿਸ਼ਵਾਸ ਅਨੁਸਾਰ 'ਰੋਜ਼ੇ ਕਿਆਮਤ' (ਪਰਲੋ ਦੇ ਦਿਨ) ਸਭ ਰੂਹਾਂ ਦਾ ਹਿਸਾਬ ਹੋਵੇਗਾ। ਚੰਗੇ ਮੰਦੇ ਅਮਲਾਂ ਦਾ ਫਲ ਮਿਲੇਗਾ ਕਿਉਂਕਿ ਮਨੁੱਖੀ ਮੌਤ ਦੇ ਨਾਲ ਆਤਮਾ ਨਹੀਂ ਮਰਦੀ ਅਤੇ ਕਿਆਮਤ ਵਾਲੇ ਦਿਨ ਮੁਰਦਿਆਂ ਨੂੰ ਸਰੀਰਾਂ ਸਮੇਤ ਉਠਾਇਆ ਜਾਏਗਾ। ਇਹ ਦਿਨ ਹਰੇਕ ਮੁਸਲਮਾਨ ਲਈ ਅਟੱਲ ਆਉਣਾ ਹੈ।[1] ਮੁਸਲਮਾਨ ਇਸੇ ਕਰਕੇ ਮੁਰਦਿਆਂ ਨੂੰ ਕਬਰਾਂ ਵਿਚ ਦਬਾਉਂਦੇ ਹਨ ਕਿਉਂਕਿ ਆਤਮਾ ਸਰੀਰ ਦੇ ਨਾਲ ਹੀ ਕਬਰਾਂ ਵਿਚ ਰਹਿੰਦੀ ਹੈ। ਦਫਨ ਨੂੰ ਜ਼ਰੂਰ ਸਮਝਦੇ ਹਨ ਕਿਉਂਕਿ ਕਿਆਮਤ ਤੱਕ ਰੂਹਾਂ ਆਪਣੀ ਆਪਣੀ ਗੋਰ ਵਿਚ ਹੀ ਆਪਣੇ ਫੈਸਲੇ ਦਾ ਇੰਤਜ਼ਾਰ ਕਰਨਗੀਆਂ।[2] ਖ਼ੁਦਾ ਨਾਲ ਰੂਹਾਂ ਦੀ ਅਭੇਦਤਾ ਨਹੀਂ ਹੋ ਸਕਦੀ। ਰੂਹ ਜਾਂ ਦੋਜ਼ਖ ਦੀਆਂ ਜਾਂ ਬਹਿਸ਼ਤ ਦੀਆਂ ਹੀ ਅਧਿਕਾਰੀ ਹਨ। ਆਤਮਾ ਬਾਰੇ ਇਹ ਇਸਲਾਮੀ ਵਿਚਾਰ ਯਹੂਦੀ ਵਿਚਾਰਾਂ ਉਪਰ ਨਿਰਭਰ ਹੈ ਅਤੇ ਯਹੂਦੀ ਵਿਚਾਰਾਂ ਦਾ ਆਧਾਰ ਮਿਸਰੀ ਵਿਚਾਰਾਂ ਉਪਰ ਹੈ। ਮਿਸਰੀਆਂ ਦਾ ਨਿਸਚਾ ਸੀ ਕਿ 'ਬਾ' ਅਰਥਾਤ ਆਤਮਾ ਉਸ ਪੰਛੀ ਵਾਂਗ ਹੈ, ਜਿਸਦਾ ਸਿਰ ਮਨੁੱਖ ਜਿਹਾ ਹੈ ਤੇ ਇਹ ਪੰਛੀ ਮਰਨ ਪੁਰ ਸਰੀਰ ਨੂੰ ਛੱਡ ਜਾਂਦਾ ਹੈ, ਪਰ ਨਾਲ ਹੀ ਇਹ ਖਿਆਲ ਸੀ ਕਿ ਏਸ ਪੰਛੀ ਨੇ ਅੰਤ ਵਿਚ ਮੁੜ ਆਉਣਾ ਹੈ ਤੇ ਜੇ ਕਦੀ ਸਰੀਰ ਨੂੰ ਕਾਇਮ ਰੱਖਿਆ ਜਾਏ ਤਾਂ ਮੁੜ ਸਰੀਰ ਵਿਚ ਜਿੰਦ ਪੈ ਜਾਏਗੀ। ਇਸੇ ਅੱਧ ਪਰੱਧ ਮਾਰੀ ਵਿਚਾਰ ਕਰਕੇ ਹੀ ਈਸਾਈਆਂ ਤੇ ਮੁਸਲਮਾਨਾਂ ਨੇ ਮਰਨ ਪਿਛੋਂ ਦਫ਼ਨਾਣ ਦੀਆਂ ਖਾਸ ਰਹੁ ਰੀਤਾਂ ਦਾ ਆਡੰਬਰ ਰਚਿਆ ਹੈ।[3]

ਗੁਰੂ ਨਾਨਕ ਦਾ ਇਸ ਸਿਧਾਂਤ ਨਾਲ ਮਤ ਭੇਦ ਹੈ। ਆਪ ਆਵਾਗਵਨ ਵਿਚ ਵਿਸ਼ਵਾਸ ਰਖਦੇ ਹਨ ਅਤੇ ਆਪ ਨੇ ਇਸਲਾਮ ਵਾਲੇ 'ਰੋਜ਼ੇ ਹਸ਼ਰ' ਨੂੰ ਨਹੀਂ ਮੰਨਿਆ। ਕਰਮ ਸਿਧਾਂਤ ਅਨੁਸਾਰ ਕੀਤੇ ਕਰਮਾਂ ਦਾ ਫਲ ਵਰਤਮਾਨ ਵਿੱਚ ਅਤੇ ਵਰਤਮਾਨ ਦਾ ਭਵਿਖਤ ਵਿਚ ਮਿਲਦਾ ਹੈ। ਗੁਰਬਾਣੀ ਅਨੁਸਾਰ ਕਰਮਾਂ ਦਾ ਫਲਦਾਤਾ ਵਾਹਿਗੁਰੂ ਆਪ ਹੀ ਹੈ। ਸਰੀਰਕ ਚੋਲਾ ਛੱਡਣ ਤੋਂ ਬਾਅਦ ਆਤਮਾ ਦੂਜਾ ਸਰੀਰ ਧਾਰਨ ਕਰ ਲੈਂਦੀ ਹੈ। ਮਨੁੱਖ ਦਾ ਅਗਲਾ ਜਨਮ ਉਸ ਦੇ ਕੀਤੇ ਕਰਮਾਂ ਅਨੁਸਾਰ ਹੀ ਨਿਸ਼ਚਿਤ ਹੁੰਦਾ ਹੈ। ਪ੍ਰਭੂ ਦੇ ਦਰਬਾਰ ਵਿਚ ਹੀ ਕਰਮਾਂ

---

1. Ishar Singh, Philosophy of Guru Nanak, A Comparative Study of Adi Granth)p.279.
2. ਕਿਆਮਤ ਤਕ ਰੂਹਾਂ ਦਾ ਕਬਰਾਂ ਨੂੰ ਮੱਲੀ ਰਖਣ ਦਾ ਵਿਚਾਰ ਇਸਲਾਮ ਅਨੁਸਾਰ ਫਰੀਦ ਨੇ ਵੀ ਦਿੱਤਾ ਹੈ:

   ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ। (ਸਲੋਕ)1383.
3. ਸਰਦੂਲ ਸਿੰਘ ਕਵੀਸ਼ਰ, ਸਿੱਖ ਧਰਮ ਦਰਸ਼ਨ, ਪੰਨਾ 208.

ਤੇ ਵਿਚਾਰ ਹੁੰਦੀ ਹੈ। ਉਹ ਆਪ ਵੀ ਸੱਚਾ ਹੈ ਤੇ ਉਸਦਾ ਦਰਬਾਰ ਵੀ ਸੱਚਾ ਹੈ।[1]

ਗੁਰੂ ਨਾਨਕ ਅਨੁਸਾਰ ਨਿਸ਼ਾਨਾ ਵਾਹਿਗੁਰੂ ਨਾਲ ਅਭੇਦਤਾ ਦਾ ਹੈ। ਕਰਮਾਂ ਅਨੁਸਾਰ ਪੁਗੀਆਂ ਰੂਹਾਂ ਤਾਂ ਨੇੜਤਾ ਪਰਾਪਤ ਕਰ ਲੈਣਗੀਆਂ ਭਾਵ ਬਖਸ਼ਸ਼ ਕਰਨ ਵਾਲੇ ਦਰ ਤੇ ਪੁੱਜ ਜਾਣਗੀਆਂ ਤੇ ਅਣਪੁਗੀਆਂ ਰੂਹਾਂ ਆਪਣੇ ਮੰਦੇ ਕਰਮਾਂ ਦੇ ਫਲ ਸਰੂਪ ਰੱਬ ਤੋਂ ਦੂਰ ਆਵਾਗਵਨ ਵਿਚ ਪੈ ਜਾਣਗੀਆਂ:

> ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ॥
> ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (ਜਪੁਜੀ)

ਆਤਮਾ ਅਮਰ ਹੈ, ਸਰੀਰ ਨਾਸ਼ਮਾਨ ਹੈ। ਇਹ ਤੱਤਾਂ ਵਿਚ ਮਿਲ ਜਾਂਦਾ ਹੈ। ਸਿੱਖ ਮਰਿਯਾਦਾ ਅਨੁਸਾਰ ਭਾਵੇਂ ਮਿਰਤਕ ਸਰੀਰ ਨੂੰ ਜਲਾਇਆ ਜਾਂਦਾ ਹੈ ਪਰ ਸਾੜਨ ਜਾਂ ਦਬਾਣ ਨਾਲ ਮਨੁੱਖੀ ਆਤਮਾ ਦੀ ਗਤੀ ਦਾ ਕੋਈ ਸੰਬੰਧ ਨਹੀਂ।[2] ਗੁਰੂ ਨਾਨਕ ਨੇ ਸਾੜਨ ਨੂੰ ਅਧਰਮ ਮੰਨਣ ਦੇ ਖ਼ਿਆਲ ਨੂੰ ਵੀ ਇਸ ਤਰਹ ਨਾਲ ਨਿਰਮੂਲ ਦੱਸਿਆ ਹੈ ਕਿ ਜਿਨ੍ਹਾਂ ਕਬਰਾਂ ਵਿਚ ਮੁਸਲਮਾਨੀ ਮੁਰਦਾ ਹੁੰਦਾ ਹੈ ਉਸਦੀ ਮਿੱਟੀ ਦੇ ਬਰਤਨ ਬਣਾ ਕੇ ਆਵੇ ਵਿਚ ਸਾੜੇ ਜਾਂਦੇ ਹਨ। ਸਰੀਰ ਦੀ ਮਿੱਟੀ ਉਸ ਵਿਚ ਮਿਲੀ ਹੁੰਦੀ ਹੈ। ਇਸ ਲਈ ਮੁਸਲਮਾਨ ਦਾ ਸਰੀਰ ਸੜਨ ਤੋਂ ਬਚ ਨਹੀਂ ਸਕਦਾ:

> ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।
> ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ। (ਵਾਰ ਆਸਾ)466

<u>ਮੌਤ</u>

ਅਰਬੀ ਦਾ ਸ਼ਬਦ 'ਮੌਤ' ਮ੍ਰਿਤੂ ਜਾਂ ਮਰਨ ਦੇ ਸਮਾਨਾਰਥਕ ਹੈ ਅਰਥਾਤ ਜੀਵਨ ਦਾ ਅੰਤ। ਕੁਰਾਨ ਸ਼ਰੀਫ਼ ਵਿਚ ਇਹ ਸ਼ਬਦ ਕਈ ਵਾਰੀ ਆਇਆ ਹੈ।[3] ਉਥੇ ਇਸ ਤੋਂ ਸਪਸ਼ਟ ਭਾਵ ਇਹ ਹੈ ਕਿ ਹਰ ਪ੍ਰਾਣੀ ਲਈ ਮੌਤ ਦਾ ਸਮਾਂ ਨਿਸ਼ਚਿਤ ਹੈ। ਹਰ ਇਕ ਪ੍ਰਾਣੀ ਨੇ ਇਕ ਦਿਨ ਅਵੱਸ਼ ਮਰਨਾ ਹੈ। ਮੌਤ ਤੋਂ ਕੋਈ ਵੀ ਬਚ ਨਹੀਂ ਸਕਦਾ। ਕਾਲ ਨੂੰ ਕੋਈ ਟਾਲ ਨਹੀਂ ਸਕਦਾ ਤੇ ਨਾ ਹੀ ਸਮੇਂ ਤੋਂ ਪਹਿਲਾਂ ਕੋਈ ਮੌਤ ਨੂੰ ਬੁਲਾ ਸਕਦਾ ਹੈ। ਹਜ਼ਰਤ ਮੁਹੰਮਦ ਅਨੁਸਾਰ ਮੌਤ ਦੀ ਚਾਹਨਾ ਕਰਨਾ ਗੁਨਾਹ ਹੈ, ਕਿਉਂਕਿ ਜੇ ਤੁਸੀਂ ਚੰਗੇ ਕਰਮ ਕਰਦੇ ਹੋ ਤਾਂ ਲੰਬੀ ਜ਼ਿੰਦਗੀ ਵਿਚ ਹੋਰ ਵੀ ਚੰਗੇ ਅਮਲ ਕਰ ਸਕਦੇ ਹੋ ਤੇ ਜੇ ਗੁਨਾਹਗਾਰ ਹੋ ਤਾਂ ਜੀਵਨ ਵਿਚ ਤੁਸੀਂ ਖੁਦਾ ਤੋਂ ਗੁਨਾਹ ਬਖਸ਼ਵਾ ਵੀ ਸਕਦੇ ਹੋ।[4]

---

1. ਕਰਮੀ ਕਰਮੀ ਹੋਇ ਵਿਚਾਰੁ। ਸਚਾ ਆਪਿ ਸਚਾ ਦਰਬਾਰੁ। (ਜਪੁਜੀ)
2. ਉਹਿ ਜੋ ਜਾਰੇ ਉਹਿ ਜੋ ਗਾਡੇ ਤੇਰੀ ਗਤਿ ਦੁਹੂ ਨ ਪਾਈ। (ਕਬੀਰ ਸੋਰਠਿ)654.
3. T.P.Hughes, Dictionary of Islam, p.79.
4. Ibid.

ਗੁਰੂ ਨਾਨਕ ਨੇ ਵੀ ਆਪਣੀ ਬਾਣੀ ਵਿਚ ਦੱਸਿਆ ਹੈ ਕਿ ਮੌਤ ਹਰੇਕ ਪ੍ਰਾਣੀ ਲਈ ਨਿਸਚਿਤ ਹੈ। ਆਪਣਾ ਆਪਣਾ ਸਮਾਂ ਪੂਰਾ ਕਰਕੇ ਹਰੇਕ ਨੇ ਇਸ ਸੰਸਾਰ ਤੋਂ ਚਲੇ ਜਾਣਾ ਹੈ। ਆਪ ਦਸਦੇ ਹਨ:

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ।
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ। (ਰਾਮਕਲੀ)936

ਅਤੇ

ਮਰਣੁ ਲਿਖਾਇ ਆਏ ਨਹੀ ਰਹਣਾ॥ (ਗਉੜੀ)153

ਗੁਰੂ ਨਾਨਕ ਅਨੁਸਾਰ ਮਨੁੱਖ ਜਨਮ ਵੀ ਪ੍ਰਭੂ ਦੇ ਹੁਕਮ ਨਾਲ ਹੀ ਲੈਂਦਾ ਹੈ ਅਤੇ ਮੌਤ ਵੀ ਪ੍ਰਭੂ ਦੇ ਹੁਕਮ ਨਾਲ ਹੀ ਆਉਂਦੀ ਹੈ:

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥[1]
(ਵਾਰ ਆਸਾ) 472

ਇਸ ਅਟੱਲ ਸਚਾਈ ਨੂੰ ਚੇਤੇ ਰਖ ਕੇ ਕਿ ਇਕ ਦਿਨ ਮੌਤ ਜ਼ਰੂਰੀ ਆਉਣੀ ਹੈ, ਮਨੁੱਖ ਨੂੰ ਜੀਵਨ ਜਿਸ ਪ੍ਰਯੋਜਨ ਲਈ ਮਿਲਦਾ ਹੈ, ਉਸ ਨੂੰ ਪੂਰਿਆਂ ਕਰਨ ਦੇ ਆਹਰ ਵਿਚ ਰਹਿਣਾ ਚਾਹੀਦਾ ਹੈ। ਦਿਨ ਤੋਂ ਬਾਅਦ ਰਾਤ ਅਵੱਸ਼ ਆਉਂਦੀ ਹੈ ਅਤੇ ਫੇਰ ਰਾਤ ਤੋਂ ਬਾਅਦ ਨਵੇਂ ਸੂਰਜ ਦਾ ਪ੍ਰਕਾਸ਼ ਜ਼ਰੂਰ ਹੋਣਾ ਹੈ। ਕੁਦਰਤ ਦਾ ਇਹ ਅਟੱਲ ਨਿਯਮ ਹੈ:

ਜੋ ਆਇਆ ਸੋ ਚਲਸੀ, ਸਭ ਕੋ ਆਈ ਵਾਰੀਐ॥ (ਆਸਾ)457

ਗੁਰੂ ਨਾਨਕ ਅਨੁਸਾਰ ਜੀਵਨ ਇਕ ਖੇਡ ਹੈ। ਖੇਡ ਕਦੇ ਮੁਕਦੀ ਨਹੀਂ। ਹਾਰ ਜਿੱਤ ਨੁਕਟ ਵਿਸਟ ਸਭ ਖੇਡ ਦੀ ਰੋਚਕਤਾ ਹੈ। ਇਹ ਖੇਡ ਵੀ ਐਸੀ ਹੈ ਜੋ ਹਰ ਇਕ ਨੇ ਖੇਡਣੀ ਹੈ, ਹਰ ਇਕ ਨੇ ਇਸ ਖੇਡ ਵਿਚ ਕੁੱਦਣਾ ਹੈ, ਕੋਈ ਕਿਸ ਕਿਸ ਉਤੇ ਚਿੰਤਾ ਕਰੇ:[2]

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ। (ਵਡਹੰਸ)580

ਸੋ ਜੰਮਣ ਮਰਨ ਦੇ ਇਸ ਅਵੱਸ਼ਕ ਨਿਯਮ ਨੂੰ ਨਾ ਪਛਾਣਨ ਅਤੇ ਉਸ ਤੇ ਅਮਲ ਨਾ ਕਰਨ ਵਿਚ ਹੀ ਦੁੱਖ ਹੈ। ਪ੍ਰਭੂ ਦੀ ਮਰਜ਼ੀ ਅਨੁਸਾਰ ਚਲਕੇ ਇਸ ਨਿਯਮ ਨੂੰ ਪਛਾਣਨ ਲਈ ਹੀ ਗੁਰੂ ਨਾਨਕ ਦੀ ਬਾਣੀ ਵਿਚ ਪ੍ਰੇਰਨਾ ਹੈ:

ਐਸਾ ਸਾਚਾ ਤੂੰ ਏਕੋ ਜਾਣੁ॥ ਜੰਮਣੁ ਮਰਣਾ ਹੁਕਮੁ ਪਛਾਣੁ॥
(ਆਸਾ)412

---

1. ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ। (ਵਾਰ ਸਾਰੰਗ ਮ:2)1239.
2. ਡਾ: ਦਲੀਪ ਸਿੰਘ 'ਦੀਪ', ਗੁਰੂ ਨਾਨਕ ਦੀ ਕਵਿਤਾ ਵਿਚ ਮ੍ਰਿਤੂ ਅਤੇ ਅਮਰਜੀਵਨ ਦਾ ਸੰਕਲਪ, 'ਆਲੋਚਨਾ', ਗੁਰੂ ਨਾਨਕ ਅੰਕ, ਪੰਨਾ 226.

ਇਸਲਾਮੀ ਮਤ ਵਿਚ ਇਹ ਵੀ ਵਿਸ਼ਵਾਸ ਹੈ ਕਿ ਮੌਤ ਦਾ ਡਰ ਹਰੇਕ ਨੂੰ ਹੁੰਦਾ ਹੈ। ਜਦੋਂ ਆਇਸ਼ਾ ਸੁਆਲ ਕਰਦੀ ਹੈ ਕਿ ਮੌਤ ਨੂੰ ਕੋਈ ਵੀ ਪਸੰਦ ਨਹੀਂ ਕਰਦਾ ਤਾਂ ਹਜ਼ਰਤ ਮੁਹੰਮਦ ਸਾਹਿਬ ਉੱਤਰ ਦਿੰਦੇ ਹਨ ਕਿ 'ਜਦੋਂ ਰਬ ਵਿਚ ਯਕੀਨ ਰਖਣ ਵਾਲੇ ਦੇ ਨਜ਼ਦੀਕ ਮੌਤ ਆਉਂਦੀ ਹੈ ਤਾਂ ਉਹ ਇਸ ਨੂੰ ਸਭ ਤੋਂ ਵੱਧ ਪਸੰਦ ਕਰਦਾ ਹੈ।[1] ਇਸੇ ਤਰ੍ਹਾਂ ਗੁਰੂ ਨਾਨਕ ਨੇ ਵੀ ਕਿਹਾ ਹੈ ਜਿਨ੍ਹਾਂ ਨੇ ਜੀਵਨ ਵਿਚ ਕੁਕਰਮ ਕੀਤੇ ਹਨ, ਉਨ੍ਹਾਂ ਦੇ ਪਾਪ ਹੀ ਮੌਤ ਦੇ ਰੂਪ ਵਿਚ ਇਨ੍ਹਾਂ ਨੂੰ ਡਰਾਉਂਦੇ ਹਨ:

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥ (ਸਿਰੀ ਰਾਗੁ)84

## ਬਹਿਸ਼ਤ ਅਤੇ ਦੋਜ਼ਖ਼

ਬਹਿਸ਼ਤ ਅਤੇ ਦੋਜ਼ਖ਼ ਹਿੰਦੂਆਂ ਦੇ ਸੁਰਗ ਅਤੇ ਨਰਕ ਦੇ ਸਮਾਨਾਰਥੀ ਸ਼ਬਦ ਹਨ। ਮੁਸਲਮਾਨੀ ਵਿਚਾਰ ਅਨੁਸਾਰ ਜਦ ਅਮਲਾਂ ਦਾ ਲੇਖਾ ਹੋਵੇਗਾ ਤਾਂ ਚੰਗੀਆਂ ਰੂਹਾਂ ਬਹਿਸ਼ਤ ਦੇ ਨਾਨਾ ਪ੍ਰਕਾਰ ਦੇ ਸੁਖ ਭੋਗਣਗੀਆਂ ਅਤੇ ਮੰਦੀਆਂ ਰੂਹਾਂ ਦੋਜ਼ਖ਼ ਦੀ ਅੱਗ ਵਿਚ ਸੜਨਗੀਆਂ। ਨਰਕ-ਸੁਰਗ ਵਾਂਗ ਗੁਰਬਾਣੀ ਵਿਚ ਦੋਜ਼ਖ਼ ਅਤੇ ਬਹਿਸ਼ਤ ਦੀ ਵੱਖਰੀ ਹੋਂਦ ਨਹੀਂ ਮੰਨੀ ਗਈ। ਕਰਮ ਸਿਧਾਂਤ ਅਨੁਸਾਰ ਚੰਗੇ ਮੰਦੇ ਕਰਮਾਂ ਦਾ ਫਲ ਭਵਿਖਤ ਵਿਚ ਮਿਲਦਾ ਹੈ, ਜੋ ਇਸੇ ਲੋਕ ਵਿਚ ਹੀ ਮਿਲ ਜਾਂਦਾ ਹੈ। ਬਹਿਸ਼ਤ ਅਤੇ ਦੋਜ਼ਖ਼ ਦਾ ਅਲੰਕਾਰਿਕ ਚਿਤ੍ਰਨ ਹੀ ਕੀਤਾ ਹੈ। ਬਹਿਸ਼ਤ ਦੀ ਥਾਂ ਗੁਰੂ ਨਾਨਕ ਨੇ ਸ਼ਬਦ ਭਿਸਤ ਲਿਖਿਆ ਹੈ, ਜਿਥੇ ਸੁਖ ਦੀ ਪ੍ਰਾਪਤੀ ਗੱਲਾਂ ਨਾਲ ਨਹੀਂ, ਅਮਲਾਂ ਨਾਲ ਹੋਵੇਗੀ:

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ (ਵਾਰ ਮਾਝ)141

ਬਹਿਸ਼ਤ ਵਾਂਗ ਦੋਜ਼ਖ਼ ਵੀ ਫ਼ਾਰਸੀ ਦਾ ਸ਼ਬਦ ਹੈ। ਇਹ ਉਹ ਥਾਂ ਹੈ ਜਿਥੇ ਕਿ ਇਨਸਾਨ ਨੂੰ ਦੁਖ ਦਿੱਤਾ ਜਾਂਦਾ ਹੈ। ਗੁਰੂ ਨਾਨਕ ਬਾਣੀ ਵਿਚ ਇਸਦਾ ਚਿਤ੍ਰਨ ਇਸ ਤਰ੍ਹਾਂ ਕੀਤਾ ਗਿਆ ਹੈ:

ਭਿਸਤੁ ਦੋਜਕੁ ਮੁਕੇ ਏਵ ਜਾਣੀ। (ਸਿਰੀ ਰਾਗੁ)24

...

ਲੈਂਬਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ। (ਵਾਰ ਆਸਾ)471

ਦੋਜਕੁ ਭਿਸਤੁ ਨਹੀ ਖੈ ਕਾਲਾ।
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ।
(ਮਾਰੂ)1035

---

1. T.P.Hughes, A Dictionary of Islam, p.79.

## ਨਮਾਜ਼

ਮੁਸਲਮਾਨ ਲਈ ਪੰਜ ਇਸਲਾਮੀ ਫ਼ਰਜ਼ ਦੱਸੇ ਗਏ ਹਨ। ਉਹ ਫ਼ਰਜ਼ ਹਨ: ਨਮਾਜ਼, ਜ਼ਕਾਤ, ਰੋਜ਼ਾ, ਹੱਜ ਅਤੇ ਜਹਾਦ। ਸਭ ਤੋਂ ਪਹਿਲਾਂ ਇਹ ਨਮਾਜ਼ ਹੀ ਹਜ਼ਰਤ ਮੁਹੰਮਦ ਸਾਹਿਬ ਤੇ ਨਾਜ਼ਲ ਹੋਈ। ਨਮਾਜ਼ਾਂ ਕੁਰਾਨ ਸ਼ਰੀਫ਼ ਦੀਆਂ ਆਇਤਾਂ ਹਨ। ਇਸਲਾਮ ਵਿਚ ਜਿਥੇ ਹਰ ਇਕ ਮੁਸਲਮਾਨ ਨੂੰ ਖੁਦਾ ਦੇ ਭੇਜੇ ਹੋਏ ਰਸੂਲ ਹਜ਼ਰਤ ਮੁਹੰਮਦ ਤੇ ਈਮਾਨ ਲਿਆਉਣਾ ਜ਼ਰੂਰੀ ਹੈ ਉਥੇ ਰੱਬ ਦੀ ਪ੍ਰਾਪਤੀ[1] ਲਈ ਉਸ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਇਸਲਾਮੀ ਸ਼ਰ੍ਹਾ ਅਨੁਸਾਰ ਦਿਨ ਵਿਚ ਪੰਜ ਵਾਰੀ ਨਮਾਜ਼ ਜ਼ਰੂਰ ਪੜ੍ਹੇ। ਇਹ ਅਰਬੀ ਵਿਚ ਜਿਸ ਤਰ੍ਹਾਂ ਲਿਖੀ ਹੋਈ ਹੈ ਉਸੇ ਤਰ੍ਹਾਂ ਪੜ੍ਹਨੀ ਜਾਇਜ਼ ਹੈ। ਨਮਾਜ਼ ਤੋਂ ਪਹਿਲਾਂ ਜਿਸਮ ਅਤੇ ਬਸਤ੍ਰ ਚੰਗੀ ਤਰ੍ਹਾਂ ਸ਼ੁਧ ਕਰਨੇ ਚਾਹੀਦੇ ਹਨ। ਨਮਾਜ਼ ਪੜ੍ਹਨ ਲਈ ਜ਼ਮੀਨ ਵੀ ਅਪਵਿੱਤ੍ਰ ਨਾ ਹੋਵੇ। ਜੇ ਨਮਾਜ਼ ਮਸਜਿਦ ਵਿਚ ਬਹੁਤਿਆਂ ਨੇ ਇਕੱਠੀ ਪੜ੍ਹਨੀ ਹੋਵੇ ਤਦ ਮਸਜਿਦ ਦੇ ਮੀਨਾਰ ਉਪਰ ਚੜ੍ਹ ਕੇ ਅਜ਼ਾਨ(ਬਾਂਗ) ਦਾ ਦੇਣਾ ਜ਼ਰੂਰੀ ਹੈ ਤਾਂ ਜੋ ਅਜ਼ਾਨ ਸੁਣ ਕੇ ਸਭ ਇਕੱਠੇ ਹੋ ਜਾਣ। ਨਮਾਜ਼ ਪੜ੍ਹਨ ਵੇਲੇ ਜੁੱਤੀ ਦਾ ਉਤਾਰਨਾ ਅਤੇ ਸਿਰ ਦਾ ਕੱਜੇ ਹੋਣਾ ਜ਼ਰੂਰੀ ਹੈ।

ਆਪਣੇ ਸਮੇਂ ਵਿਚ ਗੁਰੂ ਨਾਨਕ ਨੇ ਦੇਖਿਆ ਕਿ ਮੁਸਲਮਾਨ ਨਮਾਜ਼ ਪੜ੍ਹਦੇ ਤਾਂ ਜ਼ਰੂਰ ਸਨ ਪਰ ਉਹ ਇਕ ਰਿਵਾਜੀ ਜਿਹੀ ਗੱਲ ਹੀ ਰਹਿ ਗਈ ਸੀ। ਅਸਲ ਨਮਾਜ਼ ਜੋ ਇਕਾਗਰ ਮਨ ਨਾਲ ਇਕ ਮੁਸਲਮਾਨ ਨੂੰ ਪੜ੍ਹਨੀ ਚਾਹੀਦੀ ਹੈ ਉਹ ਨਹੀਂ ਸਨ ਪੜ੍ਹਦੇ। ਗੁਰੂ ਨਾਨਕ ਸਾਹਿਬ ਨੇ ਪੰਜ ਨਮਾਜ਼ਾਂ ਨੂੰ ਪੰਜ ਸ਼ੁਭ ਗੁਣਾਂ ਲਈ ਅੰਕਿਤ ਕੀਤਾ ਹੈ। ਇਕ ਚੰਗਾ ਮੁਸਲਮਾਨ ਬਣਨ ਲਈ ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਜ਼ਰੂਰੀ ਹੈ:

---

1. ਇਹ ਪੰਜ ਨਮਾਜ਼ਾਂ ਹਨ:
ੳ) ਸਲਾਤੁਲ ਫ਼ਜਰ - ਸੂਰਜ ਚੜ੍ਹਨ ਤੋਂ ਪਹਿਲਾਂ ਪੜ੍ਹੀ ਜਾਂਦੀ
ਅ) ਸਲਾਤੁਲ ਜ਼ੁਹਰ - ਸੂਰਜ ਢਲਣ ਸਮੇਂ ਪੜ੍ਹੀ ਜਾਂਦੀ
ੲ) ਸਲਾਤੁਲ ਅਸਰ - ਤੀਜੇ ਪਹਿਰ ਪੜ੍ਹੀ ਜਾਂਦੀ
ਸ) ਸਲਾਤੁਲ ਮਗ਼ਰਬ - ਸੂਰਜ ਛਿਪਣ ਸਮੇਂ ਪੜ੍ਹੀ ਜਾਂਦੀ
ਹ) ਸਲਾਤੁਲ ਇਸ਼ਾ - ਸੌਣ ਵੇਲੇ ਪੜ੍ਹੀ ਜਾਂਦੀ
ਹਦੀਸ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਖੁਦਾ ਦੇ ਪੇਸ਼ ਹੋ ਕੇ ਜਦ ਸਤਵੇਂ ਅਸਮਾਨੋਂ ਮੁੜੇ ਤਦ ਰਾਹ ਵਿਚ ਛੇਵੇਂ ਆਸਮਾਨ ਉਪਰ ਹਜ਼ਰਤ ਮੂਸਾ ਮਿਲੇ, ਉਨ੍ਹਾਂ ਪੁੱਛਿਆ ਕਿ ਖੁਦਾ ਵਲੋਂ ਤੈਨੂੰ ਕੀ ਹੁਕਮ ਮਿਲਿਆ ਹੈ ਤਾਂ ਮੁਹੰਮਦ ਸਾਹਿਬ ਨੇ ਆਖਿਆ ਕਿ ਪੰਜਾਹ ਵੇਲੇ ਨਮਾਜ਼ ਪੜ੍ਹਨ ਦਾ। ਮੂਸਾ ਨੇ ਕਿਹਾ ਕਿ ਤੇਰੀ ਉਮਤ ਨੇ ਕਦੇ ਤਾਮੀਲ ਨਹੀਂ ਕਰਨੀ। ਮੈਂ ਆਪਣੀ ਉਮਤ ਨੂੰ ਉਪਦੇਸ਼ ਦੇ ਕੇ ਥਕ ਗਿਆ ਸੀ, ਪਰ ਉਸ ਤੋਂ ਅਮਲ ਨਹੀਂ ਹੋ ਸਕਿਆ, ਜਾ ਮੁੜ ਕੇ ਖੁਦਾ ਤੋਂ ਫੇਰ ਪੁੱਛ। ਜਦ ਨਬੀ ਨੇ ਖੁਦਾ ਨੂੰ ਇਹ ਮਜਬੂਰੀ ਦੱਸੀ, ਤਦ ਖੁਦਾ ਨੇ ਘਟਾਉਂਦੇ ਘਟਾਉਂਦੇ ਪੰਜ ਵੇਲੇ ਨਮਾਜ਼ ਮੁਕੱਰਰ ਕੀਤੀ।
(ਗੁਰੂ ਨਾਨਕ ਸ਼ਬਦ ਰਤਨਾਕਰ) ਪੰਨਾ 227.

ਪੰਜ ਨਿਵਾਜਾਂ ਵਖਤਿ ਪੰਜਿ ਪੰਜਾਂ ਪੰਜੇ ਨਾਉ॥
ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਯਤ ਰਾਸਿ ਮਨ ਪੰਜਵੀ ਸਿਫਤਿ ਸੁਨਾਇ॥
ਕਰਣੀ ਕਲਮਾਂ ਆਖਿ ਕੈ ਤਾਂ ਮੁਸਲਮਾਨ ਸਦਾਇ॥ (ਵਾਰ ਮਾਝ)141

ਨਮਾਜ਼ ਪੜ੍ਹਨ ਤੋਂ ਪਹਿਲਾਂ ਕੂੰਜੇ ਜਾਂ ਲੋਟੇ ਵਿਚੋਂ ਪਾਣੀ ਲੈ ਕੇ ਮੂੰਹ ਧੋਤਾ ਜਾਂਦਾ ਹੈ। ਮੁਸੱਲੇ(ਫੂਹੜੀ) ਤੇ ਬੈਠ ਕੇ ਨਮਾਜ਼ ਪੜ੍ਹੀ ਜਾਂਦੀ ਹੈ। ਲੋਕਾਂ ਨੂੰ ਇਕੱਠਿਆਂ ਕਰਨ ਲਈ ਬਾਂਗ (ਅਜ਼ਾਨ) ਦਿੱਤੀ ਜਾਂਦੀ ਹੈ। ਇਸਦਾ ਚਿਤਰਨ ਵੀ ਗੁਰੂ ਸਾਹਿਬ ਨੇ ਕੀਤਾ ਹੈ:

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥ (ਬਸੰਤ)1191

<u>ਦਾਰੂਦ</u>

ਨਮਾਜ਼ ਤੋਂ ਪਿਛੋਂ ਜਿਹੜੀ ਦੁਆ ਕੀਤੀ ਜਾਂਦੀ ਹੈ,ਉਸ ਨੂੰ ਦਾਰੂਦ ਕਹਿੰਦੇ ਹਨ। ਇਸ ਦਾ ਵਰਣਨ ਵੀ ਗੁਰੂ ਨਾਨਕ ਬਾਣੀ ਵਿਚ ਹੈ:

ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ॥ (ਸਿਰੀ ਰਾਗ)53

<u>ਜ਼ਕਾਤ(ਜ਼ੁਕਾਤ)</u>

ਜ਼ਕਾਤ ਦੂਜਾ ਇਸਲਾਮੀ ਫ਼ਰਜ਼ ਹੈ। ਜ਼ਕਾਤ(ਅਰਬੀ) ਦੇ ਸ਼ਾਬਦਿਕ ਅਰਥ ਹਨ - ਸ਼ੁਧੀ,ਪਵਿੱਤ੍ਰਤਾ। ਆਪਣੇ ਧਨ ਮਾਲ ਵਿਚੋਂ ਜੋ ਹਿੱਸਾ ਕੱਢਿਆ ਜਾਂਦਾ ਹੈ ਉਸ ਨੂੰ ਜ਼ਕਾਤ ਕਹਿੰਦੇ ਹਨ। ਜ਼ਕਾਤ ਇਸ ਲਈ ਹੋ ਗਿਆ ਕਿ ਉਸ ਭਾਗ ਦੇ ਦੇਣ ਨਾਲ ਧਨ ਮਾਲ ਪਵਿੱਤਰ ਹੋ ਜਾਂਦਾ ਹੈ। ਕੁਰਾਨ ਵਿਚ ਜ਼ਕਾਤ ਦੇਣਾ ਧਾਰਮਿਕ ਨਿਯਮ ਹੈ। ਇਸਲਾਮ ਵਿਚ ਹਰ ਇਕ ਮਾਲ ਤੇ ਵੱਖ ਵੱਖ ਜ਼ਕਾਤ ਦੇਣ ਦਾ ਆਦੇਸ਼ ਹੈ। ਜ਼ਕਾਤ ਦਾ ਮਾਲ ਕਿਹੜੇ ਕਿਹੜੇ ਲੋਕਾਂ ਲਈ ਖਰਚ ਕੀਤਾ ਜਾਣਾ ਹੈ, ਇਸਦਾ ਵੇਰਵਾ ਵੀ ਦਿੱਤਾ ਗਿਆ ਹੈ। ਬਾਅਦ ਵਿਚ ਇਹ ਸ਼ਬਦ ਜਜ਼ੀਆ ਜਾਂ ਮਸੂਲ ਦੇ ਅਰਥਾਂ ਵਿਚ ਵੀ ਵਰਤਿਆ ਗਿਆ।[1] ਗੁਰਬਾਣੀ ਵਿਚ 'ਜਕਾਤਿ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਗੁਰੂ ਨਾਨਕ ਅਨੁਸਾਰ 'ਘਾਲਿ ਖਾਇ ਕਿਛੁ ਹਥਹੁ ਦੇਹਿ' ਅਰਥਾਤ ਕਿਰਤ ਕਰਕੇ ਪ੍ਰਾਪਤ ਕੀਤੇ ਮਾਲ ਧਨ ਵਿਚੋਂ ਲੋੜਵੰਦਾਂ ਲਈ ਦੇਣਾ ਸੱਚਾ ਜਾਂ ਸ਼ੁੱਧ ਸੌਦਾ ਹੈ, ਜੋ ਜ਼ਕਾਤ ਦੀ ਭਾਵਨਾ ਨੂੰ ਹੀ ਪ੍ਰਗਟਾਉਂਦਾ ਹੈ। ਸਿੱਖੀ ਲਈ 'ਦਸਵੰਧ' ਦੇਣਾ ਵੀ ਜ਼ਕਾਤ ਵਾਂਗ ਧਰਮ ਸਮਝਿਆ ਜਾਂਦਾ ਹੈ।

<u>ਰੋਜ਼ੇ</u>

ਇਸਲਾਮ ਅਨੁਸਾਰ ਰੋਜ਼ੇ ਰਖਣਾ ਤੀਜਾ ਫ਼ਰਜ਼ ਹੈ। ਇਹ ਹਿੰਦੂਆਂ ਦੇ ਵਰਤ ਸਮਾਨ ਹੈ। ਜਿਵੇਂ ਹਿੰਦੂਆਂ ਵਿਚ ਵੱਖ ਵੱਖ ਸਮੇਂ ਵੱਖ ਵੱਖ ਵਰਤ ਰਖਣੇ ਜ਼ਰੂਰੀ ਸਮਝੇ ਜਾਂਦੇ ਹਨ,

---

1. ਵਿਸਥਾਰ ਲਈ ਵੇਖੋ,ਮਹਾਨ ਕੋਸ਼ ਅਤੇ ਏ ਡਿਕਸ਼ਨਰੀ ਆਫ਼ ਇਸਲਾਮ.

ਮੁਸਲਮਾਨਾਂ ਵਿਚ ਵੀ ਇਸਦੀ ਅਦੁੱਤੀਅਤਾ ਸਮਝੀ ਗਈ ਹੈ। ਇਸਲਾਮੀ ਸ਼ਰ੍ਹਾਂ ਅਨੁਸਾਰ ਰਮਜ਼ਾਨ ਦੇ ਮਹੀਨੇ ਵਿਚ 30 ਦਿਨ ਰੋਜ਼ੇ ਰਖਣੇ ਜ਼ਰੂਰੀ ਹਨ। ਇਸ ਮਹੀਨੇ ਵਿਚ ਬਹਿਸ਼ਤ (ਸਵਰਗ) ਦੇ ਦਰਵਾਜ਼ੇ ਖੁਲ੍ਹੇ ਰਹਿੰਦੇ ਮੰਨੇ ਗਏ ਹਨ। ਕਹਿੰਦੇ ਹਨ ਸ਼ੈਤਾਨ ਇਨ੍ਹਾਂ ਦਿਨਾਂ ਵਿਚ ਕੈਦ ਹੁੰਦਾ ਹੈ ਅਤੇ ਰੋਜ਼ੇ ਰਖਣ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ। ਇਨ੍ਹਾਂ ਤੋਂ ਬਿਨਾਂ ਮੁਹੱਰਮ ਦੇ ਦਸਵੇਂ ਦਿਨ ਈਦਲਫ਼ਿਤਰ ਪਿਛੋਂ ਛੇ ਦਿਨ ਵੀ ਰੋਜ਼ੇ (ਵਰਤ) ਰਖੇ ਜਾਂਦੇ ਹਨ। ਰੋਜ਼ਿਆਂ ਵਿਚ ਨਹਾਨਾਂ, ਥੁਕਣਾਂ, ਨਿੰਦਾ ਕਰਨੀ ਮਨ੍ਹਾਂ ਹੈ। ਈਦ ਵਾਲੇ ਦਿਨ ਰੋਜ਼ੇ ਮੁੱਕਦੇ ਹਨ ਤੇ ਈਦ ਚੰਨ ਵੇਖ ਕੇ ਮਨਾਈ ਜਾਂਦੀ ਹੈ।

ਜਿਥੋਂ ਤਕ ਰੋਜ਼ਿਆਂ (ਵਰਤਾਂ) ਦਾ ਸੰਬੰਧ ਹੈ, ਗੁਰੂ ਨਾਨਕ ਸਪਸ਼ਟ ਰੂਪ ਵਿਚ ਕਹਿੰਦੇ ਹਨ ਕਿ ਭੁੱਖਿਆਂ ਰਹਿਣ ਨਾਲ ਰੱਬ ਦੀ ਪ੍ਰਾਪਤੀ ਨਹੀਂ ਹੁੰਦੀ:

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ। ਬਿਨੁ ਗੁਰ ਗਿਆਨ ਤ੍ਰਿਪਤਿ ਨਹਿ ਥੀਜੈ॥[1]
(ਰਾਮਕਲੀ) 905

ਰੋਜ਼ਾ ਸ਼ਬਦ ਦਾ ਉਲੇਖ ਵੀ ਕੀਤਾ ਹੈ, ਪਰ ਸਦਾਚਾਰ ਦੇ ਅਰਥ ਵਿਚ। ਮੁਸਲਮਾਨ ਨੂੰ ਸੀਲ ਸੰਜਮ ਰੂਪੀ ਰੋਜ਼ਾ ਰਖਣਾ ਚਾਹੀਦਾ ਹੈ:

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ (ਵਾਰ ਮਾਝ) 140

## ਹੱਜ

ਹੱਜ ਮੁਸਲਮਾਨ ਦਾ ਚੌਥਾ ਫ਼ਰਜ਼ ਹੈ। ਕਾਬੇ (ਮੱਕੇ) ਦੀ ਯਾਤਰਾ ਕਰਨ ਨੂੰ ਇਸਲਾਮ ਵਿਚ ਹੱਜ ਕਿਹਾ ਜਾਂਦਾ ਹੈ। ਇਹ ਹਿਜਰੀ ਸਾਲ ਦੇ ਬਾਰਵੇਂ ਮਹੀਨੇ ਵਿਚ, ਜਿਸ ਨੂੰ 'ਜ਼ੁਲਹੱਜ' ਕਿਹਾ ਜਾਂਦਾ ਹੈ, ਕਰਦੇ ਹਨ। ਹੱਜ ਨੂੰ ਇਸਲਾਮੀ ਸ਼ਰ੍ਹਾਂ ਅਨੁਸਾਰ 'ਰੱਬੀ ਸੰਸਥਾ' ਕਿਹਾ ਗਿਆ ਹੈ। ਹਰ ਮੁਸਲਮਾਨ ਲਈ ਜੀਵਨ ਵਿਚ ਇਕ ਵਾਰੀ ਹੱਜ ਕਰਨਾ ਜ਼ਰੂਰੀ ਹੈ। ਹਾਜੀ ਮੱਕੇ ਦੇ ਨੇੜੇ ਪਹੁੰਚ ਕੇ ਸਿਰਫ਼ ਦੋ ਚਾਦਰਾਂ ਹੀ ਰਖਦਾ ਹੈ। ਫਿਰ ਉਹ ਮੱਕੇ ਪੁੱਜ ਕੇ ਇਸ਼ਨਾਨ ਕਰਨ ਉਪਰੰਤ ਕਾਬੇ ਦੀਆਂ ਸੱਤ ਪਰਕਰਮਾਂ ਕਰਦਾ ਹੈ ਅਤੇ 'ਸੰਗੇ ਅਸਵਦ' (ਪਵਿੱਤ੍ਰ ਪੱਥਰ) ਨੂੰ ਚੁੰਮਦਾ ਹੈ। 'ਚਾਹਿ ਜ਼ਮਜ਼ਮ (ਗੰਗਾ ਦੀ ਤਰ੍ਹਾਂ ਜਿਸ ਦਾ ਜਲ ਪਵਿੱਤ੍ਰ ਤੇ ਅੰਮ੍ਰਿਤ ਦੇਣ ਵਾਲਾ ਮੰਨਿਆ ਗਿਆ ਹੈ) ਤੋਂ ਪਾਣੀ ਮੰਗਾ ਕੇ ਪੀਂਦਾ ਹੈ।

---

1. ਹੋਰ ਵੇਖੋ ਅਧਿਆਇ ਚੌਥਾ, ਸਿਰਲੇਖ ਕਰਮ ਕਾਂਡ

ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਹਿੰਦੂ ਤੀਰਥ ਯਾਤਰਾ ਵਾਂਗ ਇਸ ਰਵਾਜੀ ਕਰਮ ਤੇ ਵੀ ਟਿੱਪਣੀ ਕੀਤੀ ਹੈ ਕਿ ਮਨ ਦੀ ਪਵਿੱਤ੍ਰਤਾ ਤੋਂ ਬਿਨਾਂ ਅਤੇ ਇਕ ਰੱਬ ਨੂੰ ਯਾਦ ਕਰਨ ਤੋਂ ਇਲਾਵਾ 'ਹੱਜ' ਕਰਨ ਦਾ ਕੋਈ ਲਾਭ ਨਹੀਂ।[1] ਦਿਲ ਨੂੰ ਸੋਧਣ ਵਾਲਾ ਹੀ ਅਸਲ ਹਾਜੀ ਹੈ।[2] ਗੁਰੂ ਨਾਨਕ ਬਾਣੀ ਵਿਚ 'ਹਾਜੀ' ਦਾ ਉਲੇਖ ਇਕ ਸ਼ਬਦ ਵਿਚ ਮਿਲਦਾ ਹੈ:

ਨਾ ਕੋ ਮੁਲਾ ਨਾ ਕੋ ਕਾਜੀ। ਨਾ ਕੋ ਸੇਖੁ ਮਸਾਇਕੁ ਹਾਜੀ।
(ਮਾਰੂ ਸੋਲਹੇ) 1036

## ਜਹਾਦ

ਕੁਰਾਨ ਅਨੁਸਾਰ ਜਹਾਦ ਪੰਜਵਾਂ ਫਰਜ਼ ਹੈ। ਜਹਾਦ (ਅਰਬੀ) ਦੇ ਸ਼ਾਬਦਿਕ ਅਰਥ ਹਨ - ਯਤਨ, ਕੋਸ਼ਿਸ਼। ਕੁਰਾਨ ਵਿਚ ਇਸ ਤੋਂ ਭਾਵ ਹੈ ਵਿਧਰਮੀਆਂ ਨਾਲ ਜੰਗ, ਕਾਫਰਾਂ ਨਾਲ ਧਰਮ ਯੁੱਧ।[3] ਧਰਮ ਯੁੱਧ ਦਾ ਸੰਕਲਪ ਗੁਰੂ ਗੋਬਿੰਦ ਸਿੰਘ ਨੇ ਵੀ ਦਿੱਤਾ ਹੈ। ਗੁਰੂ ਨਾਨਕ ਨੇ ਵਿਚਾਰ ਪੱਖ ਤੋਂ ਅਸਤਿ ਜਾਂ ਅਧਰਮ ਦਾ ਤਕੜਾ ਵਿਰੋਧ ਕੀਤਾ ਹੈ। ਉਨ੍ਹਾਂ ਅਨੁਸਾਰ ਧਰਮ 'ਸਤਿ' ਹੈ। ਸਤਿ-ਵਿਰੋਧੀਆਂ ਦਾ ਟਾਕਰਾ ਕਰਨਾ ਇਨਸਾਨੀ ਫਰਜ਼ ਹੈ।

## ਜੁਮਾ (ਸ਼ੁਕਰਵਾਰ)

ਜੁਮਾ ਤੋਂ ਭਾਵ ਹੈ ਇਕੱਤਰ ਹੋਣ ਦਾ ਦਿਨ। ਇਸਲਾਮ ਵਿਚ ਇਹ ਦਿਨ ਬਹੁਤ ਹੀ ਪਵਿੱਤ੍ਰ ਮੰਨਿਆ ਗਿਆ ਹੈ। ਇਹ ਉਹ ਦਿਨ ਹੈ ਜਿਸ ਦਿਨ ਖੁਦਾ ਬਾਬਾ ਆਦਮ ਨੂੰ ਬਹਿਸ਼ਤ ਦੇ ਬਾਗ ਵਿਚ ਲੈ ਗਿਆ ਸੀ। ਇਹ ਵੀ ਕਹਿੰਦੇ ਹਨ ਕਿ ਇਸੇ ਦਿਨ ਹੀ ਕਬਰਾਂ ਵਿਚੋਂ ਜਾਗੀਆਂ ਰੂਹਾਂ ਦਾ ਹਿਸਾਬ ਹੋ ਕੇ ਫੈਸਲੇ ਹੋਣਗੇ। ਮਿਸ਼ਕਾਤ ਵਿਚ ਲਿਖਿਆ ਹੈ ਕਿ ਜੋ ਜੁਮੇ ਦੇ ਦਿਨ ਦੁਪਹਿਰ ਦੀ ਨਮਾਜ਼ ਵੇਲੇ ਇਕ ਮਨ ਹੋ ਕੇ ਖੁਤਬਾ (ਇਸਲਾਮ ਵਲੋਂ ਉਪਦੇਸ਼) ਸੁਣਦਾ ਹੈ ਉਸ ਦੇ ਹਫ਼ਤੇ ਦੇ ਪਾਪ ਨਸ਼ਟ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦਾ ਕਿਸੇ ਮਿਥ ਵਿਚ ਵਿਸ਼ਵਾਸ ਨਹੀਂ ਹੈ ਨਾ ਹੀ ਉਨ੍ਹਾਂ ਦੇ ਮੱਤ ਵਿਚ ਕੋਈ ਦਿਨ ਪਵਿੱਤ੍ਰ ਹੈ। ਹਰ ਸਮਾਂ ਸ਼ੁਭ ਤੇ ਪਵਿੱਤ੍ਰ ਹੈ ਜਿਸ ਵੇਲੇ ਪ੍ਰਭੂ ਨਾਲ ਮਨ ਜੁੜ ਜਾਵੇ।[4]

## ਮੁਸਲਮਾਨ ਲਈ ਹੋਰ ਵਿਧਾਨ (ਮਰਿਯਾਦਾ):

ਹਿੰਦੂਆਂ ਦੇ ਕਰਮ ਕਾਂਡ ਵਾਂਗ ਇਕ ਮੁਸਲਮਾਨ ਲਈ ਹੇਠ ਦਿੱਤੇ ਕੁਝ ਹੋਰ ਵਿਧਾਨ ਵੀ ਅਵੱਸ਼ਕ ਮੰਨੇ ਗਏ ਹਨ:

---

1. ਹਜ ਕਾਬੈ ਜਾਉ ਨ ਤੀਰਥ ਪੂਜਾ। ਏਕੋ ਸੇਵੀ ਅਵਰੁ ਨ ਦੂਜਾ ।। (ਗੁਰੂ ਅਰਜਨ)
2. ਜੋ ਦਿਲੁ ਸੋਧੈ ਸੋਈ ਹਾਜੀ।। (ਮਾਰੂ ਮ:5) 1084.
3. ਮਹਾਨ ਕੋਸ਼
4. ਸਭੇ ਵਖਤ ਸਭੇ ਕਰਿ ਵੇਲਾ। ਖਾਲਕੁ ਯਾਦਿ ਦਿਲੈ ਮਹਿ ਮਉਲਾ।।
(ਮਾਰੂ ਮ:5) 1084.

[illegible]

**ਸੁੰਨਤ:** ਸੁੰਨਤ ਅਰਬੀ ਦੇ ਸ਼ਬਦ ਦਾ ਅਰਥ ਰਹਿਤ ਮਰਿਯਾਦਾ ਹੈ। ਹਜ਼ਰਤ ਮੁਹੰਮਦ ਸਾਹਿਬ ਵਲੋਂ ਮੁਸਲਮਾਨਾਂ ਲਈ ਜੋ ਕਰਮ ਵਿਧਾਨ ਕੀਤੇ ਗਏ ਹਨ ਉਹ 'ਸੁੰਨਤ' ਹਨ। ਪਰ ਸੁੰਨਤ ਦਾ ਵਿਸ਼ੇਸ਼ ਅਰਥ 'ਖ਼ਤਨਾ' ਕਰਨਾ ਲਿਆ ਜਾਂਦਾ ਹੈ। ਭਾਵੇਂ ਇਸ ਦਾ ਜ਼ਿਕਰ ਕੁਰਾਨ ਵਿਚ ਵੀ ਨਹੀਂ ਕਿਉਂਕਿ ਇਹ ਮਰਿਯਾਦਾ ਪਹਿਲਾਂ ਯਹੂਦੀਆਂ ਅਤੇ ਈਸਾਈਆਂ ਵਿਚ ਵੀ ਚਲਦੀ ਸੀ ਇਸੇ ਲਈ ਇਸ ਨੂੰ ਮੁਸਲਮਾਨਾਂ ਵਲੋਂ ਅਪਣਾ ਲਿਆ ਗਿਆ।[1]

**ਕਲਮਾ:** ਕਲਮਾ ਮੁਸਲਮਾਨਾਂ ਦਾ ਮੁੱਖ ਮੰਤਰ ਹੈ - ਲਾਹ ਇਲੱਲਾਹ ਇਲੱਲਾਹ ਮੁਹੰਮਦਰਸੂਲੱਲਾਹ। ਅਰਥਾਤ ਰੱਬ ਤੋਂ ਬਿਨਾਂ ਹੋਰ ਕੋਈ ਪੂਜਣਯੋਗ ਨਹੀਂ। ਮੁਹੰਮਦ ਉਸਦਾ ਭੇਜਿਆ ਹੋਇਆ ਪੈਗੰਬਰ ਹੈ। ਕਲਮੇ ਦਾ ਹਰ ਮੁਸਲਮਾਨ ਹਿੰਦੂ ਵਾਂਗ ਜਾਪ ਕਰਦਾ ਹੈ।

**ਤਸਬੀ:** ਤਸਬੀ ਦਾ ਸ਼ਬਦਿਕ ਅਰਥ ਪਵਿੱਤਰ ਪਰਮੇਸ਼ਰ ਦਾ ਜਾਪ ਕਰਨਾ ਹੈ। ਮੁਸਲਮਾਨ ਦਰਵੇਸ਼ ਸੌ ਮਣਕਿਆਂ ਦੀ ਮਾਲਾ ਰਖਦੇ ਤੇ ਉਸ ਨਾਲ ਰੱਬੀ ਨਾਮ ਦਾ ਸਿਮਰਨ ਕਰਦੇ ਸਨ। ਇਸ ਲਈ ਉਸ ਨੂੰ ਤਸਬੀ ਕਿਹਾ ਜਾਣ ਲੱਗਾ। ਇਹ ਵੀ ਕਿਹਾ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਮਾਲਾ ਨਹੀਂ ਸੀ ਰਖਦੇ, ਪਿਛੋਂ ਜਾ ਕੇ ਭਾਰਤੀ ਸਾਧੂਆਂ ਦੀ ਸੰਗਤ ਸਦਕਾ ਮੁਸਲਮਾਨ ਫ਼ਕੀਰ ਮਾਲਾ ਰਖਣ ਲਗ ਪਏ ਸਨ।[2]

ਗੁਰੂ ਨਾਨਕ ਦੇਵ ਜੀ ਨੇ ਉਕਤ ਵਿਚਾਰਾਂ ਦਾ ਉਲੇਖ ਸਦਾਚਾਰਕ ਦ੍ਰਿਸ਼ਟੀ ਤੋਂ ਕੀਤਾ ਹੈ। ਨੇਕ ਕਮਾਈ ਨੂੰ ਕੁਰਾਨ, ਲੱਜਾ ਦੀ ਸੁੰਨਤ, ਬਖ਼ਸ਼ਿਸ਼ ਦੇ ਕੰਮਾਂ ਨੂੰ ਕਲਮਾ ਅਤੇ ਖੁਦੀ ਦੀ ਰਜ਼ਾ ਨੂੰ ਤਸਬੀ ਕਿਹਾ ਹੈ:

ਮਿਹਰ ਮਸੀਤਿ ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ। (ਵਾਰ ਮਾਝ)140

**ਕੁਫ਼ਰ**

ਮੁਸਲਮਾਨਾਂ ਦੇ ਕੁਫ਼ਰ ਅਤੇ ਕਾਫ਼ਰ ਸ਼ਬਦਾਂ ਦਾ ਵਰਣਨ ਵੀ ਕੀਤਾ ਹੈ। ਕੁਫ਼ਰ(ਅਰਬੀ) ਤੋਂ ਭਾਵ ਹੈ ਸੱਚ ਨੂੰ ਛੁਪਾਣ ਦਾ ਕਰਮ ਅਤੇ ਕਾਫ਼ਰ ਹੈ ਨਾਸਤਕ। ਗੁਰੂ ਨਾਨਕ ਅਨੁਸਾਰ ਮੁਸਲਮਾਨ ਆਪ ਹੀ ਕੁਫ਼ਰ ਤੋਲਣ ਵਾਲਾ ਨਾਸਤਕ ਸੀ ਕਿਉਂਕਿ ਉਹ ਕਹਿੰਦਾ ਹੈ ਕਿ ਹਿੰਦੂਆਂ ਵਿਚ ਰੱਬ ਨਹੀਂ:

ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ।
ਕੁਫ਼ਰ ਹੋਆ ਕੁਫ਼ਰਾਣੈ ਪਇਆ ਦਝਸੀ। (ਵਾਰ ਮਾਝ)142

---

1. ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 79.
2. ਉਹੀ, ਪੰਨਾ 188.

ਇਕ ਚੰਗੇ ਮੁਸਲਮਾਨ ਲਈ ਗੁਰੂ ਸਾਹਿਬ ਨੇ ਕਈ ਗੁਣ ਦੱਸੇ ਹਨ, ਜਿਨ੍ਹਾਂ ਦਾ ਵੱਖ ਵੱਖ ਸ਼ਬਦਾਂ ਵਿਚ ਉਲੇਖ ਹੋਇਆ ਹੈ। ਉਦਾਹਰਣ ਵਜੋਂ ਇਹ ਸ਼ਬਦ ਪ੍ਰਸਤੁਤ ਹੈ।[1]

ਮੁਸਲਮਾਣੁ ਕਹਾਵਣੁ ਮੁਸਕਲ ਜਾ ਹੋਇ ਤਾਂ ਮੁਸਲਮਾਣੁ ਕਹਾਵੈ।
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤਾਂ ਮੁਸਲਮਾਣੁ ਕਹਾਵੈ।
(ਮਾਝ ਕੀ ਵਾਰ)141

<u>ਨੇਕ ਅਮਲ</u>

ਇਸਲਾਮ ਵਿਚ ਨੇਕ ਅਮਲਾਂ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਨੇਕ ਅਮਲਾਂ ਨਾਲ ਹੀ ਜੰਨਤ ਨਸੀਬ ਹੁੰਦੀ ਹੈ। ਭਾਵੇਂ ਉਸ ਸਮੇਂ ਦਾ ਮੁਸਲਮਾਨ ਇਸ ਆਸ਼ੇ ਤੋਂ ਦੂਰ ਜਾ ਚੁੱਕਾ ਸੀ। ਗੁਰੂ ਨਾਨਕ ਬਾਣੀ ਵਿਚ ਸ਼ੁਭ ਕਰਮਾਂ ਤੇ ਵਿਸ਼ੇਸ਼ ਤੌਰ ਤੇ ਬਲ ਦਿੱਤਾ ਗਿਆ ਹੈ। ਕਰਮਾਂ ਦਾ ਫਲ ਚੰਗੇ ਜਾਂ ਨੇ ਅਵੱਸ਼ ਮਿਲਦਾ ਹੈ।[2] ਆਪ ਮੁਸਲਮਾਨ ਨੂੰ ਵੀ ਉਸਦੇ ਧਰਮ ਅਨੁਸਾਰ ਅਹਿਸਾਸ ਕਰਾਂਦੇ ਹਨ:

ਕਰਣੀ ਬਾਝਹੁ ਭਿਸਤਿ ਨ ਪਾਇ। (ਵਾਰ ਰਾਮਕਲੀ)952

<u>ਹਲਾਲ</u>

ਹਲਾਲ(ਅਰਬੀ) ਦਾ ਅਰਥ ਹੈ ਜਾਇਜ਼ ਜਾਂ ਠੀਕ। ਇਸਲਾਮੀ ਸ਼ਰ੍ਹਾਂ ਅਨੁਸਾਰ ਆਇਤਾਂ ਪੜ੍ਹ ਕੇ ਛੁਰੀ ਨਾਲ ਮਾਰੇ ਜਾਨਵਰ ਦਾ ਮਾਸ ਹਲਾਲ ਅਖਵਾਉਂਦਾ ਹੈ ਅਤੇ ਬਾਕੀ ਸਭ ਹਰਾਮ। ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਵੀ ਸਦਾਚਾਰਕ ਆਸ਼ੇ ਲਈ ਵਰਤਿਆ ਹੈ। ਉਨ੍ਹਾਂ ਅਨੁਸਾਰ ਹਲਾਲ ਹੈ ਸੱਚ ਦੀ ਛੁਰੀ ਨਾਲ ਲੋਭ ਦਾ ਲਹੂ ਨਚੋੜਨਾ:

ਤਿਸਦਾ ਕੁਠਾ ਹੋਵੈ ਸੇਖੁ। ਲੋਹੂ ਲਬੁ ਨਿਕਥਾ ਵੇਖੁ।
ਹੋਇ ਹਲਾਲੁ ਲਗੈ ਹਕਿ ਜਾਇ। ਨਾਨਕ ਦਰਿ ਦੀਦਾਰਿ ਸਮਾਇ।
(ਵਾਰ ਰਾਮਕਲੀ)956

ਸੂਰ ਮੁਸਲਮਾਨਾਂ ਦਾ ਪਵਿੱਤਰ ਜਾਨਵਰ ਹੈ, ਜਿਵੇਂ ਹਿੰਦੂਆਂ ਦਾ ਗਾਂ। ਮੁਸਲਮਾਨ ਸੂਰ ਦਾ ਮਾਸ ਖਾਣਾ ਹਰਾਮ ਅਤੇ ਗਾਂ ਦਾ ਹਲਾਲ ਸਮਝਦੇ ਹਨ। ਗੁਰੂ ਨਾਨਕ ਨੇ ਪਰਾਏ ਹੱਕ ਦਾ ਖਾਣਾ ਹਰਾਮ ਕਿਹਾ ਹੈ। ਕੁਕਰਮ ਦਾ ਹਰਾਮ ਹਲਾਲ ਨਹੀਂ ਹੋ ਸਕਦਾ:

---

1. ਹੋਰ ਵੇਖੋ ਰਾਗ ਧਨਾਸਰੀ/662, ਵਾਰ ਆਸਾ/465, ਵਾਰ ਰਾਮਕਲੀ/951
2. ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ। (ਵਾਰ ਆਸਾ)472.

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।
...
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ। (ਵਾਰ ਮਾਝ)141

<u>ਚੋਰੀ ਯਾਰੀ</u>

ਚੋਰੀ ਯਾਰੀ ਇਸਲਾਮ ਵਿਚ ਵਿਵਰਜਤ ਹੈ। ਗੁਰੂ ਨਾਨਕ ਨੇ ਵੀ ਇਸ ਨੂੰ ਅਨੈਤਕ ਕਰਮ ਜਾਂ ਪਾਪ ਕਿਹਾ ਹੈ। ਇਹ ਕਰਮ ਇਨਸਾਨੀ ਆਚਰਨ ਨੂੰ ਨੀਵਾਂ ਕਰਦੇ ਹਨ। ਅਜਿਹੇ ਕੁਕਰਮ ਕਰਨ ਵਾਲਿਆਂ ਲਈ ਭਵਿਖਤ ਦੀ ਤਾੜਨਾ ਇਸ ਤਰ੍ਹਾਂ ਕੀਤੀ ਹੈ:

ਚੋਰ ਜਾਰ ਜੂਆਰ ਪੀੜੇ ਘਾਣੀਐ। (ਵਾਰ ਮਲਾਰ)1288

ਚੋਰੀ ਅਤੇ ਵਿਭਚਾਰੀ ਦਾ ਅਧਿਕਤਰ ਨਿਖੇਧ ਕੀਤਾ ਹੈ:

ਚੋਰੁ ਸਲਾਹੇ ਚੀਤੁ ਨ ਭੀਜੈ। ਜੇ ਬਦੀ ਕਰੇ ਤਾ ਤਸੂ ਨ ਛੀਜੈ।
(ਧਨਾਸਰੀ)662

ਚੋਰ ਕੀ ਹਾਮਾ ਭਰੇ ਨ ਕੋਇ, ਚੋਰ ਕੀਆ ਚੰਗਾ ਕਿਉ ਹੋਇ।
(ਧਨਾਸਰੀ)662

ਇਹ ਲੋਕ ਸ਼ੈਤਾਨ ਦੇ ਵਸ ਵਿਚ ਹੁੰਦੇ ਹਨ:

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ। ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ।
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸ਼ੈਤਾਨ।
(ਵਾਰ ਸੂਹੀ)790

<u>ਸਹਿਨਸ਼ੀਲਤਾ</u>

ਹਜ਼ਰਤ ਮੁਹੰਮਦ ਨੇ ਸਹਿਨਸ਼ੀਲਤਾ ਤੇ ਵੀ ਜ਼ੋਰ ਦਿੱਤਾ ਹੈ। ਉਸਦੇ ਸਮੇਂ ਤਕ ਅਤੇ ਉਸ ਤੋਂ ਪਿਛੋਂ ਵੀ ਕਾਫ਼ੀ ਸਮੇਂ ਤਕ ਉਸਦੇ ਵਾਰਸਾਂ ਨੇ ਸਹਿਨਸ਼ੀਲਤਾ ਦੇ ਗੁਣ ਵੀ ਪ੍ਰਭੂ ਪ੍ਰਾਪਤੀ ਦੇ ਸਾਧਨ ਦੱਸੇ ਹਨ।[1] ਗੁਰੂ ਨਾਨਕ ਨੇ ਵੀ ਕਿਹਾ ਹੈ ਕਿ ਦਇਆ ਦੇ ਨਾਲ ਸਹਿਨਸ਼ੀਲਤਾ ਰੂਪੀ ਗੁਣ ਵੀ ਮਨੁੱਖ ਲਈ ਅਤਿ ਆਵੱਸ਼ਕ ਹਨ। ਜਦੋਂ ਇਹ ਗੁਣ ਆ ਜਾਂਦੇ ਹਨ ਤਾਂ ਕਿਸੇ ਕਿਸਮ ਦਾ ਦੁੱਖ ਨਹੀਂ ਪਹੁੰਚਦਾ:

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ। ਰੋਗ ਨ ਬਿਆਪੈ ਨ ਜਮ ਦੋਖੰ।
(ਗਉੜੀ)223

---

1. K.L. Seshagiri Rao, Islam, p. VIII

ਹੁਕਮ, ਰਜ਼ਾ, ਭਾਣਾ

'ਹੁਕਮ' (ਅਰਬੀ) ਤੋਂ ਭਾਵ ਹੈ ਆਗਿਆ, ਖ਼ੁਦਾ ਪੈਗੰਬਰ, ਹਾਕਮ ਜਾਂ ਜੱਜ ਦਾ ਫ਼ੈਸਲਾ। ਕੁਰਾਨ ਵਿਚ ਇਹ ਸ਼ਬਦ ਕਈ ਅਰਥਾਂ ਵਿਚ ਵਰਤਿਆ ਗਿਆ ਹੈ। ਹੁਕਮ ਹੈ ਰੱਬ ਦੀ ਆਗਿਆ ਜਾਂ ਉਸਦਾ ਫ਼ੈਸਲਾ।ਜੋ ਹਰ ਬਾਲਗ ਮੁਸਲਮਾਨ ਦੇ ਜੀਵਨ ਤੇ ਆਚਰਨ ਸੰਬੰਧੀ ਦਿੱਤਾ ਹੈ। ਰੱਬ ਦੀ ਆਗਿਆ ਹੈ ਕਿ ਕੇਵਲ ਉਸੇ ਦੀ ਪਰਸਤਸ਼(ਪੂਜਾ) ਕਰੋ। ਹੁਕਮ ਦਾ ਸੰਬੰਧ ਰੱਬ ਦੀ ਉਸ ਆਗਿਆ ਨਾਲ ਹੈ ਜੋ ਮੁਸਲਮਾਨ ਦੇ ਜੀਵਨ ਅਤੇ ਸਦਾਚਾਰ ਨਾਲ ਸੰਬੰਧ ਰਖਦੀ ਹੈ।[1] ਬਾਣੀ ਵਿਚ ਹੁਕਮ 'ਰੱਬੀ ਵਿਧਾਨ' (Divine constitution), ਰੱਬ ਦੀ ਇੱਛਾ ਜਾਂ ਮਰਜ਼ੀ (Divine Will) ਅਤੇ ਰੱਬੀ ਆਗਿਆ (Divine order) ਅਤੇ ਸਿਰਜਣ ਸ਼ਕਤੀ (Creating power) ਦੇ ਅਰਥਾਂ ਵਿਚ ਵਰਤਿਆ ਹੈ। ਡਾ:ਮੈਕਲੋਡ ਅਨੁਸਾਰ ਸ਼ਬਦ, ਨਾਮ ਅਤੇ ਗੁਰੂ ਮਨੁੱਖੀ ਮੁਕਤੀ ਲਈ 'ਰੱਬੀ ਸੰਚਾਰ' ਹਨ ਅਤੇ ਤਿੰਨਾਂ ਵਿਚ ਬੁਨਿਆਦੀ ਸਾਂਝ ਹੈ। ਫਿਰ ਵੀ ਮੁਢਲਾ ਸੁਆਲ ਹੈ ਕਿ ਇਹ ਸਤਿ ਮਨੁੱਖ ਕਿਵੇਂ ਪ੍ਰਾਪਤ ਕਰ ਸਕਦਾ ਹੈ। ਇਸਦਾ ਉੱਤਰ ਚੌਥੇ ਸ਼ਬਦ 'ਹੁਕਮ' ਵਿਚ ਮਿਲਦਾ ਹੈ।[2] ਪ੍ਰਸ਼ਨ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।

ਉੱਤਰ ਹੈ

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ। (ਜਪੁਜੀ)

'ਲਿਖਿਆ ਨਾਲਿ' ਤੋਂ ਇਹ ਪ੍ਰਗਟ ਹੁੰਦਾ ਹੈ ਕਿ ਮਨੁੱਖ ਦੀ ਹੋਂਦ ਨਾਲ ਹੀ ਰੱਬੀ ਹੁਕਮ ਉਸਦੇ ਅੰਦਰ ਵਿਦਮਾਨ ਹੈ। ਫਿਰ ਦੂਜੀ ਪਉੜੀ ਵਿਚ ਦੱਸਿਆ ਹੈ ਕਿ ਹੁਕਮ ਦਾ ਪਸਾਰਾ ਰੱਬ ਦੀ ਸਾਰੀ ਰਚਨਾ ਵਿਚ ਹੈ। ਰੱਬ ਦਾ ਹੁਕਮ ਸ੍ਰਿਸ਼ਟੀ ਦੀ ਬਣਤਰ, ਇਹਦੇ ਜੀਵਾਂ ਦੀ ਸਰੀਰਕ ਅਤੇ ਆਤਮਕ ਉਸਾਰੀ ਅਤੇ ਉਨ੍ਹਾਂ ਦੀ ਗਤੀ ਬਣਾਉਣ ਵਿਚ ਕੰਮ ਕਰਦਾ ਆਇਆ ਹੈ।[3]

ਇਸਲਾਮੀ ਸ਼ਬਦ 'ਕੁੰਨ' ਵੀ 'ਹੁਕਮ' ਦਾ ਲਖਾਇਕ ਹੈ। 'ਕੁੰਨ' ਕਹਿਣ ਨਾਲ ਸਾਰੀ ਰਚਨਾ ਹੋ ਗਈ। ਜਪੁਜੀ ਵਿਚ 'ਕਵਾਉ' ਵੀ ਇਸੇ ਭਾਵ ਦਾ ਵਾਚਕ ਹੈ। ਰੱਬੀ ਹੁਕਮ ਨਾਲ ਹੀ ਸਭ ਕੁਝ ਹੋਂਦ ਵਿਚ ਆਇਆ ਹੈ।

ਦੂਜੀ ਪਉੜੀ ਦੇ ਅੰਤ ਵਿਚ ਵਿਚਾਰ ਹੈ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।

---

1. T.P.Hughes, A Dictionary of Islam, p.184.
2. Guru Nanak and the Sikh Religions, p.200.
3. ਸ਼ਬਦਾਰਥ, ਪੰਨਾ 1(ਫੁਟ ਨੋਟ)

ਸਾਰੀ ਸ੍ਰਿਸ਼ਟੀ ਹੀ ਰੱਬੀ ਵਿਧਾਨ ਅਧੀਨ ਕ੍ਰਿਆਸ਼ੀਲ ਹੈ। ਜਿਸ ਮਨੁੱਖ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਸਭ ਕੁਝ ਖੁਦਾ ਦੀ ਮਰਜ਼ੀ ਅਨੁਸਾਰ ਹੋਣਾ ਹੈ ਉਹ ਉਸ ਅਹੰਕਾਰ ਤੋਂ ਦੂਰ ਰਹਿੰਦਾ ਹੈ, ਜੋ ਜੀਵ ਅਤੇ ਪਰਮਾਤਮਾ ਵਿਚਕਾਰ ਕੰਧ ਬਣਦੀ ਹੈ। ਰੱਬ ਦੀ ਦਰਗਾਹ ਵਿਚ ਉਹੋ ਹੀ ਪਰਵਾਨ ਹੋ ਸਕਦਾ ਹੈ ਜੋ ਉਸਦੇ ਹੁਕਮ ਨੂੰ ਮੰਨਦਾ ਹੈ ਅਥਵਾ ਉਸਦੀ ਰਜ਼ਾ ਵਿਚ ਰਹਿੰਦਾ ਹੈ:

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ।
ਤਾ ਦਰਗਹ ਪੈਧਾ ਜਾਇਸੀ। (ਵਾਰ ਆਸਾ)471

ਗੁਰੂ ਨਾਨਕ ਬਾਣੀ ਵਿਚ ਇਹ ਵੀ ਦੱਸਿਆ ਹੈ ਕਿ ਹੁਕਮੀ ਜਾਂ ਹਾਕਮ(ਪਰਮਾਤਮਾ) ਵਲ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾ ਵੀ ਉਸਦਾ 'ਹੁਕਮ' ਵਰਤਮਾਨ ਸੀ:

ਅਰਬਦ ਨਰਬਦ ਧੁੰਧੂਕਾਰਾ ਧਰਣਿ ਨ ਗਗਨ ਹੁਕਮੁ ਅਪਾਰਾ।
(ਮਾਰੂ)1035

ਰੱਬ ਬੇਅੰਤ ਹੈ,ਉਸਦਾ ਹੁਕਮ ਵੀ ਸੀਮਾਬਧ ਨਹੀਂ ਹੋ ਸਕਦਾ। ਰੱਬ ਕੀ ਤੇ ਕੈਸਾ ਹੈ? ਕੋਈ ਪੂਰਨ ਤੌਰ ਤੇ ਕਹਿ ਨਹੀਂ ਸਕਦਾ। ਉਸਦੇ ਵਿਧਾਨ ਬਾਰੇ ਵੀ ਫਿਰ ਕੋਈ ਕਿਵੇਂ ਕਹਿ ਸਕਦਾ ਹੈ। ਅਸੀਮ ਦਾ ਵਿਧਾਨ ਵੀ ਅਸੀਮ ਹੈ। ਗੁਰੂ ਨਾਨਕ ਦਾ ਕਥਨ ਹੈ:

ਹੁਕਮੁ ਨ ਕਹਿਆ ਜਾਈ। (ਜਪੁਜੀ)

ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ।
ਜੇ ਸਉ ਸਾਇਰ ਮੇਲੀਅਹਿ ਤਿਲ ਨ ਪੁਜਾਵਹਿ ਰੋਇ।
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ।
(ਸਿਰੀ,ਅਸ਼ਟਪਦੀ)53.

ਰੱਬੀ ਇੱਛਾ ਜਾਂ ਰਜ਼ਾ ਦਾ ਵਿਚਾਰ ਵੀ ਦ੍ਰਿੜ੍ਹ ਕਰਾਇਆ ਹੈ। ਜਪੁਜੀ ਵਿਚ ਇਹ ਪੰਕਤੀ ਚਾਰ ਵਾਰੀ ਦੁਹਰਾਈ ਗਈ ਹੈ:

ਜੋ ਤੁਧੁ ਭਾਵੈ ਸਾਈ ਭਲੀਕਾਰ। (ਜਪੁਜੀ)

ਰੱਬੀ ਹੁਕਮ ਨੂੰ ਸਮਝਣਾ ਸੌਖਾ ਨਹੀਂ। ਇਸ ਦੀ ਸੋਝੀ ਲਈ ਸੱਚੇ ਜਾਂ ਕਾਮਲ ਗੁਰੂ ਦੀ ਆਵੱਸ਼ਕਤਾ ਹੈ:

ਸਾਚੇ ਗੁਰ ਤੇ ਹੁਕਮੁ ਪਛਾਣੈ। (ਆਸਾ)414

ਹੁਕਮ ਅਤੇ ਰਜ਼ਾ ਤੋਂ ਬਿਨਾ 'ਭਾਣਾ' ਸ਼ਬਦ ਵੀ ਵਰਤਿਆ ਹੈ। ਇਸ ਦਾ ਅਰਥ ਵੀ 'ਕਰਤਾਰ ਦੀ ਰਜ਼ਾ' ਕੀਤਾ ਗਿਆ ਹੈ।[1] ਕੁਝ ਪੰਕਤੀਆਂ ਨਿਮਨ ਲਿਖਤ ਹਨ:

---

1. ਗੁਰਮਤ ਮਾਰਤੰਡ,ਭਾਗ ਦੂਜਾ,ਪੰਨਾ 738.

ਬੰਦਿ ਖਲਾਸੀ ਭਾਣੈ ਹੋਇ। ਹੋਰੁ ਆਖਿ ਨ ਸਕੈ ਕੋਇ। (ਜਪੁਜੀ)

...

ਜੋ ਤੁਧੁ ਭਾਵੈ ਸਾਈ ਭਲੀਕਾਰ। (ਜਪੁਜੀ)

...

ਜਿਨਾ ਭਾਣੇ ਕਾ ਰਸੁ ਆਇਆ ਤਿਨ ਵਿਚਹੁ ਭਰਮੁ ਚੁਕਾਇਆ।
(ਸਿਰੀ ਰਾਗ)12

ਕਰਮ ਫ਼ਜ਼ਲ

ਗੁਰੂ ਨਾਨਕ ਬਾਣੀ ਵਿਚ ਅਰਬੀ ਦੇ 'ਕਰਮ' ਸ਼ਬਦ ਦੀ ਜੋ ਵਰਤੋਂ ਹੋਈ ਹੈ, ਉਸ ਤੋਂ ਭਾਵ ਹੈ ਮਿਹਰ, ਬਖਸ਼ਿਸ਼, ਕ੍ਰਿਪਾ, ਦਇਆ। ਕਰਮ ਕਰਨ ਵਾਲੇ (ਕ੍ਰਿਪਾਲੂ) ਨੂੰ 'ਕਰੀਮ' ਕਿਹਾ ਜਾਂਦਾ ਹੈ। ਅੱਲਾਹ ਲਈ ਕਰੀਮ ਸ਼ਬਦ ਕੁਰਾਨ ਵਿਚ ਅਨੇਕ ਥਾਂ ਉਤੇ ਵਰਤਿਆ ਗਿਆ ਹੈ, ਪਰ 'ਕਰਮ' ਸ਼ਬਦ ਦੀ ਵਰਤੋਂ ਉਪਰੋਕਤ ਅਰਥਾਂ ਵਿਚ ਕੁਰਾਨ ਵਿਚ ਨਹੀਂ ਹੋਈ।[1] ਇਸਲਾਮ ਦੇ ਪਰਵਰਤੀ ਧਾਰਮਿਕ ਸਾਹਿਤ ਵਿਚ ਇਸ ਦਾ ਪ੍ਰਯੋਗ ਆਮ ਮਿਲਦਾ ਹੈ। ਗੁਰੂ ਨਾਨਕ ਬਾਣੀ ਵਿਚ ਕਰਮ ਅਤੇ ਨਦਰ (ਨਜ਼ਰ) ਦਾ ਮਹੱਤਵ ਪੂਰਣ ਸੰਕਲਪ ਹੈ। ਕੁਝ ਪੰਕਤੀਆਂ ਵਿਚ ਇਸ ਤਰ੍ਹਾਂ ਕਿਹਾ ਹੈ:

1. ਜਿਨ ਕਉ ਨਦਰਿ ਕਰਮੁ ਤਿਨ ਕਾਰ। ਨਾਨਕ ਨਦਰੀ ਨਦਰਿ ਨਿਹਾਲ। (ਜਪੁਜੀ)
2. ਨਦਰ ਪ੍ਰਭੂ ਤੇ ਛੁਟੀਐ ਨਦਰੀ ਮੇਲਿ ਮਿਲਾਇ ਜੀਉ। (ਸੂਹੀ)751

ਕਰਾਮਾਤ

ਕਰਾਮਾਤ (ਅਰਬੀ) ਤੋਂ ਭਾਵ ਹੈ ਚਮਤਕਾਰ ਜਾਂ ਅਲੌਕਿਕ ਗੱਲਾਂ। ਇਹ ਕਰਾਮਤ ਦਾ ਬਹੁਵਚਨ ਹੈ। ਕਰਾਮਾਤ ਜੋਗੀਆਂ ਦੀਆਂ ਸਿੱਧੀਆਂ ਦਾ ਸਮਾਨਾਰਥਕ ਹੈ। ਇਸਲਾਮ ਵਿਚ ਕਰਾਮਾਤ ਤੇ ਵਿਸ਼ੇਸ਼ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ। ਕਿਸੇ ਪੀਰ ਪੈਗੰਬਰ ਦੀ ਵਡਿਆਈ ਕਰਾਮਾਤ ਕਰਕੇ ਮੰਨੀ ਜਾਂਦੀ ਹੈ। ਕੁਰਾਨ ਵਿਚ ਹਜ਼ਰਤ ਮੁਹੰਮਦ ਸਾਹਿਬ ਨਾਲ ਕਈ ਕਰਾਮਾਤਾਂ ਸੰਬੰਧਿਤ ਕੀਤੀਆਂ ਜਾਂਦੀਆਂ ਹਨ। ਗੁਰੂ ਨਾਨਕ ਦੇ ਸਮੇਂ ਜੋਗੀ ਅਤੇ ਮੁਸਲਮਾਨ ਕਰਾਮਾਤ ਵਿਖਾਵੇ ਦੇ ਭਰਮ ਵਿਚ ਹੀ ਪਏ ਹੋਏ ਸਨ। ਭਾਈ ਗੁਰਦਾਸ ਅਨੁਸਾਰ:

ਤੰਤ ਮੰਤ ਰਸਾਇਣਾਂ ਕਰਾਮਾਤ ਕਾਲਖ ਲਪਟਾਏ। (ਵਾਰ 1/19)

ਗੁਰਮਤ ਵਿਚ ਸਿਧੀਆਂ ਅਤੇ ਕਰਾਮਾਤਾਂ ਦਾ ਤਕੜਾ ਵਿਰੋਧ ਹੈ।[2] ਗੁਰੂ ਨਾਨਕ ਬਾਣੀ ਵਿਚ ਕਰਾਮਾਤ ਸ਼ਬਦ ਨਹੀਂ ਵਰਤਿਆ ਗਿਆ ਪਰ ਸਿਧੀਆਂ ਜੋ ਇਸੇ ਭਾਵ ਦੀਆਂ ਲਖਾਇਕ

---

1. ਡਾ: ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 347.
2. ਗੁਰੂ ਅਮਰਦਾਸ ਜੀ ਲਿਖਦੇ ਹਨ: ਧ੍ਰਿਗੁ ਸਿਧੀ, ਧ੍ਰਿਗੁ ਕਰਾਮਾਤ। (ਵਾਰ ਸੋਰਠਿ)650.

ਹਨ, ਨੂੰ ਫੋਕਾ ਸ਼ਬਦ ਕਿਹਾ ਹੈ।[1]

**ਸੰਸਕਾਰ**

**ਜਨਮ ਸੰਸਕਾਰ:** ਕੁਰਾਨ ਵਿਚ ਜਨਮ ਸੰਸਕਾਰ ਬਾਰੇ ਕੁਝ ਨਹੀਂ ਕਿਹਾ ਗਿਆ, ਪਰ ਮੁਸਲਮਾਨਾਂ ਵਿਚ ਬੱਚੇ ਦੇ ਜਨਮ ਸਮੇਂ ਦੀ ਰੀਤੀ ਪ੍ਰਚਲਤ ਹੈ, ਜੋ ਹਿੰਦੂਆਂ ਦੇ ਰਵਾਜ ਨਾਲ ਕਾਫ਼ੀ ਮੇਲ ਖਾਂਦੀ ਹੈ। ਹਿੰਦੂ ਮੰਤਰ ਵਾਂਗ ਨਵ-ਜਨਮੇ ਬੱਚੇ ਦੇ ਕੰਨ ਵਿਚ ਅਜ਼ਾਨ(ਸ਼ਬਦ) ਕੂਕਣਾ, ਸਤਵੇਂ ਦਿਨ ਮੁੰਡੇ ਲਈ ਦੋ ਬੱਕਰਿਆਂ ਦੀ ਅਤੇ ਕੁੜੀ ਲਈ ਇਕ ਬੱਕਰੇ ਦੀ ਕੁਰਬਾਨੀ ਦੇਣੀ, ਬੱਚੇ ਦੀ ਮਾਂ ਨੂੰ ਚਾਲੀ ਦਿਨਾਂ ਪਿਛੋਂ ਹੀ ਅੰਦਰ ਬਾਹਰ ਜਾਣ ਦੇਣਾ ਮੁਸਲਮਾਨੀ ਸੰਸਕਾਰ ਹਨ। ਗੁਰੂ ਨਾਨਕ ਬਾਣੀ ਵਿਚ ਤੰਤਰ ਮੰਤਰ, ਕੁਰਬਾਨੀ ਅਤੇ ਸੂਤਕ ਦਾ ਵਿਰੋਧ ਕੀਤਾ ਗਿਆ ਹੈ।[2]

**ਨਿਕਾਹ(ਵਿਆਹ)**

ਨਿਕਾਹ(ਅਰਬੀ) ਤੋਂ ਭਾਵ ਹੈ ਇਸਤ੍ਰੀ ਪੁਰਖ ਦਾ ਸੰਗ। ਮੁਸਲਮਾਨੀ ਰੀਤੀ ਅਨੁਸਾਰ ਨਿਕਾਹ ਲਈ ਇਕ ਪਾਸਿਉਂ ਅਰਜ਼ੀ ਦਿੱਤੀ ਜਾਂਦੀ ਹੈ, ਦੂਜੇ ਪਾਸਿਉਂ ਪਰਵਾਨਗੀ ਮਿਲਣ ਤੇ ਦੋ ਗਵਾਹਾਂ ਦੇ ਸਾਹਮਣੇ, ਜੋ ਬਾਲਗ ਅਤੇ ਮੁਸਲਮਾਨ ਹੋਣ, ਨਿਕਾਹ ਪੱਕਾ ਕੀਤਾ ਜਾਂਦਾ ਹੈ। ਇਸ ਰਸਮ ਵਿਚ ਪਤੀ ਵਲੋਂ ਆਪਣੀ ਇਸਤ੍ਰੀ ਨੂੰ ਮਹਰ(ਇਸਤ੍ਰੀ ਧਨ) ਦੇਣ ਦੀ ਪ੍ਰਤਿਗਿਆ ਕੀਤੀ ਜਾਂਦੀ ਹੈ, ਜਿਸਦੀ ਤਾਦਾਦ ਲਾੜੀ ਦੇ ਰੂਪ, ਗੁਣ, ਕੁਲ ਅਤੇ ਲਾੜੇ ਦੀ ਹੈਸੀਅਤ ਦਾ ਧਿਆਨ ਰਖ ਕੇ ਕੀਤੀ ਜਾਂਦੀ ਹੈ। 'ਮਹਰ' ਵੱਧ ਤੋਂ ਵੱਧ ਭਾਵੇਂ ਕਿੰਨਾ ਹੋਵੇ ਪਰ ਦਸ ਦਿਰਹਮ(24 ਰੱਤੀ ਚਾਂਦੀ ਦਾ ਸਿੱਕਾ) ਤੋਂ ਘਟ ਨਹੀਂ ਹੋਣਾ ਚਾਹੀਦਾ।[3] ਨਕਾਹ ਦੀ ਰਸਮ ਕੇਵਲ ਕਾਜ਼ੀ ਹੀ ਪੜ੍ਹਾ ਸਕਦਾ ਹੈ। ਲੜਕੀ ਲੜਕੇ ਦੇ ਹੱਥਾਂ ਪੈਰਾਂ ਨੂੰ ਮਹਿੰਦੀ ਵੀ ਲਗਾਈ ਜਾਂਦੀ ਹੈ। ਸਿਹਰੇ ਬੰਨ੍ਹਣ ਦਾ ਰਿਵਾਜ ਵੀ ਹੈ।

ਗੁਰਬਾਣੀ ਵਿਚ ਨਿਕਾਹ ਸ਼ਬਦ ਦਾ ਉਲੇਖ ਨਹੀਂ ਹੈ। ਇਸਤ੍ਰੀ ਪੁਰਖ ਦੇ ਵਿਆਹ ਸੰਬੰਧਾਂ ਨੂੰ ਆਤਮਾ-ਪਰਮਾਤਮਾ ਦੇ ਸੰਜੋਗ ਲਈ ਬਿੰਬਾਤਮਕ ਤੌਰ ਤੇ ਵਰਤਿਆ ਗਿਆ ਹੈ।[4] ਪਰਵਿਰਤੀ ਮਾਰਗ ਦੇ ਵਿਸ਼ਵਾਸ ਕਰਕੇ ਸ਼ਾਦੀ ਦੀ ਆਵੱਸ਼ਕਤਾ ਮੰਨੀ ਗਈ ਹੈ।

**ਮਰਨੋਪਰਾਂਤ**

ਮੁਸਲਮਾਨਾਂ ਵਿਚ ਮੌਤ ਤੋਂ ਬਾਅਦ ਸਰੀਰ ਨੂੰ ਕਬਰ ਵਿਚ ਦਫ਼ਨਾਇਆ ਜਾਂਦਾ ਹੈ। ਸਾੜਨਾ ਅਧਰਮ ਹੈ। ਵੱਡੇ ਜਾਂ ਕਰਨੀ ਵਾਲੇ ਲੋਕਾਂ ਦੀਆਂ ਖ਼ਾਨਗਾਹਾਂ ਜਾਂ ਮਕਬਰੇ ਬਣਾਏ ਜਾਂਦੇ

---

1. ਵੇਖੋ ਅਧਿਆਇ ਚੌਥਾ -ਜੋਗ ਮਤ
2. ਵੇਖੋ ਅਧਿਆਇ ਚੌਥਾ
3. ਮਹਾਨ ਕੋਸ਼
4. ਵੇਖੋ ਅਧਿਆਇ ਚੌਥਾ.

ਹਨ। ਪੀਰਾਂ ਦੀਆਂ ਖਾਨਗਾਹਾਂ ਤੇ ਜਾ ਕੇ ਦੀਵੇ ਜਗਾਏ ਜਾਂਦੇ ਹਨ। ਸੁਖਨਾਂ ਸੁੱਖੀਆਂ ਜਾਂ ਮਨੌਤਾਂ ਮੰਨੀਆਂ ਜਾਂਦੀਆਂ ਹਨ। ਗੁਰੂ ਸਾਹਿਬ ਦੀ ਸਰੀਰ ਦੇ ਨਿਪਟਾਰੇ ਲਈ ਕੋਈ ਹਠ ਧਰਮੀ ਨਹੀਂ ਹੈ। ਸਵਰਗ ਨਾਲ ਦੋਜ਼ਖ ਦੀ ਪਰਾਪਤੀ ਦਾ ਵਿਚਾਰ ਬੇਬੁਨਿਆਦ ਸਿੱਧ ਕੀਤਾ ਹੈ।[1]

ਜਾਤ ਪਾਤ

ਮੁਸਲਮਾਨੀ ਸ਼ੁਰੂ ਵਿਚ ਜਾਤ ਪਾਤ ਦਾ ਵਿਚਾਰ ਨਹੀਂ। ਸਾਰੇ ਇਕ ਥਾਂ ਤੋਂ ਬਣਾਏ ਹੋਣ ਕਰਕੇ ਭਰਾਤਰੀ ਭਾਵਨਾ ਹੋਣੀ ਜ਼ਰੂਰੀ ਹੈ ਪਰ ਸਮਾਜਿਕ ਵਿਕਾਸ ਵਿਚ ਸਮਾਂ ਪਾ ਕੇ ਜਾਤ ਪਾਤ ਦੀ ਕਟੜਤਾ ਹਿੰਦੂਆਂ ਦੀ ਤਰ੍ਹਾਂ ਮੁਸਲਮਾਨਾਂ ਵਿਚ ਵੀ ਆ ਗਈ। ਤੁਰਕੀ, ਅਰਬੀ, ਅਫ਼ਗਾਨੀ ਅਤੇ ਪਾਰਸੀਆਂ ਦੀ ਔਲਾਦ ਕੁਲੀਨ ਜਾਂ ਉੱਚੀ ਜਾਤੀ ਵਾਲੀ ਮੰਨੀ ਜਾਂਦੀ ਸੀ ਅਤੇ ਆਦਿਵਾਸੀ ਜੋ ਹਿੰਦੂਆਂ ਤੋਂ ਮੁਸਲਮਾਨ ਬਣੇ ਸਨ, ਨੀਵੇਂ ਸਮਝੇ ਜਾਂਦੇ ਸਨ। ਜੋ ਉੱਚਾਂ ਕਹਿਲਾਉਣਾ ਚਾਹੁੰਦੇ ਸਨ, ਵੱਡੇ ਵੱਡੇ ਨਾਂ ਆਪਣੇ ਨਾਲ ਜੋੜ ਲੈਂਦੇ ਸਨ ਜਿਹਾ ਕਿ ਕੁਰੈਸ਼ੀ, ਗਜ਼ਨਵੀ, ਮੌਲਵੀ, ਮੁਲਾਣਾ ਆਦਿ।[2] ਪ੍ਰੋ: ਮੁਜੀਬ ਅਨੁਸਾਰ ਬੇਸ਼ਕ ਇਸਲਾਮ ਬਰਾਬਰੀ ਦੇ ਭਾਈਚਾਰੇ ਦਾ ਸਮਰਥਕ ਹੈ ਪਰ ਭਾਰਤ ਵਿਚਲੇ ਇਸਲਾਮੀ ਭਾਈਚਾਰੇ ਵਿਚ ਇਹ ਬਰਾਬਰੀ ਨਜ਼ਰ ਨਹੀਂ ਆਉਂਦੀ। ਜਾਤ ਅਤੇ ਨਸਲ ਦੇ ਅਨੇਕਾਂ ਵਿਤਕਰੇ, ਖਾਸ ਤੌਰ ਪੁਰ ਮੱਧ ਏਸ਼ੀਆ ਦੇ ਤੁਰਕਾਂ ਅਤੇ ਤਾਜਿਕਾਂ, ਪਠਾਣਾਂ ਅਤੇ ਭਾਰਤੀ ਮੁਸਲਮਾਨਾਂ ਦੇ ਵਿਤਕਰੇ ਪ੍ਰਚਲਤ ਸਨ। ਸਯਦਾਂ ਨੂੰ ਹੋਰ ਸਾਰਿਆਂ ਨਾਲੋਂ ਉੱਤਮ ਕਿਹਾ ਜਾਂਦਾ ਸੀ, ਭਾਵੇਂ ਉਹ ਇਸਦੇ ਯੋਗ ਹੋਣ ਭਾਵੇਂ ਨਾ। ਇਸਲਾਮ ਦਾ ਗਣਤੰਤਰਵਾਦੀ ਨਾਅਰਾ 'ਅਸਲਾਮ ਅਲੈਕਮ' ਵੀ ਬਰਾਬਰੀ ਦੇ ਦਰਜਿਆਂ ਵਿਚ ਹੀ ਪ੍ਰਚਲਤ ਸੀ। ਇਸਦਾ ਪ੍ਰਯੋਗ ਦਰਬਾਰ ਵਿਚ ਨਹੀਂ ਸੀ ਕੀਤਾ ਜਾਂਦਾ। ਕੁਰਾਨ ਦੇ ਹੁਕਮ ਦਾ ਹਵਾਲਾ ਦੇ ਕੇ ਬਰਾਬਰੀ ਉਪਰ ਜ਼ੋਰ ਦੇਣ ਦੀ ਤਾਕੀਦ ਕਰਨ ਵਾਲੇ ਮੌਲਵੀਆਂ ਨੂੰ ਰਾਜ ਦਰਬਾਰ ਦੀ ਕ੍ਰੋਪੀ ਦਾ ਫਲ ਭੁਗਤਣਾ ਪੈਂਦਾ ਸੀ।[3] ਗੁਰੂ ਨਾਨਕ ਮੱਤ ਵਿਚ ਜਾਤ ਪਾਤ ਦੀ ਸਖ਼ਤ ਵਿਰੋਧਤਾ ਕੀਤੀ ਗਈ ਹੈ।[4]

ਖੁਰਾਕ

ਮੁਸਲਮਾਨਾਂ ਵਿਚ ਖਾਣ ਪੀਣ ਤੇ ਕੋਈ ਵਿਸ਼ੇਸ਼ ਪਾਬੰਦੀ ਨਹੀਂ। ਮੁਸਲਮਾਨ ਗੋਸ਼ਤਖੋਰ ਹੀ। ਕੇਵਲ ਸੂਰ ਦਾ ਮਾਸ ਅਤੇ ਹਲਾਲ-ਵਿਧੀ ਨਾਲ ਤਿਆਰ ਨਾ ਕੀਤਾ ਹੋਇਆ ਮਾਸ ਖਾਣਾ ਹੀ ਵਿਵਰਜਤ ਹੈ। ਕਲਮਾਂ ਪੜ੍ਹਦਿਆਂ ਹੋਇਆਂ ਜਦੋਂ ਬੱਕਰੇ ਦੀ ਗਰਦਨ ਤੇ ਛੁਰੀ ਚਲਾਈ ਜਾਂਦੀ ਹੈ ਅਤੇ ਖੂਨ ਵਗਣ ਲਗ ਪੈਂਦਾ ਹੈ ਤਾਂ ਉਸਦੇ ਮਾਸ ਨੂੰ ਹਲਾਲ ਕਿਹਾ ਜਾਂਦਾ ਹੈ।

---

1. ਇਸਦੀ ਵਿਚਾਰ ਪਹਿਲਾਂ ਰੂਹ ਦੇ ਸੰਕਲਪ ਵਿਚ ਕੀਤੀ ਗਈ ਹੈ।
2. Gurbachan Singh Talib, The Impact of Guru Gobind Singh On Indian Society, p. 88-89.
3. ਗੁਰੂ ਨਾਨਕ- ਜੀਵਨ, ਯੁਗ ਅਤੇ ਉਪਦੇਸ਼, ਪੰਨਾ 149-50.
4. ਵੇਖੋ ਅਧਿਆਇ ਚੌਥਾ, ਜਾਤ ਪਾਤ

ਗੁਰਬਾਣੀ ਵਿਚ ਇਸ ਤਰ੍ਹਾਂ ਦੇ ਵਿਵਹਾਰ ਨੂੰ ਨਿਰਦਇਤਾ ਮੰਨਿਆ ਜਾਂਦਾ ਹੈ ਤੇ ਨਾਲ ਹੀ ਮੁਸਲਮਾਨ ਦੇ ਲਈ ਹਲਾਲੀ ਦਾ ਆਦਰਸ਼ ਰੂਪ ਵੀ ਪ੍ਰਸਤੁਤ ਕੀਤਾ ਹੈ।[1] ਆਪ ਲਿਖਦੇ ਹਨ:

ਅਭਾਖਿਆ ਕਾ ਕੂਠਾ ਬਕਰਾ ਖਾਣਾ ਚਉਕੇ ਉਪਰ ਕਿਸੈ ਨ ਜਾਣਾ।
(ਆਸਾ ਦੀ ਵਾਰ)472

ਗੁਰੂ ਨਾਨਕ ਅਨੁਸਾਰ ਅੰਨ ਖਾਣਾ ਜ਼ਰੂਰੀ ਹੈ ਕਿਉਂਕਿ ਅੰਨ ਨਾ ਖਾਣ ਵਾਲੇ ਸ਼ਕਤੀਹੀਣੇ ਹੋ ਜਾਏ ਹਨ ਅਤੇ ਸਰੀਰ ਦਾ ਸਵਾਦ ਵੀ ਨਹੀਂ ਰਹਿੰਦਾ। ਪਰ ਅਜਿਹੀ ਖੁਰਾਕ ਤੋਂ ਪਰਹੇਜ਼ ਦੱਸਿਆ ਹੈ, ਜਿਸ ਨਾਲ ਕਿ ਮਨ ਅਸ਼ੁਧ ਹੋਵੇ ਅਤੇ ਰੱਬ ਦੀ ਬੰਦਗੀ ਨਾ ਹੋ ਸਕੇ।[2]

ਮੁਸਲਮਾਨੀ ਸ਼ਰ੍ਹਾ ਅਨੁਸਾਰ ਸ਼ਰਾਬ ਪੀਣ ਦੀ ਮਨਾਹੀ ਹੈ। ਸ਼ਰਾਬ ਪੀਣ ਵਾਲਾ ਦੋਜ਼ਖ਼ ਦਾ ਅਧਿਕਾਰੀ ਹੈ। ਗੁਰਬਾਣੀ ਵਿਚ ਵੀ ਹਰ ਪ੍ਰਕਾਰ ਦੇ ਝੂਠੇ ਨਸ਼ੇ ਦਾ ਵਿਰੋਧ ਹੈ। ਭਾਵੇਂ ਅੱਜ ਕਲ੍ਹ ਮੁਸਲਮਾਨਾਂ ਵਿਚ ਵੀ ਅਤੇ ਸਿੱਖਾਂ ਵਿਚ ਵੀ ਸ਼ਰਾਬ ਦੀ ਵਰਤੋਂ ਅਧਿਕਤਰ ਹੋ ਗਈ ਹੈ।

ਪਹਿਰਾਵਾ

ਗੁਰੂ ਨਾਨਕ ਬਾਣੀ ਵਿਚ ਇਹ ਸੰਕੇਤ ਮਿਲਦਾ ਹੈ ਕਿ ਮੁਸਲਮਾਨਾਂ ਦਾ ਪਰਵਾਨਿਤ ਪਹਿਰਾਵਾ ਨੀਲੇ ਰੰਗ ਦਾ ਸੀ ਤੇ ਰਾਜ ਦਰਬਾਰ ਵਿਚ ਪਰਵਾਨ ਹੋਣ ਲਈ ਤੇ ਹਾਕਮਾਂ ਨੂੰ ਖੁਸ਼ ਕਰਨ ਲਈ ਕਈ ਹਿੰਦੂ ਵੀ ਅਜਿਹਾ ਪਹਿਰਾਵਾ ਪਾ ਲੈਂਦੇ ਸਨ, ਜਿਵੇਂ:

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। (ਵਾਰ ਆਸਾ)472

ਅਤੇ

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।
(ਵਾਰ ਆਸਾ)470

ਦਾੜ੍ਹੀ ਮੁਸਲਮਾਨਾਂ ਵਿਚ ਇੱਜ਼ਤ ਦਾ ਚਿੰਨ੍ਹ ਸਮਝੀ ਜਾਂਦੀ ਹੈ। ਇਸੇ ਲਈ ਹਰ ਪੈਗੰਬਰ ਦੀ ਦਾੜ੍ਹੀ ਸੀ। ਮੌਲਵੀ ਵੀ ਦਾੜ੍ਹੀ ਜ਼ਰੂਰ ਰਖਦੇ ਸਨ। ਗੁਰੂ ਨਾਨਕ ਦਾ ਆਪਣਾ ਸਰੂਪ ਵੀ ਦਾੜ੍ਹੀ ਵਾਲਾ ਸੀ ਅਤੇ ਉਨ੍ਹਾਂ ਦੇ ਇਸ ਵਾਕ ਤੋਂ ਦਾੜ੍ਹੀ ਦੀ ਇੱਜ਼ਤ ਅਤੇ ਉਸਦੇ ਮਹੱਤਵ ਦਾ ਪਤਾ ਲਗਦਾ ਹੈ:

ਭਲਕੇ ਥੁਕ ਪਵੈ ਨਿਤ ਦਾੜੀ। (ਵਾਰ ਆਸਾ)471

ਸੰਗੀਤ, ਰਾਗ

ਇਸਲਾਮ ਵਿਚ ਰਾਗ ਨੂੰ ਮਹੱਤਵ ਪੂਰਨ ਸਥਾਨ ਪ੍ਰਾਪਤ ਨਹੀਂ ਹੋਇਆ ਕਿਉਂਕਿ ਸੰਗੀਤ ਮੁਹੰਮਦ ਦੀਆਂ ਸਿਖਿਆਵਾਂ ਦੇ ਉਲਟ ਮੰਨਿਆ ਗਿਆ ਹੈ ਇਥੋਂ ਤਕ ਕਿਹਾ ਗਿਆ ਹੈ

---

1. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਇਕ ਸਾਂਸਕ੍ਰਿਤਕ ਸਰਵੇਖਣ, ਪੰਨਾ 516.
2. ਵੇਖੋ ਅਧਿਆਇ ਚੌਥਾ, ਖੁਰਾਕ.

ਕਿ ਜੇ ਕਿਤੇ ਸੰਗੀਤ ਦੀ ਆਵਾਜ਼ ਆ ਰਹੀ ਹੋਵੇ ਤਾਂ ਪੈਗੰਬਰ ਆਪਣੇ ਕੰਨਾਂ ਵਿਚ ਉਂਗਲੀਆਂ ਦੇ ਲੈਂਦੇ ਸਨ।[1] ਕੁਝ ਮੁਸਲਮਾਨਾਂ ਵਿਚ ਚੰਗੇ ਗਵਈਏ ਹੋਏ ਹਨ, ਜਿਨ੍ਹਾਂ ਨੇ ਇਸ ਕਲਾ ਵਿਚ ਪ੍ਰਬੀਨਤਾ ਪ੍ਰਾਪਤ ਕੀਤੀ। ਗੁਰੂ ਨਾਨਕ ਨੇ ਭਾਰਤੀ ਰਾਗ ਪਰੰਪਰਾ ਨੂੰ ਅਪਣਾਇਆ ਅਤੇ ਰੱਬੀ ਬਾਣੀ ਨੂੰ ਪ੍ਰਚਾਰਨ ਦਾ ਮੁੱਖ ਸਾਧਨ ਰਾਗ ਨੂੰ ਹੀ ਬਣਾਇਆ।[2] ਆਪ ਦੀ ਸਾਰੀ ਬਾਣੀ ਰਾਗ ਬੱਧ ਹੈ। ਆਪ ਦਾ ਸਾਥੀ ਮਰਦਾਨਾ ਰਬਾਬ ਵਜਾਉਂਦਾ ਸੀ ਅਤੇ ਆਪ ਪ੍ਰਭੂ ਦੀ ਉਸਤਤੀ ਗਾਂਦੇ ਸਨ। ਬਗਦਾਦ ਵਿਚ ਕੁਝ ਮੁਸਲਮਾਨਾਂ ਨੇ ਗੁਰੂ ਨਾਨਕ ਦੇ ਗਾਉਣ ਤੇ ਇਤਰਾਜ਼ ਕੀਤਾ। ਇਕ ਦਰਵੇਸ਼ ਨੇ ਕਿਹਾ ਕਿ ਸੰਗੀਤ ਮਨੁੱਖ ਨੂੰ ਰੱਬ ਵਲੋਂ ਹਟਾਉਂਦਾ ਹੈ ਪਰ ਗੁਰੂ ਨਾਨਕ ਨੇ ਕਿਹਾ ਕਿ ਸੰਗੀਤ ਪ੍ਰਭੂ ਦੀ ਦੇਣ ਹੈ ਤੇ ਸੰਗੀਤ ਰਾਹੀਂ ਅਸੀਂ ਪਰਮਾਤਮਾ ਨੂੰ ਸੌਖਿਆਂ ਪ੍ਰਾਪਤ ਕਰ ਲੈਂਦੇ ਹਾਂ।[3]

**ਬੋਲੀ**

ਮੁਸਲਮਾਨਾਂ ਦੀ ਬੋਲੀ ਅਰਬੀ, ਫ਼ਾਰਸੀ ਸੀ। ਬਾਅਦ ਵਿਚ ਉਰਦੂ ਆਮ ਲੋਕਾਂ ਦੀ ਬੋਲੀ ਬਣੀ ਅਤੇ ਫਿਰ ਸਥਾਨਕ ਭਾਸ਼ਾਵਾਂ ਵੀ ਅਪਣਾ ਲਈਆਂ। ਗੁਰੂ ਨਾਨਕ ਦਾ ਵਤੀਰਾ ਬੋਲੀ ਦੇ ਪੱਖ ਤੋਂ ਸੰਕੀਰਨ ਨਹੀਂ ਹੈ। ਉਨ੍ਹਾਂ ਨੇ ਆਪ ਅਰਬੀ ਫ਼ਾਰਸੀ ਬਿਨਾਂ ਸੰਕੋਚ ਦੇ ਖੁਲ੍ਹੀ ਵਰਤੀ, ਪਰ ਦਾਸ ਭਾਵਨਾ ਹਿਤ ਉਨ੍ਹਾਂ ਨੇ ਦੂਜਿਆਂ ਦੀ ਬੋਲੀ ਅਪਣਾਉਣ ਦਾ ਵਿਰੋਧ ਕੀਤਾ।[4]

**ਸਾਹਿਤ**

ਸਾਮੀ ਧਾਰਮਿਕ ਸਾਹਿਤ-ਕਤੇਬਾਂ (ਅੰਜੀਲ, ਤੌਰੇਤ, ਜ਼ੰਬੂਰ ਅਤੇ ਕੁਰਾਨ)[5] ਦਾ ਜ਼ਿਕਰ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ, ਜਿਵੇਂ:

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ। (ਵਾਰ ਆਸਾ) 471

**ਧਾਰਮਿਕ ਅਤੇ ਰਾਜਨੀਤਿਕ ਵਿਅਕਤੀ**

ਗੁਰੂ ਨਾਨਕ ਬਾਣੀ ਵਿਚ ਸਮੇਂ ਦੇ ਸਮਾਜਕ ਅਤੇ ਰਾਜਨੀਤਿਕ ਮੁਸਲਮਾਨ ਆਗੂਆਂ ਦਾ ਵੀ ਵਿਵਰਣ ਮਿਲਦਾ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਪੀਰਾਂ, ਪੈਗੰਬਰਾਂ, ਰਾਹ ਦਰਸਾਉਣ ਵਾਲੇ ਸਾਲਕਾਂ, ਸਿਦਕ ਵਾਲੇ ਮਹਾਂ ਪੁਰਸ਼ਾਂ, ਸਿੱਧੇ ਸਾਦੇ ਅਲਬੇਲੇ ਫ਼ਕੀਰਾਂ, ਸ਼ੇਖਾਂ, ਕਾਜ਼ੀਆਂ, ਮੁੱਲਾਂ ਅਤੇ ਰੱਬ ਨੂੰ ਪਹੁੰਚੇ ਹੋਏ ਦਰਵੇਸ਼ਾਂ ਦਾ ਜ਼ਿਕਰ ਹੈ:

---

1. T.P.Hughes, A Dictionary of Islam, p.423.
2. ਵੇਖੋ ਚੌਥਾ ਅਧਿਆਇ, ਕੀਰਤਨ
3. Hari Ram Gupta, History of Sikh Gurus, p.47.
4. ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ। (ਧਨਾਸਰੀ) 663.
5. ਇਨ੍ਹਾਂ ਦਾ ਵਰਣਨ ਪਹਿਲਾਂ ਕੀਤਾ ਜਾ ਚੁੱਕਾ ਹੈ।

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।
ਸੇਖ ਮਸਾਇਕ ਕਾਜੀ ਮੁਲਾਂ ਦਰਿ ਦਰਵੇਸ ਰਸੀਦ। (ਸਿਰੀ ਰਾਗ)53

## ਕਾਜ਼ੀ

ਕਾਜ਼ੀ ਇਨ੍ਹਾਂ ਵਿਚੋਂ ਵਿਸ਼ੇਸ਼ ਸ਼੍ਰੇਣੀ ਸੀ। ਮੁਸਲਮਾਨੀ ਰਾਜ ਪ੍ਰਬੰਧ ਵਿਚ ਕਾਜ਼ੀ ਉਹ ਅਧਿਕਾਰੀ ਹੈ, ਜੋ ਨਿਆਂ ਦਾ ਕਰਤੱਵ ਨਿਭਾਉਂਦਾ ਹੈ। ਉਸ ਸਮੇਂ ਕਾਜ਼ੀ ਇਕ ਤਰ੍ਹਾਂ ਦਾ ਜੱਜ ਸੀ ਜੋ ਮਾਮਲੇ ਦੀ ਪੁਣ ਛਾਣ ਕਰਕੇ ਸ਼ਰ੍ਹਾ ਅਨੁਸਾਰ ਫੈਸਲਾ ਦਿੰਦਾ ਸੀ। ਕਾਜ਼ੀ ਲਈ ਪੱਖ ਪਾਤ ਛੱਡ ਕੇ ਸਹੀ ਸਹੀ ਨਿਆਂ ਕਰਨ, ਵਚਨ ਪਾਲਣ ਅਤੇ ਮਜ਼ਲੂਮਾਂ ਨੂੰ ਆਸਰਾ ਦੇਣ ਲਈ ਬਾਰ ਬਾਰ ਹਦਾਇਤ ਕੀਤੀ ਗਈ ਹੈ। ਪਰ ਅਧਿਕਾਰ ਵੱਧ ਜਾਣ ਕਾਰਨ ਕਾਜ਼ੀਆਂ ਦਾ ਆਚਰਨ ਬਦਲਦਾ ਗਿਆ ਤੇ ਉਹ ਤਅੱਸਬੀ ਬਾਦਸ਼ਾਹਾਂ ਦੀ ਹਦਾਇਤ ਅਨੁਸਾਰ ਗੈਰ ਮੁਸਲਮਾਨਾਂ ਲਈ ਨਿਆਂਕਾਰ ਦੀ ਥਾਂ ਅਨਿਆਂਕਾਰ ਸਿੱਧ ਹੋਣ ਲੱਗੇ। ਇਸਲਾਮ ਅਨੁਸਾਰ ਵੱਢੀ ਲੈਣੀ ਮਾੜੀ ਕਰਮ ਹੈ, ਪਰ ਉਹ ਰਿਸ਼ਵਤ ਲੈ ਕੇ ਅਨਿਆਂ ਕਰਦਾ ਸੀ ਅਤੇ ਆਪਣੇ ਫੈਸਲੇ ਦੀ ਕੀਮਤ ਆਪ ਲੈਂਦਾ ਸੀ। ਸੱਚ ਦੀ ਥਾਂ ਝੂਠ ਬੋਲਦਾ ਸੀ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕਾਜ਼ੀਆਂ ਦੇ ਜੀਵਨ ਤੇ ਕਰੜੀ ਆਲੋਚਨਾ ਕੀਤੀ ਹੈ।[1] ਉਨ੍ਹਾਂ ਨੇ ਕਾਜ਼ੀਆਂ ਦੇ ਫਰਜ਼ ਵੀ ਜਤਲਾਏ ਹਨ, ਜਿਵੇਂ:

ਸੋਈ ਕਾਜੀ ਜਿਨਿ ਆਪ ਤਜਿਆਂ ਇਕ ਨਾਮ ਕੀਆਂ ਆਧਾਰੋ।
(ਸਿਰੀ)24

ਕਾਜੀ ਸੋ ਜੋ ਉਲਟੀ ਕਰੈ ਗੁਰਪਰਸਾਦੀ ਜੀਵਤ ਮਰੈ।।
(ਧਨਾਸਰੀ)662

## ਬਾਦਸ਼ਾਹ

ਇਸਲਾਮ ਅਨੁਸਾਰ ਬਾਦਸ਼ਾਹ ਵਿਚ ਧਾਰਮਿਕ ਅਤੇ ਨੈਤਿਕ ਸਾਰੇ ਗੁਣ ਹੋਣੇ ਚਾਹੀਦੇ ਹਨ।[2] ਪਰ ਗੁਰੂ ਨਾਨਕ ਨੇ ਦੇਖਿਆ ਕਿ ਉਨ੍ਹਾਂ ਦੇ ਸਮੇਂ ਵਿਚ ਮੁਗਲ ਬਾਦਸ਼ਾਹ ਸਾਰੀ ਨੈਤਿਕਤਾ ਨੂੰ ਭੁੱਲ ਚੁੱਕੇ ਹਨ।[3] ਆਪਣੀ ਪਰਜਾ ਦੇ ਹਿਤਾਂ ਨੂੰ ਦੇਖਣ ਦੀ ਥਾਂ ਕੇਵਲ ਆਪਣੀ ਐਸ਼ ਇਸ਼ਰਤ ਵਿਚ ਹੀ ਗੁਆਚੇ ਹੋਏ ਹਨ:

ਸਾਹਾਂ ਸੁਰਤ ਗਵਾਈਆਂ ਰੰਗ ਤਮਾਸ਼ੇ ਚਾਇ
ਬਾਬਰਵਾਣੀ ਫਿਰ ਗਈ ਕੁਇਰ ਨ ਰੋਟੀ ਖਾਇ।[4] (ਆਸਾ)417

ਗੁਰੂ ਨਾਨਕ ਨੇ ਬਾਦਸ਼ਾਹਾਂ ਜਾਂ ਰਾਜੇ ਦਾ ਸੰਕਲਪ ਵੀ ਇਸਲਾਮ ਵਾਲਾ ਹੀ ਦਿੱਤਾ ਹੈ:

ਰਾਜੇ ਚੁਲੀ ਨਿਆਵ ਕੀ..... (ਵਾਰ ਸਾਰੰਗ)1240

---

1. ਵੇਖੋ ਅਧਿਆਇ ਮਤਵਾਂ - ਸਮਕਾਲੀਨ ਸਥਿਤੀ
2. ਵੇਖੋ ਅਧਿਆਇ ਤੀਜਾ, ਇਸਲਾਮੀ ਸਭਿਆਚਾਰ
3. ਉਲਟੀ ਵਾੜ ਖੇਤ ਕਉ ਖਾਈ। (ਵਾਰ ਭਾ.ਗੁ 1/30/2)
4. ਹੋਰ ਵੇਖੋ ਅਧਿਆਇ ਸਤਵਾਂ, ਰਾਜਸੀ ਸਥਿਤੀ.

ਉਨ੍ਹਾਂ ਅਨੁਸਾਰ ਏਕ ਰਾਜਾ ਹੀ ਰਾਜ ਤਖ਼ਤ ਤੇ ਸੋਭਦਾ ਹੈ:

ਤਖਤ ਬਹੈ ਤਖਤੈ ਕੀ ਲਾਇਕ .....। (ਮਾਰੂ ਸੋਲਹੇ ਮ:1) 1039

ਗੁਰੂ ਨਾਨਕ ਨੇ ਰੱਬ ਨੂੰ ਪਾਤਸ਼ਾਹ ਕਹਿ ਕੇ ਇਸਦਾ ਆਦਰਸ਼ਕ ਸੰਕਲਪ ਦਿੱਤਾ ਹੈ।

## ਸੁਲਤਾਨ

ਬਾਦਸ਼ਾਹ ਨੂੰ ਸੁਲਤਾਨ ਵੀ ਕਿਹਾ ਜਾਂਦਾ ਸੀ। ਸਭ ਤੋਂ ਪਹਿਲਾਂ 'ਸੁਲਤਾਨ ਪਦਵੀ' ਮਹਿਮੂਦ ਗਜ਼ਨਵੀ ਨੇ ਧਾਰਨ ਕੀਤੀ।[1] ਗੁਰੂ ਨਾਨਕ ਬਾਣੀ ਵਿਚ ਸੁਲਤਾਨ ਦਾ ਚਿਤ੍ਰਨ ਵੀ ਮਿਲਦਾ ਹੈ:

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ। (ਸਿਰੀ) 14

...

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ। (ਸਿਰੀ) 64

## ਵਜ਼ੀਰ

ਬਾਦਸ਼ਾਹ ਦੇ ਸਲਾਹਕਾਰ ਮੰਤਰੀ ਵਜ਼ੀਰ ਅਖਵਾਂਦੇ ਸਨ। ਇਹ ਸ਼ਬਦ ਸਲਾਹਕਾਰ ਲਈ ਪ੍ਰਤੀਕ ਬਣ ਗਿਆ। ਗੁਰੂ ਨਾਨਕ ਬਾਣੀ ਵਿਚ ਇਸਦਾ ਉਲੇਖ ਵੀ ਹੈ, ਜਿਵੇਂ:

ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ।
(ਵਾਰ ਮਲਾਰ) 1289

ਉਕਤ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨੀ ਧਰਮ ਅਤੇ ਵਿਵਹਾਰ ਨੂੰ ਨੇੜਿਉਂ ਹੋ ਕੇ ਵੇਖਿਆ ਸੀ। ਉਹ ਮੁਸਲਮਾਨਾਂ ਦੇ ਪੀਰਾਂ ਫ਼ਕੀਰਾਂ ਨੂੰ ਵੀ ਮਿਲੇ ਸਨ ਜਿਵੇਂ ਸ਼ੇਖ ਬ੍ਰਹਮ (ਫ਼ਰੀਦ), ਸ਼ੇਖ ਟਟੀਹਰ, ਮਖਦੂਮ ਬਹਾਵਦੀ, ਕਾਜ਼ੀ ਰੁਕਨਦੀਨ ਅਤੇ ਦਸਤਗੀਰ ਆਦਿ। ਇਸ ਕਰਕੇ ਮੁਸਲਮਾਨੀ ਜੀਵਨ ਦਾ ਆਪ ਦੀ ਬਾਣੀ ਵਿਚ ਸੁਭਾਵਿਕ ਹੀ ਆਲੋਚਨਾਤਮਕ ਅਤੇ ਬਿੰਬਾਤਮਕ ਚਿਤ੍ਰਨ ਹੋਇਆ ਹੈ।

---

1. ਮਹਾਨ ਕੋਸ਼

## ਸੂਫ਼ੀ ਜੀਵਨ ਅਤੇ ਮੁਖ ਵਿਚਾਰਧਾਰਾ ਦਾ ਚਿਤ੍ਰਨ

ਤਸਵੱਫ਼ ਦੇ ਰਹੱਸਵਾਦੀ ਅਸੂਲਾਂ ਤੇ ਚਲਣ ਵਾਲੇ ਮਨੁੱਖ ਨੂੰ ਫ਼ਾਰਸੀ ਵਿੱਚ ਸੂਫ਼ੀ ਕਿਹਾ ਜਾਂਦਾ ਹੈ।[1] ਕੋਈ ਵੀ ਮੁਸਲਮਾਨ ਜਦ ਸ਼ਰੀਅਤ ਦੀ ਹੱਦ ਤੋਂ ਵਿਕਾਸ ਕਰਕੇ ਅੱਗੇ ਰਹੱਸਵਾਦ ਦੀਆਂ ਹੱਦਾਂ ਛੋਹ ਲੈਂਦਾ ਹੈ ਤਾਂ ਹਰ ਸਮੇਂ ਤੇ ਹਰ ਦੇਸ਼ ਵਿਚ ਅਵੱਸ਼ ਹੀ, ਉਹ ਇਕ ਸੂਫ਼ੀ ਬਣਨ ਦੀ ਸੰਭਾਵਨਾ ਰਖਦਾ ਹੈ। ਸੰਭਾਵਨਾ ਕੀ, ਉਹ ਸੂਫ਼ੀ ਅਖਵਾਉਂਦਾ ਹੈ। ਤਸਵੱਫ਼ ਦਾ ਅਸਲੀ ਭਾਵ ਹੀ ਇਹ ਹੈ - ਸੂਫ਼ੀ ਹੋਣਾ ਜਾਂ ਸੂਫ਼ੀ ਹੋ ਸਕਣਾ ਜਾਂ ਸੂਫ਼ੀ ਹੋਣ ਦੀ ਰੁਚੀ।[2]

ਇਸ ਸ਼ਬਦ ਦੇ ਨਿਕਾਸ ਬਾਰੇ ਕਈ ਵਿਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਬਹੁਤ ਸਾਰੇ ਵਿਦਵਾਨਾਂ ਅਨੁਸਾਰ 'ਸੂਫ਼' ਸ਼ਬਦ ਅਰਬੀ ਦਾ ਹੈ ਜਿਸਦਾ ਭਾਵ 'ਉਨ' ਤੋਂ ਲਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਸ ਸ਼ਬਦ ਦੀ ਉਤਪਤੀ ਇਸੇ ਤਰ੍ਹਾਂ ਮੰਨੀ ਹੈ।[3] ਡਾ: ਜੀਤ ਸਿੰਘ ਸੀਤਲ ਅਨੁਸਾਰ 'ਸੂਫ਼ੀ' ਸੂਫ਼ ਅਰਥਾਤ ਅਣਕੱਤੀ ਅਣਉਣੀ ਉਨ ਦੀ ਗੋਦੜੀ ਜਾਂ ਕੰਬਲੀ ਪਹਿਨਣ ਵਾਲੇ ਫ਼ਕੀਰ ਜਾਂ ਦਰਵੇਸ਼ ਨੂੰ ਕਹਿੰਦੇ ਹਨ। ਇਸੇ ਨੂੰ 'ਖਰਕਾ ਪੋਸ਼', 'ਪਸ਼ਮੀਨਾ ਪੋਸ਼' ਜਾਂ ਕਾਲੇ ਕਪੜੇ ਪਹਿਨਣ ਵਾਲੇ ਦਰਵੇਸ਼ ਕਹਿੰਦੇ ਹਨ। ਹਜ਼ਰਤ ਮੁਹੰਮਦ ਸਾਹਿਬ ਨੂੰ ਵੀ 'ਕਾਲੀ ਕੰਬਲੀ ਵਾਲਾ' ਇਸੇ ਲਈ ਕਹਿੰਦੇ ਹਨ ਕਿਉਂ ਜੋ ਉਨ੍ਹਾਂ ਨੂੰ ਸੂਫ਼ੀ ਮੱਤ ਦਾ ਬਾਨੀ ਮੁਨਾਰਾ ਤੇ ਹਜ਼ਰਤ ਅਲੀ ਨੂੰ ਇਸ ਦਾ ਮੋਢੀ ਸਮਝਦੇ ਹਨ।[4] ਕਾਲੀ ਕੰਬਲੀ ਜਾਂ ਗੋਦੜੀ ਜੋ ਸੂਫ਼ੀਆਂ ਦਾ ਪਹਿਰਾਵਾ ਸੀ, ਉਸਦਾ ਉਲੇਖ ਬਾਬਾ ਫ਼ਰੀਦ ਨੇ ਕੀਤਾ ਹੈ:

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ। (ਸਲੋਕ, 61)

...

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲ ਕਾਤੀ ਗੁੜੁ ਵਾਤਿ। (ਸਲੋਕ, 50)

...

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ। (ਸਲੋਕ, 47)

ਹਜ਼ਰਤ ਈਸਾ ਵੀ ਸੂਫ਼ ਅਤੇ ਪਸ਼ਮੀਨੇ ਦਾ ਪਹਿਰਾਵਾ ਹੀ ਧਾਰਨ ਕਰਦੇ ਸਨ। ਇਸ ਦਾ ਕਾਰਨ ਇਹ ਹੈ ਕਿ ਉਨ ਨੂੰ ਪਵਿੱਤ੍ਰਤਾ ਤੇ ਸਾਦਗੀ ਦਾ ਚਿੰਨ੍ਹ ਸਮਝਿਆ ਜਾਂਦਾ ਸੀ। ਸੋ ਨਾ ਕੇਵਲ ਸੂਫ਼ੀ ਹੀ ਸਗੋਂ ਕਈ ਮੁਢਲੇ ਮੋਮਨ ਵੀ ਸੂਫ਼ ਦੇ ਕਪੜੇ ਪਹਿਨਿਆ ਕਰਦੇ ਸਨ। ਇਸ

---

1. **T.P.Hughes, Dictionary of Islam, p.608.**
2. ਪ੍ਰੋ: ਦੀਵਾਨ ਸਿੰਘ, ਸੂਫ਼ੀ ਮਤ ਤੇ ਹੋਰ ਲੇਖ, ਪੰਨੇ 19-20.
3. 'ਜੋ ਕੰਬਲ ਅਥਵਾ ਕੰਬਲ ਦੀ ਖਫ਼ਨੀ ਪਹਿਨਦਾ ਹੈ, ਉਹ ਸੂਫ਼ੀ ਹੈ' (ਮਹਾਨ ਕੋਸ਼)
4. ਬਾਬਾ ਫ਼ਰੀਦ, ਜੀਵਨ, ਸਮਾਂ ਤੇ ਰਚਨਾ, ਪੰਨਾ 1.

ਸ਼ਬਦ ਦਾ ਮੂਲ 'ਸਫ਼ਾ'(ਸਫ਼ਾਈ)'ਅਹਿਲੇ ਸਫ਼ਾ'(ਕਤਾਰ) ਸੋਫ਼ੀ(ਸਾਫ਼ ਦਿਲਵਾਲਾ)ਆਦਿ ਵੀ ਮੰਨਿਆ ਜਾਂਦਾ ਹੈ।[1]

'ਸੂਫ਼ੀ ਮਤ' ਦੇ ਨਿਕਾਸ ਬਾਰੇ ਵੀ ਕਈ ਸਿਧਾਂਤ ਪ੍ਰਚਲਤ ਹਨ ਪਰ ਨਿਸਚਾ ਇਹ ਹੈ ਕਿ ਸੂਫ਼ੀ ਮਤ ਰਹੱਸਵਾਦ ਦੀ ਇਸਲਾਮੀ ਸ਼ਕਲ ਹੈ। ਇਸਦੀ ਪਹਿਲੀ ਕੋਂਪਲ ਇਸਲਾਮ ਦੇ ਜਨਮ ਨਾਲ ਹੀ ਫੁੱਟੀ। ਮੁਹੰਮਦ ਸਾਹਿਬ ਦੇ ਨਿਕਟਵਰਤੀ ਮੁਸਲਮਾਨ ਜੋ ਘਰ ਬਾਰ ਛੱਡ ਕੇ ਮਸੀਤ ਵਿਚ ਹੀ ਸੌਂਦੇ ਸਨ, ਮੁੱਢਲੇ ਸੂਫ਼ੀ ਆਖੇ ਜਾ ਸਕਦੇ ਹਨ।[2] ਕੁਰਾਨ ਸ਼ਰੀਫ਼ ਵਿਚ ਬਹੁਤ ਸਾਰੀਆਂ ਅਜਿਹੀਆਂ ਆਇਤਾਂ ਮਿਲਦੀਆਂ ਹਨ, ਜਿਨ੍ਹਾਂ ਨੂੰ ਸੂਫ਼ੀ ਸਿਧਾਂਤਾਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਕੁਰਾਨ ਤੋਂ ਇਲਾਵਾ ਹਦੀਸ ਵਿਚ ਵੀ ਸੂਫ਼ੀ ਮੱਤ ਦੇ ਕਈ ਬੁਨਿਆਦੀ ਅਸੂਲਾਂ ਦੇ ਬੀਜ ਲੱਭੇ ਜਾ ਸਕਦੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸੂਫ਼ੀ ਮਤ ਇਸਲਾਮੀ ਧਰਾਤਲ ਤੇ ਉਸਰਿਆ ਇਕ ਰਹੱਸਵਾਦੀ ਸੰਪ੍ਰਦਾਇ ਹੈ। ਸੂਫ਼ੀਵਾਦ ਇਸਲਾਮ ਦੇ ਰਹੱਸਵਾਦੀ ਪੱਖ ਦੀ ਨੁਮਾਇੰਦਗੀ ਕਰਦਾ ਹੈ। ਇਹ ਚਿੰਤਨਵਾਦੀ ਵੀ ਅਤੇ ਇਕ ਜੀਵਨ ਜਾਚ ਵੀ ਹੈ।[3] ਇਸਦਾ ਬੀਜ ਮੁਸਲਮ ਮਨ ਵਿਚੋਂ ਹੀ ਫੁਟਿਆ ਹੈ।[4] ਇਸ ਲਈ ਕਈ ਆਲੋਚਕ ਜੋ ਇਹ ਕਹਿੰਦੇ ਹਨ ਕਿ ਸੂਫ਼ੀ ਵਾਦ ਇਸਲਾਮ ਵਿਰੁੱਧ ਇਕ ਬਗ਼ਾਵਤ ਸੀ, ਬਿਲਕੁਲ ਨਿਰਮੂਲ ਹੈ। ਸੂਫ਼ੀ ਉਹੀ ਹੋ ਸਕਦਾ ਹੈ ਜੋ ਪਹਿਲਾਂ ਮੁਸਲਮਾਨ ਅਤੇ ਰੱਬ ਦੀ ਏਕਤਾ, ਰਸੂਲ ਦੀ ਪੈਗ਼ੰਬਰੀ ਤੇ ਕੁਰਾਨ ਦੇ ਇਲਹਾਮੀ ਕਿਤਾਬ ਹੋਣ ਵਿਚ ਪੂਰਨ ਵਿਸ਼ਵਾਸ ਰਖਦਾ ਹੋਵੇ।[5]

ਮੁਢਲੇ ਸੂਫ਼ੀ ਹਜ਼ਰਤ ਮੁਹੰਮਦ ਦੇ ਨਿਕਟ ਵਰਤੀ ਹੋਣ ਕਰਕੇ ਇਹ ਮੰਨਿਆ ਜਾ ਸਕਦਾ ਹੈ ਕਿ ਇਸਦੀ ਜਨਮ ਭੂਮੀ ਅਰਬ ਹੀ ਹੈ ਭਾਵੇਂ ਇਸਦਾ ਵਿਕਾਸ ਖੁਰਾਸਾਨ, ਈਰਾਨ, ਮਿਸਰ ਅਤੇ ਇਰਾਕ ਵਿਚ ਹੋਇਆ ਹੈ। ਉਸ ਤੋਂ ਪਿਛੋਂ ਇਸ ਨੇ ਹੌਲੀ ਹੌਲੀ ਭਾਰਤ ਵਿਚ ਪਰਵੇਸ਼ ਕੀਤਾ। ਨੌਸ਼ੀਰਵਾਂ ਬਾਦਸ਼ਾਹ ਦੇ ਸਮੇਂ ਵਿਚ ਹਿੰਦੂ ਅਤੇ ਈਰਾਨੀ ਵਿਚਾਰਾਂ ਦਾ ਵਟਾਂਦਰਾ ਸ਼ੁਰੂ ਹੋ ਗਿਆ ਸੀ। ਸੂਫ਼ੀ ਮੱਤ ਨੇ ਜਿਥੇ ਈਸਾਈ ਮਤ, ਬੁੱਧ ਮੱਤ ਅਤੇ ਨਵਅਫ਼ਲਾਤੂਨਵਾਦ ਦਾ ਅਸਰ ਕਬੂਲ ਕੀਤਾ ਉਥੇ ਇਨ੍ਹਾਂ ਤੋਂ ਵਧੇਰੇ ਅਸਰ ਭਾਰਤੀ ਵੇਦਾਂਤ ਦਾ ਕਬੂਲਿਆ ਜਿਸ ਕਰਕੇ ਸੂਫ਼ੀ ਮੱਤ ਬੰਦਗੀ ਤੇ ਤਪੱਸਿਆ ਦੀ ਮੁਢਲੀ ਸ਼ਕਲ ਵਿਚੋਂ ਵਿਕਸਤ ਹੋ ਕੇ ਸਰਬਦੇਵਵਾਦ ਦੀ ਅਵਸਥਾ ਵਿਚ ਪੁੱਜਾ ਅਤੇ ਹੁਣ ਇਹ ਇਤਿਹਾਸਕ ਸਚਾਈ ਸਾਬਤ ਹੋ ਚੁੱਕੀ ਹੈ ਕਿ

---

1. ਡਾ: ਦੀਵਾਨ ਸਿੰਘ, ਸੂਫ਼ੀਵਾਦ ਤੇ ਹੋਰ ਲੇਖ, ਪੰਨਾ 25.
2. ਪ੍ਰੋ: ਮੋਹਨ ਸਿੰਘ, ਸੂਫ਼ੀ ਸਾਹਿਤ ਅੰਕ, ਪੰਜਾਬੀ ਦੁਨੀਆਂ, ਨਵੰਬਰ ਦਸੰਬਰ, 1964, ਪੰਨਾ 6.
3. ਡਾ: ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰਨਾ 86.
4. ਡਾ: ਵਿਮਲ ਕੁਮਾਰ ਜੈਨ, ਸੂਫ਼ੀ ਮੱਤ ਔਰ ਹਿੰਦੀ ਸਾਹਿਤਯ, ਪੰਨਾ 15.
5. ਡਾ: ਜੀਤ ਸਿੰਘ ਸੀਤਲ, ਬਾਬਾ ਫ਼ਰੀਦ, ਸਮਾਂ ਅਤੇ ਰਚਨਾ, ਪੰਨਾ 15.

ਸੂਫ਼ੀ ਮਤ ਇਸਲਾਮੀ ਲਿਬਾਸ ਵਿਚ ਭਾਰਤ ਦਾ ਵੇਦਾਂਤ ਹੀ ਹੈ।[1] ਵੇਦਾਂਤ ਦਾ ਪ੍ਰਭਾਵ ਇੰਨਾ ਅਧਿਕ ਹੈ ਕਿ ਅਸਲ ਸੂਫ਼ੀ ਰਹਸ ਇਹੋ ਹੀ ਜਾਪਦਾ ਹੈ। ਹਰ ਵਿਕਸਤ ਤੇ ਸੰਪੂਰਨ ਸੂਫ਼ੀ ਅੰਤ ਵਿਚ ਵੇਦਾਂਤੀ ਹੋ ਨਿਬੜਦਾ ਹੈ। ਸੂਫ਼ੀਵਾਦ ਨੇ ਵੇਦਾਂਤ ਦਾ ਅਸਰ ਸਿੱਧਾ ਵੀ ਕਬੂਲਿਆ ਤੇ ਪੱਛਮੀ ਦਰਸ਼ਨਾਂ ਰਾਹੀਂ ਵੀ। ਹਿੰਦੂ ਮੱਤ ਦਾ ਸੰਬੰਧ ਇਸਲਾਮੀ ਦੇਸ਼ਾਂ ਨਾਲ ਇਤਿਹਾਸਕ ਤੌਰ ਤੇ ਅਠਵੀਂ ਨਾਵੀਂ ਸਦੀ ਵਿਚ ਪਰਤੱਖ ਰੂਪ ਵਿਚ ਹੋਇਆ ਸਿਧ ਹੁੰਦਾ ਹੈ।[2]

ਪ੍ਰੋ:ਦੀਵਾਨ ਸਿੰਘ ਨੇ ਸੂਫ਼ੀਵਾਦ ਦਾ ਉਪਜ ਕਾਲ ਸਤਵੀਂ,ਅੱਠਵੀਂ ਤੇ ਨਾਵੀਂ ਸਦੀ ਮੰਨਿਆ ਹੈ,ਜਦ ਪਹਿਲੇ ਮੁਸਲਮਾਨ ਫ਼ਕੀਰਾਂ ਨੇ ਸੂਫ਼ੀਵਾਦ ਦੀ ਰੂਪ ਰੇਖਾ ਘੜੀ। ਜਦ ਇਹ ਫ਼ਕੀਰ ਵਧੇਰੇ ਅੰਤਰਮੁਖੀ ਤੇ ਰਹੱਸਵਾਦੀ ਹੋ ਗਏ ਤਾਂ ਮਾਨੋ ਇਨ੍ਹਾਂ ਦੇ ਅਨੁਭਵ ਵਿਚੋਂ ਸੂਫ਼ੀ ਆਦਰਸ਼ ਇਸ ਤਰ੍ਹਾਂ ਰੂਪਮਾਨ ਹੋਇਆ,ਜਿਵੇਂ ਜੁਪੀਟਰ ਦੇ ਮੱਥੇ ਵਿਚੋਂ ਦੇਵੀ 'ਮਿਨਰਵਾ' ਪੈਦਾ ਹੋਈ ਸੀ। ਇਨ੍ਹਾਂ ਪਹਿਲੇ ਸੂਫ਼ੀਆਂ ਨੇ ਆਪਣਾ ਸੂਫ਼ੀ ਅਨੁਭਵ ਮਾਨੋ ਕੁਰਾਨ ਦੇ ਪੱਤਰਿਆਂ ਵਿਚੋਂ ਹੀ ਛਾਣ ਕੇ ਲੱਭ ਲਿਆ ਪਰ ਇਹ ਖ਼ਾਸ ਕਮਾਈ ਸਾਰੀ ਉਨ੍ਹਾਂ ਦੇ ਅੰਦਰੋਂ ਹੋਈ।[3]

ਸੂਫ਼ੀਵਾਦ ਦੇ ਵਿਕਾਸ ਦਾ ਦੂਜਾ ਮਹੱਤਵ ਪੂਰਨ ਪੜਾਅ ਅਤੇ ਸੁਨਹਿਰੀ ਕਾਲ ਦਸਵੀਂ ਤੇ ਤੇਰ੍ਹਵੀਂ ਸਦੀ ਤੱਕ ਮੰਨਿਆ ਗਿਆ ਹੈ। ਇਸੇ ਸਮੇਂ ਵਿਚ ਈਰਾਨ ਅਤੇ ਹੋਰ ਦੇਸ਼ਾਂ ਵਿਚ ਮਹਾਨ ਰਹੱਸਵਾਦੀ ਅਤੇ ਚਿੰਤਕ ਹੋਂਦ ਵਿਚ ਆਏ। ਅਨਲਹਕ ਦਾ ਨਾਅਰਾ ਮਾਰਨ ਵਾਲਾ ਸੂਫ਼ੀਵਾਦ ਦਾ ਪਿਤਾਮਾ ਮਨਸੂਰ 923 ਵਿਚ ਸੂਲੀ ਤੇ ਚਾੜ੍ਹਿਆ ਗਿਆ ਸੀ। ਸ਼ਿਬਲੀ ਵੀ ਉਸਦਾ ਸਮਕਾਲੀ ਸੀ।[4]

ਭਾਰਤ ਵਿਚ ਸ਼ੇਖ਼ ਅਲੀ ਹੁਜਵੀਰੀ,ਜੋ ਦਾਤਾ ਗੰਜ ਬਖ਼ਸ਼ ਕਰਕੇ ਮਸ਼ਹੂਰ ਹੋਇਆ, ਸਭ ਤੋਂ ਪਹਿਲੇ ਆਇਆ ਅਤੇ ਲਾਹੌਰ ਵਿਚ ਰਹਿੰਦਿਆਂ 1072 ਤੋਂ 1079 ਦੇ ਵਿਚਕਾਰ ਕਾਲ ਵੱਸ ਹੋਇਆ। ਇਸੇ ਦੀ ਮਜ਼ਾਰ ਤੇ ਸ਼ੇਖ਼ ਫ਼ਰੀਦ ਸ਼ਕਰਗੰਜ ਨੇ ਚਲੀਹਾ ਕੱਟਿਆ ਸੀ। ਭਾਰਤ ਵਿਚ ਵੀ ਬਾਰ੍ਹਵੀਂ ਸਦੀ ਵਿਚ ਸੂਫ਼ੀ ਮੱਤ ਨੇ ਆਪਣੀ ਹੋਂਦ ਤੇ ਵਿਕਾਸ ਕਰ ਲਿਆ ਸੀ।[5] ਭਾਰਤ ਵਿਚ ਇਹ ਚਾਰ ਸੂਫ਼ੀ ਸਿਲਸਿਲੇ ਪ੍ਰਸਿੱਧ ਹਨ:ਚਿਸ਼ਤੀ,ਸੁਹਰਾਵਰਦੀ,ਕਾਦਿਰੀ ਅਤੇ ਨਕਸ਼ਬੰਦੀ।[6] ਇਨ੍ਹਾਂ ਦੀ ਮਰਿਆਦਾ ਅਤੇ ਕ੍ਰਿਆ ਵਿਚ ਪਰਸਪਰ ਸਾਂਝ ਵੀ ਹੈ ਅਤੇ ਅੰਤਰ ਵੀ।[7]

---

1. ਸਰਦੂਲ ਸਿੰਘ ਕਵੀਸ਼ਰ,ਸਿੱਖ ਧਰਮ ਦਰਸ਼ਨ,ਪੰਨਾ 99.
2. ਪ੍ਰੋ:ਦੀਵਾਨ ਸਿੰਘ,ਸੂਫ਼ੀਵਾਦ ਤੇ ਹੋਰ ਲੇਖ,ਪੰਨੇ 20-21.
3. ਉਹੀ,ਪੰਨੇ 20-21.
4. ਉਹੀ,ਪੰਨਾ 25.
5. ਡਾ:ਜੀਤ ਸਿੰਘ ਸੀਤਲ,ਬਾਬਾ ਫ਼ਰੀਦ,ਜੀਵਨ ਸਮਾਂ ਅਤੇ ਰਚਨਾ,ਪੰਨਾ 5.
6. ਇਕ ਪੰਜਵਾਂ ਸਿਲਸਿਲਾ ਵੀ ਹੈ,ਜਿਸਨੂੰ ਸ਼ੁਤਾਰੀ ਸੰਪਰਦਾਇ ਕਿਹਾ ਗਿਆ ਹੈ (ਸਾਧੂ ਰਾਮ ਸ਼ਾਰਦਾ,ਸੂਫ਼ੀ ਮੱਤ ਅਤੇ ਪੰਜਾਬੀ ਸੂਫ਼ੀ ਸਾਹਿਤ,ਪੰਨਾ 42)
7. ਉਹੀ,ਪੰਨਾ 9.

ਸੂਫ਼ੀ ਸ਼ੇਖ਼ ਅਲੀ ਹੁਜਵੇਰੀ ਦਾਤਾ ਗੰਜ ਬਖ਼ਸ਼ ਅਤੇ ਪੰਜਾਬੀ ਦਾ ਪ੍ਰਥਮ ਸੂਫ਼ੀ ਕਵੀ ਜਿਸ ਨੂੰ ਪੰਜਾਬੀ ਸਾਹਿਤ ਦਾ ਪਿਤਾਮਾ ਮੰਨਿਆ ਗਿਆ ਹੈ ਸ਼ੇਖ਼ ਫ਼ਰੀਦੁਦੀਨ ਸ਼ਕਰ ਗੰਜ (1173-1264) ਸੀ। ਇਸੇ ਦੀ ਬਾਣੀ ਇਸਦੇ 12ਵੇਂ ਗੱਦੀਦਾਰ ਸ਼ੇਖ਼ ਫ਼ਰੀਦ ਸਾਨੀ ਪਾਸੋਂ ਗੁਰੂ ਨਾਨਕ ਦੇਵ ਜੀ ਨੇ ਪ੍ਰਾਪਤ ਕੀਤੀ।[1] ਖ਼ਵਾਜਾ ਕੁਤਬੁਦੀਨ ਬਖ਼ਤਯਾਰ ਕਾਕੀ ਉਸਦਾ ਮੁਰਸ਼ਦ ਸੀ। ਸੂਫ਼ੀ ਫ਼ਕੀਰ ਭਾਰਤੀ ਭਗਤਾਂ ਵਾਂਗ ਉਦਾਰਚਿਤ, ਰੱਬ ਅਤੇ ਮਨੁੱਖ ਜਾਤੀ ਦੀ ਏਕਤਾ ਦੇ ਵਿਸ਼ਵਾਸੀ ਸਨ। ਫ਼ਰੀਦ ਸ਼ਕਰਗੰਜ ਵਰਗੇ ਇਸਲਾਮ ਦੇ ਪਰਚਾਰਕ ਤਾਂ ਭਾਵੇਂ ਸਨ, ਪਰ ਮੁਸਲਮਾਨਾਂ ਵਾਲੀ ਹਠ-ਧਰਮੀ ਜਾਂ ਕੱਟੜਤਾ ਉਨ੍ਹਾਂ ਵਿਚ ਨਹੀਂ ਸੀ। ਭਾਰਤੀ ਚਿੰਤਨ-ਧਾਰਾ ਅਤੇ ਪ੍ਰਾਪਤੀ ਦੀਆਂ ਵਿਧੀਆਂ ਨੂੰ ਉਨ੍ਹਾਂ ਨੇ ਖੁਲ੍ਹ ਦਿਲੀ ਨਾਲ ਅਪਣਾਇਆ ਅਤੇ ਆਪਣੀ ਬਾਣੀ ਵਿਚ ਨਿਰਸੰਕੋਚ ਵਰਤਿਆ।

ਸੂਫ਼ੀਆਂ ਦਾ ਕੋਈ ਵਿਲੱਖਣ ਜਾਂ ਨਿਸ਼ਚਿਤ ਮੱਤ ਨਹੀਂ ਸੀ। ਭਾਰਤੀ ਸੂਫ਼ੀ ਨਜ਼ਰੀਏ ਵਿਚ ਸਾਮੀ ਅਤੇ ਹਿੰਦੂ ਵਿਚਾਰਧਾਰਾ ਦਾ ਮਿਸ਼ਰਣ ਸੀ। ਡਾ: ਦੀਵਾਨ ਸਿੰਘ ਦਾ ਇਹ ਕਹਿਣਾ ਠੀਕ ਹੈ ਕਿ ਸੂਫ਼ੀ ਮੱਤ ਦਾ ਸਰੀਰ ਇਸਲਾਮੀ ਹੈ ਜਾਂ ਸਾਮੀ ਤੇ ਰੂਹ ਆਰੀਅਨ ਹੈ ਜਾਂ ਈਰਾਨੀ ਤੇ ਵੇਦਕੀ।[2] ਇਨ੍ਹਾਂ ਸੂਫ਼ੀ ਫ਼ਕੀਰਾਂ ਨਾਲ ਗੁਰੂ ਨਾਨਕ ਦਾ ਸੰਪਰਕ ਹੋਇਆ ਹੋਵੇਗਾ। ਇਨ੍ਹਾਂ ਦੇ ਇਸਲਾਮ ਅਤੇ ਵੇਦਾਂਤ ਤੋਂ ਪ੍ਰਾਪਤ ਵਿਚਾਰਾਂ ਅਤੇ ਇਨ੍ਹਾਂ ਦੇ ਜੀਵਨ ਢੰਗ ਨਾਲ ਗੁਰੂ ਨਾਨਕ ਨੇ ਸਾਂਝ ਵੀ ਪ੍ਰਗਟਾਈ ਅਤੇ ਮੱਤ ਭੇਦ ਹੋਣ ਕਰਕੇ ਟਿੱਪਣੀ ਵੀ ਕੀਤੀ ਹੈ। ਬਾਣੀ ਬਾਬਾ ਫ਼ਰੀਦ ਦੀ ਉਨ੍ਹਾਂ ਨੂੰ ਪ੍ਰਾਪਤ ਸੀ ਜਿਸ ਦਾ ਉਨ੍ਹਾਂ ਨੇ ਅਧਿਐਨ ਕੀਤਾ ਅਤੇ ਉਸ ਵਿਚਲੀ ਸ਼ਬਦਾਵਲੀ ਅਤੇ ਬਿੰਬਾਵਲੀ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਉ ਲਈ ਵਰਤਿਆ।

ਬਾਬਾ ਫ਼ਰੀਦ ਨੂੰ ਪੰਜਾਬ ਦਾ ਮਹਾਨ ਸੂਫ਼ੀ ਮੰਨਿਆ ਗਿਆ ਹੈ।[3] ਕਈ ਆਲੋਚਕਾਂ ਨੇ ਬਾਬਾ ਫ਼ਰੀਦ ਦੀ ਬਾਣੀ ਵਿਚ ਨਮਾਜ਼ ਪੜ੍ਹਨੀ ਅਤੇ ਮਸੀਤ ਵਿਚ ਜਾਣ ਆਦਿ ਬਾਰੇ ਪੰਕਤੀਆਂ ਵੇਖ ਕੇ ਉਸ ਨੂੰ ਮੁਢਲੇ ਪੜਾਅ ਦਾ ਸੂਫ਼ੀ ਕਿਹਾ ਹੈ, ਜੋ ਵਾਸਤਵ ਵਿਚ ਠੀਕ ਨਹੀਂ। ਸ਼ਰੀਅਤ ਤਾਂ ਹਰ ਇਕ ਮੁਸਲਮਾਨ ਲਈ ਪਹਿਲਾ ਅਤੇ ਅਵੱਸ਼ਕ ਕਦਮ ਹੈ, ਮਾਰਫ਼ਤ ਦਾ ਰੰਗ ਉਸ ਨੂੰ ਬਾਅਦ ਵਿਚ ਚੜ੍ਹਦਾ ਹੈ। ਬਾਬਾ ਫ਼ਰੀਦ ਵੀ ਸ਼ਰ੍ਹਾ ਅਨੁਸਾਰ ਬੰਦਗੀ ਕਰਦਾ ਹੋਇਆ ਨਿਜੀ ਅਨੁਭੂਤੀ ਵਾਲਾ ਰਹੱਸਵਾਦੀ ਸੂਫ਼ੀ ਸੀ। ਸੂਫ਼ੀ ਭਾਵਨਾ ਵਾਲੇ ਸਾਰੇ ਤੱਤ ਉਸਦੀ ਬਾਣੀ ਵਿਚ ਵਿਦਮਾਨ ਹਨ। ਡਾ: ਤਾਰਨ ਸਿੰਘ ਅਨੁਸਾਰ ਨਿਸਚੇ ਹੀ ਫ਼ਰੀਦ ਦੀ ਪ੍ਰਤਿਭਾ ਦੀ ਉਸਾਰੀ ਕੁਰਾਨ ਪਾਕ ਦੇ ਅਧਿਐਨ ਨਾਲ ਹੋਈ। ਕੁਰਾਨ ਦੀ ਵਿਚਾਰਧਾਰਾ ਨੂੰ ਆਪ ਨੇ ਪੂਰੀ ਤਰ੍ਹਾਂ ਗ੍ਰਹਿਣ ਕੀਤਾ, ਪਰ ਜੋ ਚਿੰਤਨ ਆਪ ਦੀ ਪੰਜਾਬੀ ਰਚਨਾ ਵਿਚੋਂ ਮਿਲਦਾ ਹੈ, ਉਹ ਉਨ੍ਹਾਂ ਦੇ ਜਾਤੀ ਰਹੱਸਵਾਦੀ ਅਨੁਭਵ ਦਾ ਪ੍ਰਮਾਣ ਹੈ, ਨਾ ਕਿ ਕੁਰਾਨ ਦਾ ਅਨੁਵਾਦ ਹੈ। ਉਨ੍ਹਾਂ ਦੀ ਰਚਨਾ ਵਿਚ

---

1. ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਮਾਣ ਮੌਜੂਦ ਹਨ, ਜਿਨ੍ਹਾਂ ਤੋਂ ਸਿੱਧ ਹੈ ਕਿ ਸ਼ੇਖ਼ ਫ਼ਰੀਦ ਜੀ ਦੀ ਬਾਣੀ ਉਨ੍ਹਾਂ ਆਪ ਹੀ ਇਕੱਤ੍ਰ ਕੀਤੀ ਸੀ।
2. ਸੂਫ਼ੀਵਾਦ ਤੇ ਹੋਰ ਲੇਖ, ਪੰਨਾ 19.
3. ਡਾ: ਦੀਵਾਨ ਸਿੰਘ, ਸੂਫ਼ੀਵਾਦ ਤੇ ਹੋਰਲੇਖ, ਪੰਨਾ 10.

ਕੁਰਾਨ ਦੀ ਤਾਲੀਮ ਦਾ ਸਾਰ ਭਾਵੇਂ ਆ ਗਿਆ ਹੈ, ਪਰ ਇਹ ਰਚਨਾ ਕੁਰਾਨ ਦਾ ਪ੍ਰਤਿਬਿੰਬ ਨਹੀਂ ਹੈ। ਫਰੀਦ ਜੀ ਨੇ ਕੁਰਾਨ ਦਾ ਸਾਰ ਉਸ ਤਰ੍ਹਾਂ ਹੀ ਗ੍ਰਹਿਣ ਕੀਤਾ ਹੈ ਜਿਵੇਂ ਕਿ ਮੌਲਾਨਾ ਜਲਾਲੁਦੀਨ ਰੂਮੀ(ਜਨਮ 1207 ਈ.) ਨੇ ਕੀਤਾ ਸੀ। ਜਲਾਲੁਦੀਨ ਰੂਮੀ ਨੇ ਕਿਹਾ ਹੈ ਕਿ ਮੈਂ ਕੁਰਾਨ ਦਾ ਮਗਜ਼(ਸਾਰ) ਕੱਢ ਲਿਆ ਹੈ ਅਤੇ ਹੱਡੀਆਂ ਕੁੱਤਿਆਂ ਅੱਗੇ ਸੁੱਟ ਦਿੱਤੀਆਂ ਹਨ। ਫਰੀਦ ਦੀ ਰਚਨਾ ਵਿਚ ਕੇਵਲ ਸਰਬ ਸਾਂਝੇ ਨਿਰੋਲ ਰਹੱਸਵਾਦੀ, ਸਦਾਚਾਰਕ ਆਤਮਕ ਮਸਲਿਆਂ, ਵਿਚਾਰਾਂ ਤੇ ਸਿਧਾਂਤਾਂ ਤੇ ਬਲ ਹੈ। ਇਸ ਤਰ੍ਹਾਂ ਫਰੀਦ ਬਾਣੀ ਕੁਰਬਾਣੀ ਦੇ ਇਸ ਸੰਬੰਧ ਦੇ ਅਨੁਕੂਲ ਹੈ।[1] ਬਾਬਾ ਫਰੀਦ ਨੇ ਮੁਸਲਮਾਨੀ ਸ਼ਬਦਾਵਲੀ ਨਾਲੋਂ ਵਧੇਰੇ ਹਿੰਦੂ ਸ਼ਬਦਾਵਲੀ ਵਰਤੀ ਹੈ। ਆਪ ਦੇ 1381 ਸ਼ਬਦਾਂ ਦੇ ਸ਼ਬਦ ਭੰਡਾਰ ਵਿਚ ਸਾਮੀ ਸੋਮਿਆਂ ਤੋਂ ਪ੍ਰਾਪਤ ਸ਼ਬਦਾਂ ਦੀ ਗਿਣਤੀ 100 ਤੋਂ ਵੀ ਘਟ ਹੈ ਅਤੇ ਇਸਦੇ ਟਾਕਰੇ ਉਤੇ ਸੰਸਕ੍ਰਿਤ ਤੋਂ ਲਈ ਸ਼ਬਦਾਵਲੀ 400 ਸ਼ਬਦਾਂ ਦੇ ਨੇੜੇ ਤੇੜੇ ਜਾ ਪੁੱਜਦੀ ਹੈ।[2] ਇਸ ਤੋਂ ਇਹ ਨਿਰਣਾ ਹੁੰਦਾ ਹੈ ਕਿ ਬਾਬਾ ਫਰੀਦ ਕੱਟੜ ਮੁਸਲਮਾਨ ਕਵੀ ਨਹੀਂ ਸਗੋਂ ਉਦਾਰਚਿਤ ਸੂਫ਼ੀ ਕਵੀ ਸੀ।

ਸੂਫ਼ੀ ਵਿਚਾਰਧਾਰਾ ਦੇ ਕੁਝ ਉਘੜਵੇਂ ਪੱਖ ਇਹ ਹਨ:

<u>ਰੱਬ ਦਾ ਸੰਕਲਪ</u>

ਸੂਫ਼ੀ ਦੀ ਲੋਚਾ ਰੱਬ ਵੱਲ ਧਿਆਨ ਧਰ ਕੇ ਉਸ ਵਿਚ ਅਭੇਦ ਹੋ ਜਾਣਾ ਹੈ। ਇਕ ਪ੍ਰੇਮਿਕਾ ਦੀ ਪ੍ਰੇਮੀ ਵਿਚ ਅਭੇਦ ਹੋ ਜਾਣ ਦੀ ਲੋਚਾ ਹੈ। ਸੂਫ਼ੀ ਉਸ ਪਰਮ ਸੱਤਾ ਨੂੰ ਅਲਾਹ, ਖੁਦਾ, ਰੱਬ ਕਹਿੰਦਾ ਹੈ ਅਤੇ ਸ਼ਹੁ ਜਾਂ ਪਿਆਰਾ ਵੀ। ਫਰੀਦ ਜੀ ਲਿਖਦੇ ਹਨ:

ਬੋਲੈ ਸ਼ੇਖ ਫਰੀਦ ਪਿਆਰੇ ਅਲਹ ਲਗੇ। (ਆਸਾ)488

...

ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ। (ਆਸਾ)488

...

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ। (ਸਲੋਕ)19

...

ਕਹੈ ਫਰੀਦ ਸਹੇਲੀਹੋ ਸਹੁ ਅਲਾਇਸੀ। (ਸੂਹੀ)794

...

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ। (ਸਲੋਕ 130)

ਉਸਦੇ ਕਈ ਗੁਣ ਨਾਮ ਵੀ ਦੱਸੇ ਹਨ, ਜਿਵੇਂ:

ਪਰਵਦਗਾਰ ਅਪਾਰ ਅਗਮ ਬੇਅੰਤ ਤੂੰ।
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ। (ਆਸਾ)488

---

1. ਬਾਬਾ ਫਰੀਦ, ਜੀਵਨ, ਸਮਾਂ ਅਤੇ ਰਚਨਾ, ਪੰਨਾ 87-88.
2. ਡਾ: ਗੁਰਚਰਨ ਸਿੰਘ, ਉਹੀ, ਪੰਨਾ 177.

ਕੁਰਾਨ ਵਿਚ ਉਸਦਾ ਟਿਕਾਣਾ ਸਤਵੇਂ ਆਕਾਸ਼ ਵਿਚ ਨਹੀਂ ਸਗੋਂ ਹਰ ਪ੍ਰਾਣੀ ਮਾਤਰ ਅੰਦਰ ਹੈ। ਇਸ ਕਰਕੇ ਕਿਸੇ ਦਾ ਦਿਲ ਦੁਖਾਣਾ ਰੱਬ ਦੀ ਨਿਰਾਦਰੀ ਹੈ। ਦੂਜੇ ਉਸ ਨੂੰ ਜੰਗਲਾਂ ਵਿਚ ਭਾਲਣਾ ਵੀ ਫਜ਼ੂਲ ਹੈ:

ਫਰੀਦਾ ਜੰਗਲ ਜੰਗਲ ਕਿਆ ਭਵਹਿ ਵਣਿ ਕੰਡਾ ਮੋੜੇਹਿ
ਵਸੀ ਰਬ ਹਿਆਲੀਐ ਜੰਗਲੁ ਕਿਆ ਢੂਢੇਹਿ। (ਸਲੋਕ)19

ਗੁਰੂ ਨਾਨਕ ਨੇ ਵੀ, ਜਿਵੇਂ ਕਿ ਪਹਿਲਾਂ ਵਰਣਨ ਕੀਤਾ ਜਾ ਚੁੱਕਾ ਹੈ ਅਲਹ, ਰੱਬ, ਖੁਦਾ ਅਤੇ ਉਕਤ ਵਿਸ਼ੇਸ਼ਣਾਂ[1] ਨਾਲ ਪਰਮ ਸਤਿ ਨੂੰ ਸੰਬੋਧਨ ਕੀਤਾ ਹੈ ਅਤੇ ਉਸ ਨੂੰ ਘਟ ਘਟ ਵਿਆਪ ਰਿਹਾ ਦੱਸਿਆ ਹੈ।

ਫਰੀਦ ਨੇ ਰੱਬ ਨੂੰ ਬਹੁਤ ਵੱਡਾ ਕਿਹਾ ਹੈ ਜਿਸ ਦੇ ਤੁਲ ਹੋਰ ਕੋਈ ਨਹੀਂ:

ਤੈ ਜੇਵਡ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ। (ਸਲੋਕ 5)

ਗੁਰੂ ਨਾਨਕ ਨੇ ਵੀ ਪਰਮਾਤਮਾ ਨੂੰ ਵੱਡਾ ਕਿਹਾ ਹੈ:

ਸੁਣਿ ਵਡਾ ਆਖੈ ਸਭੁ ਕੋਇ। ਕੇਵਡੁ ਵਡਾ ਡੀਠਾ ਹੋਇ। (ਆਸਾ)9

...

ਵਡਾ ਸਾਹਿਬੁ ਊਚਾ ਥਾਉ। ਊਚੇ ਉਪਰਿ ਊਚਾ ਨਾਉ। (ਜਪੁਜੀ)

ਸੂਫੀਆਂ ਨੇ ਰੱਬ ਦੀ ਏਕਤਾ ਤੇ ਬਲ ਦਿੱਤਾ ਹੈ। ਦ੍ਵੈਤ ਨੂੰ ਮੰਦਾ ਕਿਹਾ ਗਿਆ ਹੈ। ਬਾਬਾ ਫਰੀਦ ਜੀ ਨੇ ਵੀ ਇਕਾਗਰੀ ਜਾਂ ਇਕ ਰੱਬ ਦੀ ਭਗਤੀ ਲਈ ਹੀ ਭਾਵਨਾ ਪ੍ਰਗਟਾਈ ਹੈ:

ਜਿਨਾ ਨਾਮੁ ਸੁਹਾਗਣੀ ਤਿਨਾ ਝਾਕ ਨ ਹੋਰ। (ਸਲੋਕ 114)

ਅਤੇ

ਧ੍ਰਿਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ। (ਸਲੋਕ 21)

ਗੁਰੂ ਨਾਨਕ ਬਾਣੀ ਵਿਚ ਵੀ ਇਕ ਪ੍ਰਭੂ ਦਾ ਵਿਚਾਰ ਦ੍ਰਿੜ੍ਹ ਕਰਾਇਆ ਹੈ, ਉਨ੍ਹਾਂ ਅਨੁਸਾਰ ਦ੍ਵੈਤ ਭਾਵਨਾ ਵਾਲਾ ਸੰਸਾਰ ਸਾਗਰ ਤੋਂ ਤਰ ਨਹੀਂ ਸਕਦਾ:

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ। (ਵਾਰ ਆਸਾ)470

ਅਨਲਹਕ

ਰੱਬ ਨਾਲ ਅਭੇਦ ਹੋਇਆ ਵੇਦਾਂਤੀ ਜਿਥੇ ਆਪਣੇ ਆਪ ਨੂੰ ਅਹੰਬ੍ਰਹਮਾਸਮੀ ਅਰਥਾਤ 'ਮੈਂ ਹੀ ਬ੍ਰਹਮ ਹਾਂ' ਕਹਿੰਦਾ ਹੈ ਉਥੇ ਸੂਫੀ ਵੀ ਅਨਲਹਕ ਦਾ ਨਾਅਰਾ ਮਾਰਦਾ ਆਪਣੇ ਆਪ

1. ਦੇਖੋ ਇਸੇ ਅਧਿਆਇ ਵਿਚ ਇਸਲਾਮੀ ਸਭਿਆਚਾਰ ਦਾ ਚਿਤ੍ਰਨ.

ਨੂੰ ਖ਼ੁਦਾ ਕਹਿਣ ਲਗ ਪੈਂਦਾ ਹੈ। ਇਸਲਾਮ ਅਨੁਸਾਰ ਅਜਿਹਾ ਕਹਿਣਾ ਕੁਫ਼ਰ ਹੈ। ਮਨਸੂਰ ਅਤੇ ਸ਼ਮਸਤਬਰੇਜ਼ ਨੂੰ ਇਸੇ ਕਰਕੇ ਹੀ ਮੌਤ ਦੀ ਸਜ਼ਾ ਮਿਲੀ। ਗੁਰੂ ਨਾਨਕ ਨੇ ਵੀ ਇਸ ਹਉਮੈ ਭਾਵ ਦਾ ਵਿਰੋਧ ਕੀਤਾ ਹੈ। ਅਹੰਕਾਰ ਆਤਮਾ ਪਰਮਾਤਮਾ ਵਿਚਕਾਰ ਦੀਵਾਰ ਬਣਦਾ ਹੈ। ਅਭੇਦ ਹੋਇਆਂ ਵੀ ਗੁਰੂ ਨਾਨਕ ਨੇ ਆਪਣੇ ਆਪ ਨੂੰ ਦਾਸ[1] ਹੀ ਕਿਹਾ ਹੈ। ਭਗਤ ਭਗਤੀ ਦੁਆਰਾ ਪਰਮਾਤਮਾ ਦਾ ਰੂਪ ਤਾਂ ਹੋ ਸਕਦਾ ਹੈ ਪਰ ਪਰਮਾਤਮਾ ਨਹੀਂ। ਬੂੰਦ ਸਾਗਰ ਵਿਚ ਸਮਾ ਜਾਂਦੀ ਹੈ ਪਰ ਸਾਗਰ ਨਹੀਂ ਹੋ ਸਕਦੀ।

## ਰੂਹ (ਆਤਮਾ)

ਸੂਫ਼ੀ ਸਾਹਿਤ ਵਿਚ ਆਤਮਾ ਦਾ ਸੰਕਲਪ ਸਪਸ਼ਟ ਨਹੀਂ ਹੈ। ਇਸ ਵਿਸ਼ੇ ਤੇ ਸੂਫ਼ੀ ਮੱਤ ਧੁੰਦਲਾ ਹੈ। ਨਾ ਇਹ ਨਿਰੋਲ ਮੁਸਲਮਾਨੀ ਹੈ ਅਤੇ ਨਾ ਨਿਰੋਲ ਭਾਰਤੀ, ਨਾ ਨਿਰੋਲ ਪਲੈਟੋਨਿਕ। ਅਬਿਨਾਸੀ ਨਿਰੰਤਰ ਹਸਤੀ ਵਾਲੀ ਆਤਮਾ ਦਾ ਸਿਧਾਂਤ ਸੂਫ਼ੀ ਕਾਵਿ ਵਿਚ ਨਹੀਂ ਆਇਆ। ਪਰ ਸੂਫ਼ੀ ਕਾਵਿ ਵਿਚ ਆਤਮਾ ਦਾ ਉਹ ਸਿਧਾਂਤ ਆਇਆ ਹੈ ਜੋ ਆਪਣੇ ਕਰਮਾਂ ਲਈ ਜੁਆਬ ਦੇਹ ਹੈ।[2] ਸੂਫ਼ੀ ਚਿੰਤਕਾਂ ਦਾ ਰੂਹ ਬਾਰੇ ਇਹੋ ਹੀ ਮੱਤ ਹੈ ਕਿ ਇਹ ਇਕ ਅਜੀਬ ਰਹੱਸ ਹੈ। ਜੁਨੈਦ ਨੇ ਕਿਹਾ ਹੈ, "ਇਸਦੇ ਤਤਵ ਅਤੇ ਪ੍ਰਕਿਰਤੀ ਬਾਰੇ ਸਿਰਫ਼ ਈਸ਼ਵਰ ਨੂੰ ਹੀ ਗਿਆਨ ਹੈ। ਇਸ ਬਾਰੇ ਇਸ ਤੋਂ ਵਧੇਰੇ ਕੁਝ ਨਹੀਂ ਕਿਹਾ ਜਾ ਸਕਦਾ। ਇਕ ਹੋਰ ਸੂਫ਼ੀ ਨੇ ਇਸ ਦੇ ਬਾਰੇ ਕਿਹਾ ਹੈ ਕਿ ਇਹ ਅਧਿਆਤਮ ਤੱਤਵ ਹੈ ਅਤੇ ਬੁਧੀ ਤੋਂ ਪਰ੍ਹੇ ਹੈ। ਅੱਗੇ ਉਹ ਵੀ ਕਹਿੰਦਾ ਹੈ ਕਿ ਇਸ ਬਾਰੇ ਇਸ ਤੋਂ ਵਧੇਰੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਸ ਦਾ ਅਸਿਤਤ੍ਵ ਹੈ। ਅਬੂਸਈਦ ਅਲ-ਖ਼ੱਰਾਜ਼ ਕਹਿੰਦਾ ਹੈ ਕਿ ਰੂਹ ਪੈਦਾ ਕੀਤੀ ਜਾਂਦੀ ਹੈ ਅਤੇ ਇਸ ਦੇ ਕਾਰਨ ਹੀ ਸਰੀਰ ਨੂੰ ਹੋਂਦ ਅਤੇ ਜੀਵਨ ਪ੍ਰਾਪਤ ਹੁੰਦਾ ਹੈ। ਬੁੱਧੀ ਅਤੇ ਤਰਕ ਇਸ ਨਾਲ ਸੰਬੰਧਿਤ ਹਨ।[3] ਸੂਫ਼ੀ ਕਾਵਿ ਵਿਚ ਆਤਮਾ ਨੂੰ ਇਸਤ੍ਰੀ ਰੂਪ ਵਿਚ ਚਿਤ੍ਰਿਆ ਹੈ। ਬਾਬਾ ਫ਼ਰੀਦ[4] ਨੇ ਇਸਲਾਮੀ ਵਿਚਾਰ ਅਨੁਸਾਰ ਰੂਹਾਂ ਦਾ ਟਿਕਾਣਾ ਗੋਰਾਂ (ਕਬਰਾਂ) ਵਿਚ ਦੱਸਿਆ ਹੈ।

ਗੁਰੂ ਨਾਨਕ ਬਾਣੀ ਵਿਚ ਆਤਮਾ ਦਾ ਸੰਬੋਧ ਸਪਸ਼ਟ ਹੈ ਕਿ ਇਹ ਰਾਮ ਦੀ ਅੰਸ਼ ਹੈ, ਅਮਰ ਅਤੇ ਅਜਰ ਹੈ। ਮਰਨੋਪ੍ਰਾਂਤ ਆਤਮਾ ਜਾਂ ਆਵਾਗਵਨ ਦਾ ਚੱਕਰ ਕਟਦੀ ਹੈ ਜਾਂ ਪਰਮਾਤਮਾ ਵਿਚ ਜਾ ਸਮਾਂਦੀ ਹੈ। ਜੀਵਾਤਮਾ ਨੂੰ ਗੁਰੂ ਨਾਨਕ ਬਾਣੀ ਵਿਚ ਵੀ ਇਸਤ੍ਰੀ ਰੂਪ ਵਿਚ ਚਿਤ੍ਰਿਆ ਹੈ।

---

1. ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ। (ਸਲੋਕ ਸਹਸਕ੍ਰਿਤੀ) 1355.
2. ਡਾ: ਤਾਰਨ ਸਿੰਘ, ਪੰਜਾਬੀ ਦੁਨੀਆਂ, ਸੂਫ਼ੀ ਸਾਹਿੱਤ ਅੰਕ, ਪੰਨਾ 79.
3. ਡਾ: ਸਾਧੂ ਰਾਮ ਸ਼ਾਰਦਾ ਦੀ ਪੁਸਤਕ ਸੂਫ਼ੀ ਮਤ ਅਤੇ ਪੰਜਾਬੀ ਸੂਫ਼ੀ ਸਾਹਿੱਤ, ਪੰਨੇ 50-51 ਉਤੇ ਉਦਧ੍ਰਿਤ.
4. ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ। (ਸਲੋਕ 97)

## ਮੁਰਸ਼ਦ(ਗੁਰੂ) ਦੀ ਮਹਾਨਤਾ

ਹਰੇਕ ਸੂਫ਼ੀ ਫ਼ਕੀਰ ਨੂੰ ਰੱਬ ਵਿਚ ਅਭੇਦ ਹੋਣ ਲਈ ਗੁਰੂ ਧਾਰਨ ਕਰਨਾ ਹੁੰਦਾ ਹੈ। ਸੂਫ਼ੀ ਲਈ ਜ਼ਰੂਰੀ ਹੈ ਕਿ ਉਸਦਾ ਗੁਰੂ ਵਿਚ ਅਟੱਲ ਵਿਸ਼ਵਾਸ ਹੋਵੇ ਜੋ ਕਿ ਰੱਬ ਵਾਂਗ ਹੀ ਹੁੰਦਾ ਹੈ। ਗੁਰੂ ਦੀ ਆਗਿਆ ਅਨੁਸਾਰ ਕੀਤਾ ਹਰ ਕੰਮ ਠੀਕ ਹੈ ਅਤੇ ਗੁਰੂ ਦੀ ਸਹਾਇਤਾ ਤੋਂ ਬਿਨਾਂ ਸਹੀ ਰਸਤੇ ਤੇ ਚਲਣਾ ਸੰਭਵ ਹੀ ਨਹੀਂ। ਮੁਰਸ਼ਦ ਤੇ ਪੂਰਾ ਯਕੀਨ ਹੋਣ ਨਾਲ ਰੱਬ ਦੀ ਪ੍ਰਾਪਤੀ ਛੇਤੀ ਹੋ ਜਾਂਦੀ ਹੈ।[1] ਗੁਰੂ ਦੀ ਕ੍ਰਿਪਾ ਅਤੇ ਸਹਾਇਤਾ ਤੋਂ ਬਿਨਾਂ ਮੁਰੀਦ ਲਈ ਕੁਝ ਵੀ ਕਰ ਸਕਣਾ ਸੰਭਵ ਨਹੀਂ ਹੈ। ਇਸ ਲਈ ਸੂਫ਼ੀ ਸਾਧਕ ਲਈ ਆਵੱਸ਼ਕ ਹੈ ਕਿ ਉਹ ਆਪਣੇ ਆਪ ਨੂੰ ਮੁਰਸ਼ਦ ਦੇ ਸਮਰਪਤ ਕਰ ਦੇਵੇ।[2] ਹਜ਼ਰਤ ਨਿਜ਼ਾਮੁੱਦੀਨ ਔਲੀਆ ਕਿਹਾ ਕਰਦੇ ਸਨ ਕਿ ਮੁਰੀਦ ਦਾ ਇਕੋ ਹੀ ਪੀਰ ਹੋਣਾ ਚਾਹੀਦਾ ਹੈ। ਮੁਰੀਦ ਨੂੰ ਆਪਣੇ ਪੀਰ ਦੀ ਦੱਸੀ ਹੋਈ ਵਾਟ ਉਪਰ ਹੀ ਚਲਣਾ ਚਾਹੀਦਾ ਹੈ।[3] ਬਾਬਾ ਫ਼ਰੀਦ ਨੇ ਆਪਣੇ ਗੁਰੂ, ਪੀਰ ਜਾਂ ਮੁਰਸ਼ਦ ਪ੍ਰਤਿ ਇਹ ਸਾਰੀਆਂ ਭਾਵਨਾਵਾਂ ਵਿਅਕਤ ਕੀਤੀਆਂ ਹਨ। ਉਦਾਹਰਣ ਵਜੋਂ ਆਪ ਲਿਖਦੇ ਹਨ:

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ। (ਆਸਾ)488

ਗੁਰਬਾਣੀ ਵਿਚ ਵੀ ਗੁਰੂ ਦਾ ਬਹੁਤ ਮਹੱਤਵ ਹੈ। ਗੁਰੂ ਤੋਂ ਬਿਨਾਂ ਨਾ ਸੰਸਾਰਕ ਅਤੇ ਨਾ ਹੀ ਪਰਲੌਕਿਕ ਕੋਈ ਪ੍ਰਾਪਤੀ ਹੋ ਸਕਦੀ ਹੈ:

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ।
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ।[4]

(ਵਾਰ ਆਸਾ)466

## ਰੱਬ ਦੀ ਭਗਤੀ ਜਾਂ ਬੰਦਗੀ

ਸੂਫ਼ੀਆਂ ਅਨੁਸਾਰ ਰੱਬ ਦੀ ਪ੍ਰਾਪਤੀ ਲਈ ਉਸਦੀ ਬੰਦਗੀ ਕਰਨੀ ਜ਼ਰੂਰੀ ਹੈ। ਉਹ ਦਿਨ ਰਾਤ ਸਿਮਰਨ ਕਰਦਾ ਹੋਇਆ ਉਸਦੇ ਰੰਗ ਵਿਚ ਰੰਗਿਆ ਰਹਿੰਦਾ ਹੈ। ਰੱਬ ਦੀ ਸੱਚੀ ਸੁੱਚੀ ਭਗਤੀ ਉਸ ਨੂੰ ਆਪਾ ਸਮਰਪਣ ਕਰਕੇ ਹੀ ਹੁੰਦੀ ਹੈ। ਇਸ ਭਾਵਨਾ ਨੂੰ ਬਾਬਾ ਫ਼ਰੀਦ ਨੇ

1. Cultural Heritage of India, Vol. IV, p.596.
2. ਡਾ:ਰਤਨ ਸਿੰਘ ਜੱਗੀ,ਗੁਰੂ ਨਾਨਕ ਵਿਚਾਰਧਾਰਾ,ਪੰਨਾ 323.
3. ਡਾ:ਜੀਤ ਸਿੰਘ ਸੀਤਲ,ਬਾਬਾ ਫ਼ਰੀਦ,ਜੀਵਨ ਸਮਾਂ ਅਤੇ ਰਚਨਾ,ਪੰਨਾ 8.
4. ਹੋਰ ਵੇਖੋ ਅਧਿਆਇ ਚੌਥਾ.

ਇਸ ਤਰ੍ਹਾਂ ਵਿਅਕਤ ਕੀਤਾ ਹੈ:

ਤੇਰੀ ਪਨਹ ਖੁਦਾਇ ਤੂ ਬਖਸੰਦਗੀ। ਸੇਖ ਫਰੀਦੈ ਖੈਰੁ ਦੀਜੈ ਬੰਦਗੀ॥
(ਆਸਾ)488

ਰੱਬ ਦੇ ਨਾਮ ਸਿਮਰਨ ਦਾ ਮਹੱਤਵ ਦਸਦਿਆਂ ਆਪ ਕਹਿੰਦੇ ਹਨ ਕਿ ਇਸੇ ਵਿਚ ਹੀ ਜ਼ਿੰਦਗੀ ਹੈ। ਜਿਹੜੇ ਨਾਮ ਨਹੀਂ ਸਿਮਰਦੇ ਉਨ੍ਹਾਂ ਦੀ ਸਥਿਤੀ ਬਾਬਾ ਫਰੀਦ ਜੀ ਦਸਦੇ ਹਨ:

ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ। (ਆਸਾ)488

ਸੂਫ਼ੀ ਅਖਲਾਕ ਨਾਮ ਜਪਣ ਦੀ ਅਤਮਿਕ ਸਾਧਨਾ ਨਾਲ ਡੂੰਘਾ ਸੰਬੰਧ ਰਖਦੀ ਹੈ। ਸੂਫ਼ੀ ਇਸ ਨੂੰ 'ਜ਼ਿਕਰ' ਕਹਿੰਦੇ ਹਨ। ਗੁਰਬਾਣੀ ਵਿਚ ਇਸ ਨੂੰ ਸਿਮਰਨ ਆਖਿਆ ਹੈ।[1] ਸ਼ੇਖ਼ ਫਰੀਦ ਜੀ ਜ਼ਿਕਰ ਨੂੰ ਬੰਦਗੀ ਤੇ ਨਾਮ ਜਪਣਾ ਹੀ ਕਹਿੰਦੇ ਹਨ।

ਗੁਰੂ ਨਾਨਕ ਬਾਣੀ ਵਿਚ ਨਾਮ ਸਿਮਰਨ ਪ੍ਰਭੂ-ਪ੍ਰਾਪਤੀ ਲਈ ਪ੍ਰਮੁੱਖ ਵਿਧੀ ਹੈ। ਨਾਮ ਨੂੰ ਹੀ ਅਸਲ ਜੋਗ ਕਿਹਾ ਹੈ।[2] ਨਾਮ ਉਨ੍ਹਾਂ ਨੂੰ ਤਨ ਮਨ ਧਨ ਨਾਲੋਂ ਵੀ ਵਧੇਰੇ ਪਿਆਰਾ ਹੈ:

ਮਨ ਤਨ ਧਨ ਤੇ ਨਾਮੁ ਪਿਆਰਾ। ਅੰਤਿ ਸਖਾਈ ਚਲਣਹਾਰਾ।
(ਮਾਰੂ ਸੋਲਹੇ)1042

ਨਾਮ ਸਿਮਰਨ ਹੀ ਜੀਵਨ ਹੈ:

ਆਖਾ ਜੀਵਾ ਵਿਸਰੈ ਮਰਿ ਜਾਉ। ਆਖਣਿ ਅਉਖਾ ਸਾਚਾ ਨਾਉ।
(ਆਸਾ)9

ਜਿਹੜੇ ਨਾਮ ਨਹੀਂ ਸਿਮਰਦੇ, ਫਰੀਦ ਵਲ ਉਨ੍ਹਾਂ ਦਾ ਹਸ਼ਰ ਇਸ ਤਰ੍ਹਾਂ ਦੱਸਿਆ ਹੈ:

ਨਾਮ ਬਿਹੂਣੇ ਮਾਥੇ ਛਾਈ। (ਆਸਾ)412

<u>ਅੰਮ੍ਰਿਤ ਵੇਲਾ</u>

ਸੂਫ਼ੀ ਸਾਹਿਤ ਅਤੇ ਗੁਰਬਾਣੀ ਵਿਚ ਬੰਦਗੀ ਜਾਂ ਨਾਮ ਸਿਮਰਨ ਦਾ ਸ੍ਰੇਸ਼ਟ ਵੇਲਾ 'ਅੰਮ੍ਰਿਤ' ਦਾ ਹੀ ਦੱਸਿਆ ਹੈ। ਫਰੀਦ ਬਾਣੀ ਅਨੁਸਾਰ:

ਫਰੀਦਾ ਪਿਛਲਿ ਰਾਤ ਨ ਜਾਗਿਓਹਿ ਜੀਵਦੜੋ ਮੁਇਓਹਿ।
ਜੇ ਤੈ ਰਬੁ ਵਿਸਾਰਿਆ ਤੇ ਰਬ ਨ ਵਿਸਰਿਓਹਿ। (ਸਲੋਕ,107)

...

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ।
ਜੋ ਜਾਗੰਨ੍ਹਿ ਲਹੰਨ੍ਹਿ ਸੇ ਸਾਂਈ ਕੰਨੋ ਦਾਤਿ। (ਸਲੋਕ,112)

---

1. ਡਾ: ਤ੍ਰਿਲੋਚਨ ਸਿੰਘ, ਬਾਬਾ ਫਰੀਦ, ਜੀਵਨ, ਦਰਸ਼ਨ ਅਤੇ ਸਮਾਂ, ਪੰਨਾ 64.
2. ਵੇਖੋ ਅਧਿਆਇ ਚੌਥਾ.

ਗੁਰੂ ਨਾਨਕ ਨੇ ਜਪੁਜੀ ਵਿਚ ਲਿਖਿਆ ਹੈ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। (ਜਪੁਜੀ)

ਉਸ ਪਰਮਾਤਮਾ ਦੀ ਬਖਸ਼ਿਸ਼ ਕਿਸੇ ਵੇਲੇ ਵੀ ਨਾਜ਼ਲ ਹੋ ਸਕਦੀ ਹੈ। ਜਦ 'ਉਸਦੀ' ਮਿਹਰ ਹੋਵੇ ਤਾਂ ਉਹ ਸੁੱਤਿਆਂ ਉਠਾ ਕੇ ਵੀ ਨਾਮ ਨਾਲ ਜੋੜ ਦਿੰਦਾ ਹੈ। ਗੁਰੂ ਨਾਨਕ ਦੇਵ ਜੀ 'ਪ੍ਰਭੂ ਦੀ ਦਾਤ' ਦਾ ਸਪਸ਼ਟੀਕਰਣ ਕਰਦੇ ਲਿਖਦੇ ਹਨ:

ਦਾਤੀ ਸਾਹਿਬ ਸੰਦੀਆ ਕਿਆ ਚਲਹਿ ਤਿਸੁ ਨਾਲਿ।
ਇਕਿ ਜਾਗੰਦੇ ਨ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ।
(ਸਲੋਕ 1/83)

ਫਰੀਦ ਜੀ ਆਮ ਜਗਿਆਸੂ ਦੀ ਸਥਿਤੀ ਦਸਦੇ ਲਿਖਦੇ ਹਨ ਕਿ ਜਿਸ ਨੇ ਜਪ ਤਪ ਦਾ ਬੇੜਾ ਸਮੇਂ ਸਿਰ ਨਹੀਂ ਬੰਨ੍ਹਿਆ, ਬੁਢਾਪੇ ਵੇਲੇ ਉਹ ਸੰਸਾਰ ਸਾਗਰ ਤਰਨ ਦੇ ਸਮਰੱਥ ਨਹੀਂ ਹੋ ਸਕੇਗਾ। ਅਜਿਹਾ ਮਨੁੱਖ ਰੱਬੀ ਦਰਗਾਹ ਵਿਚ ਨਿਰਾਦਰੀ ਪਾਵੇਗਾ। ਉਨ੍ਹਾਂ ਦੇ ਸ਼ਬਦ ਦੀਆਂ ਪੰਕਤੀਆਂ ਹਨ:

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ।
ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ। (ਸੂਹੀ /794

ਗੁਰੂ ਨਾਨਕ ਦੇਵ ਜੀ ਇਸ ਬੇੜੇ ਦਾ ਚਿਤ੍ਰਨ ਇਸ ਤਰ੍ਹਾਂ ਕਰਕੇ ਜਗਿਆਸੂ ਨੂੰ ਉਤਸ਼ਾਹ ਦਿੰਦੇ ਹਨ:

ਜਪ-ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ।
ਨਾ ਸਰਵਰੁ ਨ ਊਛਲੈ ਐਸਾ ਪੰਥ ਸੁਹੇਲਾ।
ਤੇਰਾ ਏਕੋ ਨਾਮ ਮਜੀਠੜਾ ਰਤਾ ਮੇਰਾ ਚੋਲਾ ਸਦਰੰਗ ਢੋਲਾ।
ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ।
ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ। (ਸੂਹੀ /729

<u>ਪ੍ਰੀਤ</u>

ਸੂਫ਼ੀ ਮੱਤ ਪਿਆਰ ਜਾਂ ਇਸ਼ਕ ਹਕੀਕੀ ਦਾ ਮਾਰਗ ਹੈ, ਜਿਸਨੂੰ ਗੁਰਬਾਣੀ ਵਿਚ ਪ੍ਰੇਮਾ ਭਗਤੀ ਕਿਹਾ ਹੈ। ਮੁਹੱਬਤ ਜ਼ਿੰਦਗੀ ਦਾ ਸਾਰ ਤੱਤ ਹੈ। ਮੁਹੱਬਤ ਮਾਨਵੀ ਜੀਵਨ ਦਾ ਮਨੋਰਥ ਹੈ। ਸੂਫ਼ੀ ਤਸੱਵੁਫ਼ ਦਾ ਕੇਂਦਰੀ ਸਿਧਾਂਤ ਇਹ ਹੈ ਕਿ ਸ੍ਰਿਸ਼ਟੀ ਰਚਨਾ ਕੇਵਲ ਰੱਬ ਦੇ ਇਸ਼ਕ ਲਈ ਰਚੀ ਗਈ ਹੈ। ਸ਼ੇਖ਼ ਫ਼ਰੀਦ ਦਾ ਇਸ ਸਿਧਾਂਤ ਵਿਚ ਅਟੱਲ ਵਿਸ਼ਵਾਸ ਸੀ।[1]

---

1. ਸਯਦ ਕਿਰਮਾਨੀ: ਸੀਯਰ-ਉਲ-ਔਲੀਆ, ਪੰਨਾ 455 (ਹਵਾਲਾ ਡਾ. ਤ੍ਰਿਲੋਚਨ ਸਿੰਘ - ਬਾਬਾ ਫ਼ਰੀਦ - ਜੀਵਨ, ਸਮਾਂ ਤੇ ਰਚਨਾ, ਪੰਨਾ 59).

ਬਾਬਾ ਫਰੀਦ ਦੀਆਂ ਇਨ੍ਹਾਂ ਪੰਕਤੀਆਂ ਤੋਂ ਸੂਫ਼ੀਆਂ ਦੀ ਪ੍ਰੇਮ ਭਾਵਨਾ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ:

ਕਰ ਸਾਂਈਂ ਸਿਉ ਪਿਰਹੜੀ ਰੰਗ ਨਵੇਲਾ ਹੋਇ। (ਸਲੋਕ 12)

...

ਜੋਬਨ ਜਾਦੇ ਨ ਡਰਾ ਜੇ ਸਹ ਪ੍ਰੀਤਿ ਨ ਜਾਇ।
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ। (ਸਲੋਕ 34)

...

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ। (ਰਾਗ ਆਸਾ) 488

...

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ। (ਸਲੋਕ 25)

ਪਿਆਰੇ ਨੂੰ ਮਿਲਣ ਦੀ ਪ੍ਰਬਲ ਕਾਮਨਾ ਹੋਣੀ ਚਾਹੀਦੀ ਹੈ। ਅੰਦਰ ਕੋਈ ਦਰਦ ਜਾਗਣਾ ਚਾਹੀਦਾ ਹੈ। ਫਰੀਦ ਪਾਸੋ ਜਦ ਵੀ ਕੋਈ ਅਨਿੰਨ ਸ਼ਰਧਾ ਨਾਲ ਅਸ਼ੀਰਵਾਦ ਤੇ ਪ੍ਰੇਰਨਾ ਲੈਣ ਆਉਂਦਾ ਸੀ ਤਾਂ ਉਹ ਵਿਸ਼ੇਸ਼ ਅਸੀਸ ਦਿੰਦਾ "ਅਲਹ ਤੈਨੂੰ ਦਰਦ ਦੇਵੇ।"[1] ਫਰੀਦ ਨੇ ਬ੍ਰਿਹਾ ਦੇ ਦਰਦ ਨੂੰ ਬੜਾ ਮਹੱਤਵ ਦਿੱਤਾ ਹੈ, ਜਿਵੇਂ:

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ। (ਸਲੋਕ 36)

...

ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ। (ਸਲੋਕ 10)

ਗੁਰੂ ਨਾਨਕ ਦੇਵ ਜੀ ਨੇ ਵੀ ਪ੍ਰਭੂ ਮਿਲਣ ਲਈ ਨਾਮ ਦੀ ਭੁੱਖ ਲਗਣੀ ਜ਼ਰੂਰੀ ਦੱਸੀ ਹੈ:

ਸਾਚੇ ਨਾਮ ਕੀ ਲਾਗੈ ਭੂਖ। ਉਤੁ ਭੂਖੈ ਖਾਇ ਚਲੀਅਹਿ ਦੂਖ। (ਆਸਾ) 9

ਬਿਰਹਾ ਦਾ ਅਤਿਕ੍ਰ ਦਰਦ ਆਤਮਿਕ ਜੀਵਨ ਦਾ ਸੂਚਕ ਹੈ। ਗੁਰੂ ਸਾਹਿਬ ਨੇ ਆਪਣੇ ਮਨੋਭਾਵ ਇਸ ਤਰ੍ਹਾਂ ਪ੍ਰਗਟ ਕੀਤੇ ਹਨ:

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ। (ਵਾਰ ਮਲਾਰ) 1279

ਪ੍ਰਭੂ ਦੀ ਪ੍ਰੀਤ ਨੂੰ ਉਨ੍ਹਾਂ ਨੇ ਸੱਚੀ ਪ੍ਰੀਤ ਕਿਹਾ ਹੈ, ਜਿਹੜੀ ਕਦੀ ਟੁੱਟਦੀ ਨਹੀਂ:

ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ। (ਸਿਰੀ ਰਾਗ) 54

**ਰਜ਼ਾ-ਭਾਣਾ**

ਸੂਫ਼ੀ ਅਤੇ ਗੁਰੂ ਨਾਨਕ ਦੋਵੇਂ ਹੀ ਰੱਬ ਦੀ ਪ੍ਰਸੰਨਤਾ ਅਤੇ ਉਸਦੀ ਪ੍ਰਾਪਤੀ ਲਈ ਰਜ਼ਾ

---

1. ਫਵਾਇਦੁਲ ਫੁਆਦ, ਪੰਨਾ 132 (ਖ਼ਲੀ, ਸੰਨ 50)

(ਹਵਾਲਾ ਡਾ. ਤ੍ਰਿਲੋਚਨ ਸਿੰਘ - ਬਾਬਾ ਫਰੀਦ - ਜੀਵਨ, ਸਮਾਂ ਤੇ ਰਚਨਾ - ਪੰਨਾ 58)

ਜਾਂ ਭਾਣੇ ਵਿਚ ਰਹਿਣ ਲਈ ਜ਼ੋਰ ਦਿੰਦੇ ਹਨ। ਰਜ਼ਾ ਦੀ ਅਵਸਥਾ ਨੂੰ ਪ੍ਰਾਪਤ ਹੋਇਆ ਵਿਅਕਤੀ ਵੱਡੇ ਤੋਂ ਵੱਡੇ ਦੁਖ ਜਾਂ ਮੁਸੀਬਤ ਵੇਲੇ ਵੀ ਅਡੋਲ ਰਹਿੰਦਾ ਹੈ। 'ਦੁਖ ਵਿਚ ਸੁਖ ਮਨਾਉਣ' ਵਾਲੀ ਸਥਿਤੀ ਨੂੰ ਪ੍ਰਾਪਤ ਹੁੰਦਾ ਹੈ।[1] ਫ਼ਰੀਦ ਬਾਣੀ ਰਜ਼ਾ ਦਾ ਵਿਚਾਰ ਦ੍ਰਿੜ੍ਹ ਕਰਾਉਂਦੀ ਹੈ:

ਕੰਧੀ ਵਹਣ ਨ ਢਾਹਿ, ਤਉ ਭੀ ਲੇਖਾ ਦੇਵਣਾ।
ਜਿਧਰ ਰਬ ਰਜਾਇ, ਵਹਣ ਤਿਦਾਊ ਗੰਉ ਕਰੇ। (ਸਲੋਕ 84)

ਗੁਰੂ ਨਾਨਕ ਨੇ ਜਪੁਜੀ ਦੇ ਆਰੰਭ ਵਿਚ ਹੀ ਜੀਵ ਅਤੇ ਪਰਮਾਤਮਾ ਵਿਚਲੀ ਵਿਥ ਨੂੰ ਦੂਰ ਕਰਨ ਲਈ ਹੁਕਮ ਅਤੇ ਰਜ਼ਾ ਦੀ ਆਵੱਸ਼ਕਤਾ ਦੱਸੀ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ। (ਜਪੁਜੀ)

<u>ਅਮਲ, ਕਰਮ</u>

ਸੂਫ਼ੀ ਕਾਵਿ ਅਤੇ ਗੁਰੂ ਨਾਨਕ ਬਾਣੀ ਵਿਚ ਅਮਲ ਜਾਂ ਕਰਮ ਤੇ ਵੀ ਬਹੁਤ ਜ਼ੋਰ ਦਿੱਤਾ ਹੈ। ਪ੍ਰਭੂ ਦੀ ਦਰਗਾਹ ਵਿਚ ਅਮਲਾਂ ਕਰਕੇ ਹੀ ਨਿਬੇੜਾ ਹੋਣਾ ਹੈ। ਬਾਬਾ ਫ਼ਰੀਦ ਜੀ ਨੇ ਵੀ ਲਿਖਿਆ ਹੈ:

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹ। (ਸਲੋਕ 98)

...

ਲੇਖਾ ਰਬ ਮੰਗੇਸੀਆ ਤੂੰ ਆਹੋ ਕੇਹੇ ਕੰਮ। (ਸਲੋਕ 38)

ਇਸੇ ਭਾਵ ਦੀਆਂ ਗੁਰੂ ਨਾਨਕ ਬਾਣੀ ਵਿਚੋਂ ਤੁਕਾਂ ਵੇਖੋ:

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।
(ਸ੍ਰੀ ਰਾਗ) 24

...

ਕਰਮੀ ਕਰਮੀ ਹੋਇ ਵੀਚਾਰੁ। ਸਚਾ ਆਪਿ ਸਚਾ ਦਰਬਾਰੁ। (ਜਪੁਜੀ)

...

ਲੇਖਾ ਰਬ ਮੰਗੇਸੀਆ ਬੈਠਾ ਕਢਿ ਵਹੀ। (ਵਾਰ ਰਾਮਕਲੀ) 953

---

1. Riza is a state of love in which the lover does not feel pain and suffering even in the midst of tortures and calamities. He cheerfully cherishes calamities as pleasures, for he feels whatever is happening is by the will of his beloved. (Mohammad Noor Nabi- Development of Muslim Religious thought in India) p.66.

## ਕਰਮ ਸਿਧਾਂਤ

ਬਾਬਾ ਫ਼ਰੀਦ ਅਤੇ ਗੁਰੂ ਨਾਨਕ ਬਾਣੀ ਵਿਚ ਇਹ ਵਿਚਾਰ ਸਾਂਝਾ ਹੈ ਕਿ ਇਨਸਾਨ ਜਿਹੋ ਜਿਹੇ ਕਰਮ ਕਰਦਾ ਹੈ ਉਸ ਨੂੰ ਫਲ ਵੀ ਉਸੇ ਤਰ੍ਹਾਂ ਦਾ ਹੀ ਮਿਲਦਾ ਹੈ। ਬਾਬਾ ਫ਼ਰੀਦ ਜੀ ਇਸ ਬਾਰੇ ਇਕ ਦ੍ਰਿਸ਼ਟਾਂਤ ਸਹਿਤ ਵਿਚਾਰ ਦਿੰਦੇ ਹਨ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ।
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ। (ਸਲੋਕ 23)

ਅਤੇ ਗੁਰੂ ਨਾਨਕ ਬਾਣੀ ਵਿਚ ਇਸ ਤਰ੍ਹਾਂ ਵਰਣਨ ਹੈ:

ਨਾਨਕ ਜੇ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ।[1]
(ਸਾਰੰਗ ਕੀ ਵਾਰ) 1243

## ਕ੍ਰਿਪਾ-ਪ੍ਰਸਾਦਿ

ਦੋਹਾਂ ਮੱਤਾਂ ਵਿਚ ਕ੍ਰਿਪਾ ਜਾਂ ਮਿਹਰ ਦੇ ਵਿਚਾਰ ਦੀ ਸਾਂਝ ਹੈ। ਬਾਬਾ ਫ਼ਰੀਦ ਅਨੁਸਾਰ ਰੱਬ ਦੀ ਕ੍ਰਿਪਾ ਦੁਆਰਾ ਹੀ ਸਾਧ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਜਿਥੇ ਕਿ ਰੱਬ ਸਾਖਿਆਤਕਾਰ ਹੁੰਦਾ ਹੈ:

ਕਰ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ। ਜਾਂ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ।
(ਸਲੋਕ 3)

ਪ੍ਰਭੂ ਦੀ ਮਿਹਰ ਸਦਕਾ ਹੀ ਸੰਸਾਰ ਦੀ ਵਿਕਾਰ-ਅਗਨੀ ਤੋਂ ਬਚਿਆ ਜਾ ਸਕਦਾ ਹੈ। ਫ਼ਰੀਦ ਜੀ ਦਾ ਕਥਨ ਹੈ:

ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁੱਝੀ ਭਾਹਿ।
ਸਾਂਈਂ ਮੇਰੈ ਚੰਗਾ ਕੀਤਾ ਨਹੀ ਤਾ ਹੰਭੀ ਦਝਾਂ ਆਹਿ। (ਸਲੋਕ 3)

ਗੁਰੂ ਨਾਨਕ ਨੇ ਵੀ ਕਿਹਾ ਹੈ ਕਿ ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ ਇਸ ਤੋਂ ਇਲਾਵਾ ਹੋਰ ਕੋਈ ਸਾਧਨ ਸੋਚਣਾ ਭਰਮ ਵਿਚ ਭਟਕਣਾ ਹੈ:

ਗੁਰ ਪ੍ਰਸਾਦੀ ਹਰਿ ਪਾਈਐ ਮਤ ਕੋ ਭਰਮਿ ਭੁਲਾਹਿ। (ਰਾਮਕਲੀ) 936

ਹਰੀ ਰੂਪੀ ਰਤਨ ਦੀ ਪ੍ਰਾਪਤੀ ਨਾਲ ਅਗਿਆਨ ਦਾ ਅੰਧੇਰਾ ਮਿਟ ਜਾਂਦਾ ਹੈ ਅਤੇ ਹਰ ਪਾਸੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ:

ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨ ਹੋਇ ਉਜੀਆਰਾ।[2]
(ਆਸਾ ਪਦੇ) 353

---

1. ਹੋਰ ਵੇਖੋ ਅਧਿਆਇ ਚੌਥਾ.
2. ਉਹੀ.

**ਚਾਕਰੀ**

ਪ੍ਰਭੂ ਮਾਲਕ ਦੀ ਸੇਵਾ ਲਈ ਚਾਕਰੀ ਦੀ ਭਾਵਨਾ ਵੀ ਵਿਅਕਤ ਹੋਈ ਹੈ। ਬਾਬਾ ਫਰੀਦ ਜੀ ਲਿਖਦੇ ਹਨ:

> ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ।
> (ਸਲੋਕ 50)

ਗੁਰੂ ਨਾਨਕ ਦੇਵ ਦਾ ਕਥਨ ਹੈ:

> ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ। (ਵਾਰ ਆਸਾ) 474

ਡਾ: ਤਾਰਨ ਸਿੰਘ ਅਨੁਸਾਰ ਗੁਰਮਤ ਕਾਵਿ ਵਿਚ 'ਤਿਆਗ' ਅਤੇ 'ਬੈਰਾਗ' ਵਿਚੋਂ 'ਬੈਰਾਗ' ਨੂੰ ਚੁਣਿਆ ਹੈ, ਜੋ ਗੁਰਬਾਣੀ ਦਾ ਮਾਰਗ ਹੈ, ਪਰ 'ਸੰਸਾਰ ਤਿਆਗ' ਦਾ ਨਹੀਂ। ਸੂਫ਼ੀ ਕਾਵਿ ਵਿਚ 'ਤਿਆਗ' ਦੀ ਪਰਵਿਰਤੀ ਕੁਝ ਵਧੇਰੇ ਪ੍ਰਬਲ ਹੈ, ਉਥੇ ਸਭ ਕੁਝ ਨਿਰਾ ਨਾਸ਼ਮਾਨ ਤੇ ਬਿਖ ਰੂਪ ਹੈ। ਗੁਰਬਾਣੀ ਵਿਚ 'ਬਿਖ' ਤੇ 'ਅੰਮ੍ਰਿਤ' ਦੋਵੇਂ ਹਨ। ਬਿਰਛ ਇਕ ਹੈ 'ਫਲ ਅੰਮ੍ਰਿਤ', 'ਫਲ-ਬਿਖ' ਹੋ ਜਾਂਦਾ ਹੈ। ਜੇ ਗ੍ਰਿਹਸਤ ਵਿਚ ਬੈਰਾਗ ਨੂੰ ਪਕੜਿਆ ਜਾ ਸਕੇ ਤਾਂ ਇਹ ਜੀਵਨ 'ਅੰਮ੍ਰਿਤ' ਬਣ ਜਾਂਦਾ ਹੈ, ਜੇ ਮਾਇਆ ਨੂੰ ਪਕੜਿਆ ਜਾਵੇ ਤਾਂ ਇਹੋ ਜੀਵਨ 'ਬਿਖ' ਬਣ ਜਾਂਦਾ ਹੈ। ਗੁਰਬਾਣੀ ਤਿਆਗ-ਬੈਰਾਗ ਦੇ ਵਿਚਾਲੇ ਮਾਰਗ ਦੀ ਧਾਰਨੀ ਹੈ। ਇਹ ਵੀ 'ਸਹਿਜ' ਹੈ, ਪਰ ਸੂਫ਼ੀ-ਕਾਵਿ ਵਿਚ ਇਸ ਮਸਲੇ ਤੇ ਕੋਈ ਨਿਰਣਾ ਨਹੀਂ[1] ਬਾਬਾ ਫਰੀਦ ਦੀ ਸਮੁੱਚੀ ਰਚਨਾ ਦਾ ਜੇ ਅਧਿਐਨ ਕੀਤਾ ਜਾਵੇ ਤਾਂ ਉਸ ਦਾ ਪ੍ਰਭਾਵ ਨਿਰਾਸ਼ਾਵਾਦੀ ਨਹੀਂ ਪਵੇਗਾ ਜਿਵੇਂ ਕਿ ਕੁਝ ਵਿਦਵਾਨਾਂ ਨੇ ਨਿਰਣਾ ਕੀਤਾ ਹੈ ਪਰ ਗੁਰੂ ਨਾਨਕ ਵਾਂਗ ਉਨ੍ਹਾਂ ਨੇ ਜੀਵਨ ਸੰਬੰਧੀ ਆਸ਼ਾ ਨਹੀਂ ਪ੍ਰਗਟਾਈ।

ਉਂਜ ਜਿਥੇ ਬਾਬਾ ਫਰੀਦ ਨੇ 'ਵਿਸ ਗੰਦਲਾਂ' ਨੂੰ ਖਾ ਰਹੇ ਮਨੁੱਖਾਂ ਦੀ ਸਥਿਤੀ ਨੂੰ ਵੇਖਦਿਆਂ ਕਿਹਾ ਹੈ:

> ਦੁਖ ਸਬਾਇਆ ਜਗ। (ਸਲੋਕ 8)

ਉਥੇ ਮਾਇਆ ਗ੍ਰਸਤ ਲੋਕਾਂ ਦੀ ਹਾਲਤ ਵੇਖ ਕੇ ਗੁਰੂ ਨਾਨਕ ਨੇ ਵੀ ਇਸ ਸਚਾਈ ਨੂੰ ਪ੍ਰਗਟਾਇਆ ਹੈ:

> ਨਾਨਕ ਦੁਖੀਆ ਸਭੁ ਸੰਸਾਰੁ। (ਰਾਮਕਲੀ) 954

ਪਰ ਗੁਰੂ ਨਾਨਕ ਨੇ ਦੁਖ ਵਿਚ ਸੁਖ ਮਨਾਉਣ ਦੀ ਵਿਧੀ ਤੇ ਵਧੇਰੇ ਬਲ ਦਿੱਤਾ ਹੈ, ਜੋ ਇਸ ਤਰ੍ਹਾਂ ਹੈ:

---

1. ਸੂਫ਼ੀ ਕਾਵਿ ਅੰਕ - ਪੰਜਾਬੀ ਦੁਨੀਆ, ਪੰਨਾ 88.

ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ।
(ਰਾਮਕਲੀ) 908

<u>ਮੌਤ ਬਾਰੇ</u>

ਸੂਫ਼ੀ ਕਾਵਿ ਅਤੇ ਗੁਰੂ ਨਾਨਕ ਬਾਣੀ ਵਿਚ ਇਹ ਵਿਚਾਰ ਦਿੱਤਾ ਹੈ ਕਿ ਮੌਤ ਹਰ ਇਕ ਇਨਸਾਨ ਨੂੰ ਅਵੱਸ਼ ਹੀ ਆਉਣੀ ਹੈ ਅਤੇ ਮੌਤ ਦਾ ਵਕਤ ਪਹਿਲਾਂ ਹੀ ਨਿਸ਼ਚਿਤ ਕੀਤਾ ਗਿਆ ਹੈ ਅਥਵਾ ਸਾਹਾ ਲਿਖਿਆ ਗਿਆ ਹੈ। ਬਾਬਾ ਫ਼ਰੀਦ ਦੇ ਆਰੰਭਕ ਸਲੋਕ ਵਿਚ ਇਹ ਵਿਚਾਰ ਦਿੱਤਾ ਹੈ:

ਸਾਹੇ ਲਿਖੇ ਨ ਚਲਨੀ, ਜਿੰਦੂ ਕੂ ਸਮਝਾਇ।
ਜਿੰਦੁ ਵਹੁਟੀ ਮਰਣੁ ਵਰੁ, ਲੈ ਜਾਸੀ ਪਰਣਾਇ। (ਸਲੋਕ 1)

ਗੁਰੂ ਨਾਨਕ ਸਾਹਿਬ ਕਹਿੰਦੇ ਹਨ:

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ। (ਗਉੜੀ ਦੀਪਕੀ) 157

<u>ਨੈਤਿਕ ਵਿਧਾਨ</u>

ਮਨ ਦੀ ਸ਼ੁੱਧਤਾ, ਜੀਵਨ ਦੀ ਸਾਰਥਕਤਾ ਅਤੇ ਰੱਬ ਦਾ ਦੀਦਾਰ ਪ੍ਰਾਪਤ ਕਰਨ ਲਈ ਨੈਤਿਕ ਗੁਣਾਂ ਦਾ ਗ੍ਰਹਿਣ ਕਰਨਾ ਅਵੱਸ਼ਕ ਸਮਝਿਆ ਜਾਂਦਾ ਹੈ। ਫ਼ਰੀਦ ਅਤੇ ਗੁਰੂ ਨਾਨਕ ਬਾਣੀ ਵਿਚ ਇਹ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਜਿਹੜੇ ਹੰਕਾਰ ਤੋਂ ਦੂਰ ਰਹਿ ਕੇ ਨਿਮਰਤਾ ਦਾ ਜੀਵਨ ਬਿਤਾਉਂਦੇ ਹਨ, ਰੱਬ ਦੀ ਮਿਹਰ ਉਨ੍ਹਾਂ ਅੰਦਰ ਹੀ ਟਿਕਦੀ ਹੈ। ਫ਼ਰੀਦ ਜੀ ਨੇ ਨਿਮਰਤਾ ਦਾ ਗੁਣ 'ਦੱਭ' ਵਾਂਗ ਧਾਰਨ ਕਰਨ ਲਈ ਕਿਹਾ ਹੈ:

ਫ਼ਰੀਦਾ ਥੀਉ ਪਵਾਹੀ ਦਭੁ। ਜੇ ਸਾਂਈ ਲੋੜਹਿ ਸਭੁ।
ਇਕੁ ਛਿਜਹਿ ਬਿਆ ਲਤਾੜੀਅਹਿ। ਤਾਂ ਸਾਂਈ ਦੈ ਦਰਿ ਵਾੜੀਅਹਿ।
(ਸਲੋਕ 6)

ਦੂਜੇ ਨਾਲ ਫਿੱਕਾ ਜਾਂ ਰੁੱਖਾ ਉਹੋ ਹੀ ਬੋਲਦਾ ਹੈ, ਜਿਸਨੂੰ ਅਭਿਮਾਨ ਹੁੰਦਾ ਹੈ। ਇਸ ਕੁਪ੍ਰਵਿਰਤੀ ਨੂੰ ਰੋਕਣ ਲਈ ਫ਼ਰੀਦ ਜੀ ਆਖਦੇ ਹਨ:

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ। (ਸਲੋਕ 129)

ਧਨ ਜਾਂ ਜੋਬਨ ਤੇ ਅਹੰਕਾਰ ਕਰਨ ਵਾਲਾ ਸਭ ਕੁਝ ਇਕੱਠੇ ਨਹੀਂ ਕਰ ਸਕਦਾ, ਇਸ ਲਈ ਅੰਤ ਨੂੰ ਖਾਲੀ ਹੱਥ ਹੀ ਜਾਂਦਾ ਹੈ। ਫ਼ਰੀਦ ਅਨੁਸਾਰ:

ਫ਼ਰੀਦਾ ਗਰਬੁ ਜਿਨ੍ਹਾ ਵਡਿਆਈਆ ਧਨ ਜੋਬਨ ਆਗਾਹ।
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ। (ਸਲੋਕ 105)

ਗੁਰੂ ਨਾਨਕ ਸਾਹਿਬ ਨੇ ਵੀ ਨਿਮਰਤਾ ਨੂੰ ਸਰਬ ਚੰਗਿਆਈਆਂ ਦਾ ਤੱਤ ਕਿਹਾ ਹੈ।[1] ਫਿੱਕਾ ਬੋਲਣ ਦਾ ਪ੍ਰਭਾਵ ਵੀ ਚਿਤ੍ਰਿਆ ਹੈ।[2] ਅਹੰਕਾਰ ਨੂੰ ਵੀ ਮਾਰੂ ਬਿਰਤੀ ਕਿਹਾ ਹੈ।[3]

ਰੱਬੀ ਮਾਰਗ ਵੱਲ ਉਹੋ ਹੀ ਵਿਅਕਤੀ ਵਧ ਸਕਦਾ ਹੈ ਜੋ ਮਨ ਦਾ ਰੁਖ ਵਿਕਾਰਾਂ ਵਲੋਂ ਮੋੜਦਾ ਹੈ। ਬਾਬਾ ਫਰੀਦ ਜੀ ਵਿਸ਼ਵਾਸ ਦਿਵਾਉਂਦੇ ਹਨ ਕਿ ਜਿਹੜਾ ਇੰਦਰੀਆਂ ਨੂੰ ਕਾਬੂ ਕਰ ਲੈਂਦਾ ਹੈ ਉਸ ਨੂੰ ਤੁਰੰਤ ਹੀ ਰੱਬ ਮਿਲਾਇਆ ਜਾ ਸਕਦਾ ਹੈ:

ਆਜੁ ਮਿਲਾਵਾ ਸ਼ੇਖ ਫਰੀਦ, ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆਂ।
(ਰਾਗੁ ਆਸਾ) 488

ਨਾਨਕ ਬਾਣੀ ਵੀ ਵਿਕਾਰਾਂ ਤੇ ਕਾਬੂ ਪਾਉਣ ਤੇ ਬਲ ਦਿੰਦੀ ਹੈ।[4]

ਸਦਾਚਾਰਕ ਪੱਖ ਤੋਂ ਬਾਬਾ ਫਰੀਦ ਅਤੇ ਗੁਰੂ ਨਾਨਕ ਨੇ 'ਸਚ' ਤੇ ਅਧਿਕਤਰ ਜ਼ੋਰ ਦਿੱਤਾ ਹੈ। ਸੱਚ ਤੋਂ ਵਿਪਰੀਤ ਝੂਠ ਤੋਂ ਬਚਣ ਲਈ ਆਪ ਨੇ ਸਾਵਧਾਨ ਵੀ ਕੀਤਾ ਹੈ। ਬਾਬਾ ਫਰੀਦ ਨੇ ਲਿਖਿਆ ਹੈ:

ਬੋਲੀਐ ਸਚੁ ਧਰਮ ਝੂਠ ਨ ਬੋਲੀਐ। (ਰਾਗੁ ਆਸਾ) 488

ਗੁਰੂ ਨਾਨਕ ਦੇਵ ਜੀ ਦੇ ਸਮੇਂ ਝੂਠ ਅਮਾਵਸ ਵਾਂਗ ਲੋਕ ਜੀਵਨ ਤੇ ਛਾਇਆ ਹੋਇਆ ਸੀ, ਜਿਸ ਨੂੰ ਉਨ੍ਹਾਂ ਨੇ ਸੱਚ ਚੰਦ੍ਰਮਾ ਦੇ ਪ੍ਰਕਾਸ਼ ਵਿਚ ਬਦਲਣ ਦਾ ਨਿੱਗਰ ਉਪਰਾਲਾ ਕੀਤਾ। ਸੱਚ ਅਤੇ ਸੱਚ ਆਚਾਰ ਨੂੰ ਦ੍ਰਿੜ੍ਹ ਕਰਾਇਆ।[5]

ਫਰੀਦ ਬਾਣੀ ਅਤੇ ਗੁਰੂ ਨਾਨਕ ਬਾਣੀ ਦੋਹਾਂ ਵਿਚ ਦੰਭ ਅਤੇ ਭੇਖ ਦਾ ਵਿਰੋਧ ਕੀਤਾ ਗਿਆ ਹੈ। ਮਨੁੱਖ ਦੇ ਬੋਲ ਉਸਦੇ ਮਨ ਤੋਂ ਨਿਕਲਣੇ ਚਾਹੀਦੇ ਹਨ। ਉਸਦੇ ਬੋਲਾਂ ਅਤੇ ਜੀਵਨ ਵਿੱਚ ਇਕਸਾਰਤਾ ਹੋਣੀ ਚਾਹੀਦੀ ਹੈ। ਜਿਨ੍ਹਾਂ ਵਿਚ ਅਜਿਹਾ ਨਹੀਂ ਉਨ੍ਹਾਂ ਬਾਰੇ ਬਾਬਾ ਫਰੀਦ ਜੀ ਕਹਿੰਦੇ ਹਨ:

ਜਿਨ੍ਹ ਮਨਿ ਹੋਰੁ ਮੁਖਿ ਹੋਰ ਸਿ ਕਾਂਢੇ ਕਚਿਆ।[6]

---

1. ਮਿਠਤੁ ਨੀਵੀ ਨਾਨਕਾਂ ਗੁਣ ਚੰਗਿਆਈਆਂ ਤੱਤ। (ਵਾਰ ਆਸਾ) 470.
2. ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ
   ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ
   ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ
   ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ। (ਵਾਰ ਆਸਾ) 473
3. ਰਾਵਣ ਅਹੰਕਾਰ ਕਰਕੇ ਲੰਕਾ ਸਮੇਤ ਨਾਸ ਹੋ ਗਿਆ:
   ਲੂਟੀ ਲੰਕਾ ਸੀਸ ਸਮੇਤਿ। ਗਰਬਿ ਗਇਆ ਬਿਨੁ ਸਤਿਗੁਰ ਹੇਤਿ। (ਗਉੜੀ) 224
4. ਵੇਖੋ ਅਧਿਆਇ ਦੋ.
5. ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਸਿਰੀ ਰਾਗੁ) 62.
6. ਡਾ: ਜੀਤ ਸਿੰਘ ਸੀਤਲ, ਬਾਬਾ ਫਰੀਦ - ਜੀਵਨ, ਸਮਾਂ ਤੇ ਰਚਨਾ, ਪੰਨਾ 6.

ਗੁਰੂ ਨਾਨਕ ਸਾਹਿਬ ਵੀ ਇਸੇ ਤਰ੍ਹਾਂ ਹੀ ਕਹਿੰਦੇ ਹਨ:

> ਗਲੀ ਅਸੀ ਚੰਗੀਆਂ ਆਚਾਰੀਆਂ ਬੁਰੀਆਹ। ਮਨਹੁ ਕੁਸੁਧਾਂ ਕਾਲੀਆਂ ਬਾਹਰਿ ਚਿਟਵੀਆਹੁ।
>
> (ਵਾਰ ਸਿਰੀ ਰਾਗ)85

ਕਈ ਫ਼ਕੀਰ, ਦਰਵੇਸ਼ਾਂ, ਸੂਫ਼ੀਆਂ ਜਾਂ ਸੰਤਾਂ ਦਾ ਪਹਿਰਾਵਾ ਪਹਿਨ ਕੇ ਲੋਕਾਂ ਨੂੰ ਆਪਣੀ ਅਧਿਆਤਮਕ ਉੱਚਤਾ ਦਾ ਭੁਲੇਖਾ ਪਾਉਂਦੇ ਹਨ। ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਅਜਿਹੇ ਦੰਭੀਆਂ ਦਾ ਪਾਜ ਚੰਗਾ ਉਘਾੜਿਆ ਹੈ। ਅਜਿਹੇ ਭੇਖੀਆਂ ਤੇ ਬਾਬਾ ਫ਼ਰੀਦ ਜੀ ਵੀ ਉੱਤਮ ਪੁਰਖ ਵਿਚ ਟਿੱਪਣੀ ਕਰਦੇ ਹਨ:

> ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ।
> ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ। (ਸਲੋਕ 61)

<u>ਕਰਾਮਾਤ</u>

ਗੁਰੂ ਨਾਨਕ ਸਾਹਿਬ ਨੇ ਜਿਥੇ ਕਰਾਮਾਤ(ਰਿਧੀਆਂ ਸਿਧੀਆਂ) ਨੂੰ ਅਣਮਨੁੱਖੀ ਕਰਮ ਅਤੇ ਫੋਕੀ ਸ਼ੁਹਰਤ ਵਾਲਾ ਫ਼ਜ਼ੂਲ ਸੁਆਦ ਕਿਹਾ ਹੈ, ਉਥੇ ਸੂਫ਼ੀਆਂ ਵਿਚ ਕਰਾਮਾਤ ਦੀ ਪ੍ਰਦਰਸ਼ਨੀ ਤੋਂ ਸੰਕੋਚ ਨਹੀਂ ਕੀਤਾ ਜਾਂਦਾ, ਭਾਵੇਂ ਸਿਧਾਂਤਕ ਤੌਰ ਤੇ ਸੂਫ਼ੀ ਲਈ ਕਰਾਮਾਤ ਦਰਸਾਉਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਸ਼ੇਖ ਨਿਜ਼ਾਮੁੱਦੀਨ ਦੇ ਕਥਨ ਅਨੁਸਾਰ ਜਿਵੇਂ ਪੈਗੰਬਰ ਲਈ ਮੁਅਜਜ਼ਾ ਵਿਖਾਉਣਾ ਜ਼ਰੂਰੀ ਹੈ, ਸੂਫ਼ੀ ਲਈ ਕਰਾਮਾਤ ਛੁਪਾਉਣੀ ਆਵੱਸ਼ਕ ਹੈ। ਅਮੀਰ ਹਸਨ ਸਿਜਜ਼ੀ ਦੇ ਖ਼ਿਆਲ ਮੁਤਾਬਕ ਕਸ਼ਫ਼(ਪ੍ਰਕਾਸ਼) ਤੇ ਕਰਾਮਾਤ ਸੂਫ਼ੀ ਦੇ ਮਾਰਗ ਵਿਚ ਰੁਕਾਵਟਾਂ ਹਨ, ਕਿਉਂਕਿ ਸੂਫ਼ੀ ਮੌਤ ਦੀ ਮੰਜ਼ਲ ਤੱਕ ਸੌ ਪੜਾਊ ਹਨ ਅਤੇ ਕਰਾਮਾਤ ਕੇਵਲ ਸਤਾਰਵਾਂ ਪੜਾਊ ਹੀ ਹੈ। ਇਸੇ ਪੜਾਊ ਤੇ ਰੁਕ ਜਾਣ ਨਾਲ ਮੰਜ਼ਲ ਤੇ ਪੁੱਜਣਾ ਔਖਾ ਹੋ ਜਾਂਦਾ ਹੈ। ਪਰ ਭਾਰਤੀ ਸੂਫ਼ੀਆਂ ਦੀ ਸਰਵ-ਸ਼੍ਰੇਸ਼ਟਤਾਈ ਨੂੰ ਪਰਖਣ ਜਾਂ ਜਾਣਨ ਦਾ ਮਾਪਦੰਡ ਹੀ ਕਰਾਮਾਤ ਸਮਝਿਆ ਜਾਂਦਾ ਸੀ ਤੇ ਇਸੇ ਕਰਾਮਾਤ ਸਦਕਾ ਲੋਕ ਉਨ੍ਹਾਂ ਦੇ ਪੈਰੋਕਾਰ ਬਣਦੇ ਸਨ। ਇਸੇ ਲਈ ਸੂਫ਼ੀਆਂ ਦੇ ਸਾਰੇ ਤਜ਼ਕਰੇ ਕਰਾਮਾਤ ਦੀਆਂ ਕਹਾਣੀਆਂ ਤੇ ਰਵਾਇਤਾਂ ਨਾਲ ਭਰੇ ਪਏ ਹਨ।[1] ਬਾਬਾ ਫ਼ਰੀਦ ਦੇ ਜੀਵਨ ਨਾਲ ਵੀ ਕਈ ਕਰਾਮਾਤਾਂ ਜੋੜੀਆਂ ਜਾਂਦੀਆਂ ਹਨ।

<u>ਸੰਗੀਤ</u>

ਸੂਫ਼ੀਆਂ ਨੇ ਇਸਲਾਮ ਤੋਂ ਉਲਟ ਸੰਗੀਤ ਜਾਂ ਰਾਗ ਨੂੰ ਮਸਤੀ ਲਈ ਆਵੱਸ਼ਕ ਸਮਝਿਆ ਹੈ। ਸੂਫ਼ੀ ਆਪਣੇ ਪ੍ਰਸਿੱਧ ਕਾਵਿ-ਰੂਪ ਕਾਫ਼ੀ ਨੂੰ ਇਕੱਠੇ ਹੋ ਕੇ ਗਾਉਂਦੇ ਵਜਦ ਵਿਚ ਆ ਜਾਂਦੇ ਹਨ। ਭਾਰਤੀ ਰਾਗਾਂ ਅਨੁਸਾਰ ਬਾਬਾ ਫ਼ਰੀਦ ਨੇ ਸ਼ਬਦ ਅਤੇ ਰਾਗ ਲਿਖੇ ਹਨ। ਗੁਰੂ ਨਾਨਕ ਨੇ[1] ਵੀ ਰਾਗ ਦੀ ਆਵੱਸ਼ਕਤਾ ਨੂੰ ਮੁੱਖ ਰਖ ਕੇ ਇਸ ਨੂੰ ਸ਼ਬਦ ਕੀਰਤਨ ਦਾ ਆਧਾਰ ਬਣਾਇਆ।

---

1. ਵੇਖੋ ਅਧਿਆਇ ਚੌਥਾ.

<u>ਰਹਿਣ ਸਹਿਣ, ਪਹਿਨਣ, ਖਾਣ</u>

ਸੂਫੀਆਂ ਵਿਚ ਸਮਾਜ ਦਾ ਕੋਈ ਸੰਕਲਪ ਨਾ ਹੋਣ ਕਰਕੇ ਰਹਿਣ ਸਹਿਣ ਜਾਂ ਘਰ ਅਤੇ ਕਣਾਂ ਦਾ ਕੋਈ ਸੰਕਲਪ ਨਹੀਂ ਹੈ। ਆਮ ਤੌਰ ਤੇ ਉਹ ਦਰਗਾਹਿਆਂ ਵਿਚ ਰਹਿੰਦੇ ਅਤੀਤ ਜੀਵਨ ਹੀ ਗੁਜ਼ਾਰਦੇ ਹਨ। ਸੂਫੀਆਂ ਦੇ ਸਾਦੇ ਜੀਵਨ ਦਾ ਪ੍ਰਭਾਵ ਵੀ ਸਮਕਾਲੀ ਜਨਤਾ ਨੇ ਕਬੂਲਿਆ। ਸੂਫੀਆਂ ਅਨੁਸਾਰ ਨਿਜੀ ਜਾਇਦਾਦ ਬਣਾਉਣੀ ਅਧਿਆਤਮ ਚਿੰਤਨ ਦੇ ਰਸਤੇ ਵਿਚ ਰੋੜਾ ਅਟਕਾਉਂਦੀ ਹੈ। ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਸੂਫੀ ਫਕੀਰਾਂ ਨੇ ਗ੍ਰਿਹਸਤੀ ਜੀਵਨ ਹੀ ਜੀਵਿਆ ਹੈ ਪਰ ਉਨ੍ਹਾਂ ਵਿਚੋਂ ਬਹੁਤ ਘੱਟ ਅਜਿਹੇ ਸੂਫੀ ਫਕੀਰ ਸਨ ਜਿਨ੍ਹਾਂ ਕੋਲ ਘਰ ਸਨ ਅਤੇ ਜੇ ਸਨ ਵੀ ਉਹ ਵੀ ਗਾਰੇ ਦੇ ਬਣੇ ਹੋਏ ਜਾਂ ਘਾਹ ਫੂਸ ਦੀਆਂ ਝੌਂਪੜੀਆਂ ਹੀ ਸਨ। ਉਨ੍ਹਾਂ ਦਾ ਪਹਿਰਾਵਾ ਵੀ ਬਹੁਤ ਸਾਦਾ ਹੁੰਦਾ ਸੀ। ਬਹੁਤੀ ਵਾਰੀ ਤਾਂ ਉਹ ਫਟੇ ਪੁਰਾਣੇ ਅਤੇ ਟਾਕੀਆਂ ਲੱਗੇ ਕਪੜੇ ਹੀ ਪਹਿਨਦੇ ਸਨ। ਉਹ ਵਰਤ ਵੀ ਰੱਖਿਆ ਕਰਦੇ ਸਨ ਤਾਂ ਜੋ ਤ੍ਰਿਸ਼ਨਾਵਾਂ ਨੂੰ ਕਾਬੂ ਵਿਚ ਰੱਖਿਆ ਜਾ ਸਕੇ।[1] ਮਸਤੀ ਲਈ ਉਹ ਭੰਗ ਵੀ ਪੀਂਦੇ ਸਨ। ਪ੍ਰੰਤੂ ਗੁਰੂ ਨਾਨਕ ਬਾਣੀ ਵਿਚ ਘਰ ਆਦਿ ਦਾ ਵਿਚਾਰ ਹੈ। ਨਸ਼ਾ ਪੀਣਾ ਵਿਵਰਜਤ ਹੈ। ਖਾਣ ਪੀਣ ਅਤੇ ਪਹਿਨਣ ਬਾਰੇ ਵਿਚਾਰ ਹੈ ਕਿ ਉਹ ਅਜਿਹਾ ਹੋਣਾ ਚਾਹੀਦਾ ਹੈ ਜਿਸ ਨਾਲ ਸਰੀਰ ਵਿਕਾਰੀ ਨਾ ਬਣੇ।[2]

<u>ਭਾਸ਼ਾ ਅਤੇ ਬਿੰਬਾਵਲੀ</u>

ਸੂਫੀਆਂ ਨੇ ਲੋਕ ਭਾਸ਼ਾ ਵਿਚ ਹੀ ਆਪਣੇ ਰਹੱਸਵਾਦੀ ਅਨੁਭਵ ਪ੍ਰਗਟਾਏ ਸਨ। ਬਾਬਾ ਫਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਅਲੀ ਹੈਦਰ ਆਦਿ ਪੰਜਾਬ ਦੇ ਸੂਫੀਆਂ ਨੇ ਪੰਜਾਬੀ ਵਿਚ ਹੀ ਲਿਖਿਆ ਹੈ। ਗੁਰੂ ਨਾਨਕ ਨੇ ਵੀ ਆਪਣੇ ਮੱਤ ਦਾ ਪਰਚਾਰ ਸਮੇਂ ਦੀ ਲੋਕ ਭਾਸ਼ਾ ਵਿਚ ਹੀ ਕੀਤਾ ਸੀ ਜਿਸ ਕਰਕੇ ਉਹ ਲੋਕਪ੍ਰਿਯ ਹੋਏ। ਆਪਣੀ ਅਨੁਭੂਤੀ ਦੀ ਵਿਅੰਜਨਾ ਲਈ ਸੂਫੀਆਂ ਨੇ ਇਸਲਾਮ ਅਤੇ ਹਿੰਦੂ ਜੀਵਨ ਵਿਚੋਂ ਬਿੰਬ ਸਿਰਜੇ ਸਨ। ਫਰੀਦ ਬਾਣੀ ਵਿਚ ਜੋ ਬਿੰਬ ਹਨ, ਉਨ੍ਹਾਂ ਨੂੰ ਗੁਰਬਾਣੀ ਵਿਚ ਵੀ ਚਿਤ੍ਰਿਆ ਗਿਆ ਹੈ। ਉਦਾਹਰਣ ਵਜੋਂ ਫਰੀਦ ਬਾਣੀ ਦੇ ਕੁਝ ਬਿੰਬ ਜੋ ਗੁਰੂ ਨਾਨਕ ਬਾਣੀ ਵਿਚ ਚਿਤ੍ਰਤ ਹੋਏ ਹਨ, ਉਹ ਹਨ: ਸਹੁਰਾ ਪੇਕਾ, ਕਸੁੰਭੜਾ, ਮਜੀਠ, ਧਨ ਪਿਰ, ਕੰਤ, ਸਹੁ, ਖਸਮ, ਸਾਂਈਂ, ਸੁਹਾਗ, ਸੋਹਾਗਣ, ਦੁਹਾਗਣ,[3] ਹੰਸ, ਸਰਵਰ, ਛਪੜੀ, ਦਰਬਾਰ, ਵਾਟ, ਮੌਤ ਦਾ ਸਾਹਾ, ਕੋਠੇ ਮੰਡਪ ਮਾੜੀਆਂ ਆਦਿ।

<u>ਚਾਰ ਅਵਸਥਾਵਾਂ</u>

ਸੂਫੀਆਂ ਵਿਚ ਅਧਿਆਤਮਕ ਜੀਵਨ ਦੀਆਂ ਚਾਰ ਅਵਸਥਾਵਾਂ ਮਿਥੀਆਂ ਗਈਆਂ ਹਨ - ਸ਼ਰੀਅਤ, ਤਰੀਕਤ, ਮਾਰਫਤ ਅਤੇ ਹਕੀਕਤ। ਪਹਿਲੀ ਵਿਚ ਬਾਹਰਲੀ ਰਹਿਤ ਵਲ ਧਿਆਨ

---

1. Sarjit Singh Bal, Life of Guru Nanak, p. 10.
2. ਵੇਖੋ ਅਧਿਆਇ ਚੌਥਾ.
3. ਵੇਖੋ ਲੇਖ - ਫਰੀਦ ਬਾਣੀ ਵਿਚ ਬਿੰਬ-ਵਿਧਾਨ, ਬਾਬਾ ਫਰੀਦ-ਜੀਵਨ, ਸਮਾਂ ਅਤੇ ਰਚਨਾ।

ਦਿੱਤਾ ਜਾਂਦਾ ਹੈ ਜਿਵੇਂ ਰੋਜ਼ੇ ਰਖਣਾ ਅਤੇ ਨਮਾਜ਼ਾਂ ਪੜ੍ਹਨੀਆਂ ਆਦਿ। ਦੂਜੀ ਅਵਸਥਾ ਵਿਚ ਅੰਦਰਲੀ ਸਫ਼ਾਈ ਜਾਂ ਪਵਿੱਤ੍ਰਤਾ ਤੇ ਜ਼ੋਰ ਦਿੱਤਾ ਜਾਂਦਾ ਹੈ। ਤੀਜੀ ਮਾਰਫ਼ਤ ਦੀ ਅਵਸਥਾ ਗਿਆਨ ਦੀ ਅਵਸਥਾ ਹੈ ਅਤੇ ਚੌਥੀ ਵਿਚ ਸੱਚ ਦਾ ਪ੍ਰਕਾਸ਼ ਹੁੰਦਾ ਹੈ। ਸੂਫ਼ੀ ਖ਼ੁਦਾ ਨਾਲ ਅਭੇਦ ਹੋ ਜਾਂਦਾ ਹੈ।[1]

ਸੂਫ਼ੀਆਂ ਦੇ ਚਾਰੇ ਸਿਲਸਿਲੇ ਸ਼ਰੀਅਤ ਪੁਰ ਚਲਣ ਵਿਚ ਪੂਰਨ ਵਿਸ਼ਵਾਸ ਰਖਦੇ ਸਨ, ਪਰੰਤੂ ਜਿਥੇ ਕਾਦਰੀ ਤੇ ਨਕਸ਼ਬੰਦੀ ਇਸ ਅਸੂਲ ਪੁਰ ਦ੍ਰਿੜ੍ਹਤਾ ਨਾਲ ਚਲਦੇ ਰਹੇ ਚਿਸ਼ਤੀ ਸੂਫ਼ੀਆਂ ਦਾ ਇਹ ਵੀ ਦ੍ਰਿਸ਼ਟੀਕੋਣ ਸੀ ਕਿ ਜਿਹੜੇ ਸ਼ਰੀਅਤ ਤੋਂ ਕੁਰਾਹੇ ਵੀ ਚਲੇ ਗਏ ਹੋਣ ਜਾਂ ਸ਼ਰੀਅਤ ਦੇ ਅਸੂਲਾਂ ਦੀ ਉਲੰਘਣਾ ਕਰ ਬੈਠੇ ਹੋਣ ਉਹ ਬਚਨਾਂ ਤੇ ਕਰਮਾਂ ਕਰਕੇ ਬਖਸ਼ੇ ਵੀ ਜਾ ਸਕਦੇ ਹਨ ਤੇ ਉਨ੍ਹਾਂ ਦੀਆਂ ਕੁਤਾਹੀਆਂ ਭੁਲਾਈਆਂ ਤੇ ਮਾਫ਼ ਵੀ ਕੀਤੀਆਂ ਜਾ ਸਕਦੀਆਂ ਹਨ।[2]

ਬਾਬਾ ਫ਼ਰੀਦ ਨੇ ਵੀ ਸ਼ਰੀਅਤ ਅਨੁਸਾਰ ਪੰਜ ਨਿਮਾਜ਼ਾਂ ਪੜ੍ਹਨ ਤੇ ਜ਼ੋਰ ਦਿੱਤਾ ਹੈ। ਜਦ ਤਕ ਸੂਫ਼ੀ ਇਸਲਾਮੀ ਨੇਮ-ਬੱਧ ਨਹੀਂ ਹੁੰਦਾ, ਉਹ ਤਰੀਕਤ ਦਾ ਧਾਰਨੀ ਕਿਵੇਂ ਹੋ ਸਕਦਾ ਹੈ।[3] ਇਹੀ ਕਾਰਨ ਹੈ ਕਿ ਬਾਬਾ ਫ਼ਰੀਦ ਸ਼ਰੀਅਤ ਉਤੇ ਜ਼ੋਰ ਦਿੰਦਾ ਹੈ।

ਪ੍ਰੋ: ਦੀਵਾਨ ਸਿੰਘ ਅਨੁਸਾਰ ਸ਼ਰੀਅਤ ਤਾਂ ਕੇਵਲ ਨਾਂ ਹੀ ਹੈ ਅਸਲ ਮੰਜ਼ਲਾਂ ਤਾਂ ਅਗਲੀਆਂ ਤਿੰਨ ਹੀ ਹਨ। ਸ਼ਰੀਅਤ ਨਾਲੋਂ ਇਹ ਬਹੁਤ ਉਚੇਰੀਆਂ ਹਨ। ਭਾਵੇਂ ਸ਼ਰੀਅਤ ਦੀ ਆਪਣੀ ਸਮਾਜਿਕ ਤੇ ਸਦਾਚਾਰਕ ਮਹੱਤਤਾ ਹੈ ਪਰ ਸੂਫ਼ੀਵਾਦ ਵਿਚ ਸਮਾਜ ਤੇ ਸਦਾਚਾਰ ਨਾਲੋਂ ਵਧੇਰੇ ਜ਼ੋਰ ਆਤਮ ਰਹੱਸ ਉਤੇ ਦਿੱਤਾ ਜਾਂਦਾ ਹੈ। ਹਾਂ ਸ਼ਰੀਅਤ ਸੂਫ਼ੀ ਵਿਕਾਸ ਦੀ ਆਰੰਭਕ ਅਵਸਥਾ ਜ਼ਰੂਰ ਹੈ।[4]

ਤਿੰਨਾਂ ਮੰਜ਼ਲਾਂ ਤੋਂ ਲੰਘਦਾ ਹੋਇਆ ਸੂਫ਼ੀ ਜਦ ਫ਼ਨਾ ਪ੍ਰਾਪਤ ਕਰਕੇ 'ਬਕਾ' ਦੀ ਪਦਵੀ ਪਰਾਪਤ ਕਰਦਾ ਹੈ ਤਾਂ ਫਿਰ ਸਿਵਾਏ ਰੱਬ ਦੇ ਹੋਰ ਕੋਈ ਅਨੁਭਵ ਜਾਂ ਸੰਕਲਪ ਜਾਂ ਫੁਰਨਾ ਨਹੀਂ ਰਹਿੰਦਾ।[5]

ਗੁਰਬਾਣੀ ਵਿਚ ਸੂਫ਼ੀਆਂ ਦੀਆਂ ਇਨ੍ਹਾਂ ਚਾਰ ਮੰਜ਼ਲਾਂ ਜਾਂ ਅਵਸਥਾਵਾਂ ਦਾ ਸਦਾਚਾਰਕ ਅਰਥਾਂ ਵਿਚ ਉਲੇਖ ਮਿਲਦਾ ਹੈ।[6] ਕਈ ਵਿਦਵਾਨਾਂ ਨੇ ਗੁਰੂ ਨਾਨਕ ਦੀ ਰਚਨਾ ਜਪੁਜੀ ਵਿਚਲੇ ਪੰਜ

---

1. ਬੁਲ੍ਹੇ ਸ਼ਾਹ ਨੇ ਇਨ੍ਹਾਂ ਮੰਜ਼ਲਾਂ ਦਾ ਇਸ ਤਰ੍ਹਾਂ ਉਲੇਖ ਕੀਤਾ ਹੈ:
   ਸ਼ਰੀਅਤ ਸਾਡੀ ਮਾਈ ਹੈ, ਤਰੀਕਤ ਸਾਡੀ ਦਾਈ ਹੈ
   ਅਗੇ ਹਕ ਹਕੀਕਤ ਆਈ ਹੈ। ਤੇ ਮਾਰਫ਼ਤੋਂ ਕੁਝ ਪਾਇਆ ਹੈ।
2. ਡਾ: ਜੀਤ ਸਿੰਘ ਸੀਤਲ, ਬਾਬਾ ਫ਼ਰੀਦ-ਜੀਵਨ, ਸਮਾਂ ਅਤੇ ਰਚਨਾ, ਪੰਨਾ 91.
3. ਉਹੀ, ਪੰਨਾ 3.
4. ਸੂਫ਼ੀਵਾਦ ਤੇ ਹੋਰ ਲੇਖ, ਪੰਨਾ 12.
5. ਉਹੀ, ਪੰਨਾ 16.
6. ਸੁਰਾ ਸਰੀਅਤਿ ਲੇ ਕੰਮਾਵਹੁ। ਤਰੀਕਤਿ ਤਰਕ ਖੋਜਿ ਟੋਲਾਵਹੁ।
   ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ। (ਮਾਰੂ ਮ:5)
   1083.

ਖੰਡਾਂ ਦੀ ਇਨ੍ਹਾਂ ਸੂਫ਼ੀ ਮੰਜ਼ਿਲਾਂ ਨਾਲ ਤੁਲਨਾ ਕੀਤੀ ਹੈ। ਵਾਸਤਵ ਵਿਚ ਇਹ ਗੁਰੂ ਨਾਨਕ ਦਾ ਪੰਜ ਖੰਡਾਂ ਦਾ ਸੰਕਲਪ ਵੱਖਰੀ ਪਰਕਾਰ ਦਾ ਮੌਲਿਕ ਸੰਕਲਪ ਹੈ। ਸੂਫ਼ੀ ਮੰਜ਼ਿਲਾਂ ਦਾ ਕਿਸੇ ਤਰ੍ਹਾਂ ਦਾ ਪ੍ਰਭਾਵ ਨਹੀਂ ਆਖਿਆ ਜਾ ਸਕਦਾ। ਸ਼ਰੀਅਤ ਦੀ ਕਰਮਕਾਂਡੀ ਵਿਧੀ ਤੇ ਗੁਰੂ ਨਾਨਕ ਨੇ ਆਲੋਚਨਾ ਕੀਤੀ ਹੈ ਅਤੇ ਸ਼ਰੀਅਤ ਦੇ ਅੰਤਰਕ ਅਰਥ ਦੱਸੇ ਹਨ।[1] ਧਰਮ ਖੰਡ ਵਿਚ ਤਰੀਕਤ ਵਾਲੀ ਦੱਸੀ ਜੀਵਨ ਜਾਚ, ਗਿਆਨ ਖੰਡ ਵਿਚ ਮਾਰਫ਼ਤ ਵਾਲਾ ਗਿਆਨ-ਪ੍ਰਕਾਸ਼ ਅਤੇ ਸੱਚ ਖੰਡ ਵਿਚ ਹਕੀਕਤ ਵਰਗੀ ਰੱਬੀ ਸਮੀਪਤਾ ਦਾ ਆਨੰਦ ਅਨੁਭਵ ਕੀਤਾ ਜਾ ਸਕਦਾ ਹੈ। ਪਰ ਸੂਫ਼ੀ ਜਿਥੇ ਰੱਬ ਤੋਂ ਇਕ ਰੂਪ ਹੋਣ ਤੇ 'ਅਨਲਹਕ' ਦਾ ਨਾਅਰਾ ਲਾਂਦਾ ਹੋਇਆ ਆਪਣੇ ਆਪ ਨੂੰ ਰੱਬ ਅਖਵਾਉਂਦਾ ਹੈ, ਉਥੇ ਗੁਰੂ ਨਾਨਕ ਦਾ ਸਿਖ 'ਗੁਰਸਦ' ਰੂਪ ਤਾਂ ਹੁੰਦਾ ਹੈ, ਰੱਬ ਨਹੀਂ ਬਣ ਜਾਂਦਾ। ਉਹ ਇਸ ਅਵਸਥਾ ਨੂੰ ਪੁੱਜ ਕੇ ਵੀ ਕਲਿਆਣ ਲਈ ਕਰਮ ਯੋਗੀ ਵਾਂਗ ਕਰਤੱਵ ਨਿਭਾਂਦਾ ਹੈ। ਉਹ ਕਰਤੱਵ, ਜੋ ਰੱਬ ਦਾ ਹੁਕਮ ਹੈ।

---

1. ਵੇਖੋ ਅਧਿਆਇ ਚੌਥਾ.

# ਅਧਿਆਇ ਸਤਵਾਂ

## ਸਮਕਾਲੀਨ ਸਭਿਆਚਾਰਕ ਸਥਿਤੀ ਬਾਰੇ ਗੁਰੂ ਨਾਨਕ ਦੇ ਵਿਚਾਰ

...

## ਸਮਕਾਲੀਨ ਸਥਿਤੀ

### ਸਮਕਾਲੀਨ ਵਿਸ਼ਵ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਨੂੰ ਹੋਇਆ ਅਤੇ ਲਗਭਗ 70 ਸਾਲ ਦੀ ਆਯੂ ਉਨ੍ਹਾਂ ਨੇ ਬਤੀਤ ਕੀਤੀ। ਉਹ ਸਮਾਂ ਸੰਸਾਰ ਵਿਚ ਤਕੜੀ ਉਥਲ ਪੁਥਲ ਦਾ ਅਤੇ ਪ੍ਰਾਪਤੀਆਂ ਦਾ ਸਮਾਂ ਸੀ। ਸੰਸਾਰ ਵਿਚ ਇਕ ਨਵੇਂ ਯੁਗ ਦਾ ਨਿਰਮਾਣ ਹੋ ਰਿਹਾ ਸੀ। 1492 ਵਿਚ ਕੋਲੰਬਸ ਨੇ ਅਮਰੀਕਾ ਲਭਿਆ ਜੋ ਅਜ ਵਿਸ਼ਵ ਦਾ ਸਭ ਤੋਂ ਧਨੀ ਅਤੇ ਸ਼ਕਤੀਸ਼ਾਲੀ ਦੇਸ਼ ਹੈ। 1498 ਵਿਚ ਵਾਸਕੋਡੀਗਾਮਾ ਨੇ ਭਾਰਤ ਦਾ ਸਮੁੰਦਰੀ ਰਾਹ ਲੱਭਿਆ। 1522 ਵਿਚ ਮੈਗਲਨ ਅਰਬ ਸਾਗਰ ਦੇ ਰਸਤੇ ਫਿਲੀਪਾਈਨ ਪਹੁੰਚਿਆ। ਦੁਨੀਆਂ ਦਾ ਗੋਲ ਹੋਣਾ ਸਿੱਧ ਹੋਇਆ ਅਤੇ ਭੂਗੋਲ ਵਿਗਿਆਨ ਹੋਂਦ ਵਿਚ ਆਇਆ। ਪੋਲੈਂਡ ਦੇ ਕੋਪਰਨੀਕਸ(1473-1543) ਨੇ ਈਸਾਈ ਵਿਸ਼ਵਾਸ ਤੋਂ ਉਲਟ ਵਿਚਾਰ ਦਿੱਤਾ ਕਿ ਧਰਤੀ ਬ੍ਰਹਿਮੰਡ ਦਾ ਧੁਰਾ ਨਹੀਂ ਸਗੋਂ ਸੂਰਜ ਅਸ਼ਟਗ੍ਰਹਿ ਦਾ ਧੁਰਾ ਹੈ। ਰੁੱਤਾਂ ਜਾਂ ਮੌਸਮਾਂ ਦੀ ਤਬਦੀਲੀ ਧਰਤੀ ਦੇ ਸੂਰਜ ਦੁਆਲੇ ਘੁੰਮਣ ਕਰਕੇ ਹੁੰਦੀ ਹੈ।[1] ਇਸ ਨਾਲ ਪੋਪ ਦੇ ਵਕਾਰ ਨੂੰ, ਜੋ ਅਪਣੇ ਆਪ ਨੂੰ ਧਰਤੀ ਉਤੇ ਰੱਬ ਦਾ ਦੂਤ ਸਮਝਦਾ ਸੀ, ਧੱਕਾ ਲੱਗਾ। ਕੋਪਰਨੀਕਸ ਨੂੰ ਈਸਾਈ ਬਰਾਦਰੀ ਤੋਂ ਛੇਕਿਆ ਗਿਆ ਅਤੇ ਉਸਦੇ ਵਿਚਾਰ ਦਾ ਝੰਡਾ ਚੁੱਕਣ ਵਾਲੇ ਇਟਲੀ ਦੇ ਗਲੀਲਿਉ(1464-92) ਨੂੰ ਸੂਲੀ ਤੇ ਚਾੜ੍ਹਿਆ ਗਿਆ। ਉਸ ਨੇ ਅਪਣੇ ਵਿਚਾਰ ਨੂੰ ਦ੍ਰਿੜ੍ਹਤਾ ਨਾਲ ਸੂਲੀ ਚੜ੍ਹਨ ਸਮੇਂ ਦੁਹਰਾਇਆ ਸੀ। ਇਸੇ ਸਮੇਂ ਯੂਰਪ ਦੇ ਮੈਕਿਆਵਲੀ (1469-1527) ਨੇ ਪੋਪ ਅਤੇ ਦੂਜੇ ਪਾਦਰੀਆਂ ਦੇ ਕੁਕਰਮਾਂ ਅਤੇ ਗੁਮਰਾਹਕੁਨ ਆਦੇਸ਼ਾਂ ਬਾਰੇ ਇਕ ਪੁਸਤਕ 'ਪ੍ਰਿੰਸ' ਲਿਖ ਕੇ ਤਕੜੀ ਹਲਚਲ ਮਚਾ ਦਿੱਤੀ ਸੀ। ਜਰਮਨੀ ਦੇ ਮਾਰਟਨ ਲੂਥਰ[2] ਨੇ ਵੀ ਈਸਾਈ ਧਰਮ ਦੇ ਪਖੰਡੀ ਆਗੂਆਂ ਦੇ ਖੋਖਲੇ ਸਿਧਾਂਤਾਂ ਵਿਰੁੱਧ ਤਕੜਾ ਜਹਾਦ ਕੀਤਾ। ਉਸ ਨੇ ਕੈਥੋਲਿਕ ਧਰਮ ਦੀ ਥਾਂ ਪ੍ਰੋਟੈਸਟੈਂਟ ਮੱਤ ਦੀ ਸਥਾਪਨਾ ਲਈ ਬੀੜਾ ਚੁੱਕਿਆ।

ਗੁਰੂ ਨਾਨਕ ਦੇ ਜਨਮ ਤੋਂ ਕੇਵਲ ਤੇਰ੍ਹਾਂ ਸਾਲ ਪਹਿਲਾਂ (1456) ਵਿਸ਼ਵ ਇਤਿਹਾਸ ਵਿਚ ਇਕ ਵੱਡੀ ਘਟਨਾ ਇਹ ਵਾਪਰੀ ਕਿ ਤੁਰਕਾਂ ਨੇ ਕਸਤੁਨਤੁਨੀਆਂ ਉਤੇ ਕਬਜ਼ਾ ਕਰਕੇ ਈਸਾਈਆਂ ਦੇ ਸਭ ਤੋਂ ਵੱਡੇ ਗੜ੍ਹਾਂ ਵਿਚੋਂ ਇਕ ਨੂੰ ਢਾਹ ਦਿੱਤਾ। ਇਸ ਤਰ੍ਹਾਂ ਈਸਾਈਆਂ ਦੇ

---

1. ਗੁਰੂ ਨਾਨਕ ਨੇ ਜੋ ਦ੍ਰਿਸ਼ਟਕੋਣ ਰੱਬ ਦੇ ਅਨੇਕ ਰੂਪ ਦਰਸਾਉਣ ਲਈ ਦਿੱਤਾ ਹੈ, ਇਸ ਨਵੇਂ ਵਿਚਾਰ ਨਾਲ ਸਾਂਝ ਰਖਦਾ ਹੈ:

    ਸੂਰਜ ਏਕੋ ਰੁਤਿ ਅਨੇਕ। ਨਾਨਕ ਕਰਤੇ ਕੇ ਕੇਤੇ ਵੇਸ। (ਰਾਗ ਗਉੜੀ ਦੀਪਕੀ)12

2. ਠੀਕ ਇਸੇ ਸਮੇਂ ਹਿੰਦੂ ਅਤੇ ਮੁਸਲਿਮ ਧਾਰਮਿਕ ਆਗੂਆਂ ਵਿਰੁੱਧ ਗੁਰੂ ਨਾਨਕ ਸਾਹਿਬ ਇਕ ਸ਼ਕਤੀਸ਼ਾਲੀ ਅੰਦੋਲਨ ਦਾ ਨਿਰਮਾਣ ਕਰ ਚੁੱਕੇ ਸਨ। ਉਨ੍ਹਾਂ ਦੇ ਇਹ ਬੋਲ ਦੁਰਾਚਾਰੀ ਧਾਰਮਿਕ ਆਗੂਆਂ ਦੀ ਝੂਠੀ ਸ੍ਰੇਸ਼ਟਤਾ ਦਾ ਗੜ੍ਹ ਨੀਂਹ ਤੋਂ ਉਖਾੜ ਰਹੇ ਸਨ:

    ਕਾਦੀ ਕੂੜੁ ਬੋਲਿ ਮਲੁ ਖਾਇ। ਬ੍ਰਾਹਮਣੁ ਨਾਵੈ ਜੀਆ ਘਾਇ।
    ਜੋਗੀ ਜੁਗਤਿ ਨ ਜਾਣੈ ਅੰਧੁ। ਤੀਨੇ ਓਜਾੜੇ ਕਾ ਬੰਧੁ। (ਧਨਾਸਰੀ)662

ਪੁਰਾਣੀ ਤਰਜ਼ ਦਾ ਸਫਾਇਆ ਹੋ ਗਿਆ। ਇਥੋਂ ਦੇ ਕਲਾਕਾਰ, ਵਿਗਿਆਨੀ ਤੇ ਲੇਖਕ ਭੱਜ ਕੇ ਯੂਰਪ ਦੇ ਕਈ ਦੇਸ਼ਾਂ ਵਿਚ ਫੈਲ ਗਏ ਅਤੇ ਇਸ ਤਰ੍ਹਾਂ ਗੁਰੂ ਨਾਨਕ ਦੇ ਸਮੇਂ ਵਿਚ ਹੀ ਯੂਰਪ ਵਿਚ ਜਾਗ੍ਰਤੀ ਦੀ ਲਹਿਰ ਚੱਲੀ।[1] ਕੁਸਤੁਨਤੁਨੀਆਂ ਤੋਂ ਨੱਸ ਕੇ ਯੂਰਪ ਗਏ ਹੋਏ ਕਾਰੀਗਰਾਂ ਰਾਹੀਂ ਕਾਗਜ਼ ਦੀ ਛਪਾਈ ਦਾ ਕੰਮ ਯੂਰਪੀਨ ਦੇਸ਼ਾਂ ਵਿਚ ਪੁੱਜਾ। ਯੂਰਪੀਨ ਪੁਨਰ ਜਾਗ੍ਰਤੀ ਦੇ ਪ੍ਰਸਾਰਨ ਵਿਚ ਕਾਗਜ਼ ਤੇ ਛਪਾਈ ਦਾ ਬੜਾ ਹੱਥ ਹੈ। ਅੰਜੀਲ ਅਤੇ ਹੋਰ ਧਾਰਮਿਕ ਪੁਸਤਕਾਂ ਯੂਰਪ ਦੀਆਂ ਇਲਾਕਾਈ ਬੋਲੀਆਂ ਵਿਚ ਛਪਣ ਲੱਗੀਆਂ। ਈਸਾਈਆਂ ਵਿਚ ਪੋਪ ਦੇ ਫਤਵਿਆਂ ਦਾ ਵਿਰੋਧ ਕਰਦੇ ਹੋਏ ਪ੍ਰੋਟੈਸਟੈਂਟਾਂ ਨੇ ਅੰਜੀਲ ਦੇ ਅਧਿਐਨ ਅਤੇ ਇਸਦੇ ਵਿਚਾਰਾਂ ਨੂੰ ਪ੍ਰਮੁੱਖਤਾ ਦੇਣੀ ਸ਼ੁਰੂ ਕੀਤੀ।[2]

## <u>ਸਮਕਾਲੀਨ ਭਾਰਤ</u>

### <u>ਧਾਰਮਿਕ ਸਥਿਤੀ</u>

ਭਾਰਤ ਧਰਮ-ਪ੍ਰਧਾਨ ਦੇਸ਼ ਰਿਹਾ ਹੈ। ਇਥੇ ਅਨੇਕਾਂ ਧਰਮ ਵਿਕਸਤ ਹੋਏ। ਪਰ ਗੁਰੂ ਨਾਨਕ ਸਾਹਿਬ ਵੇਲੇ ਸਥਿਤੀ ਅਜਿਹੀ ਸੀ ਕਿ ਧਰਮ ਨੂੰ ਅਧਰਮ ਕਹਿਣਾ ਹੀ ਉਚਿਤ ਹੈ। ਧਰਮ-ਆਗੂਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਕਥਨੀ ਅਤੇ ਕਰਨੀ ਵਿਚ ਬਿਲਕੁਲ ਵਿਰੋਧ ਸੀ। ਆਗੂ ਆਪ ਅਗਿਆਨਤਾ ਵਿਚ ਸਨ ਅਤੇ ਚੇਲਿਆਂ ਨੂੰ ਕੁਰਾਹੇ ਪਾ ਰਹੇ ਸਨ।[3] ਮਨੁੱਖਤਾ ਨੂੰ ਜੋੜਨ ਦੀ ਥਾਂ ਵਿਛੋੜਨ ਦਾ ਕਾਰਣ ਬਣ ਰਹੇ ਸਨ। ਇਸ ਧਾਰਮਿਕ ਅਧੋਗਤੀ ਬਾਰੇ ਗੁਰੂ ਨਾਨਕ ਨੇ ਟਿਪਣੀ ਕਰਦਿਆਂ ਲਿਖਿਆ ਹੈ ਕਿ ਅਸਲ ਧਰਮ ਤਾਂ ਵਾਸਤਵ ਵਿਚ ਖੰਭ ਲਾ ਕੇ ਉਡ ਗਿਆ ਸੀ। ਅਧਰਮ ਜਾਂ ਅਸੱਤ ਦਾ ਬੋਲਬਾਲਾ ਸੀ, ਰੱਬਤਾ ਦੀ ਥਾਂ ਸ਼ੈਤਾਨੀਅਤ ਨੇ ਲੈ ਲਈ ਸੀ। ਮੁਸਲਮਾਨੀ ਹਮਲਆਵਰਾਂ ਅੰਦਰ ਕੇਵਲ ਇਸਲਾਮੀ ਰਾਜ ਵੇਖਣ ਦੀ ਰੀਝ ਸੀ, ਜਿਸ ਨੇ ਤਅੱਸਬ ਅਤੇ ਨਿਰਦੈਤਾ ਦਾ ਰੂਪ ਧਾਰਿਆ। ਉਸ ਸਮੇਂ ਸਿਕੰਦਰ ਲੋਧੀ ਦਾ ਰਾਜ ਸੀ, ਜੋ ਕਿ ਚੰਗਾ ਪ੍ਰਬੰਧਕ ਤਾਂ ਸੀ ਪਰ ਧਾਰਮਿਕ ਕਟੜਤਾ ਤੋਂ ਉਹ ਮੁਕਤ ਨਹੀਂ ਸੀ। ਉਸ ਨੇ ਬਹੁਤ ਸਾਰੇ ਹਿੰਦੂ ਮੰਦਰਾਂ ਨੂੰ ਢਾਹਿਆ ਅਤੇ ਅਜਿਹਾ ਕਰਨਾ ਉਹ ਆਪਣਾ ਧਰਮ ਸਮਝਦਾ ਸੀ। <u>ਉਸ ਸਮੇਂ ਉਨ੍ਹਾਂ ਮੰਦਰਾਂ ਦੀ ਥਾਂ ਤੇ ਮਸਜਦਾਂ ਉਸਾਰੀਆਂ ਜਾਂਦੀਆਂ ਸਨ। ਗਾਂ, ਜੋ ਹਿੰਦੂ ਧਰਮ</u>

1. ਯੂਰਪ ਵਿਚ ਪੁਨਰ-ਜਾਗ੍ਰਤੀ ਦੀ ਲਹਿਰ ਤੇ ਭਾਰਤ ਵਿਚ ਭਗਤੀ ਲਹਿਰ ਇਕੋ ਯੁੱਗ ਦੀ ਉਪਜ ਹਨ। ਕ੍ਰਮ ਅਨੁਸਾਰ ਇਨ੍ਹਾਂ ਲਹਿਰਾਂ ਦੇ ਅੰਤਰਗਤ ਹੀ ਯੂਰਪ ਵਿਚ ਪ੍ਰੋਟੈਸਟੈਂਟਵਾਦ ਅਤੇ ਭਾਰਤ ਵਿਚ ਨਾਨਕਵਾਦ (ਸਿੱਖੀ) ਬਿਲਕੁਲ ਇਕੋ ਹੀ ਸਮੇਂ ਹੋਂਦ ਵਿਚ ਆਏ। ਜਦ ਮਾਰਟਨ ਲੂਥਰ ਜਰਮਨੀ ਵਿਚ ਪੋਪ ਦੇ ਵਿਰੁੱਧ ਪ੍ਰੋਟੈਸਟੈਂਟ ਦਾ ਝੰਡਾ ਝੁਲਾ ਰਿਹਾ ਸੀ (1517), ਠੀਕ ਉਨ੍ਹਾਂ ਹੀ ਸਾਲਾਂ ਵਿਚ ਇਧਰ ਗੁਰੂ ਨਾਨਕ ਸਮਾਜਕ ਕੁਰੀਤੀਆਂ, ਬ੍ਰਾਹਮਣਵਾਦ, ਪਖੰਡ ਅਤੇ ਧੱਕੇਸ਼ਾਹੀ ਵਿਰੁੱਧ ਲੋਕਾਂ ਵਿਚ ਜਾਗ੍ਰਤੀ ਲਿਆਉਣ ਲਈ ਚਹੁੰ ਚੱਕਾਂ ਵਿਚ ਘੁੰਮ ਰਿਹਾ ਸੀ। (ਵੇਖੋ, ਆਲੋਚਨਾ, ਗੁਰੂ ਨਾਨਕ ਅੰਕ, 1969, ਪੰਨਾ 142)
2. ਉਹੀ, ਪੰਨਾ 142-143.
3. "Avtars and divinities, prophets and saints, pirs and dargahs obscured the vision of men, dividing them into irreconcilable and often actively hostile groups and destroying the very bedrock of all true religious belief". (I. Banerjee, Evolution of Khalsa, Vol. I, p. 39)

ਦਾ ਪਵਿੱਤਰ ਜਾਨਵਰ ਹੈ, ਨੂੰ ਜਿਬ੍ਹਾ ਕੀਤਾ ਜਾਂਦਾ ਸੀ।[1] ਮੁਸਲਮਾਨ ਹੁਕਮਰਾਨਾਂ ਵਲੋਂ ਹਿੰਦੂਆਂ ਤੇ ਕਈ ਤਰ੍ਹਾਂ ਦੀਆਂ ਸਖਤੀਆਂ ਕੀਤੀਆਂ ਜਾਂਦੀਆਂ ਸਨ। ਉਨ੍ਹਾਂ ਉਤੇ ਤੀਰਥ ਯਾਤਰਾ ਤੇ ਜਾਣ ਲਈ ਵੀ ਪਾਬੰਦੀ ਲਾਈ ਜਾਂਦੀ ਸੀ। ਉਨ੍ਹਾਂ ਨੂੰ ਜਜ਼ੀਆ ਵੀ ਦੇਣਾ ਪੈਂਦਾ ਸੀ। ਲਾਲਚ ਅਤੇ ਸਖਤੀ ਕਰਕੇ ਹਿੰਦੂ, ਖਾਸ ਕਰਕੇ ਨੀਵੀਆਂ ਸ਼੍ਰੇਣੀਆਂ ਦੇ ਹਿੰਦੂਆਂ ਨੇ ਮਜ਼ਹਬ ਬਦਲ ਲਿਆ ਸੀ। ਹਿੰਦੂ ਪਰਸਪਰ ਫੁੱਟ ਦਾ ਸ਼ਿਕਾਰ ਸਨ। ਉਂਜ ਮੁਸਲਮਾਨਾਂ ਵਿਚ ਵੀ ਕਈ ਸੰਪਰਦਾਵਾਂ ਸਨ।[2]

ਹਿੰਦੂ ਅਸਲ ਲਕਸ਼ ਨੂੰ ਭੁੱਲ ਕੇ ਕਰਮ ਕਾਂਡ ਦੇ ਭਰਮ ਭੁਲੇਖਿਆਂ ਅਤੇ ਭੇਖ ਵਿਚ ਹੀ ਧਰਮ ਸਮਝੀ ਬੈਠੇ ਸਨ।[3] ਬੁੱਤਾਂ ਅਤੇ ਚਿੰਨ੍ਹਾਂ ਨੂੰ ਰੱਬ ਸਮਝ ਕੇ ਉਨ੍ਹਾਂ ਦੀ ਪੂਜਾ ਤੱਕ ਹੀ ਸੀਮਿਤ ਰਹਿ ਗਏ ਸਨ। ਇਹ ਕਰਮ ਇਸਲਾਮ ਦੇ ਵਿਰੁੱਧ ਹੋਣ ਕਰਕੇ ਮੁਸਲਮਾਨਾਂ ਨੂੰ ਕੁਫਰ ਜਾਪਦਾ ਸੀ। ਹਿੰਦੂਆਂ ਦੇ ਦੇਵੀ ਦੇਵਤਿਆਂ ਦੇ ਬੁੱਤਾਂ ਤੇ ਮੰਦਰਾਂ ਨੂੰ ਤੋੜਨਾ ਅਤੇ ਬੁੱਤ ਉਪਾਸ਼ਕਾਂ ਨੂੰ ਮਾਰਨਾ ਉਹ ਇਸਲਾਮ ਅਨੁਸਾਰ ਸਵਾਬ(ਪੁੰਨ) ਸਮਝਦੇ ਸਨ। ਇਸ ਸਥਿਤੀ ਬਾਰੇ ਭਾਈ ਗੁਰਦਾਸ ਦਾ ਵਿਸ਼ਲੇਸ਼ਣ ਉਲੇਖ ਯੋਗ ਹੈ:

ਰਾਮ ਰਹੀਮ ਕਹਾਇਦੇ, ਇਕ ਨਾਮ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸ਼ੈਤਾਣੇ।
ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ। (ਵਾਰ 1/21)

ਗੁਰੂ ਨਾਨਕ ਦੇ ਸਮੇਂ ਪ੍ਰਮੁੱਖ ਤਿੰਨ ਹੀ ਮਤ ਸਨ - ਹਿੰਦੂ, ਜੋਗ ਅਤੇ ਇਸਲਾਮ। ਪਰ ਉਨ੍ਹਾਂ ਤਿੰਨਾਂ ਦੇ ਆਗੂ ਧਰਮ ਦੀ ਅਸਲੀਅਤ ਨੂੰ ਭੁੱਲ ਕੇ ਧਰਮ ਦੇ ਉਲਟ ਕਰਮ ਕਰ ਰਹੇ ਸਨ। ਉਨ੍ਹਾਂ ਤੇ ਉਨ੍ਹਾਂ ਦੇ ਉਪਦੇਸ਼ਾਂ ਤੇ ਚਲਣ ਵਾਲਿਆਂ ਦੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਤਿੰਨਾਂ ਬਾਰੇ ਗੁਰੂ ਨਾਨਕ ਦੀ ਟਿੱਪਣੀ ਹੈ:

ਮੁਸਲਮਾਨਾਂ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ।
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ।
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ।
ਤੀਰਥ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ।
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ।
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ। (ਵਾਰ ਆਸਾ) 465

---

1. ਠਾਕੁਰ ਦੁਆਰੇ ਢਾਹਿ ਕੈ ਤਿਹ ਠਉੜੀ ਮਾਸੀਤ ਉਸਾਰਾ।
ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ। ਭਾਈ ਗੁਰਦਾਸ(ਵਾਰ 1/20)

2. ਚਹੁ ਵਾਟੀ ਜਗਿ ਚਲੀਆਂ ਤਬ ਹੀ ਭਏ ਮੁਹੰਮਦ ਯਾਰਾ।
ਕੌਮ ਬਹੱਤਰ ਸੰਗਿ ਕਰ ਬਹੁ ਬਿਧਿ ਵੈਰ ਵਿਰੋਧ ਪਸਾਰਾ। ਭਾਈ ਗੁਰਦਾਸ(1/20)

3. The Hindu leaders neglected to teach the spiritual relations to the people at large who were sunk in superstition and materialism, Religion became confused with castle distinction and taboos about eating and drinking. The Muslims were also victims of superstitions and some of their leaders were affected with the disease of intolerance. Dr. Radha Krishnan, Sacred Writing of Sikhs, p. 18)

ਧਰਮ ਕੇਵਲ ਦਿਖਾਵਾ ਹੀ ਰਹਿ ਗਿਆ ਸੀ। ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਨੇ ਕਿਹਾ ਸੀ 'ਨਾ ਕੋ ਹਿੰਦੂ ਨਾ ਮੁਸਲਮਾਨ'। ਇਸ ਦਾ ਭਾਵ ਹੈ ਕਿ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਆਪਣੇ ਧਰਮ ਦੇ ਨਿਯਮਾਂ ਨੂੰ ਭੁੱਲ ਚੁੱਕੇ ਸਨ ਤੇ ਕੇਵਲ ਰਸਮੀ ਭੇਖਾਂ ਵਿਚ ਹੀ ਪਏ ਹੋਏ ਸਨ। ਉਹ ਰਸਮਾਂ ਜੋ ਪ੍ਰਾਪਤੀ ਦਾ ਸਾਧਨ ਸਨ, ਆਪਣੇ ਆਪ ਵਿਚ ਹੀ ਨਿਸ਼ਾਨਾ ਬਣ ਗਈਆਂ ਸਨ।

## ਸਮਕਾਲੀ ਗੁਰੂ

ਮਨੁੱਖੀ ਜੀਵਨ ਦੇ ਅੰਧਕਾਰ ਨੂੰ ਦੂਰ ਕਰਕੇ ਸੱਚ ਧਰਮ ਦੇ ਰਾਹ ਤੇ ਟੋਰਨ ਵਾਲਾ ਗੁਰੂ ਉਸ ਸਮੇਂ ਕੋਈ ਨਜ਼ਰ ਨਹੀਂ ਸੀ ਆਉਂਦਾ। ਸਥਿਤੀ ਇਹ ਸੀ:

ਬਾਬਾ ਦੇਖੈ ਧਿਆਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ।
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।
(ਭਾਈ:ਗੁ:1/24)

ਗੁਰੂ ਮਾਇਆ ਵਿਚ ਗ੍ਰਸਤ, ਗਿਆਨ ਤੋਂ ਸਖਣੇ ਅਤੇ ਲੋਭ ਦੇ ਵਸ ਵਿਚ ਅਧਪੁਰੀ ਸਿਖਿਆ ਦੇਣ ਲਈ ਆਪ ਆਪਣੇ ਚੇਲਿਆਂ ਦੇ ਘਰ ਵਿਚ ਜਾਂਦੇ ਸਨ:

ਗੁਰ ਦੀਖਿਆ ਘਰਿ ਦੇਵਣ ਜਾਹਿ। (ਵਾਰ ਰਾਮਕਲੀ)951

ਗੁਰੂ ਚੇਲੇ ਦੀ ਸੰਗਤ ਵਿਚ ਕੋਈ ਅਧਿਆਤਮ ਵਿਚਾਰ ਨਹੀਂ ਸੀ ਹੁੰਦੀ। ਅਜਿਹੇ ਇਕੱਠ ਜਾਂ ਮੇਲੇ ਤੇ ਕੀ ਹੁੰਦਾ ਸੀ? ਗੁਰੂ ਨਾਨਕ ਸਾਹਿਬ ਉਸਦੀ ਇਕ ਝਾਤੀ ਇਸ ਤਰ੍ਹਾਂ ਦਿੰਦੇ ਹਨ:

ਵਾਇਨਿ ਚੇਲੇ ਨਚਨਿ ਗੁਰ। ਪੈਰ ਹਲਾਇਨਿ ਫੇਰਨਿ ਸਿਰ।
ਉਡਿ ਉਡਿ ਰਾਵਾ ਝਾਟੈ ਪਾਇ। ਵੇਖੈ ਲੋਕੁ ਹਸੈ ਘਰਿ ਜਾਇ।
ਰੋਟੀਆ ਕਾਰਣਿ ਪੂਰਹਿ ਤਾਲ। ਆਪੁ ਪਛਾੜਹਿ ਧਰਤੀ ਨਾਲਿ।
(ਵਾਰ ਆਸਾ)465

ਇਹੋ ਜਿਹੇ ਕੁਰਾਹੇ ਪਏ ਅੰਨ੍ਹੇ ਗੁਰੂ ਅਤੇ ਚੇਲੇ ਕਿੰਨੇ ਹੀ ਸਨ। ਗੁਰੂ ਸਾਹਿਬ ਦੱਸਦੇ ਹਨ:

ਕੇਤੇ ਗੁਰ ਚੇਲੇ ਫੁਨਿ ਹੂਆ। ਕਾਚੇ ਗੁਰ ਤੇ ਮੁਕਤਿ ਨ ਹੂਆ।
(ਰਾਮਕਲੀ ਓਅੰਕਾਰ)932

## ਪੰਡਤ

ਹਿੰਦੂਆਂ ਨੂੰ ਧਾਰਮਿਕ ਅਗਵਾਈ ਦੇਣ ਵਾਲੇ ਜਾਂ ਹਿੰਦੂਆਂ ਦੀਆਂ ਧਾਰਮਿਕ ਰਸਮਾਂ ਰੀਤਾਂ ਕਰਾਉਣ ਵਾਲੇ ਬ੍ਰਾਹਮਣ ਜਾਂ ਪੰਡਤ ਹੀ ਆਗੂ ਸਨ, ਜਿਨ੍ਹਾਂ ਦੇ ਜੀਵਨ ਵਿਚ ਬਹੁਤੀ ਗਿਰਾਵਟ ਆ ਗਈ ਸੀ। ਵੇਦਾਂ ਸ਼ਾਸਤਰਾਂ ਦੀ ਸਿੱਖਿਆ ਤੋਂ ਉਨ੍ਹਾਂ ਦਾ ਵਿਹਾਰ ਬਿਲਕੁਲ ਉਲਟ ਸੀ। ਦੂਜਿਆਂ ਨੂੰ ਉਪਦੇਸ਼ ਦਿੰਦੇ ਸਨ, ਪਰ ਆਪ ਉਹ ਮਾਇਆ ਵਿਚ ਖੁੱਭੇ ਹੋਏ ਸਨ। ਬ੍ਰਾਹਮਣ ਦੇ ਜੀਵਨ ਬਾਰੇ ਗੁਰੂ ਨਾਨਕ ਸਾਹਿਬ ਦੀ ਟਿੱਪਣੀ ਹੈ:

ਪੰਡਿਤ ਵਾਚਹਿ ਪੋਥੀਆਂ ਨਾ ਬੂਝਹਿ ਵੀਚਾਰ।
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ। (ਸਿਰੀ ਰਾਗ)56

## ਦੇਵ ਪੂਜਾ

ਗੁਰੂ ਨਾਨਕ ਦੇ ਸਮੇਂ ਭਿੰਨ ਭਿੰਨ ਦੇਵਤਿਆਂ ਦੀ ਪੂਜਾ ਪ੍ਰਚਲਤ ਸੀ। ਹਰ ਪਿੰਡ, ਹਰ ਸ਼ਹਿਰ ਅਤੇ ਹਰ ਘਰ ਦਾ ਆਪਣਾ ਵੱਖਰਾ ਹੀ ਦੇਵਤਾ ਸੀ ਜਿਸ ਲਈ ਉਹ ਮੰਦਰ ਬਣਾਉਂਦੇ ਅਤੇ ਉਸਦੀ ਪੂਜਾ ਕਰਦੇ। ਇਥੋਂ ਤਕ ਕਿ ਰੁੱਖਾਂ, ਕਬਰਾਂ, ਸੱਪ ਅਤੇ ਰੁੜ੍ਹਾਂ ਆਦਿ ਦੀ ਵੀ ਪੂਜਾ ਕੀਤੀ ਜਾਂਦੀ ਸੀ।[1] ਭਾਰਤ ਦੀ ਏਕਤਾ ਖੰਡਿਤ ਹੋਣ ਦਾ ਇਹ ਵੀ ਇਕ ਕਾਰਣ ਸੀ। ਇਕ ਦੇਵ ਦੇ ਉਪਾਸ਼ਕ ਦੂਜੇ ਦੇਵ ਦੇ ਉਪਾਸ਼ਕਾਂ ਦਾ ਵਿਰੋਧ ਕਰਦੇ ਸਨ।

## ਤੀਰਥ ਇਸ਼ਨਾਨ

ਹਿੰਦੂ ਤੀਰਥਾਂ ਦੀ ਯਾਤਰਾ ਦੀ ਬਹੁਤ ਮਹਾਨਤਾ ਸਮਝਦਾ ਸੀ। ਹਰੇਕ ਮਨੁੱਖ ਚਾਹੁੰਦਾ ਸੀ ਕਿ ਉਹ ਆਪਣੇ ਜੀਵਨ ਵਿਚ ਇਕ ਵਾਰੀ ਤੀਰਥ ਯਾਤਰਾ ਜ਼ਰੂਰ ਕਰੇ ਤਾਂ ਜੋ ਉਹ ਆਵਾਗਵਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰ ਸਕੇ। ਇਸ ਕਰਮ ਦਾ ਵੀ ਉਨ੍ਹਾਂ ਨੂੰ ਅਭਿਮਾਨ ਸੀ।[2]

ਮਨ ਨੂੰ ਸ਼ੁੱਧ ਕਰਨ ਦਾ ਯਾਹਰ ਨਹੀਂ ਸੀ ਕੀਤਾ ਜਾਂਦਾ। ਸਰੀਰ ਦੇ ਇਸ਼ਨਾਨ ਨੂੰ ਹੀ ਸਭ ਕੁਝ ਸਮਝ ਲਿਆ ਜਾਂਦਾ ਸੀ। ਗੁਰੂ ਨਾਨਕ ਅਨੁਸਾਰ/ਅਜਿਹੇ ਮਨੁੱਖ ਮਨ ਤੇ ਖੁਨਣੀ ਹੋਰ ਮੈਲ ਚੜ੍ਹਾ ਲੈਂਦੇ ਸਨ।[3] ਆਪ ਆਪਣੀ ਪਹਿਲੀ ਉਦਾਸੀ ਸਮੇਂ ਵਿਸ਼ੇਸ਼ ਤੌਰ ਤੇ ਤੀਰਥਾਂ ਤੇ ਗਏ। ਲੋਕਾਂ ਦੇ ਨਿਸਫਲ ਕਰਮਾਂ ਨੂੰ ਵੇਖਿਆ। ਗੁਰੂ ਨਾਨਕ ਅਨੁਸਾਰ ਲੋਕਾਂ ਵਿਚ ਤੀਰਥਾਂ ਤੇ ਭਟਕਣ ਨਾਲ ਮੁਕਤੀ ਦੀ ਥਾਂ ਅੰਦਰ ਦੀ ਭਟਕਣ ਵਧੀ ਹੋਈ ਸੀ:

ਬਹੁ ਤੀਰਥ ਭਵਿਆਂ ਤੇਤੋ ਲਵਿਆਂ। (ਵਾਰ ਆਸਾ)467

## ਬੁੱਤ ਪੂਜਾ

ਅਗਿਆਨਤਾ ਕਾਰਣ ਹਿੰਦੂ ਵਿਵੇਕ ਤੋਂ ਸਖਣੇ ਸਨ, ਜਿਵੇਂ ਕਿਸੇ ਨੇ ਕਿਹਾ ਉਸੇ ਤਰ੍ਹਾਂ ਹੀ ਕਰਨਾ ਸ਼ੁਰੂ ਕਰ ਦਿੱਤਾ। ਜੇ ਨਾਰਦ ਨੇ ਬੁੱਤਾਂ ਦਾ ਧਿਆਨ ਧਰਨ ਲਈ ਕਿਹਾ ਤਾਂ ਉਨ੍ਹਾਂ

---

1. Hari Ram Gupta — History of Sikh Gurus — P 12.
2. ਤੀਰਥ ਜਾਓ ਤਾਂ ਹਉ ਹਉ ਕਰਤੇ। (ਆਸਾ ਮ:5)385/14
3. ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ।
   ਇਕੁ ਭਾਉ ਲਥੀ ਨਾਤਿਆਂ ਦੁਇ ਭਾ ਚੜੀਅਸੁ ਹੋਰ।
   ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।
   ਸਾਧ ਭਲੇ ਅਣਨਾਤਿਆਂ ਚੋਰ ਸਿ ਚੋਰਾ ਚੋਰ। (ਵਾਰ ਸੂਹੀ)789.

ਨੇ ਉਸੇ ਨੂੰ ਇਸ਼ਟ ਸਮਝ ਕੇ ਪੂਜਣਾ ਸ਼ੁਰੂ ਕਰ ਦਿੱਤਾ। ਬੁੱਤਾਂ ਨੂੰ ਹੀ ਜੀਂਦਾ ਜਾਗਦਾ ਇਸ਼ਟ ਸਮਝ ਕੇ ਉਨ੍ਹਾਂ ਨੂੰ ਇਸ਼ਨਾਨ ਕਰਵਾਏ, ਬਸਤਰ ਪਹਿਨਾਏ ਅਤੇ ਕਈ ਤਰ੍ਹਾਂ ਦੇ ਪਦਾਰਥਾਂ ਦੇ ਭੋਗ ਲਗਾਏ ਜਾਣ। ਗੁਰੂ ਨਾਨਕ ਨੇ ਇਸ ਨੂੰ ਨਿਰਾਰਥਕ ਕਰਮ ਦੱਸਿਆ। ਅਜਿਹੇ ਬੁੱਤ ਉਪਾਸ਼ਕਾਂ ਨੂੰ ਉਨ੍ਹਾਂ ਨੇ ਸਾਫ਼ ਕਿਹਾ ਸੀ ਕਿ ਜਿਨ੍ਹਾਂ ਬੁੱਤਾਂ ਨੂੰ ਤੁਸੀਂ ਪੂਜਦੇ ਹੋ ਉਹ ਤੁਹਾਨੂੰ ਕੀ ਦੇ ਸਕਦੇ ਹਨ, ਜੋ ਆਪ ਪਾਣੀ ਵਿਚ ਪਾਇਆਂ ਤਰਨ ਦੇ ਸਮਰਥ ਨਹੀਂ ਉਹ ਦੂਜਿਆਂ ਨੂੰ ਕਿਵੇਂ ਤਾਰ ਸਕਦੇ ਹਨ:

ਪਾਥਰੁ ਲੇ ਪੂਜਹਿ ਮੁਗਧ ਗਵਾਰ। ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ।[1]
(ਵਾਰ ਬਿਹਾਗੜਾ) 556

...

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ। (ਸੋਰਠਿ) 637

<u>ਹੋਰ ਕਰਮਕਾਂਡੀ ਕਰਮ</u>

ਲੋਕਾਂ ਨੇ ਧਰਮ ਚਿੰਨ੍ਹਾਂ, ਭੇਖਾਂ ਰਸਮਾਂ ਜਾਂ ਜਪਣ ਦੀ ਮਸ਼ੀਨੀ ਕ੍ਰਿਆ ਵਿਚ ਹੀ ਸਮਝ ਲਿਆ ਸੀ। ਫੋਕਟ ਕਰਮ-ਕਾਂਡ ਵਿਚ ਹੀ ਮੁਕਤੀ ਮਿਲ ਜਾਣ ਦਾ ਅੰਧ ਵਿਸ਼ਵਾਸ ਪ੍ਰਚਲਤ ਸੀ। ਗੁਰੂ ਨਾਨਕ ਨੇ ਉਨ੍ਹਾਂ ਫੋਕੀਆਂ ਰਸਮਾਂ ਤੇ ਦਿਖਾਵਿਆਂ ਦਾ ਚਿਤ੍ਰਨ ਕਰਕੇ ਉਨ੍ਹਾਂ ਨੂੰ ਫ਼ਜ਼ੂਲ ਦੱਸਿਆ। ਕੁਝ ਚਿਤ੍ਰ ਇਹ ਹਨ:

ਮਥੈ ਟਿਕਾ ਤੇੜਿ ਧੋਤੀ ਕਖਾਈ। ਹਥਿ ਛੁਰੀ ਜਗਤ ਕਾਸਾਈ।
(ਵਾਰ ਆਸਾ) 471

...

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥ (ਸੂਹੀ) 729

...

ਪੜਿ ਪੁਸਤਕ ਸੰਧਿਆ ਬਾਦੰ। ਸਿਲ ਪੂਜਸਿ ਬਗੁਲ ਸਮਾਧੰ।
ਮੁਖਿ ਝੂਠ ਬਿਭੂਖਣ ਸਾਰੰ। ਗਲਿ ਮਾਲਾ ਤਿਲਕ ਲਿਲਾਟੰ।
ਦੁਇ ਧੋਤੀ ਬਸਤ੍ਰ ਕਪਾਟੰ। ਜੇ ਜਾਣਸਿ ਬ੍ਰਹਮੰ ਕਰਮੰ।
ਸਭ ਫੋਕਟ ਨਿਸਚਉ ਕਰਮੰ।[2] (ਵਾਰ ਆਸਾ) 470

ਆਪ ਨੇ ਦਿਖਾਵੇ ਦੇ ਪਹਿਰਾਵੇ ਅਤੇ ਚਿੰਨ੍ਹਾਂ ਦੀ ਥਾਂ ਸਦਾਚਾਰਕ ਕੀਮਤਾਂ ਨੂੰ ਅਪਣਾਉਣ ਤੇ ਜ਼ੋਰ ਦਿੱਤਾ। ਉਦਾਹਰਣ ਵਜੋਂ ਬ੍ਰਾਹਮਣ ਦੇ ਦੱਸੇ ਹੋਏ ਜਨੇਊ ਨੂੰ ਪਾਉਣ ਦੀ ਥਾਂ

---

1. ਹੋਰ ਵੇਖੋ ਅਧਿਆਇ ਚੌਥਾ
2. ਉਹੀ

ਆਪ ਦਇਆ, ਸੰਤੋਖ ਅਤੇ ਜਤ ਸਤ ਦਾ ਜਨੇਊ ਧਾਰਨ ਲਈ ਪ੍ਰੇਰਦੇ ਹਨ, ਜੋ ਵਿਅਕਤੀ ਅਤੇ ਸਮਾਜ ਦੀ ਕਲਿਆਣ ਲਈ ਸਹਾਇਕ ਹੁੰਦੇ ਹਨ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ। (ਵਾਰ ਆਸਾ) 471

ਉਸ ਸਮੇਂ ਵਿੱਚ ਬ੍ਰਾਹਮਣ ਆਦਿ ਵੈਸ਼ਨੋ ਭੋਜਨ ਤੇ ਜ਼ੋਰ ਦੇਣ ਲਗ ਪਏ ਸਨ। ਮਾਸ ਨੂੰ ਧਰਮ ਅਨੁਸਾਰ ਵਿਵਰਜਤ ਖਾਦ ਦਸਦੇ ਸਨ। ਉਹ ਵਿਵੇਕ ਨੂੰ ਸਮਝਦੇ ਨਹੀਂ ਸਨ। ਗੁਰੂ ਨਾਨਕ ਦੇ ਕਥਨ ਅਨੁਸਾਰ:

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ।
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ।
(ਵਾਰ ਮਲਾਰ) 1289

ਗੁਰੂ ਨਾਨਕ ਨੇ ਭਾਵੇਂ ਮਾਸ ਖਾਣ ਦੀ ਵਕਾਲਤ ਨਹੀਂ ਕੀਤੀ ਪਰ ਆਪ ਨੇ ਉਨ੍ਹਾਂ ਦੀ ਨਿਖੇਧੀ ਜ਼ਰੂਰ ਕੀਤੀ ਹੈ ਜੋ ਲੋਕ ਪਾਖੰਡ ਕਰਦੇ ਸਨ। ਦੇਵਤਿਆਂ ਨੂੰ ਮਾਸ ਚੜ੍ਹਾਂਦੇ ਸਨ, ਰਬ ਨੂੰ ਮਾਸ ਹਵਾਏ ਸਨ ਅਤੇ ਉਸ ਮਾਸ ਤੋਂ ਨੱਕ ਚੜ੍ਹਾਂਦੇ ਸਨ, ਉਨ੍ਹਾਂ ਤੇ ਟਿੱਪਣੀ ਕਰਦੇ ਆਪ ਲਿਖਦੇ ਹਨ:

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।
(ਵਾਰ ਮਲਾਰ) 1289-90

ਗੁਰੂ ਨਾਨਕ ਸਾਹਿਬ ਨੇ ਲੋਕਾਂ ਦੇ ਧਰਮ-ਵਿਸ਼ਵਾਸਾਂ ਬਾਰੇ ਸੰਖੇਪ ਵਿਚ ਇਸ ਤਰ੍ਹਾਂ ਕਿਹਾ ਹੈ:

ਸਾਸਤੁ ਬੇਦੁ ਨ ਮਾਨੈ ਕੋਇ। ਆਪੋ ਆਪੈ ਪੂਜਾ ਹੋਇ। (ਵਾਰ ਰਾਮਕਲੀ) 951

## ਸਿਧ, ਜੋਗੀ, ਵੈਰਾਗੀ

ਨਾਨਕ ਕਾਲ ਅਤੇ ਉਸ ਤੋਂ ਵੀ ਪਹਿਲੇ ਸਮੇਂ ਵਿਚ ਭਾਰਤ ਦੇ ਧਾਰਮਿਕ ਖੇਤਰ ਵਿਚ ਜੋਗੀ ਸੰਪ੍ਰਦਾ ਨੂੰ ਕਾਫ਼ੀ ਮਹੱਤਤਾ ਪ੍ਰਾਪਤ ਸੀ। ਇਹ ਸੰਪਰਦਾ ਤਾਂਤਰਿਕ ਯੋਗ ਦੇ ਆਧਾਰ ਤੇ ਚਲੀ ਤੇ ਇਸਦਾ ਮੋਢੀ ਗੋਰਖ ਨਾਥ ਕਿਹਾ ਜਾਂਦਾ ਹੈ। ਜੋਗੀ ਘਰ ਬਾਹਰ ਤਿਆਗ ਕੇ ਜੰਗਲਾਂ ਵਿਚ ਜਾ ਕੇ ਤਪੱਸਿਆ ਕਰਦੇ ਸਨ। ਉਨ੍ਹਾਂ ਦੇ ਚੇਲੇ ਨੇੜੇ ਦੀਆਂ ਬਸਤੀਆਂ ਵਿਚੋਂ ਭੋਜਨ ਮੰਗ ਕੇ ਲੈ ਜਾਂਦੇ ਅਤੇ ਇਸ ਤਰ੍ਹਾਂ ਉਹ ਉਦਰ ਪੂਰਤੀ ਕਰਦੇ। ਗੁਰੂ ਨਾਨਕ ਨੇ ਵੇਖਿਆ ਕਿ ਜੋਗੀ ਲੋਕ ਸਾਧਨਾ ਦੇ ਬਲ ਨਾਲ ਰਿਧੀਆਂ ਸਿਧੀਆਂ ਪ੍ਰਾਪਤ ਕਰ ਲੈਂਦੇ ਸਨ ਅਤੇ ਕਈ ਤਰ੍ਹਾਂ ਜੰਤ੍ਰਾਂ ਮੰਤ੍ਰਾਂ ਅਤੇ ਕਰਾਮਾਤਾਂ ਰਾਹੀਂ ਭਰਮਾਂਦੇ ਸਨ ਪਰ ਅਸਲ ਵਿਚ ਉਹ ਵੀ ਲੋਕਾਂ ਨੂੰ ਮੁਕਤੀ ਦਾ ਰਸਤਾ ਦਰਸਾਉਣ ਤੋਂ ਅਸਮਰਥ ਸਨ। ਜੇ ਉਨ੍ਹਾਂ ਨੂੰ ਆਪ ਕੋਈ ਪ੍ਰਾਪਤੀ ਹੁੰਦੀ ਵੀ ਸੀ ਤਾਂ

ਦੂਰ ਜੰਗਲਾਂ ਵਿਚ ਰਹਿ ਕਰਕੇ ਉਹ ਪ੍ਰਾਪਤੀ ਵਿਅਕਤੀਗਤ ਹੁੰਦੀ ਸੀ। ਜਿਸਦਾ ਜਨ-ਸਾਧਾਰਨ ਨੂੰ ਕੋਈ ਲਾਭ ਨਹੀਂ ਸੀ ਹੁੰਦਾ। ਜੋਗੀਆਂ ਨਾਥਾਂ ਦੇ ਵਿਚ ਵੀ ਬਾਹਰੀ ਦਿਖਾਵਾ ਵਧਦਾ ਜਾ ਰਿਹਾ ਸੀ ਅਤੇ ਅਸਲੀ ਜੋਗ ਤੋਂ ਉਹ ਪਰ੍ਹੇ ਹੀ ਹੁੰਦੇ ਜਾਂਦੇ ਸਨ ਤੇ ਕਈ ਹੋਰ ਕੁਰੀਤੀਆਂ ਵੀ ਉਨ੍ਹਾਂ ਵਿਚ ਆ ਗਈਆਂ ਸਨ। ਕਈ ਜੋਗੀ ਨੰਗੇ ਫਿਰਦੇ ਸਨ ਅਤੇ ਇਸੇ ਨੂੰ ਜੋਗ ਦੀ ਇਕ ਜੁਗਤੀ ਦੱਸਦੇ ਸਨ। ਉਹ ਵਾਸਤਵ ਗਿਆਨ ਤੋਂ ਬਿਲਕੁਲ ਸਖਣੇ ਸਨ।[1]

ਜੋਗ, ਬਗਲੀ, ਡੰਡਾ, ਸੁਆਹ ਮਲਣ, ਸਿਰ ਮੁੰਨਾਉਣ ਅਤੇ ਸਿੰਗੀ ਵਜਾਉਣ ਵਿਚ ਹੀ ਰਹਿ ਗਿਆ ਸੀ। ਗੁਰੂ ਨਾਨਕ ਨੇ ਇਸ ਨੂੰ ਅਕਾਰਥ ਕਰਮ ਦੱਸਿਆ। ਮਾਇਆ ਵਿਚ ਨਿਰਲੇਪ ਰਹਿ ਕੇ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਅਸਲ ਜੋਗ ਜੁਗਤੀ ਸੁਝਾਈ। ਇਹ ਸ਼ਬਦ ਆਪ ਨੇ ਜੋਗੀਆਂ ਦੇ ਜੀਵਨ ਤੇ ਆਲੋਚਨਾ ਕਰਦਿਆਂ ਲਿਖਿਆ:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ।
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ।
ਗਲੀ ਜੋਗੁ ਨ ਹੋਈ।।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।। (ਸੂਹੀ)730

ਜੋਗੀ ਲੋਕ ਗ੍ਰਿਹਸਤ ਨੂੰ ਮਾੜਾ ਕਹਿ ਕੇ ਜੰਗਲਾਂ ਵਿਚ ਚਲੇ ਜਾਂਦੇ ਸਨ ਪਰ ਲੋੜਾਂ ਪੂਰੀਆਂ ਕਰਨ ਲਈ ਫਿਰ ਗ੍ਰਿਹਸਤੀਆਂ ਪਾਸੋਂ ਹੀ ਆ ਕੇ ਮੰਗਦੇ ਸਨ।[2]

ਉਨ੍ਹਾਂ ਦੇ ਇਸ ਕਰਮ ਤੇ ਟਿੱਪਣੀ ਕਰਦਿਆਂ ਆਪ ਨੇ ਕਿਹਾ:

ਛਾਦਨ ਭੋਜਨੁ ਮਾਗਤੁ ਭਾਗੈ। ਖੁਧਿਆ ਦੁਸਟ ਜਲੈ ਦੁਖ ਆਗੈ।[3]
(ਰਾਮਕਲੀ)879

ਗੁਰੂ ਨਾਨਕ ਅਨੁਸਾਰ ਉਸ ਸਮੇਂ ਬੈਰਾਗੀ ਵੀ ਅਨੇਕਾਂ ਹੀ ਸਨ:

ਅਸੰਖ ਬੈਰਾਗੀ, ਕਰਹਿ ਬੈਰਾਗੁ। ਸੋ ਬੈਰਾਗੀ ਜਿ ਖਸਮੈ ਭਾਵੈ।
(ਸੋਰਠਿ)634

## ਜੈਨੀ ਸਾਧੂ

ਜੈਨੀ ਸਾਧੂਆਂ ਦਾ ਜੀਵਨ ਵੀ ਦਿਖਾਵੇ ਦਾ ਸੀ ਅਤੇ ਅੰਦਰ ਦੇ ਸੁੱਚ ਸੋਚ ਤੋਂ ਸੱਖਣਾ ਸੀ। ਗੁਰੂ ਨਾਨਕ ਨੇ ਉਨ੍ਹਾਂ ਦੇ ਬਾਹਰੀ ਚਿੰਨ੍ਹਾਂ ਅਤੇ ਉਨ੍ਹਾਂ ਦੀਆਂ ਕ੍ਰਿਆਵਾਂ ਤੇ ਵੀ ਤੀਖਣ ਵਿਅੰਗ

---

1. ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗ ਲਗਾਇਨ ਛਾਰਾ। (ਭਾਈ ਗੁਰਦਾਸ)1/29.
2. ਹੋਇ ਅਤੀਤੁ ਗ੍ਰਿਹਸਤ ਤਜਿ ਫਿਰ ਉਨ ਕੇ ਘਰਿ ਮੰਗਣਿ ਜਾਈ।
   ਬਿਨੁ ਦਿਤੇ ਕਿਛੁ ਹਥਿ ਨਾ ਆਈ। (ਭਾਈ ਗੁਰਦਾਸ)1/40
3. ਹੋਰ ਵੇਖੋ ਅਧਿਆਇ ਚੌਥਾ, ਜੋਗ ਮੱਤ.

ਕੀਤਾ ਹੈ। ਉਹ ਗੰਦਾ ਪਾਣੀ ਪੀਂਦੇ, ਬਚਿਆ ਖੁਚਿਆ ਖਾਂਦੇ ਤੇ ਵਿਸ਼ਟਾ ਫੋਲਕੇ ਬਦਬੋ ਲੈਂਦੇ। ਆਪਣੇ ਵਾਲ ਮੋਚਣੇ ਨਾਲ ਪੁੱਟਦੇ, ਹੱਥਾਂ ਤੇ ਸੁਆਹ ਮਲਦੇ, ਜੱਦੀ ਕਾਰੋਬਾਰ ਛੋੜ ਦਿੰਦੇ, ਉਨ੍ਹਾਂ ਦੇ ਮਾਪੇ ਤੇ ਪਰਿਵਾਰ ਉਨ੍ਹਾਂ ਲਈ ਰੋਂਦੇ।[1] ਉਨ੍ਹਾਂ ਦੀ ਇਸ ਕੁਚੀਲ ਕ੍ਰਿਆ ਬਾਰੇ ਆਪ ਦਾ ਵਿਚਾਰ ਹੈ:

ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ।
ਮਨਿ ਜੂਠੈ ਵੇਜਾਤਿ ਜੂਠਾ ਖਾਇਆ।
ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ।
ਗੁਰਮੁਖ ਓਅੰਕਾਰੁ ਸਚਿ ਸਮਾਇਆ। (ਵਾਰ ਮਲਾਰ)1285

## ਹੋਰ ਭੇਖੀ ਸਾਧੂ

ਜਗਤ ਅਤੇ ਇਸਤ੍ਰੀ ਨੂੰ ਮਾਇਆ ਕਹਿਣ ਵਾਲੇ ਅਤੇ ਤਿਆਗ ਦਾ ਪਰਚਾਰ ਕਰਨ ਵਾਲੇ ਵਿਰਕਤ ਸਾਧੂ ਹੋਰ ਵੀ ਕਈ ਸਨ, ਜਿਨ੍ਹਾਂ ਦਾ ਉਲੇਖ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ। ਉਨ੍ਹਾਂ ਵਿਚ ਇਕ ਕਾਪੜੀ ਸਾਧੂ ਵੀ ਸਨ, ਜੋ ਲੀਰਾਂ ਦਾ ਚੋਲਾ ਪਾਂਦੇ, ਹਥ ਵਿਚ ਚਿੱਪੀ ਰਖਦੇ। ਇਸਤ੍ਰੀ ਨੂੰ ਛੱਡ ਕੇ ਤਾਂ ਭੱਜੇ ਜਾਂਦੇ ਸਨ, ਪਰ ਕਾਮ ਵਸ ਹੋਣ ਕਰਕੇ ਉਨ੍ਹਾਂ ਦੇ ਮਨ ਵਿਚੋਂ ਇਸਤ੍ਰੀ ਨਿਕਲਦੀ ਨਹੀਂ ਸੀ:

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।
(ਮਾਰੂ ਅਸ਼ਟਪਦੀਆਂ)1073

ਕੁਝ ਐਸੇ ਮੋਨੀ (ਚੁੱਪ ਸਾਧਨ ਵਾਲੇ) ਸਾਧੂ ਵੀ ਸਨ, ਜਿਹੜੇ ਸਿਰ ਮੁਨਾ ਕੇ ਸਿਰ ਤੇ ਬੋਦੀ ਨੂੰ ਬੰਨ੍ਹ ਲੈਂਦੇ ਸਨ ਅਤੇ ਮੋਨ ਰਹਿਣ ਦਾ ਹੰਕਾਰ ਰਖਦੇ ਸਨ। ਆਤਮ ਗਿਆਨ ਤੋਂ ਉਹ ਬਿਲਕੁਲ ਸਖਣੇ ਸਨ, ਜਿਸ ਕਰਕੇ ਉਨ੍ਹਾਂ ਦਾ ਮਨ ਮਾਇਆ ਦੀ ਖਿੱਚ ਕਰਕੇ ਹਰ ਪਾਸੇ ਦੌੜਦਾ ਫਿਰਦਾ ਸੀ। ਗੁਰੂ ਨਾਨਕ ਬਾਣੀ ਵਿਚ ਅਜਿਹੇ ਸਾਧੂਆਂ ਦਾ ਚਿਤਰ ਵੇਖੋ:

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ।
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ।
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ।
(ਮਾਰੂ ਅਸਟਪਦੀਆਂ)1013

## ਵੇਦਾਂਤੀ

ਵੇਦਾਂਤ ਗਿਆਨ ਮਾਰਗ ਨੂੰ ਦ੍ਰਿੜ੍ਹ ਕਰਾਂਦੇ ਸਨ। ਉਨ੍ਹਾਂ ਦਾ 'ਅਹੰ ਬ੍ਰਹਮਾਸਮੀ' 'ਤਤਤਵਮਸੀ' ਦਾ ਸਿਧਾਂਤ ਹੈ ਤਾਂ 'ਆਤਮ-ਸੋਝੀ' ਦਾ ਦਰਜਾ, ਪਰ ਉਹ ਇਸੇ ਸਥਿਤੀ

---

1. ਵੇਖੋ ਅਧਿਆਇ ਪੰਜਵਾਂ

ਤੱਕ ਹੀ ਸੀਮਤ ਰਹਿ ਜਾਏ ਸਨ ਅਤੇ ਕਈ ਨਾਮਕੇ ਮਾਤਰ ਇਸ ਵਿਚਾਰ ਨੂੰ ਪ੍ਰਗਟ ਕਰਨ ਵਾਲੇ ਸੋਝੀ ਵਿਹੂਣੇ ਅਹੰਕਾਰ ਦੇ ਵਿਕਾਰ ਵਿਚ ਪਏ ਰਹਿੰਦੇ ਸਨ। ਸਦ ਗੁਰੂ ਸ਼ਰਨ ਅਵਸਥੀ ਦੇ ਵਿਚਾਰ ਅਨੁਸਾਰ 'ਵੇਦਾਂਤੀ ਸਰਵੰ ਖਲਵਿਦ ਤਕ ਹੀ ਸੀਮਤ ਨਹੀਂ ਰਹਿੰਦਾ। ਉਹ ਇਹ ਵੀ ਸੋਚਦਾ ਹੈ - 'ਅਹਮਬ੍ਰਹਮਸਮੀ' (ਮੈਂ ਵੀ ਬ੍ਰਹਮ ਹਾਂ) ਅਥਵਾ ਸੋਹੰ ਵੀ ਕਹਿੰਦਾ ਹੈ, ਫੇਰ ਸੋਹੰ ਸੋਹੰ ਕਹਿਣ ਲਈ ਇਹ ਬੜਾ ਕਠਨ ਹੈ ਕਿ ਨਿੱਸੀਮ ਦੀ ਟੋਪੀ ਤਾਂ ਪਹਿਨੇ ਪਰੰਤੂ ਨਿਸੀਮਤਵ ਦਾ ਅਹੰਕਾਰ ਉਸ ਵਿਚ ਨਾ ਆਵੇ। ਗਿਆਨ ਦੇ ਪਰਮ ਤੱਤਵ ਤੋਂ ਪਹਿਲਾਂ ਵੀ ਅਧੌਕਚਰੇ ਗਿਆਨੀ 'ਸੋਹੰ' ਤੋਂ ਆਰੰਭ ਕਰਦੇ ਹਨ, ਪਰ ਸਾਧਨ ਵਿਚ, ਬਾਣੀ ਵਿਚ, ਵਿਵਹਾਰ ਵਿਚ ਇਹ ਵਡਪਣ ਦਾ ਅਭਾਸ ਨਾ ਦੇਣਾ ਅਸੰਭਵ ਹੈ। ਗਿਆਨੀ ਦਾ ਅਣਜਾਣਤਾ ਵਿਚ ਅਹੰਕਾਰ ਦੀ ਬਸਤੀ ਵਿਚ ਫਿਸਲ ਜਾਣਾ ਕੁਦਰਤੀ ਹੈ।[1] ਭਾਈ ਵੀਰ ਸਿੰਘ ਅਨੁਸਾਰ ਜਪੁਜੀ ਦੀ ਪਉੜੀ 32 ਵਿਚ ਪੰਗਤੀ 'ਕੂੜੀ ਕੂੜੈ ਠੀਸ' ਇਸੇ ਪ੍ਰਥਾਇ ਹੈ। ਉਹ ਲਿਖਦੇ ਹਨ ਕਿ ਨਮਤਾ ਵਿਹੂਣੀਆਂ 'ਅਹੰ-ਬ੍ਰਹਮਸਮਿ' ਦੀਆਂ ਟੀਸਾਂ (ਟੱਪਾ) ਮਾਰਨ ਨਾਲ ਕੂੜ ਪੱਲੇ ਪੈਂਦਾ ਹੈ। ਈਸ਼ਵਰ ਮਿਲਾਪ ਦਾ ਠੀਕ ਰਸਤਾ ਹੈ - 'ਨਾਮ ਸਿਮਰਣ''[2], ਪਉੜੀ ਬਤੀਸੀ ਦੀ ਵਿਆਖਿਆ ਕਰਦਿਆਂ ਵੇਦਾਂਤੀਆਂ ਦੀ ਸਥਿਤੀ ਨੂੰ ਇਸਤਰ੍ਹਾਂ ਪ੍ਰਗਟਾਇਆ ਹੈ: 'ਅਹੰਬ੍ਰਹਮਾਸਮਿ' ਕਹਿ ਕੇ ਬਿਨਾਂ ਕਿਸੇ ਨਮਤਾ ਯੁਕਤ ਹੋਈ ਦੇ ਆਪੂੰ ਈਸ਼ਵਰ ਬਣਨ ਵਾਲੇ ਗਮਾਨੀ ਹੋਸਨ।'[3]

ਭਾਈ ਜੋਧ ਸਿੰਘ ਦਾ ਮੱਤ ਹੈ ਕਿ ਗੁਰੂ ਨਾਨਕ ਨੇ ਇਸ ਸਿਧਾਂਤ ਨੂੰ 'ਆਤਮ ਪਛਾਣ' ਦੀ ਹੱਦ ਤਕ ਹੀ ਮੰਨਿਆ ਹੈ। ਆਤਮ ਗਿਆਨ ਤੋਂ ਬਾਅਦ ਉਸਦਾ ਧਿਆਨ ਨਿਰੰਕਾਰ ਵਲ ਹੋਣਾ ਜ਼ਰੂਰੀ ਹੈ।[4] ਪੁਸ਼ਟੀ ਵਜੋਂ ਉਨ੍ਹਾਂ ਨੇ ਗੁਰੂ ਨਾਨਕ ਦਾ ਇਹ ਸ਼ਬਦ ਦਿੱਤਾ ਹੈ:

> ਪ੍ਰਣਵਤਿ ਨਾਨਕੁ ਗਿਆਨੀ ਕੈਸਾ ਹੋਇ
> ਆਪੁ ਪਛਾਣੈ ਬੂਝੈ ਸੋਇ।
> ਗੁਰ ਪਰਸਾਦਿ ਕਰੇ ਬੀਚਾਰੁ। ਸੋ ਗਿਆਨੀ ਦਰਗਹ ਪਰਵਾਣੁ। (ਸਿਰੀ ਰਾਗ)
> 25

## ਮੁਸਲਮਾਨ

ਉਸ ਸਮੇਂ ਦੇ ਮੁਸਲਮਾਨਾਂ ਅਤੇ ਉਨ੍ਹਾਂ ਦੇ ਧਰਮ-ਆਗੂਆਂ ਵਿਚ ਵੀ ਬਹੁਤ ਸਾਰੀਆਂ ਕੁਰੀਤੀਆਂ ਘਰ ਕਰ ਗਈਆਂ ਸਨ ਤੇ ਉਹ ਆਪਣੇ ਅਸਲ ਉਦੇਸ਼, 'ਇਕ ਅੱਲਾ'' ਨੂੰ ਮੰਨਣਾ ਤੇ ਬਾਕੀ ਸਭ ਨੂੰ ਭਰਾ ਸਮਝਣਾ ਦੇ ਅਕੀਦੇ ਤੋਂ ਦੂਰ ਜਾ ਰਹੇ ਸਨ। ਦੂਜੇ ਧਰਮਾਂ ਵਿਰੁੱਧ ਉਨ੍ਹਾਂ ਅੰਦਰ ਨਫ਼ਰਤ ਵਧਦੀ ਜਾ ਰਹੀ ਸੀ। ਮੁਸਲਮਾਨ ਹਾਕਮ ਕਾਜ਼ੀਆਂ ਦੀਆਂ ਹਦਾਇਤਾਂ ਅਨੁਸਾਰ

---

1. ਡਾ: ਦਲੀਪ ਸਿੰਘ ਦੀਪ, ਜਪੁਜੀ - ਇਕ ਤੁਲਨਾਤਮਕ ਅਧਿਐਨ, ਪੰਨਾ 135 ਉਤੇ ਉਧ੍ਰਿਤ
2. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰਨਾ 153.
3. Guru Nanak and Indian Religious Thought, p.74.

ਹਿੰਦੂਆਂ ਨੂੰ ਕਾਫਰ ਸਮਝਕੇ ਉਨ੍ਹਾਂ ਤੇ ਜ਼ੁਲਮ ਢਾਂਦੇ ਸਨ। ਇਸਲਾਮ ਦੀ ਅਸਲ ਭਾਵਨਾ ਉਨ੍ਹਾਂ ਦੇ ਜੀਵਨ ਵਿਚ ਖਤਮ ਹੋ ਰਹੀ ਸੀ। ਗੁਰੂ ਸਾਹਿਬ ਨੇ ਮੁਸਲਮਾਨਾਂ ਬਾਰੇ ਲਿਖਿਆ ਹੈ;

ਮੁਸਲਮਾਨਾਂ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ।
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ।
(ਆਸਾ) 465

ਮੁਸਲਮਾਨਾਂ ਦੀ ਅਖਉਤੀ ਸ੍ਰੇਸ਼ਟਤਾ ਨੂੰ ਵੀ ਗੁਰੂ ਸਾਹਿਬ ਨੇ ਕਾਫੀ ਨਸ਼ਰ ਕੀਤਾ ਹੈ। ਮੁਸਲਮਾਨ ਦੇ ਕਪੜੇ ਨੂੰ ਜੇ ਲਹੂ ਲਗ ਜਾਂਦਾ ਹੈ ਤਾਂ ਉਹ ਸਮਝਦੇ ਹਨ ਕਿ ਨਾਪਾਕ (ਅਪਵਿੱਤ੍ਰ) ਹੋ ਗਿਆ ਹੈ। ਨਮਾਜ਼ ਪੜ੍ਹਨ ਦੇ ਕਾਬਲ ਨਹੀਂ ਰਿਹਾ। ਪਰ ਉਹ ਲੋਕਾਂ ਤੇ ਜ਼ੁਲਮ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਲਹੂ ਪੀਣ ਤੋਂ ਝਿਜਕ ਮਹਿਸੂਸ ਨਹੀਂ ਸਨ ਕਰਦੇ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ। (ਵਾਰ ਮਾਝ) 140

ਕਾਜ਼ੀ ਜਿਸ ਤੋਂ ਨਿਆਂ ਦੀ ਆਸ ਸੀ, ਭ੍ਰਿਸ਼ਟ ਹੋ ਚੁੱਕਾ ਸੀ।[1] ਗੁਰੂ ਨਾਨਕ ਅਨੁਸਾਰ:

ਵਢੀ ਲੈ ਕੇ ਹਕੁ ਗਵਾਏ। (ਵਾਰ ਰਾਮਕਲੀ) 951

ਇਸ ਤਰ੍ਹਾਂ ਉਹ ਸਮਾਂ ਸਮੁੱਚੇ ਤੌਰ ਤੇ ਅਨੀਤੀ ਅਤੇ ਧਰਮ ਗਿਰਾਵਟ ਦਾ ਸਮਾਂ ਸੀ। ਇਸ ਗਿਰਾਵਟ ਨੂੰ ਠਲ੍ਹਣਾ ਅਤੇ ਉਸਾਰੀ ਵਲ ਮੋੜਨਾ ਗੁਰੂ ਨਾਨਕ ਦਾ ਮੁੱਖ ਮਿਸ਼ਨ ਸੀ, ਜਿਸ ਲਈ ਉਨ੍ਹਾਂ ਨੇ ਸਾਰੀ ਉਮਰ ਘਾਲਣਾ ਘਾਲੀ ਅਤੇ ਇਸ ਉਦੇਸ਼ ਦੀ ਪੂਰਤੀ ਲਈ ਇਕ ਲਹਿਰ ਚਲਾਈ, ਜਿਸ ਨੂੰ ਬਾਕੀ ਗੁਰੂ ਸਾਹਿਬਾਨਾਂ ਅਤੇ ਸਿੱਖਾਂ ਨੇ ਸਿਖਰ ਤੇ ਪਹੁੰਚਾਇਆ।

<u>ਸਮਾਜਿਕ ਸਥਿਤੀ</u>

ਗੁਰੂ ਨਾਨਕ ਕਾਲ ਵਿਚ ਜਿਥੇ ਧਰਮ ਅਧੋਗਤੀ ਵਲ ਜਾ ਰਿਹਾ ਸੀ, ਉਥੇ ਸਮਾਜ ਵਿਚ ਵੀ ਵਰਣ ਸੰਕਰਤਾ ਦਾ ਹੀ ਰਾਜ ਸੀ। ਚਾਰੇ ਪਾਸੇ ਪਖੰਡ, ਢੋਂਗ ਅਤੇ ਆਡੰਬਰ ਦਾ ਬੋਲ ਬਾਲਾ ਸੀ। ਅੰਧ ਵਿਸ਼ਵਾਸ, ਕੁਰੀਤੀਆਂ ਅਤੇ ਸਿੱਧਾਂ ਜੋਗੀਆਂ ਦੀ ਕਰੂਪਤਾ ਤੇ ਭ੍ਰਿਸ਼ਟਾਚਾਰ ਦਾ ਭੈਰਵ ਨਾਚ ਹੋ ਰਿਹਾ ਸੀ। ਹਿੰਦੂ ਸਮਾਜ ਅਨੇਕ ਜਾਤੀਆਂ ਵਿਚ ਵੰਡਿਆ ਹੋਇਆ ਸੀ। ਹਿੰਦੂ ਅਤੇ ਮੁਸਲਮਾਨਾਂ ਵਿਚ ਘੋਲ ਹੋ ਰਿਹਾ ਸੀ। ਇਸਲਾਮੀ ਹਕੂਮਤ ਹੋਣ ਕਰਕੇ ਮੁਸਲਮਾਨਾਂ ਅੰਦਰ ਉਚਿੱਤਾ ਦਾ ਅਹਿਸਾਸ ਸੀ ਅਤੇ ਹਿੰਦੂ ਜੋ ਹਿੰਦੁਸਤਾਨ ਦੇ ਅਸਲ ਨਿਵਾਸੀ ਸਨ, ਦੂਜੇ ਦਰਜੇ ਦੇ ਸ਼ਹਿਰੀ ਸਮਝੇ

---

1. ਕਾਜ਼ੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ। (ਭਾਈ ਗੁਰਦਾਸ) 1/30

ਜਾਂਦੇ ਸਨ। ਹਕੂਮਤ ਵਲੋਂ ਇਨ੍ਹਾਂ ਨਾਲ ਸਲੂਕ ਵੀ ਘਟੀਆ ਦਰਜੇ ਦੇ ਲੋਕਾਂ ਵਾਲਾ ਕੀਤਾ ਜਾਂਦਾ ਸੀ।[1]

ਬਾਬਰ ਨੇ ਵੀ ਆਪਣੀ ਆਤਮਕਥਾ 'ਤੁਜ਼ਕੇ ਬਾਬਰੀ' ਵਿਚ ਲਿਖਿਆ ਹੈ ਕਿ ਹਿੰਦੂ ਮਾਲ ਮਹਿਕਮੇ ਦੇ ਨੀਵੇਂ ਦਰਜੇ ਦੇ ਕਰਮਚਾਰੀ, ਦਸਤਕਾਰ ਅਤੇ ਕਾਰੀਗਰ ਕਾਮਿਆਂ ਦਾ ਕਮੀਨ ਕੌਮਾਂ ਦੀ ਗਿਣਤੀ ਵਿਚ ਕਰਦੇ ਸਨ। ਉਹ ਪੂਜਾ ਪਾਠ ਕਰਨ ਲਈ ਸੁਤੰਤਰ ਨਹੀਂ ਸਨ। ਲੜਾਈਆਂ ਵਿਚ ਵਧੇਰੇ ਨੁਕਸਾਨ ਹਿੰਦੂਆਂ ਨੂੰ ਉਠਾਣਾ ਪੈਂਦਾ ਸੀ। ਸਖ਼ਤੀਆਂ ਨੂੰ ਸਹਿੰਦਿਆਂ ਸਹਿੰਦਿਆਂ ਹਿੰਦੂ ਮਨ ਕਮਜ਼ੋਰ ਹੋ ਗਿਆ ਸੀ। ਖ਼ੁਦਗਰਜ਼ੀ ਕਰਕੇ ਉਹ ਆਪਣਾ ਸਵੈਮਾਨ ਲਗਭਗ ਖੋਹ ਚੁੱਕੇ ਸਨ।

ਸਦਾਚਾਰਕ ਗਿਰਾਵਟ ਦੋਹਾਂ ਸ਼੍ਰੇਣੀਆਂ ਵਿਚ ਹੀ ਸੀ। ਸੁਆਰਥ ਪ੍ਰਧਾਨ ਸੀ। ਗੁਰੂ ਨਾਨਕ ਦੇ ਕਥਨ ਅਨੁਸਾਰ ਕਾਜ਼ੀ ਰਿਸ਼ਵਤ ਲੈ ਕੇ ਅਨਿਆਂ ਕਰਦਾ ਅਤੇ ਕਿਸੇ ਦਾ ਹੱਕ ਮਾਰਦਾ ਸੀ।

ਮੁਸਲਮਾਨਾਂ ਵਿਚ ਵੀ ਉੱਚੀ, ਮੱਧ ਅਤੇ ਨੀਵੀਆਂ ਸ਼੍ਰੇਣੀਆਂ ਸਨ। ਹਿੰਦੂ ਬੁਜ਼ਦਿਲ ਬਣ ਚੁੱਕਾ ਸੀ। ਸੁਆਰਥ ਪਿਛੇ ਅਸੂਲ ਵੇਚਣ ਤੋਂ ਉਸ ਨੂੰ ਕੋਈ ਸੰਕੋਚ ਨਹੀਂ ਸੀ। ਹਿੰਦੂਆਂ ਵਿਚ ਮੁਸਲਮਾਨਾਂ ਵਿਰੁੱਧ ਘਿਰਣਾ ਹੋਣੀ ਸੁਭਾਵਕ ਸੀ ਪਰ ਉਨ੍ਹਾਂ ਵਿਚਲੀ ਸ਼੍ਰੇਣੀ ਵੰਡ ਨੇ ਵੀ ਪਰਸਪਰ ਵੈਰ ਵਿਰੋਧ ਅਤੇ ਛੂਤ ਛਾਤ ਨੂੰ ਵਧਾ ਦਿੱਤਾ ਸੀ। ਵਰਣ ਵਿਵਸਥਾ ਉਸ ਸਮੇਂ ਅਨੇਕ ਊਣਤਾਈਆਂ ਦੀ ਸ਼ਿਕਾਰ ਹੋ ਰਹੀ ਸੀ। ਸਮਾਜ ਵਿਚ ਬ੍ਰਾਹਮਣਵਾਦ ਦਾ ਬੋਲ ਬਾਲਾ ਸੀ। ਬ੍ਰਾਹਮਣ ਆਪਣੇ ਆਪ ਨੂੰ ਜਨਮ ਕਰਕੇ ਕੁਲੀਨ ਅਖਵਾਉਂਦਾ ਸੀ ਅਤੇ ਸ਼ੂਦਰਾਂ ਨੂੰ ਬ੍ਰਹਮਾ ਦੇ ਪੈਰਾਂ ਵਿਚੋਂ ਜਨਮੇ ਦਸ ਕੇ ਉਨ੍ਹਾਂ ਦੀ ਭਿੱਟ ਤੇ ਜਨਮ ਭ੍ਰਿਸ਼ਟ ਹੋਇਆ ਸਮਝਿਆ ਜਾਂਦਾ ਸੀ। ਉਨ੍ਹਾਂ ਦਾ ਪਰਛਾਵਾਂ ਵੀ ਕੁਲੀਨ ਸ਼੍ਰੇਣੀ ਵਾਲੇ ਦੇ ਧਰਮ ਨੂੰ ਭ੍ਰਿਸ਼ਟ ਕਰ ਦਿੰਦਾ। ਸਾਂਝੇ ਅਸਥਾਨਾਂ ਤੇ ਆਉਣ ਲਈ ਉਨ੍ਹਾਂ ਨੂੰ ਗਲ ਵਿਚ ਟੱਲ ਲਟਕਾਉਣਾ ਪੈਂਦਾ ਸੀ ਤਾਂ ਜੋ ਉਚੇਰੀ ਸ਼੍ਰੇਣੀ ਵਾਲਾ ਸਾਵਧਾਨ ਹੋ ਕੇ ਇਕ ਪਾਸੇ ਹੋ ਜਾਵੇ। ਹਿੰਦੂਆਂ ਦੀ ਸ਼ਕਤੀ ਦੇ ਘਟਣ ਅਤੇ ਖਿੰਡਣ ਦਾ ਇਕ ਵੱਡਾ ਕਾਰਣ ਜਾਤ ਪਾਤ ਦੀ ਕੱਟੜਤਾ ਵੀ ਸੀ। ਗੁਰੂ ਨਾਨਕ ਦੇ ਕਥਨ ਅਨੁਸਾਰ ਉਸ ਸਮੇਂ ਕੋਈ ਵਿਰਲਾ ਹੀ ਜਾਤ ਵਰਨ ਦੇ ਭੇਦ ਤੋਂ ਮੁਕਤ ਸੀ:

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੇ ਪਾਇਆ।
ਜਾਤਿ ਵਰਨ ਤੇ ਭਏ ਅਤੀਤਾ, ਮਮਤਾ ਲੋਭੁ ਚੁਕਾਇਆ। (ਪ੍ਰਭਾਤੀ) 1345

ਵੈਰ ਜਾਂ ਘਿਰਣਾ ਕੇਵਲ ਦੋ ਮੁਖ ਧਰਮਾਂ ਵਿਚ ਹੀ ਨਹੀਂ ਸੀ, ਇਕ ਕੌਮ ਦੀਆਂ ਵੱਖ ਵੱਖ ਜਾਤਾਂ ਵਿਚ ਵੀ ਸੀ। ਭਾਈ ਗੁਰਦਾਸ ਅਨੁਸਾਰ:

ਚਾਰ ਵਰਣ ਚਾਰ ਮਜ਼ਹਬਾਂ, ਜਗ ਵਿਚ ਹਿੰਦੂ ਮੁਸਲਮਾਣੇ
ਖ਼ੁਦੀ ਬਖੀਲੀ ਤਕਬਰੀ ਖਿਚੋਤਾਣ ਕਰੇਨਿ ਧਿਙਾਣੇ। (ਵਾਰ 1/21)

---

1. ਆਸਾ ਨੰਦ ਵੋਹਰਾ, ਆਲੋਚਨਾ, ਗੁਰੂ ਨਾਨਕ ਅੰਕ, ਪੰਨਾ 475.

ਇਸ ਤਰ੍ਹਾਂ ਸਾਰੇ ਹੀ ਆਪਣਾ ਆਪਣਾ ਧਰਮ ਭੁੱਲ ਚੁੱਕੇ ਸਨ। ਪਰ ਗੁਰੂ ਨਾਨਕ ਨੇ ਇਸ ਬੁਰਾਈ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਅਤੇ ਸਭ ਜੀਆਂ ਨੂੰ ਬਰਾਬਰ ਦਾ ਦਰਜਾ ਦਿੱਤਾ। ਉਨ੍ਹਾਂ ਅਨੁਸਾਰ ਇਹ ਸਾਰੀ ਜਾਤੀ ਵੰਡ ਫ਼ਜ਼ੂਲ ਹੈ ਕਿਉਂਕਿ ਜਨਮ ਤੋਂ ਸਭ ਬਰਾਬਰ ਹਨ। ਕੋਈ ਉੱਚਾ ਨੀਵਾਂ ਨਹੀਂ ਸਭ ਵਿਚ ਇਕੋ ਹੀ ਜੋਤ ਵਸਦੀ ਹੈ। ਆਪ ਦਾ ਕਥਨ ਹੈ:

ਸਭਿ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (ਧਨਾਸਰੀ)13

## ਇਸਤ੍ਰੀ ਦਾ ਦਰਜਾ

ਗੁਰੂ ਨਾਨਕ ਸਮੇਂ ਇਸਤ੍ਰੀ ਦਾ ਦਰਜਾ ਆਦਮੀ ਨਾਲੋਂ ਨੀਵਾਂ ਸੀ। ਮੁਸਲਮਾਨ ਔਰਤਾਂ ਬੁਰਕੇ ਵਿਚ ਰਹਿੰਦੀਆਂ ਸਨ ਅਤੇ ਹਿੰਦੂ ਔਰਤਾਂ ਤਾਂ ਵਿਸ਼ੇਸ਼ ਤੌਰ ਤੇ ਪਰਦਾ ਕਰਦੀਆਂ ਸਨ। ਉਨ੍ਹਾਂ ਦੀ ਇੱਜ਼ਤ ਸਮੇਂ ਦੇ ਹਾਕਮਾਂ ਤੋਂ ਸੁਰੱਖਿਅਤ ਨਹੀਂ ਸੀ, ਜਿਸ ਕਰਕੇ ਉਹ ਅਕਸਰ ਘਰ ਦੇ ਅੰਦਰ ਹੀ ਰਹਿੰਦੀਆਂ ਸਨ। 'ਅੰਦਰ ਬੈਠੀ ਲਖ ਦੀ, ਬਾਹਰ ਗਈ ਕੱਖ ਦੀ' ਸਮੇਂ ਦੀ ਸਚਾਈ ਬਾਰੇ ਪ੍ਰਸਿੱਧ ਲੋਕੋਕਤੀ ਸੀ। ਲੜਕੀ ਦੀ ਸੁਰੱਖਿਆ ਅਤੇ ਦਾਜ ਆਦਿ ਦੀ ਚਿੰਤਾ ਤੇ ਜ਼ਿੰਮੇਵਾਰੀ ਕਰਕੇ ਤਿੰਨ ਬੁਰਾਈਆਂ ਹੋਰ ਹੋਂਦ ਵਿਚ ਆਈਆਂ - ਪਹਿਲੀ ਇਹ ਕਿ ਅਮੀਰ ਲੋਕ ਲੜਕੀ ਨੂੰ ਜੰਮਦਿਆਂ ਹੀ ਮਾਰ ਦਿੰਦੇ ਸਨ, ਦੂਸਰਾ ਛੋਟੀ ਉਮਰ ਵਿਚ ਹੀ ਲੜਕੀ ਨੂੰ ਵਿਆਹ ਦਿੱਤਾ ਜਾਂਦਾ ਸੀ ਤੇ ਤੀਸਰਾ ਮਰਦ ਪਾਸ ਆਰਥਕ ਸਰਦਾਰੀ ਹੋਣ ਕਰਕੇ ਵਿਆਹੀਆਂ ਕੁਆਰੀਆਂ ਸਭ ਇਸਤ੍ਰੀਆਂ ਦੀ ਨਿਰਾਦਰੀ ਹੁੰਦੀ ਸੀ। ਇਸਤ੍ਰੀ ਨੂੰ ਸ਼ੂਦਰ ਦਾ ਦਰਜਾ ਪ੍ਰਾਪਤ ਸੀ।[1] ਗੋਰਖ ਵਰਗੇ ਜੋਗੀਆਂ ਨੇ ਇਸਤ੍ਰੀ ਜਾਤੀ ਨੂੰ ਭੰਡਿਆ ਸ਼ਾਇਦ ਇਸ ਕਰਕੇ ਕਿ ਉਸਦਾ ਗੁਰੂ ਮਛੰਦਰ ਨਾਥ ਇਸਤ੍ਰੀ ਦੇ ਜਾਲ ਵਿਚ ਫਸ ਗਿਆ ਸੀ। ਗੋਰਖ ਨੇ ਕਿਹਾ ਕਿ ਇਸਤ੍ਰੀ ਭਾਵੇਂ ਬਾਹਰੋਂ ਬੜੀ ਸੁੰਦਰ ਹੈ, ਪਰ ਅੰਦਰੋਂ ਕਰੂਪ ਹੈ। ਵੇਖਣ ਨੂੰ ਭੋਲੀ ਹੈ, ਪਰ ਅੰਦਰੋਂ ਬਘਿਆੜਨ ਹੈ:

ਰੂਪੇ ਕਰੂਪੇ ਗੁਰਦੇਵ ਬਘਨਿ ਭੋਲੇ ਭੋਲੇ।[2]

ਇਸਤ੍ਰੀ ਪੁਰਖ ਦੇ ਪਰਸਪਰ ਸੰਬੰਧਾਂ ਵਿਚ ਵੀ ਕਾਫ਼ੀ ਗਿਰਾਵਟ ਆ ਗਈ ਸੀ। ਭਾਈ ਗੁਰਦਾਸ ਦੇ ਕਥਨ ਅਨੁਸਾਰ ਇਹ ਸੰਬੰਧ ਧਨ-ਸੁਆਰਥ ਤੱਕ ਹੀ ਰਹਿ ਗਿਆ ਸੀ:

ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ। (ਵਾਰ 1/30)

---

1. ਸ਼ੂਦਰ ਅਤੇ ਇਸਤ੍ਰੀ ਨੂੰ ਹਿੰਦੂ ਧਰਮ ਅਨੁਸਾਰ ਜਪ ਤਪ ਦਾ ਕੇਵਲ ਅਧਿਕਾਰੀ ਹੀ ਨਹੀਂ ਸਗੋਂ ਇਨ੍ਹਾਂ ਕਰਮਾਂ ਤੋਂ ਪਤਿਤ ਹੋਣਾ ਦੱਸਿਆ ਹੈ। (ਮਹਾਨ ਕੋਸ਼, ਪੰਨਾ 168)

2. Quoted by Bhai Jodh Singh in Guru Nanak and Indian Religious Thought, p.22.

ਅਤੇ ਗੁਰੂ ਨਾਨਕ ਦੇ ਆਪਣੇ ਸ਼ਬਦਾਂ ਵਿਚ:

ਇਸਤਰੀ ਪੁਰਖੈ ਖਟਿਐ ਭਾਉ। ਭਾਵੈ ਆਵਉ ਭਾਵੈ ਜਾਉ।
(ਵਾਰ ਰਾਮਕਲੀ)951

ਪਰਿਵਾਰਕ ਜਬਰਾਂ ਤੋਂ ਵੀ ਤਤਕਾਲੀਨ ਜੀਵਨ ਦੁਖੀ ਸੀ। ਟੱਬਰ ਉਸ ਵੇਲੇ ਸਾਂਝੇ ਸਨ। ਨੂੰਹ ਸੱਸ ਦਾ ਨਿੱਤ ਕਲੇਸ਼ ਰਹਿੰਦਾ ਸੀ। ਇਸ ਸਥਿਤੀ ਨੂੰ ਗੁਰੂ ਨਾਨਕ ਨੇ ਅਲੰਕਾਰ ਰੂਪ ਵਿਚ ਇਸ ਤਰ੍ਹਾਂ ਵਿਅਕਤ ਕੀਤਾ ਹੈ:

ਸਾਸੁ ਬੁਰੀ ਘਰਿ ਵਾਸੁ ਨਾ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ।
(ਆਸਾ)355

ਵਿਧਵਾ ਇਸਤ੍ਰੀ ਦੀ ਤਾਂ ਬਹੁਤ ਹੀ ਬੁਰੀ ਹਾਲਤ ਸੀ। ਪਤੀ ਤੋਂ ਬਿਨਾਂ ਉਹ ਘਰ ਵਿਚ ਸਭ ਦੀ ਘਿਰਣਾ ਦਾ ਪਾਤਰ ਬਣ ਜਾਂਦੀ ਸੀ ਅਤੇ ਪਤੀ ਦੀ ਮੌਤ ਦਾ ਜ਼ਿੰਮੇਵਾਰ ਵੀ ਉਸ ਨੂੰ ਠਹਿਰਾਇਆ ਜਾਂਦਾ ਸੀ। ਵਿਧਵਾ ਨੂੰ ਦੂਸਰੀ ਸ਼ਾਦੀ ਕਰਾਉਣ ਦੀ ਸਮਾਜ ਵਲੋਂ ਇਜਾਜ਼ਤ ਨਹੀਂ ਸੀ। ਉਹ ਜਾਂ ਤਾਂ ਪਤੀ ਦੀ ਦੇਹ ਦੇ ਨਾਲ ਹੀ ਸਤੀ ਹੋ ਜਾਂਦੀ ਤੇ ਜਾਂ ਫਿਰ ਸਿਰ ਮੁਨਾ ਕੇ ਫਟੇ ਪੁਰਾਣੇ ਕਪੜੇ ਪਾ ਕੇ ਘਰ ਦੇ ਮਾੜੇ ਮੋਟੇ ਕੰਮ ਕਰਦੀ ਰਹਿੰਦੀ। ਉਸ ਨੂੰ ਕਿਸੇ ਖੁਸ਼ੀ ਦੇ ਸਮਾਗਮ ਵਿਚ ਸ਼ਾਮਲ ਹੋਣ ਦੀ ਮਨਾਹੀ ਸੀ। ਅਜਿਹੀ ਹਾਲਤ ਵਿਚ ਕਈ ਔਰਤਾਂ ਵੇਸਵਾ ਬਣ ਜਾਂਦੀਆਂ ਸਨ। ਇਸ ਸਥਿਤੀ ਦਾ ਵੀ ਗੁਰੂ ਨਾਨਕ ਬਾਣੀ ਵਿਚ ਚਿਤ੍ਰਨ ਹੈ:

ਜਿਉ ਤਨ ਬਿਧਵਾ ਪਰ ਕਉ ਦੇਈ। ਕਾਮਿ ਦਾਮਿ ਚਿਤੁ ਪਰ ਵਸਿ ਸੇਈ।
(ਗਉੜੀ)226

<u>ਆਚਰਨਕ ਗਿਰਾਵਟ</u>

ਸਮੁੱਚੇ ਤੌਰ ਤੇ ਭਾਰਤੀਆਂ ਵਿਚ ਆਚਰਨਕ ਗਿਰਾਵਟ ਆ ਚੁੱਕੀ ਸੀ। ਵਿਕਾਰ ਪ੍ਰਧਾਨ ਸਨ। ਝੂਠ ਬੋਲਣਾ, ਚੋਰੀ ਕਰਨੀ, ਜੂਆ ਖੇਡਣਾ ਅਤੇ ਸ਼ਰਾਬ ਆਦਿ ਪੀਣੀ ਉਨ੍ਹਾਂ ਦੇ ਨਿੱਤ ਦੇ ਕਰਮ ਸਨ। ਜੀਵਨ ਸੇਧ ਤੋਂ ਉਹ ਬਿਲਕੁਲ ਖੁੰਝੇ ਹੋਏ ਸਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤ ਮੁਖਹੁ ਆਲਾਹੀ। (ਵਾਰ 1/30)

ਗੁਰੂ ਨਾਨਕ ਦੇ ਸਮੇਂ ਗੁਲਾਮਾਂ ਦਾ ਰਿਵਾਜ ਵੀ ਸੀ। ਅਮੀਰ ਲੋਕ ਗੁਲਾਮ ਖਰੀਦ ਲੈਂਦੇ ਸਨ ਤੇ ਉਨ੍ਹਾਂ ਦਾ ਵਪਾਰ ਵੀ ਚਲਦਾ ਸੀ। ਗੁਰੂ ਨਾਨਕ ਦੀਆਂ ਇਨ੍ਹਾਂ ਤੁਕਾਂ ਵਿਚ ਸਮੇਂ ਦੀ ਉਸ ਬੁਰਾਈ ਵਲ ਸੰਕੇਤ ਹੈ:

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ। (ਮਾਰੂ)991

ਅਤੇ

ਮਾਂ ਲਾਲੀ ਪਿਉ ਲਾਲਾ ਮੇਰਾ, ਹਉ ਲਾਲੇ ਕਾ ਜਾਇਆ
ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ। (ਮਾਰੂ)991

ਉਸ ਸਮੇਂ ਅਮੀਰ ਲੋਕ ਐਸ਼ ਇਸ਼ਰਤ ਦਾ ਜੀਵਨ ਬਤੀਤ ਕਰ ਰਹੇ ਸਨ ਅਤੇ ਦਿਨ ਰਾਤ ਰੰਗ ਰਲੀਆਂ ਮਨਾਉਂਦੇ ਸਨ। ਇਥੋਂ ਤਕ ਕਿ ਉਨ੍ਹਾਂ ਨੂੰ ਆਪਣੇ ਆਪ ਦੀ ਹੋਸ਼ ਵੀ ਨਹੀਂ ਰਹਿੰਦੀ ਸੀ:

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ। (ਆਸਾ) 417

<u>ਆਰਥਕ ਸਥਿਤੀ</u>

ਗੁਰੂ ਨਾਨਕ ਕਾਲ ਦੇ ਭਾਰਤ ਦੀ ਆਰਥਕ ਸਥਿਤੀ ਵੀ ਆਸ਼ਾ ਜਨਕ ਨਹੀਂ ਸੀ। ਲੋਧੀਆਂ ਦੇ ਰਾਜ ਵੇਲੇ ਰਾਜ ਪ੍ਰਬੰਧ ਕੋਈ ਚੰਗਾ ਨਹੀਂ ਸੀ। ਦੇਸ਼ ਛੋਟੇ ਛੋਟੇ ਹਿੱਸਿਆਂ ਵਿਚ ਵੰਡਿਆ ਹੋਣ ਕਰਕੇ ਆਪਸੀ ਝਗੜੇ ਅਤੇ ਬਾਹਰਲੇ ਹਮਲੇ ਅਕਸਰ ਹੁੰਦੇ ਰਹਿੰਦੇ ਸਨ ਜਿਸ ਕਰਕੇ ਦੇਸ਼ ਵਿਚ ਪ੍ਰਗਤੀ ਤਾਂ ਕੀ ਹੋਣੀ ਸੀ, ਸਗੋਂ ਉਹ ਗਿਰਾਵਟ ਵਲ ਜਾ ਰਿਹਾ ਸੀ। ਬਾਬਰ ਦੇ ਹਮਲੇ ਨੇ ਨਾ ਕੇਵਲ ਵੱਡੀਆਂ ਵੱਡੀਆਂ ਜਾਗੀਰਦਾਰਾਂ ਵਰਗਿਆਂ ਨੂੰ ਹੀ ਫ਼ਕੀਰ ਬਣਾ ਦਿੱਤਾ ਸੀ ਸਗੋਂ ਦੇਸ਼ ਦੇ ਵਪਾਰ ਤੇ ਕੌਮੀ ਆਮਦਨ ਦੀਆਂ ਨੀਹਾਂ ਵੀ ਹਿਲਾ ਦਿੱਤੀਆਂ ਸਨ। ਡੱਚ ਯਾਤਰੂ ਡੀਲਾਇਟ ਨੇ 1631 ਵਿਚ ਲਿਖਿਆ ਸੀ, 'ਪਠਾਣ ਬਾਦਸ਼ਾਹਾਂ' ਦੇ ਸਮੇਂ ਲਾਹੌਰ ਇਕ ਮਾਮੂਲੀ ਜਿਹਾ ਪਿੰਡ ਹੀ ਸੀ ਅਤੇ ਕਾਬਲ ਤੋਂ ਲੈ ਕੇ ਲਾਹੌਰ ਤਕ ਜਾਂਦੀ ਸੜਕ ਤੇ ਬੇਸ਼ਕ ਬਾਦਸ਼ਾਹ ਨੇ 23 ਚੌਕੀਆਂ ਸੁਰੱਖਿਆ ਲਈ ਬਣਾਈਆਂ ਹੋਈਆਂ ਸਨ ਪਰ ਰਸਤੇ ਵਿਚ ਕੋਈ ਵੀ ਯਾਤਰੂ ਪਠਾਣ ਡਾਕੂਆਂ ਤੋਂ ਬਚ ਕੇ ਨਹੀਂ ਜਾ ਸਕਦਾ ਸੀ।[1] ਉਪਜੀਵਿਕਾ ਅਤੇ ਧਨ ਰਾਸ਼ੀ ਵਧਾਣ ਦੇ ਮੁਖ ਸਾਧਨ ਖੇਤੀਬਾੜੀ ਅਤੇ ਵਪਾਰ ਹੀ ਸਨ। ਭਾਰਤ ਆਰੰਭ ਤੋਂ ਹੀ ਖੇਤੀ ਪ੍ਰਧਾਨ ਦੇਸ਼ ਰਿਹਾ ਹੈ। ਉਸ ਸਮੇਂ ਖੇਤੀਬਾੜੀ ਦੇ ਖੇਤਰ ਵਿਚ ਦੋ ਵਰਗ ਹੀ ਸਨ; ਜ਼ਿਮੀਂਦਾਰ ਅਤੇ ਕਿਸਾਨ। ਜ਼ਿਮੀਂਦਾਰ ਪਿੰਡ ਅਤੇ ਭੂਮੀ ਦਾ ਮਾਲਕ ਹੁੰਦਾ ਸੀ ਤੇ ਕਿਸਾਨ ਉਸਦੀ ਪਰਜਾ। ਜ਼ਿਮੀਂਦਾਰ ਸਮੇਂ ਦੇ ਬਾਦਸ਼ਾਹ ਆਦਿ ਨੂੰ ਖੁਸ਼ ਕਰਕੇ ਉਸ ਤੋਂ ਜਾਗੀਰਾਂ ਪ੍ਰਾਪਤ ਕਰ ਲੈਂਦਾ ਸੀ ਪਰ ਉਸ ਧਰਤੀ ਤੇ ਖੂਨ ਪਸੀਨਾ ਇਕ ਕਰਕੇ ਫ਼ਸਲ ਉਪਜਾਉਂਦਾ ਸੀ ਕਿਸਾਨ ਜਾਂ ਵਾਹਕ, ਜਿਸਦੀ ਉਪਜ ਦਾ ਬਹੁਤਾ ਹਿੱਸਾ ਜ਼ਿਮੀਦਾਰ ਨੂੰ ਕਈ ਵਾਰੀ ਦੋ ਡੰਗ ਦੀ ਰੋਟੀ ਅਤੇ ਤਨ ਢਕਣ ਲਈ ਕਪੜਾ ਵੀ ਨਸੀਬ ਨਹੀਂ ਸੀ ਹੁੰਦਾ। ਕਦੀ ਕਦੀ ਵਰਖਾ ਨਾ ਹੋਣ ਕਰਕੇ ਕਿਸਾਨ ਕਰ ਨਾ ਦੇ ਸਕਦਾ ਤਾਂ ਉਸ ਨੂੰ ਸਖ਼ਤ ਸਜ਼ਾਵਾਂ ਵੀ ਮਿਲਦੀਆਂ ਤੇ ਉਨ੍ਹਾਂ ਦੀਆਂ ਇਸਤ੍ਰੀਆਂ ਦਾ ਅਪਮਾਨ ਵੀ ਕੀਤਾ ਜਾਂਦਾ ਸੀ। ਕਿਸਾਨ ਜ਼ਿਮੀਂਦਾਰ ਦੇ ਹੱਥੋਂ ਬਹੁਤ ਦੁਖੀ ਸੀ ਅਤੇ ਬੇਵਸੀ ਦਾ ਜੀਵਨ ਗੁਜ਼ਾਰ ਰਿਹਾ ਸੀ।[2] ਗੁਰੂ ਨਾਨਕ ਨੇ ਖੇਤੀਬਾੜੀ ਦੀ ਮਹੱਤਤਾ ਨੂੰ ਪ੍ਰਗਟਾਇਆ ਅਤੇ ਇਸ ਨੂੰ ਉੱਤਮ ਕਿੱਤਾ ਦੱਸਿਆ। ਖੇਤੀ ਲਈ ਵਰਤੇ ਜਾਂਦੇ ਲਗਭਗ ਸਾਰੇ ਸਾਧਨਾਂ ਅਤੇ ਸੰਦਾਂ

---

1. Hari Ram Gupta, History of Sikh Gurus, p.8.
2. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 676.

ਨੂੰ ਸਦਾਚਾਰਕ ਅਤੇ ਅਧਿਆਤਮਕ ਜ਼ਿੰਦਗੀ ਦੀ ਸਮਗ੍ਰੀ ਦੇ ਤੌਰ ਤੇ ਵਰਤਿਆ ਹੈ।[1]

ਉਸ ਸਮੇਂ ਵਪਾਰ ਵਿਚ ਵੀ ਸਚਾਈ ਨਹੀਂ ਰਹਿ ਗਈ ਸੀ। ਝੂਠ ਬੋਲਣਾ, ਖਰੀਦੋ ਫਰੋਖਤ ਵਿਚ ਨਾਪ ਤੋਲ ਦੀ ਬੇਈਮਾਨੀ, ਹੇਰਾ ਫੇਰੀ ਵਪਾਰੀਆਂ ਦਾ ਆਮ ਕੰਮ ਸੀ। ਵਪਾਰ ਝੂਠ ਤੇ ਆਧਾਰਿਤ ਸੀ। ਅਜਿਹੇ ਵਪਾਰੀਆਂ ਨੂੰ ਸਮਾਜ ਵਿਚ ਘਿਰਣਾਂ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਸੀ। ਗੁਰੂ ਨਾਨਕ ਨੇ ਇਸ ਸੱਚ ਨੂੰ ਇਸ ਤਰ੍ਹਾਂ ਅੰਕਿਤ ਕੀਤਾ ਹੈ:

ਧਰਮ ਸੇਤੀ ਵਪਾਰ ਨ ਕੀਤੋ ਕਰਮੁ ਨ ਕੀਤੋ ਮਿਤੁ। (ਸਿਰੀ ਰਾਗ)75

...

ਕੂੜੀ ਰਾਸਿ ਕੂੜਾ ਵਾਪਾਰੁ। ਕੂੜੁ ਬੋਲਿ ਕਰਹਿ ਆਹਾਰੁ। (ਵਾਰ ਆਸਾ)471

ਆਪ ਨੇ ਮੋਦੀ ਖਾਨੇ ਵਿਚ ਸੱਚਾ ਵਣਜ ਕਰਕੇ ਇਹ ਸਿੱਧ ਕੀਤਾ ਕਿ ਚੰਗੀ ਨੀਅਤ ਨਾਲ ਕੀਤੇ ਵਣਜ ਨਾਲ ਹੀ ਲਾਭ ਹੋ ਸਕਦਾ ਹੈ।

ਉਸ ਸਮੇਂ ਬਾਹਰਲੇ ਮੁਲਕਾਂ ਨਾਲ ਵੀ ਵਪਾਰਕ ਸੰਬੰਧ ਹੁੰਦੇ ਸਨ। ਇਹ ਵਪਾਰ ਧਰਤੀ ਅਤੇ ਸਮੁੰਦਰ ਦੋਹਾਂ ਰਾਹਾਂ ਦੁਆਰਾ ਹੁੰਦਾ ਸੀ। ਉਨ੍ਹਾਂ ਦਿਨਾਂ ਦੀ ਵਪਾਰ ਜਾਤੀ ਦਾ ਇਕ ਮਨ ਭਾਉਂਦਾ ਵਪਾਰ ਕਾਬਲ ਨਾਲ ਘੋੜਿਆਂ ਦਾ ਸੀ। ਪਰ ਰੁਪਏ ਦੀ ਘਾਟ ਵਪਾਰ ਦੀ ਉੱਨਤੀ ਵਿਚ ਵਪਾਰੀਆਂ ਲਈ ਬੜੀ ਰੁਕਾਵਟ ਸੀ। ਕਰ ਦੇ ਰੂਪ ਵਿਚ ਹੁੰਡੀ ਵੀ ਦਿੱਤੀ ਜਾਂਦੀ ਸੀ।

ਉਸ ਸਮਾਜ ਭਾਵੇਂ ਕਈ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਸੀ ਪਰ ਮੁਖ ਤੌਰ ਤੇ ਦੋ ਹੀ ਸ਼੍ਰੇਣੀਆਂ ਸਨ। ਇਕ ਅਮੀਰ ਅਤੇ ਦੂਜੀ ਗਰੀਬ। ਇਸ ਆਰਥਕ ਨਾਬਰਾਬਰੀ ਕਰਕੇ ਲੋਕ ਜੀਵਨ ਸੰਤੁਲਤ ਨਹੀਂ ਸੀ। ਬਹੁਤਾ ਧਨ ਥੋੜ੍ਹਿਆਂ ਕੋਲ ਚਲਾ ਜਾਂਦਾ ਸੀ ਅਤੇ ਥੋੜ੍ਹਾ ਬਹੁਤਿਆਂ ਵਿਚ ਵੰਡਿਆ ਜਾਂਦਾ ਸੀ। ਅਮੀਰ ਆਪਣੇ ਆਪ ਨੂੰ ਵਡਭਾਗਾ ਸਮਝਦਾ ਸੀ ਅਤੇ ਗਰੀਬ ਮੰਦਭਾਗਾ। ਗਰੀਬ ਅਮੀਰ ਦੇ ਰਹਿਮ ਤੇ ਸੀ ਅਤੇ ਅਮੀਰ ਗਰੀਬ ਨੂੰ ਨਫਰਤ ਕਰਦਾ ਸੀ।[2] ਅਮੀਰ ਅਯਾਸ਼ੀ ਵਿਚ ਲੀਨ ਸਨ ਅਤੇ ਗਰੀਬ ਰੋਟੀ ਤੋਂ ਆਤੁਰ ਸਨ। ਮਜ਼ਦੂਰ ਬੇਕਾਰੀ ਤੋਂ ਅਤੇ ਕਿਸਾਨ ਕਰਾਂ ਦੇ ਬੋਝ ਤੋਂ ਤੰਗ ਸਨ। ਜਨ ਸਾਧਾਰਨ ਆਰਥਕ ਸੰਕਟ ਨਾਲ ਪੀੜਤ ਸੀ ਜਿਸ ਕਰਕੇ ਜੀਵਨ ਦੀ ਸਾਧਾਰਨ ਪੱਧਰ ਬਹੁਤ ਨੀਵੀਂ ਸੀ। ਉਸ ਅਮੀਰ ਬਹੁਤੇ ਧਨ ਕਰਕੇ ਅਤੇ ਗਰੀਬ ਇਸ ਦੀ ਘਾਟ ਕਰਕੇ ਚਿੰਤਾ ਗ੍ਰਹਸਤ ਸੀ। ਕੋਈ ਵਿਰਲਾ ਹੀ ਇਸ ਵਾਧ ਘਾਟ ਤੋਂ

---

1. ਵੇਖੋ ਅਗਲਾ ਅਧਿਆਇ, ਗੁਰੂ ਨਾਨਕ ਦੀ ਵਿਚਾਰਧਾਰਾ ਦਾ ਪ੍ਰਭਾਵ.
2. ਕਬੀਰ ਨੇ ਇਸ ਸਥਿਤੀ ਦਾ ਖੂਬ ਵਰਣਨ ਕੀਤਾ ਹੈ:
   ਜਉ ਨਿਰਧਨੁ ਸਰਧਨ ਕੈ ਜਾਇ॥ ਆਗੇ ਬੈਠਾ ਪੀਠਿ ਫਿਰਾਇ॥ (ਭੈਰਉ ਕਬੀਰ) 1159

ਬਚਿਆ ਹੋਇਆ ਸੀ।[1] ਇਹ ਠੀਕ ਹੈ ਕਿ ਪੰਜਾਬ ਪ੍ਰਦੇਸ਼ ਦੀ ਆਰਥਿਕ ਅਵਸਥਾ ਮੁਸਲਮਾਨਾਂ ਦੇ ਪੱਖ ਵਿਚ ਚੰਗੀ ਸੀ ਪਰ ਕਿਉਂਕਿ ਹਿੰਦੂਆਂ ਨੂੰ ਸਮਾਨ ਅਧਿਕਾਰ ਨਹੀਂ ਸਨ ਮਿਲਦੇ ਇਸ ਲਈ ਉਹ ਨਿਰਧਨਤਾ ਅਤੇ ਅਭਾਵ ਦਾ ਜੀਵਨ ਬਤੀਤ ਕਰਦੇ ਸਨ। ਪੰਜਾਬ ਵਿਚ ਜਾਗੀਰਦਾਰੀ ਪੱਧਤੀ ਉਦੋਂ ਵੀ ਮੌਜੂਦ ਸੀ। ਜਾਗੀਰਦਾਰ, ਜਿਨ੍ਹਾਂ ਨੂੰ ਬਾਦਸ਼ਾਹ ਦੀ ਸੇਵਾ ਬਦਲੇ ਜਾਗੀਰ ਮਿਲੀ ਹੁੰਦੀ ਸੀ ਵਿਲਾਸਮਈ ਜੀਵਨ ਹੀ ਗੁਜ਼ਾਰਦੇ ਸਨ। ਮੁਸਲਮਾਨ ਜਾਗੀਰਦਾਰਾਂ ਵਿਰੁੱਧ ਕੋਈ ਸ਼ਿਕਾਇਤਾਂ ਸੁਣਨ ਵਾਲਾ ਨਹੀਂ ਸੀ।[2] ਗੁਰੂ ਨਾਨਕ ਨੇ ਇਸ ਵਿਥ ਨੂੰ ਮਿਟਾਣ ਲਈ ਹੀ ਕਿਰਤ ਕਰਨ ਅਤੇ ਵੰਡ ਕੇ ਛਕਣ ਦਾ ਸੰਕਲਪ ਦਿੱਤਾ।

ਕਰ, ਜਗਾਤੀ

ਸਰਕਾਰ ਦਾ ਆਮਦਨ ਦਾ ਮੁੱਖ ਸਾਧਨ ਕਰ, ਜਗਾਤੀ ਜਾਂ ਟੈਕਸ ਹੀ ਹੁੰਦਾ ਹੈ। ਇਹ ਕਰ ਲੋਕਾਂ ਦੀ ਵਿਤ ਜਾਂ ਆਮਦਨ ਅਨੁਸਾਰ ਹੀ ਉਨ੍ਹਾਂ ਤੋਂ ਉਗਰਾਹ ਕੇ ਰਾਜ ਪ੍ਰਬੰਧ ਅਤੇ ਲੋਕ ਭਲਾਈ ਲਈ ਵਰਤਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਮੁਗਲ ਰਾਜ ਵੇਲੇ ਬਹੁਤ ਸਾਰੇ ਟੈਕਸ ਨਾਜਾਇਜ਼ ਅਤੇ ਜ਼ਬਰਦਸਤੀ ਲਏ ਜਾਂਦੇ ਸਨ, ਇਸ ਪਿਛੇ ਉਨ੍ਹਾਂ ਦੀ ਧਾਰਮਿਕ ਕੱਟੜਤਾ ਅਤੇ ਪੱਖ ਪਾਤ ਦੀ ਦ੍ਰਿਸ਼ਟੀ ਵੀ ਸਪਸ਼ਟ ਹੈ। ਇਸ ਦਾ ਬਹੁਤਾ ਬੋਝ ਹਿੰਦੂਆਂ ਤੇ ਹੀ ਸੀ, ਜਿਨ੍ਹਾਂ ਦੀਆਂ ਧਾਰਮਿਕ ਕ੍ਰਿਆਵਾਂ ਤੇ ਵੀ ਜਜ਼ੀਆ ਜਾਂ ਟੈਕਸ ਲਾਇਆ ਜਾਂਦਾ ਸੀ। ਗੁਰੂ ਨਾਨਕ ਨੇ 'ਆਸਾ ਦੀ ਵਾਰ' ਵਿਚ ਦੱਸਿਆ ਹੈ ਕਿ ਨਦੀ ਪਾਰ ਕਰਨ ਲਈ ਬ੍ਰਾਹਮਣ ਅਤੇ ਉਸਦੀ ਪਵਿੱਤਰ ਗਊ ਤੇ ਵੀ ਟੈਕਸ ਲਗਾਇਆ ਜਾਂਦਾ ਸੀ। ਇਥੋਂ ਤਕ ਕਿ ਦੇਵਤਿਆਂ ਅਤੇ ਮੰਦਰਾਂ ਤੇ ਵੀ ਟੈਕਸ ਲਗਾਏ ਗਏ ਸਨ।[3]

ਚੋਰੀ, ਠੱਗੀ ਅਤੇ ਲੁੱਟ ਖਸੁੱਟ

ਸੁਆਰਥ, ਲੋਭ ਅਤੇ ਆਸ਼ਾ ਤ੍ਰਿਸ਼ਨਾ ਦਾ ਇਸ ਕਦਰ ਵਾਧਾ ਹੋ ਗਿਆ ਸੀ ਕਿ ਕੋਈ ਵੀ ਆਪਣਾ ਧਨ ਮਾਲ ਸੁਰੱਖਿਅਤ ਨਹੀਂ ਸੀ ਸਮਝਦਾ। ਉਂਜ ਤਾਂ ਕਿਸੇ ਵਿਸ਼ੇਸ਼ (ਜਰਾਇਮ ਪੇਸ਼ਾ) ਸ਼੍ਰੇਣੀ ਨੂੰ ਧਾਣਕ (ਸਾਂਹਸੀ) ਕਿਹਾ ਜਾਂਦਾ ਸੀ। ਉਨ੍ਹਾਂ ਜੰਗਲੀ ਲੋਕਾਂ ਦਾ ਵਿਕਰਾਲ ਰੂਪ ਹੁੰਦਾ ਸੀ। ਹੱਥ ਵਿਚ ਛੁਰੇ ਲੈ ਕੇ ਕੁੱਤਿਆਂ ਨਾਲ ਸ਼ਿਕਾਰ ਅਤੇ ਚੋਰੀ ਠੱਗੀ ਲਈ ਫਿਰਦੇ ਰਹਿੰਦੇ

---

1. ਗੁਰੂ ਅਰਜਨ ਅਨੁਸਾਰ:

   ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥
   ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥ (ਮਾਰੂ) 1019

2. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਕਸ਼ਣ, ਪੰਨਾ 11.

3. ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ। (ਬਸੰਤ) 1191

ਸਨ। ਆਚਰਕ ਅਣਸਰਾਂ ਨੂੰ ਘਾਤ ਕਰਨ ਵਾਲੇ ਲੋਕਾਂ ਦੀ ਅਜਿਹੀ ਤਸਵੀਰ ਗੁਰੂ ਨਾਨਕ ਦੇ ਸਨਮੁਖ ਸੀ, ਜਿਸ ਦਾ ਚਿਤ੍ਰਨ ਵੀ ਉਨ੍ਹਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ:

ਏਕੁ ਸੁਆਨੁ ਦੁਇ ਸੁਆਨੀ ਨਾਲਿ। ਭਲਕੇ ਭਉਕਹਿ ਸਦਾ ਬਇਆਲਿ।
ਕੂੜੁ ਛੁਰਾ ਮੁਠਾ ਮੁਰਦਾਰੁ। ਧਾਣਕ ਰੂਪਿ ਰਹਾ ਕਰਤਾਰ।

...

ਮੁਖਿ ਨਿੰਦਾ ਆਖਾ ਦਿਨੁ ਰਾਤਿ। ਪਰ ਘਰੁ ਜੋਹੀ ਨੀਚ ਸਨਾਤਿ।
(ਸਿਰੀ ਰਾਗ)24

ਰਾਜਸਕ ਸਥਿਤੀ

ਗੁਰੂ ਨਾਨਕ ਦੇ ਜਨਮ ਤੋਂ ਲਗਭਗ ਸਾਢੇ ਚਾਰ ਸੌ ਸਾਲ ਪਹਿਲਾਂ ਮੁਸਲਮਾਨ ਕਾਬਲ ਵਲੋਂ ਹੁੰਦੇ ਹੋਏ ਹਿੰਦੁਸਤਾਨ ਵਿਚ ਦਾਖਲ ਹੋ ਚੁੱਕੇ ਸਨ ਅਤੇ ਹਿੰਦੂਆਂ ਤੇ ਹਾਵੀ ਹੋ ਰਹੇ ਸਨ। ਮਹਿਮੂਦ ਗਜ਼ਨਵੀ ਨੇ ਪੰਜਾਬ ਤੇ 17 ਵਾਰੀ ਹਮਲੇ ਕੀਤੇ। ਪਹਿਲਾ ਹਮਲਾ 1000 ਈ: ਵਿਚ ਕੀਤਾ। ਦੂਜੇ ਹਮਲੇ ਵੇਲੇ ਪੰਜਾਬ ਦੇ ਰਾਜੇ ਜੈਪਾਲ ਨੂੰ ਹਰਾਇਆ। 1025 ਈ: ਵਿਚ ਕਾਠੀਆਵਾੜ ਦੇ ਸੋਮਨਾਥ ਦੇ ਮੰਦਰ ਤੇ ਹਮਲਾ ਕਰਕੇ ਉਥੋਂ ਬੇਸ਼ੁਮਾਰ ਧਨ ਵੀ ਲੁੱਟਿਆ ਅਤੇ ਮੰਦਰ ਨੂੰ ਢਾਹ ਦਿੱਤਾ। ਲੁੱਟ ਦਾ ਮਾਲ ਲੈ ਕੇ ਜਦ ਉਹ ਮੁੜ ਰਿਹਾ ਸੀ ਤਾਂ ਪੰਜਾਬ ਦੇ ਜੱਟਾਂ ਨੇ ਉਸ ਨੂੰ ਤੰਗ ਕੀਤਾ ਅਤੇ ਉਸ ਨੇ 1026 ਵਿਚ ਫਿਰ ਇਕ ਹਮਲਾ ਕੀਤਾ ਜੋ ਉਸਦਾ ਅੰਤਿਮ ਹਮਲਾ ਸੀ। ਇਸ ਜਿੱਤ ਨੇ ਉਸਦੀ ਧਾਕ ਬਿਠਾ ਦਿੱਤੀ। ਉਸਦੇ ਨਾਲ ਆਏ ਮੁਸਲਿਮ ਫਕੀਰਾਂ ਨੇ ਭਾਰਤ ਵਿਚ ਇਸਲਾਮੀ ਧਰਮ ਦਾ ਲੋਕਾਂ ਵਿਚ ਪ੍ਰਚਾਰ ਕੀਤਾ। ਉਸ ਪਿਛੋਂ ਅਲਾਉਦੀਨ ਖਿਲਜੀ (1296-1316) ਦਾ ਵਤੀਰਾ ਵੀ ਪੱਖ ਪਾਤੀ ਸੀ। ਇਥੋਂ ਦੀ ਹਿੰਦੂ ਪਰਜਾ ਪ੍ਰਤਿ ਉਸ ਨੂੰ ਘਿਰਣਾ ਸੀ। ਜਿਸ ਵਿਚ ਕਾਜ਼ੀਆਂ ਦਾ ਬਹੁਤਾ ਹੱਥ ਸੀ।[1]

ਮੁਹੰਮਦ ਗੌਰੀ 1192 ਈ: ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਤਰਾਇਣ ਦੇ ਮੈਦਾਨ ਤੇ ਹਰਾ ਕੇ ਹਿੰਦੂ ਸ਼ਕਤੀ ਨੂੰ ਚੰਗੀ ਢਾਅ ਲਾ ਚੁਕਾ ਸੀ। 1398 ਵਿਚ ਤੈਮੂਰ ਦੇ ਹਮਲੇ ਨੇ

1. 'ਉਸਨੇ ਬਿਆਨਾ ਦੇ ਕਾਜ਼ੀ ਮੁਗੀਸੁਦੀਨ ਤੋਂ ਹਿੰਦੂਆਂ ਬਾਰੇ ਜਦ ਸਲਾਹ ਲਈ ਤਾਂ ਉਸ ਦਾ ਉੱਤਰ ਸੀ ਕਿ ਇਸਲਾਮੀ ਕਾਨੂੰਨ ਦੇ ਅਨੁਸਾਰ ਹਿੰਦੂ ਖਿਰਾਜਗੁਜ਼ਾਰ (ਭੇਟ ਦੇਣ ਵਾਲੇ) ਹਨ ਅਤੇ ਜਦ ਕਦੀ ਮਾਲ ਮਹਿਕਮੇ ਦਾ ਅਧਿਕਾਰੀ ਉਨ੍ਹਾਂ ਪਾਸੋਂ ਚਾਂਦੀ ਮੰਗੇ ਤਾਂ ਉਨ੍ਹਾਂ ਨੂੰ ਬਿਨ ਝਿਜਕ ਨਿਮਰਤਾ ਅਤੇ ਸਨਮਾਨ ਸਹਿਤ ਸੋਨਾ ਦੇਣਾ ਚਾਹੀਦਾ ਹੈ। ਜੇ ਮੁਹਸਿਲ (ਟੈਕਸ ਉਗਰਾਹਕ) ਕਿਸੇ ਹਿੰਦੂ ਦੇ ਮੂੰਹ ਵਿਚ ਥੁਕਣਾ ਚਾਹੇ ਤਾਂ ਉਸਨੂੰ ਬਿਨਾ ਕਿਸੇ ਵਿਰੋਧ ਦੇ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ। ਖੁਦਾ ਨੇ ਆਪ ਹਿੰਦੂਆਂ ਨੂੰ ਦਬਾਉਣ ਦਾ ਹੁਕਮ ਦਿੱਤਾ ਹੈ ਕਿਉਂਕਿ ਹਿੰਦੂ ਪੈਗੰਬਰ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਪੈਗੰਬਰ ਦਾ ਹੁਕਮ ਹੈ ਕਿ ਜਾਂ ਤਾਂ ਹਿੰਦੂ ਇਸਲਾਮ ਧਾਰਨ ਕਰਨ ਜਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ, ਜਾਂ ਉਨ੍ਹਾਂ ਨੂੰ ਗੁਲਾਮ ਬਣਾ ਲਿਆ ਜਾਵੇ ਅਤੇ ਉਨ੍ਹਾਂ ਦਾ ਮਾਲ ਧਨ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰ ਲਿਆ ਜਾਵੇ।'

(Zia-ue-din Barni, Tarikh-i-Ferozeshahi, p.102, 2nd edi)

ਭਾਰਤ ਦੀ ਸੰਗਠਤ ਹਕੂਮਤ ਨੂੰ ਖੇਰੂੰ ਖੇਰੂੰ ਕਰ ਦਿੱਤਾ ਸੀ। ਲੁੱਟ ਮਾਰ ਅਤੇ ਹਿੰਦੂ ਧਰਮ ਅਤੇ ਧਰਮ ਅਸਥਾਨਾਂ ਵਿਰੁੱਧ ਕਾਰਵਾਈ ਉਨ੍ਹਾਂ ਹੁਕਮਰਾਨਾਂ ਦੀ ਨਿਸਚਿਤ ਨੀਤੀ ਅਨੁਸਾਰ ਸੀ।[1] ਗੁਰੂ ਨਾਨਕ ਦੇ ਸਮੇਂ ਲੋਧੀਆਂ ਦਾ ਰਾਜ ਸੀ। ਗੁਰੂ ਨਾਨਕ ਦੇ ਜਨਮ ਵੇਲੇ ਦਿੱਲੀ ਦੇ ਤਖ਼ਤ ਉਤੇ ਬਹਿਲੋਲ ਲੋਧੀ(1451-89)ਦਾ ਰਾਜ ਸੀ। ਉਹ ਰਾਜਸੀ ਗਿਰਾਵਟ ਨੂੰ ਠੱਲ੍ਹ ਨਾ ਪਾ ਸਕਿਆ। ਉਸ ਤੋਂ ਬਾਅਦ ਸਿਕੰਦਰ ਲੋਧੀ(1489-1517) ਤਖ਼ਤ ਤੇ ਬੈਠਾ। ਉਹ ਚੰਗਾ ਪ੍ਰਬੰਧਕ ਪਰ ਕੱਟੜ ਮੁਸਲਮਾਨ ਸੀ। ਉਸਦੀ ਨੀਤੀ ਵੀ ਤਅੱਸਬੀ ਮੁਸਲਮਾਨਾਂ ਵਾਲੀ ਸੀ। ਉਸ ਨੇ ਗੈਰ ਮੁਸਲਮਾਨਾਂ ਨੂੰ ਤੰਗ ਕੀਤਾ, ਬਹੁਤ ਸਾਰੇ ਹਿੰਦੂ ਮੰਦਰ ਢਾਹੇ। ਹਿੰਦੂਆਂ ਉਤੇ ਜਮਨਾ ਨਦੀ ਵਿਚ ਨਹਾਉਣ ਲਈ ਵੀ ਪਾਬੰਦੀ ਲਾਈ ਅਤੇ ਉਸਨੇ ਸਰਕਾਰੀ ਤੌਰ ਤੇ ਇਸਲਾਮ ਹਿੰਦੂਆਂ ਉਤੇ ਠੋਸਣ ਦਾ ਉਪਰਾਲਾ ਕੀਤਾ।

ਸੰਨ 1517 ਵਿਚ ਸੁਲਤਾਨ ਸਿਕੰਦਰ ਲੋਧੀ ਦੀ ਮੌਤ ਹੋਈ ਤੇ ਉਸਦਾ ਪੁੱਤਰ ਇਬਰਾਹੀਮ ਲੋਧੀ ਗੱਦੀ ਉਤੇ ਬੈਠਾ। ਉਹ ਮੂਰਖ ਸ਼ਾਸਕ, ਕ੍ਰੋਧੀ ਮਨੁੱਖ ਅਤੇ ਅਯੋਗ ਸੈਨਿਕ ਜਰਨੈਲ ਸੀ। ਉਹ ਆਪਣੇ ਰਿਸ਼ਤੇਦਾਰਾਂ ਤੇ ਸਰਦਾਰਾਂ ਵਿਚ ਬਹੁਤ ਬਦਨਾਮ ਹੋ ਗਿਆ ਸੀ। ਆਪਣੇ ਬਾਪ ਦੇ ਅਮੀਰਾਂ ਦੇ ਉਸਨੇ ਨੱਕ ਵਿਚ ਦਮ ਕੀਤਾ ਹੋਇਆ ਸੀ। ਰਣਧੀਰ ਸਿੰਘ ਅਨੁਸਾਰ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਸੇ ਨੇ ਹੀ ਕੈਦ ਕਰਕੇ ਸੱਤ ਮਹੀਨੇ ਚੱਕੀ ਦੀ ਮੁਸ਼ੱਕਤ ਕਰਵਾਈ ਸੀ। ਬਾਅਦ ਵਿਚ ਬਾਬਰ ਨੇ ਪੀਰਾਂ ਫ਼ਕੀਰਾਂ ਨੂੰ ਰਿਹਾ ਕੀਤਾ ਸੀ। 'ਕੋਟੀ ਹੂ ਪੀਰ ਵਰਜਿ ਰਹਾਏ, ਜਾ ਮੀਰੁ ਸੁਣਿਆ ਧਾਇਆ।' ਇਨ੍ਹਾਂ ਬੰਦੀਵਾਨਾਂ ਵਲ ਹੀ ਇਸ਼ਾਰਾ ਹੈ।[2] ਉਸਦੇ ਸੂਬੇਦਾਰ ਉਸ ਤੋਂ ਆਕੀ ਹੋ ਗਏ ਸਨ। ਤਿੰਨ ਤਿੰਨ ਥਾਂ ਤੇ ਪ੍ਰਾਂਤਾਂ ਵਿਚ ਸਾਜ਼ਸ਼ਾਂ, ਬਗਾਵਤਾਂ, ਉਸ ਦੇ ਰਾਜ ਕਾਲ ਦੀਆਂ ਖ਼ਾਸ ਗੱਲਾਂ ਸਨ। ਪੰਜਾਬ ਦਾ ਸੂਬੇਦਾਰ ਦੌਲਤ ਖਾਂ ਇਬਰਾਹੀਮ ਤੋਂ ਤੰਗ ਸੀ ਅਤੇ ਖ਼ੁਦਮੁਖ਼ਤਿਆਰੀ ਦੀ ਸੁਰੱਖਿਆ ਲਈ ਬਾਬਰ ਨੂੰ ਹਮਲੇ ਲਈ ਤਿਆਰ ਕਰ ਰਿਹਾ ਸੀ। ਗੁਰੂ ਨਾਨਕ ਯੁਗ ਨੂੰ ਰਾਜਨੀਤਕ ਅਰਾਜਕਤਾ ਦਾ ਯੁਗ ਕਿਹਾ ਜਾਂਦਾ ਹੈ। ਹੁਕਮਰਾਨ ਸ਼੍ਰੇਣੀ ਭੋਗ ਵਿਲਾਸ ਵਿਚ ਫਸੀ ਹੋਈ ਸੀ। ਸੁਆਰਥ ਅਤੇ ਅਹੰਕਾਰ ਕਰਕੇ ਲੋਕਾਂ ਤੇ ਜ਼ੁਲਮ ਢਾਹ ਰਹੀ ਸੀ। ਗੁਰੂ ਨਾਨਕ ਬਾਣੀ ਦੀਆਂ ਇਹ ਸਤਰਾਂ ਇਸ ਸਥਿਤੀ ਦਾ ਚਿਤ੍ਰਨ ਹੀ ਹਨ:

---

1. ਤੈਮੂਰ ਦੇ ਧਾਵੇ ਦਾ ਮਨੋਰਥ ਨਿਰਾ ਲੁੱਟ ਮਾਰ ਕਰਨਾ ਜਾਂ ਰਾਜਸੀ ਜਿੱਤ ਪ੍ਰਾਪਤ ਕਰਨਾ ਹੀ ਨਹੀਂ ਸੀ, ਸਗੋਂ ਮੂਲ ਆਸ਼ਾ ਭਾਰਤ ਵਿਚੋਂ ਬੁੱਤ ਪ੍ਰਸਤੀ ਦਾ ਖ਼ਾਤਮਾ ਕਰਨਾ ਸੀ। ਉਸਦੇ ਜ਼ਾਲਮਾਨਾ ਹੱਲੇ ਦਾ ਪੰਜਾਬ ਨੂੰ ਅਕਹਿ ਨੁਕਸਾਨ ਹੋਇਆ। ਕਿਹਾ ਜਾਂਦਾ ਹੈ ਕਿ ਜਦੋਂ ਦੂਜਾ ਸਯੱਦ ਬਾਦਸ਼ਾਹ ਮੁਬਾਰਕ ਸ਼ਾਹ ਲਾਹੌਰ ਦਾਖ਼ਲ ਹੋਇਆ ਤਾਂ ਸ਼ਹਿਰ ਅਸਲੋਂ ਉਜੜਿਆ ਪਿਆ ਸੀ। ਬਦਕਿਸਮਤ ਉੱਲੂਆਂ ਤੋਂ ਬਿਨਾਂ ਉਥੇ ਹੋਰ ਕੁਝ ਵੀ ਨਹੀਂ ਸੀ। (ਡਾ: ਤਾਰਨ ਸਿੰਘ, ਗੁਰੂ ਨਾਨਕ, ਜੀਵਨ ਤੇ ਕਾਵਿ ਚਿਤ੍ਰਨ, ਪੰਨਾ 1)
2. ਆਲੋਚਨਾ, ਗੁਰੂ ਨਾਨਕ ਅੰਕ, ਜਨਵਰੀ-ਦਸੰਬਰ, 1969, ਪੰਨਾ 130.

ਲਬੁ ਪਾਪੁ ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ। (ਵਾਰ ਆਸਾ) 468

...

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।[1]

ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਨਿ ਬੈਠੇ ਸੁਤੇ।
ਚਾਕਰ ਨਹਦਾ ਪਾਇਨਿ ਘਾਉ ਰਤੁ ਪਿਤੁ ਕੁਤਿਹੋ ਚਟਿ ਜਾਹੁ।

(ਵਾਰ ਮਲਾਰ) 1288

## ਸੁਲਤਾਨ

ਸੁਲਤਾਨ ਰਾਜ ਦਾ ਸਭ ਤੋਂ ਵੱਡਾ ਅਧਿਕਾਰੀ ਹੁੰਦਾ ਸੀ। ਉਸਨੂੰ ਬਾਦਸ਼ਾਹ ਜਾਂ ਨਵਾਬ ਵੀ ਕਹਿੰਦੇ ਸਨ। ਉਹ ਆਪਣੀ ਸੈਨਾ ਸ਼ਕਤੀ ਦੇ ਬਲ ਨਾਲ ਰਾਜ ਅਧਿਕਾਰ ਪ੍ਰਾਪਤ ਕਰਦਾ ਸੀ। ਸਾਰੇ ਉਸੇ ਦੀ ਆਗਿਆ ਵਿਚ ਰਹਿੰਦੇ ਸਨ। ਉਸਦੇ ਰਾਜ ਵਿਚ ਜੀਣ ਲਈ ਉਸਦਾ ਬਣ ਕੇ ਰਹਿਣ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ। ਉਸਦੇ ਹੁਕਮ ਦੀ ਅਵੱਗਿਆ ਕਰਨ ਵਾਲੇ ਨੂੰ ਸਖਤ ਤੋਂ ਸਖਤ ਦੰਡ ਦਿੱਤਾ ਜਾਂਦਾ ਸੀ।[2] ਅਜਿਹੇ ਅਭਿਮਾਨੀ ਹਾਕਮ ਤੇ ਟਿੱਪਣੀ ਕਰਦਿਆਂ ਗੁਰੂ ਨਾਨਕ ਨੇ ਲਿਖਿਆ ਹੈ:

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ। (ਸਿਰੀ ਰਾਗ) 14

...

ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ।
ਨਾਮਹੁ ਭੂਲੈ ਜਮ ਕਾ ਦੁਖੁ ਸਹਨਾ। (ਗਉੜੀ) 227

## ਸਿਕਦਾਰ, ਮੇਹਰ ਅਤੇ ਮੁਕੱਦਮ, ਚਉਧਰੀ

ਸੁਲਤਾਨ ਦੇ ਵਿਸ਼ੇਸ਼ ਅਧਿਕਾਰੀ ਨੂੰ ਸਿਕਦਾਰ ਕਿਹਾ ਜਾਂਦਾ ਸੀ, ਜਿਹੜਾ ਵੱਡੀ ਜਾਗੀਰ ਦਾ ਮਾਲਕ ਹੁੰਦਾ ਸੀ। ਉਸਨੂੰ ਆਪਣੀ ਜ਼ਿੰਮੇਦਾਰੀ ਵਿਚ 'ਹਾਲਾ' (ਹਲ ਤੇ ਲਗਾਇਆ ਕਰ) ਇਕੱਠਾ ਕਰਨ ਦਾ ਪੂਰਾ ਅਧਿਕਾਰ ਹੁੰਦਾ ਸੀ। ਜਿਹੜਾ ਕਰ ਨਹੀਂ ਸੀ ਚੁਕਾ ਸਕਦਾ, ਉਸ ਨਾਲ

---

1. ਭਾਈ ਗੁਰਦਾਸ ਨੇ ਸਥਿਤੀ ਦਾ ਚਿਤ੍ਰਨ ਇਸ ਤਰ੍ਹਾਂ ਕੀਤਾ ਹੈ:
   ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ।
   ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
   ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ। (ਵਾਰ 1/30)
2. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਿਕ ਸਰਵੇਖਣ, ਪੰਨਾ 702.

ਸਿਕਦਾਰ ਬੜਾ ਕਠੋਰ ਵਰਤਾਉ ਕਰਦਾ ਸੀ।[1] ਉਸਦੀ ਕ੍ਰੋਪੀ ਤੋਂ ਬਚਣ ਲਈ ਜਾਂ ਆਪਣੇ ਸੁਆਰਥ ਦੀ ਪੂਰਤੀ ਲਈ ਲੋਕ ਉਸ ਨਾਲ ਸਾਂਝ ਪਾਉਣ ਦੀ ਕੋਸ਼ਿਸ਼ ਕਰਦੇ ਸਨ।[2] ਸਿਕਦਾਰ ਤੋਂ ਬਿਨਾਂ 'ਮੋਹਰ' (ਮੁਖੀਆ) ਅਤੇ 'ਮੁਕੱਦਮ' (ਚੌਧਰੀ)[3] ਪਰਜਾ ਵਿਚੋਂ ਚੁਣੇ ਜਾਂਦੇ ਸਨ। ਪਰ ਉਸ ਸਮੇਂ ਇਹ ਚੁਣੇ ਨਹੀਂ ਸਨ ਜਾਂਦੇ ਸਗੋਂ ਸੁਲਤਾਨ ਵਲੋਂ ਨਾਮਜ਼ਦ ਕੀਤੇ ਜਾਂਦੇ ਸਨ। ਉਹ ਪਰਜਾ ਦੇ ਸਹਾਇਕ ਹੋਣ ਦੀ ਥਾਂ ਅਧਿਕਾਰੀਆਂ ਦਾ ਸਾਥ ਹੀ ਦਿੰਦੇ ਸਨ।[4] ਚਉਧਰੀ ਦਾ ਕਿਰਦਾਰ ਵੀ ਬਹੁਤ ਗਿਰ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਇਨ੍ਹਾਂ ਅਧਿਕਾਰੀਆਂ ਨੂੰ ਅਭਿਮਾਨ ਗ੍ਰਸਤ ਕਿਹਾ ਹੈ ਅਤੇ ਇਨ੍ਹਾਂ ਨੂੰ ਉਨ੍ਹਾਂ ਦੇ ਭਵਿਖਤ ਦਾ ਅਹਿਸਾਸ ਕਰਾਇਆ ਹੈ:

ਚਉਧਰੀ ਰਾਜੇ ਨਹੀ ਕਿਸੈ ਮੁਕਾਮੁ।
ਸਾਹ ਮਰਹਿ ਸੰਚਹਿ ਮਾਇਆ ਦਾਮ।
ਰਯਤਿ ਮਾਰ ਮੁਕਦਮ ਸਿਕਦਾਰੇ।
ਨਿਹਚਲੁ ਕੋਇ ਨ ਦਿਸੈ ਸੰਸਾਰੇ। (ਗਉੜੀ ਅਸ਼ਟਪਦੀ)227

...

ਮਹਰ ਮਲੂਕ ਕਹਾਈਐ। ਰਾਜਾ ਰਾਉ ਕਿ ਖਾਨੁ।
ਚਉਧਰੀ ਰਾਉ ਸਦਾਈਐ। ਜਲਿ ਬਲੀਐ ਅਭਿਮਾਨੁ। (ਸਿਰੀ ਰਾਗ)63

ਬਾਬਰ ਨੇ ਸਮਰਕੰਦ ਵਿਚ ਬਾਰ ਬਾਰ ਅਸਫਲ ਹੋਣ ਪਿਛੋਂ ਕਾਬਲ ਅਤੇ ਕੰਧਾਰ ਨੂੰ ਪੱਕਿਆਂ ਕਰਨਾ ਸ਼ੁਰੂ ਕੀਤਾ ਅਤੇ ਫੇਰ 1519 ਵਿਚ ਹਿੰਦੁਸਤਾਨ ਵਲ ਰੁਖ ਕੀਤਾ। 1520 ਵਿਚ ਉਸ ਨੇ ਭਾਰਤ ਤੇ ਤੀਜਾ ਹਮਲਾ ਕੀਤਾ ਅਤੇ ਸਿਆਲਕੋਟ ਨੂੰ ਸੌਖਿਆਂ ਹੀ ਜਿੱਤ ਲਿਆ, ਪਰ ਸਈਅਦਪੁਰ (ਐਮਨਾਬਾਦ) ਵਿਚ ਉਸਦਾ ਡੱਟ ਕੇ ਮੁਕਾਬਲਾ ਹੋਇਆ। ਬਾਬਰ ਨੇ ਵੱਡੇ ਖੂਨ ਖਰਾਬੇ ਤੋਂ ਬਾਅਦ ਸਈਅਦਪੁਰ ਜਿੱਤ ਲਿਆ। ਗੁਰੂ ਸਾਹਿਬ ਉਸ ਵੇਲੇ ਸਈਅਦਪੁਰ ਦੇ ਨੇੜੇ ਤੇੜੇ ਹੀ ਹੋਣਗੇ। ਆਪ ਦੇ ਇਹ ਸ਼ਬਦ ਬਾਬਰ ਦੇ ਹਮਲੇ ਦੀ ਇਤਿਹਾਸਕ ਗਵਾਹੀ ਹਨ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ। (ਵਾਰ ਆਸਾ)360

---

1. ਡਾ: ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ-ਏਕ ਸਾਂਸਕ੍ਰਿਤਿਕ ਸਰਵੇਕਸ਼ਣ, ਪੰਨਾ 70[illegible].
2. ਕਿਨਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ। (ਆਸਾ ਮ:4)366.
3. ਮਹਾਨ ਕੋਸ਼ ਅਨੁਸਾਰ ਮੁਗਲ ਅਤੇ ਸਿਖ ਰਾਜ ਸਮੇਂ ਇਹ ਕੁਲੈਕਟਰ ਦਾ ਨਾਇਬ ਹੁੰਦਾ ਸੀ, ਜੋ ਮਾਮਲਾ ਉਗਰਾਹਿਆ ਕਰਦਾ ਸੀ।
4. ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਿਕ ਸਰਵੇਕਸ਼ਣ, ਪੰਨਾ 70[illegible].

ਰਾਗ ਤਿਲੰਗ ਵਿਚ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ' ਵਾਲਾ ਸਾਰਾ ਸ਼ਬਦ ਵੀ ਇਸੇ ਮੌਕੇ ਤੇ ਉਚਾਰਨ ਕੀਤਾ ਗਿਆ ਸੀ। ਬਾਬਰ ਨੇ ਕੇਵਲ ਹਿੰਦੂਆਂ ਤੇ ਹੀ ਜ਼ੁਲਮ ਨਹੀਂ ਢਾਹੇ, ਮੁਸਲਮਾਨ ਅਫ਼ਗਾਨਾਂ ਤੇ ਵੀ ਅਤਿਆਚਾਰ ਕੀਤੇ। ਉਸ ਵੇਲੇ ਸਮਾਜ ਦਾ ਮਾਨਸਿਕ ਅਤੇ ਨੈਤਿਕ ਪਤਨ ਹੋ ਗਿਆ ਸੀ।

ਹਕੂਮਤ ਦੇ ਨਸ਼ੇ ਵਿਚ ਚੂਰ ਬਾਬਰ ਅਤੇ ਉਸਦੇ ਸਿਕਦਾਰਾਂ ਨੇ ਇਕ ਪਾਸੇ ਖ਼ੂਨ ਦੀ ਹੋਲੀ ਖੇਡੀ, ਮਜ਼ਲੂਮਾਂ ਤੇ ਜ਼ੁਲਮ ਢਾਹੇ ਅਤੇ ਦੂਜੇ ਪਾਸੇ ਇਸਤ੍ਰੀਆਂ ਦੀ ਜੋ ਬੇਪਤੀ ਕੀਤੀ ਉਸਦਾ ਇਹ ਦ੍ਰਿਸ਼ ਵੀ ਗੁਰੂ ਨਾਨਕ ਬਾਣੀ ਵਿਚ ਪੜ੍ਹ ਕੇ ਰੌਂਗਟੇ ਖੜੇ ਹੋ ਜਾਂਦੇ ਹਨ:

ਜਿਨਿ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥
ਮਹਲਾਂ ਅੰਦਰ ਹੋਦੀਆਂ ਹੁਣਿ ਬਹਣਿ ਨ ਮਿਲਨਿ ਹਦੂਰਿ॥

. . .

ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ॥
ਦੂਤਾਂ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ। (ਆਸਾ)417

1524 ਵਿਚ ਬਾਬਰ ਦੇ ਚੌਥੇ ਹਮਲੇ ਵੇਲੇ ਲਾਹੌਰ ਸ਼ਹਿਰ ਤੇ ਜੋ ਕਹਿਰ ਵਰਤਿਆ ਉਸਦਾ ਜ਼ਿਕਰ ਗੁਰੂ ਨਾਨਕ ਨੇ ਇਸ ਤਰ੍ਹਾਂ ਕੀਤਾ ਹੈ:

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ। (ਸਲੋਕ)1412

1526 ਵਿਚ ਬਾਬਰ ਆਪਣੇ ਪੰਜਵੇਂ ਹਮਲੇ ਵੇਲੇ ਦੌਲਤ ਖਾਂ ਲੋਧੀ ਨੂੰ ਸੌਖਿਆਂ ਹੀ ਹਰਾ ਕੇ ਪੰਜਾਬ ਤੋਂ ਦਿੱਲੀ ਵਲ ਵਧਿਆ ਅਤੇ ਪਾਨੀਪਤ ਦੀ ਪਹਿਲੀ ਲੜਾਈ ਵਿਚ ਇਬਰਾਹੀਮ ਦੀਆਂ ਫ਼ੌਜਾਂ ਕੇਵਲ ਹਾਰੀਆਂ ਹੀ ਨਹੀਂ ਸਗੋਂ ਇਬਰਾਹੀਮ ਆਪ ਲੜਾਈ ਵਿਚ ਮਾਰਿਆ ਵੀ ਗਿਆ। ਹੋਰ ਕਈ ਜਿੱਤਾਂ ਤੋਂ ਬਾਅਦ 1530 ਵਿਚ ਬਾਬਰ ਦੀ ਆਗਰੇ ਵਿਚ ਮੌਤ ਹੋ ਗਈ। ਉਸ ਤੋਂ ਪਿਛੋਂ ਹਮਾਯੂੰ ਤਖ਼ਤ ਤੇ ਬੈਠਾ। ਉਹ ਐਸ਼ ਪ੍ਰਸਤ ਬਾਦਸ਼ਾਹ ਸੀ। ਜੂਨ 1539 ਵਿਚ ਉਹ ਰੰਗ ਰਲੀਆਂ ਹੀ ਮਨਾ ਰਿਹਾ ਸੀ ਕਿ ਉਸ ਦੇ ਭਰਾ ਹਿੰਦਾਲ ਨੇ ਆਗਰੇ ਵਿਚ ਖ਼ੁਦਮੁਖ਼ਤਾਰੀ ਦਾ ਐਲਾਨ ਕਰ ਦਿੱਤਾ। ਹਮਾਯੂੰ ਪਰੇਸ਼ਾਨੀ ਵਿਚ ਬੰਗਾਲ ਤੋਂ ਆਗਰੇ ਵਲ ਜਾ ਰਿਹਾ ਸੀ ਕਿ 26 ਜੂਨ 1539 ਈ: ਵਿਚ ਸ਼ੇਰ ਖਾਂ ਨੇ ਉਸ ਤੇ ਹਮਲਾ ਕੀਤਾ। ਹਮਾਯੂੰ ਨੇ ਮੁਸ਼ਕਲ ਨਾਲ ਜਾਨ ਬਚਾਈ। ਇਸੇ ਸਮੇਂ ਗੁਰੂ ਸਾਹਿਬ ਜੋਤੀ ਜੋਤ ਸਮਾ

ਗਏ। ਉਸ ਤੋਂ ਪਹਿਲਾਂ ਆਪ ਨੇ ਭਵਿਸ਼ਬਾਣੀ ਕੀਤੀ:

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ।
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ।
ਆਵਨਿ ਅਠਤਰੈ[1] ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।

(ਰਾਗ ਤਿਲੰਗ)723

ਠੀਕ ਹੀ ਬਾਬਰ ਨੇ 1578(ਲਗਭਗ 1520 ਈ:)ਵਿਚ ਪੰਜਾਬ ਤੇ ਚੜ੍ਹਾਈ ਕੀਤੀ ਸੀ। ਹਮਾਯੂੰ ਸੰਮਤ 1597(17 ਮਈ 1540) ਵਿਚ ਕਨੌਜ ਦੇ ਯੁੱਧ ਵਿਚ ਮਰਦ ਦੇ ਚੇਲੇ ਸ਼ੇਰਖਾਨ ਤੋਂ ਬੁਰੀ ਤਰ੍ਹਾਂ ਹਾਰਿਆ ਅਤੇ ਹਿੰਦੁਸਤਾਨ ਤੋਂ ਸਿੰਧ ਵਲ ਨੱਠ ਗਿਆ।[2]

ਸਪਸ਼ਟ ਹੈ ਕਿ ਗੁਰੂ ਨਾਨਕ ਦਾ ਸਮਾਂ ਰਾਜਨੀਤਕ ਅਰਾਜਕਤਾ ਦਾ ਸਮਾਂ ਸੀ। ਤਅਸਬੀ ਅਤੇ ਪੱਖਪਾਤੀ ਰਾਜਨੇਤਾ ਹਾਕਮਾਂ ਦਾ ਕਿਵੇਂ ਖਿਆਲ ਰਖ ਸਕਦੇ ਸਨ ਅਤੇ ਮਜ਼ਲੂਮ ਨੂੰ ਨਿਆਂ ਕਿਵੇਂ ਦੇ ਸਕਦੇ ਸਨ? ਇਥੇ ਇਹ ਗੱਲ ਵੀ ਉਲੇਖ ਯੋਗ ਹੈ ਕਿ ਬਾਦਸ਼ਾਹਾਂ ਦਾ ਇਨਸਾਫ਼ ਕਾਜ਼ੀਆਂ ਦੀ ਸਲਾਹ ਤੇ ਨਿਰਭਰ ਹੁੰਦਾ ਸੀ, ਵਿਸ਼ੇਸ਼ ਤੌਰ ਤੇ ਹਿੰਦੂਆਂ ਦੇ ਮਾਮਲੇ ਵਿਚ ਅਤੇ ਕਾਜ਼ੀ ਲੋਕ ਕੱਟੜ ਅਤੇ ਰਿਸ਼ਵਤਖੋਰ ਸਨ। ਉਹ ਕੁਰਾਨ ਦੀਆਂ ਉਨ੍ਹਾਂ ਆਇਤਾਂ ਦੇ ਆਧਾਰ ਤੇ ਫ਼ਤਵਾ ਦਿੰਦੇ ਜੋ ਗੈਰ ਮੁਸਲਮਾਨਾਂ ਦੇ ਵਿਰੁੱਧ ਜਾਂਦੀਆਂ ਸਨ। ਹੁਕਮਰਾਨਾਂ ਨੂੰ ਕੁਰਾਨ ਦੀਆਂ ਇਨ੍ਹਾਂ ਆਇਤਾਂ ਦੀ ਸੇਧ ਤਾਂ ਦਿੱਤੀ ਜਾਂਦੀ ਸੀ ਕਿ 'ਜਿਹੜੇ ਲੋਕ ਕੁਰਾਨ ਆਦਿ ਨੂੰ ਖੁਦਾ ਦੇ ਰੂਪ ਵਿਚ ਨਹੀਂ ਮੰਨਦੇ ਜਾਂ ਕਿਆਮਤ ਦੇ ਰੋਜ਼ ਤੋਂ ਮੁਨਕਰ ਹਨ ਅਤੇ ਜਿਹੜੇ ਖੁਦਾ ਅਤੇ ਉਸਦੇ ਪੈਗੰਬਰਾਂ ਦੀਆਂ ਵਰਜਿਤ ਵਸਤਾਂ ਤੋਂ ਨਹੀਂ ਹਟਦੇ, ਉਨ੍ਹਾਂ ਸਾਰਿਆਂ ਨਾਲ ਉਦੋਂ ਤਕ ਯੁੱਧ ਕਰਨਾ ਹੈ ਜਦ ਤਕ ਉਹ ਆਪਣੇ ਹੱਥੋਂ ਸੁਰਖਿਆਜਨੀ ਭੇਟ ਨਹੀਂ ਕਰਦੇ ਅਤੇ ਉਹ ਦੀਨੀ ਨਹੀਂ ਬਣ ਜਾਂਦੇ(ਕੁਰਾਨ 29) ਜਦ ਪਵਿੱਤ੍ਰ ਮਹੀਨੇ ਲੰਘ ਜਾਣ ਤਾਂ ਜਿਹੜੇ ਦੂਜੇ ਦੇਵੀ ਦੇਵਤਿਆਂ ਨੂੰ ਮੰਨਦੇ ਹਨ ਉਨ੍ਹਾਂ ਨੂੰ, ਜਿਥੇ ਵੀ ਮਿਲਣ ਮਾਰ ਦਿਉ, ਉਨ੍ਹਾਂ ਨੂੰ ਘੇਰੇ ਵਿਚ

---

1. ਅਠਤਰੈ ਦਾ ਸ਼ਬਦ-ਅਰਥ, ਭਾਈ ਕੇਸਰ ਸਿੰਘ ਛਿੱਬਰ ਨੇ 'ਅੱਠਤੇ ਤਰੇ'(83)ਤਸਲੀਮ ਕੀਤਾ ਹੈ। ਜੋ ਸਹੀ ਸਿੱਧ ਹੁੰਦਾ ਹੈ। ਕਿਉਂ ਜੋ ਬਾਬਰ ਨੇ ਚੌਥਾ ਹਮਲਾ 1578 ਬਿ: (1521)ਵਿਚ ਨਹੀਂ 1580 ਬਿ:(930 ਹਿਜਰੀ-1248 ਈ:)ਵਿਚ ਕੀਤਾ ਸੀ। ਇਸ ਵਾਰੀ ਉਹ ਸਿਆਸਾਂ ਤੋਂ ਪਾਰਲਾ ਸਾਰਾ ਮੁਲਕ ਦੀਪਾਲਪੁਰ ਤਕ ਫ਼ਤਹਿ ਕਰਕੇ, ਹਰ ਥਾਂ ਆਪਣੇ ਨੁਮਾਇੰਦੇ ਤੇ ਕਰਿੰਦੇ ਪ੍ਰਬੰਧ ਲਈ ਲਾ ਗਿਆ। ਦੀਪਾਲਪੁਰ ਫ਼ਤਹਿ ਕਰਨ ਦੀ ਤਾਰੀਖ਼ ਅਬਜਦ ਦਾ ਹਿਸਾਬ-"ਵਸਤਿ ਸ਼ਹਰ ਰਬੀਉਲ ਅੱਵਲ"(930 ਹਿਜਰੀ)ਸ਼ੇਖ ਜ਼ੈਨ ਤੇ ਮੀਰ ਕੇਸੂ ਨੇ ਬਣਾਇਆ ਸੀ, ਜੋ ਇਤਫ਼ਾਕੀਆ ਹੀ ਇਕ ਬਣ ਗਿਆ। (ਤੁਜ਼ਕ-ਏ ਬਾਬਰੀ-ਉਰਦੂ ਸਫ਼ਾ 134 ਤੇ 318)ਸੋ ਗੁਰੂ ਜੀ ਦਾ ਇਹ ਅਧਮ-ਬਚਨ ਪੰਜਵੇਂ ਹਮਲੇ ਬਾਰੇ ਹੀ ਬਣਦਾ ਹੈ, ਜਿਸ ਵਿਚ ਉਸਨੇ ਪਾਨੀਪਤ ਦੇ ਮੈਦਾਨ ਅੰਦਰ ਸ਼ੁਕਰਵਾਰ, 8 ਰੱਜਬ 932 ਹਿਜਰੀ(ਸੰਮਤ 1583 ਬਿ:, ਅਪ੍ਰੈਲ 1526 ਈਸਵੀ)ਜੰਗ ਕਰਕੇ ਸੁਲਤਾਨ ਇਬਰਾਹੀਮ ਨੂੰ ਮਾਰਿਆ ਤੇ ਹਿੰਦੁਸਤਾਨ ਦੀ ਹਕੂਮਤ ਸਾਂਭੀ। (ਰਣਧੀਰ ਸਿੰਘ, 'ਅਲੋਚਨਾ', ਗੁਰੂ ਨਾਨਕ ਅੰਕ, ਪੰਨਾ 128)
2. ਇਹ ਲੜਾਈ ਤੇਰ੍ਹਵੀਂ ਵਾਰ 10 ਮੁਹੱਰਮ 947 ਹਿਜਰੀ ਅਰਥਾਤ 1597 ਬਿ:21 ਜੇਠ (17 ਮਈ 1540)ਸੋਮਵਾਰ ਨੂੰ ਹੋਈ। (ਉਹੀ, ਪੰਨਾ 134)

ਪਾਓ, ਹਰ ਪ੍ਰਕਾਰ ਦੇ ਦਾਅ ਪੇਚਾਂ ਨਾਲ ਉਨ੍ਹਾਂ ਦੀ ਤਾਕ ਵਿਚ ਰਹੋ (ਕੁਰਾਨ 5) ਪਰ ਇਸ ਸਿਖਿਆ ਨੂੰ ਮੁਖ ਨਹੀਂ ਸੀ ਰੱਖਿਆ ਜਾਂਦਾ ਕਿ ਉਨ੍ਹਾਂ ਨਾਲ ਜਿਹੜੇ ਤੁਹਾਡੇ ਨਾਲ ਯੁੱਧ ਕਰਦੇ ਹਨ, ਧਰਮ ਦੇ ਹਿਤ ਯੁੱਧ ਕਰੋ, ਪਰ ਉਨ੍ਹਾਂ[1] ਤੋਂ ਪਹਿਲੋਂ ਹਮਲਾ ਕਰਨ ਦਾ ਅਨਿਆਂਇ ਨਾ ਕਰੋ, ਖੁਦਾ ਨੂੰ ਅਜੇਹਾ ਅਨਿਆਂ ਪਸੰਦ ਨਹੀਂ।

ਇਸ ਤਰ੍ਹਾਂ ਜਾਦੂ ਟੂਣੇ ਧਰਮ ਦਾ ਅੰਗ ਹੀ ਨਹੀਂ ਸਨ, ਰਾਜਨੀਤਕ ਕੰਮਾਂ ਦਾ ਆਧਾਰ ਵੀ ਸਨ। ਸੰਕਟ ਟਾਲਣ ਜਾਂ ਸੰਕਟ ਤੋਂ ਬਚਣ ਲਈ ਵੀ ਜਾਦੂ ਟੂਣਿਆਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਪ੍ਰਮਾਣ ਵਜੋਂ ਇਬਰਾਹੀਮ ਦੇ ਛੋਟੇ ਭਰਾ ਜਲਾਲ ਖਾਂ ਦੇ ਬਗ਼ਾਵਤ ਕਰਨ ਦੇ ਜਤਨ ਦੇ ਸੰਬੰਧ ਵਿਚ ਇਨ੍ਹਾਂ ਨੂੰ ਵਰਤਿਆ ਗਿਆ ਸੀ। ਕਿਹਾ ਜਾਂਦਾ ਹੈ ਕਿ ਜਦ ਇਬਰਾਹੀਮ ਨੂੰ ਆਪਣੇ ਭਰਾ ਦੀ ਬਗ਼ਾਵਤ ਦਾ ਪਤਾ ਲੱਗਾ ਤਾਂ ਉਸ ਨੂੰ ਨਿਜੀ-ਭੇਟ ਲਈ ਤੁਰੰਤ ਬੁਲਵਾ ਭੇਜਿਆ। ਜਲਾਲ ਖਾਂ ਨੇ ਆਉਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸ ਨੂੰ ਕਿਸੇ ਕਪਟ ਦਾ ਸ਼ਕ ਸੀ। ਇਸ ਉਤੇ ਆਗਰਾ ਦਰਬਾਰ ਦੇ ਤਿੰਨ ਪ੍ਰਸਿੱਧ ਅਮੀਰਾਂ ਦਾ ਵਫ਼ਦ ਸ਼ਹਿਜ਼ਾਦੇ ਨੂੰ ਲਿਆਉਣ ਲਈ ਭੇਜਿਆ ਗਿਆ ਅਤੇ ਦੱਸਿਆ ਗਿਆ ਕਿ ਉਨ੍ਹਾਂ ਨੇ ਹੋਰਨਾਂ ਸਾਧਨਾਂ ਦੇ ਨਾਲ ਜਾਦੂ[2] ਟੂਣਿਆਂ ਦੀ ਵੀ ਵਰਤੋਂ ਕੀਤੀ, ਜਿਨ੍ਹਾਂ ਦੀ ਪ੍ਰਭਾਵਿਕਤਾ ਵਿਚ ਵਿਸ਼ਵਾਸ ਆਮ ਪ੍ਰਚਲਤ ਸੀ।

ਪਰਜਾ ਨੂੰ ਨਾ ਰਾਜਸਕ ਸੂਝ ਸੀ ਅਤੇ ਨਾ ਹੀ ਕਿਸੇ ਹੋਰ ਤਰ੍ਹਾਂ ਦੀ। ਉਨ੍ਹਾਂ ਦੀ ਅਗਿਆਨਤਾ ਕਰਕੇ ਹੀ ਹਾਕਮ ਉਨ੍ਹਾਂ ਤੇ ਜ਼ੁਲਮ ਕਰਦੇ ਸਨ ਅਤੇ ਉਹ ਆਪ ਦੁਖ ਭੋਗ ਰਹੇ ਸਨ:

> ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।
> (ਵਾਰ ਆਸਾ) 469
>
> ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈਂ ਜਾਪੈ ਭਾਉ।
> (ਵਾਰ ਮਾਝ) 142

ਇਸ ਤਰ੍ਹਾਂ ਹਾਕਮ ਅਤੇ ਪਰਜਾ ਭਾਵੇਂ ਦੋਵੇਂ ਹੀ ਧਰਮੀ ਅਖਵਾਉਂਦੇ ਸਨ, ਪਰ ਉਹ ਧਰਮ ਦੀ ਮੂਲ ਭਾਵਨਾ ਦੇ ਉਲਟ ਹੀ ਕ੍ਰਿਆਵਾਂ ਕਰਦੇ ਸਨ।

<u>ਸਭਿਆਚਾਰਕ ਪਤਨ</u>

ਚਿਰਾਂ ਦੀ ਗ਼ੁਲਾਮੀ ਕਰਕੇ ਭਾਰਤੀ ਮਾਨਸਿਕ ਤੌਰ ਤੇ ਵੀ ਗ਼ੁਲਾਮ ਹੋ ਚੁੱਕੇ ਸਨ। ਖਾਣ, ਪੀਣ, ਪਹਿਨਣ ਵਿਚਰਨ ਵਿਚ ਉਨ੍ਹਾਂ ਦੀ ਹੀਣਤਾ ਪ੍ਰਤੱਖ ਸੀ। ਉਹ ਉਹੋ ਕੁਝ ਹੀ ਕਰਦੇ

---

1. ਇੰਦੂਭੂਸ਼ਨ ਬੈਨਰਜੀ, ਖਾਲਸੇ ਦੀ ਉਤਪਤੀ (ਜਿਲਦ ਪਹਿਲੀ) ਪੰਨਾ 34 ਉਤੇ ਉਦਧ੍ਰਿਤ.
2. ਉਹੀ, ਪੰਨਾ 38.

ਸਨ, ਜਿਸ ਨਾਲ ਉਹ ਹਾਕਮ ਵਰਗ ਦੀ ਖੁਸ਼ੀ ਹਾਸਲ ਕਰ ਸਕਦੇ। ਸਮੁੱਚੇ ਤੌਰ ਹਿੰਦੂ ਤੇ ਸਭਿਆਚਾਰ ਵਿਚ ਪਤਨ ਆ ਚੁੱਕਾ ਸੀ। ਉਹ ਆਪਣਾ ਪਹਿਰਾਵਾ ਤਿਆਗ ਕੇ ਤੁਰਕਾਂ, ਪਠਾਣਾਂ ਵਾਲੀ ਪੁਸ਼ਾਕ ਪਹਿਨਦੇ:

ਨੀਲ ਬਸਤ੍ਰ ਲੇ ਕਪੜੇ ਪਹਿਰੇ। ਤੁਰਕ ਪਠਾਣੀ ਅਮਲੁ ਕੀਆ।
(ਵਾਰ ਆਸਾ)470

...

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। ਮਲੇਛ ਧਾਨੁ ਲੇ ਪੂਜਹਿ ਪੁਰਾਣੁ।
(ਵਾਰ ਆਸਾ)472

ਮੁਸਲਮਾਨਾਂ ਦਾ ਕਲਮਾ ਪੜ੍ਹ ਕੇ ਤਿਆਰ ਕੀਤਾ ਕੁੱਠਾ ਮਾਸ ਖਾਣ ਤੋਂ ਵੀ ਕੋਈ ਸੰਕੋਚ ਨਹੀਂ ਸੀ ਰਿਹਾ:

ਅਭਾਖਿਆ ਕਾ ਕੁਠਾ ਬਕਰਾ ਖਾਣਾ। ਚਉਕੇ ਉਪਰਿ ਕਿਸੈ ਨ ਜਾਣਾ।
(ਵਾਰ ਆਸਾ)472

ਘਰ ਘਰ ਉਨ੍ਹਾਂ ਦੀਆਂ ਰਿਵਾਜਾਂ ਅਤੇ ਬੋਲੀ ਵਿਚ ਮੁਸਲਮਾਨਾਂ ਨੂੰ ਖੁਸ਼ ਕਰਨ ਦੀ ਭਾਵਨਾ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਇਹ ਪਤਨ ਸਪਸ਼ਟ ਹੈ:

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ।
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।

(ਬਸੰਤ ਹਿੰਡੋਲ)1191

# ਅਧਿਆਇ ਅੱਠਵਾਂ

## ਗੁਰੂ ਨਾਨਕ ਦੀ ਵਿਚਾਰਧਾਰਾ
## ਅਤੇ
## ਉਸਦਾ ਭਾਰਤੀ ਸਭਿਆਚਾਰ ਉੱਤੇ ਪ੍ਰਭਾਵ

ਅਸਾਂ ਪਹਿਲੇ ਅਧਿਆਇਆਂ ਵਿਚ ਵੇਖਿਆ ਹੈ ਕਿ ਗੁਰੂ ਨਾਨਕ ਨੇ ਵੈਦਿਕ ਕਾਲ ਤੋਂ ਆਪਣੇ ਸਮੇਂ ਤੱਕ ਦੇ ਭਾਰਤੀ ਸਭਿਆਚਾਰ ਦਾ ਨਿਵੇਂ ਚਿਤ੍ਰਨ ਕੀਤਾ ਹੈ। ਇਹ ਚਿਤ੍ਰਨ ਉਨ੍ਹਾਂ ਨੇ ਸੁਚੇਤ ਤੌਰ ਤੇ ਸਿਧਾਂ ਵੀ ਕੀਤਾ ਹੈ ਅਤੇ ਅਚੇਤ ਤੌਰ ਤੇ ਬਿੰਬਾਤਮਕ ਵੀ। ਉਨ੍ਹਾਂ ਦੇ ਮੱਤ ਦੀ ਭਾਰਤੀ ਵਿਚਾਰਧਾਰਾ ਨਾਲ ਕਿਧਰੇ ਸੂਖਮ ਸਾਂਝ ਵੀ ਹੈ ਅਤੇ ਪ੍ਰਚੱਲਤ ਵਿਚਾਰਾਂ ਅਤੇ ਜੀਵਨ ਵਿਹਾਰ ਉਤੇ ਉਨ੍ਹਾਂ ਨੇ ਸਖ਼ਤ ਟਿੱਪਣੀ ਵੀ ਕੀਤੀ ਹੈ। ਆਪ ਪਰੰਪਰਾ ਤੋਂ ਟੁੱਟੇ ਨਹੀਂ, ਸਗੋਂ ਭਾਰਤੀ ਸਭਿਆਚਾਰ ਦੇ ਵਿਕਾਸ ਜਾਂ ਪੁਨਰ ਸੁਰਜੀਤੀ ਲਈ ਭਗਤੀ ਕਾਲ ਦੇ ਸਭ ਆਗੂਆਂ ਨਾਲੋਂ ਆਪ ਨੇ ਵਧੇਰੇ ਅਤੇ ਵਿਲੱਖਣ ਯੋਗਦਾਨ ਪਾਇਆ ਹੈ ਅਤੇ ਆਪਣੀ ਨਿਵੇਕਲੀ ਛਾਪ ਵੀ ਲਾਈ ਹੈ।

ਭਾਰਤ ਵਿਚ ਮੁਖ ਦੋ ਹੀ ਮੱਤ ਜਾਂ ਸਭਿਆਚਾਰ ਸਨ, ਜਿਨ੍ਹਾਂ ਦਾ ਕਿ ਪਰਸਪਰ ਟਕਰਾਉ ਸੀ - ਇਕ ਸੀ ਇਸਲਾਮ ਅਤੇ ਦੂਜਾ ਹਿੰਦੂ ਮੱਤ। ਗੁਰੂ ਨਾਨਕ ਮੱਤ ਦੀ ਇਨ੍ਹਾਂ ਦੋਹਾਂ ਨਾਲ ਤੁਲਨਾ ਕਰਦਿਆਂ ਕਈ ਵਿਦਵਾਨਾਂ ਨੇ ਇਹ ਰਾਏ ਪ੍ਰਗਟ ਕੀਤੀ ਕਿ ਗੁਰੂ ਨਾਨਕ ਨੇ ਦੋਹਾਂ ਮੱਤਾਂ ਦੇ ਚੰਗੇਰੇ ਪੱਖ ਲੈ ਕੇ ਅਪਣਾਏ ਹਨ ਅਰਥਾਂ ਗੁਰੂ ਨਾਨਕ ਦਾ ਮੱਤ ਹਿੰਦੂ ਮੁਸਲਿਮ ਵਿਚਾਰਧਾਰਾ ਦਾ ਸੰਗਮ ਜਾਂ ਸਮਨਵੈ ਹੈ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਅਜਿਹੇ ਮਾਰਗ ਦੇ ਨਿਰਮਾਤਾ ਸਨ, ਜਿਸਦੀ ਦੋਹਾਂ ਨਾਲ ਕਈ ਪੱਖਾਂ ਤੋਂ ਸਾਂਝ ਹੁੰਦਿਆਂ ਵੀ ਇਕ ਨਵਾਂ ਨਿਵੇਕਲਾ ਮਾਰਗ ਸੀ। ਆਪ ਦੀ ਵਿਚਾਰਧਾਰਾ ਨੂੰ ਦੋਹਾਂ ਮੱਤਾਂ ਵਿਚਕਾਰ ਇਕ ਪੁਲ ਵੀ ਕਿਹਾ ਜਾ ਸਕਦਾ ਹੈ, ਜਿਸ ਤੋਂ ਤੁਰ ਕੇ ਸੌਖਿਆਂ ਹੀ ਪਾਰ ਹੋਇਆ ਜਾ ਸਕਦਾ ਸੀ। ਡਾ: ਤਾਰਨ ਸਿੰਘ ਅਨੁਸਾਰ ਇਹ ਠੀਕ ਹੈ ਕਿ ਗੁਰੂ ਨਾਨਕ ਦਰਸ਼ਨ ਦੇ ਕਈ ਪੱਖ ਵੇਦਾਂ, ਉਪਨਿਸ਼ਦਾਂ ਦੀ ਪਰੰਪਰਾ ਵਿਚ ਵੇਖੇ ਜਾ ਸਕਦੇ ਹਨ, ਪਰ ਸਿੱਖ ਧਰਮ ਨੇ ਇਕ ਨਵੀਂ ਦ੍ਰਿਸ਼ਟੀ ਦਿੱਤੀ ਅਤੇ ਉਸ ਨੂੰ ਪ੍ਰਾਪਤ ਕਰਨ ਦਾ ਨਵਾਂ ਰਾਹ ਦੱਸਿਆ। ਵੱਖ ਵੱਖ ਖੇਤਰਾਂ ਵਿਚ ਸਿੱਖਾਂ ਦੀਆਂ ਪ੍ਰਾਪਤੀਆਂ ਉਸ ਨਵੇਂ ਜੀਵਨ-ਮਾਰਗ ਕਰਕੇ ਹੀ ਸਨ ਜੋ ਗੁਰੂ ਨਾਨਕ ਨੇ ਦੱਸਿਆ।[1] ਗੁਰੂ ਨਾਨਕ ਦੇਵ ਜੀ ਭਾਰਤ ਵਿਚ ਨਾਲੋ ਨਾਲ ਵਗ ਰਹੀਆਂ ਸਭਿਆਚਾਰਕ ਨਦੀਆਂ ਤੋਂ ਭਲੀ ਭਾਂਤ ਵਾਕਿਫ਼ ਸਨ ਅਤੇ ਉਹ ਉਨ੍ਹਾਂ ਵਿਚ ਸਾਂਝ ਪੈਦਾ ਕਰਨੀ ਚਾਹੁੰਦੇ ਸਨ।[2] ਆਪ ਨਵੇਂ ਵਿਸ਼ਵਾਸ ਦੇ ਮੋਢੀ

---

1. A common conclusion, however, is that inspite of certain aspects of Guru Nanak's Philosophy being traceable to the Vedic, and Upanishadic tradition, Sikhism holds out a new vision of life and a new way to achieve that vision. The dramatic success of Sikh Community in different fields is attributed to this new way of life propounded by Guru Nanak. (Guru Nanak and Indian Religious Thought) p. ii.

2. 'Guru Nanak was concious of two cultural streams, Hinduism and Islam that followed them'. Balwant Singh Anand, ibid. p. 246.

ਸਨ।[1]

ਕਈ ਚਿੰਤਕਾਂ ਅਤੇ ਇਤਿਹਾਸਕਾਰਾਂ ਨੇ ਗੁਰੂ ਨਾਨਕ ਨੂੰ ਸੰਤ ਜਾਂ ਭਗਤ ਕਵੀ ਦਾ ਇਕ ਅੰਗ ਕਿਹਾ ਹੈ, ਜੋ ਵਾਸਤਵ ਵਿਚ ਠੀਕ ਨਿਰਣਾ ਨਹੀਂ ਹੈ। ਪ੍ਰੋ:ਕਪੂਰ ਸਿੰਘ ਦੀ ਸਥਾਪਨਾ ਹੈ ਕਿ ਸੰਤ ਉਹ ਹੁੰਦਾ ਹੈ ਜਿਹੜਾ ਪੂਰਵ-ਸਥਾਪਿਤ ਮੱਤ ਜਾਂ ਸਿਧਾਂਤ ਨੂੰ ਅਪਣਾਉਂਦਾ ਹੈ ਅਤੇ ਆਪਣਾ ਜੀਵਨ ਉਸ ਦੇ ਅਨੁਸਾਰ ਇਸ ਤਰ੍ਹਾਂ ਢਾਲਦਾ ਹੈ ਕਿ ਲੋਕ ਉਸ ਨੂੰ ਉਸ ਮੱਤ ਦਾ ਸੱਚਾ ਪ੍ਰਤਿਨਿਧ ਸਮਝਦੇ ਹਨ। ਗੁਰੂ ਨਾਨਕ ਦੀ ਪੂਰਬ ਵਿਚਾਰਧਾਰਾ ਤੇ ਨਿਸ਼ਠਾ ਨਹੀਂ ਸੀ, ਜਿਸ ਦਾ ਪਰਮਾਣ ਉਨ੍ਹਾਂ ਦੀ ਬਾਣੀ ਵਿਚੋਂ ਪ੍ਰਤੱਖ ਮਿਲ ਜਾਂਦਾ ਹੈ। ਉਹ ਕੋਈ ਮੱਧ ਕਾਲੀਨ ਭਗਤੀ ਅੰਦੋਲਨ ਦੀ ਜ਼ੰਜੀਰ ਦੀ ਇਕ ਕੜੀ ਨਹੀਂ ਸਨ, ਕਿਉਂਕਿ ਇਹ ਭਗਤੀ ਲਹਿਰ ਦੇ ਤਿੰਨ ਬੁਨਿਆਦੀ ਗੱਲਾਂ ਤੇ ਆਧਾਰਤ ਸੀ, ਜਿਸਨੂੰ ਕਿ ਗੁਰੂ ਨਾਨਕ ਦੇਵ ਜੀ ਨੇ ਪਰਵਾਨ ਨਹੀਂ ਕੀਤਾ। ਮੱਧ ਕਾਲੀਨ ਭਗਤੀ ਮੱਤ ਦੇ ਤਿੰਨ ਤੱਤ ਹਨ: (1) ਵਿਸ਼ਨੂੰ ਨੂੰ ਭਗਵਾਨ ਸਮਝ ਕੇ ਪੂਜਣਾ (2) ਮਨੁੱਖਤਾ ਦੀ ਰੱਖਿਆ ਲਈ ਵਿਸ਼ਨੂੰ ਦਾ ਅਵਤਾਰ ਲੈਣਾ ਅਤੇ (3) ਆਵਾਗਵਨ ਤੋਂ ਮੁਕਤ ਹੋਣ ਲਈ ਉਨ੍ਹਾਂ ਅਵਤਾਰਾਂ ਵਿਚੋਂ ਕਿਸੇ ਇਕ ਦੀ ਪੂਜਾ ਕਰਨੀ ਅਵੱਸ਼ਕ ਹੈ। ਗੁਰੂ ਨਾਨਕ ਨੇ ਕੇਵਲ ਪਰਮਾਤਮਾ ਦੀ ਹੀ ਸਿੱਧੀ ਸੁੱਧੀ ਭਗਤੀ ਕਰਨ ਤੇ ਬਲ ਦਿੱਤਾ। ਇਸ ਲਈ ਉਸ ਨੂੰ ਮੱਧ ਕਾਲੀਨ ਭਗਤੀ ਲਹਿਰ ਦਾ ਪ੍ਰਮੁੱਖ ਵਿਅਕਤੀ ਕਹਿਣਾ ਭੁੱਲ ਹੈ।[2] ਨਾਮਦੇਵ, ਕਬੀਰ ਅਤੇ ਰਵਿਦਾਸ ਆਦਿ ਭਗਤ ਬਾਅਦ ਵਿਚ ਨਿਰਗੁਣ ਵਾਦੀ ਭਗਤ ਸਿੱਧ ਹੋਏ, ਜਿਨ੍ਹਾਂ ਦੀ ਬਾਣੀ ਨੂੰ ਆਪ ਨੇ ਆਪਣੇ ਵਿਚਾਰਾਂ ਨਾਲ ਸਾਂਝ ਹੋਣ ਕਰਕੇ ਆਦਰ ਦਿੱਤਾ, ਪਰ ਇਹ ਭਗਤ ਸਮਾਜਕ ਜੀਵਨ ਵਿਚ ਆਪਣੇ ਏਕਤਾ ਅਤੇ ਮਾਨਵਤਾਵਾਦੀ ਵਿਚਾਰਾਂ ਦੀ ਕੋਈ ਛਾਪ ਨਾ ਲਾ ਸਕੇ। ਉਨ੍ਹਾਂ ਦਾ ਜਾਤੀ ਸਮਾਨਤਾ ਵਾਲਾ ਵਿਚਾਰ ਵੀ ਅਮਲ ਵਿਚ ਨਾ ਆ ਸਕਿਆ।[3] ਰਾਮਾਨੰਦ, ਚੈਤੰਨ, ਕਬੀਰ ਅਤੇ ਵੱਲਭ ਆਦਿ ਭਗਤਾਂ ਨੇ ਆਪਣੇ ਆਪਣੇ ਢੰਗ ਨਾਲ ਪ੍ਰਚਾਰ ਕੀਤਾ, ਪਰ ਉਨ੍ਹਾਂ ਦੀ ਜੀਵਨ ਵਿਚ ਕੋਈ ਦਿਲਚਸਪੀ ਨਹੀਂ ਸੀ, ਜਿਸ ਕਰਕੇ ਉਨ੍ਹਾਂ ਮਨੁੱਖ ਦੀ ਸਮਾਜਕ ਹਾਲਤ ਨੂੰ ਬੇਹਤਰ ਬਣਾਉਣ ਲਈ ਕੋਈ ਯਤਨ ਨਾ ਕੀਤਾ।[4] ਪ੍ਰੋ:ਐਮ.ਮੁਜੀਬ ਅਨੁਸਾਰ ਭਗਤਾਂ ਦਾ ਬਰਾਬਰੀ ਦਾ ਪ੍ਰਚਾਰ ਸਮਾਜਕ ਨਾਲੋਂ ਅਧਿਆਤਮਕ ਵਧੇਰੇ ਸੀ। ਇਹ ਬਰਾਬਰੀ ਮਨੁੱਖ ਦੀ ਚੰਗਿਆਈ ਉਪਰ ਨਿਰਭਰ ਕਰਦੀ ਹੈ, ਪ੍ਰਤੱਖ ਰੱਬੀ ਹੁਕਮ ਉਪਰ ਨਹੀਂ।[5]

---

1. 'Guru Nanak was concious of two cultural streams, Hinduism and Islam that followed them.' Balwant Singh Anand, ibid.p.188.
2. Guru Nanak, the prpphet of Peace, p.154-55.
3. 'That Bhaktas had paid only lip service to the ideal of casteless society' (Khushwant Singh, A History of sikhs, V.I.p.47.
4. These good and able men appear to have been so impressed with nothingness of this life, that they deemed the amelioration of man's social condition as unworthy of a thought', ibid.p.34.
5. ਗੁਰੂ ਨਾਨਕ - ਜੀਵਨ, ਯੁਗ ਅਤੇ ਉਪਦੇਸ਼, ਪੰਨਾ 150.

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਹਿੰਦੂ ਮੱਤ ਦੇ ਦੇਵ-ਵਾਦ, ਅਵਤਾਰਵਾਦ, ਮੂਰਤੀਵਾਦ, ਮਿਥਿਆਵਾਦ, ਕਰਮਕਾਂਡੀ ਵਿਧੀਆਂ, ਜਾਤ ਲਿੰਗ ਦੇ ਵਿਤਕਰੇ ਦੀਆਂ ਦੀਵਾਰਾਂ ਖੜੀਆਂ ਕਰਨ ਵਾਲੇ ਵਿਧਾਨ ਅਤੇ ਹਠ ਧਰਮੀ ਦੇ ਵਿਰੁਧ ਸਨ। ਹਿੰਦੂ ਜੀਵਨ ਵਿਚ ਆ ਚੁੱਕੇ ਸਰਬ-ਪੱਖੀ ਪਤਨ ਤੋਂ ਉਹ ਭਲੀ ਭਾਤ ਜਾਣੂ ਸਨ। ਡਾ: ਸੀਤਾ ਰਾਮ ਬਾਹਰੀ ਦੇ ਕਥਨ ਅਨੁਸਾਰ ਪੁਰਾਣੀ ਪਰੰਪਰਾ ਦੀਆਂ ਲੀਹਾਂ ਅਤੇ ਪੁਰਾਣੇ ਸੰਚਿਆਂ ਦੇ ਠੱਪਿਆਂ ਦੇ ਮੋਹ ਨੇ ਹਿੰਦੂ ਜਨਤਾ ਨੂੰ ਮੂੜ੍ਹ ਬਣਾ ਦਿੱਤਾ ਸੀ। ਬ੍ਰਾਹਮਣ ਗਿਆਨ ਦੇ ਸੁਨਹਿਰੀ ਭੰਡਾਰ ਦੇ ਰਾਖੇ ਸੱਪ ਬਣੇ ਹੋਏ ਸਨ, ਉਸ ਗਿਆਨ ਸੂਰਨ ਤੋਂ ਨਾ ਆਪ ਲਾਭ ਉਠਾ ਸਕਦੇ ਸਨ, ਨਾ ਕਿਸੇ ਹੋਰ ਨੂੰ ਫੈਜ਼ ਪ੍ਰਾਪਤ ਕਰਨ ਦੇਂਦੇ ਸਨ। ਵਿਦਵਾਨ ਆਖੇ ਜਾਣ ਵਾਲੇ ਪੰਡਿਤ ਸ਼ਬਦਾਂ ਦੇ ਤੋਤੇ ਬਣ ਕੇ ਰਹਿ ਗਏ ਸਨ। ਅਰਥਾਂ ਦੀ ਜੀਵਨ-ਉਸਾਰੂ ਸ਼ਕਤੀ ਉਨ੍ਹਾਂ ਦੇ ਨਿਕੰਮੇ ਹੱਥਾਂ ਵਿਚ ਗੁਆਚ ਗਈ ਸੀ। ਦਿਮਾਗੀ ਗੁਲਾਮੀ ਭ੍ਰਿਸ਼ਟਾਚਾਰ[1], ਸਹਿਮ ਤੇ ਬੁਜ਼ਦਿਲੀ ਨੇ ਹਿੰਦੂ ਸਭਿਆਚਾਰ ਦੇ ਸੁੰਦਰ ਮੰਦਰ ਨੂੰ ਥੇਹ ਬਣਾ ਦਿੱਤਾ ਸੀ। ਆਪਣੀ ਨਵੀਨ ਅਤੇ ਨਰੋਈ ਵਿਚਾਰਧਾਰਾ ਦਾ ਪ੍ਰਭਾਵ ਪਾਉਣ ਲਈ ਵੱਖ ਵੱਖ ਪੁਰਬਾਂ ਸਮੇਂ ਆਪ ਭਾਰਤ ਦੇ ਲਗਭਗ ਸਾਰੇ ਤੀਰਥ ਅਸਥਾਨਾਂ ਤੇ ਗਏ ਸਨ। ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਨਾਨਕ ਨੇ ਪੰਜਾਬ ਦੀ ਸਮੁੱਚੀ ਹਿੰਦੂ ਧਾਰਾ ਨੂੰ ਬਦਲ ਕੇ ਰੁਖ[2] ਦਿੱਤਾ ਅਤੇ ਸਾਰੇ ਲੋਕਾਂ ਦੀ ਸਦਾਚਾਰਕ ਅਤੇ ਅਧਿਆਤਮਕ ਭਾਵਨਾ ਨੂੰ ਉਚਿਆਂ ਕਰ ਦਿੱਤਾ।

ਮੁਸਲਮਾਨੀ ਵਿਸ਼ਵਾਸ ਦੀ ਕੱਟੜਤਾ ਅਤੇ ਹਠ ਧਰਮੀ ਨੇ ਈਰਖਾ ਅਤੇ ਮਨੁੱਖਤਾ ਦਾ ਘਾਤਕ ਰੂਪ ਧਾਰਨ ਕੀਤਾ ਹੋਇਆ ਸੀ। ਗੈਰ ਮੁਸਲਮਾਨ ਉਨ੍ਹਾਂ ਲਈ ਰੱਬ ਦਾ ਨਹੀਂ ਸ਼ੈਤਾਨ ਦਾ ਰੂਪ ਸਨ। ਉਨ੍ਹਾਂ ਦਾ ਆਪਣਾ ਜੀਵਨ ਵੀ ਕੁਰਾਨ ਦੀ ਅਸਲ ਸਿੱਖਿਆ ਅਤੇ ਧੁਰੇ ਤੋਂ ਦੂਰ ਜਾ ਚੁੱਕਾ ਸੀ। ਉਨ੍ਹਾਂ ਦੇ ਜੀਵਨ ਵਿਚੋਂ ਮਨੁੱਖਤਾ ਦੀ, ਅਮਨ ਦੀ ਸੁਗੰਧੀ ਉਡ ਚੁੱਕੀ ਸੀ। ਆਪ ਮੁਸਲਮਾਨਾਂ, ਉਨ੍ਹਾਂ ਦੇ ਆਗੂ-ਮੁੱਲਾਂ ਕਾਜ਼ੀਆਂ ਅਤੇ ਪੀਰਾਂ ਫ਼ਕੀਰਾਂ ਨੂੰ ਮਿਲੇ। ਆਪਣੇ ਮੱਤ ਦੇ ਨਵੇਂ ਨਵੇਲੇ ਸੂਰਜ ਦੀ ਰੋਸ਼ਨੀ ਉਨ੍ਹਾਂ ਨੂੰ ਦਿੱਤੀ। ਉਨ੍ਹਾਂ ਦੇ ਅਧਿਆਤਮਕ ਅਤੇ ਸਮਾਜਕ ਜੀਵਨ ਵਿਚ ਪਤਨ ਆ ਚੁੱਕਾ ਸੀ।[3] ਕੇਵਲ ਮੁਸਲਮਾਨ ਹੋਣਾ ਹੀ ਉਨ੍ਹਾਂ ਲਈ ਕਾਫੀ ਸੀ ਅਤੇ ਆਪਣੇ ਮਜ਼ਹਬ ਦੀ ਦੂਜਿਆਂ ਨਾਲੋਂ ਸਿਧਾਂਤਕ ਸ੍ਰੇਸ਼ਟਤਾ ਵੇਖਣ ਵਿਚ ਹੀ ਉਹ ਤਸੱਲੀ ਸਮਝਦੇ ਸਨ। ਗੁਰੂ ਨਾਨਕ ਦੀ ਮੱਕੇ ਦੀ ਯਾਤਰਾ ਤੋਂ ਉਨ੍ਹਾਂ ਦੀ ਦ੍ਰਿਸ਼ਟੀ ਪ੍ਰਤੱਖ ਹੁੰਦੀ ਹੈ। ਕਾਜ਼ੀ ਮੁੱਲਾਂ ਨੇ ਇਕੱਠੇ ਹੋ ਕੇ ਗੁਰੂ ਨਾਨਕ ਤੋਂ ਪੁੱਛਿਆ ਕਿ ਵੱਡਾ ਹਿੰਦੂ ਹੈ ਕਿ ਮੁਸਲਮਾਨ?[4]

---

1. ਗੁਰੂ ਨਾਨਕ ਸਾਹਿਬ ਦੀ ਦਾਰਸ਼ਨਿਕਤਾ ਦਾ ਪਿਛੋਕੜ, ਪੰਨਾ 5.
2. ਸਿੱਖ ਮੱਤ ਦਾ ਪਰਿਵਰਤਨ, ਪੰਨਾ 12.
3. ਵੇਖੋ ਅਧਿਆਇ ਛੇਵਾਂ
4. ਪੁੱਛਣ ਖੋਲ੍ਹ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ। (ਵਾ: ਭਾਈ: ਗੁ: ਵਾਰ 1/33)

ਗੁਰੂ ਨਾਨਕ ਦਾ ਉੱਤਰ ਸੀ:

......ਸੁਭ ਅਮਲਾਂ ਬਾਝਹੁ ਦੋਵੇਂ ਰੋਈ।
ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਣ ਨ ਢੋਈ।....
ਕਰਨਿ ਬਖੀਲੀ ਆਪ ਵਿਚ ਰਾਮ ਰਹੀਮ ਕਥਾਇ ਖਲੋਈ।
ਰਾਹ ਸੈਤਾਨੀ ਦੁਨੀਆ ਗੋਈ।        (ਭਾ:ਗੁ:ਵਾਰ 1/33)

...

ਹਿੰਦੂ ਮੁਸਲਮਾਨ ਨ ਸੱਚ ਸਿਞਾਣਿਆ।   (ਵਾਰ 21/4)

ਮੁਸਲਮਾਨਾਂ ਨੇ ਕੇਵਲ ਇਸ ਨਾਂ ਦਾ ਮਖੌਟਾ ਹੀ ਪਹਿਨਿਆ ਹੋਇਆ ਸੀ। ਉਹ ਵੀ ਭਰਮ ਅਤੇ ਅਸਹਿਣਸ਼ੀਲਤਾ ਦੇ ਸ਼ਿਕਾਰ ਸਨ।[1] ਆਮ ਤੌਰ ਤੇ ਬੁੱਤ-ਪੂਜਾ ਖੰਡਨ ਦੇ ਵਿਚਾਰ ਦੀ ਗੁਰੂ ਨਾਨਕ ਦੇ ਵਿਚਾਰਾਂ ਨਾਲ ਤੁਲਨਾਤਮਕ ਸਾਂਝ ਸਮਝੀ ਜਾਂਦੀ ਹੈ। ਪਰ ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਦੇ ਨਿਰਦਈ ਬੁਤ-ਸ਼ਿਕਨੀ ਵਤੀਰੇ ਦੇ ਵਿਰੋਧੀ ਸਨ। ਪ੍ਰੋ:ਮੁਜੀਬ ਅਨੁਸਾਰ 'ਬੁੱਤ ਪੂਜਾ ਦਾ ਖੰਡਨ ਕਰਦੇ ਹੋਏ ਉਹ ਇਸਲਾਮੀ ਵਿਸ਼ਵਾਸਾਂ ਦੀ ਪ੍ਰੋੜਤਾ ਨਹੀਂ ਕਰਦੇ ਦਿਸਦੇ,ਕਿਉਂਕਿ ਕੁਝ ਇਕ ਜ਼ਾਲਮ ਮੁਸਲਮਾਨ ਹਾਕਮਾਂ ਦਾ ਮੰਦਰਾਂ,ਮੂਰਤੀਆਂ ਨੂੰ ਤਬਾਹ ਕਰਨ ਅਤੇ ਬਦਨਾਮੀ ਖੱਟਣ ਦਾ ਉਹਨਾਂ ਨੂੰ ਅਹਿਸਾਸ ਹੋਵੇਗਾ। ਮੁਸਲਮਾਨ ਹਾਕਮ ਅਜੇ ਵੀ ਅਜੇਹੇ ਹੀ ਕੰਮ ਕਰ ਰਹੇ ਸਨ ਜੋ ਉਹਨਾਂ ਦੇ ਸਹਿਣਸ਼ੀਲ ਸੁਭਾ ਲਈ ਸਹਾਰਨਾ ਮੁਸ਼ਕਲ ਸੀ।'[2]

ਸੋ ਗੁਰੂ ਨਾਨਕ ਉਤੇ ਮੁਸਲਮਾਨੀ ਸਭਿਆਚਾਰ ਦਾ ਪ੍ਰਤੱਖ ਤੌਰ ਤੇ ਕੋਈ ਪ੍ਰਭਾਵ ਨਹੀਂ ਸੀ। ਇਥੇ ਪ੍ਰੋਫੈਸਰ ਮੁਜੀਬ ਦੇ ਸ਼ਬਦ ਉਲੇਖ ਯੋਗ ਹਨ ਕਿ 'ਸ਼ਾਇਦ ਇਕ ਮੁਸਲਮਾਨ ਦਾ ਇਹ ਆਖਣਾ ਅਜੀਬ ਲੱਗੇਗਾ ਕਿ ਗੁਰੂ ਨਾਨਕ ਦੇਵ ਜੀ ਇਸਲਾਮ ਤੋਂ ਪ੍ਰਭਾਵਿਤ ਨਹੀਂ ਸਨ।[3] ਇਸ ਤੋਂ ਉਲਟ ਗੁਰੂ ਨਾਨਕ ਦੇ ਜੀਵਨ ਅਤੇ ਵਿਚਾਰ ਦੇ ਪਰਚਾਰ ਨੇ ਦੋਹਾਂ ਧਿਰਾਂ ਤੇ ਡੂੰਘੀ ਛਾਪ ਲਾਈ। ਆਪ ਜਿਥੇ ਵੀ ਗਏ ਦੋਹਾਂ ਧਿਰਾਂ ਦੇ ਲੋਕਾਂ ਨੇ ਆਪ ਨੂੰ ਸੁਣਿਆ ਅਤੇ ਆਪ ਦੀ ਉਦਾਰ-ਭਾਵਨਾ ਅਤੇ ਮਨੁੱਖਤਾ ਦੇ ਸ਼ਕਤੀਸ਼ਾਲੀ ਵਿਚਾਰ ਅੱਗੇ ਸਿਰ ਝੁਕਾਇਆ। ਭਾਈ ਗੁਰਦਾਸ ਦੀ ਇਹ ਪੰਕਤੀ: 'ਹਿੰਦੂ ਮੁਸਲਮਾਨ ਨਿਵਾਯਾ'(1/37) ਆਪ ਦੇ ਪ੍ਰਭਾਵ ਦਾ ਪਰਮਾਣ ਹੈ। ਆਪ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦਾ ਹੀ ਸਤਿਕਾਰ ਮਿਲਿਆ। ਕਈ ਪੀਰ ਫ਼ਕੀਰ ਵੀ ਆਪ ਤੋਂ ਪ੍ਰਭਾਵਿਤ ਹੋ ਕੇ ਆਪ ਦੇ ਪੈਰੋਕਾਰ ਬਣੇ।[4] ਪੰਜਾਬ ਵਿਚ ਅੱਜ ਵੀ ਗੁਰੂ ਨਾਨਕ ਨੂੰ ਇਨ੍ਹਾਂ ਦੋਹਾਂ ਮਜ਼ਹਬਾਂ ਵਿਚਕਾਰ

---

1. 'The Muslims were also victims of superstitions and some of their leaders were afflicted with the disease of intolerance'.Dr.Radha Krishnan,UNESCO, Sacred Writings of the Sikhs,p.18.
2. ਗੁਰੂ ਨਾਨਕ-ਜੀਵਨ,ਯੁਗ ਅਤੇ ਉਪਦੇਸ਼,ਪੰਨਾ 149.
3. ਉਹੀ,ਪੰਨਾ 151.
4. 'Both Communities get solace from his words'(Bhai Jodh Singh,Sikhismand Indian Society)p.28.

ਇਕਸੁਰਤਾ ਦਾ ਸੁਮੇਲ ਸਮਝਿਆ ਜਾਂਦਾ ਹੈ।[1]

ਭਾਰਤ ਵਿਚ ਤੀਜਾ ਇਕ ਹੋਰ ਸ਼ਕਤੀਸ਼ਾਲੀ ਮੱਤ ਗੁਰੂ ਨਾਨਕ ਸਮੇਂ ਪ੍ਰਚਲਤ ਸੀ, ਉਹ ਸੀ ਜੋਗ ਜਾਂ ਸਿੱਧ ਮੱਤ। ਨਵਿਰਤੀ ਮਾਰਗ ਦੇ ਇਨ੍ਹਾਂ ਜੋਗੀਆਂ ਵਿਚ ਸਮਾਜ ਪ੍ਰਤਿ ਕੋਈ ਦਿਲਚਸਪੀ ਨਹੀਂ ਸੀ। ਉਹ ਲੋਕਾਂ ਵਿਚ ਭਜਵਾਦ ਦਾ ਪ੍ਰਚਾਰ ਕਰਕੇ ਜੀਵਨ ਸੰਬੰਧੀ ਨਿਰਾਸਤਾ ਉਪਜਾ ਰਹੇ ਸਨ। ਮੁਸਲਮਾਨੀ ਹਾਕਮਾਂ ਦੇ ਜ਼ੁਲਮ ਤੋਂ ਦੁਖੀ ਹੋਏ ਹਿੰਦੂਆਂ ਨੂੰ ਤਿਆਗ ਦਾ ਵਿਚਾਰ ਵਧੇਰੇ ਖਿੱਚਦਾ ਸੀ। ਗੁਰੂ ਨਾਨਕ ਦੇਵ ਜੀ ਇਸ ਨਿਰਾਸ਼ਾਵਾਦੀ ਲਹਿਰ ਨੂੰ ਠੱਲ੍ਹ ਪਾਉਣ ਲਈ ਵਧੇਰੇ ਚੇਤੰਨ ਸਨ। ਇਸ ਕਰਕੇ ਉਹ ਇਸ ਮੱਤ ਦੇ ਸਮਰਥਕਾਂ ਨੂੰ ਉਚੇਚੇ ਤੌਰ ਤੇ ਗੋਰਖ ਮਤੇ, ਸੁਮੇਰ ਪਰਬਤ ਅਤੇ ਅਚਲ ਵਟਾਲੇ ਮਿਲੇ। ਉਨ੍ਹਾਂ ਨੂੰ ਗ੍ਰਿਹਸਤ ਦੀ ਵਡਿਆਈ ਦਾ ਅਹਿਸਾਸ ਕਰਾਇਆ। ਲੋਕ ਜੀਵਨ ਵਿਚ ਦਿਲਚਸਪੀ ਲੈਣ ਅਤੇ ਕਰਾਮਾਤਾਂ ਦੀ ਪ੍ਰਦਰਸ਼ਨੀ ਜਿਹੇ ਮਨੁੱਖਤਾ-ਹੀਣੇ ਕਰਮ ਤੋਂ ਦੂਰ ਰਹਿਣ ਲਈ ਪ੍ਰੇਰਿਆ। ਉਨ੍ਹਾਂ ਦੇ ਸਮਾਜ-ਘਾਤਕ ਪ੍ਰਭਾਵ ਨੂੰ ਰੋਕਣ ਲਈ ਸ੍ਰੀ ਗੁਰੂ ਸਾਹਿਬ ਕੇਵਲ ਸਫਲ ਹੀ ਨਹੀਂ ਹੋਏ, ਸਗੋਂ ਉਨ੍ਹਾਂ ਨੇ ਗੁਰੂ ਨਾਨਕ ਦੀ ਵਿਚਾਰਧਾਰਾ ਦੀ ਵਿਸ਼ੇਸ਼ਤਾ ਅੱਗੇ ਵੀ ਸਿਰ ਝੁਕਾਇਆ। ਭਾਈ ਗੁਰਦਾਸ ਦੇ ਕਹਿਣ ਅਨੁਸਾਰ ਸਿਧ ਮਤੀਏ ਨਾਨਕ ਮਤੀਏ ਹੋ ਗਏ।[2] ਪ੍ਰਭਾਵਤ ਹੋਏ ਸਿਧਾਂ ਨੇ ਕਿਹਾ: 'ਧੰਨ ਨਾਨਕ ਤੇਰੀ ਵਡੀ ਕਮਾਈ।'[3] ਡਾ: ਗੋਕਲ ਚੰਦ ਨਾਰੰਗ ਨੇ ਗੁਰੂ ਨਾਨਕ ਦੀ ਸਿਖਿਆ ਦੇ ਪ੍ਰਭਾਵ ਵਿਚੋਂ ਇਕ ਪ੍ਰਮੁੱਖ ਪ੍ਰਭਾਵ ਲੋਕਾਂ ਨੂੰ ਸੰਸਾਰ ਦੀਆਂ ਜ਼ਿੰਮੇਵਾਰੀਆਂ ਵਿਚ ਹਿੱਸਾ ਲੈ ਕੇ ਇਸ ਦੀ ਉਸਾਰੀ ਵਿਚ ਯੋਗਦਾਨ ਪਾਉਣ ਲਈ ਤਿਆਰ ਕਰਨਾ ਦੱਸਿਆ ਹੈ। ਉਸ ਅਨੁਸਾਰ ਬੁੱਧ ਮੱਤ ਜੈਨ ਮੱਤ ਅਤੇ ਦੋਹਾਂ ਤੋਂ ਪ੍ਰਭਾਵਤ ਪਿਛਲੇ ਹਿੰਦੂ ਧਰਮ ਨੇ ਸਦਾ ਸੰਸਾਰ-ਤਿਆਗ ਨੂੰ ਸਭ ਤੋਂ ਵੱਡਾ ਗੁਣ ਸਮਝਿਆ ਅਤੇ ਸੰਸਾਰਕ ਸੱਤਾ ਅਤੇ ਖੁਸ਼ਹਾਲੀ ਨੂੰ ਘ੍ਰਿਣਾ ਦੀਆਂ ਨਜ਼ਰਾਂ ਨਾਲ ਵੇਖਿਆ। ਇਸ ਨੂੰ ਕੁਝ ਹਾਲਤਾਂ ਵਿਚ ਲਾਜ਼ਮੀ ਗੁਨਾਹ ਦੇ ਤੌਰ ਤੇ ਅਪਣਾਇਆ ਗਿਆ। ਗੁਰੂ ਨਾਨਕ ਨੇ ਇਹ ਸਭ ਕੁਝ ਬਦਲ ਦਿੱਤਾ। ਉਨ੍ਹਾਂ ਨੇ ਸੰਸਾਰਕ ਕਾਰ-ਵਿਹਾਰ ਤੇ ਆਪਣੀ ਪਰਵਾਨਗੀ ਦੀ ਮੋਹਰ ਲਾ ਦਿੱਤੀ। ਜੇਕਰ ਲੋਕ ਸਚਾਈ ਅਤੇ ਇਮਾਨਦਾਰੀ ਛੱਡ ਕੇ ਇਨ੍ਹਾਂ ਵਿਚ ਖਚਿਤ ਨ ਹੋਣ।[4]

ਕਈ ਵਿਦਵਾਨਾਂ ਨੇ ਗੁਰੂ ਨਾਨਕ ਨੂੰ ਸੁਧਾਰਕ ਆਖਿਆ ਹੈ ਅਤੇ ਉਨ੍ਹਾਂ ਨੂੰ ਅਜਿਹਾ ਕਹਿਣਾ ਵੀ ਠੀਕ ਨਹੀਂ ਹੈ। ਸੁਧਾਰਕ ਵੀ ਕਿਸੇ ਸਥਾਪਿਤ ਮੱਤ ਦਾ ਧਾਰਨੀ ਹੁੰਦਾ ਹੈ, ਜਦੋਂ ਉਸ ਮੱਤ ਜਾਂ ਉਸ ਨੂੰ ਮੰਨਣ ਵਾਲੀ ਸੰਪ੍ਰਦਾ ਭ੍ਰਿਸ਼ਟ ਹੋ ਜਾਂਦੀ ਹੈ ਜਾਂ ਖੋਟ ਆ ਜਾਂਦੀ ਹੈ ਤਾਂ ਸੁਧਾਰਕ ਜਤਨ ਕਰਦਾ ਹੈ, ਜੋ ਉਸ ਨੂੰ ਸ਼ੁਧ ਕੀਤਾ ਜਾਵੇ ਅਤੇ ਮੂਲ ਰੂਪ ਨੂੰ ਕਾਇਮ ਕੀਤਾ ਜਾ ਸਕੇ। ਗੁਰੂ ਨਾਨਕ

1. 'He was acclaimed by both communities. Even to this day, he is regarded in the Punjab as a symbol of harmony between the two major communities', (Khushwant Singh, The Sikhs, p.25)

2. ਵਾਰ 1/27
3. ਵਾਰ 1/44
4. ਸਿੱਖ ਮਤ ਦਾ ਪਰਿਵਰਤਨ, ਪੰਨਾ 13.

ਸਾਹਿਬ ਕਿਸੇ ਵੀ ਪੁਰਾਤਨ ਭਾਰਤੀ ਮੱਤ ਦੇ ਧਾਰਨੀ ਨਹੀਂ ਸਨ, ਜਿਸ ਵਿਚ ਆਈ ਖਰਾਬੀ ਨੂੰ ਦੂਰ ਕਰਨਾ ਜਿਨ੍ਹਾਂ ਦਾ ਲਕਸ਼ ਹੁੰਦਾ ਹੈ। ਇਸ ਕਰਕੇ ਉਨ੍ਹਾਂ ਨੂੰ ਸੁਧਾਰਕ ਕਹਿਣਾ ਅਤੇ ਯੂਰਪ ਦੇ ਮਾਰਟਿਨ ਲੂਥਰ ਨਾਲ ਤੁਲਨਾ ਦੇਣੀ ਠੀਕ ਨਹੀਂ[1] ਲੂਥਰ ਦੀ ਸਾਧਾਰਨ ਮਨੁੱਖ ਵਿਚ ਕੋਈ ਦਿਲਚਸਪੀ ਨਹੀਂ ਸੀ, ਪਰ ਗੁਰੂ ਨਾਨਕ ਦਾ ਸੁਨੇਹਾ ਹੀ ਆਮ ਮਨੁੱਖਾਂ ਲਈ ਸੀ। ਉਹ ਉਨ੍ਹਾਂ ਵਿਚ ਰਹੇ ਅਤੇ ਉਨ੍ਹਾਂ ਦੀ ਕਲਿਆਣ ਲਈ ਉਨ੍ਹਾਂ ਨੇ ਘਾਲਣਾ ਘਾਲੀ।[2] ਪ੍ਰੋ: ਮੁਜੀਬ ਅਨੁਸਾਰ ਉਹ ਧਾਰਮਿਕ ਸੁਧਾਰਕ ਨਹੀਂ ਸਨ, ਸਗੋਂ ਇਕ ਨਵੇਂ ਧਰਮ ਦੇ ਬਾਨੀ ਸਨ। ਉਹ ਕਿਸੇ ਪੁਰਾਤਨ ਧਰਮ ਵਿਚ ਵਿਸ਼ਵਾਸ ਰਖਣ ਵਾਲੇ ਅਤੇ ਆਪਣੇ ਮਤ ਦੀ ਪ੍ਰੋੜ੍ਹਤਾ ਲਈ ਧਰਮ-ਪੁਸਤਕਾਂ ਦੇ ਹਵਾਲੇ ਦੇਣ ਦਾ ਯਤਨ ਨਹੀਂ ਕਰਦੇ ਸਨ, ਸਗੋਂ ਉਹ ਸਭ ਕੁਝ ਆਪਣੇ ਨਿੱਜੀ ਪਰਮਾਣ ਰਾਹੀਂ ਆਖਦੇ ਸਨ ਅਤੇ ਜੋ ਕਰਦੇ ਸਨ ਉਹੀ ਆਖਦੇ ਸਨ।[3]

<u>ਨਿਰਾਲਾ ਮੱਤ</u>

ਉਕਤ ਵਿਚਾਰ ਤੋਂ ਇਹ ਨਿਸ਼ਕਰਸ਼ ਨਿਕਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਪਰੰਪਰਾ ਦਾ ਅਧਿਐਨ ਅਤੇ ਚਿੰਤਨ ਪੇਸ਼ ਕਰਦੇ ਹੋਏ ਵੀ ਇਕ ਨਵੇਂ ਅਤੇ ਨਿਰਾਲੇ ਮੱਤ ਦੇ ਬਾਨੀ ਸਨ, ਜੋ ਗੁਰਮਤ ਅਤੇ ਉਸ ਨੂੰ ਮੰਨਣ ਵਾਲਿਆਂ ਲਈ ਸਿੱਖ ਮੱਤ ਦੇ ਨਾਂ ਨਾਲ ਸਥਾਪਿਤ ਹੋਇਆ।[4] ਇਸ ਵਿਲੱਖਣ ਮਤ ਦਾ ਸੰਕੇਤ ਗੁਰੂ ਨਾਨਕ ਦੇ ਜੋਗੀਆਂ ਨਾਲ ਸੰਵਾਦ ਸਮੇਂ ਭਾਈ ਗੁਰਦਾਸ ਨੇ ਇਸ ਤਰ੍ਹਾਂ ਕੀਤਾ ਹੈ:

ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ। (ਵਾਰ 1/31)

ਇਸ ਨੂੰ ਨਿਰਮਲ ਅਥਵਾ ਸ਼ੁਧ ਮੱਤ ਵੀ ਕਿਹਾ ਹੈ:

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ। (ਵਾਰ 1/45)

ਗੁਰੂ ਨਾਨਕ ਸਾਹਿਬ ਦੇ ਮੱਤ ਦਾ ਪ੍ਰਭਾਵ ਉਨ੍ਹਾਂ ਦੇ ਆਪਣੇ ਜੀਵਨ ਸਮੇਂ ਹੀ ਲੋਕਾਂ ਤੇ ਹੋਣਾ ਸ਼ੁਰੂ ਹੋ ਗਿਆ। ਲੋਕਾਂ ਦੀ ਦ੍ਰਿਸ਼ਟੀ ਅਤੇ ਰਹਿਣ ਸਹਿਣ ਬਦਲਣ ਲਗ ਪਿਆ ਸੀ। ਪ੍ਰੋ: ਸੰਤ ਸਿੰਘ ਸੇਖੋਂ ਨੇ ਪੰਜਾਬੀ ਜੀਵਨ ਤੇ ਸੰਸਕ੍ਰਿਤੀ ਉਤੇ ਗੁਰਮਤ ਦੇ ਪ੍ਰਭਾਵ ਦਾ ਇਤਿਹਾਸਕ ਪ੍ਰਮਾਣ[5] ਗੁਰੂ ਅਰਜਨ ਦੇਵ ਜੀ ਵੇਲੇ ਮੰਨਿਆ ਹੈ, ਜਿਸ ਵੇਲੇ ਕਿ ਜਹਾਂਗੀਰ ਨੇ ਅਤਿਆਚਾਰ ਢਾਹੇ। ਪਰ

---

1. Kapur Singh, Guru Nanak, The Prophet of Peace, p.155.
2. K.S.Narang, History of the Punjab, p.70.
3. ਗੁਰੂ ਨਾਨਕ - ਜੀਵਨ, ਯੁਗ ਅਤੇ ਉਪਦੇਸ਼, ਪੰਨਾ 149.
4. 'Here Guru Nanak laid a new track for Skhism. It was a revolutionary beginning which gave the new faith, a distinctive character' Anil Chandera Banerjee, Guru Nanak (edited) p.51.
5. ਆਲੋਚਨਾ (ਅਕਤੂਬਰ-ਦਸੰਬਰ, 1975) ਪੰਨਾ 5.

ਵਾਸਤਵ ਵਿਚ ਇਹ ਪ੍ਰਭਾਵ ਗੁਰੂ ਨਾਨਕ ਵੇਲੇ ਹੀ ਪ੍ਰਤੱਖ ਸੀ। ਇਸ ਨਵੇਂ ਮੱਤ ਦੇ ਮੋਢੀ ਦੀ ਵਡਿਆਈ ਘਰ ਘਰ ਹੋਣ ਲਗ ਪਈ ਸੀ, ਦੂਜੇ ਮੱਤਾਂ ਦੇ ਅਨੇਕਾਂ ਹੀ ਸਿੱਖ ਸ਼ਰਧਾਲੂ ਬਣ ਗਏ ਸਨ। ਘਰ ਘਰ ਗੁਰਦੁਆਰਾ ਬਣ ਗਿਆ ਸੀ। ਇਹ ਇਕ ਅਨੋਖੀ ਤਬਦੀਲੀ ਸੀ।[1] ਭਾਈ ਗੁਰਦਾਸ ਅਨੁਸਾਰ:

> ਘਰ ਘਰ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
> ਛਪੇ ਨਾਂਹੀ ਛੁਪਾਇਆਂ ਚੜ੍ਹਿਆ ਸੂਰਜ ਜਗ ਰੁਸ਼ਨਾਈ। (ਵਾਰ 1/34)
>
> ਘਰ ਘਰ ਬਾਬਾ ਗਾਵੀਐ ਵੱਜਨ ਤਾਲ ਮ੍ਰਿਦੰਗ ਰਬਾਬਾ। (ਵਾਰ 23/4)

ਉਨ੍ਹਾਂ ਦੀ ਚਲਾਈ ਰੀਤੀ ਅਨੁਸਾਰ ਘਰ ਘਰ ਕੀਰਤਨ ਦਾ ਪਰਵਾਹ ਚਲ ਪਿਆ:

> ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ। (ਵਾਰ 1/27)

ਭਾਈ ਗੁਰਦਾਸ ਨੇ ਇਹ ਵੀ ਦੱਸਿਆ ਹੈ ਕਿ ਗੁਰੂ ਨਾਨਕ ਦੀ ਸਿਖਿਆ ਦਾ ਸੂਰਜ ਜਦੋਂ ਚੜ੍ਹਿਆ ਉਸਦੇ ਪ੍ਰਭਾਵ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ:

> ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ।
> ਜਿਉਂ ਕਰ ਸੂਰਜ ਨਿਕਲਿਆ ਤਾਰੇ ਛੁਪੇ ਅੰਧੇਰ ਪਲੋਆ। (ਵਾਰ 1/27)

ਗੁਰੂ ਨਾਨਕ ਦੀ ਅਤੇ ਉਸਦੇ ਆਸ਼ੇ ਅਨੁਸਾਰ ਰਚੀ ਬਾਣੀ ਗੁਰੂ ਸਾਹਿਬਾਨ ਦੀ ਬਾਣੀ ਦਾ ਪ੍ਰਭਾਵ ਸੂਫੀਆਂ ਅਤੇ ਮੁਸਲਮਾਨਾਂ ਤੇ ਵੀ ਪੈ ਚੁਕਾ ਸੀ। ਗੁਰੂ ਅਰਜਨ ਦੇ ਸਮਕਾਲੀ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਕਿਧਰੇ ਕਿਧਰੇ ਗੁਰਬਾਣੀ ਦੀ ਧੁਨੀ ਗੂੰਜਦੀ ਹੈ। ਇਸ ਨੂੰ ਗੁਰਬਾਣੀ ਦਾ ਪ੍ਰਭਾਵ ਕਹਿ ਦਿੱਤਾ ਜਾਵੇ ਤਾਂ ਗਲਤ ਗੱਲ ਨਹੀਂ। ਕਿਧਰੇ ਕਿਧਰੇ ਗੁਰਬਾਣੀ ਦੀ ਕੋਈ ਕੋਈ ਪੰਕਤੀ ਵੀ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਆਈ ਹੈ।[2] ਗੁਰੂ ਨਾਨਕ ਦਾ ਆਦਰ ਮੁਸਲਮਾਨਾਂ ਦੇ ਮਨਾਂ ਵਿਚ ਬਹੁਤ ਹੈ। ਕਦੀ ਕੋਈ ਧਾਰਮਿਕ ਕੱਟੜਪੁਣਾ ਗੁਰੂ ਨਾਨਕ ਵਲ ਅਨਾਦਰ ਭਾਵੀ ਨਹੀਂ ਦੇਖਿਆ ਗਿਆ।[3]

## ਗੁਰੂ ਨਾਨਕ ਮੱਤ ਦੀਆਂ ਕੁਝ ਵਿਸ਼ੇਸ਼ਤਾਵਾਂ

ਅਮਲੀ ਧਰਮ:

ਗੁਰੂ ਨਾਨਕ ਦਾ ਮੱਤ ਸਿਧਾਂਤਾਂ ਦਾ ਪਲੰਦਾ ਨਹੀਂ, ਨਾ ਹੀ ਇਹ ਕੋਈ ਦਿਮਾਗੀ ਸੰਵਾਦ

---

1. Isn't it wonderful that our homes became Gurdwaras and the spirit of the Lord came to live with us? What a revolution and what reformation did Guru Nanak usher in!' Balvant Singh Anand, Guru Nanak-Religion and Ethics, p.37.
2. ਆਲੋਚਨਾ, (ਅਕਤੂਬਰ-ਦਸੰਬਰ, 1975) ਪੰਨਾ 11.
3. ਉਹੀ, ਪੰਨਾ 12.

ਹੈ। ਇਹ ਇਕ ਜੀਵਨ ਜਾਚ ਹੈ। ਇਸਦੇ ਪੈਰ ਧਰਤੀ ਤੇ ਹਨ, ਲੋਕ ਭਾਵਨਾ ਇਸ ਨਾਲ ਜੁੜੀ ਹੋਈ ਹੈ।[1] ਇਸਦੀ ਨਜ਼ਰ ਉਚੇਰੀ ਹੈ। ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਇਹ ਦ੍ਰਿੜ੍ਹ ਕਰਾਇਆ ਕਿ ਨਿਰਾ ਸਿਧਾਂਤਾਂ ਨੂੰ ਜਾਣ ਲੈਣਾ ਹੀ ਕਾਫ਼ੀ ਨਹੀਂ, ਅਮਲਾਂ ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਬਣਨੀ ਹੈ।[2] ਅਤੇ ਭਵਿਖਤ ਵਿਚ ਵੀ ਅਮਲਾਂ ਨਾਲ ਹੀ ਨਿਬੇੜਾ ਹੋਣਾ ਹੈ:

ਸਭਨਾ ਕਾ ਦਰਿ ਲੇਖਾ ਹੋਇ। ਕਰਣੀ ਬਾਝਹੁ ਤਰੈ ਨ ਕੋਇ।
(ਵਾਰ ਰਾਮਕਲੀ) 952

ਰਾਹ ਦਸਾਇ ਓਥੈ ਕੋ ਜਾਇ। ਕਰਣੀ ਬਾਝਹੁ ਭਿਸਤਿ ਨ ਪਾਇ।
(ਰਾਮਕਲੀ) 951

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ।
(ਸਿਰੀ ਰਾਗ) 23

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ। (ਵਾਰ ਮਾਝ) 140

ਇਸ ਅਮਲੀ ਜੀਵਨ ਦੀ ਘਾਟ ਹੀ ਗੁਰੂ ਨਾਨਕ ਦੇ ਸਮਕਾਲੀ ਸਮਾਜ ਵਿਚ ਸੀ। ਗੁਰੂ ਨਾਨਕ ਦੀ ਸਿੱਖਿਆ ਨੇ ਕਰਣੀ ਵਾਲੇ ਸਿੱਖਾਂ ਦਾ ਸਮਾਜ ਸਿਰਜਿਆ।

## ਸਰਬ ਸਾਂਝਾ ਧਰਮ

ਗੁਰੂ ਨਾਨਕ ਦੇਵ ਜੀ ਅਜਿਹੇ ਧਰਮ ਜਾਂ ਪੰਥ ਦੇ ਨਿਰਮਾਤਾ ਅਤੇ ਸੰਚਾਲਕ ਸਨ, ਜਿਸ ਨੂੰ ਵਿਸ਼ਵ ਦਾ ਹਰ ਇਕ ਮਨੁੱਖ ਨਿਰਸੰਕੋਚ ਆਪਣਾ ਸਮਝਦਾ ਹੈ। ਇਸ ਵਿਚ ਇਤਹਾਦ ਦਾ ਵਿਚਾਰ ਸਰਬ ਸਾਂਝਾ ਹੈ ਅਤੇ ਮਨੁੱਖੀ ਸਮਾਨਤਾ ਦਾ ਵਿਚਾਰ ਸਰਬ ਪਰਵਾਨ ਹੈ। ਇਹ ਧਰਮ ਨਾ ਵਿਅਕਤੀਗਤ ਖੁਸ਼ਹਾਲੀ ਦਾ ਧਰਮ ਹੈ ਅਤੇ ਨਾ ਹੀ ਵਿਅਕਤੀਗਤ ਮੁਕਤੀ ਦਾ। ਜ਼ਿੰਦਗੀ ਵਿਚ ਆਪ ਨਿਪੁੰਨ ਹੋਣਾ ਚਾਹੀਦਾ ਹੈ, ਪਰ ਇਸ ਤੋਂ ਕਿਤੇ ਵਧੇਰੇ ਦੁਨੀਆਂ ਨੂੰ ਨਿਪੁੰਨ ਕਰਨਾ ਜ਼ਰੂਰੀ ਹੈ। ਸੁਆਰਥ ਮਨੁੱਖਤਾ ਦਾ ਵਿਰੋਧੀ ਹੈ ਅਤੇ ਧਰਮ ਦੇ ਵਿਪਰੀਤ। ਗੁਰੂ ਨਾਨਕ ਨੇ ਇਸ ਵਿਚਾਰ ਨੂੰ ਬਾਰ ਬਾਰ ਦੁਹਰਾ ਕੇ ਲੋਕਾਂ ਦੇ ਜੀਵਨ ਵਿਚ ਰਚਾਇਆ ਸੀ:

ਮੰਨੈ ਤਰੈ ਤਾਰੇ ਗੁਰੁ ਸਿਖ। (ਜਪੁ ਜੀ)

...

ਆਪਿ ਤਰੈ ਸਗਲੇ ਕੁਲ ਤਾਰੈ। (ਧਨਾਸਰੀ)

ਜਾਂ

ਆਪਿ ਤਰੈ ਸੰਗਤਿ ਕੁਲ ਤਾਰੈ। (ਆਸਾ) 353

---

1. 'Religion is neither philosophical quibbling nor mental gymnatis, nor dogma nor ritual. It is a practical way of life for the realisation of self or God', Dr. Gobind Singh, Guru Nanak World Teacher, p.7.

2. Deeds, not creeds, is what Nanak asked of his disciples', T.L. Vaswani, Guru Nanak-Prophet of Light, p.11.

ਸਚੁ ਵਖਰੁ ਧਨੁ ਪਲੈ ਹੋਇ॥ ਆਪਿ ਤਰੈ ਤਾਰੇ ਭੀ ਸੋਇ॥
(ਰਾਮਕਲੀ) 944

ਬੰਦ ਕਲੀਆਂ ਵਾਂਗ ਜਿਹੜੇ ਆਪਣੀਆਂ ਪ੍ਰਾਪਤੀਆਂ ਦੀ ਸੁਗੰਧੀ ਨੂੰ ਘੁੱਟੀ ਰਖਦੇ ਹੀ ਚਲੇ ਗਏ ਹਨ, ਦੁਨੀਆਂ ਨਾਲ ਸਾਂਝ ਨਹੀਂ ਕਰਦੇ, ਉਨ੍ਹਾਂ ਦਾ ਜੀਵਨ ਵੀ ਨਿਸਫਲ ਹੈ। ਗੁਰੂ ਸਾਹਿਬ ਨੇ ਉਦਾਰਤਾ ਅਤੇ ਲੋਕ ਕਲਿਆਣ ਦੀ ਭਾਵਨਾ ਨੂੰ ਮਨੁੱਖੀ ਜੀਵਨ ਦਾ ਅੰਗ ਬਣਾਇਆ। ਆਪਣੀ ਬਾਣੀ ਵਿਚ ਕਿਧਰੇ ਵੀ ਵਿਅਕਤੀਗਤ ਹਿਤ ਦੀ ਗੱਲ ਨਹੀਂ, ਸਗੋਂ ਸਮੂਹਿਕ ਸਨੇਹ ਹੀ ਹੈ। ਮਨੁੱਖ ਜਾਤੀ ਨੂੰ ਆਪ ਦਾ ਇਹ ਸੰਦੇਸ਼ ਸੀ:

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।
ਸਾਝ ਕਰੀਜੈ ਗੁਣਾ ਕੇਰੀ ਛੋਡਿ ਅਵਗੁਣ ਚਲੀਐ। (ਸੂਹੀ ਛੰਤ) 72

ਹਿੰਦੂ ਜਾਂ ਮੁਸਲਮਾਨ ਆਪਣੇ ਮਜ਼ਹਬ ਦੇ ਘੇਰੇ ਵਿਚ ਹੀ ਸੀਮਿਤ ਸਨ। ਉਹ ਆਪਣੀ ਬਰਾਬਰੀ ਦੇ ਦੁਖ ਸੁਖ ਦੇ ਹੀ ਭਾਈਵਾਲ ਸਨ। ਇਕ ਮਜ਼ਹਬ ਵਾਲਿਆਂ ਦੀਆਂ ਵੀ ਅਗੋਂ ਕਈ ਛੋਟੀਆਂ ਛੋਟੀਆਂ ਬਰਾਦਰੀਆਂ ਸਨ। ਸਮੁੱਚੀ ਮਨੁੱਖ ਬਰਾਦਰੀ ਦਾ ਸੰਕਲਪ ਕਿਧਰੇ ਵੀ ਨਹੀਂ ਸੀ। ਗੁਰੂ ਨਾਨਕ ਨੇ ਪਹਿਲੀ ਵਾਰੀ ਵਿਸ਼ਵ ਭਾਈਚਾਰੇ ਦੀ ਆਵਾਜ਼ ਉਠਾਈ ਅਤੇ ਦੇਸ਼ ਜਾਤ ਦੇ ਭੇਦ ਦੀ ਕੰਧ ਤੋੜ ਦਿੱਤੀ। ਆਪਣੀ ਜਮਾਤ ਵਿਚ ਸਮੂਹ ਦੇ ਸਮਿਲਤ ਹੋਣ ਦੀ ਭਾਵਨਾ ਇਸ ਰੂਪ ਤੋਂ ਪ੍ਰਤੱਖ ਹੈ:

ਆਈ ਪੰਥੀ ਸਗਲ ਜਮਾਤੀ। (ਜਪੁਜੀ)

ਆਪਦੀ ਇਸ ਸਿਖਿਆ ਨੇ ਅਜਿਹੇ ਲੋਕਾਂ ਦਾ ਭਾਈਚਾਰਾ ਬਣਾਇਆ, ਜੋ ਦੁਨੀਆਂ ਲਈ ਤਨ ਮਨ ਧਨ ਕੁਰਬਾਨ ਕਰਨ ਵਿਚ ਖੁਸ਼ੀ ਸਮਝਦੇ ਸਨ। ਪ੍ਰੋ: ਅਮੋਲ ਦੇ ਸ਼ਬਦਾਂ ਵਿਚ 'ਕਿਸੇ ਹਿੰਦੂ ਸਭਿਅਤਾ ਬਚਾਈ ਕਿਸੇ ਮੁਸਲਮਾਨ, ਪਰ ਗੁਰੂ ਨਾਨਕ ਨੇ ਸਾਂਝੇ ਭਾਰਤ ਦੀ ਸਭਿਅਤਾ ਦੀ ਸੁਰੱਖਿਆ ਕੀਤੀ ਤੇ ਉਸ ਨੂੰ ਪਿਆਰ ਤੇ ਸਤਿਕਾਰ ਦਿੱਤਾ।[1] ਇਹੋ ਰੂਹ ਉਨ੍ਹਾਂ ਨੇ ਅੱਗੋਂ ਆਪਣੇ ਸਿੱਖਾਂ ਵਿਚ ਫੂਕੀ। ਸਾਧੂ ਟੀ.ਐਲ.ਵਾਸਵਾਨੀ ਅਨੁਸਾਰ 'ਗੁਰੂ ਨਾਨਕ ਨੇ ਉਹ ਧਰਮ ਪਰਚਾਰਿਆ ਜੋ ਮਨੁੱਖਾਂ ਦੇ ਜੀਵਨ ਲਈ ਹੈ, ਜਿਹੜਾ ਸਦਾ ਮਾਨਵ ਹਿਰਦੇ ਵਿਚ ਚਮਕੇਗਾ, ਜੋ ਸੇਵਾ ਅਤੇ ਕੁਰਬਾਨੀ ਦਾ ਧਰਮ ਹੈ।[2] ਉਨ੍ਹਾਂ ਨੇ ਧਰਮ ਵਿਚ ਲੋਕ ਲਹਿਰ ਨੂੰ ਲਿਆਂਦਾ।[3] ਅਕਬਰ ਵੀ ਸਰਬ ਸਾਂਝੇ ਧਰਮ ਦੀ ਸਥਾਪਨਾ ਕਰਨਾ ਚਾਹੁੰਦਾ ਸੀ, ਪਰ ਰਾਜਸੀ ਮਨੋਰਥ ਹੋਣ ਕਰਕੇ ਉਹ ਸਫਲ ਨਾ ਹੋ ਸਕਿਆ। ਗੁਰੂ ਨਾਨਕ ਸਿੱਖ ਧਰਮ ਦੀ ਸਿਰਜਨਾ ਕਰਕੇ ਹਿੰਦੂਆਂ ਮੁਸਲਮਾਨਾਂ ਲਈ ਸਾਂਝਾ

---

1. ਪੰਚਮ ਸ਼ਤਾਬਦੀ ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਨਾ 117.
2. Guru Nanak, Prophet of Light, p.11.
3. Guru Nanak, Initiated a People's Movement in Religion, ibid.p.5.

ਧਰਮ ਥਾਪਣ ਵਿਚ ਸਫਲ ਇਸ ਕਾਰਨ ਹੋਏ ਕਿ ਉਨ੍ਹਾਂ ਨੇ ਇਹ ਕੰਮ ਨਿਰੋਲ ਧਾਰਮਿਕ ਅਤੇ ਆਤਮਿਕ ਦ੍ਰਿਸ਼ਟੀਕੋਣ ਨਾਲ ਕੀਤਾ।[1]

## ਸ੍ਵੈ ਸਤਿਕਾਰ ਦੀ ਭਾਵਨਾ

ਗੁਰੂ ਨਾਨਕ ਨੇ ਸ੍ਵੈਮਾਣ ਨੂੰ ਮੁੱਖ ਰਖਣ ਵਾਲੇ ਅਜਿਹੇ ਮਰਦ ਇਸਤ੍ਰੀਆਂ ਦੀ ਕੌਮ ਬਣਾਉਣ ਦਾ ਉਪਰਾਲਾ ਕੀਤਾ, ਜਿਹੜੇ ਰੱਬ ਅਤੇ ਗੁਰੂ ਨੂੰ ਸਮਰਪਤ ਸਨ, ਜਿਨ੍ਹਾਂ ਵਿਚ ਸਮਾਨਤਾ ਅਤੇ ਸਭ ਲਈ ਭਰਾਤਰੀਅਤਾ ਦੀ ਭਾਵਨਾ ਸੀ।[2] ਸੁਆਰਥ ਖਾਤਰ ਸ੍ਵੈ ਸਤਿਕਾਰ ਨੂੰ ਤਿਆਗਣ ਵਾਲੀ ਬਿਰਤੀ ਨੂੰ ਇਹ ਕਹਿ ਕੇ ਦੁਤਕਾਰਿਆ:

ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ।
(ਵਾਰ ਮਾਝ) 142

ਆਪ ਨੇ ਸਮੇਂ ਦੀ ਜਾਬਰ ਸ਼ਕਤੀ ਬਾਬਰ ਦੇ ਜ਼ੁਲਮ ਅਤੇ ਅਨਿਆਂ ਵਿਰੁੱਧ ਤਕੜੀ ਆਵਾਜ਼ ਉਠਾ ਕੇ ਨਿਮੋਝੂਣੇ ਭਾਰਤੀਆਂ ਅੰਦਰ ਕੂੜ ਨੂੰ ਕੂੜ, ਸੱਚ ਨੂੰ ਸੱਚ ਕਹਿਣ ਅਤੇ ਮਾਨਵੀ ਹੱਕਾਂ ਲਈ ਸਾਹਸ ਭਰਿਆ। ਕਸ਼ਤਰੀਆਂ ਅਤੇ ਰਾਜਪੂਤ ਆਪਣੀ ਸੂਰਮਗਤੀ ਨੂੰ ਭੁੱਲ ਚੁੱਕੇ ਸਨ। ਕਈਆਂ ਨੇ ਇਸਲਾਮ ਕਬੂਲ ਕਰ ਲਿਆ ਅਤੇ ਕਈ ਰੇਗਿਸਤਾਨੀ ਇਲਾਕੇ ਵਿਚ ਚਲੇ ਗਏ ਸਨ। ਬਾਕੀਆਂ ਨੇ ਖੇਤੀਬਾੜੀ ਦਾ ਧੰਦਾ ਅਪਣਾ ਲਿਆ ਸੀ।[3] ਡਰਦੇ ਹੋਏ ਜਿਹੜੇ ਭਾਰਤੀਆਂ ਨੇ ਆਪਣੀ ਬੋਲੀ, ਆਪਣੇ ਪਹਿਰਾਵੇ ਅਤੇ ਆਪਣੇ ਸਭਿਆਚਾਰ ਨੂੰ ਛੱਡ ਦਿੱਤਾ ਸੀ, ਉਨ੍ਹਾਂ ਅੰਦਰ ਆਤਮ-ਵਿਸ਼ਵਾਸ ਅਤੇ ਆਤਮ-ਬਲ ਲਿਆਂਦਾ। ਆਪ ਦੀ ਸਿੱਖਿਆ ਦਾ ਪ੍ਰਭਾਵ ਹੀ ਸੀ ਕਿ ਆਪ ਦੇ ਸਿੱਖਾਂ ਨੇ ਬੇਮਿਸਾਲ ਕੁਰਬਾਨੀਆਂ ਦੇ ਕੇ ਸ੍ਵੈ ਸਤਿਕਾਰ ਅਤੇ ਮਨੁੱਖੀ ਗੌਰਵ ਨੂੰ ਬਹਾਲ ਕੀਤਾ।

## ਅਧਿਆਤਮਕ ਖੇਤਰ ਵਿਚ ਪ੍ਰਭਾਵ

ਭਾਵੇਂ ਹਿੰਦੂ ਅਤੇ ਮੁਸਲਮਾਨ ਦੋਹਾਂ ਸਭਿਆਚਾਰਾਂ ਵਿਚ ਆਸਤਕ ਭਾਵਨਾ ਪ੍ਰਗਟ ਕੀਤੀ ਗਈ ਹੈ, ਪਰ ਦੋਹਾਂ ਦੇ ਜੀਵਨ ਵਿਹਾਰ ਵਿਚੋਂ ਰੱਬਤਾ ਨਜ਼ਰ ਨਹੀਂ ਸੀ ਆਉਂਦੀ। ਰੱਬ ਦੇ ਗੁਣਾਂ ਨੂੰ ਤਾਂ ਉਹ ਉਚਾਰਦੇ ਸਨ, ਪਰ ਆਪ ਉਹ ਉਨ੍ਹਾਂ ਦੇ ਵਿਪਰੀਤ ਕਰਮ ਕਰਦੇ ਸਨ। ਉਨ੍ਹਾਂ ਦੇ ਕਰਮ ਵਿਚ ਰੱਬ ਨਹੀਂ ਸੀ। ਇਹ ਕਰਮ ਮਨਮੁਖੀ ਕਰਮ ਸਨ। ਗੁਰੂ ਨਾਨਕ ਦੀ ਸਿਖਿਆ ਅਨੁਸਾਰ ਜੀਵਨ ਦੇ ਸਾਰੇ ਕਰਮਾਂ ਦਾ ਰੁਖ ਹੀ ਰੱਬ ਵਲ ਹੈ। ਉਨ੍ਹਾਂ ਦੇ ਸਿੱਖ ਦੇ ਹਰ ਜੀਵਨ-ਪਹਿਲੂ ਦਾ ਧੁਰਾ ਪਰਮਾਤਮਾ ਹੀ ਹੈ। ਹਰ ਕਾਰਜ ਵਿਚ ਉਸ ਨੂੰ ਉਸਦੇ ਅੰਗ ਸੰਗ ਰਹਿਣ ਦਾ ਨਿਸ਼ਚਾ ਹੈ। ਦੂਜੇ ਸ਼ਬਦਾਂ ਵਿਚ ਜਿਸ ਨੂੰ ਰੱਬ ਤੇ ਵਿਸ਼ਵਾਸ ਨਹੀਂ, ਉਸ ਨੂੰ ਆਪਣੇ ਅਤੇ ਆਪਣੇ ਜੀਵਨ-ਕਾਰਜਾਂ ਤੇ ਕਿਵੇਂ ਵਿਸ਼ਵਾਸ ਹੋ ਸਕਦਾ ਹੈ? ਡਾ: ਰਾਓ ਅਨੁਸਾਰ ਗੁਰੂ ਨਾਨਕ ਨੇ ਸਦਾ ਬਦਲਦੀ

1. ਡਾ: ਤ੍ਰਿਲੋਚਨ ਸਿੰਘ, ਗੁਰੂ ਨਾਨਕ ਦਾ ਸਿਖ ਧਰਮ, ਪੰਨਾ 8.
2. Hukam Singh, Foreword, Guru Nanak; Glory of India, p.3
3. J.S.Grewal, Guru Nanak in History, p.192.

ਦੁਨੀਆਂ ਵਿਚ ਰੱਬੀ ਨਾਮ ਅਤੇ ਉਸਦੀ ਰਜ਼ਾ ਦੇ ਸਦੀਵੀ ਤੱਤ ਵੇਖੇ। ਉਨ੍ਹਾਂ ਨੇ ਜੀਵਨ ਵਿਚ ਰੱਬ ਨੂੰ ਕੇਂਦਰੀ ਸਥਾਨ ਦਿੱਤਾ ਅਤੇ ਕਿਹਾ ਕਿ ਜਿਹੜਾ ਰੱਬ ਬਾਰੇ ਸਪਸ਼ਟ ਨਹੀਂ, ਉਸਦਾ ਸਾਰਾ ਜੀਵਨ ਹੀ ਧੁੰਦਲਾ ਹੈ।[1]

ਗੁਰੂ ਨਾਨਕ ਸਾਹਿਬ ਦਾ ਇਹ ਵਿਸ਼ਵਾਸ ਸੀ ਕਿ ਜਿੰਨਾ ਚਿਰ ਮਨੁੱਖ ਅੰਦਰ ਰੱਬੀ ਏਕਤਾ ਦੀ ਭਾਵਨਾ ਨਹੀਂ ਆ ਜਾਂਦੀ ਉਨਾ ਚਿਰ ਮਨੁੱਖੀ ਸਮਾਨਤਾ ਸਮਾਜ ਵਿਚ ਨਹੀਂ ਆ ਸਕਦੀ। ਉਨ੍ਹਾਂ ਨੇ ਸਭ ਵਿਚ ਆਪ ਪਰਮਾਤਮਾ ਦੀ ਜੋਤ ਵੇਖ ਕੇ ਉਨ੍ਹਾਂ ਨਾਲ ਭਰਾਤਰੀ ਸਾਂਝ ਪਾਈ। ਇਸੇ ਕਰਕੇ ਉਨ੍ਹਾਂ ਨੂੰ ਸਾਰੀਆਂ ਕੌਮਾਂ ਵਿੱਚ ਇਕੋ ਮਾਨਵ ਕੌਮ ਹੀ ਦਿਖਾਈ ਦਿੰਦੀ ਹੈ।[2] ਉਨ੍ਹਾਂ ਦਾ ਆਪਣਾ ਅਨੁਭਵ ਹੀ ਉਨ੍ਹਾਂ ਦੀ ਇਸ ਬਾਣੀ ਵਿਚੋਂ ਬੋਲਦਾ ਹੈ:

> ਸਾਹਿਬ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ। (ਆਸਾ)350
>
> ...
>
> ਸਾਹਿਬੁ ਮੇਰਾ ਏਕੁ ਅਵਰ ਨਹੀ ਭਾਈ। (ਆਸਾ)420
>
> ...
>
> ਸਰਬ ਜੀਆ ਮਹਿ ਏਕੋ ਜਾਣੈ, ਤਾ ਹਉਮੈ ਕਹੈ ਨ ਕੋਈ। (ਆਸਾ)432
>
> ...
>
> ਸਗਲ ਰੂਪ ਵਰਨ ਮਨ ਮਾਹੀ। ਕਹੁ ਨਾਨਕ ਏਕੋ ਸਾਲਾਹੀ। (ਗਉੜੀ)223

ਉਂਜ ਤਾਂ ਏਕਤਾ ਦਾ ਵਿਚਾਰ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿਚ ਹੀ ਸੀ, ਪਰ ਇਹ ਨਾ ਤਾਂ ਉਨ੍ਹਾਂ ਦੇ ਵਿਸ਼ਵਾਸ ਵਿਚ ਸੀ ਅਤੇ ਨਾ ਹੀ ਅਮਲ ਵਿਚ। ਹਿੰਦੂ ਲਈ ਖ਼ੁਦਾ, ਰੱਬ, ਅੱਲਾ ਜਾਂ ਰਹੀਮ ਓਪਰਾ ਸੀ ਅਤੇ ਉਸ ਨੂੰ ਮੰਨਣ ਵਾਲਾ ਮੁਸਲਮਾਨ ਮਲੇਛ। ਇਸੇ ਤਰ੍ਹਾਂ ਰਾਮ, ਈਸ਼ਵਰ, ਪਰਮਾਤਮਾ ਜਾਂ ਬ੍ਰਹਮ ਗੈਰ ਮੁਸਲਮਾਨ ਦਾ ਵੱਖਰਾ ਇਸ਼ਟ ਸੀ ਅਤੇ ਉਸ ਨੂੰ ਮੰਨਣ ਵਾਲੇ ਕਾਫ਼ਰ ਸਨ। ਜੇ ਹਿੰਦੂ ਨੂੰ ਮੁਸਲਮਾਨ ਵਿਚ ਪਰਮਾਤਮਾ ਨਜ਼ਰ ਆਉਂਦਾ ਤਾਂ ਉਹ ਉਸਨੂੰ ਨਫ਼ਰਤ ਨਾ ਕਰਦਾ ਅਤੇ ਜੇ ਹਿੰਦੂ ਵਿਚ ਮੁਸਲਮਾਨ ਨੂੰ ਖ਼ੁਦਾ ਦਿਸਦਾ ਤਾਂ ਉਹ ਉਸਦਾ ਘਾਤ ਨਾ ਕਰਦਾ। ਗੁਰੂ ਨਾਨਕ ਨੇ ਰਾਮ ਰਹੀਮ ਨੂੰ ਇਕੱਠਾ ਕੀਤਾ। ਸਾਰੇ ਨਾਮ ਇਕੋ ਪਰਮ ਸੱਤਾ ਦੇ ਦਸ ਕੇ ਉਨ੍ਹਾਂ ਦਾ ਸ਼ਰਧਾਪੂਰਤ ਉਲੇਖ ਆਪਣੀ ਬਾਣੀ ਵਿਚ ਕੀਤਾ। ਜਦ ਇਸ਼ਟ ਭੇਦ ਦੀ ਗਿਲਾਨੀ ਦੂਰ ਹੋਈ ਤਾਂ ਮਨੁੱਖੀ ਪਰਸਪਰ ਘਿਰਣਾ ਵੀ ਨਾ ਰਹੀ। ਗੁਰੂ ਨਾਨਕ ਨੇ ਆਪ ਆਪਣੀ ਬਾਣੀ ਵਿਚ

---

1. Dr.K.L.Seshagiri Rao, Journal of Religious Studies, Guru Nanak Quincentenary Number, p.50.
2. 'He proclaimed that all the people were of God. In the Hindu, as in the Muslim, he saw the vision of Man. In castes he saw the one sacred brotherhood of Humanity. In all nations he beheld the procession of the one Race of Men', (T.L.Waswani, Guru Nanak, p.32).

ਏਕਤਾ ਦਾ ਵਿਚਾਰ ਦੇਣ ਵਾਲੇ ਧਰਮ ਦਾ ਜ਼ਿਕਰ ਕੀਤਾ ਹੈ, ਜੋ ਇਸ ਵਿਸ਼ਵਾਸ ਨੂੰ ਅਮਲ ਵਿਚ ਨਹੀਂ ਸਨ ਲਿਆ ਰਹੇ:

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ।
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ।
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸਿਸਟਿ ਸਬਾਈ।
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ। (ਰਾਮਕਲੀ)930

ਦੋਹਾਂ ਮਜ਼੍ਹਬਾਂ ਨੇ ਐਵੇਂ ਹੀ ਵੱਖ ਵੱਖ ਰਾਹ ਬਣਾ ਲਏ ਸਨ, ਵਾਸਤਵ ਵਿਚ ਤਾਂ ਰਾਹ ਇਕੋ ਹੀ ਹੈ। ਗੁਰੂ ਨਾਨਕ ਨੂੰ ਮੰਨਣ ਵਾਲੇ ਹਰ ਜਾਤ ਮਜ਼੍ਹਬ ਦੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਸੀ:

ਰਾਹ ਦੋਵੈਂ ਇਕੁ ਜਾਣੈ ਸੋਈ ਸਿਝਸੀ। (ਵਾਰ ਮਾਝ)142
ਰਾਹ ਦੋਵੈ ਖਸਮ ਏਕੋ ਜਾਣ, ਗੁਰ ਕੈ ਸਬਦ ਹੁਕਮੁ ਪਛਾਣ।
(ਗਉੜੀ)223

ਸਗੁਣਵਾਦੀਆਂ ਨੇ ਨਰ ਰੂਪ ਵਿਚ ਪਰਮਾਤਮਾ ਦੇ ਵਖ ਵਖ ਰੂਪ ਕਲਪ ਕੇ ਇਕ ਦੂਜੇ ਤੋਂ ਵਿਭਿੰਨ ਪੂਜਾ-ਇਸ਼ਟ ਬਣਾ ਲਏ। ਉਨ੍ਹਾਂ ਦੀ ਪੂਜਾ-ਸ਼ਰਧਾ ਵਿਚ ਟੱਕਰ ਹੋਣੀ ਸ਼ੁਰੂ ਹੋ ਗਈ ਸੀ। ਗੁਰੂ ਨਾਨਕ ਵਲੋਂ ਨਿਰਗੁਣ ਅਕਾਲ '੧ਓ' ਵੱਲ ਲੋਕਾਂ ਨੂੰ ਪ੍ਰੇਰਤ ਕਰਨ ਦਾ ਮਨੋਰਥ ਇਹ ਸੀ ਕਿ ਉਨ੍ਹਾਂ ਦੀ ਏਕਤਾ ਵਿਚ ਭਾਵਨਾ ਬਣੀ ਰਹੇ। ਉਸਦੇ ਮਨੁੱਖੀ ਰੂਪ ਦੀ ਜਾਂ ਉਸਦੇ ਵੱਖ ਵੱਖ ਰੂਪਾਂ ਦੀ ਕੀਰਤਨ ਅਵੱਸ਼ਕ ਦੱਸਿਆ ਤਾਂ ਜੁ ਉਨ੍ਹਾਂ ਰੂਪਾਂ ਦਾ ਸੰਚਾਰ ਮਨੁੱਖ ਅੰਦਰ ਹੋ ਸਕੇ। ਨਿਰਗੁਣ ਦਾ ਵਿਚਾਰ ਪਹਿਲਾਂ ਹੀ ਪ੍ਰਚਲਤ ਸੀ। ਸ਼ੰਕਰਾਚਾਰੀਆਂ ਨੇ ਵੀ ਨਿਰਾਕਾਰ, ਅਦ੍ਵੈਤ ਬ੍ਰਹਮ ਦਾ ਵਿਚਾਰ ਦਿੱਤਾ ਸੀ। ਪਰ ਡਾ: ਰਾਧਾ ਕ੍ਰਿਸ਼ਨਨ ਅਨੁਸਾਰ ਉਸਦਾ ਬ੍ਰਹਮ ਕਠੋਰ ਸੀ। ਨਾ ਉਸ ਵਿਚ ਕੋਈ ਇੱਛਾ ਸੀ, ਨਾ ਪ੍ਰਭਾਵ ਅਤੇ ਨਾ ਪ੍ਰੇਰਨਾ। ਉਸਦੀ ਉਪਾਸਨਾ ਕਰਨ ਲਈ ਕੋਈ ਉਤਸ਼ਾਹ ਨਹੀਂ ਸੀ ਪੈਦਾ ਹੁੰਦਾ। ਉਹ ਤਾਜ ਮਹੱਲ ਵਾਂਗ ਸੁੰਦਰ ਸੀ, ਪਰ ਉਪਾਸਕਾਂ ਦੇ ਦੁੱਖਾਂ ਸੁਖਾਂ ਅਤੇ ਕ੍ਰਮ ਦਾ ਉਹ ਭਾਈਵਾਲ ਨਹੀਂ ਸੀ। ਬੇਖ਼ਬਰ ਅਤੇ ਲਾਪਰਵਾਹ ਸੀ। ਉਸਦਾ ਨਿਰਾਕਾਰ ਬ੍ਰਹਮ ਸੁੰਦਰ ਬੌਧਿਕ ਅਦਭੁਤ ਹੈ ਜਿਸਦੀ ਬੁਨਿਆਦੀ ਕਲਪਨਾ ਵਿਚ ਭੁੱਲ ਹੈ।[1] ਸ਼ੰਕਰਾਚਾਰੀਆਂ ਦਾ ਬ੍ਰਹਮ ਜਾਨ-ਪ੍ਰਾਣਹੀਨ ਨਿਰਾਕਾਰ ਬ੍ਰਹਮ ਹੈ। ਪਰ ਗੁਰੂ ਨਾਨਕ ਦਾ ਚਿਤ੍ਰਿਤ ਰਬ ਮਿਹਰਵਾਨ ਸੀ, ਮਿੱਤ੍ਰ, ਮਾਂ, ਪਿਉ ਵਾਂਗ ਸਾਡੇ ਦੁੱਖਾਂ ਸੁਖਾਂ ਦਾ ਸਾਂਝੀਵਾਲ ਹੈ। ਅਤਿ ਭੀੜਾਂ ਵੇਲੇ ਵੀ ਕੇਵਲ ਉਹੋ ਹੀ ਸਹਾਈ ਹੁੰਦਾ ਹੈ। ਦੂਜੇ, ਇਹ ਵਿਚਾਰ ਪਰਪੱਕ ਕਰਨਾ ਸੀ ਕਿ ਰੱਬ ਸਰਬ ਸਮੇਂ, ਸਰਬ ਥਾਂ ਸਰਬ ਵਿਚ ਵਿਦਮਾਨ ਹੈ। ਉਹ ਕਿਧਰੇ ਵੱਖਰਾ ਬੈਠਾ

---

1. Dr.Radha Krishnan, Indian Philosophy, Vol.ii, p.659.

ਹੋਇਆ ਹਕੂਮਤ ਨਹੀਂ ਚਲਾ ਰਿਹਾ ਅਤੇ ਨਾ ਹੀ ਉਹ ਕਿਸੇ ਵਿਚ ਛੁੱਟੀ ਕਰਕੇ ਆਰਾਮ ਕਰਦਾ ਹੈ, ਜਿਵੇਂ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ। (ਵਾਰ ਆਸਾ)463

<u>ਸਾਧਨਾ ਪੱਖ</u>

ਗੁਰੂ ਨਾਨਕ ਨੇ ਜਿਥੇ ਇਕ ਪਰਮਾਤਮਾ ਬਾਰੇ ਸਪਸ਼ਟ ਸੰਕਲਪ ਦਿੱਤਾ, ਉਥੇ ਉਸ ਨੂੰ ਪ੍ਰਾਪਤ ਕਰਨ ਲਈ ਵੀ ਸਪਸ਼ਟ ਵਿਧੀ ਦੱਸੀ ਹੈ। ਬ੍ਰਾਹਮਣ ਵਰਗ ਨੇ ਧਰਮ ਨੂੰ ਇਸ ਕਦਰ ਗੁੰਝਲਦਾਰ ਬਣਾ ਦਿੱਤਾ ਸੀ ਕਿ ਉਸ ਨੂੰ ਉਹ ਸੇਧ ਨਜ਼ਰ ਨਹੀਂ ਸੀ ਆ ਰਹੀ, ਜਿਸ ਤੇ ਚਲ ਕੇ ਉਹ ਸੱਤ ਦਾ ਸਰੂਪ ਜਾਣ ਸਕੇ। ਬ੍ਰਾਹਮਣ-ਆਗੂ ਸ਼ਾਹ ਰਾਹ ਤੇ ਟੁਰਨ ਟੁਰਾਉਣ ਦੀ ਥਾਂ ਪਗਡੰਡੀਆਂ ਦਾ ਚੱਕਰ ਕੱਟ ਰਿਹਾ ਸੀ। ਗੁਰੂ ਨਾਨਕ ਨੇ ਇਨ੍ਹਾਂ ਵਿਚੋਲੇ ਆਗੂਆਂ ਨੂੰ ਵਿਚੋਂ ਹਟਾ ਦਿੱਤਾ ਅਤੇ ਮਨੁੱਖ ਦਾ ਸ਼ਬਦ ਗੁਰੂ ਰਾਹੀਂ ਸਿੱਧਾ ਰੱਬ ਨਾਲ ਸੰਬੰਧ ਜੋੜਿਆ। ਗੁਰੂ ਨਾਨਕ ਦੇ ਸਿੱਖਾਂ ਵਿਚ ਅਧਿਆਤਮਕ ਮਾਰਗ ਜਾਂ ਧਾਰਮਿਕ ਰਹੁਰੀਤਾਂ ਲਈ ਬ੍ਰਾਹਮਣ ਸ਼੍ਰੇਣੀ ਦੀ ਹੋਂਦ ਅਣਆਵੱਸ਼ਕ ਸਮਝੀ ਜਾਂਦੀ ਹੈ। ਇਸ ਨਾਲ ਜਿਥੇ ਮਨੁੱਖ ਮੁਹਤਾਜੀ ਤੋਂ ਸੁਰਖ਼ਰੂ ਹੋਇਆ ਉਥੇ ਉਸ ਨੂੰ ਸਹੀ ਰਾਹ ਵੀ ਮਿਲਿਆ। ਗੁਰੂ ਨਾਨਕ ਦੇ ਇਸ ਮੁੱਖ ਵਾਕ ਨੂੰ ਮੰਨਣ ਵਾਲਿਆਂ ਨੇ ਇਕ ਵਿਲੱਖਣ ਰੂਪ ਧਾਰਨ ਕੀਤਾ, ਜਿਨ੍ਹਾਂ ਦੇ ਵਿਸ਼ਵਾਸ ਦੀ ਦ੍ਰਿੜ੍ਹਤਾ ਨੇ ਨਵਾਂ ਇਤਿਹਾਸ ਸਿਰਜਿਆ:

ਇਕਾ ਬਾਣੀ ਇਕੁ ਗੁਰੁ, ਇਕੋ ਸਬਦੁ ਵੀਚਾਰਿ। (ਵਾਰ ਸੋਰਠਿ ਮ:3)646

ਗੁਰੂ ਨਾਨਕ ਦਾ ਦੱਸਿਆ ਹੋਇਆ ਮਾਰਗ ਬੜਾ ਸਪਸ਼ਟ ਅਤੇ ਸਉਖਾ ਸੀ - ਉਹ ਹੈ ਬਾਣੀ ਜਾਂ ਨਾਮ ਅਤੇ ਸਤਿਸੰਗਤ। ਸਿੱਧਾਂ ਦੇ ਪ੍ਰਸ਼ਨ ਤੇ ਗੁਰੂ ਨਾਨਕ ਨੇ ਇਹੋ ਉੱਤਰ ਦਿੱਤਾ ਸੀ:

ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ। (ਭਾ:ਗੁ: ਵਾਰ 1/42

ਭਾਈ ਗੁਰਦਾਸ ਦੇ ਕਥਨ ਅਨੁਸਾਰ ਗੁਰੂ ਨਾਨਕ ਨੇ ਆਪ ਦੱਸਿਆ ਕਿ ਕਲਿਜੁਗ ਦੇ ਸਮੇਂ ਵਿਚ 'ਨਾਮ' ਹੀ ਸੁਖਾਲਾ ਮਾਰਗ ਹੈ।[1] ਜਿਸ ਨੂੰ ਉਠਦਿਆਂ ਬੈਠਦਿਆਂ ਅਤੇ ਕਾਰ ਵਿਹਾਰ ਕਰਦਿਆਂ ਸਿਮਰਿਆ ਜਾ ਸਕਦਾ ਹੈ। ਪ੍ਰਭੂ ਦਾ ਨਾਮ ਸਿਮਰਨ ਹੈ ਸਦਾ 'ਉਸਦੇ' ਹੁਕਮ ਵਿਚ ਰਹਿਣਾ। ਨਾਮ ਸਿਮਰਨ ਦਾ ਮਹੱਤਵ ਪਹਿਲਾ ਭਗਤ ਕਵੀ ਵੀ ਦਸ ਚੁੱਕੇ ਸਨ, ਪਰ ਜਿਸ ਕਦਰ ਗੁਰੂ ਨਾਨਕ ਨੇ ਇਸ ਤੇ ਬਲ ਦਿੱਤਾ, ਉਸ ਤਰ੍ਹਾਂ ਪਹਿਲਾ ਨਹੀਂ ਸੀ ਦੱਸਿਆ ਗਿਆ। ਉਨ੍ਹਾਂ ਨੇ ਨਾਮ ਨੂੰ ਸਭ ਕੁਝ ਦੱਸਿਆ।[2]

---

1. ਕਲਿਜੁਗ ਨਾਨਕ ਨਾਮ ਸੁਖਾਲਾ। (ਭਾਈ:ਗੁ:) ਵਾਰ 1/31

2. 'No other Bhagat gave such importance to God's name as Guru Nanak did. To Guru Nanak, His name was the fountain-head of all inspiration, the mystic formula for meditation and the one and only link with the Ultimate Reality. (Balwant Singh Anand, Guru Nanak & Indian Religious Thought, p. 241).

ਇਸ ਮਾਰਗ ਨੂੰ ਜਨ ਸਮੂਹ ਅਤੇ ਜਨ ਸਾਧਾਰਨ ਦਾ ਮਾਰਗ ਬਣਾਇਆ। ਪਹਿਲਾਂ ਪੂਜਾ ਦਾ ਅਧਿਕਾਰ ਮੁਖ ਤੌਰ ਤੇ ਬ੍ਰਾਹਮਣ ਸ਼੍ਰੇਣੀ ਨੂੰ ਹੀ ਹੁੰਦਾ ਸੀ ਜਾਂ ਫਿਰ ਉਚੱ ਸ਼੍ਰੇਣੀ ਨੂੰ ਹੀ ਇਸ ਦਾ ਹੱਕ ਸੀ। ਨੀਵੀਂ ਜਾਂ ਸ਼ੂਦਰ ਸ਼੍ਰੇਣੀ ਲਈ ਭਜਨ ਬੰਦਗੀ ਵਿਵਰਜਤ ਸੀ। ਜੇ ਕੋਈ ਭਗਤੀ-ਭਾਵਨਾ ਹਿਤ ਨਾਮ ਦੇਵ ਵਰਗਾ ਮੰਦਰ ਦੇ ਨੇੜੇ ਆ ਜਾਂਦਾ ਤਾਂ ਉਸ ਨੂੰ ਮਾਰ ਮਾਰ ਕੇ ਭਜਾ ਦਿੱਤਾ ਜਾਂਦਾ ਸੀ। ਜਿਸ ਸ਼ੂਦਰ ਦੇ ਕੰਨ ਵਿਚ ਨਾਮ ਦੀ ਆਵਾਜ਼ ਚਲੀ ਜਾਂਦੀ ਉਸ ਕੰਨ ਵਿਚ ਸਿੱਕਾ ਢਾਲ ਦਿੱਤਾ ਜਾਂਦਾ ਸੀ। ਲੋਕ ਪਰਲੋਕ ਵਿਚ ਸਫਲ ਹੋਣ ਦਾ ਅਧਿਕਾਰ ਇਸ ਸ਼੍ਰੇਣੀ ਨੂੰ ਨਹੀਂ ਸੀ। ਗੁਰੂ ਨਾਨਕ ਦੀ ਸਿੱਖਿਆ ਨੇ ਚਹੁੰਆਂ ਸ਼੍ਰੇਣੀਆਂ ਨੂੰ ਖੁਲ੍ਹ ਦਿੱਤੀ।[1] ਕੋਈ ਵੀ ਕਿਸੇ ਵਰਗ ਜਾਂ ਸਥਾਨ ਦਾ ਵਿਅਕਤੀ ਨਾਮ ਸਿਮਰ ਕੇ ਆਪਣਾ ਜੀਵਨ ਵੀ ਸਫਲ ਕਰ ਸਕਦਾ ਸੀ ਅਤੇ ਨਾਲ ਹੋਰਨਾ ਦਾ ਵੀ। ਗੁਰੂ ਨਾਨਕ ਨੇ ਜਪੁਜੀ ਵਿਚ ਕਿਹਾ ਹੈ:

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ। (ਜਪੁਜੀ)

ਇਸ ਸਾਧਨਾ ਦੁਆਰਾ ਨੀਵੀਂ ਸ਼੍ਰੇਣੀ ਵਾਲਾ ਉਚੇਰੀ ਸ਼੍ਰੇਣੀ ਨਾਲੋਂ ਵੀ ਉਚੇਰਾ ਹੋ ਸਕਦਾ ਸੀ।[2] ਗੁਰੂ ਨਾਨਕ ਦੀ ਇਸ ਸਿੱਖਿਆ ਨਾਲ ਪਛੜੇ ਵਰਗ ਨੂੰ ਖੁਲ੍ਹ ਮਿਲੀ ਅਤੇ ਅਧਿਆਤਮਕ ਜੀਵਨ ਦਾ ਰਾਹ ਉਨ੍ਹਾਂ ਲਈ ਖੁਲ੍ਹਣ ਕਰਕੇ ਉਨ੍ਹਾਂ ਦੇ ਜੀਵਨ ਵਿਚ ਇਕ ਹੁਲਾਰਾ ਆਇਆ। ਗੁਰੂ ਨਾਨਕ ਨੇ ਧਰਮ ਨੂੰ ਜਨ ਸਮੂਹ ਦੀ ਸੰਪਤੀ ਬਣਾ ਦਿੱਤਾ। ਸਮੁੱਚੇ ਸਮਾਜ ਦੇ ਪੁਨਰ ਨਿਰਮਾਣ ਲਈ ਸਾਧਾਰਨ ਮਨੁੱਖ ਦਾ ਆਤਮਿਕ ਵਿਕਾਸ ਜ਼ਰੂਰੀ ਸੀ।[3]

## ਕਰਮ ਭਰਮ ਤੋਂ ਸੁਤੰਤਰਤਾ

ਬ੍ਰਾਹਮਣ ਸ਼੍ਰੇਣੀ ਨੇ ਆਪਣੀ ਵਡਿਆਈ ਜਾਂ ਸੁਆਰਥ ਸਿਧੀ ਲਈ ਲੋਕਾਂ ਨੂੰ ਕਰਮਾਂ ਭਰਮਾਂ ਦੇ ਚੱਕਰ ਵਿਚ ਐਸਾ ਉਲਝਾਇਆ ਹੋਇਆ ਸੀ ਕਿ ਉਨ੍ਹਾਂ ਦਾ ਵਿਅਕਤਿਤਵ ਸਹੀ ਦਿਸ਼ਾ ਵਲ ਵਿਕਸਤ ਨਹੀਂ ਸੀ ਹੋ ਰਿਹਾ। ਕਰਮ ਕਾਂਡ ਨੇ ਹੀ ਧਰਮ ਦੀ ਥਾਂ ਲੈ ਲਈ ਸੀ। ਉਨ੍ਹਾਂ ਨੂੰ ਇਹ ਵਿਸ਼ਵਾਸ ਦੁਆਇਆ ਜਾਂਦਾ ਸੀ ਕਿ ਉਹ ਕਰਮ ਕਾਂਡ ਨਾਲ ਦੇਵਤਿਆਂ ਨੂੰ ਪ੍ਰਭਾਵਿਤ ਕਰਕੇ ਉਨ੍ਹਾਂ ਪਾਸੋਂ ਮਨ-ਇੱਛਤ ਫਲ ਪ੍ਰਾਪਤ ਕਰ ਸਕਦੇ ਹਨ।[4] ਕਰਮ ਕਰਨ ਦਾ ਭੈ ਰਾਤ ਦਿਨ

---

1. ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ। (ਸੂਹੀ ਮ:5)747.
2. ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ। (ਕਾਨੜਾ ਮ:4)1297.
3. 'His (Guru Nanak's) object was to make religion the property of the common man whose spiritual uplift was essential tothe regeneration of society as a whole.' A.C. Banerjee, Guru Nanak, p.57.
4. 'The Brahmanas had made the rituals so important that they cometo take place of religion itself. The rituals were supposed to have the power to influence gods and produced results sought for by the devotees' Balwant Singh Anand, Guru Nanak-Religion and Ethics, p.31.

ਉਨ੍ਹਾਂ ਦੇ ਸਿਰ ਤੇ ਲਟਕਦਾ ਰਹਿੰਦਾ। ਸ਼ਗਨ ਅਪਸ਼ਗਨ ਦੇ ਭਰਮ-ਜਾਲ ਵਿਚ ਉਹ ਸਦਾ ਜਕੜਿਆ ਰਹਿੰਦਾ, ਉਸਦਾ ਕੰਮ ਸੋਚਣ ਅਤੇ ਕਰਨ ਦਾ ਉਸ ਨੂੰ ਘਟ ਹੀ ਮੌਕਾ ਮਿਲਦਾ। ਪੁੰਨ ਦਾਨ ਦਾ ਨਿਰਣਾ ਕੀਤੇ ਬਿਨਾਂ ਉਸ ਨੂੰ ਧਨ ਅਜਾਈਂ ਗਵਾਉਣਾ ਪੈਂਦਾ, ਕਈ ਵਾਰੀ ਉਸ ਨੂੰ ਕਰਜ਼ਾ ਚੁੱਕ ਕੇ ਕ੍ਰਿਆ-ਕਰਮ ਕਰਨੇ ਪੈਂਦੇ, ਜੰਤਰ, ਮੰਤਰ, ਤੰਤਰ ਅਤੇ ਜਾਦੂ ਟੂਣੇ ਵਿਘਨ ਨੂੰ ਟਾਲਣ, ਅਤੇ ਦੁਸ਼ਮਣਾਂ ਦਾ ਨੁਕਸਾਨ ਕਰਨ ਜਾਂ ਵਿਰੋਧੀ ਧਿਰ ਦਾ ਨਾਸ਼ ਕਰਨ ਲਈ ਅਚੂਕ ਸ਼ਕਤੀ ਸਮਝਿਆ ਜਾਂਦਾ ਸੀ। ਬਿਮਾਰੀਆਂ ਦੇ ਇਲਾਜ ਵੀ ਜਾਦੂ ਟੂਣਿਆਂ ਨਾਲ ਕੀਤੇ ਜਾਂਦੇ। ਬ੍ਰਾਹਮਣਾਂ ਨੂੰ ਜਾਦੂਗਰਾਂ ਵਾਂਗ ਮਹਾਨ ਸਮਝਿਆ ਜਾਂਦਾ ਸੀ, ਜੋ ਬਚਪਨ ਤੋਂ ਲੈ ਕੇ ਅੰਤਿਮ ਸਮੇਂ ਤਕ ਸਮਾਜਿਕ ਪ੍ਰਾਣੀ ਤੇ ਹਾਵੀ ਰਹਿੰਦਾ।[1] ਮੋਇਆਂ ਪਿਤਰਾਂ ਨੂੰ ਫਲ ਵੀ ਉਨ੍ਹਾਂ ਨੂੰ ਦਿੱਤੇ ਦਾਨ ਦੁਆਰਾ ਹੀ ਮਿਲ ਸਕਦਾ ਸੀ। ਸਵਰਗ ਵੀ ਉਨ੍ਹਾਂ (ਬ੍ਰਾਹਮਣ) ਨੂੰ ਖੁਸ਼ ਕਰਨ ਨਾਲ ਹੀ ਮਿਲ ਸਕਦਾ ਸੀ। ਆਵਾਜਾਈ ਦੇ ਤੇਜ਼ ਸਾਧਨ ਨਾ ਹੁੰਦਿਆਂ ਪਾਪਾਂ ਦੀ ਨਿਵਿਰਤੀ ਅਤੇ ਮੁਕਤੀ ਦੀ ਪ੍ਰਾਪਤੀ ਲਈ ਤੀਰਥਾਂ ਤੇ ਪਹੁੰਚ ਕੇ ਦਾਨ ਕਰਨ ਅਤੇ ਜਲ ਵਿਚ ਟੁੱਭੀ ਲਾਣ ਦੀ ਖਾਤਰ ਉਮਰ ਦਾ ਬਹੁਤ ਹਿੱਸਾ ਖ਼ਰਚ ਹੋ ਜਾਂਦਾ ਸੀ।

ਗੁਰੂ ਨਾਨਕ ਸਾਹਿਬ ਸਮਾਜ ਨੂੰ ਗ੍ਰਹਿਣ ਵਾਂਗ ਲੱਗੇ ਕਰਮ ਕਾਂਡ ਦੇ ਹਰ ਪੱਖ ਤੋਂ ਹਟਾਣਾ ਚਾਹੁੰਦੇ ਸਨ। ਉਨ੍ਹਾਂ ਨੇ ਨਿਰਸੰਦੇਹ ਇਸ ਵਿਰੁੱਧ ਤਰਕਾਂ ਯੁੱਧ ਆਰੰਭਿਆ ਅਤੇ ਇਸਦੇ ਥੋਥੇਪਣ ਨੂੰ ਨਸ਼ਰ ਕੀਤਾ।[2] ਆਪ ਦੀ ਰਚਨਾ ਆਸਾ ਦੀ ਵਾਰ ਦਾ ਮੁੱਖ ਵਿਸ਼ਾ ਕਰਮ ਕਾਂਡ ਦਾ ਵਿਰੋਧ ਸੱਚੇ ਜੀਵਨ ਦੀ ਪ੍ਰੇਰਨਾ ਹੈ। ਕਰਮ ਕਾਂਡ ਨੂੰ ਪਾਖੰਡ ਕਿਹਾ ਅਤੇ ਇਸ ਨੂੰ ਤਿਆਗਣ ਦੀ ਪ੍ਰੇਰਣਾ ਕੀਤੀ:

ਛੋਡੀ ਲੇ ਪਾਖੰਡਾ। ਨਾਮਿ ਲਇਐ ਜਾਹਿ ਤਰੰਦਾ। (ਵਾਰ ਆਸਾ) 471

ਆਪ ਨੇ ਇਹ ਨਿਸਚਾ ਕਰਾਇਆ ਕਿ ਤੀਰਥਾਂ ਤੇ ਜਾ ਕੇ ਸਰੀਰਕ ਇਸ਼ਨਾਨ ਕਰ ਲੈਣ ਦਾ ਕੋਈ ਵੀ ਆਤਮਿਕ ਲਾਭ ਨਹੀਂ ਹੈ। ਘਰ ਬੈਠਿਆਂ ਹੀ ਗੁਰੂ ਦੇ ਸਿੱਖਿਆ ਰੂਪੀ ਤੀਰਥ ਵਿਚ ਨ੍ਹਉ ਅਤੇ ਬ੍ਰਹਮ ਗਿਆਨ ਦੀ ਪ੍ਰਾਪਤੀ ਨਾਲ ਤਨ ਅਤੇ ਮਨ ਦੋਹਾਂ ਨੂੰ ਸ਼ੁੱਧ ਅਤੇ ਪਵਿੱਤ੍ਰ ਕਰੋ:

ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ।
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ।
(ਸੋਰਠ) 637

---

1. At the time of Brahmans, the priestly class, become very powerful and with the increase of the importance of rituals, they assumed the position, which the magician enjoyed in the primitive society. They organised worship in such a manner that at every stage of life, from the time of his birth to the day he left this world, every member of the society needed their services.' ~~ibid, p.3~~ (Balwant Singh Anand – Guru Nanak – Religion and Ethics – P 3

2. 'Guru Nanak waged a war against rituals and exposed their hollowness', ibid.

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ।
(ਧਨਾਸਰੀ) 687

ਬੱਚੇ ਦੇ ਜਨਮ ਤੇ ਸੂਤਕ ਦਾ, ਚੌਕੇ ਦੀ ਅਪਵਿੱਤ੍ਰਤਾ ਦਾ, ਦਿਨ ਤਿਉਹਾਰ ਤੇ ਦਾਨ ਦੇਣ ਦਾ, ਸ਼ੁਭ ਅਸ਼ੁਭ ਘੜੀ ਨੂੰ ਪਛਾਨਣ ਦਾ, ਵਰਤ ਰਖਣ ਦਾ, ਮ੍ਰਿਤੂ ਸਮੇਂ ਅਤੇ ਉਸ ਤੋਂ ਬਾਅਦ ਮ੍ਰਿਤਕ ਦੀ ਆਤਮਕ ਕਲਿਆਣ ਲਈ ਕੀਤੀ ਕ੍ਰਿਆ ਦਾ ਭਰਮ ਆਦਿ ਗੁਰੂ ਨਾਨਕ ਸਾਹਿਬ ਨੇ ਸਭ ਫਜ਼ੂਲ ਦੱਸਿਆ।[1] ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਧਰਮ ਵਿਧਾਨ ਬਣਾਇਆ, ਜਿਸ ਵਿਚ ਕਿ ਆਪਣੇ ਸਿੱਖ ਲਈ ਕਰਮ ਕਾਂਡ ਦੀ ਹਰ ਪ੍ਰਕਾਰ ਦੀ ਵਿਧੀ ਵਿਵਰਜਤ ਕਰ ਦਿੱਤੀ। ਇਹ ਇਕ ਅਨੋਖੀ ਤਬਦੀਲੀ ਸੀ ਜੋ ਗੁਰੂ ਨਾਨਕ ਦੇ ਸਿੱਖ ਸਭਿਆਚਾਰ ਦਾ ਇਕ ਵਿਲੱਖਣ ਗੁਣ ਸੀ। ਇਸ ਨੇ ਸਮਾਜ ਨੂੰ ਨਰੋਆ ਬਣਾਇਆ। ਡਾ: ਗੋਕਲ ਚੰਦ ਨਾਰੰਗ ਦੇ ਕਹਿਣ ਅਨੁਸਾਰ ਗੁਰੂ ਨਾਨਕ ਨੇ ਪੰਜਾਬ ਦੇ ਹਿੰਦੂਆਂ ਦੇ ਮਨਾਂ ਨੂੰ ਭਰਮ, ਪਾਖੰਡ ਅਤੇ ਕਪਟ ਤੋਂ ਮੁਕਤ ਕੀਤਾ।[2]

<u>ਨੈਤਿਕ ਪ੍ਰਭਾਵ</u>

ਕਿਸੇ ਵੀ ਸਮਾਜ ਦੀ ਸਭਿਆਚਾਰਕ ਵਡਿਆਈ ਉਸਦੇ ਲੋਕਾਂ ਦੇ ਨੈਤਿਕ ਜੀਵਨ ਤੋਂ ਪਰਖੀ ਜਾਂਦੀ ਹੈ। ਗੁਰੂ ਨਾਨਕ ਸਮੇਂ ਦੇ ਸਮਾਜ ਵਿਚ ਨੈਤਿਕ ਗਿਰਾਵਟ ਵੀ ਬਹੁਤ ਆ ਚੁੱਕੀ ਸੀ। ਸਦਾਚਾਰਕ ਜੀਵਨ ਵੀ ਇਕ ਦਿਖਾਵਾ ਰਹਿ ਗਿਆ ਸੀ, ਜੋ ਅੰਦਰੋਂ ਖੋਖਲਾ ਸੀ। ਕਥਨੀ ਕਰਨੀ ਅਤੇ ਬਾਹਰ ਅੰਦਰ ਵਿਚ ਕੋਈ ਸਮਾਨਤਾ ਜਾਂ ਸਾਂਝ ਨਜ਼ਰ ਨਹੀਂ ਸੀ ਆ ਰਹੀ। ਨੈਤਿਕ ਜੀਵਨ ਅਜਿਹੇ ਮਕਾਨ ਵਾਂਗ ਸੀ, ਜਿਸਦੇ ਬਾਹਰ ਤਾਂ ਪੋਚਾ ਪਾਚੀ ਕੀਤੀ ਹੋਵੇ, ਪਰ ਚਿਣਾਈ ਵਿਚ ਰੇਤ ਮਿੱਟੀ ਹੀ ਭਰੀ ਹੋਵੇ। ਸਥਿਤੀ ਇਹ ਸੀ:

ਗਲੀਂ ਅਸੀਂ ਚੰਗੀਆ ਆਚਾਰੀ ਬੁਰੀਆਹ।
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ। (ਵਾਰ ਸਿਰੀ) 85

...

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ।
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ। (ਵਾਰ ਆਸਾ) 473

ਗੁਰੂ ਨਾਨਕ ਨੇ ਅੰਦਰਲੀ ਪਵਿੱਤ੍ਰਤਾ ਜਾਂ ਸੁੱਚ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਸਚਾਈ ਨੂੰ ਗ੍ਰਹਿਣ ਕਰਾਇਆ:

ਸੁਚਿ ਹੋਵੈ ਤਾ ਸਚੁ ਪਾਈਐ। (ਵਾਰ ਆਸਾ) 472

ਜਾਂ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ। (ਵਾਰ ਆਸਾ) 468

---

1. ਵੇਖੋ ਅਧਿਆਇ ਚੌਥਾ, ਕਰਮ ਕਾਂਡ
2. ਸਿੱਖ ਮਤ ਦਾ ਪਰਿਵਰਤਨ, ਪੰਨਾ 72.

ਕਿਉਂਕਿ

ਸੂਚੇ ਭਾਂਡੇ ਸਾਚੁ ਸਮਾਵੈ ਵਿਰਲੇ ਸੂਚਾਚਾਰੀ। (ਸੋਰਠਿ) 597

ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਪੰਕਤੀਆਂ ਵਿਚਲੀ ਭਾਵਕ ਨੈਤਿਕ ਜੀਵਨ ਦੀ ਪਛਾਣ ਦਸਦੀ ਹੈ ਅਤੇ ਮਨੁੱਖ ਅੰਦਰ ਕੁਦਰਤੀ ਹਲਚਲ ਮਚਾਦੀ ਹੈ:

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ। (ਵਾਰ ਮਾਝ) 140

ਧਰਮ ਅਤੇ ਅਧਿਆਤਮਕਤਾ ਦੀ ਭਾਵਨਾ ਸਚਿਆਰੇ ਜੀਵਨ ਵਿਚ ਹੀ ਪ੍ਰਫੁਲਤ ਹੋ ਸਕਦੀ ਹੈ। ਗੁਰੂ ਨਾਨਕ ਨੇ ਜਪੁਜੀ ਵਿਚ 'ਕਿਵ ਸਚਿਆਰਾ ਹੋਈਐ' ਕਹਿ ਕੇ ਸਚਿਆਰਾ ਜੀਵਨ ਦਾ ਮਹੱਤਵ ਦਸ ਕੇ ਇਸ ਦੀ ਪ੍ਰਾਪਤੀ ਦੀ ਭੁੱਖ ਲਗਾਈ ਅਤੇ ਸਭਿਆਚਾਰਕ ਜੀਵਨ ਦੀ ਬੁਨਿਆਦ ਇਸ ਆਸ਼ੇ ਤੇ ਰੱਖੀ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ। (ਸਿਰੀ ਰਾਗ) 62

ਸੱਚ ਅੰਦਰ ਸਾਰੇ ਹੀ ਗੁਣ ਹਨ ਅਤੇ ਸੱਚ ਵਿਚ ਹੀ ਪ੍ਰਾਪਤੀ ਹੈ। ਇਸ ਲਈ ਗੁਰੂ ਨਾਨਕ ਨੇ ਪਰਮਾਤਮਾ ਦਾ 'ਸਤਿ' ਰੂਪ ਚਿਤ੍ਰ ਕਰਾਇਆ, ਉਸਦੀ ਪ੍ਰਾਪਤੀ ਲਈ ਸੱਚੇ ਗੁਰੂ, ਸੱਚੀ ਸੰਗਤ, ਸੱਚੇ ਨਾਮ, ਸੱਚ ਬੋਲਣ ਅਤੇ ਸੱਚੇ ਵਿਵਹਾਰ ਤੇ ਬਲ ਦਿੱਤਾ।

## ਨਿਮਰਤਾ

ਗੁਰੂ ਨਾਨਕ ਅਨੁਸਾਰ ਨਿਮਰਤਾ ਸਦਾਚਾਰ ਦੀ ਕਸੌਟੀ ਅਤੇ ਚੰਗਿਆਈਆਂ ਦਾ ਤੱਤ ਹੈ।[1] ਜੇ ਕੋਈ ਮਨੁੱਖ ਭਗਤੀ ਕਰਕੇ ਧਰਮ ਕਰਮ ਕਰਕੇ, ਮਾਇਆ ਦੀ ਬਹੁਤਾਤ ਕਰਕੇ, ਪਦਵੀ ਦੀ ਵਡਿਆਈ ਕਰਕੇ, ਸਰੀਰਕ ਸੁੰਦਰਤਾ ਜਾਂ ਬਲ ਕਰਕੇ, ਜਾਤ ਕੁਲ ਲਿੰਗ ਜਾਂ ਮਜ਼ਹਬ ਦੀ ਸ੍ਰੇਸ਼ਟਤਾ ਕਰਕੇ ਅਹੰਕਾਰ ਕਰਦਾ ਹੈ, ਉਸ ਨੂੰ ਸਭਿਆਚਾਰਕ ਮਨੁੱਖ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਉਸਦੇ ਕੀਤੇ ਕਰਮ ਹੀ ਫਲਦਾਇਕ ਹੋ ਸਕਦੇ ਹਨ। ਗੁਰੂ ਨਾਨਕ ਦਾ ਨਿਰਮਾਨ ਜੀਵਨ ਉਨ੍ਹਾਂ ਦੇ ਸਿੱਖਾਂ ਲਈ ਪਰਤੱਖ ਅਮਲੀ ਪ੍ਰੇਰਨਾ ਸੀ। ਉਨ੍ਹਾਂ ਨੇ ਕਿਧਰੇ ਵੀ ਆਪਣੀ ਵਡਿਆਈ ਨਹੀਂ ਜਤਲਾਈ, ਸਗੋਂ ਨਿਮਰਤਾ ਭਰੇ ਸ਼ਬਦ ਹੀ ਕਹੇ।[2] ਨਿਮਰਤਾ ਅਤੇ ਮਿਠਤ ਨਾਲ ਸਮਾਜ ਵਿਚ ਮਿਠਾਸ ਅਤੇ ਸ਼ਕਤੀ ਆਉਂਦੀ ਹੈ ਅਤੇ ਇਸ ਤੋਂ ਉਲਟ ਵਿਅਕਤੀ ਅਤੇ ਸਮਾਜ ਦਾ ਚੈਨ ਅਤੇ ਸੰਜੋਗ ਟੁੱਟਦਾ ਹੈ।[3] ਝਗੜਾ ਉਪਜਦਾ ਹੈ।[4] ਨਿਮਰਤਾ ਨਾਲ ਸਹਿਨਸ਼ੀਲਤਾ ਅਤੇ ਸ਼ਕਤੀ

---

1. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ। (ਵਾਰ ਆਸਾ) 470.
2. ਆਪਣੇ ਬਾਰੇ ਉਹ ਆਪ ਕਹਿੰਦੇ ਹਨ: ਨਾਨਕ ਨੀਚੁ ਕਹੈ ਵੀਚਾਰੁ। (ਜਪੁਜੀ)
3. ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।
   ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ। (ਵਾਰ ਆਸਾ) 473.
4. ਮੰਦਾ ਕਿਸੈ ਨ ਆਖਿ ਝਗੜਾ ਪਾਵਣਾ। (ਵਡਹੰਸ) 566.

ਅਨੂਠੀ ਹੈ ਜਿਸਦਾ ਪਰਮਾਣ ਆਪ ਨੇ ਅਤੇ ਆਪ ਦੇ ਸਿੱਖਾਂ ਨੇ ਦਿੱਤਾ। ਨਿਮਰਤਾ ਨਾਲ ਹੀ ਉਦਾਰਤਾ ਅਤੇ ਪਰਉਪਕਾਰ ਦੀ ਭਾਵਨਾ ਜਾਗਦੀ ਹੈ। ਗੁਰੂ ਨਾਨਕ ਦੇ ਸਿੱਖਾਂ ਨੇ ਨਿਰਮਾਣਤਾ,ਸਹਿਨਸ਼ੀਲਤਾ,ਅਤੇ ਸੱਚ ਲਈ ਜੂਝਣ ਦੀ ਦਲੇਰੀ ਅਤੇ ਸ਼ਕਤੀ ਦਾ ਪਰਮਾਣ ਦੇ ਕੇ ਗੌਰਵਸ਼ੀਲ ਸਭਿਆਚਾਰਕ ਇਤਿਹਾਸ ਸਿਰਜਿਆ।

<u>ਸਮਾਜਕ ਜੀਵਨ ਤੇ ਪ੍ਰਭਾਵ</u>

ਗੁਰੂ ਨਾਨਕ ਦੇ ਮਾਨਵ ਏਕਤਾ ਦੇ ਪਰਚਾਰ ਨੇ ਖੇਰੂੰ ਖੇਰੂੰ ਹੋਏ ਭਾਰਤੀ ਸਮਾਜ ਨੂੰ ਸੰਗਠਤ ਕੀਤਾ। ਜਿਸ ਸਮਾਜ ਦਾ ਵੱਡਾ ਅੰਗ ਦੁਰਕਾਰਿਆ ਹੋਇਆ ਸੀ ਉਹ ਸਮਾਜ ਉਸਾਰੀ ਦਾ ਵੱਡਾ ਭਾਈਵਾਲ ਬਣਿਆ। ਆਪ ਨੇ ਜਿਸ ਸਮਾਜ ਦੀ ਉਸਾਰੀ ਕੀਤੀ ਉਸ ਵਿਚ ਕੋਈ ਉਚਾਂ ਨੀਵਾਂ ਨਹੀਂ ਸੀ।[1] ਉਨ੍ਹਾਂ ਦੀ ਚਲਾਈ ਸੰਗਤ ਅਤੇ ਪੰਗਤ ਦੀ ਰੀਤੀ ਵਿਚ ਨੀਵੇਂ ਤੋਂ ਨੀਵਾਂ ਉਚੇ ਤੋਂ ਉਚੇ ਦੇ ਸਮਾਨ ਬੈਠ ਸਕਦਾ ਸੀ। ਖਾਣ ਪੀਣ ਵਿਚ ਸਭ ਤੋਂ ਵਧੇਰੇ ਭਿੱਟ ਮਹਿਸੂਸ ਕੀਤੀ ਜਾਂਦੀ ਸੀ। ਗੁਰੂ ਨਾਨਕ ਨੇ ਪੰਗਤ ਵਿਚ ਸਭ ਨੂੰ ਇਕੱਠਿਆਂ ਬਿਠਾਕੇ ਖਿਲਾਇਆ। ਲੰਗਰ ਦੀ ਪ੍ਰਥਾ ਨੇ ਜਾਤਾਂ ਵਿਚਲੀ ਪਰਸਪਰ ਨਫ਼ਰਤ ਨੂੰ ਦੂਰ ਕੀਤਾ,[2] ਨਾ ਕੇਵਲ ਬ੍ਰਾਹਮਣਾਂ ਅਤੇ ਸ਼ੂਦਰਾਂ ਵਿਚੋਂ, ਸਗੋਂ ਮਲੇਛਾਂ ਅਤੇ ਕਾਫ਼ਰਾਂ ਵਿਚੋਂ ਵੀ।[3] ਜੇ ਸਭ ਵਿਚ ਇਕੋ ਪਰਮਾਤਮਾ ਦੀ ਜੋਤ ਹੈ ਤਾਂ ਫਿਰ ਜਨਮ ਕਰਕੇ ਕਿਸੇ ਨੂੰ ਬੁਰਾ ਭਲਾ ਕਿਉਂ ਕਿਹਾ ਜਾਵੇ;

> ਬੁਰਾ ਭਲਾ ਕਹੁ ਕਿਸ ਨੋ ਕਹੀਐ। ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ।
> (ਰਾਗ ਆਸਾ)413

> ਫਕੜ ਜਾਤੀ ਫਕੜੁ ਨਾਉ। ਸਭਨਾ ਜੀਆ ਇਕਾ ਛਾਉ।
> ਆਪਹੁ ਜੇ ਕੋ ਭਲਾ ਕਹਾਏ। ਨਾਨਕ ਤਾ ਪਰ ਜਾਪੈ ਜਾ ਪਤਿ ਲੇਖੈ ਪਾਏ।
> (ਵਾਰਸਿਰੀ)83

ਗੁਰੂ ਨਾਨਕ ਨੇ ਚਹੁੰਆਂ ਵਰਣਾਂ ਨੂੰ ਮਿਲਾ ਕੇ ਇਕ ਵਰਗ ਬਣਾਇਆ,ਜੋ ਕਿ ਮਨੁੱਖ ਦਾ ਧਰਮ ਸੀ। ਆਪ ਦੇ ਪਰਚਾਰ ਪ੍ਰਭਾਵ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

> ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਇਆ। (ਵਾਰ 1/23)

---

1. ਨਾਨਕ ਉਤਮੁ ਨੀਚੁ ਨ ਕੋਇ। (ਜਪੁਜੀ)

2. 'The institution of langer(community kitchen)by Guru Nanak,removed the commensal restriction observed by caste Hindus',Bhai Jodh Singh,Sikhism and Indian Society,p.35.

3. It helped to demolish the social barriers not only between the Brahmins and Sudras,but also between the melechas and Kafirs' Trilochan Singh,ibid.

ਗੁਰੂ ਨਾਨਕ ਨੇ ਸੇਵਾ ਨੂੰ ਮਹੱਤਵ ਦਿੱਤਾ। ਇਸਦਾ ਪ੍ਰਭਾਵ ਇਹ ਪਿਆ ਕਿ ਇਕ ਤਾਂ ਉਚੇਰੀ ਸ਼੍ਰੇਣੀ ਵਿਚ ਲੋਕ ਕਲਿਆਣ ਦੀ ਭਾਵਨਾ ਜਾਗੀ ਅਤੇ ਦੂਜੇ ਜਿਸ ਕੰਮ ਤੋਂ ਉਨ੍ਹਾਂ ਨੂੰ ਨਫ਼ਰਤ ਸੀ, ਉਹ ਕਰਨ ਦਾ ਉਤਸ਼ਾਹ ਮਿਲਿਆ। ਸੇਵਾ ਕਰਨ ਵਾਲੇ ਨੂੰ ਗੁਰੂ ਨਾਨਕ ਦੇ ਸਮਾਜ ਵਿਚ ਸਤਿਕਾਰ ਮਿਲਿਆ। ਆਪ ਨੇ ਇਹ ਨਿਸਚਾ ਕਰਾਇਆ ਕਿ ਲੋਕ-ਸੇਵਾ ਤੋਂ ਬਿਨਾ ਪ੍ਰਾਪਤੀ ਨਹੀਂ ਹੋ ਸਕਦੀ:

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ। (ਮਾਰੂ)992

...

ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ। (ਆਸਾ)354

...

ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹਿ ਬੈਸਣ ਪਾਈਐ। (ਸਿਰੀ)26

ਜਿਹੜੇ ਕੰਮ ਨੂੰ ਘਟੀਆ ਕਿਹਾ ਜਾਂਦਾ ਸੀ, ਗੁਰੂ ਨਾਨਕ ਨੇ ਉਹ ਕੰਮ ਆਪ ਕਰਕੇ ਪ੍ਰੇਰਨਾ ਭਰੀ ਅਗਵਾਈ ਦਿੱਤੀ:

ਪੱਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ। (ਮਾਰੂ)991

ਗੁਰੂ ਨਾਨਕ ਉਸ ਵਰਗ ਦਾ ਸਾਥੀ ਬਣ ਕੇ ਵਿਚਰਿਆ ਜੋ ਸਮਾਜ ਵਲੋਂ ਦੁਰਕਾਰਿਆ ਹੋਇਆ ਸੀ। ਉਸ ਨਾਲ ਸ਼ਾਮਲ ਹੋ ਕੇ ਉਸ ਨੂੰ ਉਚਾ ਉਠਾਇਆ। ਆਪ ਦੇ ਇਹ ਵਿਚਾਰ ਆਪ ਦੇ ਅਮਲ ਵਿਚੋਂ ਬੋਲੇ ਸਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।
(ਸਿਰੀ ਰਾਗ)15

## ਇਸਤ੍ਰੀ ਸਮਾਨਤਾ

ਇਸਤ੍ਰੀ ਸਮਾਜ ਦਾ ਸੁਹਜ ਵੀ ਹੈ, ਸ਼ਕਤੀ ਵੀ ਅਤੇ ਨਰੋਆ ਅੰਗ ਵੀ। ਪੁਰਾਤਨ ਦੋਹਾਂ ਸਭਿਆਚਾਰਾਂ ਵਿਚ ਨਾ ਇਸਤ੍ਰੀ ਨੂੰ ਖੁਲ੍ਹ ਸੀ, ਨਾ ਸਮਾਨਤਾ ਅਤੇ ਨਾ ਯੋਗ ਸਤਿਕਾਰ। ਗੁਰੂ ਨਾਨਕ ਨੇ ਸਮਾਜ ਦੀ ਇਸ ਪੱਖ ਪਾਤੀ ਅਤੇ ਕਠੋਰ ਬਿਰਤੀ ਦਾ ਵਿਰੋਧ ਕੀਤਾ। ਇਹ ਅਹਿਸਾਸ ਕਰਾਇਆ ਕਿ ਜਿਸ ਇਸਤ੍ਰੀ ਦੇ ਸਾਥ ਤੋਂ ਬਿਨਾ ਬੰਦਾ ਰਹਿ ਨਹੀਂ ਸਕਦਾ, ਜਿਸ ਤੋਂ ਮਰਦ ਪੈਦਾ ਹੁੰਦਾ ਹੈ, ਜਿਸ ਨਾਲ ਵਿਆਹ ਕਰਨ ਦੀ ਉਹ ਪ੍ਰਬਲ ਇੱਛਾ ਰਖਦਾ ਹੈ, ਜਿਸ ਦੇ ਮਰਨ ਤੇ ਫਿਰ ਹੋਰ ਇਸਤ੍ਰੀ ਦਾ ਸਾਥ ਭਾਲਦਾ ਹੈ, ਜਿਸ ਇਸਤ੍ਰੀ ਕਰਕੇ ਉਸ ਦੀ ਸੰਤਾਨ ਅੱਗੇ ਚਲਦੀ ਹੈ, ਉਸਦਾ ਨਾਮ ਰਹਿੰਦਾ ਹੈ, ਉਸ ਨੂੰ ਮੰਦਾ ਕਿਉਂ ਕਿਹਾ ਜਾਵੇ?[1] ਗੁਰੂ ਨਾਨਕ ਨੇ

1. ਵੇਖੋ ਵਾਰ ਆਸਾ, ਗੁਰੂ ਗ੍ਰੰਥ ਸਾਹਿਬ, ਪੰਨਾ 473.

ਧਰਮ ਅਤੇ ਸਮਾਜ ਦੇ ਕੰਮਾਂ ਵਿਚ ਇਸਤ੍ਰੀ ਨੂੰ ਖੁਲ੍ਹ ਦਿੱਤੀ। ਗੁਰੂ ਨਾਨਕ ਦੀ ਅਮਲੀ ਅਗਵਾਈ ਦਾ ਸਦਕਾ ਹੀ ਪੰਜਾਬ ਦੀ ਇਸਤ੍ਰੀ ਨੇ ਸਮਾਜਕ ਕੰਮਾਂ ਅਤੇ ਜੰਗਾਂ ਯੁੱਧਾਂ ਵਿਚ ਮਰਦਾਂ ਤੁਲ ਹੀ ਹਿੱਸਾ ਪਾਇਆ। ਇਸਤ੍ਰੀ ਭੈਣ, ਬੀਵੀ ਅਤੇ ਮਾਂ ਦੇ ਰੂਪ ਵਿਚ ਮਰਦ ਦੇ ਸਮਾਜਕ ਆਸ਼ੇ ਦੀ ਪੂਰਤੀ ਵਿਚ ਸਹਾਇਕ ਸਿੱਧ ਹੋਈ।

## ਕਿਰਤ ਕਰਨਾ ਅਤੇ ਵੰਡ ਕੇ ਛਕਣਾ

ਗੁਰੂ ਨਾਨਕ ਦੇ ਵਿਸ਼ੇਸ਼ ਸੰਕਲਪ, 'ਨਾਮ ਜਪਣਾ', ਕਿਰਤ ਕਰਨੀ ਅਤੇ ਵੰਡ ਕੇ ਛਕਣਾ ਨੇ ਪੰਜਾਬ ਦੇ ਸਭਿਆਚਾਰਕ ਜੀਵਨ ਵਿਚ ਪਰਿਵਰਤਨ ਲਿਆਂਦਾ। ਗੁਰੂ ਨਾਨਕ ਭਾਰਤ ਦਾ ਪਹਿਲਾ ਮਹਾਨ ਅਮਲੀ ਆਗੂ ਸੀ, ਜਿਸ ਨੇ ਸਮਾਜਕਤਾ ਅਤੇ ਅਧਿਆਤਮਕਤਾ ਨੂੰ ਇਕ ਸੁਰ ਕੀਤਾ। ਗੁਰੂ ਨਾਨਕ ਨੇ ਹਰ ਇਕ ਇਨਸਾਨ ਲਈ ਦਸਾਂ ਨਹੁੰਆਂ (ਈਮਾਨਦਾਰੀ) ਨਾਲ ਕਿਰਤ ਕਰਨੀ ਅਵੱਸ਼ਕ ਦੱਸੀ। ਜਿਸ ਸਮਾਜ ਵਿਚ ਸਾਰੇ ਹੀ ਈਮਾਨਦਾਰੀ ਨਾਲ ਕਿਰਤ ਕਰਨ ਲੱਗ ਪੈਣ, ਨਿਸਚੇ ਹੀ ਉਨ੍ਹਾਂ ਲੋਕਾਂ ਦਾ ਨਿੱਜੀ ਜੀਵਨ ਅਤੇ ਸਦਾਚਾਰ ਚੰਗਾ ਹੋਵੇਗਾ ਅਤੇ ਦੇਸ਼ ਦੀ ਆਰਥਕ ਦਸ਼ਾ ਵੀ ਸੁਧਰੇਗੀ। ਜੇ ਕੋਈ ਧਨ ਕਮਾ ਕੇ ਸਾਰਾ ਆਪਣੇ ਲਈ ਹੀ ਰਖ ਲਏ ਤਾਂ ਉਸ ਨਾਲ ਸੁਆਰਥ ਅਤੇ ਕਬਜ਼ੇ ਦੀ ਰੁਚੀ ਵਧਦੀ ਹੈ ਅਤੇ ਉਸਦੇ ਫਲ ਸਰੂਪ ਬੁਰਾਈਆਂ ਵੀ ਆਉਂਦੀਆਂ ਹਨ। ਜਿਹੜਾ ਧਨ ਵਰਤੋਂ ਵਿਚ ਨਹੀਂ ਆਉਂਦਾ ਉਹ ਅਗੋਂ ਇਸ ਵਿਚ ਹੋਰ ਵਾਧਾ ਨਹੀਂ ਕਰ ਸਕਦਾ। ਕਿਰਤ ਕਰਨ ਅਤੇ ਵੰਡ ਕੇ ਛਕਣ ਜਾਂ ਦਾਨ ਦੇਣ ਨਾਲ ਅਹੰਕਾਰ ਦੀ ਭਾਵਨਾ ਉਪਜ ਸਕਦੀ ਹੈ, ਜੋ ਵਿਅਕਤੀਗਤ ਅਤੇ ਸਮਾਜਕ ਬੁਰਾਈ ਹੈ। ਇਸ ਲਈ ਨਾਮ ਸਿਮਰਨਾ ਅਵੱਸ਼ਕ ਦੱਸਿਆ ਹੈ। ਨਾਮ ਸਿਮਰਨ ਵਾਲਾ ਪ੍ਰਭੂ ਦੀ ਆਗਿਆ ਵਿਚ ਅਤੇ ਨਿਮਰਤਾ ਵਿਚ ਰਹੇਗਾ। ਆਪਣੇ ਕੀਤੇ ਨੂੰ ਪਰਮਾਤਮਾ ਦਾ ਕੀਤਾ ਸਮਝੇਗਾ, ਜਿਸ ਕਰਕੇ ਅਹੰਕਾਰ ਤੋਂ ਰਹਿਤ ਇਕ ਚੰਗਾ ਨਾਗਰਿਕ ਸਿੱਧ ਹੋਵੇਗਾ। ਗੁਰੂ ਨਾਨਕ ਨੇ ਜੀਵਨ ਦੇ ਅਮਲ ਰਾਹ ਦੇ ਪੂਰਨੇ ਇਸ ਤਰ੍ਹਾਂ ਪਾਏ:

ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ।

(ਵਾਰ ਸਾਰੰਗ) 1245

ਜਿਹੜਾ ਕਿਰਤ ਨਹੀਂ ਕਰਦਾ ਉਹ ਦੂਜਿਆਂ ਦੇ ਆਸਰੇ ਰਹੇਗਾ। ਮੰਗ ਕੇ ਖਾਵੇਗਾ। ਵਿਹਲਾ ਰਹਿਣਾ ਅਤੇ ਮੰਗ ਕੇ ਖਾਣਾ ਗੁਰੂ ਨਾਨਕ ਅਨੁਸਾਰ ਸਭ ਤੋਂ ਵੱਡਾ ਸਮਾਜਕ ਭੈੜ ਹੈ। ਉਨ੍ਹਾਂ ਨੇ ਮੰਗਣ ਦਾ ਤਕੜਾ ਵਿਰੋਧ ਕਰਦਿਆਂ ਕਿਹਾ:

ਮਖੱਟੂ ਹੋਇ ਕੈ ਕੰਨ ਪੜਾਏ। ਫਕਰ ਕਰੇ ਹੋਰੁ ਜਾਤਿ ਗਵਾਏ।
ਗੁਰੂ ਪੀਰੁ ਸਦਾਏ ਮੰਗਣ ਜਾਇ। ਤਾਂ ਕੈ ਮੂਲਿ ਨ ਲਗੀਐ ਪਾਇ।

(ਵਾਰ ਸਾਰੰਗ) 1245

ਜਿਹੜਾ ਆਪ ਮਿਹਨਤ ਨਹੀਂ ਕਰੇਗਾ, ਉਹ ਦੂਜਿਆਂ ਦੀ ਕਮਾਈ ਤੇ ਨਜ਼ਰ ਰੱਖੇਗਾ। ਗੁਰੂ ਨਾਨਕ ਨੇ ਇਸ ਕੁਬਿਰਤੀ ਨੂੰ ਵੀ ਇਹ ਕਹਿ ਕੇ ਰੋਕਿਆ:

ਵਸਤ ਪਰਾਈ ਅਪੁਨੀ ਕਰ ਜਾਣੈ ਹਉਮੈ ਵਿਚਿ ਦੁਖ ਘਾਲੇ। (ਵਾਰ ਮਾਝ) 139.

ਗੁਰੂ ਨਾਨਕ ਨੇ ਆਪ ਇਸ ਸਿਧਾਂਤ ਤੇ ਅਮਲ ਕੀਤਾ ਅਤੇ ਆਪਣੇ ਸਿੱਖਾਂ ਤੋਂ ਅਜਿਹਾ ਕਰਵਾਇਆ। ਗੁਰੂ ਨਾਨਕ ਨੇ ਬਚਪਨ ਵਿਚ ਖੇਤੀਬਾੜੀ ਕੀਤੀ, ਸੱਚਾ ਸੌਦਾ ਕੀਤਾ, ਸੁਲਤਾਨਪੁਰ ਲੋਧੀ ਵਿਚ 12 ਸਾਲ ਮੋਦੀਖਾਨਾ ਚਲਾਇਆ, ਲੋੜਵੰਦਾਂ ਨਾਲ ਆਪਣੀ ਕਮਾਈ ਸਾਂਝੀ ਕੀਤੀ, ਉਮਰ ਦੇ ਆਖਰੀ 18 ਸਾਲ ਕਰਤਾਰਪੁਰ ਵਿਚ ਖੇਤੀਬਾੜੀ ਕੀਤੀ, ਆਪਣੇ ਸਿੱਖਾਂ ਨੂੰ ਵੀ ਸੱਚੀ ਕਿਰਤ ਦੀ ਜਾਚ ਦੱਸੀ ਅਤੇ ਸਾਂਝੇ ਲੰਗਰ ਚਲਾਏ। ਆਪ ਨੇ ਕਿਰਤੀ ਲਾਲੋ ਨੂੰ ਪਿਆਰਿਆ ਅਤੇ ਮਲਕ ਭਾਗੋ ਦੇ ਧਨ ਵਿਚ ਪਰਾਏ ਹੱਕ ਦਾ ਲਹੂ ਦੱਸਿਆ। ਗੁਰੂ ਨਾਨਕ ਦੇ ਇਨ੍ਹਾਂ ਵਿਚਾਰਾਂ ਸਦਕਾ ਪੰਜਾਬ ਕਿਰਤੀਆਂ ਅਤੇ ਉਪਕਾਰੀਆਂ ਦਾ ਦੇਸ਼ ਬਣ ਗਿਆ। ਵੱਡੀ ਤੋਂ ਵੱਡੀ ਮੁਸੀਬਤ ਵੇਲੇ ਵੀ ਪੰਜਾਬੀਆਂ ਨੇ ਮੰਗਣ ਲਈ ਹੱਥ ਨਹੀਂ ਪਸਾਰੇ।

ਗੁਰੂ ਨਾਨਕ ਦੇ ਇਨ੍ਹਾਂ ਵਿਚਾਰਾਂ ਦੇ ਪ੍ਰਭਾਵ ਨੂੰ ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਇਸ ਤਰ੍ਹਾਂ ਪ੍ਰਗਟ ਕੀਤਾ:

> "ਕਿਰਤ ਕਮਾਈ ਨੂੰ ਕਰਤੇ ਦੀ ਸ੍ਰੋਮਣੀ ਪੂਜਾ ਆਖ ਕੇ ਉਹਨਾਂ ਜ਼ਿੰਦਗੀ ਦੇ ਮੁਖ-ਉਸਰਈਏ ਕਾਮੇ ਤੇ ਕਿਸਾਨਾਂ ਦਾ ਉਤਸ਼ਾਹ ਸਿਖਰੇ ਚਾੜ੍ਹ ਦਿੱਤਾ ਤੇ ਇਹ ਝੱਲਾਂ ਮਾਰਦਾ ਉਤਸ਼ਾਹ ਹੀ ਪੰਜਾਬ ਦੀ ਖੁਸ਼ਹਾਲੀ ਦਾ ਭੇਤ ਹੈ। ਦੇਸ਼ ਦੀ ਵੰਡ ਸਮੇਂ 1947 ਵਿਚ ਜਦੋਂ ਪੰਜਾਬ ਉਤੇ ਅਨੋਖੀ ਮੁਸੀਬਤ ਆਈ ਤਾਂ ਜਿਥੇ ਵੀ ਪੰਜਾਬੀ ਗਿਆ, ਉਸ ਨੇ ਉਥੇ ਹੀ ਕੰਮਾਂ ਦੀ ਖੱਡੀ ਜੋੜ ਦਿੱਤੀ, ਤਰ੍ਹਾਂ ਤਰ੍ਹਾਂ ਦੇ ਨਵੇਂ ਕੰਮ ਚਾਲੂ ਕਰ ਲਏ। ਇਹ ਕਰਿਸ਼ਮਾ ਕਾਮਿਆਂ ਨੂੰ ਤਕਦੀਰ ਦੇ ਬਾਦਸ਼ਾਹ ਆਖਣ ਵਾਲੇ ਗੁਰੂ ਨਾਨਕ ਦਾ ਹੈ।"
>
> "ਪੰਜਾਬ ਦੇ ਭਾਗ ਮੌਲਣੇ ਹੋ ਗਏ ਕਿ ਸੁੱਚੀ ਕਮਾਈ ਨੂੰ ਪੰਜਾਬੀਆਂ ਨੇ ਆਪਣਾ ਧਰਮ ਮੰਨ ਲਿਆ।"[1]

ਕਿਰਤ ਦੀ ਮਹਾਨਤਾ ਦਸਦਿਆਂ ਉਸ ਨੇ ਲਿਖਿਆ ਹੈ ਕਿ ਇਸ ਦੇ ਅਮਲ ਉਤੇ ਜ਼ਿੰਦਗੀ ਦਾ ਸਾਰਾ ਵਿਕਾਸ ਨਿਰਭਰ ਹੈ। ਗੁਰੂ ਨਾਨਕ ਨੇ ਏਸ ਅਮਲ ਨੂੰ ਵਡਿਆ ਕੇ, ਤਿਆਗ ਤੇ ਸੰਨਿਆਸ ਆਦਿ ਦੇ 'ਪੂਜ' ਪਰ ਜ਼ਿੰਦਗੀ ਨਾਲ ਵਿਪ੍ਰੀਤ ਵਿਚਾਰਾਂ ਦਾ ਮੁੱਲ ਘਟਾਇਆ। ਵੰਡ ਛਕਣ ਦਾ ਸਿਧਾਂਤ ਆਉਣ ਵਾਲੇ ਯੁਗ ਦਾ ਪੂਰਨਾ ਹੈ। ਵਿਕਾਸ ਕਰਦੀ ਮਨੁੱਖਾ ਜ਼ਿੰਦਗੀ ਏਡੀ ਗੁੰਝਲਦਾਰ ਹੋ ਜਾਏਗੀ ਕਿ ਸਾਂਝੀਵਾਲਤਾ ਦੇ ਸਿਧਾਂਤ ਦੇ ਫੁੱਟ ਇਹਦੇ ਹੋਣ ਅਗੇਰੇ ਵਿਕਸਣ

---

1. ਚੰਦੀ ਛੋਕ - ਗੁਰੂ ਨਾਨਕ, ਪੰਨਾ 84.

ਲਈ ਕੋਈ ਰਾਹ ਨਹੀਂ ਰਹਿ ਜਾਵੇਗਾ। ਇਸ ਸਿਧਾਂਤ ਨੂੰ ਜੇ ਅਪਣਾਇਆ ਨਾ ਗਿਆ ਤਾਂ ਸਾਰੀ ਮਨੁੱਖਤਾ ਇਕ ਪਰਵਾਰ ਨਹੀਂ ਬਣ ਸਕੇਗੀ ਤੇ ਧਰਤੀ ਦੀ ਦੌਲਤ ਸਾਰਿਆਂ ਵਿਚ ਵੰਡ ਕੇ ਵਰਤੀ ਨਹੀਂ ਜਾ ਸਕੇਗੀ।[1]

<u>ਰਾਜਸਕ ਚੇਤਨਤਾ</u>

ਗੁਰੂ ਨਾਨਕ ਦੇਵ ਜੀ ਦੀ ਭਾਰਤ ਦੇ ਰਾਜਸਕ ਖੇਤਰ ਵਿਚ ਵੀ ਮਹੱਤਵ ਪੂਰਨ ਦੇਣ ਹੈ। ਆਪਣੇ ਸਮਕਾਲੀ ਸੰਤਾਂ ਤੋਂ ਉਲਟ ਲੋਕਾਂ ਦੇ ਜੀਵਨ ਨਾਲ ਹਿਤ ਰਖਦਿਆਂ ਉਨ੍ਹਾਂ ਨੇ ਭਾਰਤ ਦੀ ਰਾਜਸਕ ਦਸ਼ਾ ਦੀ ਵੀ ਤਕੜੀ ਆਲੋਚਨਾ ਕੀਤੀ। ਭਾਰਤੀ ਸਵਰਾਜ ਦਾ ਮੁੱਢ ਬੰਨ੍ਹਿਆ।[2] ਹਕੂਮਤ ਦੀ ਰਾਜਸਕ ਨੀਤੀ, ਉਸਦੇ ਪਰਜਾ ਨਾਲ ਜਬਰ ਵਿਰੁੱਧ ਤਕੜੀ ਆਵਾਜ਼ ਉਠਾਈ, ਜੋ ਤਲਵਾਰ ਨਾਲੋਂ ਤਿੱਖੀ ਅਤੇ ਬਾਰੂਦ ਨਾਲੋਂ ਵੀ ਵਧੇਰੇ ਸ਼ਕਤੀ ਵਾਲੀ ਸੀ। ਭਾਰਤੀਆਂ ਦੀ ਰਾਜਸਕ ਚੇਤਨਾ ਤਾਂ ਲਗਭਗ ਮੁਰਦਾ ਹੀ ਹੋ ਚੁੱਕੀ ਸੀ, ਜਿਸਨੂੰ ਗੁਰੂ ਨਾਨਕ ਨੇ ਪੁਨਰ ਸੁਰਜੀਤ ਕੀਤਾ। ਖੱਤਰੀ ਨੂੰ ਆਪਣਾ ਫਰਜ਼ ਪਛਾਨਣ ਲਈ ਉਭਾਰਿਆ, ਮਾਨਸਕ ਕਮਜ਼ੋਰੀ ਕਰਕੇ ਪਰਾਏ ਸਭਿਆਚਾਰ ਨੂੰ ਧਾਰਨ ਕਰਨ ਦੀ ਰੁਚੀ ਵਿਰੁੱਧ ਤਾੜਨਾ ਕੀਤੀ।[3] ਇਕ ਪਾਸੇ ਜ਼ਾਲਮ ਨੂੰ ਵੰਗਾਰਿਆ ਅਤੇ ਦੂਜੇ ਪਾਸੇ ਮਜ਼ਲੂਮ ਨੂੰ ਉਭਾਰਿਆ। ਕੌਮੀ ਗੈਰਤ ਅਤੇ ਸ੍ਵੈਮਾਨ ਨੂੰ ਝੰਜੋੜਿਆ।[4] ਇਸ ਪੱਖ ਤੋਂ ਗੁਰੂ ਨਾਨਕ ਸਾਹਿਬ ਭਾਰਤ ਦੇ ਸਮਕਾਲੀ ਸੰਤਾਂ ਵਿਚੋਂ ਅਦੁੱਤੀ ਸਨ।[5] ਗੁਰੂ ਗੋਬਿੰਦ ਸਿੰਘ ਜੀ ਵੇਲੇ ਸਿੱਖ ਸ਼ਸਤਰ ਨੂੰ ਸਫਲਤਾ ਨਾਲ ਚਲਾ ਸਕੇ ਸਨ ਅਤੇ ਉਸ ਲਈ ਸਾਹਸ ਗੁਰੂ ਨਾਨਕ ਨੇ ਹੀ ਭਰਿਆ ਸੀ।

ਗੁਰੂ ਸਾਹਿਬ ਰਾਜਨੀਤਕ ਨੈਤਕਤਾ ਦੇ ਮੁਦਈ ਹਨ। ਰਾਜੇ ਨੂੰ ਬਰਾਬਰ ਦੇ ਨਾਲ ਟੱਕਰ ਲੈਣੀ ਹੀ ਯੋਗ ਹੈ। ਨਿਹੱਥੇ ਮਜ਼ਲੂਮ ਤੇ ਵਾਰ ਕਰਨੇ ਅਨੈਤਕ ਗੁਨਾਹਾਂ ਵਾਲਾ ਕਰਮ ਹੈ:

> ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।
> ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ। (ਆਸਾ)360

---

1. ਬੰਦੀ ਛੋੜ-ਗੁਰੂ ਨਾਨਕ, ਪੰਨਾ 102.
2. Sources on the Life and Teachings of Guru Nanak, p.248.
3. ਵੇਖੋ ਅਧਿਆਇ ਸਤਵਾਂ, ਰਾਜਸਕ ਸਥਿਤੀ
4. He rebuked the bedhis for their misrule in Panjab. Even emporer Babar confessed his mistake and promised to make amends for his crualities. Guru Nanak had no armed might to back his demand for civil liberties and yet he moved the conscious of the official hierarchy torespect the dignity and honour of the citizens of India, 'Dr. Gobind Singh, Guru Nanak-World Teacher, p.36.
5. 'Guru Nanak is unique among the saints in India in showing sensitiveness on the question of national honour and self respect.', Gurbachan Singh Talib, The Impact of Guru Gobind Singh on Indian Society, p.42.

ਰਾਜਿਆਂ ਦੇ ਪਰਜਾ ਪ੍ਰਤਿ ਵਤੀਰੇ ਬਾਰੇ ਭਾਈ ਗੁਰਦਾਸ ਨੇ ਲਿਖਿਆ ਹੈ:

ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ। (ਵਾਰ 1/30)

ਇਸ ਪੱਖ ਤੋਂ ਗੁਰੂ ਨਾਨਕ ਦੇਵ ਜੀ ਨੇ ਰਾਜਸਨ ਭਵਿਖ ਬਾਣੀ ਕਰਕੇ ਇਹ ਆਸ਼ਾ ਬੰਧਾਈ ਸੀ ਕਿ ਪਰਜਾ ਅਤੇ ਰਾਜੇ ਦਾ ਇਸ ਪ੍ਰਕਾਰ ਦਾ ਅੰਤਰ ਮੁੱਕ ਜਾਵੇਗਾ:

ਰਯਤ ਰਾਜੇ ਕਹਾ ਸਬਾਏ, ਦੁਹੁ ਅੰਤਰਿ ਸੋ ਜਾਸੀ। (ਮਾਰੂ) 1016

ਰਾਜਾ ਲੋਕ ਭਲਾਈ ਲਈ ਲੋਕਾਂ ਤੋਂ ਕਰ ਆਦਿ ਦੇ ਰੂਪ ਵਿਚ ਧਨ ਲੈਂਦਾ ਹੈ। ਪਰਜਾ ਤੋਂ ਲੈ ਕੇ ਉਸ ਨੂੰ ਦੇਣ ਨਾਲ ਹੀ ਰਾਜਾ ਅਤੇ ਪਰਜਾ ਵਿਚ ਚੰਗਾ ਸੰਬੰਧ ਬਣਿਆ ਰਹਿੰਦਾ ਹੈ। ਗੁਰੂ ਨਾਨਕ ਸਾਹਿਬ ਨੇ ਇਹ ਵਿਚਾਰ ਦਿੱਤਾ ਸੀ:

ਰਾਜਾ ਮੰਗੈ ਦਿਤੈ ਗੈਬ ਪਾਇ। (ਵਾਰ ਮਾਝ) 143

ਗੁਰੂ ਨਾਨਕ ਨੇ ਇਕ ਚੰਗੇ ਰਾਜੇ ਦਾ ਸੰਕਲਪ ਵੀ ਦਿੱਤਾ ਸੀ ਅਤੇ ਉਹ ਸੀ:

ਰਾਜ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ। (ਮਾਰੂ) 992

ਅਰਥਾਤ ਰਾਜੇ ਵਿਚ ਪੰਜ ਗੁਣ ਹੋਣੇ ਚਾਹੀਦੇ ਹਨ: ਇਕ ਤਾਂ ਉਹ ਸੱਚਵਾਦੀ ਹੋਵੇ। ਸੱਚ ਦੀ ਪਾਲਣਾ ਕਰਨ ਵਾਲਾ ਹੀ ਨਿਆਂਕਾਰੀ ਹੋ ਸਕਦਾ ਹੈ। ਦੂਜਾ ਰਾਜੇ ਨੂੰ ਸੰਤੋਖੀ ਹੋਣਾ ਚਾਹੀਦਾ ਹੈ। ਅਸੰਤੋਖੀ ਰਾਜਾ ਲਾਲਚਪੁਣੇ ਵਿਚ ਕਈ ਖਰਾਬੀਆਂ ਕਰ ਜਾਂਦਾ ਹੈ। ਤੀਜਾ ਉਹ ਦਰਿਆ ਦਿਲ ਜਾਂ ਦਇਆਵਾਨ ਹੋਵੇ। ਤੰਗ ਦਿਲ ਅਤੇ ਬਦਲੇ ਦੀ ਭਾਵਨਾ ਰਖਣ ਵਾਲਾ ਰਾਜਾ ਕਦੇ ਵੀ ਲੋਕਪ੍ਰਿਯ ਨਹੀਂ ਹੋ ਸਕਦਾ। ਚੌਥਾ ਗੁਣ ਉਸ ਨੂੰ ਧਰਮੀ ਹੋਣਾ ਚਾਹੀਦਾ ਹੈ ਅਤੇ ਪੰਜਵਾਂ ਉਹ ਧੀਰਜਵਾਨ ਅਤੇ ਸਹਿਨਸ਼ੀਲ ਹੋਵੇ।[1]

ਰਾਜੇ ਦਾ ਨਿਆਂਕਾਰੀ ਹੋਣਾ ਜ਼ਰੂਰੀ ਹੈ। ਜਿਥੇ ਅਨਿਆਂ ਹੈ, ਉਥੇ ਮਨੁੱਖਤਾ ਦਾ ਘਾਤ ਹੈ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਰਾਜੇ ਦੇ ਇਸ ਗੁਣ ਨੂੰ ਦੁਹਰਾਇਆ ਹੈ:

ਰਾਜਾ ਨਿਆਉ ਕਰੇ ਹਥਿ ਹੋਇ। (ਰਾਗ ਆਸਾ) 350

ਰਾਜੇ ਚੁਲੀ ਨਿਆਵ ਕੀ.... ..... (ਵਾਰ ਸਾਰੰਗ) 1240

ਗੁਰੂ ਨਾਨਕ ਨੇ ਪਰੰਪਰਾ ਤੋਂ ਉਲਟ ਇਹ ਵਿਚਾਰ ਵੀ ਦਿੱਤਾ ਹੈ ਕਿ ਵਿਰਾਸਤ ਦੀ ਪ੍ਰਥਾ ਅਨੁਸਾਰ ਤਖਤ ਦਾ ਵਾਰਸ ਜ਼ਰੂਰੀ ਨਹੀਂ ਕਿ ਆਪਣਾ ਲੜਕਾ ਹੋਵੇ, ਸਗੋਂ ਯੋਗ ਅਧਿਕਾਰੀ, ਭਾਵੇਂ ਕੋਈ ਹੋਵੇ, ਹੋਣਾ ਚਾਹੀਦਾ ਹੈ:

ਤਖਤ ਬਹੈ ਤਖਤੈ ਕੀ ਲਾਇਕ......(ਮਾਰੂ ਸੋਹਲੇ) 1039

---

1. ਡਾ: ਦਲੀਪ ਸਿੰਘ 'ਦੀਪ', ਜਗਤ ਗੁਰੂ ਬਾਬਾ, ਪੰਨਾ 92.

ਗੁਰੂ ਨਾਨਕ ਨੇ ਆਪ ਗੁਰਿਆਈ ਦੀ ਜ਼ਿਮੇਵਾਰੀ ਆਪਣੇ ਪੁੱਤਰਾਂ ਦੀ ਥਾਂ ਯੋਗ ਪਾਤਰ ਭਾਈ ਲਹਿਣਾ ਜੀ ਨੂੰ ਦੇ ਕੇ ਨਵੀਂ ਪ੍ਰਥਾ ਤੋਰੀ।

ਸੱਤਾ ਅਤੇ ਬਲਵੰਡ ਅਨੁਸਾਰ ਗੁਰੂ ਨਾਨਕ ਨੇ ਜਿਹੜਾ ਰਾਜ ਸਥਾਪਿਤ ਕੀਤਾ ਉਹ ਸਤਿ ਉਤੇ ਆਧਾਰਿਤ ਸੀ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੀ।
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੀ। (ਰਾਮਕਲੀ)966

<u>ਇਸਤ੍ਰੀ ਦੀ ਸੁੰਦਰਤਾ ਬਾਰੇ ਵਤੀਰਾ</u>

ਇਸਤ੍ਰੀ ਦੀ ਸੁੰਦਰਤਾ ਬਾਰੇ ਭਾਰਤੀ ਸ਼ਿੰਗਾਰ ਕਾਵਿ ਵਿਚ ਕਾਫ਼ੀ ਲਿਖਿਆ ਗਿਆ ਹੈ। ਇਸਤ੍ਰੀ ਆਪਣੀ ਸੁੰਦਰਤਾ ਵਿਚ ਵਾਧਾ ਕਰਨ ਲਈ ਗਹਿਣੇ ਪਹਿਨਦੀ ਹੈ ਅਤੇ ਕਈ ਤਰ੍ਹਾਂ ਦੇ ਸ਼ਿੰਗਾਰ ਕਰਦੀ ਹੈ। ਭਾਰਤੀ ਇਸਤ੍ਰੀ ਦੇ ਸੋਲਾਂ ਸ਼ਿੰਗਾਰ ਪ੍ਰਸਿੱਧ ਹਨ। ਗੁਰੂ ਨਾਨਕ ਅਨੁਸਾਰ ਇਹ ਸੁੰਦਰਤਾ ਅਤੇ ਸੁੰਦਰਤਾ ਲਈ ਕੀਤੇ ਸ਼ਿੰਗਾਰ ਫ਼ਜ਼ੂਲ ਹਨ ਜੇ ਉਸ ਅੰਦਰ ਗੁਣ ਨਹੀਂ ਹਨ, ਜਿਨ੍ਹਾਂ ਤੇ ਕਿ ਪਤੀ ਨੇ ਰੀਝਣਾ ਹੁੰਦਾ ਹੈ। ਅਰਥਾਤ ਗੁਣ ਹੀ ਇਸਤ੍ਰੀ ਦੀ ਅਸਲ ਸੁੰਦਰਤਾ ਹੈ।[1] ਗੁਰੂ ਨਾਨਕ ਨੇ ਹੇਠ ਲਿਖੇ ਸ਼ਬਦ ਵਿਚ ਇਸਤ੍ਰੀ ਦੇ ਸਦਾਚਾਰਕ ਅਤੇ ਅਧਿਆਤਮਕ ਗੁਣਾਂ ਦਾ ਵਿਵਰਣ ਦਿੱਤਾ ਹੈ, ਜਿਸ ਤੋਂ ਉਨ੍ਹਾਂ ਦਾ ਇਸਤ੍ਰੀ ਦੀ ਸੁੰਦਰਤਾ ਬਾਰੇ ਵਤੀਰਾ ਸਪਸ਼ਟ ਹੁੰਦਾ ਹੈ:

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ।
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ।
ਲਾਲ ਬਹੁ ਗੁਣਿ ਕਾਮਣਿ ਮੋਹੀ। ਤੇਰੇ ਗੁਣ ਹੋਹਿ ਨ ਅਵਰੀ।
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ।
ਕਰ ਕਰਿ ਕਰਤਾ ਕੰਗਨ ਪਹਿਰੈ ਇਸ ਬਿਧਿ ਚਿਤ ਧਰੇਈ
ਮਧੁਸੂਦਨ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ।
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ। (ਆਸਾ)359

...

ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ। ਸਦ ਹੀ ਸੇਜੈ ਰਵੈ ਭਤਾਰੁ।
(ਆਸਾ)357

ਗੁਰੂ ਨਾਨਕ ਅਨੁਸਾਰ ਸੁੰਦਰ ਇਸਤ੍ਰੀ ਉਹ ਹੈ ਜੋ ਪਤੀ ਪ੍ਰੇਮ ਵਿਚ ਦਿਨ ਰਾਤ ਅਡੋਲ ਮਸਤ ਰਹਿੰਦੀ ਹੈ:

ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ।
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ। (ਤਿਲੰਗ)722

---

1. ਵੇਖੋ ਅਧਿਆਇ ਚੌਥਾ

ਬਾਹਰਲੀ ਸੁੰਦਰਤਾ ਇਕ ਭਰਮ ਹੈ। ਜੇ ਇਸ ਤੋਂ ਪ੍ਰੇਰਨਾ ਲੈਣ ਦੀ ਥਾਂ ਇਸ ਦੇ ਮੋਹ ਵਿਚ ਹੀ ਕੋਈ ਫਸ ਜਾਵੇ ਤਾਂ ਉਹ ਪਰਮ ਲਕਸ਼ ਵਲ ਨਹੀਂ ਵਧ ਸਕਦਾ। ਗੁਰੂ ਨਾਨਕ ਸਾਹਿਬ ਦੀ ਬਾਣੀ ਸਾਵਧਾਨ ਕਰਦੀ ਹੈ:

ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ। (ਸਿਰੀ ਰਾਗ) 14

ਸੁੰਦਰਤਾ ਸੁੰਦਰ ਪ੍ਰਭੂ ਦੀ ਰਚਨਾ ਹੈ, ਪਰ ਜਦ ਇਹ ਮਾਇਆ ਰੂਪ ਧਾਰਦੀ ਹੈ ਤਾਂ ਮਨੁੱਖੀ ਮਾਰਗ ਵਿਚ ਵਿਘਨ ਬਣਦੀ ਹੈ ਪਰ ਜਿਹੜੇ ਸਿਆਣੇ [illegible] ਹਨ, ਉਨ੍ਹਾਂ ਦੇ ਰਾਹ ਵਿਚ ਰੁਕਾਵਟ ਨਹੀਂ ਬਣਦੀ। ਗੁਰੂ ਨਾਨਕ ਦਾ ਵਿਚਾਰ ਹੈ:

ਸੁਰਤੀ ਦੀਆਂ ਮੋਹਣੀਆਂ ਇਸਤਰੀਆਂ ਹੋਵਨਿ ਨਾਨਕ ਸਭੇ ਜਾਉ।
(ਵਾਰ ਮਾਝ) 142

ਹਿਰਨ ਦੀਆਂ ਅੱਖਾਂ ਵਾਲੀ ਸੁੰਦਰ ਮੁਟਿਆਰ ਨੂੰ ਜੀਵਨ ਦੀ ਸੋਧ ਇਸ ਤਰ੍ਹਾਂ ਦਿੱਤੀ ਹੈ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ।
ਪਹਿਲਾ ਵਸਤੁ ਸਿਞਾਣਿ ਕੈ, ਤਾਂ ਕੀਚੈ ਵਾਪਾਰੁ। (ਸਲੋਕ) 1410

ਜੇ ਕੇਵਲ ਸੁੰਦਰਤਾ ਦਾ ਖ਼ਿਆਲ ਕੀਤਾ ਜਾਵੇ ਤਾਂ ਉਸ ਨਾਲ ਅਭਿਮਾਨ ਉਪਜਦਾ ਹੈ। ਗੁਰੂ ਨਾਨਕ ਨੇ ਇਕ ਸ਼ਬਦ ਵਿਚ ਉਚੀ ਲੰਮੀ, ਭਰਵੇਂ ਜੋਬਨ ਵਾਲੀ ਸੁੰਦਰ ਮੁਟਿਆਰ ਦਾ ਚਿਤ੍ਰਨ ਕੀਤਾ ਹੈ, ਜੋ ਹੁਸਨ ਦੇ ਅਭਿਮਾਨ ਵਿਚ ਸੀਸ ਨੂੰ ਝੁਕਾ ਕੇ ਸੌਖਾਂ ਨਹੀਂ ਟੇਕਦੀ। ਉਸ ਨੂੰ ਗੰਭੀਰਤਾ ਸਿੱਖਣ ਦੀ ਪ੍ਰੇਰਨਾ ਕੀਤੀ ਹੈ। ਜਿਵੇਂ ਚੂਨੇ ਗੱਚ ਪਹਾੜ ਵਰਗੇ ਮਕਾਨ ਢਹਿ ਢੇਰੀ ਹੋ ਜਾਂਦੇ ਹਨ, ਇਸੇ ਤਰ੍ਹਾਂ ਸੁੰਦਰਤਾ ਵੀ ਪਰਛਾਵੇਂ ਵਾਂਗ ਢਲ ਜਾਂਦੀ ਹੈ।[1]

---

1. ਉਤੰਗੀ ਪੈਓਹਰੀ ਗਹਿਰੀ ਗੰਭੀਰੀ।
ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ।
ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ।
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ। (ਸਲੋਕ ਵਾਰਾਂ ਤੇ ਵਧੀਕ) 1410

ਕੁਦਰਤ ਦੀ ਸੁੰਦਰਤਾ ਬਾਰੇ ਵਿਚਾਰ

'ਬਲਿਹਾਰੀ ਕੁਦਰਤਿ ਵਸਿਆ' ਦਾ ਵਿਚਾਰ ਦੇਣ ਵਾਲੇ ਗੁਰੂ ਨਾਨਕ ਸਾਹਿਬ ਕੁਦਰਤ ਪ੍ਰਤਿ ਖਿੱਚ ਰਖਦੇ ਸਨ ਅਤੇ ਉਸਦੀ ਸੁੰਦਰਤਾ ਦੀ ਪ੍ਰਸੰਸਾ ਕੀਤੀ ਹੈ। ਕੁਦਰਤ ਸੁੰਦਰ ਪ੍ਰਭੂ ਦੀ ਸੁੰਦਰ ਰਚਨਾ ਹੈ। ਕੁਦਰਤ ਦਾ ਸੁੰਦਰ ਨਜ਼ਾਰਾ ਵੇਖਿਆਂ ਇਸ ਵਿਚੋਂ 'ਕਾਦਰ' ਦਾ ਜਲਵਾ ਅਨੁਭਵ ਹੁੰਦਾ ਹੈ। ਇਸ ਕਰਕੇ ਗੁਰੂ ਨਾਨਕ ਨੇ ਕੁਦਰਤੀ ਸੁੰਦਰਤਾ ਨੂੰ ਪਿਆਰਿਆਂ ਸਲਾਹਿਆ ਅਤੇ ਆਪਣੇ ਮਨੋਭਾਵਾਂ ਦੇ ਪ੍ਰਗਟਾ ਦਾ ਮਾਧਿਅਮ ਬਣਾਇਆ ਹੈ। ਆਪਣੀ ਬਹੁਤੀ ਬਿੰਬਾਵਲੀ ਲਈ ਸਮੱਗ੍ਰੀ ਕੁਦਰਤ ਵਿਚੋਂ ਹੀ ਲਈ ਗਈ ਹੈ। ਕੁਦਰਤ ਕਾਦਰ ਦੀ ਅਨੂਪਮ ਰਚਨਾ ਹੋਣ ਕਰਕੇ ਫਾਹੀ ਜਾਂ ਬੰਧਨ ਨਹੀਂ।[1] ਹਰ ਪ੍ਰਕਾਰ ਦੀ ਕੁਦਰਤ ਉਸੇ ਨੇ ਹੀ ਬਣਾਈ ਹੈ:

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀਨਾਈ ਪਾਕੁ। (ਵਾਰ ਆਸਾ) 464

ਸੂਰਜ ਅਤੇ ਚੰਦਰਮਾ ਵਿਚ 'ਉਸੇ ਦੀ' ਅਨੂਪਮ ਜੋਤੀ ਪ੍ਰਗਟ ਹੋਈ ਹੈ:

ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ। (ਸਿਰੀ ਰਾਗ) 57

ਆਪਣੀ ਬਾਣੀ ਵਿਚ ਭੂਗੋਲਕ ਰੁੱਤਾਂ, ਬਨਸਪਤੀ ਅਤੇ ਪਸ਼ੂ ਪੰਛੀਆਂ ਦਾ ਚਿਤ੍ਰਨ ਅਧਿਕਤਰ ਕੀਤਾ ਮਿਲਦਾ ਹੈ। ਕੁਦਰਤ ਸਾਡੀ ਮਾਨਸਕ ਦਸ਼ਾ ਨਾਲ ਸਾਂਝ ਵੀ ਪਾਂਦੀ ਹੈ ਅਤੇ ਮਨੋਭਾਵਾਂ ਨੂੰ ਉਭਾਰਦੀ ਵੀ ਹੈ, ਜਿਵੇਂ:

ਚੇਤੁ ਬਸੰਤੁ ਭਲਾ ਭਵਰੁ ਸੁਹਾਵੜੇ। ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ।

...

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ। (ਤੁਖਾਰੀ) 1108

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ। (ਵਡਹੰਸ) 558

ਬਾਰਾਂ ਮਾਹ ਵਿਚ ਆਪ ਨੇ ਕੁਦਰਤ ਦਾ ਬੜਾ ਸੁੰਦਰ ਚਿਤ੍ਰਨ ਕੀਤਾ ਹੈ। ਬਦਲਦੀ ਹੋਈ ਹਰ ਇਕ ਰੁਤ ਹੀ ਚੰਗੀ ਲਗਦੀ ਹੈ, ਇਥੋਂ ਤਕ ਕਿ ਹਾੜ ਦਾ ਮਹੀਨਾ ਵੀ:

ਆਸਾੜੁ ਭਲਾ ਸੂਰਜੁ ਗਗਨਿ ਤਪੈ। (ਤੁਖਾਰੀ) 1108

ਆਪ ਦੇ ਇਸ ਸ਼ਬਦ ਵਿਚੋਂ ਕੁਦਰਤ ਪਿਆਰ ਦੀ ਰੀਝ ਅਤੇ ਇਸ ਦਾ ਮਹੱਤਵ ਪਰਤੱਖ ਹੈ:
ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ।
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ।

..

1. Instead of regarding nature as a snare, see in it the glory of its author' Guru Nanak and Indian Religious Thought', p.75.

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦੁ ਬੀਚਾਰੁ।
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ।
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ।
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ।
ਨਾਗਨਿ ਹੋਵਾ ਧਰ ਬਸਾ ਸਬਦੁ ਵਸੈ ਭਉ ਜਾਇ।
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ। (ਗਉੜੀ ਬੈਰਾਗਣਿ)157

ਸ਼ਬਦ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ' ਵਿਚ ਵਿਸ਼ਾਲ ਪ੍ਰਕਿਰਤੀ ਵਲੋਂ ਪਰਮਾਤਮਾ ਦੀ ਕੀਤੀ ਜਾ ਰਹੀ ਆਰਤੀ ਦਾ ਇਕ ਮਹੱਤਵ ਪੂਰਣ ਮੌਲਿਕ ਵਿਚਾਰ ਹੈ। ਇਸ ਤੋਂ ਕਾਦਰ ਅਤੇ ਕੁਦਰਤ ਦਾ ਸੰਬੰਧ ਵੀ ਪ੍ਰਤੱਖ ਹੈ।

ਪਰਮਾਤਮਾ ਦੀ ਅਨੁਭੂਤੀ ਨੂੰ ਵਿਅਕਤ ਕਰਨ ਲਈ ਵੀ ਪ੍ਰਕ੍ਰਿਤੀ ਵਿਚੋਂ ਬਿੰਬ ਸਿਰਜੇ ਹਨ, ਜਿਵੇਂ:

ਸੂਰਜ ਏਕੋ ਰੁਤਿ ਅਨੇਕ। ਨਾਨਕ ਕਰਤੇ ਕੇ ਕੇਤੇ ਵੇਸ। (ਗਉੜੀ ਦੀਪਕੀ)12

ਤੂ ਸਰੁ ਸਾਗਰੁ ਗੁਣ ਗਹੀਰੁ ਤੂ ਅਕੁਲ ਨਿਰੰਜਨੁ ਪਰਮ ਹੀਰੁ।[1]
(ਬਸੰਤ)1190

<u>ਕਲਾ ਦੀ ਸੁੰਦਰਤਾ ਬਾਰੇ ਵਤੀਰਾ</u>

ਕਲਾ ਅਤੇ ਸੁੰਦਰਤਾ ਪਰਸਪਰ ਆਧਾਰਤ ਹਨ। ਸੁੰਦਰਤਾ ਕਲਾ ਨੂੰ ਜਨਮ ਦਿੰਦੀ ਹੈ। ਕਲਾ ਦੀ ਸੁੰਦਰਤਾ ਆਨੰਦ ਦਾਇਕ ਹੈ। ਪਰਮਾਤਮਾ ਨੂੰ ਸਤਮ-ਸ਼ਿਵੰ-ਸੁੰਦਰੰ ਕਿਹਾ ਗਿਆ ਹੈ। ਸੁੰਦਰ ਪ੍ਰਭੂ ਇਕ ਮਹਾਨ ਕਲਾਕਾਰ ਹੈ, ਜਿਸਨੇ ਵੰਨ ਸੁਵੰਨੀ ਰਚਨਾ ਕੀਤੀ ਹੈ। ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਲਿਖਿਆ ਹੈ:

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।

ਕਲਾ ਆਨੰਦ ਦੀ ਸਿਰਜਕ ਹੈ। ਮਨੁੱਖੀ ਦ੍ਰਿਸ਼ਟੀ ਦਾ ਆਨੰਦ ਵਲ ਰੁਖ ਕਰਦੀ ਹੈ। ਪਰਮਾਤਮਾ ਆਨੰਦ ਸਰੂਪ ਵੀ ਹੈ। ਉਸਦੀ ਰਚੀ ਕੁਦਰਤ ਆਨੰਦਮਈ ਹੁਲਾਰਾ ਦਿੰਦੀ ਹੈ। ਗੁਰੂ ਨਾਨਕ ਅਨੁਸਾਰ ਵੀ ਕਲਾ-ਸੁੰਦਰਤਾ ਜਾਂ ਕੁਦਰਤ-ਸੁੰਦਰਤਾ ਨੂੰ ਮਾਨਣਾ ਲਕਸ਼ ਨਹੀਂ ਹੈ, ਸਗੋਂ ਪ੍ਰੇਰਤ ਹੋ ਕੇ ਸੁੰਦਰ-ਕਰਤਾਰ ਦੇ ਨਿਕਟ ਦਾ ਪਰਮ ਆਨੰਦ ਪ੍ਰਾਪਤ ਕਰਨਾ ਹੈ।[2] ਦ੍ਰਿਸ਼ਟੀ ਕੁਦਰਤ

1. ਕੁਦਰਤ ਸੰਬੰਧੀ ਹੋਰ ਵੇਖੋ ਅਧਿਆਇ ਛੇਵਾਂ ਵਿਚ 'ਕੁਦਰਤ ਦਾ ਸੰਕਲਪ'।
2. ਸਿੱਖ ਰਹੱਸਵਾਦੀ ਪ੍ਰਮੁੱਖ ਕਵੀ ਭਾਈ ਵੀਰ ਸਿੰਘ ਨੇ ਇਸ ਵਿਚਾਰ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ:

ਅਖੀਂ ਨਾਲ ਪਿਆ ਰਸ ਪੀਵੀਂ ਤ੍ਰਿਸ਼ਨਾ ਹੋਰ ਵਿਸਾਰੀਂ ਚਾ।
ਤਦ ਸਾਬਤ ਨਾਹੇ ਵਿਚ ਜਾਵੇਂ ਨਹੀਂ ਜਾਸੇਂ ਆਪ ਖੁੰਝਾ। (ਵਰਜਿਤ ਵਾੜੀ)

ਜਾਂ ਕਲਾ ਤੋਂ ਬਲਿਹਾਰ ਹੋਣ ਦੀ ਨਹੀਂ ਹੋਣੀ ਚਾਹੀਦੀ, ਸਗੋਂ ਉਸਦੇ ਸਿਰਜਕ ਤੋਂ ਕੁਰਬਾਨ ਹੋਣ ਦੀ ਭਾਵਨਾ ਹੈ। 'ਬਲਿਹਾਰੀ ਕੁਦਰਤ ਵਸਿਆ' ਸ਼ਬਦ ਇਸੇ ਵਿਚਾਰ ਦੇ ਲਖਾਇਕ ਹਨ। ਪਰ ਆਸ਼ਾ ਦਾਤ ਰੂਪੀ ਕੁਦਰਤ ਦੇ ਸੀਮਤ ਆਨੰਦ ਵਿਚ ਗਵਾਚ ਜਾਣਾ ਨਹੀਂ ਹੈ, ਸਗੋਂ ਦਾਤ ਤੋਂ ਦਾਤੇ ਵਲ ਵਧਣਾ ਹੈ।

ਕਵਿਤਾ ਇਕ ਉੱਤਮ ਕਲਾ ਹੈ। ਕਵੀ ਮਨ ਸੁੰਦਰ ਰਮਜ਼ਾਂ ਨੂੰ ਪਕੜ ਸਕਦਾ ਹੈ ਅਤੇ ਕਵਿਤਾ ਹਿਰਦੇ ਦੀ ਸੁੰਦਰਤਾ ਨੂੰ ਪ੍ਰਗਟਾਉਣ ਦੇ ਸਮਰਥ ਹੈ। ਗੁਰੂ ਨਾਨਕ ਸਾਹਿਬ ਆਪ ਇਕ ਕਵੀ ਸਨ। ਉਹ ਆਪ ਲਿਖਦੇ ਹਨ:

ਨਾਨਕੁ ਸਾਇਰੁ ਏਵ ਕਹਤੁ ਹੈ, ਸਚੇ ਪਰਵਦਗਾਰਾ। (ਧਨਾਸਰੀ) 660
ਕਰੇ ਕਰਾਏ ਸਭ ਕਿਛੁ ਜਾਣੈ, ਨਾਨਕ ਸਾਇਰ ਇਵ ਕਹਿਆ।
(ਆਸਾ ਪੱਟੀ) 434

ਕਲਾਕਾਰ ਕਵੀ ਜੋ ਕੁਝ ਕਹਿੰਦਾ ਹੈ 'ਸਤਿ ਚਿਤ ਆਨੰਦ' ਨਾਲ ਜਾਂ 'ਸ਼ਿਵੰ ਸੁੰਦਰੰ ਸਤਿਅੰ' ਨਾਲ ਇਕਸੁਰ ਹੋ ਕੇ ਕਹਿੰਦਾ ਹੈ। ਇਸੇ ਕਰਕੇ ਉਸ ਦੀ ਕਵਿਤਾ ਵਿਚ ਸੁੰਦਰਤਾ ਦਾ ਬਾਹਰਲਾ ਚਿਤ੍ਰਨ ਨਹੀਂ ਹੈ, ਧੁਰ ਅੰਤਰ ਦਾ ਪ੍ਰਗਟਾਉ ਹੈ ਅਤੇ ਉਸ ਕਲਾ ਦਾ ਨਕਸ਼ ਚਿੰਤਾ ਮੁਕਤ ਕਰਕੇ ਅਨੰਦ ਦੇਣਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ। (ਸੋਰਠਿ ਮ:5) 628

ਗੁਰੂ ਨਾਨਕ ਅਨੁਸਾਰ:

ਏਕੁ ਸਬਦੁ ਜਿਤੁ ਕਥਾ ਵੀਚਾਰੀ। ਗੁਰਮੁਖਿ ਹਉਮੈ ਅਗਨਿ ਨਿਵਾਰੀ।
(ਰਾਮਕਲੀ ਸਿਧ ਗੋਸਟਿ) 943

ਜੇ. ਬੇਲੀ ਨੇ ਠੀਕ ਹੀ ਕਿਹਾ ਸੀ ਕਿ ਕਵਿਤਾ ਆਪ ਇਕ ਈਸ਼ਵਰ ਦੀ ਵਸਤੂ ਹੈ। ਉਸ ਨੇ ਆਪਣੇ ਪੈਗੰਬਰਾਂ ਨੂੰ ਕਵੀ ਬਣਾਇਆ ਸੀ ਅਤੇ ਜਿੰਨਾ ਹੀ ਵਧੇਰੇ ਅਸੀਂ ਕਵਿਤਾ ਨੂੰ ਪ੍ਰਤੀਤ ਕਰੀਏ ਉਨਾ ਹੀ ਵਧੇਰੇ ਅਸੀਂ ਪ੍ਰੇਮ ਤੇ ਸ਼ਕਤੀ ਵਿਚ ਰੱਬ ਵਰਗੇ ਹੁੰਦੇ ਜਾਂਦੇ ਹਾਂ।[1]

ਆਪਣੀ ਅਨੁਭੂਤੀ ਦੀ ਵਿਅੰਜਨਾ ਲਈ ਗੁਰੂ ਨਾਨਕ ਨੇ ਕਾਵਿ ਕਲਾ ਦੀਆਂ ਪ੍ਰਚਲਤ ਕਈ ਵਿਧੀਆਂ ਨੂੰ ਅਪਣਾਇਆ ਹੈ। ਉਨ੍ਹਾਂ ਨੇ ਕਈ ਤਰ੍ਹਾਂ ਦੇ ਛੰਦ,[2] ਕਾਵਿ-ਰੂਪ[3] ਅਤੇ

---

1. ਗੁਰੂ ਨਾਨਕ: ਜੀਵਨ, ਦਰਸ਼ਨ ਅਤੇ ਕਾਵਿ ਕਲਾ, ਪੰਨਾ 303 ਉਤੇ ਉਦਾਹ੍ਰਿਤ.
2. ਆਪ ਦੀ ਬਾਣੀ ਵਿਚ ਵਰਤੇ ਗਏ ਕੁਝ ਵਿਸ਼ੇਸ਼ ਛੰਦ ਹਨ: ਉਮਾਹਾ, ਉਠਾਲਾ, ਉਪਮਾਨ, ਅਤਗੀਤਾ, ਸਵਈਆ, ਸਾਰ, ਸੋਰਠਾ, ਸੋਲਾਹਾ, ਝੂਲਨ, ਹੰਸ ਗਤਿ, ਕਲਸ, ਗੀਤਾ, ਚੌਪਈ, ਦਖਣਾ, ਤਾਟੰਕ, ਦੋਹਰਾ, ਪਉੜੀ, ਪਦ, ਧੁਨਹਾ ਜਾਂ ਭੁਨਹਾ ਅਤੇ ਰੂਪ ਮਾਲਾ (ਜਾਂ ਮਦਨ) ਆਦਿ। ਵੇਖੋ, ਓਹੀ, ਪੰਨੇ 307-10.
3. ਵਾਰ, ਬਾਰਾਂ ਮਾਹ, ਗੋਸ਼ਟਿ, ਪਟੀ, ਸ਼ਲੋਕ, ਅਸ਼ਟਪਦੀਆਂ, ਪਦੇ, ਛੰਦ, ਸੋਲਹੇ, ਥਿਤੀ, ਅਲਾਹੁਣੀਆਂ, ਪਹਰੇ ਆਦਿ। ਵੇਖੋ ਓਹੀ, ਪੰਨੇ 311-321.

ਅਲੰਕਾਰ[1] ਵਰਤੇ ਹਨ। ਗੁਰੂ ਨਾਨਕ ਤੋਂ ਪਹਿਲਾਂ ਕਈ ਲੋਕ ਵਾਰਾਂ ਵੱਖ ਵੱਖ ਧੁਨੀਆਂ ਤੇ ਜਾਂਦੀਆਂ ਸਨ। ਇਹ ਵਾਰਾਂ ਬੀਰ-ਰਸਵਾਂ ਹੁੰਦੀਆਂ ਸਨ। ਗੁਰੂ ਨਾਨਕ ਨੇ ਪ੍ਰਚਲਤ ਲੋਕ ਵਾਰਾਂ ਦੀਆਂ ਧੁਨੀਆਂ ਨੂੰ ਤਾਂ ਅਪਣਾਇਆ ਹੈ ਪਰ ਉਨ੍ਹਾਂ ਨੂੰ ਅਧਿਆਤਮਕ ਅਨੁਭਵ ਦਾ ਮਾਧਿਅਮ ਬਣਾਇਆ। ਵਾਰਾਂ ਦੀਆਂ ਕੁਝ ਧੁਨੀਆਂ, ਜਿਨ੍ਹਾਂ ਨੂੰ ਆਪ ਨੇ ਆਧਾਰ ਬਣਾਇਆ ਉਹ ਹਨ: ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਧੁਨੀ, ਟੁੰਡੇ ਅਸਰਾਜੇ ਦੀ ਧੁਨੀ, ਰਾਣੇ ਕੈਲਾਸ਼ ਤਥਾ ਮਾਲਦੇ ਦੀ ਧੁਨੀ। ਗੁਰੂ ਨਾਨਕ ਦੀਆਂ ਵਾਰਾਂ ਨੇ ਅਧਿਆਤਮਕ ਵਾਰਾਂ ਦੀ ਇਕ ਨਵੀਂ ਪਰੰਪਰਾ ਟੋਰੀ। ਲੋਕ-ਕਾਵਿ ਦੇ ਹੋਰ ਰੂਪਾਂ ਨੂੰ ਵੀ ਗੁਰੂ ਨਾਨਕ ਨੇ ਅਧਿਆਤਮਕ ਅਨੁਭੂਤੀ ਲਈ ਵਰਤਿਆ ਜੋ ਪਰੰਪਰਾ ਵਿਚ ਇਕ ਨਵਾਂ ਪਰਿਵਰਤਨ ਸੀ। ਉਨ੍ਹਾਂ ਦੀ ਸ਼ਬਦ-ਜੜਤ ਵੀ ਬੜੀ ਢੁਕਵੀਂ ਅਤੇ ਸੁੰਦਰ ਹੈ। ਕਲਾ ਦੀ ਇਹ ਵਚਿੱਤ੍ਰਤਾ ਹੈ ਕਿ ਡੂੰਘੇ ਅਨੁਭਵਾਂ ਨੂੰ ਇਜ਼ਹਾਰ ਵਾਲੇ ਲਫ਼ਜ਼ ਜੋ ਵਧ ਤੋਂ ਵਧ ਢੁਕਵੇਂ ਹੋਣਗੇ ਉਹ ਵਧ ਤੋਂ ਵਧ ਸੁੰਦਰ ਵੀ ਹੋਣਗੇ। ਗੁਰੂ ਨਾਨਕ ਦੀ ਬਾਣੀ ਉਨ੍ਹਾਂ ਦੇ ਆਤਮਕ ਅਨੁਭਵਾਂ ਦਾ ਉੱਤਮ ਪ੍ਰਕਾਸ਼ ਕਰਦੀ ਹੋਈ ਸੁਹਜ-ਰਸ ਦੇਣ ਦੀ ਵੀ ਅਪਾਰ ਸ਼ਕਤੀ ਰਖਦੀ ਹੈ। ਜੇ ਆਤਮਰਸੀਏ ਇਸ ਵਿਚੋਂ ਆਤਮਕ-ਅਨੁਭਵਾਂ ਨੂੰ ਪੁਨਰ-ਜਾਗਰਤ ਕਰਨ ਦਾ ਅਨੰਦ ਮਾਣ ਸਕਦੇ ਹਨ ਤਾਂ ਕਲਾ ਰਸੀਏ ਇਸ ਵਿਚੋਂ ਆਪਣੇ ਸੁਹਜ-ਭਾਵਾਂ ਨੂੰ ਤ੍ਰਿਪਤ ਕਰਨ ਲਈ ਵੀ ਬਹੁਤ ਕੁਝ ਪ੍ਰਾਪਤ ਕਰ ਲੈਂਦੇ ਹਨ।[2] ਸਰਲ ਅਤੇ ਸਾਦੀ ਭਾਸ਼ਾ ਵਿਚ ਉੱਤਮ ਪਰਕਾਰ ਦਾ ਸੁਹਜਾਤਮਕ ਰਸ ਦੇਣ ਤੇ ਡੂੰਘੇ ਭਾਵ ਉਪਜਾ ਸਕਣ ਵਾਲੀ ਕਵਿਤਾ ਟਾਵੀਂ ਹੀ ਹੋਰ ਮਿਲੇਗੀ।[3]

<u>ਸੰਗੀਤ-ਰਾਗ</u>

ਸੰਗੀਤ ਜਾਂ ਰਾਗ ਮਨੋਵੇਗਾਂ ਨੂੰ ਵਿਅਕਤ ਕਰਨ, ਮਨ ਨੂੰ ਇਕਾਗਰ ਕਰਕੇ ਆਸ਼ੇ ਦਾ ਪ੍ਰਭਾਵ ਪਾਉਣ ਅਤੇ ਅਨੁਕੂਲ ਵਾਤਾਵਰਨ ਉਸਾਰਨ ਦੀ ਇਕ ਪ੍ਰਮੁੱਖ ਵਿਧੀ ਹੈ। ਸੰਗੀਤ ਮਨ ਨੂੰ ਤਰੰਗਤ ਕਰਦਾ ਹੈ, ਭਾਵਕ ਬਣਾਉਂਦਾ ਹੈ ਅਤੇ ਉਸ ਅਵਸਥਾ ਵਿਚ ਜੇ ਇਸ ਨੂੰ ਠੀਕ ਹੁਲਾਰਾ ਜਾਂ ਸੇਧ ਨਾ ਮਿਲੇ ਤਾਂ ਉਲਾਰ ਬਿਰਤੀ ਉਪਜਾਂਦਾ ਹੈ। ਗੁਰੂ ਨਾਨਕ ਨੇ ਸੰਗੀਤ ਕਲਾ ਦੀ ਸੁੰਦਰਤਾ ਕੇਵਲ ਕਲਾ ਦੇ ਤੌਰ ਤੇ ਨਹੀਂ ਵਰਤੀ ਸਗੋਂ ਉਸ ਨੂੰ ਉਚੇਰੇ ਲਕਸ਼ ਦਾ ਮਾਧਿਅਮ ਵੀ ਬਣਾਇਆ ਹੈ। ਗੁਰੂ ਸਾਹਿਬਾਨ ਨੇ ਰਾਗ ਕਲਾ ਦੇ ਮਹੱਤਵ ਨੂੰ ਸਵੀਕਾਰ ਕੀਤਾ, ਜਿਸ ਨੂੰ ਭਾਵ ਜਾਂ ਵਿਚਾਰ ਵਿਅੰਜਨਾਂ ਲਈ ਅਮੋਲਕ ਸਮਝਿਆ। ਪਰਮਾਤਮਾ ਆਪ ਰਾਗ ਰੂਪ ਹੈ।[4]

---

1. ਵੇਖੋ ਡਾ: ਕਾਲਾ ਸਿੰਘ ਬੇਦੀ ਰਚਿਤ ਪੁਸਤਕ - ਗੁਰੂ ਨਾਨਕ ਕਾਵਿ ਵਿਗਿਆਨ.
2. ਪ੍ਰੀਤਮ ਸਿੰਘ, ਗੁਰੂ ਨਾਨਕ ਦੀ ਸੁਹਜ ਕਲਾ, ਪੰਨਾ 13
3. ਉਹੀ, ਪੰਨਾ 25
4. ਨਮੋ ਰਾਗ ਰੂਪੇ। (ਜਾਪੁ ਸਾਹਿਬ)

ਉਸ ਦੇ ਸੰਗੀਤਾਲਯ ਵਿਚ ਉੱਚ ਕੋਟੀ ਦੇ ਰਾਗੀ ਕਈ ਤਰ੍ਹਾਂ ਦੇ ਸੰਗੀਤ ਸਾਜ਼ਾਂ ਨਾਲ ਉਸਤਤ ਗਾ ਰਹੇ ਹਨ।[1] ਇਸ ਲਈ ਰਾਗ ਦਾ ਮਨੋਰਥ ਰਾਗ ਰੂਪ ਪ੍ਰਭੂ ਨੂੰ ਹਿਰਦੇ ਵਿਚ ਵਸਾਣਾ ਹੈ। ਇਹ 'ਸਤਿ ਪੁਰਖ' ਵਾਂਗ ਸਤਿ ਹੈ। ਗੁਰੂ ਨਾਨਕ ਦੇਵ ਜੀ ਸੰਗੀਤ ਸੁੰਦਰਤਾ ਦਾ ਲਕਸ਼ ਦਸਦੇ ਹੋਏ ਸੋਰਠ ਰਾਗ ਬਾਰੇ ਕਹਿੰਦੇ ਹਨ:

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ। (ਵਾਰ ਸੋਰਠਿ) 642

ਗੁਰੂ ਨਾਨਕ ਨੇ 19 ਭਾਰਤੀ ਰਾਗਾਂ ਵਿਚ ਬਾਣੀ ਰਚੀ।[2] ਰਬਾਬੀ ਮਰਦਾਨੇ ਨੂੰ ਨਾਲ ਰੱਖਿਆ। ਸੰਗੀਤ ਦਾ ਮਹੱਤਵ ਸਮਝਾਇਆ ਅਤੇ ਆਪ ਦੇ ਸਿੱਖਾਂ ਨੇ ਇਸ ਨੂੰ ਅਪਣਾਇਆ। ਕੀਰਤਨ ਸ਼ਬਦ ਜਾਂ ਬਾਣੀ ਦਾ ਰਾਗ ਵਿਚ ਗਾਇਣ ਹੈ। ਗੁਰੂ ਨਾਨਕ ਦੀ ਚਲਾਈ ਹੋਈ ਘਰ ਘਰ ਕੀਰਤਨ ਕਰਨ ਦੀ ਮਰਯਾਦਾ ਅੱਜ ਵੀ ਵਿਸ਼ੇਸ਼ ਹੈ। ਸਿੱਖ ਸਭਿਆਚਾਰ ਦਾ ਇਹ ਇਕ ਮਹੱਤਵ ਪੂਰਨ ਅੰਗ ਹੈ। ਹਿੰਦੁਸਤਾਨ, ਵਿਸ਼ੇਸ਼ ਕਰਕੇ ਪੰਜਾਬ ਵਿਚ ਹਿੰਦੂਆਂ ਵਿਚ ਵੀ ਕੀਰਤਨ ਵਿਧੀ ਨਿਜੀ ਜਾਂ ਸਮਾਜਕ ਸਮਾਗਮਾਂ ਵਿਚ ਆਮ ਹੋ ਗਈ ਹੈ। ਇਹ ਗੁਰੂ ਨਾਨਕ ਦੀ ਸਥਾਪਿਤ ਮਰਯਾਦਾ ਦਾ ਹੀ ਪ੍ਰਭਾਵ ਹੈ।

## ਨ੍ਰਿਤ ਕਲਾ

ਗੁਰੂ ਨਾਨਕ ਨੇ ਨ੍ਰਿਤ ਕਲਾ ਨੂੰ ਅਪਰਵਾਨ ਕੀਤਾ ਹੈ, ਕਿਉਂਕਿ ਇਸ ਨਾਲ ਮਨ ਦੀ ਚੰਚਲਤਾ ਉਪਜਦੀ ਹੈ। ਪ੍ਰੇਮ ਦਾ ਸੰਬੰਧ ਹਿਰਦੇ ਨਾਲ ਹੈ, ਸਰੀਰਕ ਕਸਰਤ ਨਾਲ ਨਹੀਂ। ਚੰਚਲ ਮਨੁੱਖ ਰਸ ਵਿਚ ਨੱਚ ਉਠਦਾ ਹੈ। ਪਰ ਸਹਿਜ ਅਵਸਥਾ ਵਿਚ ਅੰਦਰ ਹੀ ਅੰਦਰ ਰਸ ਮਾਣੀਦਾ ਹੈ। ਅੰਦਰ ਹੀ ਅੰਦਰ ਮਸਤੀ ਦਾ ਰੰਗ ਚੜ੍ਹਦਾ ਹੈ, ਜੀਵ ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੈ। ਇਸ ਅਵਸਥਾ ਦਾ ਗੁਰੂ ਨਾਨਕ ਨੇ ਜ਼ਿਕਰ ਕੀਤਾ ਹੈ:

ਨਚਣੁ ਕੁਦਣੁ ਮਨ ਕਾ ਚਾਉ। (ਵਾਰ ਆਸਾ) 465

ਨਾਚ ਭਗਤੀ ਦਾ ਢੁਕਵਾਂ ਮਾਧਿਅਮ ਨਹੀਂ ਹੈ।[3] ਇਹ ਤਾਂ ਬਾਹਰਲੇ ਮਨੋਰੰਜਨ ਦਾ ਸਾਧਨ ਹੈ, ਜਿਸਨੂੰ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਧਰਮ-ਆਗੂਆਂ ਨੇ ਰੋਜ਼ੀ ਦਾ ਸਾਧਨ ਬਣਾ ਲਿਆ ਸੀ।[4] ਆਪ ਨੇ ਸਦਾਚਾਰਕ ਕੀਮਤਾਂ ਦੇ ਵਿਲੱਖਣ ਨਾਚ ਦਾ ਵਿਚਾਰ ਦ੍ਰਿੜ੍ਹ ਕਰਾਇਆ।[5]

---

1. ਵੇਖੋ ਜਪੁਜੀ ਵਿਚ ਸੋਦਰ ਵਾਲੀ ਪਉੜੀ
2. ਸਭਨਾ ਰਾਗਾਂ ਵਿਚਿ ਸੋ ਭਲਾ ਭਾਈ, ਜਿਤੁ ਵਸਿਆ ਮਨਿ ਆਇ।
   ਰਾਗੁ ਨਾਦੁ ਸਭੁ ਸਚੁ ਹੈ, ਕੀਮਤਿ ਕਹੀ ਨ ਜਾਇ। (ਸਲੋਕ ਵਾਰਾਂ ਤੋਂ ਵਧੀਕ ਮ: 4) 1423
3. ਨਚਿਐ ਟਪਿਐ ਭਗਤਿ ਨ ਹੋਇ। ਸਬਦਿ ਮਰੈ ਭਗਤਿ ਪਾਏ ਜਨ ਸੋਇ। (ਰਾਗ ਗਉੜੀ) 149
4. ਵਾਇਨਿ ਚੇਲੇ ਨਚਨਿ ਗੁਰ। ਪੈਰ ਹਲਾਇਨਿ ਫੇਰਨਿ ਸਿਰ।
   ਉਡਿ ਉਡਿ ਰਾਵਾ ਝਾਟੈ ਪਾਇ। ਵੇਖੈ ਲੋਕੁ ਹਸੈ ਘਰਿ ਜਾਇ।
   ਰੋਟੀਆ ਕਾਰਣਿ ਪੂਰਹਿ ਤਾਲ। ਆਪੁ ਪਛਾੜਹਿ ਧਰਤੀ ਨਾਲਿ। (ਵਾਰ ਆਸਾ) 465.
6. ਸਚੁ ਸੰਤੋਖ ਵਜਹਿ ਦੁਇ ਤਾਲ। ਪੈਰੀ ਵਾਜਾ ਸਦਾ ਨਿਹਾਲ। (ਆਸਾ) 350.

## ਸਭਿਆਚਾਰਕ ਮਨੁੱਖ ਦਾ ਸੰਕਲਪ

ਗੁਰੂ ਨਾਨਕ ਬਾਣੀ ਵਿਚ ਚਿਤ੍ਰਿਤ ਸਭਿਆਚਾਰਕ ਮਨੁੱਖ ਗੁਰਮੁਖ ਹੈ ਅਤੇ ਇਸ ਤੋਂ ਉਲਟ ਅਸਭਯ ਮਨੁੱਖ ਹੈ ਮਨਮੁਖ। ਗੁਰਮੁਖ ਉਹ ਹੈ ਜਿਸ ਵਿਚ ਗੁਰੂ ਵਾਲੇ ਗੁਣ ਵਿਦਮਾਨ ਹੁੰਦੇ ਹਨ। ਉਹ ਕੋਮਲ ਭਾਵੀ ਹੁੰਦਾ ਹੈ, ਜੋ ਉਹ ਪ੍ਰੇਮਾ-ਭਗਤੀ, ਸੇਵਾ, ਕੁਰਬਾਨੀ ਅਤੇ ਕੁਦਰਤ ਦੀ ਨਿਕਟਤਾ ਤੋਂ ਗ੍ਰਹਿਣ ਕਰਦਾ ਹੈ। ਉਹ ਮਨ ਕਰਕੇ ਬਲਵਾਨ ਹੁੰਦਾ ਹੈ, ਬੁੱਧੀ ਕਰਕੇ ਚੇਤੰਨ ਹੁੰਦਾ ਹੈ, ਆਤਮਿਕ ਤੌਰ ਤੇ ਉਹ ਪਰਮਾਤਮਾ ਨਾਲ ਇਕ ਸੁਰ ਹੋਇਆ ਹੁੰਦਾ ਹੈ ਅਤੇ ਜੀਵਨ ਦੀ ਸੰਜਮਤਾ ਕਰਕੇ ਉਸਦਾ ਸਰੀਰ ਅਰੋਗ ਜਾਂ ਰਿਸ਼ਟ ਪੁਸ਼ਟ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਦਾ ਪ੍ਰਮੁੱਖ ਲਕਸ਼ ਮਨੁੱਖ ਨੂੰ, ਜੋ ਮਨੁੱਖਤਾ ਤੋਂ ਗਿਰ ਕੇ ਵਿਨਾਸ਼ ਵਲ ਜਾ ਰਿਹਾ ਸੀ, ਗੁਰਮੁਖ ਬਣਾਉਣਾ ਸੀ। ਅਜਿਹਾ ਗੁਰਮੁਖ ਜਿਸਦਾ ਜੀਵਨ 'ਕੂੜ ਦੀ ਪਾਲ' ਤੋੜ ਕੇ ਸਚਿਆਰਾ ਬਣ ਜਾਵੇ, ਜੋ ਸੁਆਰਥ ਕਾਰਨ ਸਮਾਜ ਵਿਚ ਫੈਲੇ ਹੋਏ ਸੰਘਣੇ ਹਨੇਰੇ ਨੂੰ ਪਰਉਪਕਾਰ ਦਾ ਪਰਵਾਹ ਚਲਾ ਕੇ ਚਾਨਣੇ ਵਿਚ ਬਦਲ ਸਕੇ। ਪਸ਼ੂ ਤੋਂ ਮਨੁੱਖ ਅਤੇ ਮਨੁੱਖ ਦਾ ਸਮਾਜ ਵਿਕਸਿਤ ਹੈ। ਗੁਰੂ ਦਾ ਕਰਤੱਵ ਹੈ ਮਨੁੱਖ ਤੋਂ ਦੇਵ ਬਣਾਉਣਾ[1]। ਐਸੇ ਗੁਰਮੁਖ ਵੀ ਦੇਵਤਵ ਦੇ ਗੁਣ ਲੋਚਦਾ ਹੈ। ਉਹੋ ਜਿਹਾ ਦੁਨਿਆਂ ਨੂੰ ਬਣਾਉਣ ਦਾ ਯਤਨ ਕਰਦਾ ਹੈ। ਡਾ: ਜੱਗੀ ਅਨੁਸਾਰ ਸੁੰਦਰ, ਸ਼ਕਤੀਵਰ, ਸਰਵੱਗ ਅਤੇ ਸਤਿ ਆਚਾਰਕ ਵਿਅਕਤਿਤ੍ਵ ਹੀ ਗੁਰੂ ਨਾਨਕ ਦੇ ਆਦਰਸ਼-ਮਨੁੱਖ ਦਾ ਮੂਲਾਧਾਰ ਹੈ। ਅਜਿਹੇ ਸਰਬ ਗੁਣ ਸੰਪੰਨ ਵਿਅਕਤੀ ਨੂੰ ਗੁਰੂ ਨਾਨਕ ਦੇ ਭਾਵਨਾ ਜਗਤ ਵਿਚ 'ਗੁਰਮੁਖ' ਕਿਹਾ ਜਾਂਦਾ ਹੈ।[2] ਗੁਰੂ ਨਾਨਕ ਦਾ ਸਭਿਆਚਾਰਕ ਮਨੁੱਖ, ਗੁਰਮੁਖ ਆਪ ਹੀ ਸੁਰਖਰੂ ਨਹੀਂ ਹੁੰਦਾ, ਸਗੋਂ ਹੋਰਨਾਂ ਦੀ ਵੀ ਕਲਿਆਣ ਕਰਨ ਦੀ ਭਾਵਨਾ ਰਖਦਾ ਹੈ।

ਗੁਰਮੁਖ ਦੇ ਕਈ ਲੱਛਣ ਗੁਰੂ ਨਾਨਕ ਬਾਣੀ ਵਿਚ ਚਿਤ੍ਰਿਤ ਹੋਏ ਹਨ। ਨਿਮਨ ਲਿਖਿਤ ਪੰਕਤੀਆਂ ਵਿਚ ਦੱਸਿਆ ਹੈ ਕਿ ਸ਼ਬਦ ਦੀ ਵੀਚਾਰ ਕਰਦਾ ਗੁਰਮੁਖ ਮੁਕਤ ਹੁੰਦਾ ਹੈ। ਉਸ ਨੂੰ ਜੀਵਨ ਵਿਚ ਹਾਰ ਨਹੀਂ ਹੁੰਦੀ। ਉਹ ਪ੍ਰਭੂ-ਮਿਹਰ ਦਾ ਪੁਲ ਬੰਨ੍ਹ ਕੇ ਸਰੀਰ ਰੂਪੀ ਲੰਕਾ ਦਾ ਜੇਤੂ ਹੁੰਦਾ ਹੈ। ਉਹ ਵਿਕਾਰ ਆਦਿ ਰਾਵਣ ਨੂੰ ਸੰਘਾਰ ਦਿੰਦਾ ਹੈ। ਗੁਰੂ ਸ਼ਬਦ ਦੁਆਰਾ ਰਹੱਸ(ਭੇਦ) ਦਾ ਜਾਣੂ ਹੁੰਦਾ ਹੈ, ਸੰਸਾਰ-ਸਾਗਰ ਤੋਂ ਪੱਥਰ ਰੂਪੀ ਮਨੁੱਖ ਤਾਰ ਦਿੰਦਾ ਹੈ। ਉਹ ਆਵਾਗਵਨ ਤੋਂ ਮੁਕਤ ਹੁੰਦਾ ਹੈ, ਚੰਗੇ ਮੰਦੇ ਦੀ ਉਸ ਨੂੰ ਪਛਾਣ ਹੁੰਦੀ ਹੈ। ਉਹ ਲੋਕ ਪਰਲੋਕ ਵਿਚ ਮਾਣ ਪਾਂਦਾ ਹੈ;

---

1. ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ। (ਵਾਰ ਆਸਾ ਮ:1) 62-63.
2. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 210.

ਮੁਕਤਿ ਮਹਾ ਸੁਖ ਗੁਰ ਸਬਦ ਬੀਚਾਰਿ। ਗੁਰਮੁਖਿ ਕਦੇ ਨ ਆਵੈ ਹਾਰਿ।

. . .

ਗੁਰਮੁਖਿ ਬਾਧਿਓ ਸੇਤੁ ਬਿਧਾਤੈ। ਲੰਕਾ ਲੂਟੀ ਦੈਤ ਸੰਤਾਪੈ।
ਰਾਮਚੰਦਿ ਮਾਰਿਓ ਅਹਿ ਰਾਵਣੁ। ਭੇਦੁ ਬਭੀਖਣ ਗੁਰਮੁਖਿ ਪਰਚਾਇਣੁ।
ਗੁਰਮੁਖਿ ਸਾਇਰਿ ਪਾਹਣ ਤਾਰੇ। ਗੁਰਮੁਖਿ ਕੋਟਿ ਤੇਤੀਸ ਉਧਾਰੇ।
ਗੁਰਮੁਖਿ ਚੂਕੈ ਆਵਣ ਜਾਣੁ। ਗੁਰਮੁਖਿ ਦਰਗਹ ਪਾਵੈ ਮਾਣੁ।
ਗੁਰਮੁਖਿ ਖੋਟੇ ਖਰੇ ਪਛਾਣੁ। ਗੁਰਮੁਖਿ ਲਾਗੈ ਸਹਜਿ ਧਿਆਨੁ।
(ਸਿਧ ਗੋਸਟਿ) 942

ਗੁਰਮੁਖ ਦੁਖ ਸੁਖ ਤੋਂ ਅਤੀਤ ਹੁੰਦਾ ਹੈ ਅਰਥਾਤ ਉਹ ਅਡੋਲ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਉਸਦਾ ਜੀਵਨ ਸੰਤੁਲਤ ਹੁੰਦਾ ਹੈ। ਉਸਦੇ ਇਸ ਲੱਛਣ ਨੂੰ ਕਈ ਵਾਰੀ ਦੁਹਰਾਇਆ ਗਿਆ ਹੈ। ਉਦਾਹਰਣ ਵਜੋਂ ਵੇਖੋ ਦੋ ਪੰਕਤੀਆਂ:

ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ।
(ਮਾਰੂ ਸੋਲਹੇ) 1032

ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ।
(ਮਾਰੂ ਸੋਲਹੇ) 1037

ਗੁਰਮੁਖ ਖੁਸ਼ੀ, ਗ਼ਮੀ ਅਤੇ ਮਾਇਆ ਦੇ ਹਰ ਪ੍ਰਭਾਵ ਤੋਂ ਨਿਰਲੇਪ ਹੁੰਦਾ ਹੈ:

ਗੁਰਮੁਖਿ ਭਏ ਨਿਰਾਸ ਪਰਮ ਸੁਖ ਪਾਇਆ।
ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ।
ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ। (ਸਾਰੰਗ) 1249

ਗੁਰਮੁਖ ਦਾ ਜੀਵਨ ਸਤਿ ਦਾ ਜੀਵਨ ਹੈ। ਸੱਚੇ ਪ੍ਰਭੂ ਦੀ ਆਗਿਆ ਵਿਚ ਰਹਿੰਦਾ ਹੈ। ਝੂਠ ਉਸ ਨੂੰ ਉਕਾ ਹੀ ਚੰਗਾ ਨਹੀਂ ਲਗਦਾ:

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ। (ਸਿਰੀ ਰਾਗ) 22

. . .

ਬੋਲਹਿ ਸਾਚੁ ਮਿਥਿਆ ਨਹੀ ਰਾਈ। ਚਾਲਹਿ ਗੁਰਮੁਖਿ ਹੁਕਮਿ ਰਜਾਈ।
(ਰਾਗ ਗਉੜੀ) 227

ਗੁਰਮੁਖ ਸਦਾ ਹੀ ਸ਼ੁੱਧ ਰਹਿੰਦਾ ਹੈ, ਮੰਦ-ਚਿੰਤਨ ਨਾਲ ਕਿਸੇ ਪ੍ਰਕਾਰ ਦੀ ਮੈਲ ਅੰਦਰ ਲੱਗਣ ਨਹੀਂ ਦਿੰਦਾ ਅਤੇ ਅੰਤ ਨੂੰ ਪਰਮ ਜੋਤੀ ਵਿਚ ਸਮਾ ਜਾਂਦਾ ਹੈ:

ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਗੁਰਮੁਖਿ ਰੈਣ ਅੰਧਾਰਿ।
(ਰਾਗ ਗੂਜਰੀ) 489

ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਇ। (ਧਨਾਸਰੀ) 689

ਉਸ ਨੇ ਹਰੀ ਦੇ ਨਾਮ ਦੇ ਪਾਣੀ ਨਾਲ ਹਿੰਸਾ, ਮੋਹ, ਲੋਭ ਅਤੇ ਕ੍ਰੋਧ ਰੂਪੀ ਅਗਨੀਆਂ ਜਿਸ ਦੁਆਰਾ ਸਮਾਜ ਵਿਚ ਝਗੜੇ ਜਾਂ ਅਸ਼ਾਂਤੀ ਭੜਕੀ ਰਹਿੰਦੀ ਹੈ, ਬੁਝਾ ਚੁੱਕਾ ਹੁੰਦਾ ਹੈ:

ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ। (ਸਿਰੀ ਰਾਗ) 21

ਗੁਰਮੁਖ ਕਿਸੇ ਦੀ ਚੁਗਲੀ ਨਿੰਦਾ ਜਾਂ ਬੇਲੋੜੀ ਵਡਿਆਈ ਵੀ ਨਹੀਂ ਕਰਦਾ:

ਗੁਰਮੁਖਿ ਬੂਝੈ ਸਬਦਿ ਪਤੀਜੈ। ਉਸਤਤਿ ਨਿੰਦਾ ਕਿਸ ਕੀ ਕੀਜੈ।
(ਮਾਰੂ) 1041

ਗੁਰਮੁਖ ਵਿਚ ਵੈਰ ਵਿਰੋਧ ਦੀ ਭਾਵਨਾ ਨਹੀਂ ਹੁੰਦੀ, ਸਾਰਿਆਂ ਨਾਲ ਮਿੱਤ੍ਰਤਾ ਅਤੇ ਸਦਭਾਵਨਾ ਰਖਦਾ ਹੈ:

ਗੁਰਮੁਖਿ ਵੈਰ ਵਿਰੋਧ ਗਵਾਵੈ। ਗੁਰਮੁਖ ਸਗਲੀ ਗਣਤ ਮਿਟਾਵੈ।
(ਰਾਮਕਲੀ) 942

ਜਿਸ ਨੇ ਮਨ ਨੂੰ ਜਿੱਤ ਲਿਆ ਹੋਵੇ, ਉਹ ਸਾਰੇ ਜਗਤ ਨੂੰ ਜਿੱਤ ਲੈਂਦਾ ਹੈ। ਗੁਰਮੁਖ ਦੀ ਇਹ ਪਛਾਣ ਹੈ ਕਿ ਉਸ ਨੇ ਮਨ ਨੂੰ ਜਿੱਤਿਆ ਹੁੰਦਾ ਹੈ। ਹੰਕਾਰ ਆਦਿ ਵਿਕਾਰ ਉਸ ਨੇ ਸੋਧ ਲਏ ਹਨ।

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ। (ਸਿਧ ਗੋਸਟਿ) 946

ਡਾ: ਜਸਬੀਰ ਸਿੰਘ ਦੇ ਕਥਨ ਵਿਚ ਸਚਾਈ ਹੈ ਕਿ ਗੁਰਮੁਖਤਾ ਦਾ ਆਦਰਸ਼ ਸਥਾਪਿਤ ਕਰਦਿਆਂ ਗੁਰੂ ਨਾਨਕ ਨੇ ਮਨੁੱਖ ਨੂੰ ਆਪਣੀ ਮੂਲ ਪ੍ਰਕਿਰਤੀ ਦਾ ਪੁਨਰ-ਉਥਾਨ ਕਰਨ ਅਤੇ ਆਪਣੀ ਹੋਂਦ ਦੀਆਂ ਸਰਬ-ਉੱਚ ਸੰਭਾਵਨਾਵਾਂ ਸਿੱਧ ਕਰਨ ਦੀ ਪ੍ਰੇਰਨਾ ਕੀਤੀ ਹੈ। ਮੁਢਲੇ ਮਨੁੱਖ ਅਤੇ ਆਦਰਸ਼ਕ ਮਨੁੱਖ ਵਿਚਲੀ ਨੈਤਿਕ-ਅਧਿਆਤਮਕ ਵਿੱਥ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਜੀ ਨੇ ਇਕ ਅਸੀਮ ਸੰਭਾਵਨਾਵਾਂ ਭਰਪੂਰ ਮਨੁੱਖੀ ਪ੍ਰਕਿਰਤੀ ਦਾ ਸੰਕਲਪ ਸਾਹਮਣੇ ਰੱਖਿਆ ਹੈ। ਆਦਰਸ਼ ਮਨੁੱਖ ਬਣ ਕੇ ਹੀ ਮਨੁੱਖ ਆਪਣੀ ਮਨੁੱਖਤਾ ਦੇ ਗੌਰਵ ਨੂੰ ਉਜਾਗਰ ਕਰ ਸਕਦਾ ਹੈ।[1]

---

1. ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਪੰਨਾ 80.

ਨਿਮਰਤਾ, ਸਹਿਨਸ਼ੀਲਤਾ, ਦਇਆ, ਖਿਮਾ, ਨਿਡਰਤਾ, ਨਿਰਵੈਰਤਾ ਆਦਿ ਗੁਣ ਗੁਰਮੁਖ ਵਿਚ ਵਿਦਮਾਨ ਹੁੰਦੇ ਹਨ। ਗੁਰਮੁਖ ਹੀ ਪੂਰਨ ਮਨੁੱਖ ਹੈ।

## ਮਨਮੁਖ

ਮਨਮੁਖ ਅਸਭ੍ਯ ਹੈ। ਉਹ ਮਨ ਦੇ ਆਖੇ ਹੀ ਸਭ ਕੁਝ ਕਰਦਾ ਹੈ। ਜਿਵੇਂ ਮਨ ਤਰੰਗ ਉਠਦੀ ਹੈ, ਉਸੇਤਰ੍ਹਾਂ ਕਰਨ ਲਗ ਪੈਂਦਾ ਹੈ। ਗੁਰੂ ਆਗਿਆ ਜਾਂ ਸਮਾਜ ਦੇ ਨੈਤਿਕ ਵਿਧਾਨ ਦੀ ਵੀ ਪਰਵਾਹ ਨਹੀਂ ਕਰਦਾ। ਡਾ: ਜੱਗੀ ਅਨੁਸਾਰ ਜੋ ਮਨੁੱਖ ਅੰਧਕਾਰਯੁਕਤ ਮਨ ਦਾ ਸਹਾਰਾ ਲੈ ਕੇ ਸੰਸਾਰਿਕਤਾ ਨੂੰ ਹੀ ਸਭ ਕੁਝ ਸਮਝ ਬਹਿੰਦਾ ਹੈ ਅਤੇ ਪਰਮਾਰਥਿਕ ਆਨੰਦ ਵਲ ਧਿਆਨ ਨਹੀਂ ਦਿੰਦਾ, ਉਹ ਗੁਰੂ ਨਾਨਕ ਦੀ ਭਾਸ਼ਾ ਵਿਚ ਮਨਮੁਖ ਹੈ।[1]

ਗੁਰੂ ਨਾਨਕ ਅਨੁਸਾਰ ਅਸਭ੍ਯ ਮਨੁੱਖ-ਮਨਮੁਖ ਦਾ ਜੀਵਨ ਗੁਰਮੁਖ ਤੋਂ ਉਲਟ ਝੂਠ ਤੇ ਆਧਾਰਤ ਹੈ। ਸੱਚ ਉਸ ਨੂੰ ਚੰਗਾ ਨਹੀਂ ਲਗਦਾ:

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ।
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ। (ਆਸਾ ਅਸ਼ਟਪਦੀਆਂ)419

ਉਹ ਝੂਠ ਦੀ ਪੂੰਜੀ ਨਾਲ ਹੀ ਵਪਾਰ ਕਰਦਾ ਹੈ:

ਕੂੜ ਸਰਣਾਈ ਲੂਟੀਐ ਮਨਮੁਖ ਖੋਟੀ ਰਾਸਿ। (ਸਿਰੀ ਰਾਗ ਅਸ਼ਟਪਦੀਆਂ)6

ਉਹ ਰੱਬ ਦੀ ਭਗਤੀ ਵੀ ਨਹੀਂ ਕਰਦਾ। ਉਸਦਾ ਮਨ ਕੋਮਲ ਨਹੀਂ ਹੁੰਦਾ। ਨਿੱਤ ਮਾਇਆ ਵਿਚ ਹੀ ਉਸਦਾ ਧਿਆਨ ਰਹਿੰਦਾ ਹੈ:

ਮਨਮੁਖ ਹਉਮੈ ਕਰਿ ਮੁਸੀ ਗੁਰਮੁਖਿ ਪਤਿ ਪਾਇ। (ਸਿਰੀ ਰਾਗ)63

ਉਹ ਬੋਲਣ ਤੋਂ ਪਹਿਲਾਂ ਸੋਚਦਾ ਨਹੀਂ। ਜੋ ਕੁਝ ਬੋਲਦਾ ਹੈ ਬੇਅਰਥ ਹੀ ਬੋਲਦਾ ਹੈ:

ਨਾਨਕ ਮਨਮੁਖਿ ਬੋਲਣੁ ਵਾਉ। ਅੰਧਾ ਅਖਰੁ ਵਾਉ ਦੁਆਉ।
(ਗਉੜੀ ਗੁਆਰੇਰੀ)151

ਕਿਸੇ ਦੇ ਸਮਝਾਣ ਤੇ ਵੀ ਉਸ ਤੇ ਕੋਈ ਅਸਰ ਨਹੀਂ ਹੁੰਦਾ:

ਮਨਮੁਖ ਜੇ ਸਮਝਾਈਐ ਭੀ ਉਝੜਿ ਜਾਇ।
ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਇ। (ਆਸਾ)420

---

1. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 215.

ਅਸਭਯ ਮਨੁੱਖ ਦੀ ਇਹ ਨਿਸ਼ਾਨੀ ਹੈ ਕਿ ਉਸਦੇ ਕਹਿਣ ਅਤੇ ਕਰਨ ਵਿਚ ਵਿਰੋਧ ਹੁੰਦਾ ਹੈ:

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ। (ਬਿਲਾਵਲ)831

ਉਹ ਮਨੁੱਖ ਹੋ ਕੇ ਮਨੁੱਖਤਾ ਦੀ ਪਦਵੀ ਤੋਂ ਗਿਰ ਕੇ ਪਸ਼ੂ ਵਤ ਹੋ ਜਾਂਦਾ ਹੈ:

ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਣਾ। (ਮਾਰੂ)1009

ਇਸੇ ਕਰਕੇ ਉਹ ਆਵਾਗਵਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ;

ਮਨਮੁਖ ਕਉ ਆਵਤ ਜਾਵਤ ਦੁਖ ਮੋਹੀ। (ਗਉੜੀ)227

## ਸਮਾਜ

ਗੁਰੂ ਨਾਨਕ ਦੇਵ ਜੀ ਅਜਿਹਾ ਸਚਿਆਚਾਰਕ ਸਮਾਜ ਰਚਣਾ ਚਾਹੁੰਦੇ ਸਨ, ਜੋ ਗੁਰਮੁਖਾਂ ਦਾ ਸਮਾਜ ਹੋਵੇ, ਜਿਥੇ ਵੈਰ ਵਿਰੋਧ ਨਾ ਹੋਵੇ, ਜਿਥੇ ਕਿਸੇ ਨੂੰ ਇਕ ਦੂਜੇ ਦਾ ਡਰ ਨਾ ਹੋਵੇ, ਜਿਥੇ ਕੋਈ ਉਚਾਂ ਨੀਵਾਂ ਨਾ ਹੋਵੇ, ਜਿਥੇ ਹਰ ਕੋਈ ਇਕ ਦੂਜੇ ਦੇ ਦੁਖ ਸੁਖ ਦਾ ਭਾਈਵਾਲ ਹੋਵੇ, ਜਿਥੇ ਸਹਿਨਸ਼ੀਲਤਾ ਅਤੇ ਪਰਸਪਰ ਪਿਆਰ ਹੋਵੇ, ਜਿਥੇ ਭਾਵਨਾਵਾਂ ਸਾਂਝੀਆਂ ਹੋਣ, ਜਿਥੇ ਸਤਿ ਦਾ ਰਾਜ ਹੋਵੇ, ਜਿਥੇ ਮਨੁੱਖਤਾ ਦੇ ਪ੍ਰਫੁਲਤ ਹੋਣ ਵਿਚ ਕੋਈ ਰੁਕਾਵਟ ਨਾ ਹੋਵੇ, ਅਜਿਹੇ ਸਮਾਜ ਵਿਚ ਹੀ ਮਾਨਵ ਏਕਤਾ ਸਥਾਪਿਤ ਹੋ ਸਕਦੀ ਹੈ।[1] ਬਾਕੀ ਗੁਰੂ ਸਾਹਿਬਾਨ ਨੇ ਵੀ ਇਸ ਨੂੰ ਅਮਲੀ ਰੂਪ ਦੇਣ ਦਾ ਜਤਨ ਕੀਤਾ। ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਨਾਨਕ ਨੇ ਨਵੇਂ ਸਮਾਜ ਦਾ ਜਿਹੜਾ ਬੀਜ ਬੀਜਿਆ ਸੀ, ਉਹ ਉਨ੍ਹਾਂ ਦੇ ਉਤਰਾਧਿਕਾਰੀਆਂ ਦੀ ਪਾਲਕ ਨਿਗਰਾਨੀ ਅਧੀਨ ਖਾਲਸਾ ਮੱਤ ਦਾ ਵਿਸ਼ਾਲ ਰੁੱਖ ਬਣ ਗਿਆ।[2]

- 0 -

---

1. 'Unity does not mean uniformity. It implies co-operation and co-existence, tolerance and coherence, common interests and persuits, common hopes and fears, the sharing of values and virtues, mutual understanding, forgiveness and love' (Bhai Ardaman Singh, Guru Nanak's solution of National Unity and Integration, p. 14).

2. ਸਿੱਖ ਮਤ ਦਾ ਪਰਿਵਰਤਨ, ਪੰਨਾ 13.

# ਨਿਸ਼ਕਰਸ਼
# ਅਤੇ
# ਪੁਸਤਕ ਸੂਚੀ

## ਨਿਸਕਰਸ਼

ਪੂਰਬੀ ਅਤੇ ਪੱਛਮੀ ਵਿਦਵਾਨਾਂ ਨੇ ਸਭਿਆਚਾਰ ਬਾਰੇ ਕਾਫ਼ੀ ਕੁਝ ਲਿਖਿਆ ਹੈ ਪਰ ਸਭਿਆਚਾਰ ਜਾਂ ਕਲਚਰ ਦੀ ਕੋਈ ਇਕ ਨਿਸਚਿਤ ਪਰਿਭਾਸ਼ਾ, ਜਿਸ ਨੂੰ ਕਿ ਅੰਤਿਮ ਜਾਂ ਪ੍ਰਮਾਣਿਕ ਕਿਹਾ ਜਾ ਸਕੇ, ਦੇਣੀ ਮੁਸ਼ਕਲ ਹੈ, ਕਿਉਂਕਿ ਇਸ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਵਿਸ਼ਾਲਤਾ ਨੂੰ ਕੁਝ ਸ਼ਬਦਾਂ ਵਿਚ ਸੀਮਿਤ ਕਰਨਾ ਸਮੁੰਦਰ ਨੂੰ ਕੂੰਜੇ ਵਿਚ ਬੰਦ ਕਰਨ ਵਾਲੀ ਗੱਲ ਹੀ ਹੈ। ਇਕ ਵਰਗ, ਕੌਮ, ਇਲਾਕੇ ਜਾਂ ਦੇਸ਼ ਦੇ ਲੋਕਾਂ ਦੇ ਵਿਚਾਰਾਂ, ਵਤੀਰਿਆਂ, ਸੁਭਾਵਾਂ ਜਾਂ ਵਿਸ਼ਵਾਸਾਂ ਵਿਚ ਅੰਤਰ ਹੁੰਦਾ ਹੈ। ਭੂਗੋਲਕ ਸਥਿਤੀਆਂ ਕਰਕੇ ਵੀ ਲੋਕਾਂ ਦੀ ਸਰੀਰਕ ਬਣਤਰ, ਸੋਚਣੀ ਵਿਚ ਅਤੇ ਭਾਵਾਂ ਵਿਚ ਭੇਦ ਹੋਣਾ ਸੁਭਾਵਕ ਹੈ। ਸਭਿਆਚਾਰ ਵਿਚ ਆਤਮਿਕ ਅਤੇ ਭੌਤਿਕ ਦੋਹਾਂ ਦ੍ਰਿਸ਼ਟੀਆਂ ਦਾ ਹੀ ਸਮਨ੍ਵੈ ਹੁੰਦਾ ਹੈ। ਕਿਸੇ ਸਮਾਜ ਦੇ ਲੋਕਾਂ ਦਾ ਰਹਿਣ ਸਹਿਣ ਇਸੇ ਤੇ ਹੀ ਨਿਰਭਰ ਹੈ। ਪਸ਼ੂਵਤ ਜੀਵਨ ਤੋਂ ਮਨੁੱਖ ਜਿਵੇਂ ਜਿਵੇਂ ਉਚੇਰਾ ਉਠਦਾ ਗਿਆ ਜਾਂ ਜਿਉਂ ਜਿਉਂ ਮਾਨਸਕ ਤੌਰ ਤੇ ਵਿਕਸਤ ਹੁੰਦਾ ਗਿਆ ਉਹ ਸਭਯ ਹੁੰਦਾ ਗਿਆ। ਧਰਮ, ਸਾਹਿੱਤ ਅਤੇ ਕਲਾ ਮਨੁੱਖ ਦੇ ਮਾਨਸਕ ਜਾਂ ਬੌਧਕ ਵਿਕਾਸ ਦੇ ਹੀ ਕ੍ਰਿਸ਼ਮੇ ਹਨ।

ਵਿਦਵਾਨਾਂ ਦੀਆਂ ਖੋਜ ਲਭਤਾਂ ਇਸੇ ਸਿੱਟੇ ਤੇ ਪੁੱਜੀਆਂ ਹਨ ਕਿ ਭਾਰਤ ਦਾ ਸਭਿਆਚਾਰ ਸਭ ਤੋਂ ਪ੍ਰਾਚੀਨ ਹੈ। ਇਸ ਸਭਿਆਚਾਰ ਦੀ ਵਿਸ਼ੇਸ਼ਤਾ ਹੈ ਕਿ ਇਹ ਆਪਣੀ ਪ੍ਰਾਚੀਨਤਾ ਨੂੰ ਕਾਇਮ ਰਖ ਸਕਿਆ ਹੈ। ਅਨੇਕਾਂ ਹੀ ਵਿਚਾਰ ਅਤੇ ਵਿਸ਼ਵਾਸ ਇਸ ਧਰਤੀ ਤੇ ਜਨਮੇ ਅਤੇ ਪ੍ਰਫੁਲਤ ਹੋਏ। ਇਸ ਸਭਿਆਚਾਰ ਦੇ ਚੌੜੇ ਪੱਟ ਤੇ ਦ੍ਰਾਵੜੀਆਂ, ਆਰੀਆਂ, ਜੈਨੀਆਂ, ਬੋਧੀਆਂ, ਸ਼ਬਦਾਂ ਆਸਤਕ ਅਤੇ ਨਾਸਤਕ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੇ ਵੱਖ ਵੱਖ ਰੰਗਾਂ ਦੇ ਪ੍ਰਭਾਵ ਉਕਰੇ ਹਨ। ਪਰ ਇਸ ਸਭਿਆਚਾਰ ਦਾ ਵਿਲੱਖਣ ਗੁਣ ਇਹ ਹੈ ਕਿ ਇਸ ਅਨੇਕਤਾ ਵਿਚ ਵੀ ਏਕਤਾ ਕਾਇਮ ਹੈ। ਏਕਤਾ ਦੀ ਡੋਰੀ ਹੀ ਇਸ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਉਂਦੀ ਰਹੀ ਹੈ। ਇਸਦੀ ਗ੍ਰਹਿਣਸ਼ੀਲਤਾ, ਉਦਾਰਤਾ ਅਤੇ ਇਸਦੇ ਸਮਨ੍ਵੈ ਨੂੰ ਠੀਕ ਹੀ ਸ੍ਰਿਹਦ ਦਾ ਅਜਿਹਾ ਛੱਤਾ ਕਿਹਾ ਗਿਆ ਹੈ ਜਿਸ ਵਿਚ ਵਖ ਵਖ ਫੁੱਲਾਂ ਤੋਂ ਚੂਣਿਆ ਰਸ ਸਮੋਇਆ ਹੋਇਆ ਹੈ। ਇਸ ਸਭਿਆਚਾਰ ਵਿਚ ਕੁਝ ਦੀ ਕਰੋਵਤਾ ਤੋਂ ਪ੍ਰੇਰਨਾ ਲਈ ਜਾਂਦੀ ਹੈ। ਇਸ ਵਿਚ ਭੌਤਿਕ ਜਾਂ ਲੌਕਿਕ ਜੀਵਨ ਦਾ ਮਹੱਤਵ ਤਾਂ ਹੈ ਪਰ ਇਸ ਦਾ ਮੂੰਹ ਪਰਲੌਕਿਕ ਜਾਂ ਅਧਿਆਤਮਕਤਾ ਵਲ ਹੈ, ਵਾਸਤਵ ਵਿਚ ਅਧਿਆਤਮਕਤਾ ਭਾਰਤੀ ਜੀਵਨ ਦਾ ਧੁਰਾ ਹੈ। ਉਦਾਰਤਾ ਗ੍ਰਹਿਣਸ਼ੀਲਤਾ, ਸਹਿਣਸ਼ੀਲਤਾ, ਭਾਵਵਾਦ, ਸੰਤੋਖ, ਸਾਦਗੀ ਅਤੇ

ਪ੍ਰਾਹੁਣਚਾਰੀ ਆਦਿ ਇਸਦੇ ਕੁਝ ਪ੍ਰਮੁੱਖ ਵਸਫ਼ ਹਨ।[1]

ਆਰੀਆਂ ਦੇ ਆਉਣ ਤੋਂ ਪਹਿਲਾਂ ਹੀ ਭਾਰਤੀ ਸਭਿਆਚਾਰ ਨੇ ਨਿਸਚਿਤ ਰੂਪ ਧਾਰਨ ਕਰ ਲਿਆ ਸੀ। ਵਿਅਕਤੀਗਤ ਅਤੇ ਸਮਾਜਕ ਖੁਸ਼ਹਾਲੀ ਜਾਂ ਚੰਗੇਰੇ ਭਵਿਖਤ ਦੀ ਭਾਵਨਾ ਜਾਗ ਪਈ ਸੀ। ਰਹਿਣ ਸਹਿਣ ਅਤੇ ਖਾਣ ਪੀਣ ਵਿਚ ਕਲਾ ਬਿਰਤੀ ਪ੍ਰਵੇਸ਼ ਕਰ ਚੁੱਕੀ ਸੀ। ਚੰਗੇ ਘਰ ਅਤੇ ਚੰਗੇ ਸਾਫ਼ ਸਥਾਨ ਬਣਾਏ ਜਾਣ ਲੱਗੇ ਸਨ। ਉਨ੍ਹਾਂ ਦੀਆਂ ਵਰਤਣ ਦੀਆਂ ਵਸਤਾਂ ਦੀ ਕਲਾ ਤੋਂ ਉਨ੍ਹਾਂ ਦੇ ਕੋਮਲ ਭਾਵਾਂ ਦੀ ਅਭਿਵਿਅਕਤੀ ਪ੍ਰਤੱਖ ਹੈ। ਆਪਾ-ਸ਼ਿੰਗਾਰਨ ਅਤੇ ਖੇਡਣ ਦੇ ਚਾਅ ਦੀ ਰੀਝ ਪ੍ਰਾਪਤ ਵਸਤਾਂ ਤੋਂ ਦ੍ਰਿਸ਼ਟੀਗਤ ਹੁੰਦੀ ਹੈ। ਖੇਤੀਬਾੜੀ ਦਾ ਵੱਲ ਉਨ੍ਹਾਂ ਨੂੰ ਆ ਗਿਆ ਸੀ। ਪਸ਼ੂਆਂ ਤੋਂ ਬਿਨਾਂ ਹੋਰ ਕਈ ਵਸਤਾਂ ਉਨ੍ਹਾਂ ਦੀ ਖੁਰਾਕ ਵਿਚ ਸ਼ਾਮਲ ਹੋ ਗਈਆਂ ਸਨ। ਅਰੋਗ ਹੋਣ ਅਤੇ ਅਰੋਗ ਰਹਿਣ ਲਈ ਵੀ ਉਨ੍ਹਾਂ ਨੇ ਵਿਧੀਆਂ ਲਭ ਲਈਆਂ ਸਨ। ਵਪਾਰ ਅਤੇ ਖਰੀਦੋ ਫ਼ਰੋਖ਼ਤ ਲਈ ਮੋਹਰਾਂ ਦੀ ਵਰਤੋਂ ਦੀ ਗਵਾਹੀ ਵੀ ਉਸ ਸਮੇਂ ਦੀਆਂ ਲਭਤਾਂ ਤੋਂ ਮਿਲੀ ਹੈ। ਮੁਰਦਿਆਂ ਦੇ ਠੀਕ ਨਿਪਟਾਰੇ ਦੀ ਸੋਝੀ ਵੀ ਉਨ੍ਹਾਂ ਨੂੰ ਸੀ।[2]

ਹਿੰਦੂ ਸਭਿਆਚਾਰ ਪ੍ਰਮੁੱਖ ਤੌਰ ਤੇ ਵੈਦਿਕ ਅਤੇ ਆਸਤਕ ਸਭਿਆਚਾਰ ਹੀ ਹੈ। ਆਰੀਆ ਲੋਕ ਆਪਣੇ ਨਾਲ ਆਪਣਾ ਸਭਿਆਚਾਰ ਲੈ ਕੇ ਆਏ ਸਨ, ਜਿਸ ਨੂੰ ਉਨ੍ਹਾਂ ਨੇ ਭਾਰਤ ਦੇ ਵਾਤਾਵਰਣ ਵਿਚ ਸਥਾਪਤ ਕੀਤਾ। ਆਰੀਆਂ ਦੀ ਧਾਰਮਿਕ, ਸਾਹਿਤਕ, ਕਲਾਤਮਕ, ਵਿਗਿਆਨਕ ਅਤੇ ਰਾਜਸੀ ਦ੍ਰਿਸ਼ਟੀ ਨਾਲ ਸਮਾਜਕ ਜੀਵਨ ਵਿਚ ਅਨੇਕਾਂ ਪਰਿਵਰਤਨ ਆਇਆ। ਵੇਦਾਂ ਸ਼ਾਸਤਰਾਂ ਦੀ ਰਚਨਾ ਨੇ ਨਿਸਚਿਤ ਸੇਧ ਵੀ ਦਿੱਤੀ ਅਤੇ ਜੀਵਨ ਨੂੰ ਨਿਯਮ-ਬੱਧ ਵੀ ਕੀਤਾ। ਹਿੰਦੂ (ਆਸਤਕ) ਸਭਿਆਚਾਰ ਦੇ ਲਗਭਗ ਸਾਰੇ ਪੱਖਾਂ ਦਾ ਗੁਰੂ ਨਾਨਕ ਬਾਣੀ ਵਿਚ ਚਿਤ੍ਰਨ ਹੋਇਆ ਹੈ, ਭਾਵੇਂ ਵਧੇਰੇ ਕਰਕੇ ਉਹ ਨਿੰਦ੍ਰ ਸ਼ੈਲੀ ਵਿਚ ਹੀ ਹੈ। ਪੰਜਾਬੀ ਵਿਚ ਗੁਰੂ ਨਾਨਕ ਦੀ ਹੀ ਪਹਿਲੀ ਰਚਨਾ ਹੈ ਜਿਸ ਵਿਚ ਹਿੰਦੂ, ਹਿੰਦੁਸਤਾਨ ਸ਼ਬਦ ਤੋਂ ਬਿਨਾਂ ਹਿੰਦੂ ਸ਼ਾਸਤਰਕ ਅਤੇ ਸਮਾਜਕ ਜੀਵਨ ਦੀ ਸ਼ਬਦਾਵਲੀ ਵੀ ਮਿਲਦੀ ਹੈ ਅਤੇ ਆਲੋਚਨਾਤਮਕ ਵਿਵੇਚਨ ਪ੍ਰਸਤੁਤ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਕ੍ਰਿਤਕ ਸ਼ਕਤੀਆਂ, ਦੇਵੀ ਦੇਵਤਿਆਂ ਦਾ ਵਰਣਨ ਤਾਂ ਹੈ ਪਰ ਇਨ੍ਹਾਂ ਬਾਰੇ ਨਿਸਚਾ ਨਹੀਂ। ਉਪਨਿਸ਼ਦਾਂ ਵਾਂਗ ਬ੍ਰਹਮ ਦੇ ਅਦ੍ਵੈਤਭਾਵ ਅਤੇ ਨਿਰਗੁਣ ਰੂਪ ਤੇ ਵਿਸ਼ਵਾਸ ਦਾ ਵਿਸ਼ਾਲ ਚਿਤ੍ਰਨ ਹੈ। ਆਤਮਾ ਦੀ ਅਮਰਤਾ ਅਤੇ ਆਵਾਗਵਨ ਦਾ ਵਿਚਾਰ ਅਧਿਆਤਮਕ ਅਤੇ ਸਦਾਚਾਰਕ ਜੀਵਨ ਦਾ ਧੁਰਾ ਹੈ। ਵੇਦਾਂ ਵਿਚ ਕਥਿਤ ਸ੍ਰਿਸ਼ਟੀ ਰਚਨਾ ਦੀ ਪੂਰਬ-ਅੰਧਕਾਰ ਅਵਸਥਾ ਨਾਲ ਕਾਫ਼ੀ ਹੱਦ ਤਕ ਸੰਮਤੀ ਹੈ, ਪਰ ਸ੍ਰਿਸ਼ਟੀ ਦਾ ਰਚਨਹਾਰਾ ਕੇਵਲ ਇਕ ਪਰਮਾਤਮਾ

---

1. ਵੇਖੋ ਅਧਿਆਇ ਦੂਜਾ
2. ਵੇਖੋ ਅਧਿਆਇ ਦੂਜਾ

ਹੀ ਹੈ, ਦੇਵ,ਬ੍ਰਹਮਾ ਜਾਂ ਕੋਈ ਹੋਰ ਸ਼ਕਤੀ ਨਹੀਂ। ਰਚਨਾ ਦੇ ਮੂਲ ਅਤੇ ਇਸਦੀ ਪ੍ਰਕ੍ਰਿਆ ਬਾਰੇ ਮਨੁੱਖੀ ਕਥਾ ਅਨੁਮਾਨਿਤ ਹੀ ਹੈ। ਇਸ ਬਾਰੇ ਕੇਵਲ ਇਕ ਰਚਨਹਾਰਾ ਆਪ ਹੀ ਜਾਣਦਾ ਹੈ। ਇਹ ਜਗਤ ਮਾਇਆ ਭਰਮ ਜਾਂ ਅਸਤਿ ਨਹੀਂ ਸਗੋਂ ਸੱਚੇ ਪ੍ਰਭੂ ਦੀ ਸੱਚੀ ਕ੍ਰਿਤ ਹੈ। ਉਹ 'ਸਤਿ' ਇਸ ਵਿਚ ਵਿਦਮਾਨ ਹੈ। ਮੁਕਤੀ ਜਾਂ ਮੋਖ(ਮੋਕਸ਼)ਦਾ ਚਿਤ੍ਰਨ ਵੀ ਕੀਤਾ ਗਿਆ ਹੈ ਭਾਵੇਂ ਗੁਰੂ ਨਾਨਕ ਅਨੁਸਾਰ ਜੀਵਨ ਮੁਕਤ ਦਾ ਲਕਸ਼ ਅਤੇ ਉਸਦੀ ਸਥਿਤੀ ਪ੍ਰਭੂ ਚਰਨਾਂ ਵਿਚ ਲੀਨਤਾ ਜਾਂ ਉਸਦੇ ਪ੍ਰੇਮ ਰੰਗ ਦੀ ਮਗਨਤਾ ਦਾ ਅਨੰਦ ਹੀ ਹੈ।[1]

ਪ੍ਰਭੂ ਪ੍ਰਾਪਤੀ ਲਈ ਗੁਰੂ ਦੀ ਆਵੱਸ਼ਕਤਾ ਦੇ ਮਹੱਤਵ ਨੂੰ ਚਿਤ੍ਰਿਆ ਹੈ,ਪਰ ਸ਼ਬਦ ਗੁਰੂ ਤੇ ਅਧਿਕਤਰ ਬਲ ਦਿੱਤਾ ਗਿਆ ਹੈ। ਕਰਮ ਸਿਧਾਂਤ ਨੂੰ ਪਰਵਾਨ ਕੀਤਾ ਗਿਆ ਹੈ ਪਰ ਪਰਾਪਤੀ ਕੇਵਲ ਇਸੇ ਵਿਧੀ ਨਾਲ ਨਹੀਂ ਪ੍ਰਭੂ ਦੀ ਮਿਹਰ ਜਾਂ ਹੁਕਮ ਤੋਂ ਬਿਨਾਂ ਭਵਿਖਤ ਦਾ ਆਪ ਮੁਹਾਰਾ ਨਿਰਣਾ ਨਹੀਂ ਹੁੰਦਾ। ਪ੍ਰਸਾਦਿ ਸਿਧਾਂਤ ਨਿਮਰਤਾ ਵਿਚ ਵੀ ਰਖਦਾ ਹੈ ਅਤੇ ਆਸ਼ਾਵਾਦੀ ਵੀ ਬਣਾਉਂਦਾ ਹੈ। ਕਰਮ ਕਾਂਡ ਦੇ ਸਰਬ ਅੰਗਾਂ ਦਾ ਚਿਤ੍ਰਨ ਵੀ ਕਾਫ਼ੀ ਕੀਤਾ ਗਿਆ ਹੈ। ਪਰ ਇਹ ਖੋਖਟ ਅਤੇ ਨਿਸਫਲ ਜਤਨ ਹੀ ਦੱਸੇ ਹਨ। ਜਾਦੂ ਟੂਣੇ ਵੀ ਭਰਮ ਭੁਲੇਖੇ ਜਾਂ ਅਕਾਰਥ ਜਤਨ ਹੀ ਹਨ। ਜੋਗ ਦੀਆਂ ਤਕਨੀਕੀ ਅਤੇ ਸਰੀਰਕ ਕ੍ਰਿਆਵਾਂ ਵੀ ਪਰਮ ਲਕਸ਼ ਦੀ ਪ੍ਰਾਪਤੀ ਲਈ ਅਸਮਰਥ ਹਨ। ਨਾਮ ਹੀ ਅਸਲ ਜੋਗ(ਪ੍ਰਭੂ ਸੰਜੋਗ)ਦੀ ਵਿਧੀ ਹੈ। ਭਗਤੀ ਭਾਵਨਾ ਇਸੇ ਤੇ ਹੀ ਕੇਂਦਰਤ ਹੈ,ਜਿਸ ਉਤੇ ਗੁਰੂ ਨਾਨਕ ਬਾਣੀ ਵਿਚ ਅਧਿਕਤਰ ਬਲ ਹੈ। ਗੁਰੂ ਨਾਨਕ ਨੇ ਸੰਨਿਆਸ ਜਾਂ ਤਿਆਗ ਦਾ ਵਰਣਨ ਕਰਦਿਆਂ ਸਮਾਜਕ ਅਤੇ ਆਤਮਿਕ ਦ੍ਰਿਸ਼ਟੀ ਤੋਂ ਇਸ ਵਿਧੀ ਦਾ ਨਿਖੇਧ ਕੀਤਾ ਹੈ। ਚੰਗੇਰੇ ਸਦਾਚਾਰਕ ਜੀਵਨ ਦਾ ਦੋਹਾਂ ਲੋਕਾਂ ਲਈ ਹੀ ਬੜਾ ਮਹੱਤਵ ਹੈ। ਸਰੀਰ ਰੂਪੀ ਸੁੱਧ ਭਾਂਡੇ ਵਿਚ ਹੀ ਚੰਗੇਰੀ ਵਸਤੂ ਰਹਿ ਸਕਦੀ ਹੈ। ਵਿਕਾਰ ਬਿਰਤੀਆਂ ਤੇ ਕਾਬੂ ਪਾਉਣਾ ਸਦਾਚਾਰ ਦੀ ਵਿਸ਼ੇਸ਼ਤਾ ਹੈ।[2]

ਹਿੰਦੂ ਸਮਾਜ ਦੇ ਇਤਿਹਾਸ ਵਿਚ ਇਸਤ੍ਰੀ ਦਾ ਸਥਾਨ ਗੌਰਵਮਈ ਵੀ ਰਿਹਾ ਹੈ ਅਤੇ ਇਸ ਨਾਲ ਦੁਰਵਿਹਾਰ ਵੀ ਹੁੰਦਾ ਰਿਹਾ ਹੈ। ਉਸ ਨਾਲ ਮੰਦੇ ਵਿਵਹਾਰ ਦਾ ਸੰਕੇਤ ਕਰਦੇ ਹੋਇਆਂ ਗੁਰੂ ਨਾਨਕ ਨੇ ਇਸਤ੍ਰੀ ਦਾ ਮਹੱਤਵ ਦਰਸਾਉਂਦਿਆਂ ਹੋਇਆਂ ਉਸ ਨੂੰ ਵਡਿਆਈ ਦਿੱਤੀ। ਅਧਿਆਤਮਕ ਜੀਵਨ ਦੀ ਵਿਅੰਜਨਾ ਲਈ ਇਸਤ੍ਰੀ ਆਪ ਦੀ ਬਾਣੀ ਦਾ ਪ੍ਰਮੁੱਖ ਬਿੰਬ ਹੈ। ਵਰਣਾਸ਼ਰਮ ਜੋ ਹਿੰਦੂ ਸਮਾਜ ਦਾ ਮੁਖ ਪੱਖ ਹੈ,ਜਿਸ ਲਈ ਪਰਸਪਰ ਖਿਰਣਾ ਅਤੇ

1. ਵੇਖੋ ਅਧਿਆਇ ਤੀਜਾ
2. ਵੇਖੋ ਅਧਿਆਇ ਚੌਥਾ

ਭਜਨਵਾਦੀ ਬਿਰਤੀ ਵਧੀ ਉਸਦਾ ਵੀ ਨਿਖੇਧਾਤਮਕ ਚਿਤ੍ਰਨ ਗੁਰਬਾਣੀ ਵਿਚ ਹੋਇਆ ਹੈ। ਵਖ ਵਖ ਰੀਤਾਂ,ਸੰਸਕਾਰਾਂ,ਮਨੋਰੰਜਨ,ਆਦਿ ਦਾ ਕੋਈ ਵਿਧਾਨਕ ਕਥਨ ਨਹੀਂ। ਹਿੰਦੂ ਸਮਾਜ ਦੇ ਇਨ੍ਹਾਂ ਪੱਖਾਂ ਦਾ ਅਨਿਵਾਰਕ ਚਿਤ੍ਰਨ ਹੀ ਕੀਤਾ ਹੈ। ਪੌਰਾਣਾਂ ਵਿਚ ਵਿਸ਼ਵਾਸ ਨਾ ਹੁੰਦਿਆਂ ਵੀ ਲਗਭਗ ਸਾਰੀਆਂ ਪ੍ਰਮੁੱਖ ਕਥਾਵਾਂ ਦਾ ਵਰਣਨ ਆਸ਼ੇ ਦੀ ਵਿਆਖਿਆ ਜਾਂ ਸਪਸ਼ਟਤਾ ਲਈ ਕੀਤਾ ਹੈ।[1]

ਨਾਸਤਕ ਹਿੰਦੂ ਮਤ - ਚਾਰ ਵਾਕ,ਜੈਨ ਅਤੇ ਬੁੱਧ ਮੱਤ ਰੱਬ ਦੀ ਹੋਂਦ ਤੋਂ ਵੀ ਮੁਨਕਰ ਹਨ ਅਤੇ ਵੇਦਾਂ ਦੀ ਸਿਖਿਆ ਤੋਂ ਵੀ। ਗੁਰੂ ਨਾਨਕ ਬਾਣੀ ਵਿਚ ਵੀ ਵੈਦਿਕ ਵਿਚਾਰਧਾਰਾ ਨਾਲ ਸਮੁੱਚੇ ਤੌਰ ਤੇ ਅਸਹਿਮਤੀ ਹੈ, ਪਰ ਇਸ ਵਿਚ ਪਰਮਾਤਮਾ ਦੀ ਹੋਂਦ ਬਾਰੇ ਆਸਥਾ ਹੈ। ਜੈਨੀਆਂ ਦੇ ਜੀਵਨ ਅਤੇ ਵਿਚਾਰਧਾਰਾ ਦਾ ਵੀ ਵਿਸ਼ੇਸ਼ ਚਿਤ੍ਰਨ ਗੁਰੂ ਨਾਨਕ ਬਾਣੀ ਵਿਚ ਉਪਲਬਧ ਹੈ। ਜੈਨ ਮਤ ਦੇ ਚਾਰ ਸੁੱਚਾਂ ਨਾਲ ਸਹਿਮਤੀ ਹੈ,ਪਰ ਜੈਨ ਹਿੰਸਾ ਨੇ ਜੋ ਕਰੂਪਤਾ ਅਤੇ ਕੁਰੀਤਤਾ ਦਾ ਰੂਪ ਧਾਰਨ ਕਰ ਲਿਆ ਸੀ, ਉਸਦੇ ਹਾਸੋਹੀਣੇ ਚਿਤ੍ਰ ਵੀ ਪੇਸ਼ ਕੀਤੇ ਹਨ। ਕੁਦਰਤੀ ਕ੍ਰਿਆ ਵਿਚ ਜੰਮਦੇ ਮਰਦੇ ਜੀਵਾਂ ਵਿਚ ਹਿੰਸਾ ਦਾ ਖਿਆਲ ਕਰਨਾ ਅਨਉਚਿਤ ਹੈ। ਜੈਨੀਆਂ ਦੇ ਕਰੜੇ/ਜੀਵਨ-ਤਪ ਸਾਧਨਾ,ਵਰਤ ਰਖਣੇ ਆਦਿ ਦਾ ਚਿਤ੍ਰਨ ਵੀ ਅਪਰਵਾਨ ਦ੍ਰਿਸ਼ਟੀ ਤੋਂ ਕੀਤਾ ਹੈ। ਜੈਨ ਗ੍ਰੰਥਾਂ ਵਿਚਲੇ ਚੌਰਾਸੀ ਲੱਖ ਜੂਨਾਂ ਦੇ ਸੰਕਲਪ ਦਾ ਵਰਣਨ ਵੀ ਵਿਲੱਖਣ ਦ੍ਰਿਸ਼ਟੀ ਨਾਲ ਕੀਤਾ ਹੈ। ਗੁਰੂ ਨਾਨਕ ਬਾਣੀ ਵਿਚ 'ਬੁੱਧ' ਸ਼ਬਦ ਦਾ ਉਲੇਖ ਵੀ ਹੈ,ਪਰ ਉਸਦੀ ਨਾਸਤਕ ਭਾਵਨਾ ਦਾ ਵਿਰੋਧ ਹੈ,ਉਸਦੇ ਇਸਤ੍ਰੀ ਪ੍ਰਤੀ ਰਵੱਈਏ ਅਤੇ ਮੁਕਤ ਦੇ ਸੰਕਲਪਾਂ ਵਿਚ ਵਧੇਰੇ ਉਦਾਰਤਾ ਅਤੇ ਸੁਹਿਰਦਤਾ ਲਿਆਂਦੀ। ਗੁਰੂ ਨਾਨਕ ਅਨੁਸਾਰ ਜੀਵਨ ਵਿਚ ਦੁੱਖ ਤਾਂ ਹਨ ਪਰ ਇਹ ਉਚੇਰੇ ਮਨੁਸ਼ ਲਈ ਦਾਰੂ ਵਾਂਗ ਜ਼ਰੂਰੀ ਵੀ ਹਨ। ਨਿਰਵਾਨ ਦੁੱਖਾਂ ਤੋਂ ਛੁਟਕਾਰਾ ਹੀ ਨਹੀਂ ਇਹ ਪਦਵੀ ਜਾਂ ਅਵਸਥਾ ਹੈ ਜੋ ਪ੍ਰਭੂ ਸੰਜੋਗ ਤੋਂ ਪ੍ਰਾਪਤ ਹੁੰਦੀ ਹੈ। ਬੁੱਧ ਮੱਤ ਦੀ ਤਿਆਗ ਅਤੇ ਮੰਗਣ ਦੀ ਬਿਰਤੀ ਨੂੰ ਅਸਵੀਕਾਰ ਕੀਤਾ ਹੈ।[2]

ਇਸਲਾਮੀ ਸੰਕਲਪਾਤਮਕ ਸ਼ਬਦਾਵਲੀ ਨੂੰ ਵੀ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਖੁਲ੍ਹ-ਦਿਲੀ ਨਾਲ ਵਰਤਿਆ ਹੈ। ਰੱਬ ਤੇ ਉਸੇ ਤਰ੍ਹਾਂ ਹੀ ਅਨਿੰਨ ਵਿਸ਼ਵਾਸ ਹੈ। ਉਸਦੇ ਹੋਰ ਗੁਣ ਨਾਵਾਂ ਨੂੰ ਅਰਬ ਰੂਪ ਵਿਚ ਵਰਤਿਆ ਹੈ। ਕਾਦਰ ਅਤੇ ਕੁਦਰਤ ਦੇ ਵਿਚਾਰ ਦਾ ਮੌਲਿਕ ਚਿਤ੍ਰਨ ਹੈ। ਫਰਿਸ਼ਤਿਆਂ ਦੀ ਹੋਂਦ ਨਹੀਂ ਮੰਨੀ,ਪਰ ਉਸਦਾ ਅਨਿਵਾਰਕ ਚਿਤ੍ਰਨ ਕੀਤਾ ਹੈ। ਮਰਨੋਪਰੰਤ ਰੂਹ ਦਾ ਕਬਰਾਂ ਵਿਚ ਪਿਆ ਰਹਿਣਾ ਅਤੇ ਕਿਆਮਤ ਨੂੰ ਉਸਦਾ

---

1. ਵੇਖੋ ਅਧਿਆਇ ਚੌਥਾ.
2. ਵੇਖੋ ਅਧਿਆਇ ਪੰਜਵਾਂ

ਸਰੀਰ ਸਮੇਤ ਉਠਣਾ ਨਿਰਾਧਾਰ ਵਿਚਾਰ ਦੱਸਿਆ ਹੈ। ਪੈਗੰਬਰ ਦਾ ਜ਼ਿਕਰ ਤਾਂ ਹੈ, ਪਰ ਮੁਹੰਮਦ ਨੂੰ ਕੇਵਲ ਰਸੂਲ ਜਾਂ ਰਹਿਬਰ ਨਹੀਂ ਮੰਨਿਆ। ਪੰਜ ਇਸਲਾਮੀ ਫਰਜ਼ਾਂ ਦੇ ਅਤੇ ਹੋਰ ਇਸਲਾਮੀ ਮਰਿਯਾਦਾ ਦੇ ਆਤਰਿਕ ਭਾਵ ਸੁਝਾਏ ਹਨ। ਹੁਕਮ ਅਤੇ ਰਜ਼ਾ ਦੀ ਨਵੀਨ ਵਿਆਖਿਆ ਕੀਤੀ ਹੈ। ਕਰਾਮਾਤ ਜਾਂ ਮੁਅਜਜ਼ੇ ਵਿਖਾਣ ਦਾ ਵਿਰੋਧ ਹੈ। ਸੂਫੀਆਂ ਦੀ ਉਦਾਰ ਭਾਵਨਾ ਦਾ ਚਿਤ੍ਰਨ ਵੀ ਹੈ। ਬਾਬਾ ਫਰੀਦ ਦੀ ਵਿਚਾਰਧਾਰਾ ਨਾਲ ਸਮਾਨਤਾ ਵੇਖ ਕਰਕੇ ਉਸਦੀ ਬਾਣੀ ਪ੍ਰਾਪਤ ਕਰਕੇ ਸੰਭਾਲੀ ਸੀ। ਫਰੀਦ ਵਿਚਾਰਾਂ ਦੀ ਵਿਆਖਿਆ ਵੀ ਗੁਰੂ ਨਾਨਕ ਬਾਣੀ ਵਿਚ ਮਿਲਦੀ ਹੈ ਅਤੇ ਅਧਿਆਤਮਕ ਭਾਵਾਂ ਲਈ ਫਰੀਦ ਬਾਣੀ ਵਿਚ ਵਰਤੇ ਬਿੰਬ ਵੀ ਅਪਣਾਏ ਹਨ।[1]

ਗੁਰੂ ਨਾਨਕ ਬਾਣੀ ਵਿਚ ਉਨ੍ਹਾਂ ਦੇ ਸਮਕਾਲੀਨ ਸਮਾਜ ਦਾ ਵੀ ਸਰਬ ਪੱਖੀ ਚਿਤ੍ਰਨ ਮਿਲਦਾ ਹੈ। ਸਮੇਂ ਦੇ ਮੁੱਖ ਤਿੰਨ ਧਰਮਾਂ ਅਤੇ ਉਨ੍ਹਾਂ ਦੇ ਆਗੂਆਂ ਕਾਜ਼ੀ, ਬ੍ਰਾਹਮਣ ਅਤੇ ਜੋਗੀ ਦੀ ਅਧੋਗਤੀ ਦੀ ਬੜੀ ਯਥਾਰਥਕ ਤਸਵੀਰ ਆਪ ਨੇ ਖਿੱਚੀ ਹੈ। ਰਾਜਸੀ ਅਨਿਆਂ ਅਤੇ ਜ਼ੁਲਮ, ਆਰਥਕ ਅਤੇ ਸਮਾਜਕ ਪਤਨ, ਮਨੁੱਖੀ ਜੀਵਨ ਵਿਹਾਰ ਦੇ ਢੰਗ, ਇਸਤ੍ਰੀ ਅਤੇ ਨੀਵੀਂ ਜਾਤੀ ਨਾਲ ਬਦਸਲੂਕੀ, ਪਰਸਪਰ ਘਿਰਣਾ, ਖਿੱਚੋਤਾਣ ਅਤੇ ਆਚਰਣਕ ਗਿਰਾਵਟ[2] ਦਾ ਚਿਤ੍ਰਨ ਸਮਾਜ-ਸ਼ਾਸਤਰੀ ਅਤੇ ਇਤਿਹਾਸਕਾਰ ਲਈ ਵਡਮੁੱਲੀ ਸਮਗ੍ਰੀ ਹੈ।

ਭਾਰਤੀ ਸਭਿਆਚਾਰ ਦੇ ਸਾਰੇ ਇਤਿਹਾਸ ਤੋਂ ਗੁਰੂ ਨਾਨਕ ਦੇਵ ਜੀ ਭਲੀ ਭਾਂਤ ਵਾਕਿਫ਼ ਸਨ। ਪਰੰਪਰਾ ਦੇ ਗੌਰਵਮਈ ਪਖਾਂ ਦੀ ਵੀ ਆਪ ਨੂੰ ਸੋਝੀ ਸੀ। ਆਪਣੇ ਸਮੇਂ ਇਸ ਸਭਿਆਚਾਰ ਦੀ ਗਿਰਾਵਟ ਵੇਖ ਕੇ ਆਪ ਨੂੰ ਖੇਦ ਹੋਇਆ। ਉਹ ਇਸ ਗਿਰਾਵਟ ਪਿਛੇ ਕੰਮ ਕਰ ਰਹੀਆਂ ਮਾਰੂ ਬਿਰਤੀਆਂ ਤੋਂ ਵੀ ਭਲੀ ਪ੍ਰਕਾਰ ਜਾਣੂ ਸਨ, ਜਿਨ੍ਹਾਂ ਨੂੰ ਠਲ੍ਹ ਪਾਉਣ ਦਾ ਉਨ੍ਹਾਂ ਨੇ ਉਪਰਾਲਾ ਕੀਤਾ। ਮੁਸਲਮਾਨ ਨੂੰ ਚੰਗਾ ਮੁਸਲਮਾਨ ਬਣਨ ਲਈ, ਹਿੰਦੂ ਨੂੰ ਚੰਗਾ ਹਿੰਦੂ ਬਣਨ ਲਈ, ਜੋਗੀ ਨੂੰ ਚੰਗਾ ਜੋਗੀ ਬਣਨ ਲਈ, ਅਤੇ ਬਾਦਸ਼ਾਹ ਜਾਂ ਰਾਜੇ ਨੂੰ ਗੁਣਵਾਨ, ਨੇਕ ਹਿਤੂ ਰਾਜਾ ਬਣਨ ਲਈ ਪ੍ਰੇਰਿਆ। ਕਥਨੀ ਦੀ ਥਾਂ ਕਰਨੀ ਤੇ ਬਲ ਦਿੱਤਾ, ਨਿਰਭਉ ਅਤੇ ਨਿਰਵੈਰ ਹੋਣ ਦੀ ਸਿਖਿਆ ਦ੍ਰਿੜ੍ਹ ਕਰਾਈ। ਕਿਰਤ ਨੂੰ ਲਾਜ਼ਮੀ ਦਸ ਕੇ ਆਤਮ ਨਿਰਭਰ ਬਣਾਇਆ ਅਤੇ ਆਤਮ ਵਿਸ਼ਵਾਸ ਪੈਦਾ ਕੀਤਾ, ਕਿਰਤ ਅਤੇ ਕਿਰਤੀ ਦਾ ਸਤਿਕਾਰ ਬਣਾਇਆ। ਸੁਆਰਥ ਦੀ ਬਿਰਤੀ ਵੀ ਬਦਲੀ। ਨਿਰੀ ਵਿਅਕਤੀਗਤ ਮੁਕਤੀ ਦਾ ਬਹੁਤ ਲਾਭ ਨਾ ਦੱਸਿਆ। 'ਵੰਡ ਕੇ ਛਕਣ' ਦੀ ਭਾਵਨਾ ਨਾਲ ਨੇਕ ਕਮਾਈ, ਨੇਕ ਸਾਥ

1. ਵੇਖੋ ਅਧਿਆਇ ਛੇਵਾਂ
2. ਵੇਖੋ ਅਧਿਆਇ ਸਤਵਾਂ

ਅਤੇ ਸੁਹਿਰਦਤਾ ਵਧਾਈ। ਕਿਰਤ ਕਰਨ ਚੰਦ ਵਿਅਕਤੀਆਂ ਤਕ ਸੀਮਤ ਰਹਿ ਜਾਣ ਦੀ ਥਾਂ ਸਾਂਝਾ ਹੱਕ ਪ੍ਰਚਲਤ ਹੋਇਆ। ਪਰ ਇਹ ਦੋਵੇਂ ਸਿਧਾਂਤ ਅਧੂਰੇ ਹਨ ਅਤੇ ਹਉਮੈ ਦੀ ਬੀਮਾਰੀ ਨਾਲ ਗ੍ਰਸੇ ਜਾ ਸਕਦੇ ਹਨ ਜੇ ਨਾਮ ਦਾ ਰੰਗ ਅਤੇ 'ਨਾਮੀ' ਪ੍ਰਭੂ ਦਾ ਮੁਖ ਨਕਸ਼ ਸਾਹਮਣੇ ਨਹੀਂ। ਇਸ ਵਿਚ ਸੰਦੇਹ ਨਹੀਂ ਕਿ ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦੀ ਸਾਰੀ ਸਮਗ੍ਰੀ ਵਿਦਮਾਨ ਹੈ, ਪਰ ਗੁਰੂ ਨਾਨਕ ਦੇਵ ਜੀ ਨੇ ਉਸਦੀ ਅਜਿਹੀ ਨੁਹਾਰ ਬਦਲੀ, ਬਿਮਾਰ ਖਿਆਲਾਂ ਦੀ ਥਾਂ ਅਜਿਹੇ ਅਰੋਗ ਵਿਚਾਰ ਦਿੱਤੇ, ਲੋਕਾਂ ਦੀ ਰਹਿਣੀ ਬਹਿਣੀ ਅਤੇ ਵਰਤਣ ਵਰਤਾਵੇ ਵਿਚ ਅਜਿਹੀ ਵਿਲੱਖਣਤਾ ਲਿਆਂਦੀ ਕਿ ਗੁਰੂ ਨਾਨਕ ਦੇ ਨਾਮ ਲੇਵਾ ਵਿਅਕਤੀਆਂ ਦਾ ਇਕ ਨਿਰਾਲਾ ਸਮਾਜ ਬਣ ਗਿਆ ਜਿਸ ਨੇ ਕਿ ਨਵਾਂ ਸਭਿਆਚਾਰ ਕਾਇਮ ਕੀਤਾ, ਜਿਸ ਵਿਚ ਹਰ ਕੋਈ ਬਰਾਬਰ ਹੈ। ਨਾ ਜਾਤਪਾਤ ਦੀ ਊਚ ਨੀਚ ਹੈ ਨਾ ਲਿੰਗ ਭੇਦ ਦੀ ਅਤੇ ਜਿਸ ਵਿਚ ਸਤਯੰ, ਸ਼ਿਵੰ, ਸੁੰਦਰੰ ਦੀ ਭਾਵਨਾ ਪ੍ਰਤੱਖ ਝਲਕਾਂ ਮਾਰਦੀ ਹੈ।

## ਪੁਸਤਕ ਸੂਚੀ


1. ਓਮ ਪ੍ਰਕਾਸ਼,ਪ੍ਰਾਚੀਨ ਭਾਰਤ ਕਾ ਇਤਿਹਾਸ(ਹਿੰਦੀ),ਦਿੱਲੀ ਵਿਸ਼ਵਵਿਦਿਆਲਯ, ਦਿੱਲੀ,1967

2. ਆਹੂਜਾ ਰੋਸ਼ਨ ਲਾਲ(ਡਾ:)ਧਨੀ ਰਾਮ ਚਾਤ੍ਰਿਕ ਦੀ ਸਭਿਆਚਾਰਕ ਦੇਣ, ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1976

3. ਆਰੀਆ ਪ੍ਰਸਾਦਿ ਤ੍ਰਿਪਾਠੀ,ਕਬੀਰ ਸਾਹਿਤਯ ਕਾ ਸਾਂਸਕ੍ਰਿਤਿਕ ਅਧਯਨ(ਹਿੰਦੀ), ਸਰੋਜ ਪ੍ਰਕਾਸ਼ਨ,ਇਲਾਹਾਬਾਦ,1969

4. ਆਲੋਚਨਾ,ਪੰਜਾਬੀ ਸਾਹਿਤ ਅਕਾਦਮੀ,ਲੁਧਿਆਣਾ,ਅਕਤੂਬਰ-ਦਸੰਬਰ,1975.

5. ਸ਼ਬਦਾਰਥ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ(ਚਾਰੇ ਸੈਂਚੀਆਂ),ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਅੰਮ੍ਰਿਤਸਰ,1957

6. ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ,ਭਾਸ਼ਾ ਵਿਭਾਗ,ਪੰਜਾਬ, ਪਟਿਆਲਾ,1970

7. ਸ਼ਾਹ ਹੁਸੈਨ ਅੰਕ,ਪੰਜਾਬੀ ਦੁਨੀਆਂ,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ, ਜਨਵਰੀ,ਫਰਵਰੀ,1959

8. ਸ਼ਾਰਦਾ ਸਾਧੂ ਰਾਮ,ਸੂਫ਼ੀ ਮਤ ਅਤੇ ਪੰਜਾਬੀ ਸੂਫ਼ੀ ਸਾਹਿਤ,ਭਾਸ਼ਾ ਵਿਭਾਗ, ਪੰਜਾਬ,ਪਟਿਆਲਾ,1973

9. ਸਿੱਖ ਸਭਾ ਪੱਤ੍ਰਿਕਾ,ਸ਼ਬਦ ਗੁਰੂ ਅੰਕ,ਭਾਗ ਪਹਿਲਾ,ਅੰਮ੍ਰਿਤਸਰ,1978

10. ਸੁਰੇਂਦਰ ਕਪਿਲ,ਧਰਮ ਔਰ ਸੰਸਕ੍ਰਿਤੀ(ਹਿੰਦੀ) ਗੀਤਾ ਪ੍ਰਕਾਸ਼ਨ ਮੰਦਿਰ,ਮੇਰਠ,1973

11. ਸੂਫ਼ੀ ਸਾਹਿਤ ਅੰਕ,ਪੰਜਾਬੀ ਦੁਨੀਆਂ,ਨਵੰਬਰ-ਦਸੰਬਰ,1964

12. ਸੇਖੋਂ ਇੰਦਰਪਾਲ ਸਿੰਘ,ਭਾਰਤੀ ਕਲਾ ਦਾ ਇਤਿਹਾਸ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1970.

13. ਹਰਵਿੰਦਰ ਸਹਿਮੀ,ਗੁਰੂ ਨਾਨਕ ਬਾਣੀ 'ਚ ਪਰੰਪਰਾ,ਅਮੋਲ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ,1973.

14. ਹੀਰਾ ਭਗਤ ਸਿੰਘ,ਗੁਰਮੱਤ ਵਿਚਾਰਧਾਰਾ,ਨੈਸ਼ਨਲ ਬੁਕ ਸ਼ਾਪ,ਚਾਂਦਨੀ ਚੌਕ, ਦਿੱਲੀ,1969

15. ਕਨਲ,ਐਸ.ਪੀ.(ਪ੍ਰੋ)ਹਿੰਦੁਸਤਾਨੀ ਸਭਿਆਚਾਰ ਦੀ ਰੂਪ ਰੇਖਾ,ਪੰਚਾਲ ਪ੍ਰੈਸ ਪਬਲੀਕੇਸ਼ਨਜ਼,66 ਕੋਚਨੇ ਮਾਰਕਿਟ,ਦਿੱਲੀ,1956

16. ਕਵੀਸ਼ਰ ਸਰਦੂਲ ਸਿੰਘ,ਸਿੱਖ ਧਰਮ ਦਰਸ਼ਨ,ਪੰਜਾਬੀ ਯੂਨੀਵਰਸਿਟੀ,ਪਟਿਆਲਾ, 1969

17. ਕੋਹਲੀ,ਸੁਰਿੰਦਰ ਸਿੰਘ,ਗੁਰੂ ਨਾਨਕ-ਜੀਵਨ,ਦਰਸ਼ਨ ਅਤੇ ਕਾਵਿ ਕਲਾ(ਸੰਪਾਦਿਤ) ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ,1969

18. ਕੋਹਲੀ,ਸੁਰਿੰਦਰ ਸਿੰਘ,ਬਾਬਾ ਫਰੀਦ - ਜੀਵਨ,ਸਮਾਂ ਅਤੇ ਰਚਨਾ(ਸੰਪਾਦਿਤ), ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ,

19. ਗੁਰਚਰਨ ਸਿੰਘ,ਆਦਿ ਗ੍ਰੰਥ ਸ਼ਬਦ-ਅਨੁਕ੍ਰਮਣਿਕਾ(ਦੋਵੇਂ ਭਾਗ),ਪੰਜਾਬੀ ਯੂਨੀਵਰਸਿਟੀ, ਪਟਿਆਲਾ,1971

20. ਗੁਰਬਖ਼ਸ਼ ਸਿੰਘ,ਬੰਦੀ ਛੋੜ ਗੁਰੂ ਨਾਨਕ, ਪ੍ਰੀਤ ਨਗਰ ਸ਼ਾਪ,ਪ੍ਰੀਤ ਨਗਰ (ਅੰਮ੍ਰਿਤਸਰ)1969

21. ਗੁਰਮੁਖ ਨਿਹਾਲ ਸਿੰਘ,ਗੁਰੂ ਨਾਨਕ - ਜੀਵਨ,ਯੁਗ ਅਤੇ ਉਪਦੇਸ਼(ਸੰਪਾਦਿਤ), ਗੁਰੂ ਨਾਨਕ ਫਾਊਂਡੇਸ਼ਨ,ਨਵੀਂ ਦਿੱਲੀ,1969

22. ਗੁਰੂ ਨਾਨਕ ਅੰਕ,ਆਲੋਚਨਾ,ਪੰਜਾਬੀ ਸਾਹਿੱਤ ਅਕਾਡਮੀ,ਲੁਧਿਆਣਾ,1970

23. ਗੁਰੂ ਨਾਨਕ ਸਿਮ੍ਰਿਤੀ ਅੰਕ,ਪਰਖ, ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ,1969

24. ਗੁਰੂ ਨਾਨਕ ਫ਼ਿਲਾਸਫ਼ੀ ਅੰਕ,ਗੁਰਮਤਿ ਪ੍ਰਕਾਸ਼,ਸ਼੍ਰੋ:ਗੁ:ਪ੍ਰ:ਕਮੇਟੀ,ਅੰਮ੍ਰਿਤਸਰ,1969

25. ਗੁਰੂ ਨਾਨਕ ਬਾਣੀ ਪ੍ਰਕਾਸ਼(ਦੋਵੇਂ ਭਾਗ),ਪੰਜਾਬੀ ਯੂਨੀਵਰਸਿਟੀ,ਪਟਿਆਲਾ, 1969.

26. ਗੁਰੂ ਨਾਨਕ ਵਿਸ਼ੇਸ਼ ਅੰਕ,ਨਾਨਕ ਪ੍ਰਕਾਸ਼ ਪੱਤ੍ਰਿਕਾ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1969.

27. ਗੋਇਲ ਜੈ ਭਗਵਾਨ(ਡਾ:),ਗੁਰੂ ਪ੍ਰਤਾਪ ਸੂਰਜ(ਸੰਖਿਪਤ),ਪੰਜਾਬੀ ਯੂਨੀਵਰਸਿਟੀ, ਪਟਿਆਲਾ,1972.

28. ਜਗਦੀਸ਼ ਸਿੰਘ,ਸਾਡੇ ਰਸਮ ਰਿਵਾਜ,ਪੰਜਾਬੀ ਯੂਨੀਵਰਸਿਟੀ,ਪਟਿਆਲਾ,1976.

29. ਜਗਬੀਰ ਸਿੰਘ(ਡਾ:)ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1973.

30. ਜੱਗੀ,ਰਤਨ ਸਿੰਘ,ਸ਼ਬਦ-ਅਨੁਕ੍ਰਮਣਿਕਾ ਅਤੇ ਕੋਸ਼,ਪੰਜਾਬੀ ਯੂਨੀਵਰਸਿਟੀ, ਪਟਿਆਲਾ,1966.

31. ਜੱਗੀ,ਰਤਨਸਿੰਘ(ਡਾ:),ਗੁਰੂ ਨਾਨਕ ਦੀ ਵਿਚਾਰਧਾਰਾ,ਨਵਯੁਗ ਪਬਲਿਸ਼ਰਜ਼, ਦਿੱਲੀ,1969.

32. ਜੱਗੀ,ਰਤਨ ਸਿੰਘ(ਡਾ:)ਗੁਰੂ ਨਾਨਕ,ਵਿਅਕਤਿਤਵ,ਕ੍ਰਿਤਿਤਵ ਔਰ ਚਿੰਤਨ(ਹਿੰਦੀ) ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1975.

33. ਟੈਗੋਰ ਰਵੀਂਦ੍ਰਨਾਥ, ਭਾਰਤੀ ਸੰਸਕ੍ਰਿਤੀ ਦਾ ਕੇਂਦਰ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1962.

34. ਢਿਲੋਂ ਹਰਦਿੱਤ ਸਿੰਘ, ਪੂਰਬ ਅਤੇ ਪੱਛਮ, ਲਾਹੌਰ ਬੁਕ ਸ਼ਾਪ, ਲੁਧਿਆਣਾ, 1950.

35. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਸ਼੍ਰੋ:ਗੁ:ਪ੍ਰ:ਕਮੇਟੀ, ਅੰਮ੍ਰਿਤਸਰ, 1963.

36. ਤਾਰਨ ਸਿੰਘ (ਡਾ:) ਗੁਰੂ ਨਾਨਕ ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1963.

37. ਤ੍ਰਿਲੋਚਨ ਸਿੰਘ (ਡਾ:) ਗੁਰੂ ਨਾਨਕ ਦਾ ਸਿੱਖ ਧਰਮ, ਗੁਰੂ ਨਾਨਕ ਫਾਊਂਡੇਸ਼ਨ, ਦਿੱਲੀ, 1969.

38. ਦਿਲ, ਕਰਨੈਲ ਸਿੰਘ, ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਚੌਕ ਮੋਨਾ ਸਿੰਘ, ਅੰਮ੍ਰਿਤਸਰ, 1973.

39. ਦਰਸ਼ਨ ਸਿੰਘ, ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976.

40. ਦੀਪ, ਦਲੀਪ ਸਿੰਘ, ਸੁਖਾਲਾ ਮਾਰਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1969.

41. ਦੀਪ, ਦਲੀਪ ਸਿੰਘ (ਡਾ:) ਜਪੁਜੀ- ਇਕ ਤੁਲਨਾਤਮਕ ਅਧਿਐਨ, ਪੰਜਾਬੀ ਬੁਕ ਸਟੋਰ, ਮੇਨ ਬਾਜ਼ਾਰ, ਪਹਾੜ ਗੰਜ, ਨਵੀਂ ਦਿੱਲੀ, 1969

42. ਦੀਵਾਨ ਸਿੰਘ (ਪ੍ਰੋਫੈਸਰ) ਗੁਰੂਵਾਦ ਤੇ ਹੋਰ ਲੇਖ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1967.

43. ਧਰਮਪਾਲ ਮੈਨੀ, ਗੁਰੂ ਗੋਬਿੰਦ ਸਿੰਘ ਕੇ ਸਾਹਿਤਯ ਮੇਂ ਭਾਰਤੀਯ ਸੰਸਕ੍ਰਿਤੀ ਕੇ ਤਤਵ (ਹਿੰਦੀ) ਲੋਕ ਭਾਰਤੀ ਪ੍ਰਕਾਸ਼ਨ, 15-ਏ, ਮਹਾਤਮਾ ਗਾਂਧੀ ਮਾਰਗ, ਇਲਾਹਾਬਾਦ, 1972.

44. ਧਰਮਾਨੰਦ ਸਿੰਘ, ਵੈਦਿਕ ਗੁਰਮਤਿ, ਆਰਯ ਪ੍ਰਦੇਸ਼ਕ ਪ੍ਰਤਿਨਿਧੀ ਸਭਾ, ਪੰਜਾਬ, ਜਾਲੰਧਰ, 1965.

45. ਨਰੈਣ ਸਿੰਘ (ਪੰਡਿਤ) 41 ਵਾਰਾਂ ਭਾਈ ਗੁਰਦਾਸ ਜੀ ਸਟੀਕ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1914

46. ਨਾਭਾ ਭਾਈ ਕਾਨ੍ਹ ਸਿੰਘ, ਗੁਰਮਤ ਸੁਧਾਕਰ, ਭਾਸ਼ਾ ਵਿਭਾਗ, ਪੰਜਾਬ, 1970.

47. ਨਾਭਾ ਭਾਈ ਕਾਨ੍ਹ ਸਿੰਘ, ਗੁਰਮਤ ਪ੍ਰਭਾਕਰ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1970

48. ਨਾਭਾ ਭਾਈ ਕਾਨ੍ਹ ਸਿੰਘ,ਮਹਾਨ ਕੋਸ਼,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1960.

49. ਨਾਰੰਗ,ਗੋਕਲ ਚੰਦ,ਸਿੱਖ ਮਤ ਦਾ ਪਰਿਵਰਤਨ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1973.

50. ਪਿਆਰਾ ਸਿੰਘ ਪਦਮ,ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,ਕਲਮ ਮੰਦਿਰ ਲੋਅਰਮਾਲ,ਪਟਿਆਲਾ, 1977.

51. ਪਦਮ ਪਿਆਰਾ ਸਿੰਘ,ਗੁਰੂ ਗ੍ਰੰਥ ਸੰਕੇਤ ਕੋਸ਼,ਪੰਜਾਬੀ ਯੂਨੀਵਰਸਿਟੀ,ਪਟਿਆਲਾ, 1977.

52. ਪਦਮ ਪਿਆਰਾ ਸਿੰਘ,ਗੁਰੂ ਗ੍ਰੰਥ ਵਿਚਾਰ ਕੋਸ਼,ਪੰਜਾਬੀ ਯੂਨੀਵਰਸਿਟੀ, ਪਟਿਆਲਾ,1969.

53. ਪੰਜਮ ਸ਼ਤਾਬਦੀ,ਨਾਨਕ ਪ੍ਰਕਾਸ਼ ਪੱਤ੍ਰਿਕਾ,ਪੰਜਾਬੀ ਯੂਨੀਵਰਸਿਟੀ,ਪਟਿਆਲਾ, ਅਪ੍ਰੈਲ,1969.

54. ਪ੍ਰਹਿਲਾਦ ਮੌਰਯ(ਡਾ:)ਕਬੀਰ ਕਾ ਸਾਮਾਜਿਕ ਦਰਸ਼ਨ(ਹਿੰਦੀ),101/50 ਏ, ਨਹਿਰੂ ਨਗਰ,ਕਾਨ੍ਹਪੁਰ,1973.

55. ਪ੍ਰੀਤਮ ਸਿੰਘ,ਕਲਿ ਤਾਰਨ(ਸੰਪਾਦਤ),ਪੰਜਾਬੀ ਸਾਹਿਤ ਅਕਾਡਮੀ,ਲੁਧਿਆਣਾ

56. ਪ੍ਰੇਮ ਪ੍ਰਕਾਸ਼ ਸਿੰਘ(ਡਾ:)ਗੁਰੂ ਨਾਨਕ ਅਤੇ ਨਿਰਗੁਣ ਵਿਚਾਰਧਾਰਾ,ਭਾਸ਼ਾ ਵਿਭਾਗ,ਪਟਿਆਲਾ,1973.

57. ਫਰੀਦ ਅੰਕ,ਪੰਜਾਬੀ ਦੁਨੀਆ,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,ਅਪ੍ਰੈਲ-ਮਈ, 1960.

58. ਬੇਦੀ ਕਾਲਾ ਸਿੰਘ(ਡਾ:)ਗੁਰੂ ਨਾਨਕ ਸ਼ਬਦ ਰਤਨਾਕਰ,ਭਾਸ਼ਾ ਵਿਭਾਗ, ਪੰਜਾਬ,ਪਟਿਆਲਾ,1969.

59. ਬੇਦੀ ਕਾਲਾ ਸਿੰਘ(ਡਾ:)ਗੁਰੂ ਨਾਨਕ ਕਾਵਿ ਚਿਤਰਨ,ਪੰਜਾਬੀ ਬੁਕ ਸਟੋਰ, ਪਹਾੜ ਗੰਜ,ਨਵੀਂ ਦਿੱਲੀ

60. ਬੇਦੀ ਕਾਲਾ ਸਿੰਘ(ਡਾ:)ਫਰੀਦ ਤੇ ਫਰੀਦ-ਬਾਣੀ,ਪੰਜਾਬੀ ਬੁਕ ਸਟੋਰ,ਮੇਨ ਬਾਜ਼ਾਰ, ਪਹਾੜ ਗੰਜ,ਨਵੀਂ ਦਿੱਲੀ,1974.

61. ਬੈਨਰਜੀ,ਇੰਦੂਭੂਸ਼ਨ,ਖਾਲਸੇ ਦੀ ਉਤਪਤੀ,ਪੰਜਾਬੀ ਯੂਨੀਵਰਸਿਟੀ,ਪਟਿਆਲਾ, 1976.

62. ਭਾਈ ਜੋਧ ਸਿੰਘ,ਗੁਰੂ ਨਾਨਕ ਸਿਮਰਤੀ ਵਿਆਖਿਆਨ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1966-67

63. ਭਾਈ ਜੋਧ ਸਿੰਘ,ਗੁਰੂ ਨਾਨਕ ਜੀ ਦੀ ਸਿੱਖਿਆ,ਗੁਰੂ ਨਾਨਕ ਫਾਉਂਡੇਸ਼ਨ,ਦਿੱਲੀ, 1969.

64. ਭਾਈ ਜੋਧ ਸਿੰਘ,ਗੁਰਮਤਿ ਨਿਰਣਯ,ਮੈਸਰਜ਼ ਅਤਰ ਚੰਦ ਕਪੂਰ ਐਂਡ ਸਨਜ਼, 1945.

65. ਭਾਈ ਵੀਰ ਸਿੰਘ,ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ,ਖਾਲਸਾ ਸਮਾਚਾਰ,ਹਾਲ ਬਾਜ਼ਾਰ, ਅੰਮ੍ਰਿਤਸਰ,1961.

66. ਭਾਰਤੀ ਸਭਿਆਚਾਰ ਦਾ ਆਧਾਰ(ਸੰਪਾਦਿਤ),ਭਾਸ਼ਾ ਵਿਭਾਗ,ਪੰਜਾਬ,ਪਟਿਆਲਾ, 1971.

67. ਮਹਾਂ ਕਵੀ ਗੁਰੂ ਨਾਨਕ,ਮਹਿਕਮਾ ਪੰਜਾਬੀ,ਪਟਿਆਲਾ,1956.

68. ਮਜੂਮਦਾਰ ਡੀ.ਐਨ.ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1975.

69. ਮਜੂਮਦਾਰ ਰਮੇਸ਼ਚੰਦਰ(ਡਾ:),ਪ੍ਰਾਚੀਨ ਭਾਰਤ ਮੇਂ ਸੰਗਠਿਤ ਜੀਵਨ(ਹਿੰਦੀ), ਸਾਗਰ ਵਿਸ਼ਵ ਵਿਦਿਆਲਾ,ਸਾਗਰ,1966.

70. ਮਨਮੋਹਨ ਸਹਗਲ,ਗੁਰੂ ਗ੍ਰੰਥ ਸਾਹਿਬ:ਏਕ ਸਾਂਸਕ੍ਰਿਤਿਕ ਸਰਵੇਖਣ(ਹਿੰਦੀ)ਭਾਸ਼ਾ ਵਿਭਾਗ,ਪੰਜਾਬ,ਪਟਿਆਲਾ,1971.

71. ਰਾਧਾ ਕ੍ਰਿਸ਼ਨਨ,ਉਪਨਿਸ਼ਦੋਂ ਕੀ ਭੂਮਿਕਾ(ਹਿੰਦੀ),ਰਾਜਪਾਲ ਐਂਡ ਸਨਜ਼,ਕਸ਼ਮੀਰੀ ਗੇਟ,ਦਿੱਲੀ,1968.

72. ਰਾਧਾ ਕ੍ਰਿਸ਼ਨਨ(ਡਾ:)ਪੂਰਵ ਔਰ ਪਸ਼ਚਮ(ਹਿੰਦੀ)ਰਾਜਪਾਲ ਐਂਡ ਸਨਜ਼,ਦਿੱਲੀ, 1967.

73. ਰਾਮ ਸਿੰਘ,ਗੁਰੂ ਨਾਨਕ ਦੀ ਸੁਹਜ-ਕਲਾ,ਸਿੰਘ ਬ੍ਰਦਰਜ਼,ਮਾਈ ਸੇਵਾਂ,ਅੰਮ੍ਰਿਤਸਰ, 1968.

74. ਵਜ਼ੀਰ ਸਿੰਘ,ਗੁਰੂ ਨਾਨਕ ਬਾਣੀ ਚਿੰਤਨ,ਲਾਹੌਰ ਬੁਕ ਸ਼ਾਪ,ਲੁਧਿਆਣਾ,1969.

75. ਵਿਦਿਆਲੰਕਾਰ ਜੈ ਚੰਦਰ,ਪ੍ਰਾਚੀਨ ਪੰਜਾਬ ਤੇ ਉਸਦਾ ਆਲਾ ਦੁਆਲਾ,ਪੰਜਾਬੀ ਯੂਨੀਵਰਸਿਟੀ,ਪਟਿਆਲਾ,1970.

76. Abid Hussain, The National Culture of India, Asia Publishing House, Delhi, 1956.

77. A Glossary of the Tribes and Castes of the Punjab and North-West Frontier Province (3 volumes) Language Department, Punjab, Patiala, 1970.

78. Anand Balwant Singh, Guru Nanak Religion And Ethics, Punjabi University, Patiala, 1968.

79. Attar Singh, Socio-Cultural Impact of Islam on India (edited), Publication Bureau, Panjab University, Chandigarh, 1976.

80. Bal Sarjit Singh, Life of Guru Nanak, Panjab University, Chandigarh, 1969.

81. Bhagi, M.L. Ancient India-Culture And Thought, The Indian Publications, Hill Road, Ambala Cantt. 1974.

82. Bhai Ardaman Singh, Guru Nanak's Solution of National Unity And Integration, Panjab University, Chandigarh, 1975-76.

83. B.N.Luniya, Evolution of Indian Culture, Lakshmi Narain Aggarwal Educational Publishers, Agra-3, 1975.

84. Budha Prakash, Political and Social Movements in Ancient Panjab, Moti Lal Banarsi Dass, Delhi, 1964.

85. Budhism(edited), PanjabiUniversity, Patiala, 1969.

86. Chatterji Suniti Kumar, Indian Culture, A Universal Publication, Delhi, 1966.

87. Chattopadhyaye, Societies and Cultures, Bhartya Vidya Bhavan, Bombay, 1973.

88. Cunningham J.D., A History of the Sikhs, S.Chand & Co. Jullundur, 1966.

89. Dasgupta Surendra Nath, A History of Indian Philosophy(5 volumes), Moti Lal Banarsi Dass, Delhi-1975.

90. Eliot T.S., Notes towards the Definition of Culture, Faber And Faber Limited, 24 Russell Square, London, 1961.

91. Encyclopaedia of Religion & Ethics, Volumes II & IV

92. Fyzee Asaf A.A., A Modern Approach to Islam, Asia Publishing House, Delhi, 1967.

93. Ganda Singh, A Brief Account of the Sikhs, Shiromani Gurdwara Parbandhak Committee, Amritsar.

94. Ganda Singh, Sources of the Life And Teachings of Guru Nanak(edited), Punjabi University, Patiala, 1969.

95. Ganda Singh, The Sikhs and Sikhism, Sikh History Society, Pattika, 1959.

96. Gill Pritam Singh, Heritage of Sikh Culture, New Academic Publishing Co., Old Railway Road, Jullundur, 1975.

97. Gokal Vinarak Krishna, India and World Culture, Vikas Publications, Delhi, 1972.

98. Grewal, J.S., Guru Nanak in History, Panjab University, Chandigarh, 1969.

99. Gupta Hari Ram, History of Sikh Gurus, U.C.Kapur & Sons, M-52, Main Market, Greater Kailash, New Delhi, 1973.

100. Gurmit Singh, Islam & Sikhism, Usha Institute of Religious Studies, Sirsa, 1966.

101. Guru Nanak, Publication Division, Ministry of Information And Broadcasting, Govt. of India, Delhi, 1969.

102. Harbans Singh, Guru Nanak And Origin of the Sikhs Faith, Asia Publishing House, Bombay, 1969.

103. Harbans Singh, Lal Mani Joshi, An Introduction to Indian Religions, Punjabi University, Patiala, 1973.

104. Hinduism (edited) Punjabi University, Patiala, 1969.

105. Hughes Thomas Patrick, Dictionary of Islam, Oriented Publishers, Darya Ganj, Delhi, 1973.

106. Humayun Kabir, The Indian Heritage, Asia Publishing House, Bombay, 1970.

107. Islam (edited) Punjabi University, Patiala, 1969.

108. Jaya Dayal Goyandka, What is God? Gita Press, Gorakhpur, 1943.

109. Joshi L.M., History of the Punjab (edited), Panjabi University, Patiala, 1976.

110. Journal of Religious Studies, Panjabi University, Patiala, September, 1969.

111. J.Spencer Trimingham, The Sufi Orders in Islam, Oxford University Press, London, 1971.

112. Kapur Singh, Impact of Sikhism on Modern India, Sikh Students Federation, Delhi.

113. Kapur Singh, Parashar Prasna or the Baisakhi of Guru Gobind Singh, Hind Publishers Ltd., Jullundur, 1959.

114. Kohli Surinder Singh (Dr) A Critical Study of Adi Granth, The Punjabi Writers' Co-operative Industrial Society Ltd. New Delhi, 1961.

115. Kohli Surinder Singh, Outlines of Sikh Thought, Punjabi Prakashak, Karol Bagh, New Delhi, 1966.

116. Kohli Surinder Singh, Philosophy of Guru Nanak, Panjab University, Chandigarh, 1969.

117. Kshiti Mohan Sen, Medieval Mysticism of India, Luzac & Co. 46 Great Russell Street, London, 1929

118. Kunte M.M., Vicissitudes of Aryan Civilisation in India, Heritage Publishers, Delhi, 1974.

119. McLeod W.H., Guru Nanak and the Sikh Religion, Oxford Clarendon Press, 1968.

120. M.Mujeeb, The Indian Muslims, George Allen and Unwin Ltd., Ruskin House, Museum Street, London, 1967

121. Munshi K.M., R.R.Diwakar, Hindu Civilization, Bhartiya Vidya Bhavan, Bombay, 1957.

122. Murthy B.S., Depressed and Oppressed, S.Chand & Co. Pvt.Ltd., New Delhi

123. Nanak Prakash Patrika, Punjabi University, Patiala, May, 1969

124. Narang Gokal Chand, Real Hinduism, New Book Society, Lahore, 1947.

125. Narang Gokal Chand(Sir) Transformation ofSikhism, New Book Society of India, New Delhi, 1956.

126. Punjab Castes, Language Department, Punjab, Patiala, 1970.

127. Panjab Past and Present, Punjabi University, Patiala, April, 1968.

128. Radha Krishnan, Indian Philosophy, Vol. I, The Macmillan Company, George Allen & Unwin Ltd., London, 1982.

129. Radha Krishnan, The Bhagvad Gita, George Allen & Unwin Ltd., Ruskin House, London, 1953.

130. Radha Krishnan, The Hindu View of Life, Unwin Books, George Allen & Unwin Ltd., Ruskin House, London, 1974

131. Radha Krishnan, The Principal Upanishads, George Allen & Unwin Ltd., Ruskin House, Museum Street, London, 1951.

132. Raju P.T., Introduction to Comparative Philosophy, University of Nebraska Press, Lincoln, 1962

133. Ranbir Singh, Glimpses of the Divine Masters, International Traders Corporation, New Delhi, 1965

134. Ray Niharranjan, The Sikh Gurus and the Sikh Society, Munshi Ram Mahohar Lal, 54 Rani Jhansi Road, New Delhi, 1975.

135. Sher Singh, Social & Political Philosophy of Guru Gobind Singh, Sterling Publishers(p)Ltd., Meri Gate, Delhi, 1967

136. Sikhism(edited)Punjabi University, Patiala, 1969

137. Sinha Jadunath, Foundation of Hinduism, Sinha Publishing, Calcutta, 1955

138. Sources of Indian Tradition(edited), Moti Lal Banarsi Dass, Delhi, 1963

139. Talib Gurbachan Singh, An Advanced Book of Religious Studies(edited), Punjabi University, Patiala, 1974

140. Talib Gurbachan Singh, Jainism(edited), Punjabi University, Patiala, 1975

141. Talib, Gurbachan Singh, The Impact of Guru Gobind Singh on Indian Society, Guru Gobind Singh Foundation, Chandigarh, 1966

142. Talib, Gurbachan Singh, The Origin and Development of Religion(edited), Punjabi University, Patiala, 1975.

143. Teja Singh, The Religion of the Sikh Gurus, Shiromani Gurdwara Parbandhak Committee, Amritsar, 1963.

144. Teja Singh, The Sikh Religion, Shiromani Gurdwara Parbandhak Committee, Amritsar, 1958

145. The Cultural Heritage of India(4 volumes), The Rama Krishna Mission, Institute of Culture, Calcutta, 1970.

146. Taran Singh, Guru Nanak and Indian Religious Thought(edited)Punjabi University, Patiala, 1970.

147. Vaswani T.L., Guru Nanak Glory of India, East and West Series, Bombay, 1969

148. Vaswani T.L., The Call of India's Culture, East and West Series, Bombay, November, 1971.

149. Vaswani T.L., The Spirit of Indian Culture, East and West Series, Bombay, September, 1972.

150. Virk B.S., Guru Nanak, The Prophet of Peace (edited) Khalsa College Garhdiwala (Hoshiarpur) 1970

151. Viveka Nanda Swami, Hinduism, Sri Ramakrishna Math, Madras, 1960.